# ਬੀਤੇ ਦੀਆਂ ਦੌੜਾਂ



ਪ੍ਰੀਤਮ ਸਿੰਘ ਕਵੀ

11

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com



ਖਿਮਾਂ, ਧੀਰਜ ਅਤੇ ਸ਼ਾਂਤੀ ਦੇ ਅਵਤਾਰ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਹਿਬ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ਬੀਤੇ ਦੀਆਂ ਪੈੜਾਂ—11

Sri Satguru Jagjit Singh Ji Elibrary NamdhariElibrary@gmail.com

**BEETE DIAN PAIRAN-11**
**by**
**Pritam Singh Kavi**

ਕਵਰ ਡੀਜ਼ਾਇਨ :
ਸ. ਸੁਖਵੰਤ ਸਿੰਘ, ਜਲੰਧਰ

1997

ਪਹਿਲੀ ਵਾਰ : 500 ਕਾਪੀਆਂ
ਸਧਾਰਨ : 85/- ਰੁਪਏ
ਲਾਇਬ੍ਰੇਰੀ : 185/- ਰੁਪਏ

ਪ੍ਰਕਾਸ਼ਕ :
ਪ੍ਰੀਤਮ ਸਿੰਘ ਕਵੀ ਸਾਹਿਤ ਪ੍ਰਕਾਸ਼ਨ
ਜੇ-3/199 ਏ, ਰਜੌਰੀ ਗਾਰਡਨ,
ਨਵੀਂ ਦਿੱਲੀ-110027
ਫੋਨ : 5438202

ਲੇਜ਼ਰ ਟਾਈਪ ਸੈਟਿੰਗ :
ਲਿਪਾਕ ਕੰਪੋਜ਼ਰ
A-73, ਸ਼ਿਵਾਜੀ ਵਿਹਾਰ,
ਨਵੀਂ ਦਿੱਲੀ-110027
ਫੋਨ : 5461786,

ਛਾਪਕ :
ਭਾਰਤ ਪ੍ਰੈਸ
C-49, ਪੰਜਾਬ ਬਸਤੀ
D–ਬਲਾਕ, ਮਾਇਆਪੁਰੀ, ਨਵੀਂ ਦਿੱਲੀ

Sri Satguru Jagjit Singh Ji Elibrary NamdhariElibrary@gmail.com

# ਬੀਤੇ ਦੀਆਂ ਪੈੜਾਂ—11

ਅੱਖੀਂ ਡਿੱਠੀ, ਕੰਨੀ ਸੁਣੀ ਰੌਚਿਕ ਵਰ੍ਹ ਗਾਥਾ
ਨਾਮਧਾਰੀ ਸਮਾਜ ਦੇ ਅਨੇਕਾਂ ਸਿੰਘਾਂ, ਸਰਧਾਲੂਆਂ ਅਤੇ ਹੋਰ ਸ਼੍ਰੇਣੀ ਤੋਂ
ਅਲੌਕਿਕ ਚਰਿਤਰਾਂ ਦਾ ਮਨ ਮੋਹਣਾ ਵਰਣਨ

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ.
ਅਲਮਾਰੀ
ਸ੍ਰੀ ਭੈਣੀ ਸਾਹਿਬ

ਸਮਾਂ 1983 ਜਨਵਰੀ ਤੋਂ ਅੰਤ ਜੂਨ 1983

ਪ੍ਰੀਤਮ ਸਿੰਘ ਕਵੀ

ਪ੍ਰੀਤਮ ਸਿੰਘ ਕਵੀ ਸਾਹਿਤ ਪ੍ਰਕਾਸ਼ਨ
ਨਵੀਂ ਦਿੱਲੀ

Sri Satguru Jagjit Singh Ji Elibrary NamdhariElibrary@gmail.com

ਏਸੇ ਕਲਮ ਤੋਂ :

1. ਸਿਮਰਨ (ਕਵਿਤਾ)
2. ਸ੍ਰੀ ਜੀਵਨ ਨਗਰ
3. ਸ੍ਰੀ ਭੈਣੀ ਸਾਹਿਬ (ਹਿੰਦੀ ਵੀ)
4. ਸਤਿਗੁਰੂ ਜਗਜੀਤ ਸਿੰਘ – ਇਕ ਪਰਿਵਰਤਨ
5. ਇਸਤਰੀਆਂ ਦਾ ਪਹਿਲਾ ਮੁਕਤੀ ਦਾਤਾ
6. ਸੂਬਾ ਸਾਹਿਬ ਸਿੰਘ (ਹਿੰਦੀ ਵੀ)
7. ਸੂਬਾ ਰਤਨ ਸਿੰਘ
8. ਬੀਤੇ ਦੀਆਂ ਪੈੜਾਂ – 1, 2, 3, 4, 5, 6, 7, 8, .... 10

*ਮਿਲਣ ਦਾ ਪਤਾ :* 'ਸਤਿਜੁਗ' ਨਾਮਧਾਰੀ ਧਰਮਸਾਲਾ,
ਰਮੇਸ਼ ਨਗਰ, ਨਵੀਂ ਦਿੱਲੀ

ਅਤੇ : ਸਿਖਰੀ ਦੁਕਾਨ, ਸ੍ਰੀ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ (ਪੰਜਾਬ)

Sri Satguru Jagjit Singh Ji Elibrary NamdhariElibrary@gmail.com

ਮਹਿਮਾ ਮਹਿਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਦੇ 79 ਵੇਂ ਪਾਵਨ ਜਨਮ ਦਿਵਸ

ਦੀ ਭੇਟਾ

## ਧੰਨਵਾਦ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਦਾ ਹਾਰਦਿਕ ਧੰਨਵਾਦ ਹੈ ਕਿ 'ਚੀਤੇ ਦੀਆਂ ਪੈੜਾਂ' ਦੀ ਗਿਆਰਵੀਂ ਪੁਸਤਕ ਛਪ ਗਈ ਹੈ।

ਇਸ ਵਾਰ ਇਹਦੀ ਛਪਵਾਈ ਕੰਪਿਊਟਰ ਦੁਆਰਾ ਹੋਈ ਹੈ। ਮੇਰੇ ਸੁਹਿਰਦ ਮਿੱਤਰ ਸੰਤ ਮੰਗਲ ਸਿੰਘ ਲਾਇਲ ਪੁਰੀ ਦੇ ਬੇਟੇ ਸ੍ਰੀ ਐਸ. ਐਸ. ਮਨਧੀਰ ਨੇ ਇਸ ਸਾਲ ਦੇ ਤੀਜੇ ਚੌਥੇ ਮਹੀਨੇ ਹੀ ਪੁਸਤਕ ਦਾ ਖਰੜਾ ਲੈ ਲਿਆ। ਆਖਰੀ ਮਹੀਨਾ ਆ ਗਿਆ, ਪਰ ਕੰਮ ਮਸਾਂ ਮੁਕਿਆ।

ਧੰਨਵਾਦ ਫੇਰ ਵੀ, ਕਿਉਂਕਿ ਕੰਮ ਹੋ ਗਿਆ।

ਗਲਤੀਆਂ ਦੀ ਸੰਭਾਵਨਾ ਹੈ ਹੀ। ਸੁਹਿਰਦ ਪਾਠਕ ਸਾਡੀਆਂ ਗਲਤੀਆਂ ਵਲ ਧਿਆਨ ਨ ਦੇ ਕੇ ਅਪਣੀ ਆਦਤੋਂ ਖਿਮਾ ਹੀ ਕਰਨ।

ਮਹਿੰਗਾ ਬਹੁਤ ਹੋ ਗਿਆ ਹੈ। ਕਾਗਜ਼ ਹੀ ਮਾਣ ਨਹੀਂ।

ਸਾਡੀ ਹਰ ਕਮਜ਼ੋਰੀ ਨੂੰ ਅਪਣੀ ਸਮਝ ਕੇ ਖਿਮਾ ਕੀਤਾ ਜਾਇ।

ਸਾਰੇ ਸਹਿਯੋਗੀਆਂ ਲਈ ਧੰਨਵਾਦ ਹੈ।

ਅਦਬ ਨਾਲ ਪਾਠਕਾਂ ਦਾ

ਪ੍ਰੀਤਮ ਸਿੰਘ ਕਵੀ

Sri Satguru Jagjit Singh Ji Elibrary NamdhariElibrary@gmail.com

# ਪੰਜਾਬੀ ਦਾ ਉਤਕ੍ਰਿਸ਼ਟ ਗੱਦਕਾਰ : ਪ੍ਰੀਤਮ ਸਿੰਘ ਕਵੀ

— ਕਿਰਪਾਲ ਸਿੰਘ ਕਸੇਲ

ਪ੍ਰੋ. ਪੂਰਨ ਸਿੰਘ ਦਾ ਕਥਨ ਹੈ ਕਿ ਕਵਿਤਾ ਨਾਲੋਂ ਵਾਰਤਕ ਲਿਖਣੀ ਵਧੇਰੇ ਕਠਿਨ ਹੈ ਕਿਉਂ ਜੋ ਇਥੇ ਰੂਹ ਦੀ ਨੰਗੀ ਤਸਵੀਰ ਖਿੱਚਣੀ ਪੈਂਦੀ ਹੈ। ਇਹ ਕਥਨ ਉਸ ਮਹਾਨ ਅਤੇ ਪ੍ਰਤਿਭਾਵਾਨ ਸਾਹਿਤਕਾਰ ਦਾ ਹੈ ਜੋ ਇਕੋ ਸਮੇਂ ਉੱਚ-ਕੋਟੀ ਦਾ ਕਵੀ, ਗੱਦ-ਲੇਖਕ, ਚਿੰਤਕ ਅਤੇ ਸਮਾਲੋਚਕ ਹੈ। ਪ੍ਰਸਿੱਧ ਸਮਾਲੋਚਕ ਹਰਬਟ ਰੀਡ ਵੀ ਇਸ ਗੱਲ ਨੂੰ ਇਕ ਹੋਰ ਰੂਪ ਵਿਚ ਇਹ ਕਹਿ ਕੇ ਪ੍ਰਮਾਣਿਤ ਕਰਦਾ ਹੈ ਕਿ ਕਵਿਤਾ ਰਚਨਾ ਇਕ ਕਰਤਾਰੀ ਗੁਣ ਹੈ ਅਤੇ ਵਾਰਤਕ ਦੀ ਉਸਾਰੀ ਇਕ ਚੰਗੇ ਭਵਨ ਦੀ ਨਿਆਈਂ ਇੱਟ ਨਾਲ ਇੱਟ ਜੋੜ ਕੇ ਹੁੰਦੀ ਹੈ। ਜਿਥੇ ਕਵਿਤਾ ਦਾ ਮੁੱਖ ਸਰੋਤ ਭਾਵਨਾਮੂਲਕ ਹੈ, ਉਥੇ ਵਾਰਤਕ ਦਾ ਸੋਮਾ ਵਿਵੇਕਬੁਧ ਵਿਚ ਹੁੰਦਾ ਹੈ।

ਭਾਰਤੀ ਸੁਤੰਤਰਤਾ ਪ੍ਰਾਪਤੀ ਤੋਂ ਪਿੱਛੋਂ ਦੇ ਕਾਲ ਵਿਚ ਵਾਰਤਕ ਸਾਹਿਤ ਦੇ ਕਈ ਰੂਪ ਜਿਵੇਂ ਸਵੈ-ਜੀਵਨੀ, ਰੇਖਾ-ਚਿਤਰ, ਸਫ਼ਰਨਾਮੇ ਆਦਿ ਤਾਂ ਚੋਖੀ ਮਾਤਰਾ ਵਿਚ ਲਿਖੇ ਗਏ ਹਨ, ਪਰ ਉਚ-ਕੋਟੀ ਦੀ ਨਿਬੰਧ ਰਚਨਾ ਅਤੇ ਰਸਿਕ ਵਾਰਤਕ ਦੀ ਰਚਨਾ ਕਰਨ ਵਾਲੇ ਲੇਖਕ ਉਂਗਲੀਆਂ ਉਤੇ ਗਿਣਨ ਜੋਗੇ ਹੀ ਹਨ। ਵੀਹਵੀਂ ਸਦੀ ਦੇ ਦੂਜੇ ਅੱਧ ਦੇ ਪ੍ਰਮੁੱਖ ਗੱਦਕਾਰਾਂ ਵਿਚ ਪ੍ਰੀਤਮ ਸਿੰਘ ਕਵੀ ਆਉਂਦੇ ਹਨ, ਜਿਨ੍ਹਾਂ ਦੀ ਗੱਦ ਰਚਨਾ ਕਈ ਹਜ਼ਾਰ ਪੰਨਿਆਂ ਤਕ ਫੈਲੀ ਹੋਈ ਹੈ। ਇਨ੍ਹਾਂ ਨੇ ਗੱਦ ਵਿਚ ਜਾਣਕਾਰੀ ਪੁਸਤਕਾਂ, ਰੋਚਿਕ ਤੇ ਰਸਿਕ ਨਿਬੰਧ, ਜੋ ਪੰਜਾਬੀ ਦੀਆਂ ਦੈਨਿਕ ਪੱਤ੍ਰਿਕਾਵਾਂ ਵਿਚ ਛਪਦੇ ਰਹੇ ਹਨ, ਤੋਂ ਬਿਨਾ ਇਕ ਅਜਿਹੇ ਗੱਦ ਰੂਪ ਦਾ ਆਵਿਸ਼ਕਾਰ ਕੀਤਾ ਹੈ, ਜੋ ਕਈ ਗੱਦ ਰੂਪਾਂ ਦਾ ਮਿਸ਼ਰਤ ਸਮੂਹ ਹੁੰਦਾ ਹੋਇਆ ਵੀ ਇਕ ਸੰਗਠਿਤ ਇਕਾਈ ਵਿਚ ਬੱਝਾ ਹੋਇਆ ਹੈ। ਇਹ ਨਿਵੇਕਲਾ ਸਾਹਿਤਕ ਰੂਪ ਉਨ੍ਹਾਂ ਦੀ ਰਚਨਾ-ਲੜੀ 'ਬੀਤੇ ਦੀਆਂ ਪੈੜਾਂ' ਦੁਆਰਾ ਹੋਂਦ ਵਿਚ ਆਇਆ ਅਤੇ ਸਿਰਜਿਆ ਗਿਆ ਹੈ। ਪਰ ਹਾਲੀ ਤਕ ਇਨ੍ਹਾਂ ਵਿਸ਼ੇਸ਼ ਗੱਦ-ਪੁਸਤਕਾਂ ਵੱਲ ਪਾਠਕਾਂ ਅਤੇ ਪੰਜਾਬੀ ਸਮਾਲੋਚਕਾਂ ਦਾ ਧਿਆਨ ਘੱਟ ਗਿਆ ਹੈ।

ਇਸ ਦਾ ਇਕ ਕਾਰਨ ਤਾਂ ਇਹ ਹੋ ਸਕਦਾ ਹੈ ਕਿ ਪ੍ਰੀਤਮ ਸਿੰਘ ਕਵੀ ਦੀ ਬਹੁਤੀ ਸਾਹਿਤਕ ਰਚਨਾ ਨਾਮਧਾਰੀ ਸਮਾਜ ਅਤੇ ਧਰਮ ਦੇ ਲੋਕਾਂ ਅਤੇ ਰਹਿਣੀ-ਬਹਿਣੀ ਨਾਲ ਜੁੜੀ ਹੋਈ ਹੈ ਅਤੇ ਇਨ੍ਹਾਂ ਪੁਸਤਕਾਂ ਦੇ ਨਾਇਕ ਪਾਤਰ ਨਾਮਧਾਰੀ ਸਤਿਗੁਰੂ ਸਾਹਿਬਾਨ, ਵਿਸ਼ੇਸ਼ ਕਰ ਕੇ ਸਤਿਗੁਰੂ ਪ੍ਰਤਾਪ ਸਿੰਘ ਤੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਹਨ। 'ਬੀਤੇ ਦੀਆਂ ਪੈੜਾਂ' ਲੜੀ ਦੀਆਂ ਇਨ੍ਹਾਂ ਪੁਸਤਕਾਂ ਦੀ ਨਵ-ਸ੍ਰਿਸ਼ਟੀ ਦਾ ਮੁੱਖ ਆਧਾਰ ਭਾਵੇਂ ਨਾਮਧਾਰੀ ਪਰੰਪਰਾ ਹੈ, ਪਰ ਜਿਸ ਢੰਗ, ਵਿਧੀ-ਵਿਧਾਨ ਅਤੇ ਨਿਵੇਕਲੇ ਦ੍ਰਿਸ਼ਟੀਕੋਣ ਤੋਂ ਇਸ ਵਿਸ਼ਿਸ਼ਟ ਗੱਦਕਾਰ ਨੇ ਇਨ੍ਹਾਂ ਨੂੰ ਰਚਿਆ ਹੈ, ਉਸ ਨਾਲ ਗੁਣਾਤਮਿਕ ਤੌਰ ਉਤੇ ਇਹ ਇਕ ਨਵਾਂ ਰੂਪਾਕਾਰ ਹੀ ਬਣ

Sri Satguru Jagjit Singh Ji Elibrary NamdhariElibrary@gmail.com

ਗਿਆ ਹੈ।

ਵਿਰਾਟ ਮਾਨਵਵਾਦੀ ਧਰਮ ਪਰਾਇਣ ਦ੍ਰਿਸ਼ਟੀਕੋਣ ਦਾ ਅੱਜ ਦੇ ਮਨੁੱਖੀ ਸਮਾਜ ਵਿਚ ਭਰਪੂਰ ਝਲਕਾਰਾ ਪ੍ਰਸਤੁਤ ਕਰ ਸਕਣਾ ਕਵੀ ਜੀ ਵਰਗੇ ਪ੍ਰਮੁੱਖ ਸਾਹਿਤਕਾਰ ਦਾ ਹੀ ਕਰਮ ਹੋ ਸਕਦਾ ਹੈ। ਕਿਉਂਕਿ ਜੋ ਇਹ ਇਕ ਬੜਾ ਜਟਿਲ ਤੇ ਸੂਖਮ, ਸੁਹਜਮਈ, ਗੂੜ੍ਹ-ਗੂੜ੍ਹ ਵਾਲਾ ਕਾਰਜ ਸੀ, ਇਸ ਲਈ ਲੇਖਕ ਨੂੰ ਰੂਪਗਤ ਅਤੇ ਸ਼ੈਲੀਗਤ ਰੂਪ ਵਿਚ ਨਿਵੇਕਲੇ ਚਿਹਨਾਂ ਦਾ ਨਿਰਮਾਣ ਕਰਨਾ ਪਿਆ ਹੈ।

ਇਹ ਗੱਦ-ਸ਼ੈਲੀ ਲੇਖਕ ਦੇ ਵਿਅਕਤੀਤਵ ਦੇ ਸਮਾਨ ਸਰਲ ਵੀ ਹੈ ਤੇ ਸਰਸ ਵੀ। ਸੁਹਜਵੰਤ ਤੇ ਸਾਦਗੀ ਦੇ ਗੁਣਾਂ ਦਾ ਇਹ ਸੁੰਦਰ ਮਿਸ਼ਰਣ ਹੈ। ਇੰਜ ਇਹ ਸੂਖਮ ਤੋਂ ਸੂਖਮ ਅਤੇ ਸਿੱਧੇ ਤੇ ਸਾਧਾਰਨ ਸਭ ਪ੍ਰਕਾਰ ਦੇ ਪਾਠਕਾਂ ਦੇ ਸੁਹਜ-ਸੁਆਦ ਨੂੰ ਤ੍ਰਿਪਤ ਕਰ ਸਕਦੀ ਹੈ। ਕਵੀ ਜੀ ਦੇ ਨਿਬੰਧਾਂ ਵਿਚ ਵੀ ਇਹ ਗੁਣ ਮੌਜੂਦ ਹੈ। ਉਨ੍ਹਾਂ ਦੇ ਦਰਜਨਾਂ ਲੇਖ ਪੰਜਾਬੀ ਦੇ ਦੈਨਿਕ, ਮਾਸਿਕ ਅਤੇ ਸਪਤਾਹਿਕ ਪੱਤਰਾਂ ਵਿਚ ਪ੍ਰਕਾਸ਼ਿਤ ਹੋਏ ਹਨ, ਜਿਨ੍ਹਾਂ ਦੁਆਰਾ ਵਿਅਕਤੀਗਤ ਜੀਵਨ-ਜਾਚ ਤੇ ਸਮਾਜਿਕ ਰਹਿਤ-ਬਹਿਤ ਦੇ ਆਦਰਸ਼ਕ, ਆਕਰਸ਼ਕ, ਸਾਊ ਸਦ-ਵਿਵਹਾਰ ਅਤੇ ਉੱਚ-ਕਦਰੀ ਦੇ ਮਾਨਵਵਾਦੀ ਗੁਣਾਂ ਨੂੰ ਇਨ੍ਹਾਂ ਗੱਦ-ਰਚਨਾਵਾਂ ਵਿਚ ਉਨ੍ਹਾਂ ਨੇ ਇਸ ਤਰ੍ਹਾਂ ਸਮੋ ਦਿੱਤਾ ਹੈ ਕਿ ਉਹ ਇਕ ਸੁਖਮਤਾਵੀ ਮਨਬਿਰਤੀ ਵਾਲੇ ਰਸਿਕ ਸੁਹਜਵਾਦੀ ਲੇਖਕ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਇਹ ਉਨ੍ਹਾਂ ਆਦਰਸ਼ਾਂ ਤੇ ਗੁਣਾਂ ਦਾ ਹੀ ਅਗਲਾ ਪੜਾਓ ਹੈ, ਜਿਨ੍ਹਾਂ ਨੂੰ ਇਸ ਸਦੀ ਦੇ ਪਹਿਲੇ ਅੱਧ ਦੇ ਪ੍ਰੋ. ਪੂਰਨ ਸਿੰਘ, ਭਾਈ ਵੀਰ, ਸਿੰਘ ਗੁਰਬਖਸ਼ ਸਿੰਘ ਅਤੇ ਡਾ.ਬਲਬੀਰ ਸਿੰਘ ਵਰਗੇ ਗੱਦਕਾਰਾਂ ਨੇ ਸਿਰਜਿਆ ਸੀ।

ਪੰਜਾਬੀ ਦੇ ਆਧੁਨਿਕ ਸਾਹਿਤਕਾਰ ਮੰਡਲਾਂ ਉਤੇ ਸੰਸਕ੍ਰਿਤੀ ਦੇ ਜਿਸ ਦੌਰ ਵਿਚੋਂ ਦੀ ਅਸੀਂ ਗੁਜ਼ਰ ਰਹੇ ਹਾਂ, ਉਥੇ ਸ਼ੱਕ ਦੀ ਗੱਲ ਹੈ ਕਿ ਸਾਡੇ ਪਾਠਕਾਂ ਦੇ ਘੇਰੇ ਦਿਨ-ਦਿਨ ਆਪਣੇ ਅਧਿਐਨ ਖੇਤਰ, ਰੁਚੀਆਂ ਅਤੇ ਦ੍ਰਿਸ਼ਟੀਕੋਣ ਦੇ ਪੱਖ ਤੋਂ ਸੁੰਗੜਦੇ ਜਾ ਰਹੇ ਹਨ। ਅਸੀਂ ਨੱਕ ਦੀ ਸੇਧੀ ਤੋਂ ਅੱਗੇ ਦੇਖਣ ਦੇ ਆਦੀ ਨਹੀਂ ਰਹੇ ਅਤੇ ਅਸੀਂ ਆਪਣੇ ਆਲੇ-ਦੁਆਲੇ ਦੀ ਵਿਸ਼ਾਲ ਤੇ ਅਨੰਤ ਸਿਰਜਨਾ-ਸ਼ਕਤੀ ਦੀਆਂ ਅਸੀਮ ਸੰਭਾਵਨਾਵਾਂ ਅਤੇ ਅਦਿੱਖ ਨੁਕਰਾਂ ਵੱਲ ਕਦੀ ਡੂੰਘੀ ਨੀਝ ਨਾਲ ਤੱਕਣ ਦਾ ਸਾਹਸ ਹੀ ਨਹੀਂ ਕੀਤਾ।

ਪੁਰਾਤਨ ਜਨਮ-ਸਾਖੀਆਂ ਦੀ ਤੁਲਨਾ ਵਿਚ ਇਨ੍ਹਾਂ ਰਚਨਾਵਾਂ ਵਿਚ ਆਧੁਨਿਕ ਕਾਲ ਦੇ ਯੁਗਾਨੁਕੂਲ ਵਾਤਾਵਰਣ ਨੂੰ ਸਿਰਜ ਕੇ ਆਪਣੀ ਰਚਨਾ ਦਾ ਇਤਿਹਾਸਕ ਨਾਇਕਾਂ ਦੇ ਆਦਰਸ਼ਵਾਦੀ ਤੇ ਆਦਰਸ਼ ਕਿਰਦਾਰ ਨੂੰ ਯਥਾਰਥਮੁਖੀ ਤੇ ਮਾਨਵਮੁਖੀ ਦ੍ਰਿਸ਼ਟੀਕੋਣ ਤੋਂ ਵਿਕਸਿਤ ਕੀਤਾ ਗਿਆ ਹੈ। ਜੀਵਨ-ਭਰ ਇਸ ਲੇਖਕ ਦਾ ਆਪਣਾ ਨਿੱਜੀ ਜੀਵਨ-ਦ੍ਰਿਸ਼ਟੀਕੋਣ ਪ੍ਰਗਤੀਸ਼ੀਲ ਤੇ ਮਾਨਵ ਹਿਤਕਾਰੀ ਯਥਾਰਥਵਾਦੀ ਤੇ ਵਿਸ਼ਲੇਸ਼ਣਕਾਰੀ ਰਿਹਾ ਹੈ। ਪਰ ਜਦੋਂ ਇਹ ਸਤਿਗੁਰੂ ਪ੍ਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਵਰਗੇ ਅਧਿਆਤਮਕ ਪੂੱਜ ਪੁਰਸ਼ਾਂ ਦੇ ਜੀਵਨ ਸਮਾਚਾਰਾਂ ਨੂੰ ਆਪਣੀ ਰਚਨਾ ਦਾ ਵਿਸ਼ਾ ਬਣਾਉਂਦੇ ਹਨ ਤਾਂ ਅਧਿਆਤਮਕ ਤੇ ਯਥਾਰਥਮੁਖੀ ਮਾਨਵੀ ਸੋਚ ਇਸ ਤਰ੍ਹਾਂ ਇਕ ਸੂਤਰ ਵਿਚ ਪਰੋਏ ਜਾਂਦੇ ਹਨ ਕਿ ਇਨ੍ਹਾਂ ਨੂੰ ਇਕ ਦੂਜੇ ਤੋਂ

Sri Satguru Jagjit Singh Ji Elibrary NamdhariElibrary@gmail.com

ਨਿਖੇੜਨਾ ਅਸੰਭਵ ਹੋ ਜਾਂਦਾ ਹੈ। ਸਮੁੱਚੇ ਮਾਨਵੀ ਇਤਿਹਾਸ ਵਿਚ ਅਤੇ ਮਨੁੱਖੀ ਸਮਾਜ ਦੇ ਚਲੰਤ ਵਰਤਾਰੇ ਵਿਚ ਯਥਾਰਥ ਤੇ ਆਦਰਸ਼ ਦੋਵੇਂ ਇੱਕਠੇ ਹੀ ਚਲਦੇ ਹਨ। ਇਨ੍ਹਾਂ ਦਾ ਸੁਮੇਲ ਆਦਿ-ਅਨਾਦੀ ਹੈ।

ਕਵੀ ਜੀ ਨੇ ਆਪਣੀਆਂ ਇਨ੍ਹਾਂ ਰਚਨਾਵਾਂ ਵਿਚ ਨਾਮਧਾਰੀ ਸਤਿਗੁਰੂ ਸਾਹਿਬਾਨ ਦੇ ਆਦਰਸ਼ਕ ਜੀਵਨ ਕਿਰਦਾਰ ਅਤੇ ਸਰਵੋਤਮ ਸਦ-ਵਿਵਹਾਰ ਰਾਹੀਂ ਯਥਾਰਥਮੁਖੀ ਹੋ ਕੇ ਆਦਰਸ਼ਕ ਮਾਨਵੀ ਪੰਧਾਂ ਨੂੰ ਉਲਿਆਰਨ ਦਾ ਯਤਨ ਕੀਤਾ ਹੈ। ਇਹ 'ਬੀਤੇ ਦੀਆਂ ਪੈੜਾਂ' ਨਹੀਂ, ਸਗੋਂ ਵਰਤਮਾਨ ਕਾਲ ਤੇ ਆਗਾਮੀ ਭਵਿੱਖ ਵਿਚ ਅਗਲੇਰੇ ਆਦਰਸ਼ਕ ਮਾਨਵੀ ਪੰਧਾਂ ਦੇ ਪੂਰਨੇ ਪਾਉਂਦੀਆਂ ਹਨ, ਜਿਨ੍ਹਾਂ ਉਤੇ ਚੱਲ ਕੇ ਮਨੁੱਖੀ ਸਮਾਜ ਅਤੇ ਵਿਸ਼ੇਸ਼ਕਰ ਕੇ ਧਰਮ ਪਰਾਇਣ ਤੇ ਕਰਮ ਪਰਾਇਣ ਵਿਅਕਤੀ ਆਪਣੇ ਜੀਵਨ ਨੂੰ ਸਫ਼ਲ ਕਰ ਸਕਦੇ ਹਨ ਅਤੇ ਸਮਾਜ ਨੂੰ ਨਵੇਂ ਨਰੋਏ ਆਦਰਸ਼ਾਂ ਵੱਲ ਜਾਣ ਦੀ ਪ੍ਰੇਰਨਾ ਦੇ ਸਕਦੇ ਹਨ।

ਭਾਵੇਂ ਕਵੀ ਜੀ ਨੇ ਇਹ ਸਾਰਾ ਬਿਰਤਾਂਤ ਇਕ ਵਿਸ਼ੇਸ਼ ਧਾਰਮਿਕ ਸੰਪਰਦਾਇ ਦੇ ਖੇਤਰ ਵਿਚ ਸੀਮਿਤ ਰਹਿ ਕੇ ਰਚਿਆ ਹੈ ਪਰ ਇਸ ਦੀ ਪ੍ਰਿਸ਼ਟ ਭੂਮੀ ਬੜੀ ਵਿਆਪਕ, ਜਗਤ ਵਿਆਪੀ ਅਤੇ ਆਧੁਨਿਕ ਸਮਾਜ ਦੀ ਹੀ ਹੈ ਜਿਸ ਵਿਚ ਯਥਾਰਥਕ ਦ੍ਰਿਸ਼ਟੀ ਤੋਂ ਅਨੇਕ ਪੱਖਾਂ ਦੇ ਵਿੱਲਖਣ ਦਰਸ਼ਨ ਹੋ ਜਾਂਦੇ ਹਨ। ਕਈ ਅਜਿਹੇ ਪੱਖ ਹਨ ਜਿਨ੍ਹਾਂ ਬਾਰੇ ਅਸੀਂ ਕਦੀ ਕਲਪਨਾ ਵੀ ਨਹੀਂ ਕਰ ਸਕਦੇ ਕਿ ਵਿਰਾਟ ਧਾਰਮਿਕ ਪੁਰਸ਼ ਤੇ ਗੁਰੂ ਵਿਅਕਤੀ ਦੇ ਜੀਵਨ ਦੇ ਨਿੱਕੇ ਨਿੱਕੇ ਬਾਰੀਕ ਤੇ ਮਹੱਤਵਪੂਰਨ ਮਾਨਵੀ ਵੇਰਵੇ ਵੀ ਹੋ ਸਕਦੇ ਹਨ, ਜਿਨ੍ਹਾਂ ਦੀ ਕਿਸੇ ਪਾਠਕ ਨੇ ਕਦੀ ਕਲਪਨਾ ਵੀ ਨਹੀਂ ਕੀਤੀ ਹੁੰਦੀ।

ਬੜੇ ਸੁਭਾਗ ਦੀ ਗੱਲ ਹੈ ਕਿ ਸਾਡੇ ਕੁਝ ਪ੍ਰਮੁੱਖ ਸਮਾਲੋਚਕਾਂ ਨੇ ਸਾਡੇ ਨਵੀਨ ਕਾਲ ਦੇ ਇਸ ਸਮਰਥ ਛੰਦਕਾਰ ਬਾਰੇ ਇਨ੍ਹਾਂ ਲੜੀਵਾਰ ਪ੍ਰਕਾਸ਼ਿਤ ਹੋਈਆਂ ਰਚਨਾਵਾਂ ਦੇ ਆਧਾਰ ਉਤੇ ਕੁਝ ਵੱਡਮੁੱਲੀਆਂ ਟਿੱਪਣੀਆਂ ਕਰ ਕੇ ਸੱਚਾ ਸਾਹਿਤਕ ਕਾਰਜ ਕੀਤਾ ਹੈ ਅਤੇ ਇਕ ਪ੍ਰਕਾਰ ਨਾਲ ਸਮਕਾਲੀ ਪਾਠਕਾਂ ਤੇ ਲੇਖਕਾਂ ਨੂੰ ਇਨ੍ਹਾਂ ਉਤਕ੍ਰਿਸ਼ਟ ਰਚਨਾਵਾਂ ਨਾਲ ਸਾਂਝ ਪਾਉਣ ਦੀ ਪ੍ਰੇਰਨਾ ਉਤਪਨ ਕੀਤੀ ਹੈ।

(ਧੰਨਵਾਦ ਸਹਿਤ 'ਪੰਜਾਬੀ ਟ੍ਰਿਬਿਊਨ' ਮਿਤੀ 2.1.1999 ਵਿਚੋਂ)

*ਪ੍ਰੋਫੈਸਰ ਕਿਰਪਾਲ ਸਿੰਘ ਕਸੇਲ ਪੰਜਾਬੀ ਜਗਤ ਵਿਚ ਜਾਣੇ ਪਛਾਣੇ ਲੇਖਕ ਹਨ। ਇਹ ਪ੍ਰਮੁੱਖ ਵਿਦਵਾਨ, ਸਾਹਿਤਕਾਰ, ਸਮਾਲੋਚਕ ਅਤੇ ਚਿੰਤਕ ਹਨ। ਪ੍ਰੋ. ਕਸੇਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਜੀਵਨ ਫੈਲੋ ਹਨ। ਭਾਰਤ ਦੀ ਆਜ਼ਾਦੀ ਵਿਚ ਨਾਮਧਾਰੀ ਲਹਿਰ ਦੇ ਰੋਲ ਨੂੰ ਆਪ ਅਹਿਮ ਮੰਨਦੇ ਹਨ। ਆਪ ਨਾਮਧਾਰੀ ਸਮਾਜ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਪ੍ਰਤੀ ਬੜੀ ਸ਼ਰਧਾ ਭਾਵਨਾ ਰਖਦੇ ਹਨ।

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

## 1 ਜਨਵਰੀ 1983, ਸ਼ਨੀਵਾਰ
## ਨਵੀਂ ਦਿੱਲੀ

ਕੱਲ੍ਹ, ਮਹੀਨਾ ਦਸੰਬਰ 1982 ਦਾ ਅੰਤਮ ਦਿਨ ਬੜਾ ਧੁੰਦੀਲਾ ਸੀ। ਕੱਲ੍ਹ ਤਕ ਧੁੰਦ ਦਾ ਹੀ ਸਾਮਰਾਜ ਰਿਹਾ। ਹੱਥ ਪਸਾਰਿਆ ਨਹੀ ਸੀ ਲਭਦਾ। ਬੜੀ ਸਾਵਧਾਨੀ ਨਾਲ ਚਲਦਿਆਂ ਵੀ ਇਕ ਸਾਈਕਲ ਸਵਾਰ ਦੀ ਅਸਾਵਧਾਨੀ ਨੇ ਹਿਸਾਰ ਪਾਰ ਹੁੰਦਿਆਂ ਹੀ ਹਾਦਸਾ ਕਰਵਾ ਦਿਤਾ। ਉਸਦਾ ਜਾਨੀ ਨੁਕਸਾਨ ਤਾਂ ਨ ਹੋਇਆ ਪਰ ਸਾਈਕਲ ਟੁੱਟ ਗਿਆ ਅਤੇ ਇਕ ਲੱਤ ਬੁਰੀ ਤਰਾਂ ਛਿੱਲੀ ਗਈ। ਉਸਨੂੰ ਹਸਪਤਾਲ ਤੋਰ ਸਾਡੀ ਬਸ 3 ਵਜੇ ਤਕ ਦਿੱਲੀ ਆ ਹੀ ਪਹੁੰਚੀ।

ਅੱਜ ਨਵੇਂ ਇਸਾਈ ਵਰ੍ਹੇ ਦਾ ਪਹਿਲਾ ਦਿਨ ਪ੍ਰਸੰਨਤਾ ਭਰੇ ਮਾਹੌਲ ਵਿਚ ਖ਼ਤਮ ਹੋਇਆ।

## 2 ਜਨਵਰੀ 1983, ਐਤਵਾਰ
## ਨਵੀਂ ਦਿੱਲੀ

**ਸੂਬਾ ਦਰਸ਼ਨ ਸਿੰਘ ਜੀ ਦਾ ਅੰਤ ਸਮਾ**

ਸੂਬਾ ਦਰਸ਼ਨ ਸਿੰਘ ਜੀ ਨੈਰੋਬੀ ਵਾਲਿਆਂ ਦੇ ਸਾਹਿਬਜ਼ਾਦੇ ਸੂਬਾ ਸਤਨਾਮ ਸਿੰਘ ਜੀ ਦਿੱਲੀ ਵਿਚ ਹੀ ਹਨ ਅਜੇ। ਮੈਂ ਕੱਲ ਉਨ੍ਹਾਂ ਦੀ ਕੋਠੀ ਵਲ ਆਇਆ ਸਾਂ। ਜੀ ਕਰਦਾ ਸੀ ਕੁਝ ਸਮਾ ਅਸੀਂ ਇਕਠੇ ਬੈਠ ਲਈਏ।

ਸਤਨਾਮ ਸਿੰਘ ਜੀ ਨੇ ਮੈਨੂੰ ਮਾਣ ਦਿਤਾ। ਘਰ ਆਏ ਮੇਰੀ ਰੁਖੀ ਸੁਖੀ ਪਰਵਾਨ ਕੀਤੀ। ਮੈਂ ਇਕ ਸਵਾਲ ਪੁਛਿਆ। ਉਸ ਦੇ ਉਤਰ ਦਾ ਜ਼ਿਕਰ ਏਥੇ ਕਰਦਾ ਹਾਂ। ਮੈਂ ਪੁਛਿਆ ਸੀ ਕਿ ਕੀ ਸ੍ਰੀ ਸੂਬਾ ਦਰਸ਼ਨ ਸਿੰਘ ਜੀ ਦੀ ਮਿਰਤੂ ਪਿਛੇ ਕੋਈ ਮਾਨਸਿਕ ਕਾਰਨ ਵੀ ਸੀ। ਇਹਦੇ ਪਿਛੇ ਘਰੇਲੂ ਜਾਂ ਪਦਾਰਥਕ ਪਰੇਸ਼ਾਨੀ ਸੀ?

ਸਤਨਾਮ ਸਿੰਘ ਜੀ ਨੇ ਦੱਸਿਆ : ਭਾਵੇਂ ਸੂਬਾ ਜੀ ਬੜੇ ਤੱਤਵ ਦਰਸੀ ਅਤੇ ਗਿਆਨੀ ਪੁਰਸ਼ ਸਨ ਪਰ ਉਨ੍ਹਾਂ ਦੇ ਹਾਰਟ ਅਟੈਕ ਪਿਛੇ ਇਕ ਆਰਥਕ ਦਬਾਉ ਵੀ ਸੀ। ਉਜ ਮੁਖ ਤੌਰ ਤੇ ਸਰੀਰ ਦੇ ਕੁਝ ਅੰਗਾਂ ਦੀ ਹੀ ਘਾਟ ਵਾਧ ਦਾ ਦਬਾਉ ਸੀ। ਇਹਨੀ ਦਿਨੀ ਇਕ ਮਾਨਸਿਕ ਪਰੇਸ਼ਾਨੀ ਵੀ ਸੀ।

ਗੱਲ ਇਹ ਸੀ ਕਿ ਅਸੀ ਇਹਨੀ ਦਿਨੀ ਈਸਟ ਅਫਰੀਕਾ ਦੇ ਕੀਨੀਆਂ ਦੇਸ਼ ਵਿਚ ਸੜਕ ਉਸਾਰੀ ਦਾ ਇਕ ਬਹੁਤ ਵੱਡਾ ਠੇਕਾ ਲੈ ਬੈਠੇ ਸਾਂ। ਏਨੇ ਵਡੇ ਪੈਮਾਨੇ ਤੇ ਅਸਾਂ ਕਦੇ ਕੰਮ ਨਹੀ ਸੀ ਲਿਆ। ਇਕ ਸਾਨੂੰ ਸਹੂਲਤ ਮਿਲ ਗਈ। ਇਕ ਬੈਂਕ ਦੇ ਮਿਨੇਜਰ ਨੇ 6-7 ਲੱਖ ਸ਼ਲਿੰਗ ਦੇ ਬੈਂਕ ਲੋਨ ਤੇ ਸਾਡੀ ਕਿਸੇ ਟ੍ਰਕ ਸਪਲਾਇਰ ਨਾਲ ਗੱਲ ਕਰਵਾ ਦਿਤੀ। ਉਸਨੂੰ ਤਕੜੀ ਰਕਮ ਦੇ ਦਿੱਤੀ ਗਈ, ਉਹ ਭਲਾ ਮਾਣਸ ਸ਼ਹਿਰ ਹੀ ਛੱਡ ਗਿਆ। ਡਰ ਪੈਦਾ ਹੋ ਗਿਆ ਕਿ ਰਕਮ ਨੂੰ ਉਹ ਠੱਗ ਹੀ ਲੈ ਗਿਆ ਹੈ। ਕਿਸੇ ਵੱਡੇ ਠੇਕੇਦਾਰ ਦੀ ਮੁਠ ਵਿਚ ਹੀ 6-7 ਲੱਖ ਦੀ ਠੱਗੀ ਵਜ ਜਾਣੀ ਕੰਮ ਨੂੰ ਸਿਰੇ ਨ ਚਾੜ੍ਹ ਸੱਕਣ ਦੀ ਮਜਬੂਰੀ ਪਈ ਦਿਸਦੀ ਸੀ। ਇਹਨੀ ਦਿਨੀ ਹੀ ਸਾਡੀ ਫਰਮ ਦੇ ਮੁਖੀ ਸੂਬਾ



Sri Satguru Jagjit Singh Ji Elibrary NamdhariElibrary@gmail.com

(ਦਰਸ਼ਨ ਸਿੰਘ) ਜੀ ਹਾਰਟ ਅਟੈਕ ਦੇ ਸ਼ਿਕਾਰ ਹੋ ਗਏ।

ਸਤਿਗੁਰੂ ਜੀ ਨੇ ਕਿਰਪਾ ਕੀਤੀ। ਉਹ ਸਪਲਾਇਰ ਸਾਡੇ ਹੱਥ ਆਇਆ। ਉਸ ਤੋਂ ਪੂਰੀ ਰਕਮ ਦੀ ਚੈੱਕ ਲੈ ਲਈ ਗਈ। ਸੂਬਾ ਜੀ ਨੂੰ ਇਹ ਖੁਸ਼ ਖ਼ਬਰੀ ਦਿਤੀ ਗਈ। ਪਰ [illegible] ਜੀ ਤੇ ਮੋੜਵਾਂ ਅਸਰ ਨਾ ਪਿਆ। ਸੂਬਾ ਜੀ ਦਾ ਕਹਿਣਾ ਸੀ, ਹਾਰਟ ਅਟੈਕ ਕਿਸੇ ਸਰੀਰਕ [illegible] ਤੋਂ ਹੈ, ਰਕਮ ਦੇ ਲੈਣ ਦੇਣ ਤੋਂ ਨਹੀਂ।

ਜਦੋਂ ਸ੍ਰੀ ਸਤਿਗੁਰੂ ਜੀ ਨੂੰ ਹਾਰਟ ਅਟੈਕ ਦੀ ਤਾਰ ਦਿਤੀ ਗਈ ਤਾਂ ਉਹ ਕਸ਼ਮੀਰ ਭ੍ਰਮਣ ਵਿਚੇ ਛੱਡ ਕੇ ਭੈਣੀ ਸਾਹਿਬ ਆ ਗਏ। ਰੋਜ਼ਾਨਾ ਸੂਬਾ ਜੀ ਦੀ ਸੁਖ ਮੰਗਲ ਦੀ ਖ਼ਬਰ ਟੈਲੀਫੋਨ ਦੁਆਰਾ ਲਈ ਦਿਤੀ ਜਾਂਦੀ ਰਹੀ। ਸਾਨੂੰ ਡਾਕਟਰਾਂ ਨੇ ਸੂਬਾ ਜੀ ਦੀ ਸੇਹਤ ਬਾਰੇ ਆਸਵੰਦ ਕਰਵਾ ਦਿਤਾ ਸੀ ਕਿ ਛੇਤੀ ਹੀ ਸੂਬਾ ਜੀ ਘਰ ਚਲੇ ਜਾਣਗੇ। ਏਧਰ ਸਤਿਗੁਰੂ ਜੀ ਨੇ ਤੁਰਤ ਨੈਰੋਬੀ ਜਾਣ ਦਾ ਵਿਚਾਰ ਛਡ ਦਿਤਾ, ਕਿ ਸੂਬਾ ਜੀ ਨੂੰ ਫਿਰ ਚਲਦੇ-ਫਿਰਦੇ ਹੀ ਦੇਖਣ ਆਵਾਂਗੇ। ਪਰ ਜਿਵੇਂ ਕੁਦਰਤ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਸੂਬਾ ਜੀ ਨੂੰ ਆਪਣੇ ਪਿਆਰੇ ਸਤਿਗੁਰੂ ਜੀ ਦੇ ਅੰਤ ਸਮੇ ਦਰਸ਼ਨ ਹੋ ਸਕਣ। ਸੋ ਸੂਬਾ ਜੀ ਫੇਰ ਇਕ ਮਾਮੂਲੀ ਝਟਕੇ ਨਾਲ ਹੀ ਸਾਨੂੰ ਸਦੀਵੀ ਵਿਛੋੜਾ ਦੇ ਗਏ।

ਸੂਬਾ ਸਤਨਾਮ ਸਿੰਘ ਨਾਲ ਗੱਲਬਾਤ ਕਰਦਿਆਂ ਮੈਨੂੰ ਖੁਸ਼ੀ ਅਤੇ ਤਸੱਲੀ ਹੋਈ ਕਿ ਇਹ ਨੌਜੁਆਨ ਯੋਗ, ਗੰਭੀਰ, ਉਦਾਰ ਅਤੇ ਵਿਚਾਰਵਾਨ ਪੁਰਸ਼ ਹੈ। ਸਤਿਗੁਰੂ ਜੀ ਨੇ ਇਸ ਨੂੰ 'ਸੂਬਾ' ਦੀ ਪਦਵੀ ਬਖ਼ਸ਼ ਕੇ ਸਹੀ ਚੋਣ ਕੀਤੀ ਹੈ। ਅਤੇ ਪਰਵਾਰ ਉਤੇ ਵੀ ਸਤਿਗੁਰੂ ਜੀ ਦਾ ਵਰਦ ਹਸਤ ਕੰਵਲ ਹੈ। ਸੂਬਾ ਦਰਸ਼ਨ ਸਿੰਘ ਜੀ ਦੇ ਦਰਸ਼ਨਾਂ ਬਿਨਾ ਹੋਰ ਕੋਈ ਕਮੀ ਨਹੀਂ ਵਿਆਪੇਗੀ।

### ਸਤਿਗੁਰੂ ਜੀ ਆ ਰਹੇ ਹਨ

ਰਮੇਸ਼ ਨਗਰੀਏ, ਨਾਮਧਾਰੀ ਧਰਮ ਸਾਲਾ ਦੇ ਸਕੱਤਰ ਸੰਤ ਗੁਰਦੀਪ ਸਿੰਘ ਤੋਂ ਪਤਾ ਲਗਾ ਕਿ ਸਤਿਗੁਰੂ ਜੀ ਕਲ੍ਹ ਸਵੇਰ ਦੇ ਜਹਾਜ਼ ਤੇ ਲੁਧਿਆਣਿਓਂ ਆਉਣ ਵਾਲੇ ਹਨ ਤੇ ਪਰਸੋਂ ਨੂੰ ਸਵੇਰੇ ਵੇਲੇ ਬੰਗਲੌਰ ਨੂੰ ਹਵਾਈ ਸਫ਼ਰ ਕਰਨਾ ਹੈ।

ਇਹ ਵੀ ਪਤਾ ਲਗਾ ਕਿ 22 ਜਨਵਰੀ 63 ਨੂੰ ਦਿੱਲੀ ਵਿਚ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਬਸੰਤ ਮੇਲਾ ਕਰਨ ਦੀ ਮਨਜ਼ੂਰੀ ਮਿਲ ਗਈ ਹੈ। ਰਾਤ ਇਕ ਕਵੀ ਦਰਬਾਰ ਹੋਵੇਗਾ ਮੈਂ (ਪ੍ਰੀਤਮ ਸਿੰਘ ਕਵੀ) ਉਸਦੀ ਸਕੱਤਰੀ ਕਰਨੀ ਹੈ।

3 ਜਨਵਰੀ 1963, ਸੋਮਵਾਰ
ਨਵੀਂ ਦਿੱਲੀ

### ਬਿਸ਼ਨ ਸਿੰਘ ਸ਼ਹੀਦ ਦੇ ਨਾਮ ਦਾ ਸਬੂਤ

ਅੱਜ ਸਵੇਰੇ 8.00 ਵਜੇ ਸ੍ਰ. ਹਰਵਿੰਦਰ ਸਿੰਘ ਹੰਸਪਾਲ ਦੇ K-17 ਰਾਜੌਰੀ ਗਾਰਡਨ ਵਿਚ ਚਲਾ ਗਿਆ। ਸ੍ਰ. ਹੰਸਪਾਲ ਨੇ ਦੱਸਿਆ ਕਿ ਸ੍ਰ. ਮਹਾਂ ਸਿੰਘ ਮਾਨਸਰੋਵਰ ਗਾਰਡਨ,



Sri Satguru Jagjit Singh Ji Elibrary NamdhariElibrary@gmail.com

ਨਵੀਂ ਦਿੱਲੀ, ਵਾਲੇ ਤੋਂ, ਜੋ ਜ਼ਮੀਨ ਦੇ ਏਕੜ ਲੈਣੀ ਹੈ, ਉਸਨੂੰ ਬਕਾਇਆ ਰਕਮ ਦੇ ਕੇ, ਅੱਜ ਕਬਜ਼ਾ ਲੈ ਲੈਣਾ ਹੈ। ਇਹ ਬੜੀ ਵੱਡੀ ਗੱਲ ਹੋਵੇਗੀ। ਇਸ ਨਾਲ ਸ਼ਹੀਦ ਕਿਸ਼ਨ ਸਿੰਘ ਮੈਮੋਰੀਅਲ ਸਕੂਲ ਦੇ ਕਾਰਜ ਕਰਮ ਵਿਚ ਇਕ ਹੁਲਾਰਾ ਆ ਜਾਏਗਾ।

ਏਥੇ ਬੈਠਿਆਂ ਬੈਠਿਆਂ ਸ੍ਰ. ਜਸਵੰਤ ਸਿੰਘ ਮਾਟਾ ਸਪੁੱਤਰ ਸ੍ਰ. ਵਜ਼ੀਰ ਸਿੰਘ ਪੰਜਾਬੀ ਬਾਗ਼ ਵੀ ਆ ਗਿਆ। ਸ੍ਰ. ਹੰਸਪਾਲ ਨੇ ਸਾਡੀ ਪਰਸਪਰ ਜਾਣ ਪਛਾਣ ਕਰਵਾਈ। ਇਹ ਨਾਮਧਾਰੀ ਪਰਵਾਰ ਦੂਰ ਦੂਰ ਜਾ ਰਿਹਾ ਸੀ ਜਿਸ ਨੂੰ ਨੇੜੇ ਲਿਆਉਣ ਵਿਚ ਹੰਸਪਾਲ ਦਾ ਹੱਥ ਹੋਵੇਗਾ। ਇਸ ਕਾਲੀ ਪੱਗ, ਕਾਲੀ ਦਾੜ੍ਹੀ ਨੌਜਵਾਨ ਨੇ ਦੱਸਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਇਸ ਨੂੰ ਬੜਾ ਪਿਆਰ ਕਰਦੇ ਰਹੇ। ਅਤੇ ਏਸੇ ਨੇ ਦੱਸਿਆ ਕਿ ਮਾਨਸਰੋਵਰ ਗਾਰਡਨ ਦੇ ਜ਼ਮੀਨ ਮਾਲਕ ਦਾ ਨਾਮ ਮਾਨ ਸਿੰਘ ਨਹੀਂ ਸਗੋਂ ਮਹਾਂ ਸਿੰਘ ਹੈ।

ਸ੍ਰ. ਜਸਵੰਤ ਸਿੰਘ ਨੇ ਪੇਸ਼ਕਸ਼ ਕੀਤੀ ਕਿ ਜਦੋਂ ਸਕੂਲ ਬਿਲਡਿੰਗ ਦਾ ਨਕਸ਼ਾ ਬਣਵਾਣ ਦੀ ਲੋੜ ਪਵੇ ਤਾਂ ਉਸ ਨੂੰ ਕਹਿਣਾ, ਉਹ ਦਿੱਲੀ ਦੇ ਉੱਚਤਮ ਆਰਕੀਟੈਕਟ ਤੋਂ ਨਕਸ਼ਾ ਬਣਵਾ ਕੇ ਦੇਵੇਗਾ ਜੋ ਵਿਦੇਸ਼ਾਂ ਦੇ ਆਰਕੀਟੈਕਟਾਂ ਦੇ ਮੁਕਾਬਲੇ ਵਿਚ ਰਖਿਆ ਜਾ ਸਕੇਗਾ।

ਏਥੇ ਹੀ ਸ੍ਰ. ਜਸਵਿੰਦਰ ਸਿੰਘ ਸਕੂਰ ਬਸਤੀ ਵਾਲਾ ਮਿਲਿਆ। ਉਹ ਸ੍ਰ. ਹੰਸਪਾਲ ਨਾਲ ਦੇਸੀ ਸਾਲ ਦੀ ਨਵੀਂ ਡਾਇਰੀ ਬਾਰੇ ਸਲਾਹ ਮਸ਼ਵਰਾ ਕਰ ਰਹੇ ਸਨ। ਮਹਾਰਾਜ ਜੀ ਵਲੋਂ ਭੂਮਿਕਾ ਅਤੇ ਇਹ ਆਪਣੀ ਭੂਮਿਕਾ ਤਿਆਰ ਕਰਕੇ ਏਥੇ ਸੁਣਾਣ ਆਇਆ ਸੀ।

ਮੈਂ 10.10 ਤੇ ਸਵੇਰੇ ਪੂਸਾ ਰੋਡ ਕੋਠੀ ਵਿਖੇ ਗਿਆ ਤਾਂ ਰਾਵਲਾ ਸ਼ੇਰ ਸਿੰਘ ਨੇ ਦੱਸਿਆ ਕਿ ਅਜੇ ਤਾਂ ਜਹਾਜ਼ ਕਿਸੇ ਮਕੈਨੀਕਲ ਖਰਾਬੀ ਕਾਰਨ ਦਿੱਲੀਓਂ ਹੀ ਲੁਧਿਆਣੇ ਨਹੀਂ ਗਿਆ। ਪੂਰੀ ਗੱਲਬਾਤ ਦਾ ਪਤਾ 11 ਵਜੇ ਲਗੇਗਾ ਕਿ ਜਹਾਜ਼ ਜਾਂਦਾ ਵੀ ਹੈ ਜਾਂ ਨਹੀਂ। ਉਂਜ ਕੁਝ ਸਿੰਘ ਸਤਿਗੁਰੂ ਸੁਆਗਤ ਲਈ ਪਾਲਮ ਦੇ ਏਅਰ ਪੋਰਟ ਪਹੁੰਚੇ ਵੀ ਹੋਏ ਹਨ।

ਮੈਂ ਤਾਂ ਫਿਰ ਤੁਰ ਕੇ ਘਰ ਆ ਗਿਆ ਕਿ ਗੱਲ ਰਾਤ ਤੇ ਜਾ ਪਈ ਹੈ।

## 4 ਜਨਵਰੀ 1983, ਮੰਗਲਵਾਰ
## ਨਵੀਂ ਦਿੱਲੀ

### ਸਤਿਗੁਰੂ ਆ ਗਏ

ਅੰਦਾਜ਼ਾ ਸੀ ਕਿ ਰਾਤੀਂ ਸੌਂਦੇ ਪਾਤਸ਼ਾਹ ਦਿੱਲੀ ਆਪਣ ਹੀ ਪਏ ਹੋਣਗੇ ਅਤੇ ਅੱਜ ਆਸਾ ਦੀ ਵਾਰ ਦਾ ਕੀਰਤਨ ਰਮੇਸ਼ ਨਗਰ ਨਾਮਧਾਰੀ ਧਰਮਸਾਲਾ ਵਿਖੇ ਹੋ ਰਿਹਾ ਹੋਵੇਗਾ। ਮੈਂ 6 ਕੁ ਵਜੇ ਨਾਮਧਾਰੀ ਕਾਲੋਨੀ ਦੀ ਧਰਮਸਾਲਾ ਪਹੁੰਚ ਗਿਆ। ਸਤਿਗੁਰੂ ਜੀ ਦਾ ਆਸਣ ਪੱਛਮੀ ਦੀਵਾਰ ਦੇ ਕੋਲ ਕਰਕੇ ਵਿਛਿਆ ਹੋਇਆ ਸੀ ਅਤੇ ਆਪ ਜੀ ਇਕ ਦਿਲਰੁਬਾ ਵਜਾ ਰਹੇ ਸਨ। ਵਾਰ ਦਾ ਕੀਰਤਨ ਸ੍ਰੀ ਹਰਭਜਨ ਸਿੰਘ, ਗੁਰਦੇਵ ਸਿੰਘ, ਮੋਹਣ ਸਿੰਘ ਤੇ ਸੁਖਦੇਵ ਸਿੰਘ ਕਰ ਰਹੇ ਸਨ। ਨਾ ਪਤਾ ਹੁੰਦਿਆਂ ਵੀ ਧਰਮਸਾਲਾ ਹਾਲ ਵਿਚ ਕਾਫ਼ੀ ਰੌਣਕ ਸੀ।

Sri Satguru Jagjit Singh Ji Elibrary NamdhariElibrary@gmail.com

7.15 ਵਜੇ ਵਾਰ ਦੇ ਭੋਗ ਉਪ੍ਰੰਤ ਅਰਦਾਸ ਹੋਈ। ਉਪਰੰਤ ਸਤਿਗੁਰੂ ਜੀ ਨੇ ਮਾਈਕ ਸਨਮੁਖ ਕੀਤਾ ਤੇ ਕਿਰਪਾ ਕੀਤੀ ਕਿ ਦਿੱਲੀ ਦਾ ਹਰ ਵਿਅਕਤੀ ਇਕ ਘੰਟਾ ਨਾਮ ਸਿਮਰਨ ਜ਼ਰੂਰ ਕਰਿਆ ਕਰੇ। ਹਰ ਘਰ ਮਹੀਨੇ ਵਿਚ ਇਕ ਸਧਾਰਨ ਪਾਠ ਦਾ ਭੋਗ ਪੁਆਏ। ਜਿਨ੍ਹਾਂ ਸੋਧ ਰਖਣ ਦਾ ਬਚਨ (ਸਤਿਗੁਰੂ ਜੀ ਨੂੰ) ਦਿਤਾ ਸੀ ਉਹ ਤਾਂ ਰਖਦੇ ਹੀ ਹੋਣਗੇ, ਹੋਰ ਵੀ ਸੱਜਣ ਮਨ ਬਣਾਓ। ਬਸੰਤ ਦੇ ਦਿਨ ਸੋਧ ਰਖਣ ਵਾਲੇ ਸਰੀਰ ਅਗੇ ਆਉਣ। ਸਾਧ ਸੰਗਤ ਦਸਵੰਧ ਵਲ ਵੀ ਧਿਆਨ ਦੇਵੇ। ਖਰਚੇ ਵੀ ਵਧ ਗਏ ਹਨ, ਨਾਲ ਹੀ ਆਪ ਦੀ ਜ਼ਿਮੇਵਾਰੀ ਵੀ ਵਧ ਜਾਂਦੀ ਹੈ। ਹਰ ਕੋਈ ਯਥਾ ਸ਼ਕਤੀ ਦਸਵੰਧ ਕਢੇ।

ਹਾਕੀ ਦੀ ਟੀਮ ਦਾ ਜ਼ਿਕਰ ਕਰਦਿਆਂ ਸੱਚੇ ਪਾਤਸ਼ਾਹ ਜੀ ਨੇ ਦੱਸਿਆ ਕਿ ਸਾਡੀ ਟੀਮ ਹਰਿਆਣਾ ਸਟੇਟ ਵਲੋਂ ਜੂਨੀਅਰ ਨੈਸ਼ਨਲ ਵਾਸਤੇ ਮੁਕਾਬਲੇ ਹਿਤ ਚੁਣੀ ਗਈ ਹੈ। 12 ਨਾਮਧਾਰੀ ਬੱਚੇ ਤੇ 4 ਹੋਰ ਖੇਡ ਸਹਾਇਕ ਬੱਚੇ। ਇਹਨਾਂ ਬੱਚਿਆਂ, ਇਹਨਾਂ ਦੇ ਉਸਤਾਦਾਂ, ਕੋਚਾਂ ਅਤੇ ਪ੍ਰਬੰਧਕਾਂ ਉਤੇ ਮਾਸਿਕ ਖਰਚਾ 40-45000 ਰੁਪਿਆ ਆਉਣਾ ਹੈ। ਜੇ ਸਾਡੇ ਕੋਲੋਂ ਉਨਾਂ ਤੇ ਆਉਣ ਵਾਲਾ ਖਰਚਾ ਵੇਲੇ ਸਿਰ ਨ ਮਿਲੇ ਤਾਂ ਉਨਾਂ ਦੀ ਔਕੜ ਵੀ ਵਧਦੀ ਹੈ। ਸਾਰੇ ਹੀ ਉੱਦਮ ਕਰੋ। ਮੌਚਾ ਟਿਕਟ ਵਾਲੇ ਰੁਪਏ ਹੀ ਸਾਰੇ ਖਰਚੇ ਨਹੀ ਤੋਰ ਸਕਣਗੇ।

ਸਤਿਗੁਰੂ ਜੀ ਨੇ ਕਥਨ ਕਰਦਿਆਂ ਇਹ ਵੀ ਸਪਸ਼ਟ ਕੀਤਾ ਕਿ ਦਿੱਲੀ ਵਿਚ ਹੋਣ ਵਾਲਾ 22 ਜਨਵਰੀ ਦਾ ਮੇਲਾ ਹੁਣ 20 ਜਨਵਰੀ ਨੂੰ ਹੋਵੇਗਾ। ਸੋਧ ਰਖਣ ਵਾਲੇ ਅਤੇ ਹੋਰ ਸ਼ੁਭ ਕਾਰਜਾਂ ਵਾਲੇ ਉਸ ਦਿਨ ਵਾਸਤੇ ਮਨ ਬਣਾ ਕੇ ਆਉਣ।

ਸ਼ਹੀਦ ਬਿਸ਼ਨ ਸਿੰਘ ਸਕੂਲ ਬਾਰੇ ਵੀ ਸ੍ਰੀ ਸਤਿਗੁਰੂ ਜੀ ਨੇ ਚਰਚਾ ਕੀਤੀ ਕਿ ਇਹ ਕਾਰਜ ਵੀ ਸ੍ਰੀ ਸਤਿਗੁਰੂ ਜੀ ਆਪ ਹੀ ਕਰਵਾ ਰਹੇ ਹਨ। ਸਾਡੀ ਸ਼ਕਤੀਓਂ ਬਾਹਰ ਹੈ। ਸਕੂਲ ਜਾਰੀ ਹੈ। ਬੱਚੇ ਪੜ੍ਹ ਰਹੇ ਹਨ। ਕਿਨਾ ਸਾਰਾ ਕੁਝ ਹੋ ਗਿਆ ਹੈ। ਹੁਣ ਸੰਗਤ ਨੇ ਹੋਰ ਹਿੰਮਤ ਕੀਤੀ ਹੈ। ਦੋ ਏਕੜ ਜ਼ਮੀਨ ਖਰੀਦੀ ਗਈ ਹੈ। ਕਿਸੇ ਇਕੱਲੇ ਦਾ ਨਾਂ ਨਹੀ ਲੈਂਦੇ ਕਿ ਦੂਜੇ ਇਹ ਨ ਕਹਿਣ ਕਿ ਮੇਰਾ ਨਾਂ ਨਹੀ ਆਇਆ। ਪਰ ਜਿਨ੍ਹਾਂ-ਜਿਨ੍ਹਾਂ ਇਸ ਕਾਰਜ ਵਿਚ ਸਹਿਯੋਗ ਦਿਤਾ ਹੈ, ਸਭ ਦਾ ਹੀ ਧੰਨਵਾਦ। ਹੋਰ ਵਡੇਰੇ ਦੀ ਆਸ ਰੱਖੀ ਜਾਂਦੀ ਹੈ।

ਸਕੱਤਰ ਹਰਦੀਪ ਸਿੰਘ ਨੇ ਸੰਗਤ ਨੂੰ ਦੱਸਿਆ ਕਿ ਸ਼ਾਮ ਦਾ ਪ੍ਰੋਗਰਾਮ ਕੋਈ ਨਹੀ। ਅਤੇ ਜਿਨ੍ਹਾਂ ਨੇ ਆਪਣੇ ਵਿਆਹ ਬਸੰਤ ਪੰਚਮੀ ਉਤੇ ਕਰਵਾਣੇ ਹੋਣ ਉਹ 16 ਜਨਵਰੀ ਨੂੰ ਪ੍ਰਣਪਤ੍ਰ ਕਰਵਾ ਦੇਣ। ਬਸੰਤ ਦਾ ਮੇਲਾ 20 ਜਨਵਰੀ ਨੂੰ ਹੋਵੇਗਾ।

### ਤਰੀਕਾ ਨੇੜੇ ਕਰਨ ਦਾ

ਦੀਵਾਨ ਸਮਾਪਤ ਹੋ ਗਿਆ। ਉਠ ਕੇ ਤੁਰੇ ਤਾਂ ਦੀਨ ਦਿਆਲ ਜੀ ਨੇ ਨੇਤਰ ਮੇਰੇ ਨਾਲ ਮਿਲਾਏ। ਬਚਨ ਕੀਤਾ : ਮਨਧੀਰ ਸੁਖਬੀਰ ਹੁਰਾਂ ਨੂੰ ਸਤਿ ਸ੍ਰੀ ਅਕਾਲ ਕਹਿਣੀ। ਭਾਵ ਇਹ ਸੀ ਕਿ ਉਹ ਦੀਵਾਨ ਵਿਚ ਆਇਆ ਕਰਨ, ਕਿਉਂ ਨਹੀ ਆਏ !

ਸ੍ਰੀ ਸਤਿਗੁਰੂ ਜੀ ਦੇ ਕਿਸੇ ਅਮਲ ਵਿਚ ਕੋਈ ਕਾਹਲ ਨਹੀ ਸੀ। ਬਾਹਰ ਨਿਕਲੇ ਤਾਂ ਆਪ ਜੀ ਦੀ ਗੱਡੀ ਪਾਸ ਖਲੋਤੇ ਹੋਣ ਕਰਕੇ ਸੰਗਤ ਨੇ ਇਕ ਵਿਸ਼ਾਲ ਘੇਰਾ ਬਣਾ



Sri Satguru Jagjit Singh Ji Elibrary NamdhariElibrary@gmail.com

ਲਿਆ ਤੇ ਫਿਰ ਸਿੱਖਾਂ ਦੀ ਗਿਣਤੀ ਗੂੜ੍ਹੀ ਹੁੰਦੀ ਗਈ। ਇਕ ਦੋ ਸਰੀਰਾਂ ਨਾਲ ਬਚਨ ਕੀਤਾ, ਫਿਰ ਮੋਟਰ ਉੱਤੇ ਖਲੋ ਕੇ ਸੰਗਤ ਨੂੰ ਸੰਬੋਧਨ ਕੀਤਾ। ਸੰਖੇਪ ਵਿਚ ਆਪ ਜੀ ਦਾ ਕਥਨ ਸੀ ਕਿ ਉਸਾਰੀ ਉਤੇ, ਸੰਗੀਤ ਵਾਲਿਆਂ ਅਤੇ ਹਾਕੀ ਵਾਲਿਆਂ ਉੱਤੇ ਬਹੁਤ ਖਰਚ ਹੋ ਰਿਹਾ ਹੈ। ਹੁਣ ਸਾਧ ਸੰਗਤ ਕਿਰਪਾ ਕਰੇ। ਹਾਕੀ ਵਾਲਿਆਂ ਵਾਸਤੇ 20 ਸੂਟ ਚਾਹੀਦੇ ਹਨ। ਪ੍ਰਤੀ ਸੂਟ 300/- ਦਾ ਅੰਦਾਜ਼ਾ ਕਰ ਲਓ ਅਤੇ ਸਾਰੇ ਜਣੇ ਮੇਲ ਲਓ ਕਿ ਕਿਵੇਂ ਬੋਝੀ ਘਟਾ ਸਕਦਾ ਹੈ। ਜਣੇ-ਜਣੇ ਦੀ ਲਕੜੀ ਚਹੁੰ ਪਹਿਰਾਂ ਦਾ ਆਰਾਮ ਵਾਲੀ ਗੱਲ ਹੈ। ਸਾਧ ਸੰਗਤ ਉੱਦਮ ਕਰੇ।

ਥੋੜਾ ਕੁ ਚਿਰ ਠਹਿਰ ਕੇ ਫਿਰ ਆਪ ਹੀ ਫ਼ਰਮਾਇਆ : ਸਾਧ ਸੰਗਤ ਵਿਚ ਕਿਸ ਗੱਲ ਦਾ ਘਾਟਾ ਹੈ? ਸੁਖਦੇਵ ਸਿੰਘ ਬਾਲੀ ਨਗਰ ਨੇ 20 ਸੂਟਾਂ ਦਾ ਖਰਚ ਆਪਣੇ ਜ਼ਿੰਮੇ ਲੈ ਲਿਆ ਹੈ। ਸਾਧ ਸੰਗਤ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਏਨੇ ਚਿਰ ਵਿਚ ਕਿਸੇ ਤੋਂ ਸੁਣੀ ਹੋਈ ਗੱਲ ਸਤਿਗੁਰੂ ਜੀ ਨੇ ਦੁਹਰਾ ਦਿਤੀ। ਸੁਖਦੇਵ ਸਿੰਘ ਦੇ ਪਿਤਾ ਸੰਤ ਬਲਦੇਵ ਸਿੰਘ ਕਹਿੰਦੇ ਹਨ, ਕਿ ਇਹ ਤਾਂ ਸੌ ਸੈਂਕੜੇ ਹੀ ਮੰਗੇ ਜਾ ਰਹੇ ਹਨ, ਕੋਈ ਸਿਰ ਤਾਂ ਮੰਗੇ ਨਹੀ ਜਾ ਰਹੇ। ਸਤਿਗੁਰੂ ਦੇ ਸਿਖ ਤਾਂ ਬਚਨ ਅੱਗੇ ਸੀਸ ਦਾ ਮੁੱਲ ਵੀ ਕੁਝ ਨਹੀ ਸਮਝਦੇ। ਇਹ ਗੱਲ ਦਸਵੰਧ ਦੀ ਮੰਗ ਤੋਂ ਉਪਜੀ ਸੀ। ਸਿਰ ਨਹੀਂ ਮੰਗੇ ਜਾ ਰਹੇ, ਗੱਲ ਦਸਵੰਧ ਦੀ ਹੀ ਹੈ।

ਬੜੇ ਠਰੰਮੇ ਨਾਲ ਮੋਟਰ ਦੇ ਬੋਨਟ ਤੇ ਖਲੋ ਕੇ ਬਚਨ ਕੀਤੇ ਅਤੇ 7.30 ਵਜੇ ਪੂਸਾ ਰੋਡ ਨੂੰ ਪ੍ਰਸਥਾਨ ਹੋ ਗਿਆ।

10.15 ਵਜੇ ਤਕ ਮੈਂ ਵੀ ਕੋਠੀ ਪੂਸਾ ਰੋਡ ਪਹੁੰਚ ਗਿਆ। ਉਪਰਲੀ ਛੱਤੇ ਸ੍ਰੀ ਸਤਿਗੁਰੂ ਜੀ ਸੁੱਚਾ ਕੁਰਤਾ ਪਹਿਨੀ, ਕੇਸ ਪਿੱਛੇ ਵਲ ਕੀਤੀ, ਰੇਸ਼ਮੀ ਦਸਤਾਰ ਦਾ ਪੱਲੂ ਕੇਸਾਂ ਉੱਤੇ ਲਈ, ਪਊਏ ਪਾਈ, ਚੁਪ ਕੀਤੇ ਪ੍ਰਸ਼ਾਦ ਕਮਰੇ ਨੂੰ ਗਏ। ਇਸ ਸਮੇਂ ਟੈਰੇਸ ਤੇ ਸ੍ਰ. ਸੁਰਿੰਦਰ ਸਿੰਘ-ਦਰਸ਼ਨ ਸਿੰਘ ਹੋਟਲ ਰਾਜਿੰਦਰਾ ਵਾਲੇ ਸਮੇਤ ਪਤਨੀਆਂ ਇੰਤਜ਼ਾਰ ਵਿਚ ਸਨ। ਸੰਤ ਇੰਦਰ ਸਿੰਘ ਬਨਾਰਸ ਵਾਲਿਆਂ ਦਾ ਸਪੁੱਤਰ, ਨੂੰਹ ਤੇ ਸੁਪਤਨੀ ਵੀ ਦਰਸ਼ਨ ਯਾਚਕ ਸਨ। ਸ੍ਰ. ਰਾਮ ਰਤਨ ਸਿੰਘ ਉਨ੍ਹਾਂ ਦੀ ਪਤਨੀ, ਸੰਤ ਸੁੰਦਰ ਸਿੰਘ ਜੀ ਦਾ ਸੁਪੁੱਤਰ ਸ੍ਰ. ਹਰਚਰਨ ਸਿੰਘ ਸਲੂਜਾ ਡਾਲਟਨ ਗੰਜ (ਬਿਹਾਰ) ਅਤੇ ਹੋਰ ਕਾਫ਼ੀ ਸੰਗਤ ਦਰਸ਼ਨਾਂ ਦੀ ਤਲਬਗਾਰ ਸੀ। ਸ੍ਰ. ਹਰਜਿੰਦਰ ਸਿੰਘ ਹੰਸਪਾਲ, ਰਛਪਾਲ ਸਿੰਘ ਅਤੇ ਸੇਵਕਾਂ ਤੋਂ ਬਿਨਾਂ ਹੋਰ ਸਰੀਰ ਵੀ ਸਨ।

ਮੈਨੂੰ ਸਕੱਤਰ ਤਰਸੇਮ ਸਿੰਘ ਤੋਂ ਪਤਾ ਲਗਾ ਕਿ ਮੇਰੇ ਪਾਸ ਪਈ ਇਕ ਕੈਸਟ ਦੀ ਸ੍ਰੀ ਸਤਿਗੁਰੂ ਜੀ ਨੂੰ ਲੋੜ ਹੈ। ਸ੍ਰੀ ਰਾਗ ਦੀ ਇਹ ਕੈਸਟ ਭਾਈ ਪ੍ਰਤਾਪ ਸਿੰਘ ਦੇਵਿੰਦਰ ਪ੍ਰਤਾਪ ਸਿੰਘ ਹੁਰਾਂ ਦੀ ਸੀ ਸੋ ਮੈਂ ਉਹ ਕੈਸਟ ਲੈਣ ਘਰ ਨੂੰ ਚਲਾ ਗਿਆ।

### ਸਾਡੇ ਘਰ ਪੁਤਰ ਹੋਵੇ

ਮੁੜਕੇ ਆਉਂਦਿਆਂ ਨੂੰ ਸਤਿਗੁਰੂ ਜੀ ਪ੍ਰਸ਼ਾਦ ਛਕ ਕੇ, ਉਡੀਕਦੀ ਸੰਗਤ ਨੂੰ ਦਰਸ਼ਨ ਦੇ ਟੈਰਿਸ ਪਾਸ ਵਿਛੇ ਬਿਸਤਰੇ ਉੱਤੇ, ਧੁੱਪੇ ਲੱਕ ਸਿੱਧਾ ਕਰਨ ਹਿਤ ਲੰਮੇ ਪੈ ਗਏ। ਇਕ ਨਾਈਲੋਨ ਦਾ ਕੰਬਲ ਉੱਪਰ ਸੀ। ਥੋੜੇ ਚਿਰ ਬਾਅਦ ਹੀ ਸ੍ਰ. ਸੁਰਜੀਤ ਸਿੰਘ ਤੇ ਉਹਦੀ



Sri Satguru Jagjit Singh Ji Elibrary NamdhariElibrary@gmail.com

ਪਤਨੀ ਕੁਲਜੀਤ ਕੌਰ ਪੁਤਰ ਪ੍ਰਾਪਤੀ ਦੇ ਜਤਨਾਂ ਵਿਚ ਟੈਰੇਸ ਉਤੇ ਬਚਨ ਕਰਦੇ ਨਜ਼ਰ ਪਏ। ਇਹ ਜੋੜਾ ਕੈਨੇਡਾ ਦੇ ਸ਼ਹਿਰ ਵੈਨਕੋਵਰ ਤੋਂ ਆਇਆ ਹੋਇਆ ਸੀ। ਜਾਪਦਾ ਸੀ ਪੁਤਰ ਪ੍ਰਾਪਤੀ ਦੀ ਇੱਛਾ ਨਾਲ ਇਹ ਕਾਫ਼ੀ ਭਟਕ ਚੁੱਕੇ ਹਨ। ਸ੍ਰੀ ਸਤਿਗੁਰੂ ਜੀ ਨੇ ਗੁਰਬਾਣੀ ਦੁਆਰਾ, ਇਤਿਹਾਸ, ਮਿਥਿਹਾਸ ਦੀਆਂ ਘਟਨਾਵਾਂ ਦੁਆਰਾ ਪੁੱਤਰ ਦੀ ਲੋੜ, ਨਾ-ਲੋੜ ਉਤੇ ਬਿਆਨ ਕੀਤਾ ਅਤੇ ਗ੍ਰਿਸਤੀਆਂ ਨੂੰ ਪੁਤਰ ਦੀ ਲੋੜ ਕਿਵੇਂ ਰੜਕਦੀ ਰਹਿੰਦੀ ਏ ਦੀ ਚਰਚਾ ਕਰਦਿਆਂ ਬਚਨ ਕੀਤਾ, ਮੈ ਵੀ ਤੁਹਾਡੇ ਜਤਨਾਂ ਵਿਚ ਸਹਾਇਕ ਹੋ ਗਿਆ ਹਾਂ। ਪਰ ਜੇ ਕਰਮ ਕੋਈ ਸਾਥ ਨ ਦੇਣ ਤਾਂ ਮਨ ਨੂੰ ਅਡੋਲ ਰੱਖਣ ਦਾ ਅਭਿਆਸ ਤਾਂ ਕਰਦੇ ਹੀ ਰਹਿਣਾ ਚਾਹੀਦਾ ਹੈ। ਮੈ ਕੋਈ ਦਾਅਵਾ ਨਹੀ ਕਰਦਾ, ਸਾਡੀ ਤਾਂ ਸਤਿਗੁਰੂ ਪਾਸ ਅਰਜ਼ ਹੀ ਹੁੰਦੀ ਹੈ, ਜੇ ਪਰਵਾਨ ਹੋ ਜਾਏ ਤਾਂ ਵਾਹ ਭਲਾ, ਜੇ ਨਾ ਨੇਪਰੇ ਚੜ੍ਹੇ ਤਾਂ ਵੀ ਹਰੀ ਇੱਛਿਆ। ਨਾ ਬਹੁਤੀ ਖੁਸ਼ੀ, ਨਾ ਬਹੁਤਾ ਗ਼ਮ ! ਵਿਚ-ਵਿਚਾਲੇ ਦਾ ਰਸਤਾ ਹੀ ਅਡੋਲਤਾ ਨਾਲ ਵਾਸਤਾ ਰਖਦਾ ਹੈ।

ਜੋੜਾ ਜਦੋਂ ਉਠਿਆ, ਉਹਦੇ ਚਿਹਰੇ ਤੇ ਰੌਣਕ ਨਹੀ ਸੀ। ਸਤਿਗੁਰੂ ਜੀ ਪਾਸੋਂ ਉਹ ਪੂਰੀ ਤਰ੍ਹਾਂ "ਹਾਂ" ਲੈ ਕੇ ਖੁਸ਼ ਹੋਣਾ ਚਾਹੁੰਦੇ ਸਨ ਪਰ ਏਧਰ 'ਡੈਫ਼ਿਨਿਟ' ਦਾ ਬਚਨ ਨਹੀ ਸੀ ਮਿਲ ਰਿਹਾ।

## ਕਸੂਤੀ ਚਰਚਾ ਹਰ ਵਲਭ ਦੀ

ਏਨੇ ਚਿਰ ਨੂੰ ਗੁਰਦੇਵ ਸਿੰਘ ਸਰੋਦ, ਹਰਭਜਨ ਸਿੰਘ ਸਿਤਾਰ, ਸੂਬਾ ਸਤਨਾਮ ਸਿੰਘ ਜੀ ਆਦਿ ਕੁਝ ਹੋਰ ਸੱਜਣ ਆ ਗਏ। ਸਤਿਗੁਰੂ ਜੀ ਪਾਸ ਵਿਛੇ ਗ਼ਲੀਚੇ ਤੇ ਸ੍ਰ. ਹਰਵਿੰਦਰ ਸਿੰਘ ਹੰਸਪਾਲ ਸੰਤ ਪ੍ਰੀਤਮ ਸਿੰਘ ਕਾਲੀ ਨਗਰ, ਸ੍ਰ. ਸੁਲੱਖਣ ਸਿੰਘ ਮੈਂਬਰ ਦਿੱਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਪ੍ਰਿਥੀ ਸਿੰਘ ਗੌੜ ਆਦਿ ਬੈਠੇ ਸਨ। ਗੁਰਦੇਵ ਸਿੰਘ ਦੁਆਰਾ ਦਿਤਾ ਗਿਆ ਉਰਦੂ ਪ੍ਰਤਾਪ ਜਲੰਧਰ ਦਾ 27.12.82 ਦਾ ਪਰਚਾ ਪ੍ਰੀਤਮ ਸਿੰਘ ਕਾਲੀ ਨਗਰ ਨੇ ਸ੍ਰੀ ਸਤਿਗੁਰੂ ਜੀ ਨੂੰ ਪੜ੍ਹ ਕੇ ਸੁਣਾਇਆ। ਹਰ ਵਲਭ ਦੇ ਮੇਲੇ ਉਤੇ ਕਿਸੇ ਦਾ ਜ਼ਿਕ੍ਰ ਸੀ, ਉਸਤਾਦ ਅਮਜਦ ਅਲੀ ਦੀ ਵੀ ਇਹਦੇ ਵਿਚ ਚਰਚਾ ਸੀ ਕਿ ਉਨ੍ਹਾਂ 20,000/- ਆਪਣੀ ਫੀਸ ਲੈਕੇ ਹੀ ਸਟੇਜ ਤੇ ਕਦਮ ਧਰਿਆ। ਵਿਚਾਰ ਵਟਾਂਦਰਾ ਮੈ ਸੁਣ ਨਹੀ ਸਕਿਆ।

ਮੇਰੇ ਕੰਨੀ ਏਨੀ ਕੁ ਗੱਲ ਹੀ ਪਈ। ਹੰਸਪਾਲ ਨੇ ਕਿਹਾ : ਹੁਣ ਖਉਰੇ ਸਾਨੂੰ ਵੀ ਉਸਤਾਦ ਅਮਜਦ ਅਲੀ ਤੋਂ ਵੀ ਮਾਫ਼ੀ ਮੰਗਣੀ ਪਵੇ ! ਸਤਿਗੁਰੂ ਜੀ ਬਚਨ ਕੀਤਾ : ਦੇਣ ਵਾਲੇ ਨਾ ਔਕਣ ਥੱਕਣ ਆਲਾਂ ਤਾਂ ਮਾਫ਼ੀ ਮੰਗਦੇ ਹੀ ਰਹਿਣਾ ਹੈ। ਅਸੀ ਸਦਾ ਹੀ ਮਾਫ਼ੀ ਲਈ ਤਿਆਰ ਹਾਂ !

## ਗੱਲ ਹਾਕੀ ਟੀਮ ਦੀ

ਏਥੇ ਧੁੱਪ ਵਿਚ ਬੈਠਿਆਂ ਹੀ, ਨਾਮਧਾਰੀ ਹਾਕੀ ਟੀਮ ਦਾ ਮਿਨੇਜਰ ਸੰਤ ਗੁਰਮੁਖ ਸਿੰਘ ਰਹਿਪਰ ਇਕ ਜਾਕਟ ਲੈਕੇ ਆ ਗਿਆ। ਇਸ ਦੇ ਰੰਗ ਰੂਪ ਦੀ ਪਰਵਾਨਗੀ ਲੈਣੀ ਸੀ। ਜੂਨੀਅਰ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਵਿਚ ਮੁਕਾਬਲੇ ਲਈ ਉਤਰਨ ਸਮੇ ਕਪੜੇ



Sri Satguru Jagjit Singh Ji Elibrary NamdhariElibrary@gmail.com

ਦੀ ਰੋਟ ਦੇ ਸੁਆਲ ਦਾ ਪੱਧਰ ਕੈਸਾ ਹੋਵੇ ! ਸਤਿਗੁਰੂ ਜੀ ਨੇ ਹਲਕਾ ਬਦਾਮੀ ਰੰਗ ਪਰਵਾਨ ਕਰਕੇ, ਉਸਦੀ ਥੋੜਾ ਕੋਲਾ ਰੰਗ ਦੀ ਪੱਟੀ ਅਪਰਵਾਨ ਕਰ ਦਿਤੀ। ਇਹੋ ਰੰਗ ਪਰਵਾਨ ਕੀਤਾ। ਪੈਂਟ ਦੀ ਥਾਂ ਪਿੰਨੀ ਤਕ ਜ਼ਿਪ ਦਾਰ ਪਜਾਮਾ ਪਰਵਾਨਿਆ ਗਿਆ। ਜਾਕਟ ਦੇ ਕਾਲਰ ਵੀ ਨਹੀ ਲਗਾਣੇ ਚਾਹੀਦੇ, ਇਹ ਆਦੇਸ ਸੀ।

ਫਿਰ ਪਾਲਮ ਕਾਲੋਨੀ ਦੇ ਸਿੱਖਾਂ ਨੂੰ ਪਾਸ ਬੁਲਾਇਆ ਗਿਆ। ਸੰਤ ਸੋਹਣ ਸਿੰਘ, ਉਸਦਾ ਭਰਾ ਬਿਕ੍ਰਮ ਸਿੰਘ ਸਮੇਤ ਥੋੜਿਆਂ ਹਾਜ਼ਰ ਸਨ। ਸੋਹਣ ਸਿੰਘ ਦੇ ਲੜਕੇ ਸਤਨਾਮ ਸਿੰਘ, ਭਗਵਾਨ ਸਿੰਘ, ਰਾਮ ਸਿੰਘ, ਸੇਵਾ ਸਿੰਘ ਅਤੇ ਗੁਰਦਿਆਲ ਸਿੰਘ ਹਾਜ਼ਰ ਸਨ। ਸਤਿਗੁਰੂ ਜੀ ਨੇ ਇਹਨਾ ਨੂੰ ਪਿਆਰ ਹੀ ਦੇਣਾ ਸੀ। ਭਾਈ ਦਾ ਲੜਕਾ ਗੁਰਮੁਖ ਸਿੰਘ ਵੀ ਨਾਲ ਸੀ। ਸਵੇਰ ਇਥੇ ਕਿਸੇ ਸਿੱਖ ਉੱਤੇ ਨੀਲਾ ਕੰਬਲ ਲਿਆ ਹੋਇਆ ਸੀ, ਉਸਦਾ ਜ਼ਿਕਰ ਕਰਕੇ ਨੀਲੇ ਰੰਗ ਤੇ ਸੰਕੋਚ ਦੀ ਇਹਨਾ ਨੂੰ ਸਿਖਿਆ ਦਿਤੀ।

ਥੋੜੇ ਚਿਰ ਲਈ ਆਪ ਅੰਦਰ ਚਲੇ ਗਏ ਤਾਂ ਸ੍ਰ. ਸੇਵਾ ਸਿੰਘ ਨਾਮਧਾਰੀ ਏਐਸੀਜ਼, ਇਹਦੀ ਸੁਪਤਨੀ ਬੀਬੀ ਪਰਨਜੀਤ ਕੌਰ, ਤਣੇਵਾ ਸ੍ਰ. ਮੋਹਣ ਸਿੰਘ, ਸ੍ਰ. ਆਤਮਾ ਸਿੰਘ-ਲੀਲਾਵੰਤੀ ਦੀ ਯਾਦ ਸ੍ਰ. ਰਾਮ ਰਤਨ ਸਿੰਘ, ਇਹਨਾ ਦਾ ਲੜਕਾ ਗੁਰਮੁਖ ਸਿੰਘ ਤੇ ਇਕ ਹੋਰ ਲੜਕਾ ਦਰਸਨਾਂ ਨੂੰ ਆ ਗਏ।

## ਗੱਲਾਂ ਦਸਵੰਧ ਦੀਆਂ

8 ਵਜੇ ਤਕ ਸ੍ਰੀ ਸਤਿਗੁਰੂ ਜੀ ਦਾ ਧਿਆਨ ਦਸਵੰਧ ਦੀਆਂ ਲਿਸਟਾਂ ਵਲ ਦਿਵਾਇਆ ਗਿਆ। ਸ੍ਰ. ਹਰਵਿੰਦਰ ਸਿੰਘ ਨੇ ਆਪਣੇ ਸਕੱਤਰ ਹਰਪਾਲ ਸਿੰਘ ਨੂੰ ਦਿੱਲੀ ਦੀਆਂ ਫਹਿਰਿਸਤਾਂ ਲਿਆਉਣ ਲਈ ਕਿਹਾ ਸੀ, ਉਹ ਦੂਜੇ ਸ਼ਹਿਰਾਂ ਦੀਆਂ ਚੁਕ ਲਿਆਇਆ। ਸਤਿਗੁਰੂ ਜੀ ਦੀ ਇਛਾ ਹੈ ਕਿ ਸਮਾਜ ਵਿਚ ਦਸਵੰਧ ਦੀ ਬਾਕਾਇਦਗੀ ਨਾਲ ਅਦਾਇਗੀ ਪੰਥਕ ਉੱਨਤੀ ਦੇ ਪ੍ਰੋਗਰਾਮਾਂ ਵਿਚ ਸਹਾਇਕ ਹੋ ਸਕਦੀ ਹੈ। ਸਤਿਗੁਰੂ ਜੀ ਨੇ ਸ੍ਰ. ਹੰਸਪਾਲ ਨੂੰ ਕਿਹਾ ਕਿ ਇਕ ਦੌਰਾ ਦੂਜੇ ਸ਼ਹਿਰਾਂ ਦਾ ਕੇਵਲ ਦਸਵੰਧ ਦੀ ਬਾਕਾਇਦਗੀ ਹਿਤ ਹੀ ਲਾਇਆ ਜਾਏ। ਇਸ ਸਮੇ ਕੋਲ ਸੰਤ ਪ੍ਰੀਤਮ ਸਿੰਘ ਚਾਨੀ ਨਗਰ ਵੀ ਸੀ।

## ਸਿਮਰਤੀ ਮੰਦਰ ਦੀ ਉਸਾਰੀ

ਬਾਅਦ ਵਿਚ ਪ੍ਰੀਤਮ ਸਿੰਘ ਹੁਰਾਂ ਦੱਸਿਆ ਕਿ ਇਸ ਵਾਰ ਮੇਰੇ ਨਾਲ ਠੇਕੇਦਾਰ ਗੁਰਬਚਨ ਸਿੰਘ ਚਾਨੀ ਨਹੀ ਜਾ ਸਕੇ। ਮਕਰਾਨਾ (ਰਾਜਸਥਾਨ) ਵਿਖੇ। ਪ੍ਰੀਤਮ ਸਿੰਘ ਦਾ ਖਿਆਲ ਸੀ ਕਿ ਉਹ ਪੱਥਰ ਮਹਿੰਗਾ ਖਰੀਦੇ ਗਾ ਪਰ ਉਹਦੀ ਹੈਰਾਨੀ ਦੀ ਹਦ ਨ ਰਹੀ ਜਦੋਂ ਉਸਨੇ ਵਧੀਆ ਪੱਥਰ 54/- ਤੇ 64/- ਦੇ ਵਿਚਾਲੇ ਹੀ ਖਰੀਦ ਲਿਆ। ਇਕ ਟ੍ਰਕ ਦਾ ਭਾੜਾ ਭੈਣੀ ਸਾਹਿਬ ਮੰਦਰ ਲਈ ਲਿਆ ਹੈ। ਉਸ ਕਿਹਾ : ਮੇਰੀ ਭਜਨੱਠ ਤਾਂ 5-7 ਦਿਨ ਖੂਬ ਰਹੀ ਪਰ ਘਾਲ ਥਾਏਂ ਪਈ। ਮੇਰਾ ਸੰਘ ਹੁ ਬੈਠਾ ਲਗਦਾ ਏ, ਇਹ ਵੀ ਇਸ ਭੱਜ ਨੱਠ ਦਾ ਹੀ ਸਿੱਟਾ ਹੈ।



Sri Satguru Jagjit Singh Ji Elibrary NamdhariElibrary@gmail.com

ਪ੍ਰੀਤਮ ਸਿੰਘ ਨੇ ਕਿਹਾ: ਮਾਤਾ ਜੀ ਦਾ ਹੁਕਮ ਸੀ 1,50,000/- ਨਾਲ ਲੈ ਜਾਣਦਾ। ਲੋੜ ਪਵੇ ਤਾਂ ਘਰੋਂ ਵੀ ਨਾਲ ਲੈ ਜਾਵਾਂ। ਪਰ ਮਕਰਾਣੇ ਜਿਆਂ ਘਰੋਂ ਖਰਚ ਦੀ ਲੋੜ ਹੀ ਨ ਪਈ ਤੇ ਪੱਥਰ ਵੀ ਉਂਜ ਲੈਕੇ ਸਿਮਰਤੀ ਮੰਦਰ ਲਈ ਭੇਜ ਦਿਤਾ ਹੈ।

**ਭਲੇ ਬੁਰੇ ਹਮ ਥਾਰੇ।**

ਪੌਣੇ 3 ਵਜਦੇ ਨੂੰ ਸ੍ਰੀ ਸਤਿਗੁਰੂ ਜੀ ਕੇਸ ਸੁਕਾਣ ਦੀ ਗਰਜ਼ ਨਾਲ ਧੁਰ ਉਤਲੀ ਛੱਤੇ ਇਕ ਵਿਛੇ ਮੰਜੇ ਉੱਤੇ ਜਾ ਬੈਠੇ ਅਤੇ ਏਥੇ ਹੋਰ ਸਰੀਰ ਵੀ ਸਨ, ਜਿਵੇਂ ਸੇਵਕ ਬਲਦੇਵ ਸਿੰਘ, ਮਨਜਿੰਦਰ ਸਿੰਘ ਪਟਵਾਰੀ-ਪੁਤਰ, ਸੰਤ ਮਹਿੰਦਰ ਸਿੰਘ ਪੂਹਲਾ, ਸ੍ਰ. ਹਰਵਿੰਦਰ ਸਿੰਘ ਹੰਸਪਾਲ ਐਮ.ਪੀ., ਸੰਤ ਤਰਸੇਮ ਸਿੰਘ ਨਿੱਜੀ ਸਕੱਤਰ, ਸੰਤ ਸੇਵਾ ਸਿੰਘ ਨਾਮਧਾਰੀ ਟੈਲੀਸੀਬ। ਹਲਕੀ ਫੁਲਕੀ ਗੱਲਬਾਤ ਹੋ ਰਹੀ ਸੀ। ਸਤਿਗੁਰੂ ਜੀ ਘੜੀ ਪਲ ਨੂੰ ਪਾਲਮ ਏਅਰ ਪੋਰਟ ਤੇ ਜਾਣ ਵਾਲੇ ਸਨ, ਬੰਗਲੌਰ ਵਾਸਤੇ।

ਏਥੇ ਮਲੇਟੀਆ ਸ੍ਰ. ਜਾਗੀਰ ਸਿੰਘ ਆਪਣੇ ਜੁਆਨ ਲੜਕੇ ਨੂੰ ਨਾਲ ਲੈ ਚਰਨੀ ਆ ਲਗਾ। ਸਤਿਗੁਰੂ ਜੀ ਨੇ ਬੇਟੇ ਦੇ ਗਲ ਨੀਲੀ ਕੋਟੀ ਵੇਖਕੇ ਨੀਲ ਰੰਗ ਤੋਂ ਪਰਹੇਜ਼ ਕਰਨ ਦਾ ਵਿਚਾਰ ਦਿਤਾ। ਸ੍ਰ. ਜਾਗੀਰ ਸਿੰਘ ਪ੍ਰੇਮੀ ਸਿੰਘ ਹੈ, ਉਸਨੇ ਅਰਜ਼ ਕੀਤੀ ਕਿ ਇਸੇ ਵਾਸਤੇ ਬੱਚੇ ਨੂੰ ਸ਼ਰਨ ਵਿਚ ਲਿਆਇਆ ਹੈ ਕਿ ਬਣੇ ਸ਼ੁਧ ਰਹਿਤ-ਆਚਾਰ ਸਿੰਘ ਸਜਣ। ਸਤਿਗੁਰੂ ਜੀ ਨੇ ਬਾਕੀ ਬੱਚਿਆਂ ਨੂੰ ਮਿਲਣ ਦਾ ਮਨ ਵੀ ਦੱਸਿਆ।

ਥੋੜੇ ਚਿਰ ਪਿਛੋਂ ਰਾਜੌਰੀ ਗਾਰਡਨ ਵਾਲੇ ਸੰਤ ਜਸਵੰਤ ਸਿੰਘ ਆਪਣੇ ਜੁਆਤਰੇ ਸ੍ਰ. ਜਗਤਾਰ ਸਿੰਘ ਨੂੰ ਲੈ ਕੇ ਆ ਗਏ। ਸਤਿਗੁਰੂ ਜੀ ਨੇ ਸ੍ਰ. ਸੇਵਾ ਸਿੰਘ ਨੂੰ ਦੱਸਿਆ ਇਹ ਜਗਤਾਰ ਸਿੰਘ ਹੈ। ਗਿਆਨੀ ਜੀ ਦਾ ਜੁਆਈ ਹੈ। ਯੂ.ਕੇ. ਵਿਚ ਰਹਿੰਦਾ ਹੈ। ਬੜੇ ਵਧੀਆ ਸਿੰਘ ਸੋਹਣ ਸਿੰਘ ਲੁਹਾਰ ਪ੍ਰਤਾਪ ਪੁਰੇ ਦਾ ਪੁਤਰ ਹੈ। ਸੋਹਣ ਸਿੰਘ ਪਿਛਲੇ ਸਾਲ ਹਾਦਸੇ ਵਿਚ ਚੜ੍ਹਾਈ ਕਰ ਗਿਆ ਸੀ। ਸਤਿਗੁਰੂ ਜੀ ਨੇ ਜਗਤਾਰ ਸਿੰਘ ਸਾਊਥਾਲ, ਲੰਡਨ, ਬਾਰੇ ਦੱਸਿਆ ਹੀ ਸੀ ਕਿ ਸ੍ਰ. ਸੇਵਾ ਸਿੰਘ ਕਹਿਣ ਲਗੇ : ਸੱਚੇ ਪਾਤਸ਼ਾਹ, ਜਿਵੇਂ ਕਰਿਆਮ ਸਿੰਘ ਤੇ ਕਿਰਪਾ ਕੀਤੀ ਜੇ, ਸਾਰੇ ਸੇਵਕ ਤੇ ਕਰੋ। ਮੈਂ ਜਗਿਆਸਾ ਪਰਗਟ ਕੀਤੀ : ਇਹ ਕਰਿਆਮ ਸਿੰਘ ਕੌਣ ਹੈ? ਸੇਵਾ ਸਿੰਘ ਹੁਰਾਂ ਦੱਸਿਆ ਕਿ ਉਨ੍ਹਾਂ ਦੀ ਰਿਸ਼ਤੇਦਾਰੀ ਵਿਚ ਆਉਂਦਾ ਹੈ।

ਪਿਛਲੇ ਦਿਨੀ, ਸੇਵਾ ਸਿੰਘ ਹੁਰਾਂ ਨੇ ਦਸਿਆ, ਸਤਿਗੁਰੂ ਜੀ ਸੱਟਾਂ ਖਾਧੇ ਪਏ ਨੂੰ ਹਸਪਤਾਲ ਦਰਸ਼ਨ ਦੇ ਕੇ ਆਏ। ਮੈਨੂੰ ਮਹਾਰਾਜ ਜੀ ਨੇ ਆਖਿਆ, ਮੈਂ ਆਪਣੇ ਸੰਬੰਧੀ ਨੂੰ ਮਿਲ ਆਵਾਂ। ਸੰਬੰਧਤ ਹਸਪਤਾਲ ਵਿਚ ਗਿਆ ਸੀ। ਐਥੇ ਦੁਨੀਆਂ ਹੀ ਬਦਲੀ ਪਈ ਸੀ। ਕਰਿਆਮ ਸਿੰਘ ਨੇ ਮੈਨੂੰ ਦੱਸਿਆ ਕਿ ਸਤਿਗੁਰੂ ਜੀ ਨੇ ਜਦੋਂ ਮੈਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ ਤਾਂ ਕਹਿਣ ਲਗੇ : ਕਰਿਆਮ ! ਬੜਾ ਅਫ਼ਸੋਸ ਹੋਇਆ ਕਿ ਹਾਦਸਾ ਹੋ ਜਾਣ ਨਾਲ ਇਕ ਦੀ ਤਾਂ ਜਾਨ ਹੀ ਗਈ, ਪਰ ਤੁਸਾਂ ਬਹੁਤ ਸਾਰਿਆਂ ਦੀਆਂ ਹੱਡੀਆਂ ਟੁੱਟ ਗਈਆਂ। ਪਰ ਮੈਨੂੰ ਤਾਂ ਸਤਿਗੁਰਾਂ ਜਵਾਂ ਤਕ ਨਿਹਾਲ ਦਿਤਾ ਸੀ। ਮੈਂ ਅਰਜ਼ ਕੀਤੀ : ਸੱਚੇ ਪਾਤਸ਼ਾਹ, ਮੈਨੂੰ ਤਾਂ ਇਸ ਹਾਦਸੇ ਨਾਲ ਖੁਸ਼ੀ ਹੋਈ ਹੈ। ਛੱਤੀ ਸਾਲ ਲਗਾਤਾਰ ਨਿੰਦਾ ਕਰਨ ਵਾਲੇ ਨੂੰ, ਆਪ ਨੇ ਆਕੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜੇ



Sri Satguru Jagjit Singh Ji Elibrary NamdhariElibrary@gmail.com

ਇਹ ਹਾਦਸਾ ਨਾ ਹੁੰਦਾ ਤਾਂ ਪਤਾ ਨਹੀਂ ਇਹ ਚੌਂਕਰ ਮੁੱਕਦਾ ਵੀ ਕਿ ਨਾ। ਇਸ ਹਾਦਸੇ ਨੇ ਆਪ ਜੀ ਦੇ ਦਰਸ਼ਨਾਂ ਦਾ ਅਵਸਰ ਪਰਦਾਨ ਕਰ ਦਿਤਾ। ਮੇਰੇ ਧੰਨ ਭਾਗ ਹਨ।

ਸੰਤ ਸੇਵਾ ਸਿੰਘ ਨੇ ਦਸਿਆ ਕਿ ਸਤਿਗੁਰੂ ਜੀ ਨੇ ਬੜੀ ਕਿਰਪਾ ਕੀਤੀ ਹੈ ਵਰਿਆਮ ਸਿੰਘ ਨੂੰ ਗੁਰ ਨਿੰਦਾ ਦੇ ਨਰਕ ਵਿਚੋਂ ਹੱਥ ਦੇ ਕੇ ਬਚਾਅ ਲਿਆ ਹੈ।

**ਚਲੇ ਬੈਂਗਲੋਰ ਨੂੰ**

ਅਤੇ ਛੇਤੀ ਹੀ ਸੇਵਕ ਬਲਦੇਵ ਸਿੰਘ ਨੇ ਸਤਿਗੁਰੂ ਜੀ ਦੇ ਕੰਨ ਕੋਲ ਆ ਕਿਹਾ : ਗੱਡੀਆਂ ਤਿਆਰ ਹਨ ਜੀ ! ਅਤੇ ਅਗਲੇ 10 ਮਿੰਟਾਂ ਬਆਦ, ਘਰ ਦੇ ਮੈਂਬਰਾਂ ਬਿਨਾ ਕੋਈ ਬੰਦਾ ਵੀ ਨ ਰਿਹਾ।

ਜਾਣ ਤੋਂ ਪਹਿਲੇਂ ਮੈਂ ਸੰਤ ਤਰਸੇਮ ਸਿੰਘ ਨੂੰ ਪੁਛਿਆ : ਸੱਚੇ ਪਾਤਸ਼ਾਹ, ਕਿੰਨੇ ਕੁ ਦਿਨ ਬੈਂਗਲੋਰ ਫਾਰਮ ਤੇ ਰਹਿਣਗੇ ?

"18 ਤਾਰੀਖ ਨੂੰ (18.1.1983) ਵਾਪਸ ਆ ਜਾਣਾ ਹੈ !"

"ਤੁਸੀਂ ਵੀ ਨਾਲ ਜਾ ਰਹੇ ਹੋ ?"

"ਹਾਂ, ਮੈਨੂੰ ਵੀ ਆਗਿਆ ਹੈ।"

ਪੁਰਬਾ ਤੋਂ ਪਤਾ ਲਗਾ ਕਿ ਸਤਿਗੁਰੂ ਜੀ 2.25 ਵਜੇ ਸ਼ਾਮੀ ਕਾਰ ਦੁਆਰਾ ਦਿੱਲੀ ਆਏ ਹਨ।

## 5 ਜਨਵਰੀ 1983, ਬੁੱਧਵਾਰ
## ਨਵੀਂ ਦਿੱਲੀ

**ਬੀਬੀ ਜਸਮੀਤ ਕੌਰ ਕਲਕੱਤਾ**

ਕੱਲ੍ਹ ਦੇ ਮਿਲੇ ਸੁਨੇਹੇ ਮੁਤਾਬਕ ਬੀਬੀ ਜਸਮੀਤ ਕੌਰ ਸੁਪਤਨੀ ਸ. ਮਨਜੀਤ ਸਿੰਘ ਕਲਕੱਤੇ ਵਾਲਿਆਂ ਨੂੰ ਮਿਲਣ ਮੈਂ C-231 ਪਟੇਲ ਨਗਰ ਵਿਚ ਜਾਕੇ 10 ਵਜੇ ਮਿਲਿਆ। ਇਸ ਨੇ ਸਾਡੀ ਕਲਕਤੇ ਵਿਚ ਬਹੁਤ ਸੇਵਾ ਕੀਤੀ ਸੀ। ਇਹ ਬੀਬੀ ਸਤਿਗੁਰੂ ਜੀ ਦੀ ਭਾਵਨਾ ਭਰਪੂਰ ਸੇਵਕਾ ਹੈ। ਉਹ ਹਫਤੇ ਭਰ ਦੀ ਏਥੇ ਆਈ ਹੋਈ ਹੈ। ਇਹ ਵੀ ਸ. ਗੁਰਚਰਨ ਸਿੰਘ ਚੰਨਾ ਦੀ ਰਿਸ਼ਤੇਦਾਰ ਹੋਣ ਕਰਕੇ ਉਹਦੇ ਭੋਗ ਸਮੇ 25.12.1982 ਨੂੰ ਸਰਸੇ ਗਈ ਸੀ ਅਤੇ ਵਰਿਆਮ ਸਿੰਘ ਹੁਰਾਂ ਨਾਲ ਵਾਪਰੇ ਹਾਦਸੇ ਸਮੇ ਮਿਰਤੂ ਪ੍ਰਾਪਤ ਸ. ਹਰਬੰਸ ਸਿੰਘ ਇਸਦਾ ਕੁੜਮ ਸੀ ਅਤੇ ਸ. ਹਰਬੰਸ ਸਿੰਘ ਦਾ ਭੋਗ ਰਾਜਿੰਦਰ ਨਗਰ, ਨਵੀਂ ਦਿੱਲੀ ਵਿਖੇ 28.12.82 ਨੂੰ ਪਿਆ ਸੀ।

ਬੀਬੀ ਜਸਮੀਤ ਨੂੰ ਖੋਪਰੀ ਦੇ ਉਤਲੇ ਹਿੱਸੇ ਵਿਚ ਬੜੀ ਸਖਤ ਕਿਸਮ ਦੀ ਸਿਰ ਦਰਦ ਰਹਿੰਦੀ ਹੈ ਅਤੇ ਹਾਰਟ ਟ੍ਰਬਲ ਵੀ ਸੀ, ਲਹੂ ਵੀ ਨਵਾਂ ਨਹੀਂ ਸੀ ਬਣ ਰਿਹਾ। ਡਾਕਟਰਾਂ ਵਲੋਂ ਤਾਂ ਪਹਿਲਾਂ ਹੀ ਜਿੰਮਾ ਸੀ ਪਰ ਪਿਛਲੇ ਮਹੀਨੇ ਨੈਚਰੋਪੈਥੀ ਦੇ ਹਸਪਤਾਲ ਬੈਂਗਲੋਰ ਵੀ ਜਾ ਆਈ ਹੈ। ਬੀਬੀ ਇਸ ਨੂੰ ਪਿਛਲੇ ਜਨਮਾਂ ਦਾ ਕਰਮ ਰੋਗ ਹੀ ਸਮਝਦੀ ਹੈ।



Sri Satguru Jagjit Singh Ji Elibrary NamdhariElibrary@gmail.com

ਬੀਬੀ ਨੇ ਦੱਸਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਵੀ ਉਸ ਹਸਪਤਾਲ ਵਿਚ ਦਰਸ਼ਨ ਦੇਣ ਦੀ ਕਿਰਪਾ ਕਰਨ ਆਏ ਸਨ।

ਹੁਣ ਬੀਬੀ ਏਥੇ ਦਿੱਲੀ ਵਿਚ ਅਖੰਡ ਪਾਠ ਕਰਵਾਣਾ ਚਾਹੁੰਦੀ ਸੀ। ਆਉਂਦੇ ਸ਼ੁਕਰਵਾਰ ਨੂੰ ਸ਼ੁਰੂ ਕਰਕੇ ਐਤਵਾਰ ਨੂੰ ਭੋਗ ਪੁਆਏਗੀ। ਬੀਬੀ ਨੇ ਆਪਣੇ ਨਾਨਾ ਸ੍ਰ. ਲਾਭ ਸਿੰਘ ਜੀ ਬਾਰੇ ਦੱਸਿਆ ਕਿ ਉਹ ਬਹੁਤ ਵਧੀਆ ਸਿੰਘ ਸਨ। ਉਹਨਾਂ ਦਾ ਦਿਨ ਅਤੇ ਰਾਤ ਭਜਨ ਕਰਦਿਆਂ ਹੀ ਬੀਤਦਾ। ਉਹਨਾਂ ਦਾ ਅੰਮ੍ਰਿਤ ਵੇਲੇ ਦਾ ਇਸ਼ਨਾਨ ਨਿਰਵਿਘਨ ਜਾਰੀ ਰਿਹਾ। ਮੈਨੂੰ ਭਾਵੇਂ ਉਨ੍ਹਾਂ ਦੇ ਦਰਸ਼ਨ ਮੇਰੇ ਵਿਆਹ ਸਮੇਂ ਹੀ ਹੋਏ ਸਨ ਪਰ ਉਨ੍ਹਾਂ ਦਾ ਦੈਵੀ ਪ੍ਰਭਾਵ ਅਜੇ ਤਕ ਵੀ ਮੇਰੇ ਦੁਆਲੇ ਰਹਿੰਦਾ ਹੈ। ਏਥੇ ਮੈਂ ਇਕ ਬੀਬੀ ਸੁਰਜੀਤ ਕੌਰ ਵੀ ਵੇਖੀ ਜਿਸਨੇ ਸੰਤ ਲਾਭ ਸਿੰਘ ਜੀ ਦੀ ਸੇਵਾ ਪਟੇਲ ਨਗਰ ਵਿਖੇ, [illegible] ਘਰ ਕੀਤੀ ਸੀ।

### ਪ੍ਰੀਤਮ ਸਿੰਘ ਰੰਗ ਰੂਟ ਨਹੀ ਰਿਹਾ

ਕੌਂਸਲ ਸਕੱਤਰ ਤਰਸੇਮ ਸਿੰਘ ਨੇ ਸੂਚਨਾ ਦਿਤੀ ਸੀ ਕਿ 3.1.1983 ਨੂੰ 4 ਵਜੇ ਤੜ੍ਹਕੇ ਵੇਲੇ ਪ੍ਰੀਤਮ ਸਿੰਘ ਰੰਗ ਰੂਟ ਸ੍ਰੀ ਭੈਣੀ ਸਾਹਿਬ ਵਿਖੇ ਸਰੀਰ ਤਿਆਗ ਗਿਆ ਹੈ। ਇਹ ਸੱਜਣ 80 ਸਾਲ ਤੋਂ ਵੱਧ ਉਮਰ ਦਾ ਸੀ ਅਤੇ ਇਸਨੇ ਜ਼ਿੰਦਗੀ ਭਰ ਗੁਰੂ ਘਰ ਦੀ ਸੇਵਾ ਕੀਤੀ ਸੀ।

## 7 ਜਨਵਰੀ 1983, ਸ਼ੁਕਰਵਾਰ
## ਨਵੀਂ ਦਿੱਲੀ

### 'ਇਸ ਮਹੀਨੇ ਦੇ ਸ਼ਹੀਦ'

ਅੱਜ ਦੇ 'ਪੰਜਾਬੀ ਟ੍ਰਿਬਿਊਨ' ਨੇ ਉਪਰੋਕਤ ਸਿਰ ਲੇਖ ਨਾਲ ਜਿਥੇ ਸ਼ਹੀਦ ਕਿਸ਼ਨ ਸਿੰਘ ਖੁਰਦਪੁਰ ਅਤੇ ਸੇਵਾ ਸਿੰਘ ਦਾ ਜ਼ਿਕਰ ਛਾਪਿਆ, ਓਥੇ ਨਾਮਧਾਰੀ ਸ਼ਹੀਦ ਸ੍ਰ. ਹੀਰਾ ਸਿੰਘ ਸਕਰੌਦੀ, ਦੇ ਜੀਵਨ ਦਾ ਵੀ ਬਿਆਨ ਕੀਤਾ। ਲੇਖਕ ਸ੍ਰ. ਮਦਨ ਸਿੰਘ ਕਪੂਰ ਦਾ ਇਹ ਉਦਮ ਸੀ। ਲੇਖਕ ਨੇ ਸਮੇਂ ਤੇ ਕ੍ਰਮ ਅਨੁਸਾਰ ਸ਼ਹੀਦ ਲਿਖੇ ਹੁੰਦੇ ਤਾਂ ਨਾਮਧਾਰੀ ਸ਼ਹੀਦ ਦਾ ਸਬਦ ਪਹਿਲੇ ਨੰਬਰ ਤੇ ਆਉਂਦਾ ਤਾਂ ਵੀ ਲੇਖਕ ਨੇ ਨਾਮਧਾਰੀ ਸ਼ਹੀਦ ਨੂੰ ਯਾਦ ਤਾਂ ਕੀਤਾ। ਇਹ ਲੇਖ ਅਖਬਾਰ ਦੇ ਪੰਜਵੇਂ ਪੇਜ ਦਾ ਹੇਠਲਾ ਅੱਧ ਸਿਰੇ ਨਾਲ ਸੰਬੰਧਤ ਸੀ।

ਸ੍ਰ. ਮਦਨ ਸਿੰਘ ਕਪੂਰ ਦੇ ਵਿਚਾਰਾਂ ਨੂੰ ਸੰਭਾਲਣ ਲਿਤ ਏਥੇ ਜਿਉਂ ਦਾ ਤਿਉਂ ਦਿੰਦਾ ਹਾਂ।

### ਹੀਰਾ ਸਿੰਘ ਨਾਮਧਾਰੀ

ਹੀਰਾ ਸਿੰਘ ਸਕਰੌਦੀ, ਜ਼ਿਲਾ ਸੰਗਰੂਰ (ਸਾਬਕਾ ਰਿਆਸਤ ਪਟਿਆਲਾ), ਵਿਖੇ ਸ. ਕਾਹਨ ਸਿੰਘ ਦੇ ਘਰ ਪੈਦਾ ਹੋਇਆ। ਹੀਰਾ ਸਿੰਘ ਬਾਬਾ ਰਾਮ ਸਿੰਘ ਭੈਣੀ ਵਾਲਿਆਂ ਦਾ ਸ਼ਰਧਾਲੂ ਸੀ। ਜਨਵਰੀ 1872 ਦੇ ਦੂਸਰੇ ਹਫਤੇ ਭੈਣੀ ਵਿਖੇ ਨਾਮਧਾਰੀਆਂ ਦਾ ਇਕੱਠ ਸੀ।



Sri Satguru Jagjit Singh Ji Elibrary NamdhariElibrary@gmail.com

ਝਰਵਾਹੀ ਪਿੰਡ ਦਾ ਨੰਬਰਦਾਰ ਗੁਰਮੁਖ ਸਿੰਘ ਮਲੇਰਕੋਟਲੇ ਵਿਚਦੀ ਲੰਘ ਕੇ ਜਾ ਰਿਹਾ ਸੀ ਕਿ ਉਸਨੇ ਇਕ ਮੁਸਲਮਾਨ, ਬਲਦ ਉੱਤੇ ਬਹੁਤ ਸਾਰਾ ਸਾਮਾਨ ਲੱਦੀ ਅਤੇ ਆਪ ਵੀ ਉੱਤੇ ਬੈਠਾ ਦੇਖਿਆ, ਗੁਰਮੁਖ ਸਿੰਘ ਨੇ ਉਸ ਮੁਸਲਮਾਨ ਨੂੰ ਕਹਿ ਦਿੱਤਾ ਕਿ ਬਲਦ ਬਹੁਤ ਦੁਖੀ ਹੈ ਜੇ ਤੂੰ ਉਤਰ ਜਾਵੇਂ ਤਾਂ ਇਸ ਨੂੰ ਕੁਝ ਸੁੱਖ ਹੋ ਜਾਵੇ। ਤੇ ਬਸ ਇਤਨੀ ਹੀ ਗੱਲ ਤੇ ਝਗੜਾ ਹੋ ਗਿਆ ਤੇ ਉਹ ਮੁਸਲਮਾਨ ਗੁਰਮੁਖ ਸਿੰਘ ਨੂੰ ਥਾਣੇ ਲੈ ਗਿਆ ਜਿਥੇ ਸਿੰਘ ਦੀ ਬਹੁਤ ਬੇਇਜ਼ਤੀ ਕੀਤੀ ਗਈ ਅਤੇ ਉਸਦੇ ਧਾਰਮਕ ਜਜ਼ਬਾਤ ਤੇ ਸੱਟ ਮਾਰਨ ਲਈ ਉਸ ਬਲਦ ਨੂੰ ਉਸਦੇ ਸਾਹਮਣੇ ਕਤਲ ਕੀਤਾ ਗਿਆ। ਗੁਰਮੁਖ ਸਿੰਘ ਨੇ ਇਹ ਗੱਲ ਭੈਣੀ ਜੋੜ ਮੇਲੇ ਤੇ ਜਾ ਕੇ ਦੱਸੀ ਤਾਂ ਸਾਰਿਆਂ ਨੇ ਕਿਹਾ ਕਿ ਇਹ ਘਟਨਾ ਸਾਰੇ ਨਾਮਧਾਰੀਆਂ ਦੇ ਜਜ਼ਬਾਤ ਨੂੰ ਠੇਸ ਪਹੁੰਚਾਂਦੀ ਹੈ। ਇਸ ਦਾ ਬਦਲਾ ਲਿਆ ਜਾਵੇ। ਹੀਰਾ ਸਿੰਘ ਨੇ ਆਪਣੇ ਸਾਥੀਆਂ ਨੂੰ ਲਲਕਾਰ ਕੇ ਕਿਹਾ ਕਿ ਮਲੇਰਕੋਟਲੇ ਦੇ ਬੁੱਚੜਾਂ ਤੋਂ ਬਦਲਾ ਲੈਣਾ ਹੈ। ਜਿਹੜੇ ਸ਼ਹੀਦੀਆਂ ਪਾਉਣ ਨੂੰ ਤਿਆਰ ਹੋਣ, ਰਲ ਪੈਣ। ਬਾਬਾ ਰਾਮ ਸਿੰਘ ਜੀ ਨੇ ਹੀਰਾ ਸਿੰਘ ਤੇ ਉਸਦੇ ਸਾਥੀਆਂ ਨੂੰ ਰੋਕਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹ ਨਾ ਰੁਕੇ। ਬਾਬਾ ਰਾਮ ਸਿੰਘ ਜੀ ਨੇ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਸੂਚਨਾ ਘੱਲ ਦਿੱਤੀ ਪਰ ਡੀ.ਸੀ. ਨੇ ਕੋਈ ਪ੍ਰਵਾਹ ਨਾ ਕੀਤੀ, ਕਿਉਂਕਿ ਓਹ ਤਾਂ ਚਾਹੁੰਦਾ ਸੀ ਕਿ ਕੋਈ ਘਟਨਾ ਵਾਪਰੇ ਤੇ ਨਾਮਧਾਰੀਆਂ ਵਿਰੁਧ ਐਕਸ਼ਨ ਲੈਣ ਦਾ ਬਹਾਨਾ ਮਿਲ ਜਾਵੇ।

14 ਜਨਵਰੀ 1872 ਨੂੰ ਹੀਰਾ ਸਿੰਘ ਆਪਣੇ ਜਥੇ ਨੂੰ ਲੈ ਕੇ ਪਹਿਲਾਂ ਮਲੌਦ ਦੇ ਸਰਦਾਰ ਬਦਨ ਸਿੰਘ ਨੂੰ ਮਿਲਿਆ ਤੇ ਉਸ ਤੋਂ ਹਥਿਆਰ ਮੰਗੇ ਜਿਸ ਦਾ ਉਸ ਨੇ ਕਈ ਵਾਰ ਭਰੋਸਾ ਦਵਾਇਆ ਹੋਇਆ ਸੀ। ਸ. ਬਦਨ ਸਿੰਘ ਹਥਿਆਰ ਦੇਣ ਤੋਂ ਮੁੱਕਰ ਗਿਆ, ਦੋਹਾਂ ਪਾਸਿਆਂ ਵਿਚ ਝੜਪ ਹੋ ਗਈ ਤੇ ਦੋਹਾਂ ਧਿਰਾਂ ਦੇ ਦੋ ਦੋ ਆਦਮੀ ਮਾਰੇ ਗਏ ਅਤੇ ਸਰਦਾਰ ਬਦਨ ਸਿੰਘ ਜ਼ਖਮੀ ਹੋ ਗਿਆ।

15 ਜਨਵਰੀ 1872 ਨੂੰ ਹੀਰਾ ਸਿੰਘ ਦੀ ਅਗਵਾਈ ਹੇਠ ਜਥੇ ਨੇ ਬੁੱਚੜਾਂ ਦੇ ਘਰਾਂ ਤੇ ਹਮਲਾ ਕਰ ਦਿੱਤਾ। ਪੁਲੀਸ ਤੇ ਫੌਜ ਪਹਿਲਾਂ ਹੀ ਤਿਆਰ ਖੜ੍ਹੀ ਸੀ, ਦੋਹਾਂ ਧਿਰਾਂ ਦੀ ਹਥਿਆਰਬੰਦ ਟੱਕਰ ਹੋਈ। ਨਾਮਧਾਰੀਆਂ ਦੇ ਸੱਤ ਆਦਮੀ ਸ਼ਹੀਦ ਅਤੇ ਦੋ ਫੱਟੜ ਹੋਏ ਜਦ ਕਿ ਮਲੇਰਕੋਟਲੇ ਦੀ ਫੌਜ ਤੇ ਪੁਲੀਸ ਦੇ ਅੱਠ ਆਦਮੀ ਮਾਰੇ ਗਏ ਅਤੇ ਚਾਰ ਫਟੜ ਹੋਏ। ਮਲੇਰਕੋਟਲੇ ਦੇ ਸਿਪਾਹੀ ਭੱਜ ਗਏ ਤੇ ਨਾਮਧਾਰੀਆਂ ਦਾ ਜਥਾ ਆਪਣੇ ਫੱਟੜਾਂ ਨੂੰ ਲੈ ਕੇ ਸ਼ਹਿਰ ਤੋਂ ਬਾਹਰ ਆ ਗਿਆ।

ਇਕ ਪਠਾਣ ਸਮੁੰਦ ਖਾਂ ਨੇ, ਜੋ ਨਾਮਧਾਰੀਆਂ ਨਾਲ ਮੁਕਾਬਲੇ ਵਿਚ ਪਛੜ ਗਿਆ ਸੀ, ਆਪਣੇ ਸਾਥੀਆਂ ਨੂੰ ਨਾਲ ਲੈ ਕੇ ਨਾਮਧਾਰੀਆਂ ਦੇ ਜਥੇ ਨੂੰ ਸ਼ਹਿਰ ਤੋਂ ਬਾਹਰ ਜਾ ਘੇਰਿਆ ਜਿਸ ਦੀ ਹੀਰਾ ਸਿੰਘ ਨਾਲ ਆਹਮੋ ਸਾਹਮਣੇ ਟੱਕਰ ਹੋ ਗਈ। ਦੋਹਾਂ ਦੀ ਲੜਾਈ ਵਿਚ ਹੀਰਾ ਸਿੰਘ ਦਾ ਹੱਥ ਵੱਢਿਆ ਗਿਆ ਤੇ ਹੀਰਾ ਸਿੰਘ ਨੇ ਸਮੁੰਦ ਖਾਂ ਦਾ ਸਿਰ ਧੜ ਤੋਂ ਅੱਡ ਕਰ ਦਿੱਤਾ।

ਰਿਆਸਤ ਪਟਿਆਲਾ, ਨਾਭਾ, ਜੀਂਦ ਦੀਆਂ ਫੌਜਾਂ ਪਹੁੰਚ ਗਈਆਂ। ਨਾਮਧਾਰੀ ਜਥੇ ਨੇ ਆਤਮ ਸਮਰਪਨ ਕਰਨਾ ਮੰਨ ਲਿਆ ਤੇ ਉਹਨਾਂ ਨੂੰ ਅਮਰਗੜ੍ਹ ਦੇ ਕਿਲੇ ਵਿਚ ਕੈਦ ਕਰ ਦਿੱਤਾ ਗਿਆ।



Sri Satguru Jagjit Singh Ji Elibrary NamdhariElibrary@gmail.com

16 ਜਨਵਰੀ 1872 ਨੂੰ 66 ਨਾਮਧਾਰੀ ਅਤੇ ਦੋ ਇਸਤਰੀਆਂ ਨੂੰ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਕਾਵਨ ਦੇ ਪੇਸ਼ ਕੀਤਾ ਗਿਆ।

17 ਜਨਵਰੀ 1872 ਨੂੰ ਸਵੇਰੇ 7 ਵਜੇ 49 ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾ ਦਿਤਾ ਤੇ ਇਕ 12 ਸਾਲ ਦੇ ਬੱਚੇ ਨੂੰ ਤਲਵਾਰ ਨਾਲ ਕਤਲ ਕਰ ਦਿੱਤਾ। ਦੂਸਰੇ ਦਿਨ ਬਾਕੀ ਰਹਿੰਦੇ 16 ਨਾਮਧਾਰੀਆਂ ਨੂੰ ਵੀ ਸ਼ਹੀਦ ਕਰ ਦਿੱਤਾ।

ਦੋਵੇਂ ਇਸਤਰੀਆਂ ਨੂੰ ਰਿਆਸਤ ਪਟਿਆਲਾ ਦੇ ਸਪੁਰਦ ਕਰ ਦਿਤਾ। ਇਸ ਪ੍ਰਕਾਰ ਇਹ ਸੂਰਬੀਰ ਹੀਰਾ ਸਿੰਘ 65 ਦੂਸਰੇ ਸਾਥੀਆਂ ਨਾਲ ਸ਼ਹੀਦੀ ਪ੍ਰਾਪਤ ਕਰ ਗਿਆ।

ਉਹ ਜਗ੍ਹਾ ਜਿਥੇ ਨਾਮਧਾਰੀਆਂ ਨੂੰ ਸ਼ਹੀਦ ਕੀਤਾ ਗਿਆ ਸੀ 'ਕੂਕਿਆਂ ਦਾ ਕੱਲਰ' ਕਹਾਉਂਦੀ ਹੈ।

**ਬੀਬੀ ਜਸਮੀਤ ਦਾ ਅਖੰਡਪਾਠ**

ਤਿੰਨ ਦਿਨ ਪਹਿਲਾਂ ਸੰਤ ਕਿਰਪਾਲ ਸਿੰਘ ਮੋਤੀ ਨਗਰ (ਨਵੀਂ ਦਿੱਲੀ) ਨੇ ਮੈਨੂੰ ਦੱਸਿਆ ਸੀ ਕਿ ਬੀਬੀ ਜੀ ਕਲਕੱਤੇ ਵਾਲੇ ਮੈਨੂੰ ਯਾਦ ਕਰਦੇ ਹਨ। ਮੈਂ ਗਿਆ ਤਾਂ ਉਨ੍ਹਾਂ ਦੱਸਿਆ ਕਿ ਅੱਜ ਉਹ ਅਖੰਡਪਾਠ ਰਖਵਾਣਗੇ, ਮੈਂ ਵੀ ਪਹੁੰਚਾਂ। ਮੈਂ ਪੁੱਜਿਆ ਤਾਂ ਰਮੇਸ਼ ਨਗਰ ਨਾਮਧਾਰੀ ਧਰਮਸ਼ਾਲਾ ਦੇ ਰਾਗੀ ਸ੍ਰੀ ਦਲਵਿੰਦਰ ਸਿੰਘ, ਸੰਤ ਕਿਰਪਾਲ ਸਿੰਘ, ਸੰਤ ਸਵਰਨ ਸਿੰਘ ਅਤੇ ਤਾਈ ਲਾਲ ਸਿੰਘ ਆਦਿ ਨੇ, ਨਵੀਂ ਕੁਟੀ ਵਿਚੇ ਘਰ ਵਿਚ ਅਖੰਡ ਪਾਠ ਪੂਰੀ ਮਰਿਆਦਾ ਧੂਪ, ਦੀਪ ਤੇ ਕੁੰਭ ਆਦਿ ਨਾਲ ਜਾਰੀ ਕੀਤਾ ਹੋਇਆ ਸੀ। ਬੀਬੀ ਜਸਮੀਤ ਸੇਵਾ ਤੇ ਉਦਾਰਤਾ ਪੂਰਵਕ ਖਰਚ ਕਰਕੇ ਖੁਸ਼ ਹੁੰਦੀ ਹੈ।

**ਬੀਬੀ ਸਵਰਨ ਕੌਰ ਪਟੇਲ ਨਗਰ**

ਮੈਂ ਅਖੰਡ ਪਾਠ ਦਾ ਅਰੰਭ ਦੇਖ ਦਿੱਲੀ ਦੇ ਉੱਚੇ ਲੰਮੇ ਸੱਜਣ ਸ੍ਰ. ਰਮਣੀਕ ਸਿੰਘ ਦੇ ਘਰ ਪਟੇਲ ਨਗਰ ਸਿਧੇ ਹੀ ਆ ਗਿਆ। ਇਸਦਾ ਘਰ ਦੂਜੇ ਬਲਾਕ ਵਿਚ ਸੀ। ਸ੍ਰ. ਲਾਭ ਸਿੰਘ ਦੇ ਇਕਲੌਤੇ ਬੇਟੇ ਰਮਣੀਕ ਸਿੰਘ ਘਰ ਉਹਦੀ ਮਾਂ ਬੀਬੀ ਸਵਰਨ ਕੌਰ ਬਿਸਤਰ ਵਿਚ ਪਈ ਆਪਣੇ ਆਖਰੀ ਪਲ ਦੀ ਉਡੀਕ ਕਰ ਰਹੀ ਸੀ।

ਦੋ ਸਾਲ ਹੋਏ ਏਸੇ ਮਹੀਨੇ ਸੰਤ ਰਮਣੀਕ ਸਿੰਘ ਦੇ ਪਿਤਾ ਸੰਤ ਲਾਭ ਸਿੰਘ ਜੀ ਸੁਰਗ ਨੂੰ ਪ੍ਰਾਪਤ ਹੋਏ ਸਨ। ਤਦ ਤੋਂ ਹੀ ਉਨ੍ਹਾਂ ਦੀ ਸੇਵਿਕਾ ਬੀਬੀ ਸਵਰਨ ਕੌਰ (80 ਸਾਲ) ਬਿਸਤਰ ਵਿਚ ਪਈ ਹੈ, ਸਰੀਰ ਸੁਕ ਕੇ ਹੱਡੀਆਂ ਦੀ ਮੁਠ ਹੋ ਗਿਆ ਹੈ। ਏਸੇ ਬੀਬੀ ਦੇ ਦਰਸ਼ਨ ਜਦੋਂ ਆਕੇ ਕਰੀਦੇ ਸਨ, ਮਨ ਨੂੰ ਸ਼ਾਂਤੀ ਅਤੇ ਚਿਤ ਨੂੰ ਪ੍ਰਸੰਨਤਾ ਹੁੰਦੀ ਸੀ।

ਘਰ ਵਿਚ ਮੈਨੂੰ ਕੇਵਲ ਗੁਰਮੇਹਰ ਸਿੰਘ, ਸ੍ਰ. ਰਮਣੀਕ ਸਿੰਘ ਦਾ ਲੜਕਾ ਹੀ ਮਿਲਿਆ। ਉਸਦੀ ਮਾਤਾ ਬੀਬੀ ਕਵਲਜੀਤ ਕੌਰ ਕੀਰਤੀ ਨਗਰ ਵਲ ਗਈ ਹੋਈ ਸੀ। ਗੁਰਮੇਹਰ ਦੀ ਭੈਣ ਬੀਬੀ ਅਮਨ ਦੀਪ ਕੌਰ ਬੈਠੀ ਰੋਟੀ ਖਾ ਰਹੀ ਸੀ। ਮੈਨੂੰ ਗੁਰਮੇਹਰ ਸਿੰਘ ਨੇ ਹੀ ਦੱਸਿਆ ਕਿ ਉਸਦੀ ਵੱਡੀ ਭੈਣ ਸਤਨਾਮ ਕੌਰ (17) ਉਚੀ ਪੜ੍ਹਾਈ ਲਈ ਚੰਡੀਗੜ੍ਹ ਗਈ ਹੋਈ ਹੈ।



Sri Satguru Jagjit Singh Ji Elibrary NamdhariElibrary@gmail.com

## 8 ਜਨਵਰੀ 1983, ਸ਼ਨੀਵਾਰ
## ਨਵੀਂ ਦਿੱਲੀ

ਦਿੱਲੀ ਵਿਚ ਅਜਕਲ ਕਾਫ਼ੀ ਠੰਢ ਹੈ। ਅੱਧਾ ਦਿਨ ਤਕ ਧੁੰਧ ਹੀ ਕੁਝ ਨਹੀ ਕਰਨ ਦਿੰਦੀ। ਮੈ ਆਪਣੀ ਪਤਨੀ ਗੁਰਬਚਨ ਕੌਰ ਤੇ ਨੂੰਹ ਕੁਲਵਿੰਦਰ ਕੌਰ ਨਾਲ, ਬੀਬੀ ਜਗਮੀਤ ਦੇ ਘਰ ਪਟੇਲ ਨਗਰ ਗਿਆ। ਘਰ ਨਿਰੰਤਰ ਅਖੰਡ ਪਾਠ ਜਾਰੀ ਸੀ ਅਤੇ ਸਾਰੇ ਦੁਆਲੇ ਵਿਚ ਖੁਸ਼ਬੂ ਪਸਰੀ ਹੋਈ ਸੀ।

### ਪਰਮਵੀਰ ਸਿੰਘ

ਛੇਤੀ ਹੀ ਰਮੇਸ਼ ਨਗਰ ਪਰਤ ਆਏ। ਏਥੇ ਮੈਨੂੰ ਸ੍ਰੀ ਕੁਲਦੇਵ ਸਿੰਘ ਸਰੰਦ ਦੇ ਘਰ ਸਤਿਗੁਰੂ ਜੀ ਦੇ ਬੜੇ ਪਿਆਰੇ ਸਿੱਖ ਸ੍ਰੀ ਪਰਮਵੀਰ ਸਿੰਘ ਅਤੇ ਇਸਦੇ ਸੰਬੰਧੀ ਸ੍ਰ. ਧਰਮਜੀਤ ਸਿੰਘ ਮਿਲੇ। ਇਹ ਦੋ ਹਫਤੇ ਦੇ ਨਾਟਿੰਘਮ (ਯੂ.ਕੇ.) ਵਿਚੋਂ ਆਏ ਹੋਏ ਹਨ। ਪਰਮ ਵੀਰ ਸਿੰਘ ਸ. ਸੂਰਤ ਸਿੰਘ ਅੰਮ੍ਰਿਤਸਰ ਦਾ ਪੋਤਰਾ ਹੈ। ਭੈਣੀ ਸਾਹਿਬੋਂ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਮੁੜੇ ਹਨ। ਪਰਮਵੀਰ ਨੇ ਦਸਿਆ ਜਿਵੇਂ ਸਤਿਗੁਰੂ ਜੀ ਦੀ ਉਹਦੇ ਉਪਰ ਕੁਝ ਨਾਰਾਜ਼ਗੀ ਚਲ ਰਹੀ ਹੋਵੇ। ਪਰ ਉਹ ਵਲਾਇਤ ਵਿਚ ਰੇਸ ਰੀਲੇਸ਼ਨ ਕੌਂਸਲ ਦਾ ਮੈਂਬਰ ਹੈ। ਸੰਗੀਤਕ ਖੇਤਰਾਂ ਵਿਚ ਵੀ ਉਹਦੀ ਵਾਹਵਾ ਪੁਛ ਗਿਛ ਹੈ। ਇਹ ਜਿਵੇਂ ਕਿਵੇਂ ਦੋ ਸਾਲ ਹੋਰ ਇੰਗਲੈਂਡ ਵਿਚ ਰਹਿਣਾ ਚਾਹੁੰਦਾ ਹੈ ਤਾਕਿ ਵਲਾਇਤ ਦੀ ਨਾਗਰਕਤਾ ਮਿਲ ਜਾਵੇ।

## 11 ਜਨਵਰੀ 1983, ਮੰਗਲਵਾਰ
## ਨਵੀਂ ਦਿੱਲੀ

ਅਖਬਾਰਾਂ ਨੇ, ਦਿੱਲੀ ਦੀਆਂ ਚੋਣਾਂ ਵਿਚ, ਜਿਨ੍ਹਾਂ ਪਾਰਟੀਆਂ ਦੇ ਜੋ ਦੋ ਆਦਮੀ ਬਰਖਾਸਤ ਕੀਤੇ ਗਏ ਉਨ੍ਹਾਂ ਦੀ ਸੂਚੀ ਪ੍ਰਕਾਸ਼ਤ ਕੀਤੀ ਗਈ। ਕਾਂਗਰਸ (ਈ) ਵਲੋਂ ਰਮੇਸ਼ ਨਗਰ ਵਿਚ ਨਾਮਧਾਰੀ ਬਲਦੇਵ ਸਿੰਘ ਚਲਾ ਦਾ ਨਾਮ ਵੀ ਛਪਿਆ ਹੈ। ਇਹ ਦਿੱਲੀ ਦੇ ਯੂਥ ਕਾਂਗਰਸੀਆਂ ਦਾ ਪ੍ਰੈਜ਼ੀਡੈਂਟ ਵੀ ਹੈ।

### ਸਨਖਤਰੇ ਦੀ ਸਿਹਤ

ਅੱਜ ਮੈਨੂੰ 'ਸਤਿਜੁਗ' ਸੰਪਾਦਕ ਸਨਖਤਰਵੀ ਆਤਮਾ ਸਿੰਘ ਦਾ ਇਕ ਪੱਤਰ ਵੀ ਮਿਲਿਆ ਜਿਸ ਵਿਚ ਉਹਦੇ ਬਿਮਾਰ ਰਹਿਣ ਦਾ ਵਰਣਨ ਸੀ। ਕਦੇ ਕਦੇ ਬੁਖਾਰ ਤੇ ਦਿਮਾਗੀ ਚੱਕਰਾਂ ਨਾਲ ਸਰੀਰਕ ਕਮਜ਼ੋਰੀ ਏਨੀ ਹੋ ਗਈ ਜਿਸ ਦੀ ਉਸਨੇ ਕਦੇ ਵੀ ਸੋਚ ਨਹੀ ਸੀ ਕੀਤੀ। ਉਹਨੂੰ ਭਰੋਸਾ ਨਹੀ ਸੀ ਕਿ ਸਜਣਾਂ-ਮਿੱਤਰਾਂ ਦਾ ਕਦੇ ਮੇਲਾ ਵੀ ਹੋ ਸਕੇ। ਸਨਖਤਰਾ ਜੀ ਲਿਖਦੇ ਹਨ : ਪਰ ਸਤਿਗੁਰੂ ਜੀ ਨੇ ਮੇਰੇ ਅੰਦਾਜ਼ੇ ਨੂੰ ਪੂਰਾ ਨਹੀ ਹੋਣ ਦਿਤਾ। ਮਹਾਰਾਜ ਬੀਰ ਸਿੰਘ ਜੀ ਵੀ ਆਕੇ ਮਿਲ ਗਏ। ਪਰ ਇਨ੍ਹਾਂ ਦੇ ਬਾਅਦ



Sri Satguru Jagjit Singh Ji Elibrary NamdhariElibrary@gmail.com

ਵਿਚ ਦਰਦ ਦਾ ਫਿਰ ਜ਼ਬਰਦਸਤ ਦੌਰਾ ਪੈ ਗਿਆ। ਇਸਨੇ ਕਮਜ਼ੋਰੀ ਵਿਚ ਹੋਰ ਵਾਧਾ ਕਰ ਦਿਤਾ।

ਇਸ ਤਰ੍ਹਾਂ ਪਿਛਲੇ ਦੋ ਮਹੀਨੇ ਤੋਂ ਸਤਿਜੁਗ ਬੇ-ਸਨਖਤਰਾ ਰਿਹਾ। ਇਹ ਪਤਰ ਸਨਖਤਰਾ ਦੀ ਸਿਹਤ ਦੀ ਨਿਸ਼ਾਨੀ ਹੈ।

### 13 ਜਨਵਰੀ 1983 ਵੀਰਵਾਰ
### ਨਵੀਂ ਦਿੱਲੀ

**ਸੰਤ ਵਜ਼ੀਰ ਸਿੰਘ ਮਾਣਾ ਦੀ ਸੁਪਤਨੀ ਸੁਰਗਵਾਸ**

ਰਮੇਸ਼ ਨਗਰ ਗਿਆਂ ਸੰਤ ਕੁਲਦੀਪ ਸਿੰਘ ਸਕੱਤਰ ਨਾਮਧਾਰੀ ਧਰਮਸ਼ਾਲਾ ਨੇ ਦੱਸਿਆ ਕਿ ਸੰਤ ਵਜ਼ੀਰ ਸਿੰਘ ਮਾਣਾ ਜੁ 2-3 ਸਾਲ ਪਹਿਲਾਂ ਦੇ ਸਵਰਗ ਸਿਧਾਰ ਚੁਕੇ ਹਨ, ਹੁਣ ਉਨ੍ਹਾਂ ਦੀ ਸੁਪਤਨੀ ਵੀ ਲੰਮੀ ਆਯੂ ਭੋਗ ਕੇ 8.1.83 ਨੂੰ ਚਲਾਣਾ ਕਰ ਗਈ ਹੈ। ਸਵੇਰੇ 10 ਵਜੇ ਉਸਦਾ ਸਰੀਰ ਸ਼ਾਂਤ ਹੋਇਆ, ਸ਼ਾਮੀ ਸਸਕਾਰ ਕਰ ਦਿਤਾ ਗਿਆ। ਪੰਜਾਬੀ ਬਾਗ਼ ਬਲੌਕ ਦੇ ਸਾਹਮਣੇ ਕੋਠੀ ਵਾਲੇ ਸਰਦਾਰ ਜੀ ਸ. ਵਜ਼ੀਰ ਸਿੰਘ ਅਤੇ ਇਨ੍ਹਾਂ ਦੀ ਸੁਪਤਨੀ ਨਾਮਧਾਰੀ ਪੰਥ ਵਿਚ ਪ੍ਰਸਿਧ ਉਦਾਰ ਦੇ ਤੌਰ ਤੇ ਜਾਣੇ ਜਾਂਦੇ ਸਨ। ਹੁਣ ਸੰਤਾਨ ਕੁਝ ਦੂਰ ਦੂਰ ਸੀ ਪਰ ਸ. ਜਸਵੰਤ ਸਿੰਘ ਮਾਣਾ ਮੁੜ ਨੇੜਤਾ ਵਲ ਆ ਰਹੇ ਹਨ।

ਇਹਨਾਂ ਤੋਂ ਹੀ ਪਤਾ ਲਗਾ ਕਿ ਦੀਨ ਦਿਆਲ ਜੀ 16.1.83 ਨੂੰ ਰਮੇਸ਼ ਨਗਰ ਵਿਚ ਆਸਾ ਦੀ ਵਾਰ ਸਮੇਂ ਦਰਸ਼ਨ ਦੇ ਰਹੇ ਹਨ। ਆਪ ਜੀ ਰਾਤੀ ਕਿਸੇ ਸਮੇ ਬੈਂਗਲੋਰ ਤੋਂ ਪਧਾਰ ਰਹੇ ਹਨ।

**'ਨਿਮਾਣਾ' ਦੀ ਗਿਆ**

ਰਾਤੀ ਸਾਡੇ ਘਰ ਪਿੰਡ ਕਰੀਵਾਲਾ (ਸਰਸਾ) ਤੋਂ ਸੰਤ ਰਤਨ ਸਿੰਘ ਸਪੁਤਰ ਸੰਤ ਪਾਲਾ ਸਿੰਘ ਉਗਰਾਹੀਆ ਆਏ। ਇਹ ਸਾਡੇ ਭਲਵਾਈਆ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀ ਸਾਡੇ ਸਮਾਜ ਦਾ ਇਕ ਸਤਿਕਾਰ ਯੋਗ ਕਵੀ ਸੰਤ ਸਰਧਾ ਸਿੰਘ ਨਿਮਾਣਾ ਪੂਰੇ ਹੋ ਗਏ ਹਨ। ਉਹਨਾਂ ਦਾ ਭੋਗ ਅੱਜ ਕਲ੍ਹ ਹੀ ਕਰੀਵਾਲੇ ਵਿਖੇ ਪੈਣਾ ਹੈ।

### 15 ਜਨਵਰੀ 1983 ਸ਼ਨੀਵਾਰ
### ਨਵੀਂ ਦਿੱਲੀ

ਪਤਾ ਲਗਾ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬੈਂਗਲੋਰ ਤੋਂ ਹਵਾਈ ਜਹਾਜ਼ ਦੁਆਰਾ 12-1 ਵਜੇ ਦੁਪਹਿਰ ਸਮੇ ਆ ਰਹੇ ਹਨ। ਜੀਅ ਨੂੰ ਧਰਵਾਸ ਹੋਇਆ ਕਿ ਅਜ ਦਰਸ਼ਨਾਂ ਦਾ ਲਾਭ ਮਿਲੇਗਾ।



Sri Satguru Jagjit Singh Ji Elibrary NamdhariElibrary@gmail.com

**ਬੱਬੂ-ਹਰਸ਼ਰਨ ਸਿੰਘ**

ਪਹਿਲਾਂ ਸ. ਝੰਡਾ ਸਿੰਘ ਦੇ ਸਪੁਤਰ ਸ. ਹਰਸ਼ਰਨ ਸਿੰਘ ਅਤੇ ਇਹਦੀ ਸੁਪਤਨੀ, ਮਿਤਰ ਸੰਤ ਅਵਤਾਰ ਸਿੰਘ ਦੀ ਪੋਤਰੀ ਬੱਬੂ ਰੋਸ਼ਨਆਰਾ ਰੋਡ ਵਿਖੇ ਗਲੀ ਸੁੰਦਰ ਸਿੰਘ ਵਿਚ ਗਿਆ। ਹਰਸ਼ਰਨ ਸਿੰਘ ਇਸ ਘਰ ਦਾ ਮਾਲਿਕ ਹੈ ਜਦੋਂ ਬੱਬੂ ਵੀ ਹਜ਼ਾਰ ਤੋਂ 1500/- ਕਮਾ ਲੈਂਦੀ ਹੈ। ਅਜੇ ਘਰ ਵਿਚ ਇਕੋ ਬੱਚਾ ਐਲ.ਕੇ. ਜੀ. ਦਾ ਵਿਦਿਆਰਥੀ ਹੈ।

**ਪ੍ਰੋ: ਸੁਖਬੀਰ ਸਿੰਘ ਗੁਲਾਟੀ**

ਰੋਸ਼ਨ ਆਰਾ ਰੋਡ ਤੇ ਹੀ ਅਸੀ ਇਕ ਹੋਰ ਨਾਮਧਾਰੀ ਜੋੜੇ ਵਲ ਪੁਜੇ। ਇਹ ਹਨ ਪ੍ਰੋ: ਸੁਖਬੀਰ ਸਿੰਘ ਗੁਲਾਟੀ ਤੇ ਇਹਨਾਂ ਦੀ ਪਤਨੀ ਬੀਬੀ ਸੁਰਜੀਤ ਕੌਰ। ਬੀਬੀ ਨੂੰ ਭਾਅ ਚੜ੍ਹ ਗਏ, ਸਾਡੀ ਸੇਵਾ ਕਰਦੀ ਹੋਈ ਸਦਕੇ ਜਾ ਰਹੀ ਸੀ। ਪ੍ਰੋ: ਸਾਹਿਬ ਯੂਨੀਵਰਸਿਟੀ ਵਿਚ ਸਨ। ਦੋ ਸਿਆਣੇ ਬੱਚਿਆਂ ਦੇ ਪਿਤਾ ਗੁਰੂ ਘਰ ਵਿਚ ਵੀ ਸਨਮਾਨ ਦੀ ਥਾਂ ਰਖਦੇ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਸਿਮ੍ਰਤੀ ਸੰਗੀਤ ਸਮੇਲਨਾਂ ਵਿਚ ਪ੍ਰੋ: ਗੁਲਾਟੀ ਦੀ ਅਨਾਊਂਸਮੈਂਟ ਖਾਸ ਤੌਰ ਤੇ ਸਲਾਹੀ ਜਾਂਦੀ ਹੈ। ਇਹ ਨਾਮਧਾਰੀ ਜੋੜਾ ਕਟੜਾ ਮਾਲੀ ਰੋਸ਼ਨ ਆਰਾ ਰੋਡ ਵਿਖੇ ਰਹਿੰਦਾ ਹੈ ਅਤੇ ਇਸਨੇ ਐਮ.ਆਈ.ਜੀ. ਫਲੈਟ ਵਾਸਤੇ ਦਰਖਾਸਤ ਦੇ ਰਖੀ ਹੈ।

ਹੁੰਦੇ ਹਵਾਂਦੇ ਅਸੀ ਪੂਸਾ ਰੋਡ ਕੋਠੀ ਸ੍ਰੀ ਹਰੀ ਪ੍ਰਤਾਪ ਨਿਵਾਸ ਵਿਖੇ ਪਹੁੰਚੇ। ਕਾਰਾਂ ਦੀ ਇਕ ਕਤਾਰ ਅੰਦਰੋਂ ਬਾਹਰ ਤਕ ਖਲੋਤੀ ਹੋਈ ਸੀ। ਸਪਸ਼ਟ ਸੀ ਕਿ ਸਤਿਗੁਰੂ ਜੀ ਆ ਚੁਕੇ ਹਨ। ਕੋਠੀ ਵਿਚ ਦਾਖਲ ਹੋਣ ਤੇ ਪਤਾ ਲਗਾ ਕਿ ਦੀਨ ਦਿਆਲ ਜੀ ਤਾਂ 12 ਵਜੇ ਦੇ ਏਥੇ ਦਰਸ਼ਨ ਦੇ ਰਹੇ ਸਨ।

ਸ੍ਰੀ ਸਤਿਗੁਰੂ ਜੀ, ਸ੍ਰੀ ਮਾਤਾ ਚੰਦ ਕੌਰ ਜੀ, ਸੰਤ ਮਹਿੰਦਰ ਸਿੰਘ ਪੁਰਬਾ, ਨਿਜੀ ਸਕੱਤਰ ਸੰਤ ਤਰਸੇਮ ਸਿੰਘ, ਸੇਵਕ ਬਲਦੇਵ ਸਿੰਘ ਅਤੇ ਜਰਨੈਲ ਸਿੰਘ ਆਦਿ ਅੰਗ ਰਖਿਅਕ ਵੀ ਆਪ ਦੇ ਨਾਲ ਆਏ ਹਨ। ਸ੍ਰੀ ਦਰਸ਼ਨ ਸਿੰਘ ਮੋਜੂਖੇੜਾ ਅਤੇ ਬ੍ਰ. ਧਰਮਿੰਦਰ ਸਿੰਘ ਅਤੇ ਹੋਰ ਕਈ ਨਵੇਂ ਸਿੰਘ ਵੀ ਨਜ਼ਰ ਆਏ।

ਬੈਠਣ ਕਮਰੇ ਵਿਚ ਗਿਆ ਤਾਂ ਵਿਛੇ ਹੋਏ ਫਰਸ਼ ਤੇ ਸੰਤ ਤਰਸੇਮ ਸਿੰਘ ਸਕੱਤਰ, ਸ. ਹਰਵਿੰਦਰ ਸਿੰਘ ਹੰਸਪਾਲ, ਸ੍ਰੀ ਚੱਢਾ ਜੀ ਸਕੱਤਰ ਰਾਧਾ ਸਵਾਮੀ ਸਤਸੰਗ, ਸੰਤ ਦਰਸ਼ਨ ਸਿੰਘ, ਸ. ਸਾਧੂ ਸਿੰਘ ਰਾਧਾ ਸਵਾਮੀ ਰਾਜਪੁਰ, ਦੇਹਰਾ ਦੂਨ, ਸ. ਸਰਵਣ ਸਿੰਘ ਨੈਰੋਬੀ, ਸ. ਹਰਭਜਨ ਸਿੰਘ ਠੇਕੇਦਾਰ ਲਖਨਊ ਅਤੇ ਸੰਤ ਬਲਵੰਤ ਸਿੰਘ ਬਾਲੀ ਨਗਰ ਬੈਠੇ ਹੋਏ ਸਨ।

**ਸ੍ਰੀ ਚੱਢਾ ਦੀ ਬੇਨਤੀ: ਭੰਡਾਰੇ ਸਮੇਂ ਦਰਸ਼ਨ ਦਿਓ !**

ਥੋੜ੍ਹੇ ਚਿਰ ਪਿਛੋਂ ਹੀ ਸਤਿਗੁਰੂ ਜੀ ਅਚਕਨ ਪਹਿਨੀ ਮੁਸਕਰਾਂਦੇ ਹੋਏ ਅੰਦਰ ਆਏ। ਸਾਰੇ ਬੈਠਿਆਂ ਨੇ ਧਰਤੀ ਹੱਥ ਲਾਕੇ ਹਜ਼ੂਰ ਦਾ ਸੁਆਗਤ ਕੀਤਾ। ਸ੍ਰੀ ਚੱਢਾ ਨੇ ਹੱਥ ਜੋੜ ਕੇ ਬੇਨਤੀ ਕੀਤੀ : ਆਪ ਜੀ ਦੀ ਸੇਵਾ ਵਿਚ ਸਾਨੂੰ ਸ੍ਰੀ ਮਹਾਰਾਜ ਦਰਸ਼ਨ ਸਿੰਘ ਜੀ ਨੇ ਭੇਜਿਆ ਹੈ ਕਿ ਅਸੀ ਜਾਕੇ ਆਪ ਨੂੰ ਬੇਨਤੀ ਕਰੀਏ, 6 ਜਨਵਰੀ ਨੂੰ ਜਦੋਂ ਕਿ



Sri Satguru Jagjit Singh Ji Elibrary NamdhariElibrary@gmail.com

ਮਹਾਰਾਜ ਕਿਰਪਾਲ ਸਿੰਘ ਜੀ ਦਾ ਭੰਡਾਰਾ ਹੈ, ਆਪ ਸੰਗਤਾਂ ਨੂੰ ਆਕੇ ਦਰਸ਼ਨ ਦਿਓ। ਸ੍ਰੀ ਚੌਧਾ ਨੇ ਉਨਾ ਚਿਰ ਨਮ੍ਰਤਾ ਵਸ ਹੱਥ ਜੋੜੀ ਰਖੇ ਜਦ ਤਕ ਇਹ ਸਜਣ ਵਿਦਾ ਹੀ ਨਹੀ ਹੋਏ। ਸ੍ਰੀ ਸਤਿਗੁਰੂ ਜੀ ਨੇ ਉਤਰ ਦਿਤਾ : ਮਹਾਰਾਜ ਦਰਸ਼ਨ ਸਿੰਘ ਜੀ ਨੇ ਜੋ ਪ੍ਰੋਗਰਾਮ ਬਣਾਇਆ ਹੈ, ਮੇਰੇ ਨਾਲ ਗੱਲ ਕਰਕੇ ਹੀ ਬਣਾਇਆ ਹੈ। ਪਰ ਮੈਨੂੰ ਇਹਨਾਂ ਹੀ ਦਿਨਾਂ ਵਿਚ ਥਾਈਲੈਂਡ ਜਾਣਾ ਪੈ ਗਿਆ ਹੈ। ਮੈ ਕੋਸ਼ਸ਼ ਕਰਾਂਗਾ ਕਿ ਅੱਜ ਹੀ ਪਹੁੰਚ ਸਕਾਂ। ਸ੍ਰੀ ਚੌਧਾ ਜੀ : ਕੋਸ਼ਿਸ਼ ਹੀ ਨਹੀ ਜੀ, ਆਪ ਨੇ ਦਰਸ਼ਨਾਂ ਦੀ ਜ਼ਰੂਰ ਕਿਰਪਾ ਕਰਨੀ ਹੈ। ਮੈ ਸੰਗਤ ਨੂੰ ਕੀ ਦੱਸਾਂਗਾ ਅਤੇ ਸ੍ਰੀ ਮਹਾਰਾਜ ਜੀ ਨੂੰ ਕੀ ਕਹਾਂਗਾ। ਜਦੋ ਮੈਨੂੰ ਮਹਾਰਾਜ ਜੀ ਨੇ ਤੇ ਸੰਗਤ ਨੇ ਸਤਿਸੰਗ ਦਾ ਸਕੱਤਰ ਸਥਾਪਤ ਕੀਤਾ ਹੈ ਤਾਂ ਮੈ ਕਿਸ ਮੂੰਹ ਨਾਲ ਜਾਵਾਂਗਾ।

ਸਤਿਗੁਰੂ ਜੀ ਮੁਸਕਰਾਏ : ਇਹ ਹੋਈ ਨ ਗੱਲ। ਚੌਧਾ ਜੀ ਤੇ ਕੋਈ ਜ਼ੋਰ ਪਾਣਾ ਸਿਖੇ। ਹੰਸਪਾਲ ਜੀ ਤਾਂ ਇਹ ਗੱਲ ਕਹਿਕੇ ਮੁਕਾਣਾ ਚਾਹੁੰਦੇ ਸਨ ਕਿ ਸੱਚੇ ਪਾਤਸ਼ਾਹ ਸਾਰੇ ਪ੍ਰੋਗਰਾਮ ਸਮਾਪਤ ਕਰਕੇ ਆ ਜਾਣਗੇ ਪਰ ਸਤਿਗੁਰੂ ਜੀ ਨੇ ਸ਼ਬਦ ਦੇ ਸਹੀ ਅਰਥਾਂ ਵਿਚ ਜ਼ਿਮੇਵਾਰੀ ਨਹੀ ਸੀ ਲੈਣੀ। ਸਤਿਗੁਰੂ ਜੀ ਨੇ ਕਿਹਾ : ਮੈ ਵਚਨ ਨਹੀ ਦਿੰਦਾ। ਵਚਨ [illegible] ਪੂਰਾ ਰਹਿਣਾ ਹੀ ਚਾਹੀਦਾ ਹੈ। ਤਾਂ ਮੈ ਆਪਣੇ ਛੋਟੇ ਭਾਈ ਮਹਾਰਾਜ ਬੀਰ ਸਿੰਘ ਜੀ ਨੂੰ 6.2.83 ਨੂੰ ਸਮਾਗਮ ਵਿਚ ਪਹੁੰਚਣ ਦੀ ਪੱਕੀ ਕਰ ਦਿਆਂਗਾ।

ਸਤਿਗੁਰੂ ਜੀ ਨੇ ਦੱਸਿਆ ਕਿ ਥਾਈਲੈਂਡ ਸੰਗਤ ਦੀ [illegible] ਅਰਜ਼ ਅੱਗੇ ਤੋ ਅੱਗੇ ਪਈ ਜਾਂਦੀ ਹੈ। ਜੇ 6 ਤਾਰੀਖ ਨੂੰ ਨਾ ਹੀ ਆਇਆ ਜਾ ਸਕਿਆ ਤਾਂ ਗੱਲ ਠੀਕ ਨਹੀ ਹੋਵੇਗੀ। ਪਰ ਚੌਧਾ ਜੀ ਪ੍ਰੇਮ ਵੱਸ ਜਾਂ ਪ੍ਰੇਮ ਦਾ ਦਬਾਉ ਪਾਣ ਹਿਤ ਇਹ ਕਹਿੰਦੇ ਉਠ [illegible] ਕਿ ਆਪ ਜੀ ਦਰਸ਼ਨ ਦਿਓਗੇ ਹੀ।

ਇਹਨਾਂ ਦੇ ਜਾਣ ਪਿਛੋਂ ਸਤਿਗੁਰੂ ਜੀ ਨੇ ਸ. ਹੰਸਪਾਲ ਅਤੇ ਮੇਰੇ ਨਾਲ ਨੇਤਰ ਮਿਲਾਂਦਿਆਂ ਬਚਨ ਕੀਤਾ : ਇਕ ਸ਼ਬਦ ਹੈ ਵਾਦਾ। ਜੇ ਉਸਦਾ ਉਲਟਾ ਕਰ ਦੇਈਏ [illegible] ਕੌਮ ਦੀ ਰੀੜ੍ਹ ਬਣ ਜਾਂਦੀ ਹੈ : ਦਵਾ। ਫੇਰ ਫ਼ਰਮਾਇਆ : ਕਵੀ ਜੀ, ਐਤਕਾਂ ਬੈਂਗਲੋਰ ਗਿਆਂ ਆਪ ਬੜੀ ਵਾਰ ਯਾਦ ਆਉਂਦੇ ਰਹੇ। ਮੈ ਅਰਜ਼ ਕੀਤੀ : ਆਪ ਜੀ ਨੇ ਯਾਦ ਕੀਤਾ ਤੇ ਨਾਲ ਹੀ ਇਹਦੇ ਉਲਟ ਕੀਤਾ। ਮੇਰੇ ਲਈ ਇਨਾਂ ਦੁਹਾਂ ਚੀਜ਼ਾਂ ਦੀ ਹੀ ਲੋੜ ਸੀ, ਆਪ ਜੀ ਨੇ ਦੋਹਾਂ ਦੀ ਬਖ਼ਸ਼ਸ਼ ਕੀਤੀ।

### ਇਕ ਅਰਜ਼ ਅਰਜਨ ਸਿੰਘ [illegible]

ਫਿਰ ਸ. ਅਰਜਨ ਸਿੰਘ ਉਠਿਆ, ਦਾੜ੍ਹੀ ਕਾਲੀ ਕੀਤੀ ਹੋਈ, ਲੰਮਾ ਸਿਰ, ਟੋਪੀ ਪਗੜੀ। ਕੋਟ ਪੈਂਟ ਵਾਲੇ। ਸਤਿਗੁਰੂ ਜੀ ਨੇ ਮੇਰੇ ਨਾਲ ਸ਼ਬਦ ਸਾਂਝੇ ਕੀਤੇ : ਇਹ ਅਰਜਨ ਸਿੰਘ ਹੁਰੀ ਨੇ, ਨੈਰੋਬੀ ਸਨ, ਬੜੇ ਪ੍ਰੇਮੀ ਹਨ। ਇਹਨਾਂ ਦੀ ਘਰ ਵਾਲੀ ਗੁਜ਼ਰ ਗਈ ਹੈ। ਅਸੀ ਤਾਂ ਸਾਨੂੰ ਵੀ ਕਹਿੰਦੇ ਰਹੇ ਕਿ ਖਾਣਾ ਆਬਾਦ ਕਰੋ। ਹੁਣ ਆਪਣਾ [illegible] ਹੀ ਵਡਾ ਲਿਆ ਹੈ।

ਸਿੰਘ ਬੋਲਿਆ : ਨਹੀ ਬਾਬਾ ਜੀ ਮਹਾਰਾਜ, ਇਹ ਕਿਰਪਾ ਆਪ ਦੀ ਹੀ ਹੋਣੀ ਹੈ। ਮੈ ਅਜੇ ਓਵੇਂ ਜਿਵੇਂ ਹੀ ਹਾਂ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਮੁਸਕਰਾਏ : ਅਸਾਂ ਤਾ ਠੇਕਾ ਲੈ ਰਖਿਆ ਹੈ ਕੁਝ ਕਰਾਂਗੇ ਹੀ ਪਰ ਤੂੰ ਭਜਨ ਲੈ ਲਿਆ ਹੈ? ਸਿੱਖ ਨੇ ਹਾਂ-ਨਾ ਵਰਗਾ ਜਵਾਬ ਦਿਤਾ। ਸਤਿਗੁਰੂ ਜੀ ਬਚਨ ਕੀਤਾ: ਭਜਨ ਨਹੀ ਲਿਆ ਹੋਇਆ, ਨਹੀ ਤਾਂ ਲਹਿਜਾ ਹੋਰ ਹੁੰਦਾ। ਸੰਤ ਮਹਿੰਦਰ ਸਿੰਘ ਪੁਰਬਾ ਨੂੰ ਹੁਕਮ ਹੋਇਆ। ਉਨਾਂ ਦੋਹਾਂ ਕੰਨਾਂ ਵਿਚ ਭਜਨ ਸੁਣਾ ਦਿਤਾ। ਇਕ ਮਾਲਾ ਅਤੇ ਇਕ ਅਰਦਾਸ ਦੀ ਕਾਪੀ ਦੇ ਦਿਤੀ ਗਈ। ਪੁਰਬੇ ਨੇ ਸਾਰੀ ਮਰਯਾਦਾ ਸਮਝਾ ਦਿਤੀ।

ਸ. ਅਰਜਨ ਸਿੰਘ ਨੇ ਮੁਜ਼ਫਰਪੁਰ ਵਿਚ ਕੋਈ ਜਗਾਹ ਲੈ ਰਖੀ ਹੈ। ਉਸ ਚਰਨਾਂ ਲਈ ਅਰਜ ਕੀਤੀ, ਜੁ ਫਿਰ ਕਿਸੇ ਮੌਕੇ, ਲਈ ਪਰਵਾਨ ਹੋਈ।

ਸਾਰੇ ਪਾਸੇ ਵੇਹਲੇ ਹੋ, ਸਤਿਗੁਰੂ ਜੀ ਅੰਦਰੋ ਬਾਹਰ ਆਏ ਤਾਂ ਟੈਂਟਿਸ ਵਿਚ ਕਈ ਇਸਤਰੀਆਂ ਪੁਰਸ਼ ਦਰਸ਼ਨਾਂ ਦੀ ਉਡੀਕ ਵਿਚ ਸਨ। ਏਥੇ ਹੀ ਪਟਨੇ ਦੇ ਸੂਬਾ ਜੀ ਸੰਤ ਸੇਵਾ ਸਿੰਘ ਹਾਜ਼ਰ ਹੋਏ ਤੇ ਘਰ ਚਰਨ ਪਾਉਣ ਦੀ ਅਰਜ਼ ਕੀਤੀ। ਸਤਿਗੁਰਾਂ ਫਰਮਾਇਆ ; ਥੋੜੇ ਦਿਨਾਂ ਨੂੰ ਫੇਰ ਆਵਾਂਗੇ ਤਾ ਵੇਖਾਂਗੇ।

ਇਹਨਾਂ ਵਿਚੋਂ ਸਭ ਨੂੰ ਦਰਸ਼ਨ ਦੇ ਨਿਹਾਲ ਕਰ ਸ. ਹਰਭਜਨ ਸਿੰਘ ਠੇਕੇਦਾਰ ਲਖਨਊ ਤੇ ਸ. ਹਰਵਿੰਦਰ ਸਿੰਘ ਹੰਸਪਾਲ ਨੂੰ ਲੈਕੇ ਪੁਰ ਉਪਰਲੀ ਛੱਤੇ ਜਾ ਬੈਠੇ, ਮੈਨੂੰ ਸਕੱਤਰ ਤਰਸੇਮ ਸਿੰਘ ਨੂੰ ਲਿਆਉਣ ਦਾ ਹੁਕਮ ਹੋਇਆ। ਸ਼ਾਇਦ ਇਹਨਾਂ ਸੰਗੀਤ ਸਮੇਲਨ ਬਾਰੇ ਸਲਾਹ ਕਰਨੀ ਸੀ।

**ਨਾਮ ਸਿਮਰਨ - ਕੀਰਤਨ**

5 ਤੋ 6 ਵਜੇ ਤਕ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਚ ਨਾਮ ਸਿਮਰਨ ਹੋਇਆ ਫਿਰ ਕੀਰਤਨ ਹੋਇਆ। ਸਰਵ ਸ੍ਰੀ ਸੁਖਦੇਵ ਸਿੰਘ, ਮੋਹਨ ਸਿੰਘ, ਸੁਰਜੀਤ ਸਿੰਘ ਸਾਰੰਗੀ ਦੇ ਭਾਈ ਦੇ ਤਬਲੇ ਦਾ। ਅਰਦਾਸ ਉਪਰੰਤ ਸ੍ਰੀ ਸਤਿਗੁਰੂ ਜੀ 10 ਕੁ ਮਿੰਟ ਲਈ ਸਾਧ ਸੰਗਤ ਨੂੰ ਸੰਬੋਧਨ ਕੀਤਾ। ਤੱਤ ਇਹ ਹੈ :-

1. ਇਸ ਵਾਰ ਸਾਡੇ ਸੰਗੀਤ ਉਤੇ ਕੀਤੇ ਖਰਚੇ ਦਾ ਲਾਭ ਹੋਇਆ ਹੈ। ਜਦੋਂ ਬੰਗਲੌਰ ਵਿਚ ਸ਼ਾਮੀ 6-45 ਤੋ 8-45 ਤਕ (13-1-1983) ਭਰਪੂਰ ਹਾਲ ਵਿਚ, ਜਿਸ ਵਿਚ ਬ੍ਰਿਗੇਡੀਅਰ ਤਕ ਦੇ ਰੈਂਕ ਵਾਲੇ ਸੈਨਿਕ ਅਫਸਰ ਵੀ ਸਨ ਬਲਜੀਤ ਸਿੰਘ ਨੇ ਤਾਰ ਸ਼ਹਿਨਾਈ ਅਤੇ ਸੁਖਵਿੰਦਰ ਸਿੰਘ ਪਿੰਕੀ ਦੇ ਤਬਲੇ ਨੇ ਸਰੋਤਿਆਂ ਨੂੰ ਮੁਗਧ ਕਰ ਦਿਤਾ। ਲੋਕਾਂ ਵਲੋਂ ਮਿਲੀ ਪ੍ਰਸੰਸਾ ਹੀ ਸਾਡੇ ਕੀਤੇ ਖਰਚ ਨੂੰ ਸਕਾਰਥ ਕਰਦੀ ਹੈ। ਖਚਾਖਚ ਭਰੇ ਹਾਲ ਚੋਂ ਜਿਵੇਂ ਕਿਸੇ ਦਾ ਉਠ ਕੇ ਜਾਣ ਨੂੰ ਜੀ ਨਹੀ ਸੀ ਕਰਦਾ।

2 ਸਾਧ ਸੰਗਤ ਜਾਣ ਰਖੇ ਲੁਧਿਆਣੇ ਦੀ ਸੰਗਤ ਨੇ 18-1-83 ਨੂੰ ਬਾਬੂ ਰਾਮ ਸਿੰਘ ਜੀ ਦੇ ਪ੍ਰਕਾਸ਼ ਉਤਸਵ ਨਾਲ ਸੰਬੰਧਤ ਜ਼ਬਰਦਸਤ ਜਲੂਸ ਦੀ ਵਿਉਂਤ ਕੀਤੀ ਹੋਈ ਹੈ। ਉਹ ਹੋਰ ਸੰਗਤਾਂ ਨੂੰ ਵੀ ਸ਼ਾਮਲ ਹੋਣ ਲਈ ਸੱਦ ਰਹੇ ਹਨ। ਸਾਧ ਸੰਗਤ ਦਿੱਲੀਓਂ ਵੀ ਹੁੰਮ ਹੁਮਾਕੇ ਜਾਵੇ।

3. ਬਲਦੇਵ ਸਿੰਘ (ਰਾਜਾ, C-1 ਨਾਮਧਾਰੀ ਕਾਲੋਨੀ) ਨੂੰ ਕਾਰਪੋਰੇਸ਼ਨ ਦੀ ਟਿਕਟ ਮਿਲੀ ਹੈ। ਖੁਸ਼ੀ ਹੋਈ ਹੈ। ਇਕ ਚੰਗੀ ਗੱਲ ਹੋਈ ਹੈ। ਤੁਸੀ ਪਾਰਲੀਮੈਂਟ ਵਿਚ ਭੇਜਨ



Sri Satguru Jagjit Singh Ji Elibrary NamdhariElibrary@gmail.com

ਵਾਸਤੇ ਜ਼ੋਰ ਲਗਾ ਕੇ ਕੰਮ ਕਰੇ। ਵੱਧ ਤੋਂ ਵੱਧ ਮੇਹਨਤ ਕਰੇ।

4. ਅੱਜ ਦੇ ਪੜ੍ਹੇ ਗਏ ਸ਼ਬਦ 'ਬਿਸਰਿ ਗਈ ਸਭ ਤਾਤਿ ਪਰਾਈ।' ਉਤੇ ਆਪ ਨੇ ਸੰਖੇਪ ਵਿਆਖਿਆ ਕੀਤੀ। ਪਰਾਈ ਤਾਤ ਤਾਂ ਵਿਸਰ ਗਈ ਪਰ ਜੇ ਆਪਣੀ ਤਾਤ ਯਾਦ ਰਹੇ ਤਾਂ ਵੀ ਗੱਲ ਨਹੀ ਬਣਦੀ। ਉਸਦੀ ਸਲਾਹੁਤਾ ਦਾ ਭਾਵ ਹੈ ਕਿ ਉਹਦਾ ਅੰਤ ਪਾਇਆ ਨਹੀ ਜਾ ਸਕਦਾ ਤੇ ਨਾ ਸਾਨੂੰ ਉਹਦੀ ਸਲਾਹੁਤਾ ਤੋਂ ਵਿਹਲ ਮਿਲਦੀ ਹੈ। ਇਸ ਤਰਾਂ, ਅਸੀ ਭਲੇ ਪਾਸੇ ਨੂੰ ਪਰਵਿਰਤ ਰਹਿੰਦੇ ਹਾਂ।

5. ਸਤਿਗੁਰੂ ਜੀ ਨੇ ਉਹਨਾਂ ਲੋਕਾਂ ਦਾ ਜ਼ਿਕਰ ਵੀ ਕੀਤਾ ਜੋ ਪੁੱਤਰ ਪ੍ਰਾਪਤੀ ਲਈ ਸਾਧ ਸੰਗਤ ਵਿਚ ਆਉਂਦੇ ਹਨ। ਸਤਿਗੁਰਾਂ ਦੱਸਿਆ : ਫਲ ਦੀ ਇਛਾ ਨਾਲ ਵੀ ਸਾਧ ਸੰਗਤ ਵਿਚ ਆਉਣਾ ਲਾਭਦਾਇਕ ਹੈ। ਪਰ ਜੇ ਪੁਤਰ ਦੀ ਪ੍ਰਾਪਤੀ ਨ ਹੋਵੇ ਫਿਰ ਸੰਗਤ ਵਿਚ ਨਾ ਆਉਣਾ ਮਾੜੀ ਗੱਲ ਹੈ। ਜੇ ਫਲ ਮਿਲਦਾ ਹੈ ਤਾਂ ਸਾਧ ਸੰਗਤ ਚੋਂ ਹੀ ਜੇ ਨਹੀ ਪ੍ਰਾਪਤੀ ਤਾਂ ਕੋਈ ਪੁਰਬਲਾ ਭਾਗੁ ਹੈ। ਇਸ ਗਲੋਂ ਨਾ ਆਉਣਾ ਭਟਕਣ ਦੇ ਰਾਹ ਪੈ ਜਾਣਾ ਹੈ। ਕੁਛ ਪ੍ਰਾਪਤੀ ਲਈ ਸਾਧ ਸੰਗਤ ਦਾ ਦੁਆਰ ਖਟਕਾਣਾ ਠੀਕ ਹੈ ਪਰ ਨਾ ਆਉਣਾ ਗਲਤ ਹੈ। ਪਰਮਾਨੰਦ ਦੀ ਪ੍ਰਾਪਤੀ ਲਈ ਉਦਮ ਕਰੇ।

ਬਿਸਰ ਗਈ ਸਭ ਤਾਤ ਪਰਾਈ। ਪਰਾਈ ਤਾਤ ਨਾ ਅੰਖਰ ਹਨ ਅਤੇ ਨਾ ਹੀ ਸਾਧ ਸੰਗਤ। ਇਸ ਤੱਤ ਨੂੰ ਪਛਾਣੋ।

ਥੋੜਾ ਸਮਾਂ ਜ਼ਿਮੇਵਾਰਾਂ ਨਾਲ ਛੱਤ ਉਪਰ ਜਾ ਕੇ ਫਿਰ ਆਪ ਜੀ ਕੋਠੀ ਪਧਾਰੇ।

## 16 ਜਨਵਰੀ 1983, ਐਤਵਾਰ
## ਨਵੀ ਦਿੱਲੀ

### ਸੰਤ ਸੁਲੱਖਣ ਸਿੰਘ ਦੇ ਉਦਮ ਨਾਲ

ਅੱਜ ਆਸਾ ਦੀ ਵਾਰ ਦਾ ਕੀਰਤਨ ਸੰਤ ਸੁਲੱਖਣ ਸਿੰਘ ਰਮੇਸ਼ ਨਗਰ ਵਾਲਿਆਂ ਦੇ ਨਿਜੀ ਉਦਮ ਤੇ ਨਾਮਧਾਰੀ ਕਾਲੋਨੀ ਦੇ ਵਿਚਕਾਰਲੀ ਗਰਾਉਂਡ ਵਿਚ ਸ਼ਾਨਦਾਰ ਸ਼ਾਮੀਆਨਾ ਪ੍ਰਬੰਧ ਹੇਠ ਹੋਇਆ। ਕੀਰਤਨਕਾਰ ਸ੍ਰੀ ਮੋਹਨ ਸਿੰਘ - ਸੁਖਦੇਵ ਸਿੰਘ ਤੇ ਤਬਲਾ ਨਿਵਾਜ਼ ਭਾਈ ਤਰਲੋਚਨ ਸਿੰਘ ਸਨ। ਸ੍ਰੀ ਸਤਿਗੁਰੂ ਜੀ ਨੇ ਆਪਣੇ ਜਥੇ ਸਮੇਤ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸੂਬਾ ਸਤਿਨਾਮ ਸਿੰਘ ਜੀ ਨੈਰੋਬੀ ਅਤੇ ਸ. ਹਰਭਜਨ ਸਿੰਘ ਠੇਕੇਦਾਰ ਲਖਨਊ, ਬਾਹਰੋਂ ਆਏ ਵਿਸ਼ੇਸ਼ਾਂ ਵਿਚੋਂ ਸਨ।

ਵਾਰ ਦੀ ਅਰਦਾਸ ਉਪ੍ਰੰਤ ਸ੍ਰੀ ਸਤਿਗੁਰੂ ਜੀ ਨੇ ਲੁਧਿਆਣਾ ਦੀ ਸੰਗਤ ਦੇ ਉਦਮ ਨੂੰ ਦੇਰ ਪਰਵਾਨ [illegible] ਕੀਤਾ। ਸਲਾਹਿਆ ਅਤੇ ਸੰਗਤ ਨੂੰ ਵਡੀ ਗਿਣਤੀ ਵਿਚ ਲੁਧਿਆਣੇ ਦੀ ਸੰਗਤ ਨੂੰ ਲਿਆਉਣ ਦੀ ਪ੍ਰੇਰਨਾ ਕੀਤੀ। ਸਤਿਗੁਰੂ ਜੀ ਨੂੰ ਪੁਸ਼ਪ ਅਰਪਣ ਕਰਨ ਹਿਤ ਹੇਠ ਲਿਖੇ ਸਜੱਣਾਂ ਨੇ ਆਪਣੇ ਖਰਚ ਤੇ ਬਸਾਂ ਕਰਕੇ ਸੰਗਤ ਨੂੰ ਲੈ ਜਾਣ ਦੀ ਜ਼ਿਮੇਵਾਰੀ ਉਠਾਈ :

ਇਕ ਬਸ ਸੰਤ ਅਵਤਾਰ ਸਿੰਘ ਕਾਰਵਾਲਾ ਰਮੇਸ਼ ਨਗਰ,
ਇਕ ਬਸ ਜਥੇਦਾਰ ਮੇਵਾ ਸਿੰਘ ਰਘੁਬੀਰ ਨਗਰ



Sri Satguru Jagjit Singh Ji Elibrary NamdhariElibrary@gmail.com

ਇਕ ਸੰਤ ਪ੍ਰੀਤਮ ਸਿੰਘ ਬਾਲੀ ਨਗਰ

ਇਕ ਬਸ ਜਗਤਾਰ ਸਿੰਘ ਰਮਫਰਡ (ਯੂ.ਕੇ.) ਵਾਲੇ

ਸ੍ਰੀ ਸਤਿਗੁਰੂ ਜੀ ਵਲੋਂ ਸਿੰਘਾਂ ਨੂੰ ਖੁਸ਼ੀਆਂ ਬਖਸ਼ੀਆਂ ਗਈਆਂ। ਅਤੇ ਆਪ ਜੀ ਸੰਤ ਸੁਲੱਖਣ ਸਿੰਘ ਵਲੋਂ ਫਲੇਹਾਰ ਕਰਕੇ ਨਿਜੀ ਜਥੇ ਸਮੇਤ ਸ੍ਰੀ ਭੈਣੀ ਸਾਹਿਬ ਨੂੰ ਪ੍ਰਸਥਾਨ ਕਰ ਗਏ।

ਸੰਤ ਸੁਲੱਖਣ ਸਿੰਘ ਨੇ ਸਾਰੀ ਸੰਗਤ ਦੀ ਪ੍ਰਸਾਦ ਪਾਣੀ ਨਾਲ ਸੇਵਾ ਕੀਤੀ। ਮੇਰੇ ਪਰਵਾਰ ਦੇ ਪੰਜ ਬਾਲਿਗ ਵਿਅਕਤੀ ਹਜ਼ੂਰ ਦੇ ਦਰਸ਼ਨ ਕਰਨ ਪਹੁੰਚੇ ਸਨ, ਮੇਰੇ ਬਿਨਾ।

**ਠੇਕੇਦਾਰ ਹਰਭਜਨ ਸਿੰਘ ਲਖਨਊ**

1-00 ਵਜੇ ਗੁਰਦੇਵ ਸਿੰਘ ਸਰੋਦ ਅਤੇ ਮੈਂ ਠੇਕੇਦਾਰ ਸ. ਹਰਭਜਨ ਸਿੰਘ ਲਖਨਊ ਨੂੰ ਸੰਤ ਬਲਵੰਤ ਸਿੰਘ ਬਾਲੀ ਨਗਰ ਹੁਰਾਂ ਦੇ ਘਰ ਜਾ ਮਿਲੇ। ਗੁਰਦੇਵ ਸਿੰਘ ਆਪਣੀ ਸੰਗੀਤ ਸੰਸਥਾ 'ਸ਼ਰੁਤੀ' ਵਾਸਤੇ ਇਕ ਸਹਾਇਤਾ ਪ੍ਰਾਪਤ ਕਰਨ ਗਿਆ ਸੀ। ਤੁਰਤ 2000/- ਠੇਕੇਦਾਰ ਜੀ ਨੇ ਆਪਣੇ ਖਜ਼ਾਨਚੀ ਚਾਚਾ ਮੋਹਣ ਸਿੰਘ ਨੂੰ ਕਹਿ ਕੇ ਦਿਵਾ ਦਿਤਾ। ਹਰਭਜਨ ਸਿੰਘ ਹੁਰਾਂ ਅਨੁਸਾਰ ਸਭ ਕੁਝ ਗੁਰੂ ਜੀ ਦਾ ਦਿਤਾ ਹੀ ਵਰਤਦੇ ਹਾਂ।

ਮੈਂ ਇਹਨਾਂ ਨੂੰ ਪੁਛਿਆ ਕਿ ਅਗਲੇ ਸੰਗੀਤ ਸੰਮੇਲਨ ਬਾਰੇ ਕਿਵੇਂ ਹੈ? ਇਹਨਾਂ ਦੱਸਿਆ ਕਿ ਸਾਡੀ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਇਹੋ ਬੇਨਤੀ ਹੈ ਕਿ ਪਹਿਲਾਂ ਹੋਲਾ ਬਖਸ਼ਣ ਤੇ ਨਾਲ ਹੀ ਸੰਗੀਤ ਸਮੇਲਨ। ਦੋਵੇਂ ਰੀਝਾਂ ਕੱਠੀਆਂ ਹੋਣ। ਇਸ ਗੱਲ ਵਾਸਤੇ ਜਗਾਹ ਵੀ ਸਾਨੂੰ ਔਰੰਗਾਬਾਦ ਸੂਟ ਕਰਦੀ ਹੈ। ਓਥੇ ਹਰ ਪ੍ਰਕਾਰ ਦੇ ਪ੍ਰਬੰਧ ਆਸਾਨ ਹੋ ਜਾਣਗੇ। ਨਾਮਧਾਰੀ ਸੰਗਤ ਇਸ ਬਹਾਨੇ ਹਜ਼ੂਰ ਸਾਹਿਬ ਦੇ ਵੀ, ਨੇੜੇ ਆਇਆਂ, ਦਰਸ਼ਨ ਕਰ ਲਵੇਗੀ। ਅਤੇ ਸਾਡੀ ਅਸਲ ਮਨਸ਼ਾ ਇਹ ਹੈ ਕਿ ਔਰੰਗਾਬਾਦ ਦੇ ਲੋਕ ਇਸ ਬਹਾਨੇ ਸਾਡਾ ਹੋਲਾ ਵੇਖ ਅਤੇ ਦੀਵਾਨ ਸੁਣ ਲੈਣਗੇ। ਜਦੋਂ ਸ੍ਰੀ ਸਤਿਗੁਰੂ ਜੀ ਦਾ ਦਿਲ ਕਰੇ, ਹੁਕਮ ਕਰਨ ਤੇ ਸੇਵਾ ਲੈਣ, ਅਸੀਂ ਤਿਆਰ ਹਾਂ।

ਗੁਰਦੇਵ ਸਿੰਘ ਨੇ ਬੰਬਈ ਵਿਚ ਰਹਿ ਕੇ ਸੰਗੀਤ ਸਿਖਦੇ ਬੱਚਿਆਂ ਦੇ ਖਰਚ ਪਾਣੀ ਬਾਰੇ ਪੁਛਿਆ। ਸ. ਹਰਭਜਨ ਸਿੰਘ ਨੇ ਦੱਸਿਆ ਕਿ ਉਹ ਠੀਕ ਤਰ੍ਹਾਂ ਚਲ ਰਿਹਾ ਏ। ਪਰ ਦੀਨ ਦਿਆਲ ਜੀ ਦੀ ਇਹ ਇਛਾ ਰਹੀ ਹੈ ਕਿ ਅਸੀਂ 'ਆਪਣੀ ਜਗਾਹ' ਬੰਬਈ ਵਿਚ ਬਣਾਈਏ। ਅਸੀਂ ਅੱਗੇ ਕਈ ਨਿੱਕੇ ਨਿੱਕੇ ਠੇਕਿਆਂ ਵਿਚ ਫਸੇ ਹੋਏ ਸਾਂ, ਹੁਣ ਉਹ ਸਾਰੇ ਕਲੀਅਰ ਹੋ ਗਏ ਹਨ ਤੇ ਰਕਮਾਂ ਪ੍ਰਾਪਤ ਹੋ ਰਹੀਆਂ ਹਨ। ਹੁਣ ਬਸ ਬੰਬਈ ਵਿਚ ਹੀ ਜਗਾਹ ਸਾਧ ਸੰਗਤ ਜੋਗਾ ਬਣਾ ਲੈਣੀ ਹੈ।

ਹਰਭਜਨ ਸਿੰਘ ਜੀ ਨੇ ਦੱਸਿਆ ਕਿ ਸੱਚੇ ਪਾਤਸ਼ਾਹ ਵਿਹਾਰਕ ਤੌਰ ਤੇ ਵੀ ਤਿਖਾ ਸੋਚ ਲੈਂਦੇ ਹਨ। ਬੰਬਈ ਵਿਚ ਜੇ ਅਸੀਂ ਇਕ ਨਿੱਕੀ ਜੇਹੀ ਕੋਠੀ ਵੀ ਪਾ ਲਈਏ ਤਾਂ ਤੀਹ ਲੱਖ ਦਾ ਲਾਭ ਹੋ ਜਾਂਦਾ ਹੈ। ਸਾਡੀ ਠੇਕੇਦਾਰੀ ਬੰਬਈ ਵਿਚ ਵੀ ਚਲ ਸਕਦੀ ਹੈ।

ਨਵੇਂ ਕੰਮਾਂ ਬਾਰੇ ਪੁੱਛਣ ਤੇ ਸ. ਹਰਭਜਨ ਸਿੰਘ ਬੋਲੇ : 3 ਕਰੋੜ ਦਾ ਠੇਕਾ ਅਸਾਂ ਐਨ ਵੇਲੇ ਸਿਰ ਪੂਰਾ ਕਰ ਦਿਤਾ ਹੈ। ਹੁਣ ਸਤਿਗੁਰਾਂ ਦੀ ਕਿਰਪਾ ਨਾਲ 13 ਕਰੋੜ ਰੁਪਏ ਦਾ ਨਵਾਂ ਕੰਮ ਮਿਲਿਆ ਹੈ। ਅਸੀਂ ਤਾਂ ਬਹਾਨਾ ਮਾਤਰ ਹੀ ਹਾਂ, ਕੰਮ ਤਾਂ ਸਤਿਗੁਰੂ



Sri Satguru Jagjit Singh Ji Elibrary NamdhariElibrary@gmail.com

ਹੀ ਕਰਵਾਂਦੇ ਹਨ। ਸਾਨੂੰ ਤਾਂ ਆਪ ਮਾਣ ਹੀ ਬਖਸ਼ਦੇ ਹਨ।

ਏਨੀ ਨਿਰਮਾਣਤਾ ਕਿਸੇ ਗੁਰੂ ਦੇ ਪਿਆਰੇ ਵਿਚ ਹੀ ਹੋ ਸਕਦੀ ਹੈ।

**ਬੀਬੀ ਰਵੇਲ ਕੌਰ ਨਮਿਤ ਭੋਗ**

ਅੱਜ 2 ਤੋਂ 4 ਵਜੇ ਤਕ ਪੰਜਾਬੀ ਬਾਗ਼ ਕਲੱਬ ਦੇ ਸਾਹਮਣੇ ਸ. ਵਜ਼ੀਰ ਸਿੰਘ ਦੀ ਕੋਠੀ ਵਿਚ ਉਨ੍ਹਾਂ ਦੀ ਧਰਮਪਤਨੀ ਬੀਬੀ ਰਵੇਲ ਕੌਰ (80) ਨਮਿਤ ਭੋਗ ਸੀ। ਸ੍ਰੀ ਗੁਰਦੇਵ ਸਿੰਘ ਸਰੋਦ ਨਾਲ ਮੈਂ ਭੋਗ ਤੇ ਗਿਆ। ਸਾਹਮਣਾ ਕੋਠੀ ਦੇ ਖੁਲ੍ਹੇ ਦਾਲਾਨ ਵਿਚ ਵਿਛਾਈਆਂ ਤੇ ਸਾਧ ਸੰਗਤ ਦਾ ਬੈਠਣ ਸੀ। ਨਾਮਧਾਰੀ ਸਿੰਘਾਂ ਨੇ ਪਾਠ ਕੀਤਾ ਹੋਇਆ ਸੀ।

ਪਹਿਲਾਂ 2 ਤੋਂ 2.30 ਤਕ ਗੁਰਦੇਵ ਸਿੰਘ, ਮੋਹਣ ਸਿੰਘ, ਸੁਖਦੇਵ ਸਿੰਘ ਹੁਰਾਂ ਕੀਰਤਨ ਕੀਤਾ। 3.30 ਦਿੱਲੀ ਦੀ ਸੇਵਾ ਜਥੇਦਾਰ ਸੇਵਾ ਸਿੰਘ ਨੇ ਗੁਰਮਤ ਅਨੁਸਾਰ ਜੀਵਨ ਜਾਚ ਦੱਸੀ। ਪੰਜਾਬੀ ਬਾਗ਼ ਕਲੱਬ ਅਤੇ ਗੁਰੂ ਨਾਨਕ ਪਬਲਿਕ ਸਕੂਲ ਦੇ ਮਤੇ ਮੇਰੇ ਦੁਆਰਾ ਪੜ੍ਹੇ ਜਾਣ ਉਪ੍ਰੰਤ ਭੋਗ ਦੇ ਸਲੋਕ ਪੜ੍ਹੇ ਗਏ।

ਭਰਪੂਰ ਗਿਣਤੀ ਵਿਚ ਹਾਈ ਸੋਸਾਇਟੀ ਦੇ ਲੋਗ ਭੋਗ ਮੌਕੇ ਆਏ। ਮੰਡੀ ਤੋਂ ਕੁੜਮ ਸੰਤ ਗਿਆਨ ਸਿੰਘ, ਸ. ਇੰਦਰ ਸਿੰਘ, ਸ. ਸਤਿਪਾਲ ਸਿੰਘ ਸਨੇਹੀ, ਅਤੇ ਹੋਰ ਸਰੀਰਾਂ, ਕਾਨ੍ਹਪੁਰੋਂ ਸ. ਕਪੂਰ ਸਿੰਘ, ਸ. ਪ੍ਰੀਤਮ ਸਿੰਘ ਆਈ.ਜੀ. ਪੁਲਿਸ ਹਰਿਆਣਾ, ਸ. ਸੁਲੱਖਣ ਸਿੰਘ ਦਿੱਲੀ ਗੁ: ਪ੍ਰਬੰਧਕ ਕਮੇਟੀ, ਸ. ਹਰਵਿੰਦਰ ਸਿੰਘ ਹੰਸਪਾਲ ਐਮ. ਪੀ. ਆਦਿ ਹੋਰ ਅਨੇਕਾਂ ਨਾਮਧਾਰੀ ਸਜਣ ਸਨ। ਪਰਵਾਰ ਵਲੋਂ ਆਏ ਹੋਏ ਸਾਰੇ ਸਰੀਰਾਂ ਨੂੰ ਲੰਗਰ ਪਾਣੀ ਛਕਾਇਆ ਗਿਆ।

ਸ. ਜਸਵੰਤ ਸਿੰਘ ਮਾਟਾ ਨੇ ਆਪਣੀ ਮਾਤਾ ਬਾਰੇ ਜ਼ਿਕਰ ਕਰਦਿਆਂ ਦੱਸਿਆ : ਬੀਬੀ ਜੀ ਅੰਮ੍ਰਿਤ ਵੇਲੇ ਉਠ, ਸਵੇਰੇ ਇਸ਼ਨਾਨ ਕਰ, ਮਾਲਾ ਫੇਰ ਕੇ, ਦਿਨ ਚੜ੍ਹੇ ਕੰਠ ਬਾਣੀ ਪੜ੍ਹਦੇ ਅਤੇ ਫਿਰ ਟੇਪਰਿਕਾਰਡਰ ਲਾਕੇ ਸੰਤ ਦਰਸ਼ਨ ਸਿੰਘ - ਖਜ਼ਾਨ ਸਿੰਘ - ਹਰਬੰਸ ਸਿੰਘ ਦਾ ਕੀਰਤਨ ਸੁਣਦੇ। ਅਤੇ ਅਜੇ ਵੀ ਉਨ੍ਹਾਂ ਦੀ ਉਦਾਰਤਾ ਦਾ ਏਹ ਹਾਲ ਸੀ ਕਿ ਵੱਡੇ ਹੋਣ ਦੇ ਨਾਤੇ ਸਾਰੇ ਪੰਜਾਂ ਭਰਾਵਾਂ ਦਾ ਕੋਈ ਰਿਸ਼ਤੇਦਾਰ ਜਾਂ ਨਾਮਧਾਰੀ ਸੰਗਤ ਵਿਚੋਂ ਕੋਈ ਵੀ ਜਣਾ ਆਉਂਦਾ ਪਹਿਲਾਂ ਉਹਨਾਂ ਦੇ ਦਰਸ਼ਨ ਕਰਨ ਜਾਂਦਾ। ਅਤੇ ਉਹ ਤਦ ਤਕ ਕੋਲੋਂ ਹਿਲਣ ਨ ਦਿੰਦੇ ਜਦੋਂ ਤਕ ਭਰਪੂਰ ਛਕਣ ਛਕਾਣ ਨ ਕਰ ਲੈਂਦੇ। ਹੋਰ ਕਿਸੇ ਦੀ ਸੇਵਾ ਲੈਣ ਉਹ ਜਾਣਦੇ ਹੀ ਨਾ।

ਸ. ਜਸਵੰਤ ਸਿੰਘ ਨੇ ਇਹ ਵੀ ਦੱਸਿਆਂ ਕਿ ਕੱਲ ਰਾਤੀ ਸ੍ਰੀ ਸਤਿਗੁਰੂ ਜੀ ਨੇ ਉਨ੍ਹਾਂ ਦੀ ਕੋਠੀ ਦਰਸ਼ਨ ਦਿਤੇ। ਸਾਡਾ ਬੜਾ ਜੀ ਕਰਦਾ ਸੀ ਆਪ ਭੋਗ ਸਮੇਂ ਦਰਸ਼ਨ ਦਿੰਦੇ ਪਰ ਉਨ੍ਹਾਂ ਦੇ ਪਹਿਲਾਂ ਨਿਸਚਿਤ ਪ੍ਰੋਗਰਾਮ ਅਨੁਸਾਰ ਉਨ੍ਹਾਂ ਪਾਸ ਸਮਾਂ ਨਹੀਂ ਸੀ ਤਾਂ ਵੀ ਹੰਸਪਾਲ ਜੀ ਦੁਆਰਾ ਕੀਤੀ ਸਾਡੀ ਬੇਨਤੀ ਨੂੰ ਫਲ ਲਗਾ। ਅਸਾਂ ਯੋਗ ਭੇਟਾ ਪੂਜਾ ਕੀਤੀ।

ਸ. ਦਰਸ਼ਨ ਸਿੰਘ - ਜਸਵੰਤ ਸਿੰਘ ਆਦਿ ਭਰਾਵਾਂ ਨੇ ਸੰਗਤ ਨੂੰ ਪ੍ਰੇਮ ਪੂਰਬਕ ਪ੍ਰਸ਼ਾਦ ਛਕਾਇਆ।



Sri Satguru Jagjit Singh Ji Elibrary NamdhariElibrary@gmail.com

## 17 ਜਨਵਰੀ 1983, ਸੋਮਵਾਰ
## ਨਵੀਂ ਦਿੱਲੀ

ਅੱਜ ਅਤੇ ਕੱਲ ਮਲੇਰ ਕੋਟਲੇ ਵਿਚ ਹੋਏ ਨਾਮਧਾਰੀ ਸ਼ਹੀਦ ਸਿੱਖਾਂ ਦੀ ਯਾਦ ਵਿਚ ਮਲੇਰ ਕੋਟਲੇ ਦੇ ਰਕਬੇ ਵਿਚ ਮੇਲਾ ਹੁੰਦਾ ਹੈ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਇਸ ਮੇਲੇ ਤੇ ਜੁੜੀਆਂ ਸੰਗਤਾਂ ਨੂੰ ਹੋਣਗੇ ਹੀ। ਕੱਲ ਇਕ ਤਕੜਾ ਜਲੂਸ ਲੁਧਿਆਣੇ ਵੀ ਨਿਕਲਣਾ ਹੈ। ਦਿਲੀਓਂ ਸੰਗਤਾਂ ਅਜ ਰਾਤੀ 10 ਵਜੇ ਤੁਰਨਗੀਆਂ ਸਪੈਸ਼ਲ ਬਸਾਂ ਤੇ।

**ਸ. ਏਕਮ ਸਿੰਘ ਸੇਠ**

ਮੇਰੇ ਵਾਸਤੇ ਅੱਜ ਕੰਮ ਸੀ ਸ. ਏਕਮ ਸਿੰਘ ਪ੍ਰਧਾਨ ਨਾਮਧਾਰੀ ਸੰਗਤ ਬਰਮਿੰਘਮ ਨੂੰ ਜਾ ਕੇ ਹਵਾਈ ਅੱਡੇ ਤੇ ਸਵੇਰੇ 7.00 ਵਜੇ ਲਿਆਉਣਾ। ਏਕਮ ਸਿੰਘ (75) ਮੇਰੇ ਪੁਰਾਣੇ ਮਿਤਰ ਹਨ। ਇਹਨਾਂ ਇਕ ਦੋ ਚਿੱਠੀਆਂ, ਇਕ ਦੋ ਸੁਨੇਹਿਆਂ ਨਾਲ, ਮੈਨੂੰ ਪੱਕੀ ਕੀਤੀ ਹੋਈ ਸੀ। ਸਵੇਰੇ ਸਵੇਰੇ ਮੈਂ ਅਤੇ ਮੇਰੀ ਪਤਨੀ ਗੁਰਬਚਨ ਕੌਰ, ਵਡਾ ਲੜਕਾ ਮਨਧੀਰ ਸਿੰਘ ਤੇ ਇਸਦੀ ਸੁਪਤਨੀ ਜੁਗਿੰਦਰ ਕੌਰ, ਅਸੀਂ ਪਾਲਮ ਏਅਰਪੋਰਟ ਤੇ ਗਏ। ਸੀਰੀਅਨ ਏਅਰ ਲਾਈਨ ਤੇ ਸ. ਏਕਮ ਸਿੰਘ ਤੇ ਉਹਨਾਂ ਦੀ ਪਤਨੀ ਬੀਬੀ ਈਸ਼ਰ ਕੌਰ, ਇਕ ਨੌਜਵਾਨ ਸ. ਮਹਿੰਦਰ ਸਿੰਘ ਜਗ੍ਹੀ ਮਹਾਂ ਸਿੰਘ ਤੇ ਇਹਦੀ ਪਤਨੀ ਬੀਬੀ ਸੁਰਿੰਦਰ ਕੌਰ ਛੇਤੀ ਹੀ ਕਸਟਮ ਆਦਿ ਤੋਂ ਵੇਹਲੇ ਹੋ ਕੇ ਆ ਮਿਲੇ।

ਸ. ਮਹਿੰਦਰ ਸਿੰਘ ਨਾਮਧਾਰੀ ਧਰਮਸਾਲਾ ਦਾ ਵਾਈਸ ਪ੍ਰੈਜ਼ੀਡੈਂਟ ਹੈ। ਮੁਖ ਨਿਵਾਸ ਇਹਨਾਂ ਆਪਣੇ ਪੁਰਾਣੇ ਯਾਰ ਸ. ਫੁੰਮਣ ਸਿੰਘ ਕੰਵਲ ਦੇ ਕੰਵਲ ਕੁਟੀਆ, ਓਮਵਿਹਾਰ, ਉੱਤਮ ਨਗਰ ਵਿਚ ਰੱਖਿਆ ਅਤੇ ਕੱਲ ਦੀ ਮਿਲਣੀ ਫੇਰ ਕਰਨ ਲਈ ਨਿੱਖੜ ਗਏ।

ਮੈਨੂੰ ਲੁਧਿਆਣਾ ਸਮਾਗਮ ਵਿਚ ਆਪ ਸ਼ਾਮਲ ਹੋਣਾ ਚਾਹੀਦਾ ਹੈ ਪਰ ਮਿਤਰ ਆਗਮਨ ਤੇ ਧੀਠਾਈ ਕਰ ਰਿਹਾ ਹਾਂ। ਆਪਣੇ ਛੋਟੇ ਲੜਕੇ ਸੁਖਬੀਰ ਸਿੰਘ ਨੂੰ ਪਹਿਲੀ ਵਾਰ ਇਹ ਡਿਊਟੀ ਲਗਾਈ ਹੈ ਕਿ ਉਹ ਸਾਧ ਸੰਗਤ ਨਾਲ ਦਿੱਲੀਓਂ ਬਸਾਂ ਤੇ ਜਾਵੇ ਅਤੇ ਸਾਰਾ ਫੰਕਸ਼ਨ ਸਮਝੇ ਅਤੇ ਫੋਟੋ ਗ੍ਰਾਫੀ ਕਰ ਲਿਆਵੇ।

**ਸੱਦਾ ਪੱਤਰ**

ਅੱਜ ਹੀ ਮੈਨੂੰ ਉਹ ਛਪਿਆ ਹੋਇਆ ਸੱਦਾ ਪੱਤਰ ਪ੍ਰਾਪਤ ਹੋਇਆ ਜੋ ਲੁਧਿਆਣਾ ਦੀ ਸੰਗਤ ਨੇ ਨਾਮਧਾਰੀਆਂ ਨੂੰ 18.1.83 ਨੂੰ ਜਲੂਸ ਵਿਚ ਸ਼ਾਮਲ ਹੋਣ ਲਈ ਭੇਜਿਆ ਗਿਆ ਸੀ। ਕਾਰਡ ਦਾ ਪਾਠ ਇਸ ਪ੍ਰਕਾਰ ਹੈ:

*੧ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।*

*ਮਰ ਚੁਕੀ ਸਿੱਖੀ ਨੂੰ ਸੁਰਜੀਤ ਕਰਨ ਵਾਲੇ, ਪਰਮ ਰਖਿਅਕ, ਦੇਸ਼ ਸੁਤੰਤਰਤਾ ਦੇ ਬਾਨੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਗਮਨ ਦਿਵਸ ਦੇ ਸੰਬੰਧ ਵਿਚ ਇਕ ਮਹਾਨ ਨਗਰ ਕੀਰਤਨ*

*ਸ੍ਰੀ ਮਾਨ ———————— ਜੀ*



Sri Satguru Jagjit Singh Ji Elibrary NamdhariElibrary@gmail.com

*ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 167 ਵੇਂ ਪ੍ਰਕਾਸ਼ ਉਤਸਵ ਦੇ ਸੰਬੰਧ ਵਿਚ ਨਾਮਧਾਰੀ ਸੰਗਤ ਲੁਧਿਆਣਾ ਵਲੋਂ 18 ਜਨਵਰੀ 1983 (4 ਮਾਘ 2039) ਦਿਨ ਮੰਗਲਵਾਰ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਮਿਊਨਸਪਲ ਪਾਰਕ, ਪ੍ਰਤਾਪ ਨਗਰ, ਲੁਧਿਆਣਾ ਤੋਂ ਇਕ ਬੜਾ ਭਾਰੀ ਨਗਰ ਕੀਰਤਨ (ਜਲੂਸ) ਨਿਕਲ ਰਿਹਾ ਹੈ। ਇਸ ਵਿਚ ਹਰੇਕ ਧਰਮ ਨਾਲ ਸੰਬੰਧਤ ਲੋਕ ਹਿੱਸਾ ਲੈ ਰਹੇ ਹਨ। ਹੋਰ ਮੁਖੀ ਜਥੇਦਾਰਾਂ ਤੇ ਪਤਵੰਤੇ ਸਜਣਾਂ ਦੇ ਵਿਚਾਰ ਸੁਣਨ ਲਈ ਆਪ ਸਭ ਦੇ ਦਰਸ਼ਨ ਕਰਕੇ ਹਾਰਦਿਕ ਪ੍ਰਸੰਨਤਾ ਹੋਵੇਗੀ।*

ਸ਼ੁਭ ਚਿੰਤਕ

ਨਾਮਧਾਰੀ ਸੰਗਤ, ਲੁਧਿਆਣਾ

*(ਸੱਦਾ ਪੱਤਰ ਦਾ ਦੂਜਾ ਪਾਸਾ)*

**ਪ੍ਰੋਗਰਾਮ**

**18 ਜਨਵਰੀ 1983 (4 ਮਾਘ 2039) ਦਿਨ ਮੰਗਲਵਾਰ**

ਨਗਰ ਕੀਰਤਨ ਸਵੇਰੇ 10 ਵਜੇ ਸਤਿਗੁਰੂ ਰਾਮ ਸਿੰਘ ਜੀ ਮਿਊਨਸਪਲ ਪਾਰਕ ਤੋਂ ਸ਼ੁਰੂ ਹੋਵੇਗਾ। ਫਿਰ ਸਤਿਗੁਰੂ ਪ੍ਰਤਾਪ ਸਿੰਘ ਚੌਕ ਤੋਂ ਗਿੱਲ ਬਾਈ ਪਾਸ ਚੌਕ, ਗਿੱਲ ਰੋਡ, ਵਿਸ਼ਵਕਰਮਾ ਚੌਕ, ਜੀ.ਟੀ. ਰੋਡ ਜਗਰਾਵਾਂ ਵਾਲਾ ਪੁਲ, ਘੰਟਾ ਘਰ ਚੌਕ, ਚੌੜਾ ਬਾਜ਼ਾਰ, ਤਿੰਨ ਨੰਬਰ ਡਿਵੀਜ਼ਨ ਤੋਂ ਖੁਡੇ ਮੁਹੱਲਾ, ਸਿਵਲ ਹਸਪਤਾਲ, ਕਲਗੀਧਰ ਗੁਰਦੁਆਰਾ, ਫੀਲਡ ਗੰਜ ਫਿਰ ਜੀ.ਟੀ. ਰੋਡ ਤੇ ਢੋਲੇ ਵਾਲ ਚੌਕ, ਲਿੰਕ ਰੋਡ ਤੋਂ ਹੁੰਦਾ ਹੋਇਆ ਸ਼ਾਮ ਨੂੰ ਵਾਪਸ ਸਤਿਗੁਰੂ ਰਾਮ ਸਿੰਘ ਮਿਊਨਸਪਲ ਪਾਰਕ ਵਿਖੇ ਸਮਾਪਤ ਹੋਵੇਗਾ।

ਨੋਟ : ਨਗਰ ਕੀਰਤਨ ਕਰਦੇ ਸਮੇਂ ਗੁਰਬਾਣੀ ਕੀਰਤਨ, ਭਜਨ, ਗੀਤ ਜਾਂ ਗੁਰ ਸਾਖੀਆਂ ਤੋਂ ਬਗੈਰ ਕੋਈ ਰਾਜਨੀਤਕ ਲੈਕਚਰ ਜਾਂ ਨਾਅਰੇਬਾਜ਼ੀ ਨਹੀਂ ਹੋਵੇਗੀ।

ਇਸ ਸੰਬੰਧ ਵਿਚ ਰੋਜ਼ਾਨਾ ਨਵਾਂ ਜ਼ਮਾਨਾ ਜਲੰਧਰ ਵਿਚ ਇਕ ਖਬਰ ਵੀ ਲਗੀ।

**ਹਮਰਾਹੀ ਦੀ ਚਿੱਠੀ**

ਅੱਜ ਮੈਨੂੰ ਭੁੰਤਰ (ਹਿ:ਪ੍ਰ:) ਵਿਖੇ ਆਪਣੇ ਦਾਮਾਦ ਸ. ਕੇਹਰ ਸਿੰਘ ਹਮਰਾਹੀ ਦੀ ਇਕ ਚਿੱਠੀ ਮਿਲੀ। ਅਸਲ ਸ਼ਬਦ :

ਗਰੀਬ ਨਿਵਾਜ਼ ਜੀ ਸਾਡੇ ਕੋਲ 1.11.82 ਨੂੰ ਹਵਾਈ ਜਹਾਜ਼ ਰਾਹੀਂ ਪਹੁੰਚ ਗਏ ਸਨ। ਏਅਰ ਪੋਰਟ ਤੋਂ ਬਾਹਰ ਗੇਟ ਤਕ ਹਿੰਦੂ, ਮੁਸਲਿਮ, ਅਕਾਲੀ ਅਤੇ ਨਾਮਧਾਰੀ ਸਿੱਖ, ....ਹਥ ਵਿਚ ਮਾਲਾ ਤੇ ਫੁਲਾਂ ਦੀਆਂ, ਇਵੇਂ ਉਮੜੇ ਸਨ ਜਿਵੇਂ ਸਾਰਾ ਕਸਬਾ ਹੀ ਅੱਜ ਤੋਂ ਹੋ ਗਿਆ ਹੋਵੇ। ਸਰਕਾਰੀ ਮਸ਼ੀਨਰੀ ਦੇ ਐਸ. ਪੀ., ਡੀ. ਐਸ. ਪੀ. ਅਤੇ ਮੈਜਿਸਟਰੇਟ ਸਨ ਤੇ ਠੇਕਿਆਂ ਦੇ ਠਾਕਰ ਸਤ ਪ੍ਰਕਾਸ਼ ਜੀ ਸਨ। ਗਰੀਬ ਨਿਵਾਜ਼ ਜੀ ਨੂੰ ਕੋਈ 30 ਮਿੰਟ ਲਗਾ ਗਏ ਫੁਲਹਾਰ ਤੇ ਦਰਸ਼ਨ ਦੇ ਕੇ ਨਿਵਾਜਦਿਆਂ।

ਗੁੱਡੂ ਜੀ ਦੇ ਲਾਲ ਜੀ ਦਾ ਨਾਮ ਗਰੀਬ ਨਿਵਾਜ਼ ਜੀ ਨੇ ਬਚਿੱਤਰ ਸਿੰਘ ਰਖ ਦਿਤਾ ਹੈ। ਇਹ ਉਹ ਬਚਿੱਤਰ ਸਿੰਘ ਹੈ ਜਿਸ ਨੇ ਹਾਥੀ ਦਾ ਮੁਕਾਬਲਾ ਕੀਤਾ ਸੀ।

*ਹਮਰਾਹੀ*

*4.11.82*



Sri Satguru Jagjit Singh Ji Elibrary NamdhariElibrary@gmail.com

**ਬੇਅੰਤ ਸਿੰਘ ਦੀ ਚਿੱਠੀ**

ਏਸੇ ਤਰ੍ਹਾਂ, ਇਕ ਚਿੱਠੀ 12.12.82 ਦੀ ਬੈਂਕਾਕ ਤੋਂ — ਸੰਤ ਬੇਅੰਤ ਸਿੰਘ ਦੀ ਲਿਖੀ ਹੋਈ ਚਿੱਠੀ ਅੱਜ ਹੱਥ ਲਗੀ ਹੈ। ਕੁਛ ਸ਼ਬਦ ਇਸ ਵਿਚੋਂ ਵੀ ਲਿਖਣੇ ਬਣਦੇ ਹਨ। ਸੰਤ ਬੇਅੰਤ ਸਿੰਘ ਸੰਤ ਨਗਰ (ਸਿਰਸਾ) ਸਤਿਗੁਰੂ ਜੀ ਦੀ ਆਗਿਆ ਅਧੀਨ ਸਾਲ ਡੇਢ ਸਾਲ ਦਾ ਬੈਂਕਾਕ ਗਿਆ ਹੋਇਆ ਹੈ। ਓਥੇ ਸੋਇ ਅਸੋਕ ਧਰਮਸਾਲਾ ਵਿਚ ਸੇਵਾ ਕਰਦਾ ਹੈ। ਉਸਦੇ ਕੁਛ ਸ਼ਬਦ:

*ਅੱਜ ਬੜੀ ਯਾਦ ਆਈ ਸੀ। ਮਨ ਵੀ ਕਈ ਮਹੀਨਿਆਂ ਤੋਂ ਉਦਾਸ ਹੀ ਰਹਿੰਦਾ ਹੈ। ਕੁਝ ਇਹ ਹੈ ਕਿ ਬੱਚੇ ਆਏ ਸਨ, ਚਾਰ ਕੁ ਮਹੀਨਿਆਂ ਦੇ ਕਰੀਬ ਰਹਿਕੇ ਵਾਪਸ ਮੁੜ ਗਏ ਹਨ। ਤਾਂਵੇਂ ਹੋਰ ਵੀ ਰਹਿ ਸਕਦੇ ਸਨ ਪਰ ਪ੍ਰਧਾਨ ਜੀ ਦੇ ਹੁਕਮ ਅਨੁਸਾਰ ਭੇਜਣੇ ਪਏ ਸਨ। ਕੁਝ ਇਹ ਹੈ ਕਿ ਪਹਿਲਾਂ ਮੈਂ ਬੱਚੇ ਵੀ ਘਰਾਂ ਵਿਚ ਪੜ੍ਹਾਉਂਦਾ ਸਾਂ, ਦਿਲ ਲਗਾ ਰਹਿੰਦਾ ਸੀ। ਦਿਹਾੜੀ ਨਿਕਲ ਜਾਂਦੀ ਸੀ। ਨਾਲੇ ਆਮਦਨ ਦਾ ਜ਼ਰੀਆ ਵੀ ਬਣਿਆ ਹੋਇਆ ਸੀ। ਉਹ ਵੀ ਕੰਮ ਹੁਣ ਬੰਦ ਕੀਤਾ ਹੋਇਆ ਹੈ। ਹੁਕਮ ਅਨੁਸਾਰ ਹੁਣ ਪਰਯੋਗ ਵਿਚ ਡਿਊਟੀ ਹੈ। ਸੱਚੇ ਪਾਤਸ਼ਾਹ ਦੀ ਕਿਰਪਾ ਸਦਕਾ ਸਾਰੇ ਹੀ ਪਿਆਰ ਦੇਂਦੇ ਹਨ। ਪੜ੍ਹਾਈ ਵਾਸਤੇ ਸਭ ਕਹਿੰਦੇ ਹਨ ਪਰ ਪ੍ਰਧਾਨ ਜੀ ਕਹਿੰਦੇ ਹਨ ਹੁਕਮ ਨਹੀਂ। ਮੈਂ ਹੁਕਮ ਮੰਨ ਕੇ ਮਨ ਵਿਚ ਤਸੱਲੀ ਸਮਝ ਲੈਂਦਾ ਹਾਂ ਕਿ ਹੁਕਮ ਜੋ ਹੈ ਉਹ ਮੇਰੇ ਭਲੇ ਵਾਸਤੇ ਹੀ ਹੈ। ਸਤਿਗੁਰੂ ਜੀ ਦੇ ਆਉਣ ਤੇ ਅਰਜ਼ ਕਰ ਲਵਾਂਗਾ। ਮਨ ਵਿਚ ਸ਼ਾਂਤੀ ਹੈ ਕਾਹਲ ਨਹੀਂ।*

*ਇਕੋ ਅਰਜ਼ ਹੈ ਕਿ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਨਾਲ ਬਣੀ ਰਹੇ। ਹੋਰ ਕੁਝ ਨਹੀਂ ਚਾਹੀਦਾ। ਉਨ੍ਹਾਂ ਦੀ ਬਖ਼ਸ਼ਸ਼ ਚਾਹੀਦੀ ਹੈ।*

—ਬੇਅੰਤ ਸਿੰਘ ਸੇਖਲ

**18 ਜਨਵਰੀ 1983, ਮੰਗਲਵਾਰ**
**ਨਵੀਂ ਦਿੱਲੀ**

**'ਨਵਾਂ ਜ਼ਮਾਨਾ' ਦੀ ਖ਼ਬਰ**

ਇਕ ਖ਼ਬਰ ਰੋਜ਼ਾਨਾ 'ਨਵਾਂ ਜ਼ਮਾਨਾ' ਜਲੰਧਰ ਵਿਚ ਲਗੀ: ਜਲੰਧਰ, 17 ਜਨਵਰੀ——ਨਾਮਧਾਰੀ ਪੰਥ ਦੇ ਸੰਸਥਾਪਕ ਸਤਿਗੁਰ ਰਾਮ ਸਿੰਘ ਦਾ 167 ਵਾਂ ਜਨਮ ਦਿਵਸ ਵਖ-ਵਖ ਥਾਵਾਂ ਤੇ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਸੰਬੰਧ ਵਿਚ ਲੁਧਿਆਣਾ ਵਿਖੇ ਮੰਗਲਵਾਰ 18 ਤਾਰੀਖ਼ ਨੂੰ ਇਕ ਵਿਸ਼ਾਲ ਨਗਰ ਕੀਰਤਨ ਨਿਕਲ ਰਿਹਾ ਹੈ, 19 ਜਨਵਰੀ ਬੁਧਵਾਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ ਛਤਰ ਛਾਇਆ ਹੇਠ ਇਕ ਮੇਲਾ ਹੋ ਰਿਹਾ ਹੈ, ਇਥੇ ਹੀ 20 ਜਨਵਰੀ ਨੂੰ ਸਮੂਹਕ ਅਨੰਦ-ਕਾਰਜ ਕੀਤੇ ਜਾਣਗੇ। ਜਲੰਧਰ ਵਿਚ ਨਾਮਧਾਰੀ ਧਰਮਸ਼ਾਲਾ ਸੈਂਟਰਲ ਟਾਊਨ ਵਿਖੇ ਇਹ ਸਮਾਗਮ ਐਤਵਾਰ 23 ਜਨਵਰੀ ਨੂੰ ਕੀਤਾ ਜਾ ਰਿਹਾ ਹੈ, ਇਹ ਖ਼ਬਰ ਨਾਮਧਾਰੀ ਸੰਗਤ ਦੇ ਇਕ ਬੁਲਾਰੇ ਸ੍ਰੀ ਜਗਦੀਸ਼ ਸਿੰਘ ਨੇ ਦਿੱਤੀ ਹੈ।



Sri Satguru Jagjit Singh Ji Elibrary NamdhariElibrary@gmail.com

**ਇੰਟਰਵੀਊ ਏਕਮ ਸਿੰਘ (75) ਨਾਲ**

ਸ. ਏਕਮ ਸਿੰਘ, ਪਤਨੀ ਬੀਬੀ ਈਸ਼ਰ ਕੌਰ ਨਾਲ ਦਿੱਲੀ ਆਇਆ ਅਤੇ ਸੰਤ ਤ੍ਰਿਮਣ ਸਿੰਘ ਵਲ ਠਹਿਰਿਆ ਹੈ, ਔਜ ਮੇਰੇ ਵਲ ਆਇਆ। ਮੈਂ ਉਹਦਾ ਇੰਟਰਵੀਊ ਲਿਆ, ਜਿਸਦਾ ਸੰਖੇਪ ਇਹ ਹੈ :

ਸ. ਏਕਮ ਸਿੰਘ ਸੰਧ ਪਿਤਾ ਸ. ਜੀਵਾ ਸਿੰਘ, ਮਾਤਾ ਪ੍ਰਭ ਕੌਰ, ਪਿੰਡ ਲਹਿਲੀ ਜ਼ਿਲਾ ਹੁਸ਼ਿਆਰ ਪੁਰ ਵਿਖੇ 1909 ਦੇ ਅਗਸਤ ਮਹੀਨੇ ਵਿਚ ਜਨਮਿਆ। ਪਿਤਾ ਇਸ ਦਾ ਚੰਗਾ ਮਿਸਤਰੀ ਸੀ, ਜਿਸਦਾ ਕੰਮ ਅੰਗਰੇਜ਼ਾਂ ਨੂੰ ਬੜਾ ਪਸੰਦ ਸੀ। ਇਸੇ ਲਈ ਇਹ ਉਹਨਾਂ ਦੇ ਕੰਮ ਕਸ਼ਮੀਰ ਅਤੇ ਸ਼ਿਮਲੇ ਵਿਚ ਜਾ ਕੇ ਕਰਦਾ ਰਿਹਾ। ਜ਼ਰੂਰ ਹੀ ਸ. ਜੀਵਾ ਸਿੰਘ ਵਡੇਰੀਆਂ ਰੀਝਾਂ ਵਾਲਾ ਹੋਵੇਗਾ ਕਿ ਉਹ 1934 ਵਿਚ ਅਫਰੀਕਾ ਵਿਚ ਚਲਾ ਗਿਆ। ਜਦੋਂ ਏਕਮ ਸਿੰਘ ਛੇਵੀ ਜਮਾਤ ਦਾ ਵਿਦਿਆਰਥੀ ਸੀ। ਓਦੋਂ 1927 ਵਿਚ ਉਹਦੇ ਪਿਤਾ ਨੂੰ ਸੱਟਾਂ ਲਗ ਗਈਆਂ ਹੋਣ ਤੇ ਬਹੁਤ ਬਿਮਾਰ ਹੋ ਜਾਣ ਕਾਰਨ ਅਫਰੀਕਾ ਸੱਦ ਲਿਆ। ਪਰ ਏਕਮ ਸਿੰਘ ਦੇ ਜਾਣ ਤਕ ਪਿਤਾ ਨੌ ਬਰ ਨੌ ਸੀ।

ਪਿਤਾ ਨਾਲ ਕੰਮ ਕਰਦਿਆਂ ਏਕਮ ਸਿੰਘ ਨੂੰ ਰੇਲਵੇ ਵਿਚ ਫੋਰਮੈਨ ਦੀ ਨੌਕਰੀ ਮਿਲ ਗਈ। ਅਫਰੀਕਾ ਵਿਚ ਮੇਂਦਵਾੜਾ ਫੈਲ ਜਾਣ ਨਾਲ ਇਹ 1932 ਵਿਚ ਭਾਰਤ ਆ ਗਿਆ। ਪਰ ਆਪਣੀ ਫੋਰਮੈਨੀ ਸਮੇਂ ਇਸ ਨੇ ਅਫਰੀਕਾ ਦੇ ਸਾਰੇ ਵਡੇ ਸ਼ਹਿਰ ਵੇਖ ਲਏ ਸਨ। ਵਿਆਹਿਆ ਗਿਆ ਤਾਂ ਬੀਬੀ ਈਸ਼ਰ ਕੌਰ ਦਾ ਤਾਇਆ ਕੋਟਾ, ਬਲੋਚਿਸਤਾਨ ਵਿਚ ਰਹਿੰਦਾ ਸੀ, ਇਸ ਪਾਸ ਜਾਕੇ ਆਪਣੇ ਤੌਰ ਤੇ ਕੰਮ ਕਰਦਾ ਰਿਹਾ। ਸਾਰਾ ਸਿੰਧ ਤੇ ਬਲੋਚਿਸਤਾਨ ਵੀ ਘੁੰਮ ਫਿਰਕੇ ਵੇਖ ਲਿਆ। 5-7 ਸਾਲ ਏਸੇ ਇਲਾਕੇ ਵਿਚ ਕੰਮ ਕੀਤਾ। 1935 ਵਿਚ ਪ੍ਰਸਿੱਧ ਕੋਟੇ ਦਾ ਭੁਚਾਲ ਆਇਆ। ਏਥੋਂ ਨਿਕਲ ਏਕਮ ਸਿੰਘ ਈਰਾਨ ਚਲਾ ਗਿਆ। ਆਪਣੇ ਕੰਮ ਦੁਆਰਾ ਈਰਾਨ ਦੇ ਸ਼ਹਿਰਾਂ ਦਾ ਦਰਸ਼ਨ ਕੀਤਾ।

ਭਾਰਤ ਦੀ ਵੰਡ ਸਮੇਂ 1947 ਵਿਚ ਕੋਟੇ ਵਿਚੋਂ ਇਕ ਫੌਜੀ ਮਿਤਰ ਦੀ ਵਰਦੀ ਪਹਿਨ ਅਤੇ ਗੰਨ ਲੈ ਕੇ, ਫੌਜੀ ਬਣਕੇ, ਲਾਹੌਰ ਆ ਗਿਆ। ਏਥੇ ਤ੍ਰੈ ਦਿਨ ਉਹ ਮੁਸੀਬਤਾਂ ਵੇਖੀਆਂ ਜੁ ਪਾਕਿਸਤਾਨ ਬਣ ਜਾਣ ਦੀ ਖੁਸ਼ੀ ਵਿਚ ਵਾਹੀਆਂ ਗਈਆਂ। ਤਿੰਨ ਦਿਨ ਭੁਖਣ ਭਾਣੇ ਕਹਿਕੇ ਗਰਮੀ ਦੇ ਦਿਨਾਂ ਵਿਚ ਗਰਮਪਾਣੀ ਦੇ ਘੁੱਟ ਪੀਤੇ। ਤਿੰਨ ਦਿਨ ਗੱਡੀ ਵਿਚ ਰਿਹਾ। ਇਥੇ ਸੀਖੇ ਤਿੜਕੇ ਹੋਏ, ਅਕਾਲ ਪੁਰਖ ਨੇ ਪੁਕਾਰ ਸੁਣੀ ਤਾਂ ਤੀਜੇ ਦਿਨ ਫੌਜੀ ਗੱਡੀ ਚੱਲੀ ਅਤੇ ਇਹ ਲਾਹੌਰੋਂ ਅੰਮ੍ਰਿਤਸਰ ਆ ਗਿਆ।

1942 ਵਿਚ ਸ. ਏਕਮ ਸਿੰਘ ਫਿਰ ਅਫਰੀਕਾ ਗਿਆ। ਇਸਨੇ ਪਹਿਲੀ ਨੌਕਰੀ ਦੀ ਹਾਸਲ ਕੀਤੀ ਤੇ ਸ਼ਹਿਰ ਦੇ ਜੰਗਲਾਂ ਵਿਚ ਰਹਿੰਦਿਆਂ ਰੋਜ਼ 5-7 ਜਾਨਵਰ ਮਾਰਨੇ, ਭੁੰਨਣੇ ਤੇ ਤੇਲ ਦੇ ਕੜਾਹਾਂ ਪੀ ਕੇ ਕਾਫੀ ਕਾਫੀ ਦਾ ਅਨੰਦ ਲੁਟਣਾ।

1953 ਈ. ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਹਿਲੀ ਵਾਰ ਅਫਰੀਕਾ ਵਿਚ ਦਰਸ਼ਨ ਦਿੱਤੇ। ਸੂਬਾ ਸੰਤ ਅਵਤਾਰ ਸਿੰਘ ਜੀ ਦੀ ਪ੍ਰੇਰਨਾ ਨਾਲ ਇਹ ਸਤਿਗੁਰੂ ਜੀ ਦੇ ਸੁਆਗਤ ਲਈ ਆ ਗਿਆ। ਸਿੱਖਾਂ ਦੇ ਕਹਿਣ ਤੇ ਇਸਨੇ ਸਤਿਗੁਰਾਂ ਦੇ ਸਤਿਕਾਰ ਹਿਤ ਕਢੇ ਜਲੂਸ ਵਿਚ ਗਤਕੇ ਦੇ ਕਰਤਬ ਵਿਖਾਏ ਤੇ ਤਲਵਾਰਾਂ ਘੁਮਾਈਆਂ। ਜਦੋਂ ਸਤਿਗੁਰਾਂ ਦੀ ਹਜ਼ੂਰੀ ਵਿਚ ਮਾਸਾਹਾਰੀ ਏਕ ਸਿੰਘ ਸਜਣ ਲਗੇ ਤਾਂ ਸ. ਮੇਹਰਬਾਨ ਸਿੰਘ ਨੇ ਇਸਨੂੰ



Sri Satguru Jagjit Singh Ji Elibrary NamdhariElibrary@gmail.com

ਦੀ ਵੈਰਾਗਰਿਆ ਕਿ ਜਨਮ ਲੈ ਕੇ ਜਨਮ ਸਵਾਰੇ।

ਸਤਿਗੁਰੂ ਜੀ ਨੇ ਕਿਰਪਾ ਕੀਤੀ। ਇਹਦੀਆਂ ਸ਼ਰਤਾਂ ਵੀ ਮੰਨੀਆਂ ਗਈਆਂ। ਪਿਛਲੇ ਸਾਰੇ ਗੁਨਾਹ ਬਖਸ਼ੇ, ਅੱਗੇ ਤੋਂ ਸੁਮਾਰਗ ਦੀ ਪ੍ਰੇਰਨਾ ਮਿਲੇਗੀ। ਮਾਸ ਸ਼ਰਾਬ ਤੇ ਜੀ ਨਹੀ ਕਰੇਗਾ ਅਤੇ ਜਦੋ ਸੂਬਾ ਦਸੌਂਧਾ ਸਿੰਘ ਜੀ ਨਗਰ ਨੇ, ਸ. ਇੰਦਰ ਸਿੰਘ ਗਿੱਲ ਤੇ ਇਹਦੇ ਕੰਨ ਵਿਚ ਫੂਕ ਮਾਰੀ, ਬਸ ਫਿਰ ਐਸੀ ਕਿਰਪਾ ਹੋਈ ਕਿ ਕੋਝੇ ਰੂਪ ਤੋਂ ਏਕਮ ਸਿੰਘ ਦੇਵ ਸਰੂਪ ਸੰਤ ਬਣ ਗਿਆ।

ਇਕ ਵਾਰ ਫਿਰ ਕੁਸੰਗਤ ਦੇ ਚੜ੍ਹੇ ਚੜ੍ਹ ਕੇ ਉਨ੍ਹਾਂ ਦੀ ਸਹਾਇਤਾ ਲਈ ਜਾਨਵਰ ਮਾਰਨ ਜੰਗਲ ਵਿਚ ਗਿਆ ਕਿ ਦੁਤਰਫੋਂ ਹੀ ਸ਼ੇਰਾਂ ਦੇ ਘੇਰੇ ਵਿਚ ਆ ਗਿਆ। ਫਿਰ ਆਪਣੇ ਸਤਿਗੁਰੂ ਯਾਦ ਆਏ। ਬੇਨਤੀ ਕੀਤੀ: ਤੇਰੇ ਬਿਨਾ ਹੋਰ ਕੋਈ ਨਹੀ ਮਦਦਗਾਰ। ਸ਼ੇਰਾਂ ਨੇ ਇਸ ਨੂੰ ਰਾਹ ਦੇ ਦਿਤਾ।

ਸ. ਏਕਮ ਸਿੰਘ ਨੇ ਪੁਰੀਗੜਾ ਹੋਲੇ ਸਭੋ ਵਡਾ ਕੰਮ ਕੀਤਾ। 1972 ਤੋਂ ਪੁਰੀਗੜਾ ਛਡ ਕੇ ਇੰਗਲੈਂਡ ਦੇ ਸ਼ਹਿਰ ਬਰਮਿੰਘਮ ਵਿਚ ਆ ਡੇਰੇ ਲਾਏ। ਜਿਥੇ ਇਸਨੇ ਸਾਰੀਆਂ ਹੀ ਸੰਸਥਾਵਾਂ ਦੇ ਮੁਖ ਗੁਰਦੁਆਰਿਆ ਤੋਂ ਵੱਡਾ ਗੁਰਦੁਆਰਾ ਬਣਾਇਆ। ਅਤੇ ਨਾਲ ਹੀ ਹੋਲਾ ਕਰਵਾਇਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨ

ਅੱਜ ਸਵੇਰੇ ਜਦੋ ਮੈਂ ਸ. ਏਕਮ ਸਿੰਘ ਨੂੰ ਓਮ ਵਿਹਾਰ ਤੋ ਲੈਣ ਗਿਆ ਤਾਂ ਉਨ੍ਹਾਂ ਦੇ ਨਾਲ ਬੈਠੇ ਸੰਤ ਭੂਮਣ ਸਿੰਘ ਨੇ ਕੁਝ ਪਿਛਲੀਆਂ ਘਟਨਾਵਾਂ ਸੁਣਾਈਆਂ।

(1) ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੂਜੇ ਅਫਰੀਕਾ ਦੌਰੇ ਦੀ ਗੱਲ ਹੈ ਕਿ ਦੀਨ ਦਿਆਲ ਜੀ ਨੇ ਚਾਰ ਨੈਰੋਬੀ ਦੇ ਸਿੰਘਾਂ ਨੂੰ ਨਾਲ ਲੈ ਸਿਟੀ ਪਾਰਕ ਵਿਚ ਘੁੰਮਦੇ ਘੁਮਾਂਦੇ ਫੁਲ ਫੁਲਵਾੜੀਆਂ ਵਿਚ ਗਏ ਤਾਂ ਸਾਨੂੰ ਸਾਰੇ ਹੀ ਸਿੰਘਾਂ ਨੂੰ ਸਤਿਗੁਰੂ ਜੀ ਪੁਛਿਆ : ਕਿਉਂ ਭਈ, ਦਸੋ ਖਾਂ, ਤੁਸੀ ਸਾਰੇ ਹੀ ਸਿਆਣੇ ਓ, "ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇਇ" ਦਾ ਕੀ ਅਰਥ ਹੈ ? ਉਸ ਘੜੀ ਅਸੀ ਸਾਰੇ ਹੀ, ਜਿਨ੍ਹਾਂ ਵਿਚ ਪੰ: ਗੋਪਾਲ ਸਿੰਘ ਵੀ ਸਨ ਸੋਚਾਂ ਵਿਚ ਪੈ ਗਏ। ਸਾਨੂੰ ਇਸ ਕਿਵੇਂ ਜੇਹੇ ਸ਼ਬਦ ਨੇ ਦੁਬਿਧਾ ਵਿਚ ਪਾ ਦਿਤਾ। ਸਾਡੀ ਚੁਪ ਵੇਖਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੀ ਕਿਰਪਾ ਕੀਤੀ, "ਨਹੀ ਨ ਪਤਾ ਲਗਾ। ਹੁਣ ਤੁਹਾਨੂੰ ਆਪਣੇ ਆਪ ਸਮਝ ਆ ਜਾਵੇਗੀ।—"

ਇਕ ਤਾਂ ਇਸ ਸ਼ਬਦ ਨਾਲ ਸਾਡੀ ਪੰਡਤਾਈ ਟੋਹ ਲਈ। ਦੂਜੇ ਸਾਨੂੰ ਸਹਿਜੇ ਸਹਿਜੇ ਆਪ ਹੀ ਉਤਰ ਸਪਸ਼ਟ ਹੋਗਿਆ : ਸਤਿਗੁਰੂ ਨਿਰਗੁਣੇ ਆਦਮੀਆਂ ਨੂੰ ਗੁਣਾ ਦੀ ਬਖਸ਼ਸ਼ ਕਰਦਾ ਹੈ ਅਤੇ ਜੋ ਪਹਿਲਾਂ ਹੀ ਗੁਣਵਾਨ ਹਨ ਉਹਨਾਂ ਨੂੰ ਹੋਰ ਵੀ ਗੁਣਾਂ ਦੀ ਕਿਰਪਾ ਕਰਦਾ ਹੈ, ਜਦੋ ਉਹ ਦਇਆ ਦੇ ਘਰ ਹੋਵੇ।

(2) ਇਸੇ ਵਾਰ ਦੇ ਦੌਰੇ ਦੀ ਗੱਲ ਹੈ ਕਿ ਸਤਿਗੁਰੂ ਜੀ ਨੇ ਪ੍ਰਬੰਧਕਾਂ ਵਲੋਂ ਨਿਸਚਿਤ ਪ੍ਰੋਗਰਾਮਾਂ ਤੋਂ ਇਲਾਵਾ, ਜਿਵੇ ਤੌਰ ਤੇ ਇਕ ਗਰੀਬ ਸਿੰਘ ਨੂੰ ਦਰਸ਼ਨ ਦੇਣ ਦਾ ਮਨ ਬਣਾ ਲਿਆ। ਸਾਰੇ ਨਾਲ ਦੇ ਸਭੇ ਸਮੇਤ ਸਹਿਰ ਅਲੱਗੇ ਜਿਥੇ ਪਹੁੰਚ ਗਏ ਸਾਡੀ ਅਗਵਾਈ ਕਰਕੇ। ਜਦੋਂ ਸਾਨੂੰ ਪਤਾ ਲਗਾ ਕਿ ਇਸ ਜੁਗਿੰਦਰ ਸਿੰਘ ਨੂੰ ਦਰਸ਼ਨ



Sri Satguru Jagjit Singh Ji Elibrary NamdhariElibrary@gmail.com

ਦੇਣ ਚਲੇ ਹ.ਨ ਤਾਂ ਸਾਰੇ ਹੋ ਕਿਸੇ ਨੇ ਵੀ ਉਹਦੇ ਚਰਿਤਰ ਨੂੰ ਚੰਗਾ ਨ ਦੱਸਿਆ ਕਿ ਉਹਨੂੰ ਕੀ ਕਰਨ ਨੂੰ ਦਰਸ਼ਨ ਦੇਣੇ ਹਨ, ਉਹਦੇ ਵਿਚ ਤਾਂ ਕੋਈ ਸਿਫਤ ਸਿੱਖਾਂ ਵਾਲੀ ਨਹੀਂ।

ਪਰ ਸਤਿਗੁਰੂ ਜੀ ਨੇ ਸਾਰੀ ਕਿਸੇ ਦੀ ਇਕ ਨ ਮੰਨ ਕੇ, ਉਹਦੇ ਘਰ ਵਲ ਨੂੰ ਜਾਂਦੀਆਂ ਗਲੀਆਂ ਵੱਲ ਗੱਡੀਆਂ ਕਰਵਾਈਆਂ। ਪਰ ਜੁਗਿੰਦਰ ਸਿੰਘ ਅਗੋਂ ਆਉਂਦਾ ਮਿਲ ਪਿਆ। ਉਹ ਕਿਸੇ ਕਾਲੀ ਲੜਕੀ ਨਾਲ ਵਿਵਾਹਤ ਸੀ। ਸਾਰੇ ਨਾਮਧਾਰੀ ਜਾਣਦੇ ਸਨ ਕਿ ਉਹ ਪੈਸੇ ਐਬ ਕਰਦੀ ਸੀ। ਪਰ ਜਦੋਂ ਜੋਗਿੰਦਰ ਸਿੰਘ ਨੇ ਗੁਰੂ ਦੇ ਦਰਸ਼ਨ ਕੀਤੇ ਤਾਂ ਉਹ ਭੁੱਬੀ ਰੋਣ ਲਗ ਪਿਆ। ਚਰਨਾਂ ਤੇ ਢਹਿ ਪਿਆ। ਅਥਰੂ ਵਗਦੀ ਜਾਵੇ। ਆਖੇ, ਗਰੀਬ ਨੂੰ ਤੇਰੇ ਪਾਤਸ਼ਾਹ ਬਖਸ਼ ਲੈ, ਮੈਂ ਭੁੱਲਾ, ਮੈਂ ਭੁੱਲਾ।

ਸਤਿਗੁਰੂ ਜੀ ਨੇ ਹੌਸਲਾ ਦਿੰਦਿਆਂ ਉਸਨੂੰ ਚੁਪ ਕਰਾਇਆ। ਸਤਿਗੁਰੂ ਜੀ ਉਹਦੇ ਘਰ ਗਏ। ਘਰ ਵਿਚ ਗਰੀਬੀ ਦੀ ਸਿਖਰ ਸੀ। ਉਸਦੇ ਘਰੋਂ ਨੇ ਮੰਜੀ ਤਾਂ ਡਾਹ ਦਿਤੀ ਪਰ ਦੋਹਾਂ ਜੀਆਂ ਨੂੰ ਘਰ ਵਿਚੋਂ ਕੋਈ ਚੱਜ ਦਾ ਲੀੜਾ ਵਿਛਾਣ ਨੂੰ ਨਾ ਮਿਲਿਆ। ਸੰਤ ਰਤਨ ਸਿੰਘ ਨੇ ਕੋਲੋਂ ਚੱਦਰ ਕੱਢ ਕੇ ਵਿਛਾਈ ਤਾਂ ਸਤਿਗੁਰੂ ਜੀ ਉਪਰ ਬੈਠੇ।

ਬਚਨ ਕੀਤੇ ਨੇ : ਇਹਦਾ ਤਾਂ ਮੋੜ ਪੈਣਾ ਮੁਸ਼ਕਲ ਹੈ ਪਰ ਇਸਦੇ ਬੱਚੇ ਘਰ ਲੈ ਨਿਕਲਣਗੇ।

ਸਤਿਗੁਰੂ ਜੀ ਜਿਵੇਂ ਦਰਸ਼ਨ ਦੇਣ ਹੀ ਆਏ ਸਨ। ਉਹ ਇਕ ਮਹੀਨੇ ਪਿਛੋਂ ਸਰੀਰ ਤਿਆਗ ਗਿਆ।

ਕੋਲ ਬੈਠੇ ਸ. ਏਕਮ ਸਿੰਘ ਨੇ ਕੰਵਲ ਹੁਰਾਂ ਦੀ ਸਾਰੀ ਗੱਲ ਦੀ ਤਸਦੀਕ ਕੀਤੀ। ਇਹ ਉਸ ਵੇਲੇ ਨਾਲ ਹੀ ਸਨ। ਪਰ ਏਕਮ ਸਿੰਘ ਨੇ ਦੱਸਿਆ: ਜੁਗਿੰਦਰ ਸਿੰਘ ਦੇ ਘਰੋਂ ਹਬਸ਼ਣ ਨਹੀਂ ਸੀ ਸਗੋਂ ਭਾਰਤੋਂ ਆਈ ਹੋਈ ਔਰਤ ਸੀ।

ਸਤਿਗੁਰਾਂ ਦੇ ਬਚਨਾਂ ਨੂੰ ਏਕਮ ਸਿੰਘ, ਕੁਲਵੰਤ ਸਿੰਘ ਦੋਹਾਂ ਨੇ ਹੀ ਮੰਨਿਆ ਕਿ ਜੁਗਿੰਦਰ ਸਿੰਘ ਦੇ ਬੱਚੇ ਏਨੇ ਤਕੜੇ ਹਨ ਕਿ ਕਰੋੜਪਤੀ ਹੋ ਗਏ ਹਨ।

### 19 ਜਨਵਰੀ 1993, ਬੁੱਧਵਾਰ
### ਨਵੀਂ ਦਿੱਲੀ

'ਪੰਜਾਬੀ ਟ੍ਰਿਬਿਊਨ' ਦੇ ਅੱਜ ਦੇ ਪਰਚੇ ਵਿਚ ਐਡੀਟੋਰੀਅਲ ਦੇ ਪੇਜ 4 ਤੇ ਕਾਲਮ 7-8 ਵਿਚ ਸ੍ਰੀ ਸਵਰਨ ਸਿੰਘ ਸਨੇਹੀ ਦਾ ਇਕ ਲੇਖ ਛਪਿਆ ਜਿਸਦਾ ਨਾਮ ਹੈ, "ਨਾ-ਮਿਲਵਰਤਨ ਦੇ ਮੋਢੀ, ਕੂਕੇ"। ਇਸ ਲੇਖ ਵਿਚ ਲੇਖਕ ਨੇ ਸੰਖੇਪ ਵਿਚ ਨਾਮਧਾਰੀ ਅੰਦੋਲਨ ਦਾ ਸੋਹਣਾ ਜ਼ਿਕਰ ਕੀਤਾ ਹੈ, ਪਰ ਸਾਨੂੰ ਅੱਜ ਦੇ ਨਾਮਧਾਰੀ ਜਲੂਸ ਦੀ ਖਬਰ ਨਹੀਂ ਮਿਲੀ।

ਇਸੇ ਦਿਨ ਦਾ ਜਦੋਂ 'ਨਵਾਂ ਜ਼ਮਾਨਾ' ਜਲੰਧਰ ਦਾ ਰੋਜ਼ਾਨਾ ਪੱਤਰ ਵੇਖਿਆ ਤਾਂ ਉਸਨੇ ਵੀ ਬਸੰਤ ਪੰਚਮੀ ਵਾਲੇ ਦਿਨ ਦੇ ਪਰਚੇ ਦੇ ਅੰਤਮ ਪੇਜ ਦਾ ਅੱਧਾ ਹਿੱਸਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸਮਰਪਿਤ ਸੀ। ਇਸ ਵਿਚ ਦੇ ਲੇਖਕ ਹਨ, ਸ. ਜਗਦੀਸ਼ ਸਿੰਘ ਅਤੇ



Sri Satguru Jagjit Singh Ji Elibrary NamdhariElibrary@gmail.com

ਸ. ਦਲੀਪ ਸਿੰਘ ਲੁਧਿਆਣਾ। ਜਗਦੀਸ਼ ਸਿੰਘ ਜਲੰਧਰ ਦਾ ਲੇਖ ਹੈ : 'ਸਤਿਗੁਰੂ ਰਾਮ ਸਿੰਘ ਅਤੇ ਰਜਵਾੜਾ ਸ਼ਾਹੀ। ਸ. ਦਲੀਪ ਸਿੰਘ ਦਾ ਲੇਖ ਹੈ : 'ਇਸਤਰੀ ਬਰਾਬਰੀ ਲਈ ਸੰਘਰਸ਼, ਗੁਰੂ ਰਾਮ ਸਿੰਘ ਜੀ ਦੀ ਇਤਿਹਾਸਕ ਭੂਮਿਕਾ।

ਮੇਰਾ ਖਿਆਲ ਹੈ ਅੱਜ ਜਲੰਧਰ ਦੇ ਦੂਜੇ ਪਰਚਿਆਂ ਨੇ ਵੀ ਸਤਿਗੁਰੂ ਜੀ ਨੂੰ ਸਿਰ ਝੁਕਾਇਆ ਹੋਵੇਗਾ।

**20 ਜਨਵਰੀ 1983, ਵੀਰਵਾਰ**
**ਨਵੀਂ ਦਿੱਲੀ**

ਅੱਜ ਦੇ 'ਪੰਜਾਬੀ ਟ੍ਰਿਬਿਊਨ' ਦੇ ਦੂਜੇ ਪੇਜ ਤੇ ਕਾਲਮ 6 ਅਤੇ 7 ਵਿਚ ਪਰਸੋਂ ਦੇ ਲੁਧਿਆਣਾ ਵਿਚ ਵਿਸ਼ਾਲ ਜਲੂਸ ਦੀ ਖਬਰ ਲਗੀ। ਸਿਰਲੇਖ ਹੈ : ਨਾਮਧਾਰੀ ਸਿੱਖਾਂ ਵਲੋਂ ਲੁਧਿਆਣੇ ਵਿਚ ਅਮਨ ਜਲੂਸ। ਮੈਂ ਉਹ ਖਬਰ ਹੀ ਦੇਖੇ ਦੇ ਰਿਹਾ ਹਾਂ:

*ਪੰ. ਟ੍ਰਿਬਿਊਨ, ਚੰਡੀਗੜ੍ਹ, ਪੇਜ 2, ਕਾਲਮ 6-7, ਮਿਤੀ 20-1-1983*

**ਨਾਮਧਾਰੀ ਸਿੱਖਾਂ ਵਲੋਂ ਲੁਧਿਆਣੇ**
**'ਚ ਵਿਸ਼ਾਲ ਅਮਨ-ਜਲੂਸ**

*ਲੁਧਿਆਣਾ, 18 ਜਨਵਰੀ (ਵਿਸ਼ੇਸ਼ ਪ੍ਰਤੀਨਿਧ)— ਨਾਮਧਾਰੀ ਸਿੱਖਾਂ ਨੇ ਅੱਜ ਇਥੇ ਨਾਮਧਾਰੀ ਸੰਪਰਦਾਇ ਦੇ ਬਾਨੀ ਸਤਿਗੁਰ ਰਾਮ ਸਿੰਘ ਦੇ 167ਵੇਂ ਜਨਮ ਦਿਵਸ ਦੀ ਖੁਸ਼ੀ ਵਿਚ ਭਾਰੀ ਜਲੂਸ ਕੱਢਿਆ।*

*ਇਹ ਪਹਿਲੀ ਵਾਰ ਹੈ ਕਿ ਨਾਮਧਾਰੀਆਂ ਨੇ ਆਪਣੇ ਗੁਰੂ ਦੀ ਵਰ੍ਹੇ-ਗੰਢ ਦੇ ਮੌਕੇ ਤੇ ਕੋਈ ਜਲੂਸ ਕੱਢਿਆ।*

*ਇਹ ਜਲੂਸ ਆਪਣੀ ਹੀ ਕਿਸਮ ਦਾ ਸੀ ਕਿਉਂਕਿ ਉਨ੍ਹਾਂ ਕੋਈ ਨਾਅਰਾ ਨਹੀਂ ਲਗਾਇਆ। ਦੁੱਧ-ਚਿਟੇ ਦਸਤਾਰਾਂ ਵਿਚ ਜਲੂਸ 'ਚ ਸ਼ਾਮਲ ਔਰਤਾਂ ਤੇ ਮਰਦ ਸ਼ਬਦ-ਕੀਰਤਨ ਕਰਦੇ ਹੋਏ ਸ਼ਹਿਰ ਦੇ ਪ੍ਰਮੁੱਖ ਕੇਂਦਰਾਂ ਵਿਚੋਂ ਦੀ ਗੁਜ਼ਰੇ। ਲਗਭਗ 200 ਟਰੈਕਟਰ-ਟਰਾਲੀਆਂ ਜਲੂਸ ਵਿਚ ਸ਼ਾਮਲ ਸਨ।*

*ਪੰਜਾਬ, ਹਿਮਾਚਲ, ਹਰਿਆਣਾ, ਦਿੱਲੀ ਅਤੇ ਜੰਮੂ-ਕਸ਼ਮੀਰ ਤੋਂ ਇਲਾਵਾ ਦੇਸ਼ ਦੇ ਹੋਰਨਾਂ ਕਈ ਭਾਗਾਂ ਤੋਂ ਵੀ ਨਾਮਧਾਰੀ ਪਹੁੰਚੇ। ਸਤਿਗੁਰੂ ਜਗਜੀਤ ਸਿੰਘ ਜੀ ਨੇ ਇੰਡਸਟਰੀਅਲ ਏਰੀਏ 'ਚ ਜਲੂਸ ਸ਼ੁਰੂ ਹੋਣ ਤੋਂ ਪਹਿਲਾਂ ਨਾਮਧਾਰੀਆਂ ਨੂੰ ਅਸ਼ੀਰਵਾਦ ਦਿਤੀ।*

*ਕਾਂਗਰਸ (ਆਈ), ਅਕਾਲੀ ਦਲ ਅਤੇ ਜਨਤਾ ਪਾਰਟੀ ਦੇ ਆਗੂਆਂ ਤੋਂ ਇਲਾਵਾ ਵੱਖ ਵੱਖ ਧਾਰਮਿਕ ਜਥੇਬੰਦੀਆਂ ਦੇ ਆਗੂਆਂ ਵਲੋਂ ਭੇਜੇ ਆਪੋ ਆਪਣੇ ਜਥੇ ਜਲੂਸ ਵਿਚ ਸ਼ਾਮਲ ਹੋਏ।*

ਨਾਮਧਾਰੀ ਦਰਬਾਰ ਦੇ ਇਕ ਬੁਲਾਰੇ ਦਲੀਪ ਸਿੰਘ ਨੇ ਦੱਸਿਆ ਕਿ ਸਾਰੇ ਧਰਮਾਂ ਤੇ ਫਿਰਕਿਆਂ ਦੇ ਪ੍ਰਤੀਨਿਧ ਜਲੂਸ ਵਿਚ ਸ਼ਾਮਲ ਹੋਏ ਅਤੇ ਮਲੇਰ ਕੋਟਲੇ ਤੋਂ ਆਏ



Sri Satguru Jagjit Singh Ji Elibrary NamdhariElibrary@gmail.com

ਮੁਸਲਮਾਨਾਂ ਨੇ ਵੀ ਜਲੂਸ 'ਚ ਭਾਗ ਲਿਆ।

ਭੈਣੀ ਸਾਹਿਬ ਵਿਖੇ ਅੱਜ ਰਾਤੀ ਅਤੇ ਕੱਲ੍ਹ ਨੂੰ ਵੀ ਸਤਿਗੁਰ ਰਾਮ ਸਿੰਘ ਦਾ ਜਨਮ ਦਿਵਸ ਮਨਾਇਆ ਜਾਏਗਾ। 20 ਜਨਵਰੀ ਨੂੰ ਵਿਸਾਲ ਪੱਧਰ 'ਤੇ ਨਾਮਧਾਰੀਆਂ ਦੀਆਂ ਸ਼ਾਦੀਆਂ ਕੀਤੀਆਂ ਜਾਣਗੀਆਂ।

ਖੁਸ਼ੀ ਹੋਈ ਖ਼ਬਰ ਪੜ੍ਹ ਕੇ।

## 23 ਜਨਵਰੀ 1983, ਐਤਵਾਰ
## ਨਵੀਂ ਦਿੱਲੀ

ਸ. ਏਕਮ ਸਿੰਘ ਸੰਧੂ ਜੋ ਕਿ ਪਰਵਾਰ ਸਮੇਤ ਸ. ਰੁਮਣ ਸਿੰਘ ਓਮ ਵਿਹਾਰ ਵੱਲ ਉਤਰਿਆ ਹੋਇਆ ਹੈ, ਪਰਸੋਂ ਅਚਾਨਕ ਉਸਦਾ ਪੈਰ ਮੁੜ ਗਿਆ ਅਤੇ ਰਾਤੀਂ ਉਸਦੀਆਂ ਚੀਸਾਂ ਨੇ ਬੇ-ਆਰਾਮ ਰੱਖਿਆ। ਕੱਲ ਮੈਂ ਉਸਨੂੰ ਮਿਲਿਆ ਤਾਂ ਮਿੱਟੀ ਪਾਣੀ ਦਾ ਇਲਾਜ ਕੀਤਾ। ਅੱਜ ਆਰਾਮ ਹੈ।

### ਡੇਰਾ ਸੰਤ ਸਰਧਾ ਸਿੰਘ ਨਿਮਾਣਾ ਦਾ

ਸ੍ਰੀ ਸਤਿਗੁਰੂ ਜੀ ਨੇ ਅੱਜ ਕਰੀਵਾਲਾ (ਸਰਸਾ) ਵਿਖੇ ਨਾਮਧਾਰੀ ਜਗਤ ਦੇ ਪ੍ਰਸਿਧ ਕਵੀ, ਜਪ ਤਪ ਸਮਾਗਮਾਂ ਵਿਚ ਸਦਾ ਚਾਅ ਨਾਲ ਸ਼ਾਮਲ ਹੋਣ ਵਾਲੇ, ਸੰਤ ਅਤੇ ਵਡ ਪਰਵਾਰੇ ਗ੍ਰਿਸਤੀ ਸਿਖ ਸਰਧਾ ਸਿੰਘ ਨਿਮਾਣਾ ਦੇ ਡੇਰਾ ਸਮੇਂ ਦਰਸਨ ਦੇ ਕੇ ਹੀ ਦਿੱਲੀ ਆਉਣਾ ਹੈ। ਸ਼ਾਮ ਦੇ 5 ਵਜੇ ਤਕ ਕਈ ਵਾਰ ਕੋਠੀ ਫੋਨ ਖੜਕਾਏ ਹਨ। ਪਰ ਕੋਈ ਹੁੰਗਾਰਾ ਨਹੀ। ਜਾਪਦਾ ਹੈ ਕੁਵੇਲੇ ਹੀ ਪਹੁੰਚ ਹੋ ਸਕੇਗੀ।

## 24 ਜਨਵਰੀ 1983, ਸੋਮਵਾਰ
## ਨਵੀਂ ਦਿੱਲੀ

### ਨਾਮਧਾਰੀ ਧਰਮਸਾਲਾ ਵਿਚ ਬਸੰਤ ਪਰਬ

ਅੱਜ ਸਾਡੇ ਪਰਵਾਰ ਦੇ ਬਹੁਤੇ ਜੀਆਂ ਦਾ ਇਰਾਦਾ ਨਾਮਧਾਰੀ ਧਰਮਸਾਲਾ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਦਿਨ ਦੇ ਉਤਸਵ ਦੇ ਸੰਬੰਧ ਵਿਚ ਲਗੀ ਆਸਾ ਦੀ ਵਾਰ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਦਾ ਸੀ। ਸੋ ਸਾਰਾ ਪਰਵਾਰ ਹੀ ਦਰਸ਼ਨਾਂ ਨੂੰ ਗਿਆ। ਪੌਣੇ ਕੁ 6 ਵਜੇ ਮੈਂ ਵੀ ਪਹੁੰਚ ਗਿਆ। ਮੋਟਰਾਂ ਦਾ ਤਾਂਤਾ ਲਗਾ ਹੋਇਆ ਸੀ। ਤਿੰਨੇ ਰਸਤੇ ਰੁਕੇ ਹੋਏ ਸਨ।

ਧਰਮਸਾਲਾ ਦੇ ਦੇਖਣ ਵਾਲਾ ਪਸਾ ਸਾਰਾ ਹੀ ਪੰਡਾਲ ਰੂਪ ਵਿਚ ਸਿੰਗਾਰਿਆ ਹੋਇਆ ਸੀ। ਸ੍ਰੀ ਹਰਭਜਨ ਸਿੰਘ ਸਿਤਾਰ, ਹਰਬੰਸ ਸਿੰਘ ਘੁੱਲੇ ਆਦਿ ਦਾ ਕੀਰਤਨ ਅਜੇ ਹੋ ਰਿਹਾ ਸੀ। ਸੰਗਤ ਟੋਕਣ ਵਾਲਿਆਂ ਦੀਆਂ ਕਤਾਰਾਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਅਗੇ ਵਧ ਰਹੀਆਂ ਸਨ। ਮੈਂ ਵੀ ਦਰਸ਼ਨਾਰਥੀਆਂ ਵਿਚ ਜਾ ਸ਼ਾਮਲ ਹੋਇਆ।

ਨਾਲੇ ਵਾਲੇ ਪਾਸੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਵਡ ਅਕਾਰੀ ਤਸਵੀਰ ਦੇ ਝਲਕਾਂ ਵਿਚ ਜਗਮਗਾ ਰਹੀ ਸੀ। ਇਹ ਸ. ਮਹਿੰਦਰ ਸਿੰਘ ਆਰਟਿਸਟ ਦੀ ਕਿਰਤ ਸੀ। ਸ੍ਰੀ ਸਤਿਗੁਰੂ ਜੀ ਦੇ ਮੰਚ ਤੋਂ ਸੱਜੇ ਪਾਸੇ ਵਲ ਇਕ ਵਡਾ ਸਾਰਾ ਮੰਡਪ ਕੇਲੇ ਦੇ ਥੰਮ੍ਹਿਆਂ ਤੇ ਪੱਤਰਾਂ ਨਾਲ ਸੁਸ਼ੋਭਤ ਸੀ। ਫੁਲ ਅਤੇ ਸਫੈਦ ਝਾਲਰ ਵਿਚ ਵੇਦੀ ਸਜ ਰਹੀ ਸੀ। ਆਨੰਦ ਕਾਰਜਾਂ ਵਾਲਾ ਦਿਨ ਹੋਣ ਕਰਕੇ ਸੰਗਤ ਕੁਝ ਵਿਸ਼ੇਸ਼ ਵੀ ਸੀ।

ਮੇਰੇ ਨੋਟ ਕਰਨ ਤਕ ਸ੍ਰੀ ਸਤਿਗੁਰੂ ਜੀ ਦੇ ਗਿਰਦ ਹੇਠ ਲਿਖੇ ਸਰੀਰ ਸੇਵਾ ਪਾ ਰਹੇ ਸਨ : ਸੇਵਕ ਬਲਦੇਵ ਸਿੰਘ, ਨਿਜੀ ਸਕੱਤਰ ਸੰਤ ਤਰਸੇਮ ਸਿੰਘ, ਸ. ਹਰਵਿੰਦਰ ਸਿੰਘ ਹੰਸਪਾਲ, ਐਮ. ਪੀ., ਠਾਕੁਰ ਦਲੀਪ ਸਿੰਘ ਜੀ, ਸੰਤ ਕਰਨੈਲ ਸਿੰਘ ਬਾਡੀ ਗਾਰਡ, ਗਿਆਨੀ ਜਸਵੰਤ ਸਿੰਘ, ਸੂਬਾ ਹੀਰਾ ਸਿੰਘ ਜੀ ਦਿੱਲੀ, ਸੂਬਾ ਸਤਿਨਾਮ ਸਿੰਘ ਜੀ ਨੈਰੋਬੀ, ਸੰਤ ਮਹਿੰਦਰ ਸਿੰਘ ਪੂਰਬਾ, ਸੇਠ ਧਰਮ ਸਿੰਘ ਚਾਵਲਾ, ਸੰਤ ਮਹਿੰਦਰ ਸਿੰਘ ਬਾਲੀ ਨਗਰ, ਸੰਤ ਅਵਤਾਰ ਸਿੰਘ ਐਬਰਸਰ ਕਲਾਂ, ਸੰਤ ਜੀਵਨ ਸਿੰਘ ਕਵੀਸ਼ਰ, ਸ੍ਰੀ ਸੁਰਿੰਦਰ ਸਿੰਘ, ਸੰਤ ਏਕਮ ਸਿੰਘ ਬਰਮਿੰਘਮ ਯੂ.ਕੇ., ਮਾ: ਨਿਹਾਲ ਸਿੰਘ ਜੀ ਪ੍ਰਧਾਨ ਨਾਮਧਾਰੀ ਦਰਬਾਰ, ਸ. ਸੋਹਣ ਸਿੰਘ, ਸੇਠ ਸਪੁਤਰ ਭੁਪਿੰਦਰ ਸਿੰਘ ਚਾਵਲਾ, ਸ਼ੇਰ ਸਿੰਘ ਚਾਵਲਾ, ਸ ਗਿਆਨ ਸਿੰਘ ਹੰਸਪਾਲ।

**ਪੰਡਿਤ ਗੋਪਾਲ ਸਿੰਘ ਜੀ ਨੂੰ ਹਾਰਟ ਅਟੈਕ**

6-45 ਵਜੇ ਵਾਰ ਦੇ ਭੋਗ ਪੈਣ ਬਾਅਦ, ਮੈਨੂੰ ਹੁਕਮ ਹੋਇਆ ਕਿ ਐਲਾਨ ਕਰਾਂ ਕਿ ਸਾਡੇ ਪਿਆਰੇ ਪੰਡਿਤ ਗੋਪਾਲ ਸਿੰਘ ਜੀ ਹਾਰਟ ਅਟੈਕ ਨਾਲ ਲੁਧਿਆਣੇ ਹਸਪਤਾਲ ਵਿਚ ਪਏ ਹਨ। ਭਾਵੇਂ ਪਹਿਲਾਂ ਤੋਂ ਬਿਹਤਰ ਹਨ ਪਰ ਉਹਨਾਂ ਦੀ ਸੇਹਤ ਲਈ, ਆਸਾ ਦੀ ਵਾਰ ਦੇ ਭੋਗ ਸਮੇ ਤਕ ਹਰ ਕੋਈ ਸਿਮਰਨ ਕਰੇ। ਇਹ ਖ਼ਬਰ ਹਰੇਕ ਲਈ ਫਿਕਰਮੰਦੀ ਵਾਲੀ ਹੈ ਤੇ ਤੇ ਦਾਇਕ ਹੈ ਕਿਉਂਕਿ ਪੰਡਿਤ ਜੀ ਦੇ ਤੁਲ ਵਿਦਵਾਨ ਨਾਮਧਾਰੀਆਂ ਵਿਚ ਹੈ ਨਹੀ। ਮੈ ਆਸਾ ਦੀ ਵਾਰ ਰੁਕਵਾ ਕੇ ਸਭਨਾਂ ਨੂੰ ਫਿਕਰਮੰਦ ਕਰ ਦਿਤਾ।

**ਆਨੰਦ ਕਾਰਜ 13 ਜੋੜਿਆਂ ਦੇ**

ਵਿਆਹ ਮੰਡਪ ਦੇ ਸੱਜੇ ਖੱਬੇ ਬੀਬੀਆਂ ਦਿਲਚਸਪੀ ਨਾਲ ਜੋੜੇ ਤਕਦੀਆਂ ਬੈਠੀਆਂ ਹਨ। ਸਫੈਦ ਬਸਤਰ ਪਹਿਨੀ ਲੜਕੇ ਲੜਕੀਆਂ ਨਿਸ਼ਚਿਤ ਥਾਂ ਤੇ ਬੈਠਦੇ ਜਾਂਦੇ ਹਨ। ਸਮੇਂ ਦੀ ਸੰਭਾਲ ਲਈ ਸੰਤ ਗੁਰਮੁਖ ਸਿੰਘ ਇੰਜੀਨੀਅਰ, ਸ. ਜਗਮੋਹਣ ਸਿੰਘ ਹੰਸਪਾਲ ਵੀਡੀਓਗ੍ਰਾਫ਼ੀ ਕਰ ਰਹੇ ਹਨ। ਕੈਮਰਿਆਂ ਵਾਲੇ ਹੋਰ ਵੀ ਹਨ ਜੋ ਮਾਪਿਆਂ ਵਲੋਂ ਬੁਲਾਏ ਗਏ ਹਨ। ਉਹ ਅੰਮ੍ਰਿਤ ਛਕਾਣ, ਜਗ ਦੌਸਣ ਗੀਤ ਚਤਰਾਵੇ ਅਤੇ ਅਨੰਦ ਕਾਰਜ ਸਮੇਂ ਦੀ ਤਸਵੀਰਕਸ਼ੀ ਕਰਨਗੇ।

8-00 ਨਾਲ ਹੀ 9 ਜੋੜੇ ਅਨੰਦ ਕਾਰਜਾਂ ਵਾਲੇ ਉਠ ਖਲੋਤੇ ਹਨ। ਦੋ ਵੇਦੀਆਂ ਵਿਚ ਸ਼ਾਦੀਆਂ ਹੋਣਗੀਆਂ। ਬਾਕੀ ਸਿੰਘਾਂ ਨੇ ਦੋ ਭਾਗਾਂ ਵਿਚ ਲਾਵਾਂ ਪੜ੍ਹੀਆਂ ਅਤੇ ਨਾਲ ਹੀ ਸਧਾਰਨ ਪਾਠਾਂ ਦੇ ਭੋਗ ਪੈਣੇ ਆਰੰਭ ਹੋ ਗਏ।



Sri Satguru Jagjit Singh Ji Elibrary NamdhariElibrary@gmail.com

ਦੀਵਾਨ ਦੀ ਅਰਦਾਸ ਤੋਂ ਪਹਿਲੇ ਬੀਬੀ ਸੌਂਤਿਆ ਚੌਧਰੀ ਨੇ ਮੀਟਰੋ ਪਾਲੀਟਨ ਕੌਂਸਲ ਦਿੱਲੀ ਵਾਸਤੇ ਉਰੇ ਮੰਚ ਤੇ ਖਲੋਕੇ ਸਾਧ ਸੰਗਤ ਨੂੰ ਨਮਸਕਾਰ ਕੀਤੀ। ਅਤੇ ਮਿਊਨਸਪਲ ਕਾਰਪੋਰੇਸ਼ਨ ਵਾਸਤੇ ਸ. ਬਲਦੇਵ ਸਿੰਘ ਚਾਨਾ, ਨਾਮਧਾਰੀ ਕਾਲੋਨੀ C-1 ਵਾਸਤੇ ਮੰਚ ਤੋਂ ਮਦਦ ਕਰਨ ਦਾ ਐਲਾਨ ਹੋਇਆ। ਆਮ ਸੱਜਣਾਂ ਅਤੇ ਨਾਮਧਾਰੀਆਂ ਨੂੰ ਵੋਟ ਤੇ ਨੋਟ ਦੀ ਅਪੀਲ ਕੀਤੀ ਗਈ। ਇਹ ਸ਼ਬਦ ਵੀ ਖੁਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਖੇ।

8-30 ਵਜੇ ਅਰਦਾਸ ਹੋ ਚੁਕੀ ਸੀ। 27 ਪਾਠਾਂ ਦੇ ਭੋਗ ਪਾਏ ਗਏ। ਇਕ ਸਤਿਗੁਰਾਂ ਦੇ ਦਰਸ਼ਨ ਨਮਿਤ, ਇਕ ਦੇਹ ਅਰੋਗਤਾ ਬਾਰੇ ਹੈ।

ਇਕ ਐਲਾਨ ਕੀਤਾ ਗਿਆ ਕਿ ਜੀਵਨ ਨਗਰ ਸਥਾਪਨਾ ਦਿਵਸ ਦਾ ਮੇਲਾ 5 ਫਗਣ ਮੁਤਾਬਕ 16 ਫਰਵਰੀ ਨੂੰ ਹੋਵੇਗਾ। ਸਾਧ ਸੰਗਤ ਦਰਸ਼ਨ ਹੁੰਮ ਹੁਮਾਕੇ ਦੇਵੇ। 17 ਫਰਵਰੀ ਨੂੰ ਅਨੰਦ ਕਾਰਜ ਹੋਣਗੇ ਅਤੇ ਭੋਗ ਪਾਏ ਜਾਣਗੇ।

### ਸੰਬੋਧਨ ਸਤਿਗੁਰੂ ਜੀ ਦਾ

ਸ੍ਰੀ ਸਤਿਗੁਰੂ ਜੀ ਨੇ ਆਪਣੇ ਸੰਬੋਧਨ ਵਿਚ ਸਾਧ ਸੰਗਤ ਦੇ ਉਸ ਉਤਸਾਹ ਦੀ ਪ੍ਰਸੰਸਾ ਕੀਤੀ ਜਿਸ ਅਨੁਸਾਰ ਉਸਨੇ ਲੁਧਿਆਣੇ ਅਤੇ ਸ੍ਰੀ ਭੈਣੀ ਸਾਹਿਬ ਦੇ ਇਕਠਾਂ ਨੂੰ ਕਾਮਯਾਬੀ ਦਿਤੀ। ਹੋਸਪਾਲ ਇਸੇ ਤਰਾਂ ਦਾ ਪ੍ਰਭਾਵਸ਼ਾਲੀ ਜਲੂਸ ਕਢਕੇ ਫਿੱਕੀ ਆਡੀਟੋਰੀਅਮ ਵਿਚ ਜਲਸਾ ਕਰਨਾ ਚਾਹੁੰਦਾ ਹੈ। ਬਲਦੇਵ ਸਿੰਘ ਦੀ ਆਰਥਕ ਹਾਲਤ ਵਿਚ ਦੇਖੋ ਦੇ ਨਾਮਧਾਰੀਆਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ। ਵਿਆਹ ਸਾਦਾ ਰਸਮ ਨਾਲ ਕਰਕੇ ਬੱਚਿਆਂ ਨੂੰ ਘਰਾਂ ਵਿਚ ਮੁੜ ਲੈਣ ਦੇਣ ਦੇ ਚੱਕਰਾਂ ਵਿਚ ਨਹੀ ਪੈਣਾ ਚਾਹੀਦਾ। ਮੇਰੀ ਇੱਛਾ ਹੈ ਕਿ ਸਤਿਗੁਰੂ ਜੀ ਨੇ ਫਰਮਾਇਆ ਹੈ, ਲੈਣ ਦੇਣ ਕਿਸੇ ਵੀ ਤਰੀਕੇ ਨਾਲ ਨ ਕੀਤਾ ਜਾਏ। ਪਰਸਪਰ ਸਮਝ ਸੂਝ ਵਰਤ ਕੇ। ਇਕ ਇਕ ਪਾਠ ਹਰ ਘਰ ਹਰੀ ਮਹੀਨੇ, ਹਰ ਰੋਜ਼ ਇਕ ਘੰਟੇ ਦਾ ਨਾਮ ਸਿਮਰਨ ਜ਼ਰੂਰ ਕਰਿਆ ਕਰੇ ਹਰ ਕੋਈ। ਏਨੇ ਕੁ ਸ਼ਬਦਾਂ ਨਾਲ ਦੀਨ ਦਿਆਲ ਜੀ ਨੇ ਆਪਣੇ ਸ਼ਬਦਾਂ ਨੂੰ ਵਿਰਾਮ ਦੇ ਦਿਤਾ।

### ਕੁਝ ਘਰੀ ਅਤੇ ਫੈਕਟਰੀਆਂ ਵਿਖੇ ਦਰਸ਼ਨ

ਸ. ਦਲਬੀਰ ਸਿੰਘ ਬਾਲੀ ਨਗਰ ਦੇ ਦੱਸਣ ਮੁਤਾਬਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅੱਜ ਸ. ਬੇਅੰਤ ਸਿੰਘ ਰਾਜੌਰੀ ਗਾਰਡਨ ਦੇ ਪੋਤਰੇ ਅਤੇ ਸੂਬਾ ਹੀਰਾ ਸਿੰਘ ਜੀ ਦੇ ਪੜਪੋਤੇ ਦੀ ਖੁਸ਼ੀ ਵਿਚ ਪਰਵਾਰ ਦੀ ਬੇਨਤੀ ਦੇ ਇਹਨਾਂ ਤੇ ਘਰ ਦਰਸ਼ਨ ਦਿਤੇ। ਇਹਨਾਂ ਨੂੰ ਸਿਵਾਜ ਇਹਨਾਂ ਦੇ ਵਡੇ ਭਾਈ ਗੁਰਮੁਖ ਸਿੰਘ ਦੇ ਲੜਕੇ ਸ੍ਰੀ ਜਗਜੀਤ ਸਿੰਘ ਅਤੇ ਫਿਰ ਸ. ਗੁਰਮੁਖ ਸਿੰਘ ਰਾਜੌਰੀ ਗਾਰਡਨ ਦੇ ਘਰ ਚਰਨ ਪਾਏ। ਏਥੋਂ ਚਲ ਕੇ ਮਾਇਆ ਪੁਰੀ ਵਿਖੇ ਪ੍ਰੀਤਮ ਸਿੰਘ, ਦਲਬੀਰ ਸਿੰਘ ਬਾਲੀ ਨਗਰ ਦੀ ਫੈਕਟਰੀ ਮਨਜੀਤ ਪਲਾਸਟਿਕ ਵਿਖੇ ਦਰਸ਼ਨ ਦਿਤੇ। ਅਜਿਹੇ ਸਮੇਂ ਹਰ ਵਿਅਕਤੀ ਆਪਣੀ ਸ਼ਰਧਾ ਅਤੇ ਸਮਰਥਾ ਅਨੁਸਾਰ ਚਰਨ ਭੇਟ ਕਰਦਾ ਹੈ।



Sri Satguru Jagjit Singh Ji Elibrary NamdhariElibrary@gmail.com

**ਪੂਸਾ ਰੋਡ, ਸ੍ਰੀ ਹਰੀ ਪ੍ਰਤਾਪ ਨਿਵਾਸ ਵਿਖੇ**

ਸ. ਏਕਮ ਸਿੰਘ ਆਸਾ ਦੀ ਵਾਰ ਦਾ ਕੀਰਤਨ ਸੁਣਕੇ ਮੇਰੇ ਨਾਲ ਆ ਗਿਆ। ਅਸੀਂ 10 ਵਜੇ ਕੋਠੀ ਪੂਸਾ ਰੋਡ ਦੇ ਵਿਹੜੇ ਵਿਚ ਦਾਖਲ ਹੋ ਗਏ। ਦਰਸ਼ਨਾਂ ਦੀ ਗਹਿਮਾ ਗਹਿਮ ਸੀ। ਸਤਿਗੁਰੂ ਜੀ ਨੇ ਸਭ ਨੂੰ ਦਰਸ਼ਨ ਦੇ ਪ੍ਰਸੰਨ ਕੀਤਾ। ਫਿਰ ਆਪ ਜੀ ਕੁਝ ਸਮਾਂ ਆਰਾਮ ਕਰਨ ਹਿਤ ਆਪਣੇ ਕਮਰੇ ਵਿਚ ਗਏ। ਸਵੇਰੇ 3 ਵਜੇ ਤੋਂ ਉਠੇ ਹੋਏ ਦੀਨ ਦਿਆਲ ਜੀ ਨੂੰ 10 ਵਜੇ ਤਾਂ ਆਰਾਮ ਕਰਨ ਲਈ ਸਮਾਂ ਮਿਲਣਾ ਹੀ ਚਾਹੀਦਾ ਹੈ।

ਇਕ ਘੰਟੇ ਦੇ ਆਰਾਮ ਪਿਛੋਂ ਦੀਨ ਦਿਆਲ ਇਸ਼ਨਾਨ ਪਾਣੀ ਕਰ, ਪ੍ਰਸ਼ਾਦ ਛਕ, ਜੀਵਨ ਨਗਰ ਇਲਾਕੇ ਚੋਂ ਆਏ ਸਿੱਖਾਂ ਨੂੰ ਦਰਸ਼ਨ ਦਿਤੇ। ਮਾ: ਅਮਰੀਕ ਸਿੰਘ ਅੰਬਰਸਰ ਖੁਰਦ, ਸ. ਬਲੀ ਸਿੰਘ ਬੁਢੀਮਾੜੀ, ਸ. ਹਰਜਿੰਦਰ ਸਿੰਘ ਖੁਰਾਣਾ, ਰਾਜਿੰਦਰ ਸਿੰਘ ਅਤੇ ਉਸਦੀ ਮਾਤਾ, ਸ. ਏਕਮ ਸਿੰਘ ਬਰਮਿੰਘਮ, ਸ੍ਰੀ ਚੂੰਮਣ ਸਿੰਘ ਕੰਵਲ, ਸ੍ਰੀ ਮੁਸਾਫਰ ਸੁਭਾਸ਼ ਨਗਰ, ਸ੍ਰੀ ਸਰਬਜੀਤ ਸਿੰਘ ਗਵਾਲੀਅਰ, ਸ. ਰਮਣੀਕ ਸਿੰਘ, ਬੀਬੀ ਸੁਰਜੀਤ ਕੌਰ ਦੀ ਮਾਸੀ ਆਦਿ ਨੂੰ ਦਰਸ਼ਨ ਦੇ ਬਚਨ ਬਿਲਾਸ ਕਰ ਕਿਰਤਾਰਥ ਕੀਤਾ।

ਸ. ਜਿਤਿੰਦਰ ਸਿੰਘ ਰੈਨੇਤਾ, ਜਗਜੀਤ ਸਿੰਘ ਸਲੂਜਾ ਸਮੇਤ ਪਤਨੀ, ਸ. ਲਛਮਣ ਸਿੰਘ ਫਗਵਾੜਾ, ਸੰਤ ਸੁਖਦੇਵ ਸਿੰਘ ਬਾਲੀ ਨਗਰ, ਸੇਠ ਸ਼ੇਰ ਸਿੰਘ ਚਾਵਲਾ, ਸ. ਦਲਬੀਰ ਸਿੰਘ ਬਾਲੀ ਨਗਰ, ਸ੍ਰੀ ਆਫਤਾਬ ਹਿਸਾਰ ਹੋਰ ਵੀ ਬੀਬੀਆਂ ਅਤੇ ਭਾਈ ਦਰਸ਼ਨਾਂ ਹਿਤ ਆਏ। ਸ੍ਰੀ ਸਤਿਗੁਰੂ ਜੀ ਆਪਣੇ ਸੇਵਕ ਸੰਤ ਮਹਿੰਦਰ ਸਿੰਘ ਪੂਰਕਾ ਅਤੇ ਨਿਜੀ ਸਕੱਤਰ ਸੰਤ ਤਰਸੇਮ ਸਿੰਘ ਨਾਲ ਸਭਨਾਂ ਨੂੰ ਦਰਸ਼ਨ ਦੇ ਕੇ ਕਿਰਤਾਰਥ ਕੀਤਾ।

**ਬਰਮਿੰਘਮ ਹੋਲੇ ਦੀ ਅਰਜ਼**

ਫਿਰ ਉਪਰਲੀ ਛੱਤੇ ਜਾ ਸ. ਏਕਮ ਸਿੰਘ ਸੋਧ ਨਾਲ ਗੱਲ ਬਾਤ ਕੀਤੀ। ਸਤਿਗੁਰੂ ਜੀ ਵਿਛੇ ਹੋਏ ਮੰਜੇ ਤੇ ਸਸ਼ੋਭਤ ਹੋਏ। ਸ. ਏਕਮ ਸਿੰਘ ਤੇ ਸੰਤ ਮਹਿੰਦਰ ਸਿੰਘ ਖਜ਼ਾਨਚੀ, ਸ. ਗੁਰਮੇਲ ਸਿੰਘ, ਸ. ਪ੍ਰੀਤਮ ਸਿੰਘ ਤੇਜੂ, ਬੀਬੀ ਬਚਨ ਕੌਰ ਅਤੇ ਸ. ਖੜਕ ਸਿੰਘ ਭਮਰਾ ਵਲੋਂ ਲਿਆਂਦੀ ਹੋਈ ਭੇਟਾ ਮੱਥਾ ਟੇਕੀ। ਸਰਦਾਰ ਜੀ ਨੇ ਸੰਗਤ ਬਰਮਿੰਘਮ ਵਲੋਂ ਅਤੇ ਆਪਣੇ ਵਲੋਂ ਸਾਲ 1984 ਦੇ ਹੋਲੇ ਦੀ ਮੰਗ ਕੀਤੀ। ਸਤਿਗੁਰੂ ਜੀ ਪ੍ਰਸੰਨ ਹੋਏ ਤੇ ਨਾਲ ਹੀ ਬਚਨ ਕੀਤਾ : ਮੈਂ ਨਾਲਦਿਆਂ ਨਾਲ ਸਲਾਹ ਕਰ ਲਵਾਂ ਫਿਰ ਦੱਸਾਂਗਾ। ਥਾਈਲੈਂਡ ਤੇ ਅਗੇ ਆਪਾਂ ਮਿਲਾਂਗੇ ਹੀ। ਅਤੇ ਫਿਰ ਦੀਨ ਦਿਆਲ ਜੀ ਨੇ ਬਰਮਿੰਘਮ ਦੀ ਧਰਮਸਾਲਾ ਦੀ ਆਰਥਕ ਹਾਲਤ ਦੀ ਜਾਣਕਾਰੀ ਲਈ। ਸ. ਏਕਮ ਸਿੰਘ ਨੇ ਦੱਸਿਆ ਕਿ ਧਰਮਸਾਲਾ ਜਲਦੀ ਹੀ ਪੂਰੀ ਹੋ ਜਾਵੇਗੀ। ਅਜੇ 15000 ਪੌਂਡ ਦੇਣਦਾਰੀ ਬਾਕੀ ਹੈ। ਪਰ ਅਜੇ ਉਸਦੇ ਪਹਿਲੇ ਮਾਲਕ ਤੋਂ 25-30 ਹਜ਼ਾਰ ਪੌਂਡ ਕਰਾਇਆ ਵੀ ਲੈਣਾ ਹੈ। ਉਹ ਛੇਤੀ ਨਿਕਲ ਵੀ ਜਾਏਗਾ ਤੇ ਅਦਾਇਗੀ ਵੀ ਕਰੇਗਾ। ਇਸ ਲਿਹਾਜ਼ ਨਾਲ ਤਾਂ ਧਰਮਸਾਲਾ ਲੈਣ ਦੇਣਦਾਰੀਓਂ ਮੁਕਤ ਹੀ ਹੈ।

ਸ੍ਰੀ ਸਤਿਗੁਰੂ ਜੀ ਨੇ ਮੈਨੂੰ ਜਾਣਕਾਰੀ ਦਿਤੀ : ਏਕਮ ਸਿੰਘ ਨੇ ਬੜਾ ਉਦਮ ਕੀਤਾ ਹੈ। ਇਹ ਇਹਦਾ ਹੀ ਕੰਮ ਸੀ। ਏਨੀ ਖੁਲ੍ਹੀ ਜਗਾਹ ਕਿਸੇ ਸੰਗਤ ਪਾਸ ਨਹੀਂ। ਇੰਗਲੈਂਡ ਵਿਚ ਪਾਰਕਿੰਗ ਇਕ ਮਸਲਾ ਹੈ। ਪਰ ਸਾਡੀ ਧਰਮਸਾਲਾ ਪਾਸ 300 ਕਾਰਾਂ ਸਹਿਜ ਨਾਲ



Sri Satguru Jagjit Singh Ji Elibrary NamdhariElibrary@gmail.com

ਹੀ ਪਾਰਕ ਹੋ ਸਕਦੀਆਂ ਹਨ। ਧਰਮਸ਼ਾਲਾ ਦਾ ਹਾਲ ਤਾਂ ਬਹੁਤ ਹੀ ਖੁਲ੍ਹਾ ਹੈ। ਉਸਦੀਆਂ ਛੇ ਛੱਤਾਂ ਦੀ ਵਰਤੋਂ ਸਾਡੇ ਹਰ ਕੰਮ ਲਈ ਵਾਧੂ ਹੈ।

**ਯੂਥ ਕਾਂਗਰਸੀ ਨਾਲ**

ਏਨੇ ਚਿਰ ਨੂੰ ਯੂਥ ਕਾਂਗਰਸ ਦਾ ਨੌਜਵਾਨ ਸ੍ਰੀ ਦੀਪ ਕੌਸ਼ਲ ਪੰਡੀ, ਦਬਵਾਲੀ ਤੋਂ ਆਇਆ ਹੋਇਆ, ਗਿਦੜ ਬਾਹਾ ਦੇ ਸਾਥੀ ਮੁਕੰਦ ਲਾਲ ਨਾਲ ਸ੍ਰੀ ਚਰਨਾਂ ਵਿਚ ਹਾਜ਼ਰ ਹੋਇਆ। ਸਤਿਗੁਰੂ ਜੀ ਨੇ ਮੇਰੇ ਤੇ ਕਿਰਪਾ ਕੀਤੀ . ਸਾਨੂੰ ਇਹਨਾਂ ਨੌਜਵਾਨਾਂ ਤੇ ਮਾਣ ਹੈ। ਸਾਡੇ ਧਰਮਖੇਤਰ, ਗਊ ਰੱਖਿਆ ਅੰਦੋਲਨ ਵਿਚ ਇਹ ਮਹੱਤਵਪੂਰਣ ਕਾਰਜ ਕਰਦੇ ਹਨ। ਕਈ ਵਾਰ ਤਾਂ ਸਾਡੀ ਸੇਵ ਤੇ ਵੀ ਰੌਂਧ।

ਦੋ ਚਾਰ ਸ਼ਬਦ ਉਹਨਾਂ ਨਾਲ ਸਾਂਝੇ ਕਰਨ ਉਪਰੰਤ ਉਨਾਂ ਨੂੰ ਵੀ ਛੁੱਟੀ ਮਿਲ ਗਈ।

ਏਵੇਂ ਹੀ ਮਿਤ ਜਸਵੰਤ ਸਿੰਘ ਦਰਜ਼ੀ ਆਪਣੇ ਦੋ ਮਿੱਤਰਾਂ ਸ੍ਰੀ ਰਾਮ ਅਤੇ ਸ੍ਰੀ ਨੰਦ ਕਿਸ਼ੋਰ ਨਾਲ ਸ੍ਰੀ ਗੁਰੂ ਚਰਨਾਂ ਤੇ ਸੀਸ ਆ ਝੁਕਾਇਆ। ਇਹ ਵੀ ਨਮਸਕਾਰ ਕਰਕੇ ਚਲੇ ਗਏ।

**ਆਗਿਆ ਪਰ ਸ਼ਰਤ ਨਾਲ**

ਸਤਿਗੁਰੂ ਜੀ ਸ. ਏਕਮ ਸਿੰਘ-ਕੁਮਣ ਸਿੰਘ ਕੰਵਲ ਨਾਲ ਆਪਣੇ ਥਾਈਲੈਂਡ ਦੇ ਦੌਰੇ ਬਾਰੇ ਜ਼ਿਕਰ ਕਰ ਰਹੇ ਸਨ ਕਿ ਸੂਬਾ ਸਤਨਾਮ ਸਿੰਘ ਜੀ ਨੈਰੋਬੀ ਸ. ਸਤਵੰਤ ਸਿੰਘ ਪ੍ਰਧਾਨ ਨਾਮਧਾਰੀ ਸੰਗਤ ਤਨਜ਼ਾਨੀਆਂ ਨੂੰ ਨਾਲ ਲੈਕੇ ਆ ਗਏ। ਦੋਵੇਂ ਵਡੇਰੀ ਉਮਰ ਦੇ ਵਿਅਕਤੀ ਸਨ। ਸਤਿਗੁਰੂ ਜੀ ਚਾਂਹਦੇ ਸਨ ਕਿ ਇਸ ਵਾਰ ਦੇ ਬਾਈ ਦੌਰੇ ਸਮੇ ਇਹ ਵੀ ਨਾਲ ਚੱਲਣ ਪਰ ਸ. ਸਤਵੰਤ ਸਿੰਘ ਨੇ ਬਿਨਤੀ ਕੀਤੀ ਕਿ ਉਸਦਾ 28 ਜਨਵਰੀ ਬਿਹਾਰ ਜਾਣਾ ਜ਼ਰੂਰੀ ਹੈ। ਉਥੇ ਦੇ ਫੈਕਟਰੀ ਓਨਰ ਨਾਲ ਇਕ ਫੈਕਟਰੀ ਖਰੀਦਣ ਬਾਰੇ ਇਕਰਾਰ ਤੇ ਹੈ, ਸਤਿਗੁਰੂ ਜੀ ਨੇ ਆਗਿਆ ਦੇ ਦਿਤੀ ਪਰ ਇਸ ਸ਼ਰਤ ਨਾਲ ਕਿ ਉਹ 29 ਜਨਵਰੀ ਨੂੰ ਸਵੇਰ ਦੇ ਜਹਾਜ਼ ਤੇ ਚੜ੍ਹ ਕੇ ਬੈਂਕੌਕ ਪੁਜ ਜਾਵੇ।

2 ਵਜੇ ਮੇਲਜੀਤ ਫੈਕਟਰੀ ਵਿਚ ਚਰਨ ਪਾਉਣ ਜਾਣਾ ਸੀ ਪਰ ਏਵੇਂ ਹੀ 2-30 ਹੋ ਗਏ।

**ਉਤਮ ਨਗਰ ਫਾਰਮ ਤੇ**

5 ਕਾਰਾਂ ਉਤਮ ਨਗਰ (ਨਜਫਗੜ੍ਹ) ਵਿਚ ਸ. ਅਰਜਨ ਸਿੰਘ ਦੇ ਫਾਰਮ ਲਈ ਚਲ ਪਈਆਂ। ਸਤਿਗੁਰੂ ਜੀ ਆਪਣੀ ਕਾਰ ਵਿਚ ਸਨ, ਹੋਰ ਸਿੰਘ ਦੂਜੀਆਂ ਗੱਡੀਆਂ ਤੇ, 3 ਵਜੇ ਤਕ 'ਮੇਲਜੀਤ ਇੰਜੀਨੀਅਰਿੰਗ ਵਰਕਸ' ਦੇ ਫਾਰਮ ਤੇ ਪਹੁੰਚ ਗਏ। 18000 ਗਜ਼ ਦੇ ਇਸ ਫਾਰਮ ਦੀ ਸਿਖਰ ਤੇ ਫਾਰਮ ਹਾਊਸ ਦੇ ਟਿਊਬਵੈਲ ਕੋਲ ਸ. ਅਰਜਨ ਸਿੰਘ ਤੇ ਸ. ਕਬੀਰ ਸਿੰਘ ਰਾਜਾ ਸਾਹਿਬ (ਮੁਲਾਜ਼ਮ ਸੇਠ ਤਰਲੋਕ ਸਿੰਘ) ਸਾਰੀ ਤਿਆਰੀ ਕਰਕੇ ਖਲੋਤੇ ਹੋਏ ਸਨ। ਵਿਛੇ ਹੋਏ ਮੰਜੇ ਤੇ ਸ੍ਰੀ ਸਤਿਗੁਰੂ ਜੀ ਸੁਸ਼ੋਭਤ ਹੋਏ ਤਾਂ ਸੁਆਗਤਕਾਰੀਆਂ ਅਤੇ ਨਾਲ ਆਇਆਂ ਨੇ ਨਮਸਕਾਰ ਕੀਤੀ। ਇਸ ਸਮੇ ਹੋਰ ਹਾਜ਼ਰ



Sri Satguru Jagjit Singh Ji Elibrary NamdhariElibrary@gmail.com

ਸਨ . ਸੰਤ ਹਰਨਾਮ ਸਿੰਘ ਦਲੇਰ, ਸ. ਏਕਮ ਸਿੰਘ ਸੋਧ ਬਰਮਿੰਘਮ, ਸੰਤ ਬਲਵੰਤ ਸਿੰਘ-ਸੁਖਦੇਵ ਸਿੰਘ ਬਾਲੀ ਨਗਰ, ਸੇਠ ਧਰਮ ਸਿੰਘ - ਸ਼ੇਰ ਸਿੰਘ - ਲਾਜਪੀ ਚਾਵਲੇ। ਸੰਤ ਬਲਕਾਰ ਸਿੰਘ - ਸਤਨਾਮ ਸਿੰਘ ਸੇਵਕ, ਸੰਤ ਗੁਰਮੁਖ ਸਿੰਘ ਡਰਾਈਵਰ, ਸੰਤ ਮਹਿੰਦਰ ਸਿੰਘ ਪੂਰਬਾ ਅਤੇ ਨਿਜੀ ਸਕੱਤਰ ਸੰਤ ਤਰਸੇਮ ਸਿੰਘ।

ਸ. ਅਰਜਨ ਸਿੰਘ ਹਜ਼ੂਰੀ ਵਿਚ ਬੈਠਾ ਅਤੇ ਰਾਜਾ ਸਾਹਿਬ ਫਕੀਰ ਸਿੰਘ ਖਲੋਤਾ ਸੀ। ਰਾਜਾ ਸਾਹਿਬ ਨੇ ਫਾਰਮ ਬਾਰੇ ਤੇ ਮਨਜੀਤ ਇੰਜਨੀਅਰਿੰਗ ਬਾਰੇ ਜਾਣਕਾਰੀ ਦਿਤੀ। ਅਤੇ ਨਾਲ ਹੀ ਸ. ਅਰਜਨ ਸਿੰਘ ਨੂੰ ਵੰਗਾਰਿਆ : ਉਠੋ, ਸਰਦਾਰ ਸਾਹਿਬ ! ਹੁਣ ਆਪ ਹੀ ਅਰਜ਼ ਕਰੋ। ਸ. ਅਰਜਨ ਸਿੰਘ 2000 ਗਜ਼ ਸੜਕ ਦੇ ਨਾਲ ਲਗਦੀ ਜ਼ਮੀਨ ਆਪ ਜੀ ਨੂੰ ਭੇਟ ਕਰਨੀ ਚਾਹੁੰਦਾ ਹੈ। ਸ. ਅਰਜਨ ਸਿੰਘ ਉਠਿਆ ਅਤੇ ਉਸਨੇ ਅਰਜ਼ ਕੀਤੀ : "ਦੀਨ ਦਿਆਲ ! ਮੈਂ ਆਪ ਜੀ ਦੀ ਸੇਵਾ ਵਿਚ ਨਜਫਗੜ੍ਹ ਸੜਕ ਨਾਲ ਲਗਦੀ ਜ਼ਮੀਨ 2000 ਗਜ਼ ਭੇਟਾ ਕਰਦਾ ਹਾਂ, ਇਸ ਜ਼ਮੀਨ ਤੇ ਸੜਕ ਦੇ ਨਾਲ ਲਗਦੀ ਜ਼ਮੀਨ ਪਸ਼ੂਆਂ ਲਈ ਪੀਣ ਦੇ ਪਾਣੀ ਲਈ ਬਣੀ ਹੋਈ ਹੈ। ਜਿਸ ਤਰਾਂ ਚਾਹੋ ਕਾਗਜ਼ ਤਿਆਰ ਕਰਵਾ ਲਓ।"

ਸੰਤ ਬਲਵੰਤ ਸਿੰਘ ਬਾਲੀ ਨਗਰ ਬੋਲੇ ਗੁਰੂ ਡਾਢਾ ਹੈ। ਜਿਸ ਜ਼ਮੀਨ ਦਾ ਇਹ ਏਨਾ ਮੁਲ ਵਧਾ ਕੇ ਦੱਸਦਾ ਸੀ ਕਿ ਕੋਈ ਖਰੀਦ ਨ ਸਕੇ, ਅੱਜ ਆਪ ਹੀ ਭੇਟ ਕਰਨ ਲਈ ਸਤਿਗੁਰੂ ਜੀ ਨੂੰ ਬੁਲਾ ਭੇਜਿਆ ਸੁ। ਰਾਜਾ ਸਾਹਿਬ ਨੇ ਦਸਿਆ ਕਿ ਸ. ਅਰਜਨ ਸਿੰਘ ਦੀ ਫੈਕਟਰੀ ਇਸ ਵੇਲੇ ਦੇ ਕਰੋੜ ਰੁਪਏ ਦੀ ਹੈ। ਸ. ਸਾਹਿਬ ਨੇ ਸੁੱਕੇ ਮੇਵਿਆਂ ਦਾ ਡੱਬਾ, ਕੁਝ ਫਲ ਤੇ ਨਕਦੀ ਮੱਥਾ ਟੇਕੇ।

ਭਲਾ ਅਜਿਹੇ ਸਮੇਂ ਸੇਠ ਚਾਵਲਾ ਦੇ ਲੜਕੇ ਕਿਉਂ ਨ ਲਾਭ ਉਠਾਂਦੇ ਪਰ ਇਨਾਂ ਤੇ ਪਹਿਲਾਂ ਸ. ਫੁੰਮਣ ਸਿੰਘ ਨੇ ਕੰਵਲ ਕੁਟੀਆ ਵਿਚ ਚਰਨਾਂ ਦੀ ਅਰਜ਼ ਕਰ ਦਿਤੀ। ਕਾਰਾਂ ਦਾ ਕਾਫਲਾ ਨਜਫਗੜ੍ਹ ਰੋਡ ਤੋਂ ਓਮ ਵਿਹਾਰ ਨੂੰ ਮੁੜ ਪਿਆ। ਖੱਬੇ ਹੱਥ ਦੀ ਕੱਚੀ ਸੜਕ ਤੇ ਪੈ ਗਿਆ। ਪੌਣੀ ਫਰਲਾਂਗ ਦੇ ਫਾਸਲੇ ਤੇ, ਇਕ ਡੇਅਰੀ ਦੇ ਸਾਮਣੇ, ਸੜਕੋਂ ਸੌਂਜੇ, ਸਵੈਦਿਆਂ, ਬੋਘਣਾਂ, ਝੁਮਕਿਆਂ, ਫੋਗਿਆ ਦੀਆਂ ਵਾੜੀਆਂ ਚੋਂ ਲੰਘ ਸ੍ਰੀ ਸਤਿਗੁਰੂ ਜੀ ਕੰਵਲ ਕੁਟੀਆਂ ਵਿਚ ਪਹੁੰਚ ਗਏ। ਏਥੇ ਸੁਆਗਤ ਵਿਚ ਕੰਵਲ ਦੀ ਭੈਣ ਬੀਬੀ ਨਸੀਬ ਕੌਰ, ਸੋਧ ਪਤਨੀ ਬੀਬੀ ਈਸ਼ਰ ਕੌਰ ਅਤੇ ਦੋ ਕੁ ਬੀਬੀਆਂ ਹੋਰ ਖਲੋਤੀਆਂ ਸਨ।

ਸਤਿਗੁਰੂ ਜੀ ਬਰਾਮਦਾ ਲੰਘ ਕਮਰੇ ਵਿਚ ਪਧਾਰੇ। ਹੁਣ ਕੰਵਲ ਟਹਿਕਿਆ ਹੋਇਆ ਸੀ। ਸਬੱਬ ਨਾਲ ਹੀ ਕੰਵਲ ਕੁਟੀਆ ਵਿਚ ਚਰਨ ਪੈ ਗਏ। 8-10 ਮਿੰਟ ਸਤਿਗੁਰੂ ਜੀ ਨਾਲ ਕੰਵਲ ਪ੍ਰੇਮ ਪੂਰਵਕ ਗੱਲ ਬਾਤ ਕਰਦਾ ਰਿਹਾ। ਮੈਂ ਇਸ ਕਮਰੇ ਵਿਚ ਬੈਠੇ ਹੋਇਆਂ ਦੇ ਅਤੇ ਸਤਿਗੁਰੂ ਜੀ ਦੇ 5-6 ਫੋਟੋਗ੍ਰਾਫ ਲੈ ਲਏ।

ਮੈਥੋਂ ਫਿਰ ਨ ਰਿਹਾ ਗਿਆ। ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ : ਦੀਨ ਦਿਆਲ, ਕੰਵਲ ਬੁਢੇ ਵਾਰੇ ਹੱਥ ਫੂਕਦਾ ਹੈ, ਰੋਟੀ ਪਕਾਣ ਵਾਲਾ ਕੋਈ ਨਹੀਂ। ਆਪ ਇਸ ਨੂੰ ਜਾਕੇ ਘੜੀਆਂ ਦੀ ਮੁਰੰਮਤ ਕਰਨੀ ਪੈਂਦੀ ਹੈ, ਕਰੋਲ ਬਾਗ਼ ਵਿਖੇ। ਇਹ ਉਪਜੀਵਕਾ ਲਈ ਟੱਕਰਾਂ ਮਾਰਦਾ ਹੈ। ਕਿਉਂ ਮਾਰੇ ਟਕਰਾਂ, ਕਿਉਂ ਨ ਸਮਾਜ ਦਾ ਕੋਈ ਕੰਮ ਕਰੇ। ਕਿਰਪਾ ਕਰੋ, ਉਨ੍ਹਾਂ ਨੂੰ ਵਡੇਰੀ ਉਮਰ ਦੀ ਕੋਈ ਇਸਤਰੀ ਲੱਭ ਦਿਓ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਮੁਸਕਰਾਏ : ਫਿਰ ਤੁਸਾਂ ਹੀ ਪੈੜਾਂ ਵਿਚ ਲਿਖਣਾ ਹੈ, ਬੁੱਢਿਆਂ ਦੇ ਵਿਆਹ ਕਰਨ ਵਿਚ ਦਿਲਚਸਪੀ ਲੈਂਦੇ ਹਨ।

## ਸੇਠ ਤਿਰਲੋਕ ਸਿੰਘ ਦੇ ਫਾਰਮ ਤੇ

ਏਥੋਂ ਪਰਤ ਨਜਫ਼ਗੜ੍ਹ ਰੋਡ ਤੇ ਆਕੇ, ਕੋਈ 1000 ਗਜ਼ ਦੇ ਫਾਸਲੇ ਤੇ ਮੁੜਕੇ ਸੇਠ ਤਿਰਲੋਕ ਸਿੰਘ ਛਾਵਲਾ ਦੇ ਫਾਰਮ ਤੇ ਚਰਨ ਪਾਏ। ਇਹ ਜ਼ਮੀਨ ਦਾ ਵਡਾ ਪਲਾਟ ਨਿੱਕੇ ਨਿੱਕੇ ਪਲਾਟ ਕਰਕੇ ਵੇਚਣ ਦੇ ਖਿਆਲ ਨਾਲ ਲਿਆ ਜਾਪਦਾ ਹੈ। ਕਿਉਂਕਿ ਪਹਿਲਾਂ ਇਸ ਫਾਰਮ ਵਿਚ ਸਬਜ਼ੀ ਬੀਜੀ ਹੋਈ ਸੀ ਪਰ ਏਥੇ ਜ਼ਮੀਨ ਖਾਲੀ ਵਲੀ ਹੋਈ ਸੀ, ਪਰਲੇ ਪਾਰ ਵਿਛੇ ਹੋਏ ਮੰਜੇ ਤੇ ਸੇਠ ਦੀਨ ਦਿਆਲ ਜੀ ਨੇ ਦਰਸ਼ਨ ਦਿਤੇ। ਨਾਲ ਆਏ ਸਰੀਰਾਂ ਵਿਚ ਸ. ਫਕੀਰ ਸਿੰਘ ਰਾਜਾ ਸਾਹਿਬ ਅਤੇ ਸ. ਅਰਜਨ ਸਿੰਘ ਵੀ ਸਨ।

ਸਤਿਗੁਰੂ ਜੀ ਨੇ ਪੂਰੇ 4 ਵਜੇ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਚ ਦਰਸ਼ਨ ਦੇਣੇ ਸਨ। ਸੰਗਤ ਵਿਚ ਆਏ। ਨਿਤਨੇਮ ਕੀਤਾ ਅਤੇ ਕੀਰਤਨ ਦੀ ਵਾਰੀ ਆਈ। ਸਾਰਾ ਦਿਨ ਹੀ ਗੁਰੂ ਰਾਮ ਸਿੰਘ ਜੀ ਦਾ ਲੰਗਰ ਚਲਦਾ ਰਿਹਾ ਅਤੇ ਜਥੇਦਾਰਾਂ ਦੇ ਹੱਲੇ ਦੇ ਦੀਵਾਨ ਵੀ। ਹੇਠ ਲਿਖੇ ਜਥੇਦਾਰਾਂ ਨੂੰ ਸੰਗਤ ਨੇ ਸੁਣਿਆ। ਜਥੇਦਾਰ ਸੇਵਾ ਸਿੰਘ ਮੰਡ੍ਹੇ ਵਾਲੇ, ਜਥੇਦਾਰ ਧਰਮ ਸਿੰਘ, ਜਥੇਦਾਰ ਦਰਸ਼ਨ ਸਿੰਘ, ਸੰਤ ਜੀਊਣ ਸਿੰਘ ਦਾ ਕਵੀਸ਼ਰੀ ਜਥਾ। ਸਿਵਾਇ ਸੰਤ ਜੀਊਣ ਸਿੰਘ ਦੇ ਸਾਰੇ ਜਥੇ ਹੀ ਦਿਲੀ ਦੇ ਸਨ। ਜਥੇਦਾਰ ਸੇਵਾ ਸਿੰਘ ਰਘਬੀਰ ਨਗਰ ਇਸ ਵਾਰ ਬੈਂਥਈ ਨੂੰ ਤਾਗ ਲਾਉਣ ਗਏ ਸਨ।

ਮੈਂ ਅਤੇ ਏਕਮ ਸਿੰਘ ਸਾਡੇ ਘਰ ਚਲੇ ਆਏ। ਰਾਤ ਨੂੰ ਕਵੀ ਦਰਬਾਰ ਸੀ। ਮੰਚ ਸਕੱਤਰੀ ਮੇਰੇ ਜ਼ਿੰਮੇ ਸੀ। ਸੁ ਮੈਨੂੰ ਕੁਝ ਆਰਾਮ ਦੀ ਜ਼ਰੂਰਤ ਸੀ।

ਸਤਿਗੁਰੂ ਜੀ ਏਥੋਂ ਸਿਧੇ ਕੋਠੀ ਪ੍ਰਸਾਰੋੜ ਪਧਾਰੇ।

## ਕਵੀ ਦਰਬਾਰ ਬਸੰਤ ਪੰਚਮੀ ਦਾ

7-30 ਵਜੇ ਰਾਤੀਂ ਕਵੀ ਦਰਬਾਰ ਦਾ ਆਰੰਭ ਹੋਇਆ। ਸੰਗਤ ਥੋੜੀ ਕਵੀ ਜਨ ਬਹੁਤੇ। ਸਾਰਾ ਦਿਨ ਪ੍ਰੋਗਰਾਮ ਜਾਰੀ ਰਹਿਣ ਕਰਕੇ ਅਤੇ ਠੰਢ ਦਾ ਜ਼ੋਰ ਵਧ ਜਾਣ ਕਰਕੇ ਕੇਵਲ 400 ਸੌ ਤੋਂ ਰਤਾ ਕੁ ਵੱਧ ਸਰੋਤੇ ਬੈਠੇ ਸਨ। ਕਵੀ ਦਰਬਾਰ ਜਾਰੀ ਹੋਇਆ। ਕਵਿਤਾਵਾਂ ਦੇ ਵਿਸ਼ੇ ਸਨ : ਗੁਰੂ ਰਾਮ ਸਿੰਘ ਜੀ ਦੀ ਸੋਭਾ, ਅਤੇ ਨਾਮਧਾਰੀ ਪੰਥ ਦੀਆਂ ਖੂਬੀਆਂ। ਕਵੀ ਸਨ : ਸ. ਮਹਿੰਦਰ ਸਿੰਘ ਸਾਗਰ, ਡਾ. ਬਲਵੰਤ ਸਿੰਘ, ਸੰਤ. ਗੁਰਬਖਸ਼ ਸਿੰਘ ਰਾਮਪੁਰੀ, ਸ. ਬਲਬੀਰ ਸਿੰਘ ਢਿੱਲੋਂ ਰਾਣੀਆਂ, ਮਾ: ਅਮਰੀਕ ਸਿੰਘ ਔਮ੍ਰਿਤਸਰ ਕਲਾਂ, ਸ. ਪ੍ਰੀਤਮ ਸਿੰਘ ਪੰਛੀ, ਸ. ਕਿਰਪਾਲ ਸਿੰਘ ਹੀਰਾ, ਸ੍ਰੀ ਫਕੀਰ ਚੰਦ ਤੁਲੀ ਜਲੰਧਰ, ਸ. ਹਜ਼ਾਰਾ ਸਿੰਘ ਗੁਰਦਾਸਪੁਰੀ, ਸ. ਪ੍ਰਕਾਸ਼ ਸਿੰਘ ਸਾਥੀ, ਬੀਬੀ ਗਿਆਨ ਕੌਰ ਜਮਨਾ ਨਗਰ, ਸ. ਤਾਰਾ ਸਿੰਘ ਅਨਜਾਣ, ਸ. ਗੁਰਚਰਨ ਸਿੰਘ ਵੀਰਾ, ਸੰਤ ਹਰਬੰਸ ਸਿੰਘ ਘੁੱਲਾ, ਸੰਤ ਹਰਭਜਨ ਸਿੰਘ ਸਿਤਾਰ, ਸੰਤ ਕੇਸਰ ਸਿੰਘ ਸਾਹਿਬਪੁਰਾ, ਸੰਤ ਮੇਹਰ ਸਿੰਘ ਨਾਮਧਾਰੀ ਕਾਲੋਨੀ, ਸ. ਗੁਰਦੇਵ ਸਿੰਘ ਕੋਇਲ ਆਦਿ।

ਕਵੀ ਦਰਬਾਰ ਦੇ ਪ੍ਰਧਾਨ ਜੀ ਸਨ ਮਾ: ਨਿਹਾਲ ਸਿੰਘ ਪ੍ਰਧਾਨ ਨਾਮਧਾਰੀ ਦਰਬਾਰ

Sri Satguru Jagjit Singh Ji Elibrary NamdhariElibrary@gmail.com

ਅਤੇ ਡਾ. ਬਲਵੰਤ ਸਿੰਘ।

ਕਵੀਆਂ ਨੂੰ ਦਾਦ ਦੇਣ ਵਾਲੇ ਸੱਜਣ ਵੀ ਮੌਜੂਦ ਸਨ ਪਰ ਹੇਠ ਲਿਖੇ ਸੱਜਣ ਖਾਸ ਜ਼ਿਕਰ ਯੋਗ ਹਨ: ਡਾ. ਬਲਵੰਤ ਸਿੰਘ ਮਾਨਸਰੋਵਰ ਗਾਰਡਨ, ਸੰਤ ਸੇਵਾ ਸਿੰਘ ਜ਼ਖੇਦਾਰ ਮੌਲ੍ਹੇਵਾਲਾ, ਸੰਤ ਬਲਵੰਤ ਸਿੰਘ ਬਾਲੀ ਨਗਰ, ਗਿਆਨੀ ਜਸਵੰਤ ਸਿੰਘ ਰਾਜੌਰੀ ਗਾਰਡਨ, ਠੇਕੇਦਾਰ ਸੁਲੱਖਣ ਸਿੰਘ, ਸ੍ਰੀ ਗੁਰਦੇਵ ਸਿੰਘ ਸਰੋਦ ਆਦਿ ਹੋਰ ਵੀ ਅਨੇਕਾਂ ਸੱਜਣਾਂ ਕਵੀਆਂ ਵਾਸਤੇ ਉਦਾਰਤਾ ਦਿਖਾਈ।

ਕਵੀ ਦਰਬਾਰ ਰਾਤ 11-30 ਤਕ ਚੱਲਿਆ।

## ਜੋੜਿਆਂ ਦੇ ਸੇਵਾਦਾਰ

ਅਤੇ ਕਿਸੇ 'ਯੰਗ ਬ੍ਰਦਰਜ਼' ਸੰਸਥਾ ਨੇ ਆਸਾ ਦੀ ਵਾਰ ਦੇ ਆਰੰਭ ਤੋਂ ਹੀ ਸਾਧ ਸੰਗਤ ਦੇ ਜੋੜੇ ਸੰਭਾਲਣ ਦੀ ਸੇਵਾ ਲਈ ਹੋਈ ਹੈ। 12 ਵਜੇ ਰਾਤ ਤਕ ਇਹ ਸੇਵਾ ਕਰਦਿਆਂ ਇਕ ਹੋਰ ਮਾਅਰਕਾ ਮਾਰਿਆ ਹੈ ਕਿ 1.50 ਕੁਇੰਟਲ ਦੁਧ ਖਰੀਦ ਕੇ, ਵਿਚ ਬਦਾਮ ਅਤੇ ਇਲਾਚੀਆਂ ਪਾ, ਚੰਗੀ ਤਰ੍ਹਾਂ ਕਾੜ੍ਹ ਸਾਧ ਸੰਗਤ ਨੂੰ ਛਕਾ ਕੇ ਘਰਾਂ ਨੂੰ ਤੋਰਿਆ। ਮੇਰਾ ਜੀ ਕਰਦਾ ਸੀ ਸੰਸਥਾ ਦੇ ਸੇਵਾਦਾਰਾਂ ਦੇ ਨਾ ਲਿਖਾਂ, ਪਰ ਖਿਮਾ ਹੀ ਮੰਗੀ ਜਾ ਸਕਦੀ ਹੈ।

ਅੱਜ ਦੇ ਸਮੁਚੇ ਲੰਗਰ ਦਾ ਖਰਚ ਸ. ਹਰਨਾਮ ਸਿੰਘ ਦਲੇਰ ਨੇ ਕੀਤਾ।

### 27 ਜਨਵਰੀ 1983, ਵੀਰਵਾਰ
### ਨਵੀਂ ਦਿੱਲੀ

## ਕਥਾ ਨੰਦ ਕਿਸ਼ੋਰ ਦੀ

ਜੁਆਤਰੇ ਕੇਹਰ ਸਿੰਘ ਹਮਰਾਹੀ, ਜੁ ਕੁਛ ਦਿਨਾਂ ਦਾ ਏਥੇ ਹੈ, ਦਾ ਸੂਟ ਸੰਤ ਜਸਵੰਤ ਸਿੰਘ ਦਰਜ਼ੀ ਪਾਸ ਸਿਵਾਣ ਲਈ ਕਰੋਲ ਬਾਗ ਗਏ। ਏਥੇ ਸਾਨੂੰ ਪਿਛਲੇ ਦਿਨੀ ਗੁਰੂ ਚਰਨਾਂ ਵਿਚ ਹਾਜ਼ਰ ਹੋਏ ਸ੍ਰੀ ਰਾਮ ਜੀ ਐਕਰਾਇਣਡਰ ਮਿਲੇ। ਇਹਨਾਂ ਦੱਸਿਆ, ਉਸ ਦਿਨ ਜਸਵੰਤ ਸਿੰਘ ਹੁਰਾਂ ਨਾਲ ਸ੍ਰੀ ਸਤਿਗੁਰੂ ਜੀ ਪਾਸ ਜਾਣੇ ਜਾਣ ਦਾ ਖਾਸ ਕਾਰਨ ਇਹ ਸੀ ਕਿ ਸਾਡੇ ਦੂਜੇ ਸਾਥੀ ਸ੍ਰੀ ਨੰਦ ਕਿਸ਼ੋਰ ਜੀ ਨੂੰ ਲਗਾਤਾਰ ਤਿਨ ਦਿਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੁਪਨੇ ਵਿਚ ਦਰਸ਼ਨ ਹੋਏ। ਇਸ ਨਾਲ ਉਸਨੂੰ ਜਗਿਆਸਾ ਹੋਈ ਕਿ ਇਹ ਮਹਾਂਪੁਰਸ਼ ਕੌਣ ਹੋਵੇ ਜੋ ਉਤੋੜਿਤੀ ਤਿਨ ਦਿਨ ਸੁਪਨੇ ਵਿਚ ਆ ਰਿਹਾ ਹੈ।

ਇਸ ਨੇ ਸਾਨੂੰ ਇਹ ਸੁਪਨ ਕਥਾ ਸੁਣਾਈ ਤਾਂ ਅਸਾਂ ਜਾਣਿਆ ਜੁ ਇਹ ਸੱਜਣ ਦਰਸ਼ਨਾਂ ਦਾ ਤਲਬਗਾਰ ਹੈ। ਜਸਵੰਤ ਸਿੰਘ ਨੇ ਦੱਸਿਆ : ਇਸ ਨੇ ਕਦੇ ਪਹਿਲਾਂ ਸਤਿਗੁਰੂ ਜੀ ਦੇ ਦਰਸ਼ਨ ਨਹੀ ਕੀਤੇ ਸਨ। ਉਸ ਦਿਨ ਕੋਠੀ ਦੀ ਉਪਰਲੀ ਛੱਤੇ ਜੁਹਾਰੇ ਹੁੰਦਿਆਂ ਹੀ ਅਸਾਂ ਦਰਸ਼ਨ ਕੀਤੇ। ਨੰਦ ਕਿਸ਼ੋਰ ਨੂੰ ਯਕੀਨ ਹੋ ਗਿਆ ਕਿ ਇਹੋ ਵਿਅਕਤੀ ਬਾਰ ਬਾਰ ਦਰਸ਼ਨ ਦੇ ਰਿਹਾ ਸੀ ਸੁਪਨਿਆਂ ਵਿਚ।

ਸ੍ਰੀ ਨੰਦ ਕਿਸ਼ੋਰ ਜੀ ਦੇ ਅੰਦਰ ਪਹਿਲਾਂ ਤੋਂ ਵੱਧ ਸ਼ਰਧਾ ਤੇ ਪ੍ਰੇਮ ਭਾਵਨਾ ਹੈ।



Sri Satguru Jagjit Singh Ji Elibrary NamdhariElibrary@gmail.com

## 29 ਜਨਵਰੀ 1983, ਸ਼ਨੀਵਾਰ
## ਨਵੀਂ ਦਿੱਲੀ

**ਸਤਵੰਤ ਸਿੰਘ ਪਾਲਕੇ**

ਉਸ ਦਿਨ ਸ. ਸਤਵੰਤ ਸਿੰਘ ਪਾਲਕੇ ਨੂੰ ਸਤਿਗੁਰੂ ਜੀ ਨੇ ਅੱਜ ਦੇ ਦਿਨ ਬੰਗਲੌਰ ਯਾਦ ਕੀਤਾ ਸੀ। ਮੈਨੂੰ ਸ: ਸਤਵੰਤ ਸਿੰਘ ਦਾ ਇਕ ਵਿਜ਼ਟਿੰਗ ਕਾਰਡ ਮਿਲਿਆ ਹੈ, ਉਸਨੂੰ ਏਥੇ ਪੇਸ਼ ਕਰਦਾ ਹਾਂ ਤਾਕਿ ਨਾਮਧਾਰੀ ਸੰਗਤ ਦਾਰਾ ਸਲਾਮ ਦੇ ਪ੍ਰਧਾਨ ਦੀ ਪਰਿਵਾਰਕ ਸਥਤੀ ਦਾ ਕੁਝ ਪਤਾ ਲੱਗ ਸਕੇ। ਸ. ਸਤਵੰਤ ਸਿੰਘ ਪਾਲਕੇ ਹੇਠ ਲਿਖੇ ਇੰਡਸਟਰੀਅਲ ਗਰੁਪਾਂ ਦਾ ਡਾਇਰੈਕਟਰ ਹੈ :

1. ਪਾਲਕੇ ਇਨਵੈਸਟਮਿੰਟ ਲਿਮਿਟਿਡ
2. ਪਾਲਕੇ ਲਿਮਿਟਿਡ
3. ਰਾਹਾ ਬੌਂਡਜ਼ ਲਿਮਿਟਿਡ
4. ਈ.ਏ. ਫਰਨੀਚਰ ਲਿਮਿਟਿਡ
5. ਇੰਡਸਟਰੀਅਲ ਐਂਡ ਟੈਕਨੀਕਲ ਸਰਵਿਸਜ਼ ਲਿਮਿਟਿਡ
6. ਸਟੀਲ ਟੂਲ ਤਨਜ਼ਾਨੀਆਂ ਲਿਮਿਟਿਡ
7. ਮੋਲ ਪਲਾਸਟ ਲਿਮਿਟਿਡ
8. ਪਲਾਸਟੀਕੋਟ ਲਿਮਿਟਿਡ
9. ਗਲੈਕਸੀਵਟ ਮਾਰਕਿਟਿੰਗ ਏਜੰਸੀਜ਼ ਲਿਮਿਟਿਡ
10. ਇੰਡਸਟਰੀਅਲ ਐਂਡ ਹਾਰਡ ਵੇਅਰ ਸਪਲਾਈਜ਼ ਲਿਮਿਟਿਡ
11. ਐਸ.ਪੀ. ਪਾਰਕੁਇਸ ਫਲੋਰਿਗਜ਼ ਲਿਮਿਟਿਡ
12. ਅਲੈਕਸੀ ਫੂਡ ਪ੍ਰੋਡਕਸ਼ਨ ਲਿਮਿਟਿਡ

ਏਨੀਆਂ ਕੰਪਨੀਆਂ ਦੇ ਡਾਇਰੈਕਟਰ ਨੂੰ ਬਿਹਾਰ ਦੀ ਕੋਈ ਇੰਡਸਟਰੀਅਲ ਕੰਪਨੀ ਖਰੀਦਣੀ ਭਲਾ ਕਿਨੀ ਕੁ ਮੁਸ਼ਕਲ ਹੋਵੇਗੀ।

**. ਜਗਦੀਸ਼ ਸਿੰਘ ਦੇ ਪੱਤਰ**

ਮੈਨੂੰ ਡਾਕ ਅੱਜ ਵਿਚ ਦੋ ਚਿਠੀਆਂ ਮਿਲੀਆਂ। ਦੋਵੇਂ ਹੀ 'ਵਰਿਆਮ' ਦੇ ਜਗਦੀਸ਼ ਸਿੰਘ ਦੀਆਂ : ਕੁਝ ਅੰਸ਼ ਏਥੇ ਨੋਟ ਕਰਦਾ ਹਾਂ :

(1) ਜਲੰਧਰ ਦੀਆਂ ਅਖਬਾਰਾਂ ਵਿਚ ਕਮੇਤ ਤੇ ਦਲੀਪ ਸਿੰਘ ਤੇ ਮੇਰੇ ਲੇਖ ਲਗੇ ਹਨ। ਉੱਦਮ ਦਲੀਪ ਸਿੰਘ ਦਾ ਸੀ। ਤਾਂਵੇ ਉਸ ਵਲੋ ਪੁਰਾਣੇ ਲੇਖਾਂ ਨੂੰ ਮੁੜ ਲਿਆਉਣ ਨੂੰ ਅਖਬਾਰਾਂ ਪਸੰਦ ਨਹੀ ਕਰਦੀਆਂ। ਮੇਰੇ ਵਲੋਂ ਸਨਅਤਰਾ ਜੀ ਦਾ ਲੇਖ ਤਿਨ ਅਖਬਾਰਾਂ, ਜਗਬਾਣੀ, ਪੰਜਾਬ ਕੇਸਰੀ, ਅਤੇ ਹਿੰਦ ਸਮਾਚਾਰ ਵਿਚ ਛਪ ਗਿਆ ਸੀ। ਪਰ ਸਨਅਤਰਵੀ ਦੀ ਥਾਂ ਲੌਂਗਨਵੀ ਛਪਿਆ ਹੈ। ਇਹ10 ਤਾਰੀਖ ਨੂੰ ਸੀ। 16 ਤਾਰੀਖ ਨੂੰ ਕਮੇਤ ਵਾਲੇ ਦਿਨ 'ਜਗਬਾਣੀ' ਵਿਚ ਮੇਰਾ ਲੇਖ, ਅਕਾਲੀ ਪਤ੍ਰਕਾ ਵਿਚ ਮੇਰਾ ਲੇਖ (ਪੁਰਾਣਾ ਦਲੀਪ ਸਿੰਘ ਵਲੋਂ ਦਿਤਾ ਗਿਆ) ਨਵਾਂ ਜ਼ਮਾਨਾ ਵਿਚ ਦਲੀਪ ਤੇ ਜਗਦੀਸ਼, ਅਜੀਤ ਵਿਚ ਦਲੀਪ ਸਿੰਘ, ਪੰਜਾਬ



Sri Satguru Jagjit Singh Ji Elibrary NamdhariElibrary@gmail.com

ਕੇਸਰੀ ਵਿਚ ਮਹਾਰਾਜ ਗੁਰਦਿਆਲ ਸਿੰਘ ਦਾ ਲੇਖ ਛਪਿਆ। ਦਲੀਪ ਸਿੰਘ ਮੇਰਾ, ਆਪਣਾ, ਜੋਗਾ (ਕਾਮਰੇਡ ਮੋਹਣ ਸਿੰਘ) ਆਦਿ ਦੇ ਲੇਖ ਲੈ ਕੇ ਆਇਆ। ਮੇਰਾ ਲੇਖ ਸਤਿਗੁਰਾਂ ਦੇ ਜਨਮ ਤੇ ਨਹੀਂ ਸੀ ਪਰ ਲਵੇ ਜ਼ਮਾਨੇ ਵਿਚ ਰਾਜਿਆਂ ਵਿਰੁਧ ਨਾਮਧਾਰੀ ਲਹਿਰ ਤੇ ਸੀ। ਗਲਤ ਮਲਤ ਟਾਈਪ ਹੋਏ ਨੂੰ ਅਖਬਾਰਾਂ ਵਾਲਿਆਂ ਪਸੰਦ ਤਾਂ ਕੀਤਾ ਪਰ ਇਹ ਕਿਹਾ ਕਿ ਇਹ ਜਨਮ ਦਿਵਸ ਵਾਲਾ ਲੇਖ ਨਹੀਂ। ਸਾਨੂੰ ਸਫਾਈਆਂ ਦੇਣੀਆ ਪਈਆਂ।

(2) ਹੁਣ ਲੁਧਿਆਣੇ ਦੀ ਗੱਲ। ਲੁਧਿਆਣੇ ਨਗਰ ਕੀਤਰਨ ਕਢੀਆ ਨਿਕਲਿਆ ਹੈ, ਚੰਗਾ ਪੈਸਾ ਖਰਚਿਆ ਗਿਆ ਸੀ। ਸਾਰਾ ਸ਼ਹਿਰ ਗੇਟਾਂ ਅਤੇ ਜਾਲਾਂ ਨਾਲ ਸਜਾਇਆ ਗਿਆ ਸੀ। ਸਤਿਗੁਰੂ ਜੀ ਦੇ ਆਦੇਸ ਕਾਰਣ ਕਾਈ ਪੁਚਾਏ ਗਏ ਸਨ। ਸਾਰੇ ਇਲਾਕੇ ਦੀਆਂ ਬਸੰਤਾਂ ਰੋਕੀਆਂ ਗਈਆਂ ਸਨ। ਤਿਨ ਗੱਤਕਾ ਪਾਰਟੀਆਂ ਸਨ। ਬਾਕੀ ਸਾਰਾ ਪੰਥ ਟ੍ਰਾਲੀਆਂ ਤੇ ਸਵਾਰ ਸੀ। 150 ਟਰਾਲੀਆਂ, ਟ੍ਰਕ ਦੱਸੇ ਗਏ ਸਨ। 200 ਦੀ ਵੀ ਗੱਲ ਹੁੰਦੀ ਸੀ।

ਇਸ ਜਲੂਸ ਦੀ ਸੂਚਨਾਂ ਜਾਣੇ-ਅਨਜਾਣੇ ਜਲੰਧਰ ਵਾਲਿਆਂ ਨੂੰ ਚਾਰ ਦਿਨ ਪਹਿਲਾਂ ਪਹੁੰਚੀ। ਬਾਹਰੋਂ ਖਬਰਾਂ ਲਵਾਈਏ ਅਸੀ ਦੁਬਧਾ ਵਿਚ ਸਾਂ, ਅਸੀ ਕੀ ਕਰੀਏ। ਫਿਰ ਜਦੋਂ ਦਲੀਪ ਸਿੰਘ ਜਲੰਧਰ ਆਏ ਤਾਂ ਮੈਂ ਉਨ੍ਹਾ ਨਾਲ ਸਾਰੀਆਂ ਅਖਬਾਰਾਂ ਦੇ ਦਫਤਰਾਂ ਵਿਚ ਗਿਆ। ਰੇਡੀਓ ਸਟੇਸ਼ਨ ਅਤੇ ਟੀ.ਵੀ. ਡਾਇਰੈਕਟਰ ਅਤੇ ਅਧਿਕਾਰੀਆਂ ਨੂੰ ਮਿਲਿਆ।

(3) ਇਕ ਗੱਲ ਪਰ ਕਮਾਲ ਹੋ ਗਈ। ਇਸ ਗੱਲ ਦੇ ਵਿਪਰੀਤ ਇਕ ਗੱਲ ਕਰਕੇ ਸ੍ਰੀ ਮਹਾਰਾਜ ਜੀ ਨੇ ਮੇਰੀ ਭਰਪੂਰ ਸ਼ਲਾਘਾ ਕੀਤੀ।

ਟੀ.ਵੀ. ਵਾਲਿਆਂ ਨੂੰ ਮੈਂ ਇਕ ਚਿਠੀ ਲਿਖੀ ਸੀ ਕਿ ਬਸੰਤ ਵਾਲੇ ਦਿਨ ਸਤਿਗੁਰਾਂ ਉਤੇ ਇਕ ਟੈਲੀਕਾਸਟ ਕੀਤਾ ਜਾਵੇ, ਭਾਵੇਂ ਅਸੀ ਲੇਟ ਹੀ ਲਿਖ ਰਹੇ ਹਾਂ। ਜਦੋਂ ਦਲੀਪ ਸਿੰਘ ਨਾਲ ਇਹਨਾਂ ਦੇ ਸਕੂਲ ਦੀ ਕਵਰੇਜ ਵਾਸਤੇ ਗਏ, ਓਦੋਂ ਵੀ ਗੱਲ ਕੀਤੀ। ਜਿਹੜੇ ਮੁਖ ਡਾਇਰੈਕਟਰ ਬੱਟ ਸਾਹਿਬ ਨਾਲ ਪਿਛਲੇ ਸਾਲ ਲੜਾਈ ਕੀਤੀ ਸੀ। ਉਸਨੂੰ ਇਕ ਪ੍ਰੋਡਿਊਸਰ ਗੁਰਿੰਦਰ ਸਾਹਨੀ ਨੂੰ ਕਿਹਾ ਕਿ ਇਹਨਾਂ ਕੋਲੋਂ ਹੀ ਲਿਖਵਾਕੇ, 'ਜਨਤਾ ਦੇ ਦਰਬਾਰੋਂ' ਪ੍ਰੋਗਰਾਮ ਵਿਚ ਦੇ ਦਿਓ।

ਮੈਂ ਪਹਿਲੀ ਵਾਰ ਟੈਲੀਵਿਜ਼ਨ ਪ੍ਰੋਗਰਾਮ ਵਾਸਤੇ ਨੋਟਿਸ ਦੀ ਸਕਰਿਪਟ ਲਿਖਣ ਲਈ ਮੈਨੂੰ ਕਿਹਾ ਗਿਆ। ਇਹ ਸਕਰਿਪਟ ਤੇ ਤਸਵੀਰਾਂ ਮੈਂ ਦੇ ਆਇਆਂ। ਇਸ ਪ੍ਰੋਗਰਾਮ ਦਾ ਇੰਨਚਾਰਜ ਜਸਵੰਤ ਦੀਦ ਵੀ ਆਪਣਾ ਹਮਦਰਦ ਸੀ। ਉਸ ਮੁੰਡੇ ਨੇ ਬੜੀ ਰੀਝ ਨਾਲ ਪ੍ਰੋਗਰਾਮ ਤਿਆਰ ਕੀਤਾ। ਇਸ ਪ੍ਰੋਗਰਾਮ ਵਿਚ ਖਿਆਲ ਦੀ ਪ੍ਰਧਾਨਤਾ ਹੁੰਦੀ ਹੈ ਅਤੇ ਸਾਂਝੀਵਾਲਤਾ ਦਾ ਸੰਦੇਸ਼ ਹੁੰਦਾ ਹੈ।

"ਮੈਂ ਵੀ ਭੈਣੀ ਸਾਹਿਬ ਸਤਿਗੁਰੂ ਜੀ ਅਤੇ ਮਹਾਰਾਜ ਜੀ ਅਗੇ ਵਧ ਵਧ ਅਰਜ਼ਾਂ ਕੀਤੀਆਂ ਕਿ ਟੈਲੀਵਿਜ਼ਨ ਤੇ ਅਜ ਮੇਰੀ ਲਿਖੀ ਸਕਰਿਪਟ ਦੇ ਆਧਾਰ ਤੇ ਪਹਿਲੀ ਵਾਰ ਪ੍ਰੋਗਰਾਮ ਆ ਰਿਹਾ ਹੈ ਉਹ ਦੇਖਿਆ ਜਾਵੇ ਤੇ ਮੈਨੂੰ ਉਸ ਬਾਰੇ ਦੱਸਿਆ ਜਾਵੇ। ਸਤਿਗੁਰੂ ਜੀ ਨੇ ਤਾਂ ਕਾਰ ਦੇ ਕੇ ਵੀਡੀਓ ਲੁਧਿਆਣੇ ਭੇਜਿਆ ਕਿ ਉਥੋਂ ਇੰਤਜ਼ਾਮ ਕਰਕੇ ਲਿਆਂਦਾ, ਕੋਠੀ ਵਿਚ ਵੇਖਣਗੇ। ਅਸੀ ਮਹਾਰਾਜ ਜੀ ਨਾਲ ਕਟਾਰੀ ਡਾਕਟਰ ਦੀ ਕੋਠੀ ਵਿਚ ਵੇਖਿਆ। ਦੀਦ ਨੇ ਮੇਰੀ ਸਕਰਿਪਟ ਨੂੰ ਹੋਰ ਵੀ ਨਿਖਾਰਿਆ ਵੰਨ ਸੁਵੰਨੇ ਨਜ਼ਾਰਿਆਂ



Sri Satguru Jagjit Singh Ji Elibrary NamdhariElibrary@gmail.com

ਨਾਲ। ਧੁੰਧੂਕਾਰ ਅਤੇ ਚਾਨਣ ਨੂੰ ਵਖ ਵਖ ਪ੍ਰਤੀਕਾਂ ਨਾਲ ਪੇਸ਼ ਕਰਕੇ...

"ਸਤਿਗੁਰੂ ਰਾਮ ਸਿੰਘ ਜੀ ਦਾ ਸੰਦੇਸ਼ ਜ਼ੁਲਮ ਅਤੇ ਅੰਗਰੇਜ਼ ਵਿਰੁਧ ਸਦਾ ਹੀ ਚਾਨਣ ਬਖੇਰਦਾ ਰਹੇਗਾ।" ਨਾਲ ਸਮਾਪਤ ਹੋਇਆ। ਮਹਾਰਾਜ ਜੀ ਨੇ ਭਰਪੂਰ ਸਲਾਘਾ ਕੀਤੀ : ਇਹੋ ਜੇਹੇ ਕੰਮ ਕਰਿਆ ਕਰੋ. ਬਹੁਤ ਵਧੀਆ ਹੈ। ਇਹ ਪੁੰਨ ਦਾ ਕੰਮ ਹੈ। ਏਨੀ ਦੁਨੀਆਂ ਨੂੰ ਸਤਿਗੁਰੂ ਜੀ ਦੇ ਦਰਸ਼ਨ ਕਰਵਾਏ। ਬੋਲਣ ਵਾਲੀ ਬੀਬੀ ਨੂੰ ਇਨਾਮ ਦੇਣਾ ਚਾਹੀਦਾ ਹੈ. ਆਦਿ ਆਦਿ।

ਸਤਿਗੁਰੂ ਜੀ ਦਾ ਪ੍ਰਤੀਕਰਮ ਅਜੇ ਨਹੀ ਸੁਣਿਆ। ਪਰ ਪਤਾ ਲਗਾ ਹੈ ਕਿ ਅਗਲੇ ਦਿਨ ਦੀਵਾਨ ਵਿਚ ਵੀਡੀਓ ਰਿਕਾਰਡਿੰਗ ਸੁਣਾਈ ਗਈ।"

(4) ਹੁਣ ਇਕ ਫ਼ਿਕਰ ਵਾਲੀ ਖਬਰ। ਪੰਡਤ ਗੋਪਾਲ ਸਿੰਘ ਜੀ ਨੂੰ ਸਖਤ ਹਾਰਟ ਅਟੈਕ ਹੋਇਆ ਹੈ। ਉਹ ਲੁਧਿਆਣੇ ਦਇਆ ਨੰਦ ਹਸਪਤਾਲ ਦੇ ਇੰਟੇਨਸਿਵ ਕੇਅਰ ਯੂਨਿਟ ਵਿਚ ਦਾਖਲ ਹਨ। ਮੈ ਕਲ ਜਾਵਾਂਗਾ ਪਤਾ ਲੈਣ ਵਾਸਤੇ।

(5) ਸਤਿਗੁਰਾਂ ਨੇ ਏਸ਼ੀਆਡ ਵਾਲਾ ਵਰਿਆਮ ਬਹੁਤ ਸਲਾਹਿਆ ਹੈ। ਬਹੁਤ ਮੁਕਤਕੰਠ ਨਾਲ ਪ੍ਰਸ਼ੰਸਾ ਕੀਤੀ। ਖਾਸ ਕਰਕੇ ਟਾਈਟਲ ਤੇ ਅੰਦਰਲੀਆਂ ਤਸਵੀਰਾ ਦੀ। ਉਸ ਵਿਚ ਛਪੇ ਸਿੱਠੇ ਦੇ ਲੇਖ ਵਿਚ ਕਾਲੇ ਦੇ ਖੂਹ ਦਾ ਜ਼ਿਕਰ ਸੀ। ਸਤਿਗੁਰੂ ਜੀ ਦੀ ਇਛਾ ਸੀ ਕਿ ਉਸ ਖੂਹ ਦੀ ਤਸਵੀਰ ਲਈ ਜਾਵੇ। ਉਸਨੂੰ ਆਬਾਦ ਕਰਵਾਕੇ. ਸਾਨਦਾਰ ਬਣਵਾਕੇ ਸ਼੍ਰੋਮਣੀ ਕਮੇਟੀ ਨੂੰ ਸੌਂਪਿਆ ਜਾਵੇ। ਉਸ ਖੂਹ ਦਾ ਜ਼ਿਕਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਭਾਸ਼ਣ ਵਿਚ ਵੀ ਹੈ।

•ਜਗਦੀਸ਼ ਸਿੰਘ ਨੇ ਇਹ ਚਿੱਠੀ 25-1-93 ਨੂੰ ਲਿਖੀ ਸੀ।

ਦੂਜੀ ਚਿੱਠੀ ਉਸਨੇ 27-1-93 ਨੂੰ ਲਿਖੀ।

"ਭਾਈ ਨਿਹਾਲ ਸਿੰਘ ਤਬਲੇ ਵਾਲੇ ਜਲੰਧਰ ਵਿਚ ਪੈਰ ਦੀ ਮਰਕੋੜ ਕਾਰਨ ਬਿਮਾਰ ਪਏ ਹਨ। ਉਹ ਆਪਣੇ ਸਾਗਿਰਦਾਂ ਅਤੇ ਪ੍ਰੇਮੀਆਂ ਭਾਈ ਦਇਆ ਸਿੰਘ ਰਾਗੀ ਦੇ ਘਰ ਠਹਿਰੇ ਹੋਏ ਸਨ ਕਿ ਰਾਤ ਨੂੰ ਕਿਤੇ ਡਿਗ ਪਏ ਅਤੇ ਪੈਰ ਨੂੰ ਮਰਕੋੜ ਆ ਗਈ ਜਾਂ ਉਤਰ ਗਿਆ। ਭਾਈ ਦਇਆ ਸਿੰਘ ਹੋਰੀ ਹੀ ਇਲਾਜ ਕਰਵਾ ਰਹੇ ਹਨ ਬਹੁਤ ਪ੍ਰੇਮ ਸਹਿਤ। ਮੈ ਰੋਜ਼ ਫਿਰ ਆਉਂਦਾ ਹਾਂ। ਸਤਿਗੁਰਾਂ ਨੂੰ ਬਹੁਤ ਯਾਦ ਕਰਦੇ ਹਨ।"

### 31 ਜਨਵਰੀ 1993, ਸੋਮਵਾਰ
### ਨਵੀ ਦਿੱਲੀ

**ਤਿਰਲੋਚਨ ਸਿੰਘ ਫਾਰੇਸਟ ਗੇਟ**

ਮੈ ਬਆਦ ਦੁਪਹਿਰ ਪੂਸਾ ਰੋਡ ਸਥਿਤ ਕੋਠੀ ਸ੍ਰੀ ਹਰੀ ਪ੍ਰਤਾਪ ਨਿਵਾਸ ਗਿਆ। ਏਥੇ ਮੇਰੀ ਮੁਲਾਕਾਤ ਸੰਤ ਤਿਰਲੋਚਨ ਸਿੰਘ - ਬੀਬੀ ਅਮਰਜੀਤ ਨਾਲ ਹੋ ਗਈ। ਇਹ ਜਵਾਨ ਜੋੜਾ ਫਾਰੇਸਟ ਗੇਟ. ਲੰਡਨ ਵਿਚੋ ਪਰਸੋ ਦਾ ਭਾਰਤ ਆਇਆ ਹੋਇਆ ਹੈ। ਕਾਲੀ ਤੇ ਲੰਮੀ ਦਾੜ੍ਹੀ ਵਾਲਾ ਖੂਬਸੂਰਤ ਨੌਜਵਾਨ ਤਿਰਲੋਚਨ ਸਿੰਘ, ਇਕਬਾਰਗੀ ਦੇਖਦਿਆਂ ਦਿਲ ਖਿਚ ਲੈਣ ਵਾਲੀ ਸੋਹਣੀ ਅਮਰਜੀਤ। ਜਦੋਂ ਤਿਰਲੋਚਨ ਸਿੰਘ ਵਾਸਤੇ ਵਿਆਹ ਲਈ ਲੜਕੀ



Sri Satguru Jagjit Singh Ji Elibrary NamdhariElibrary@gmail.com

ਟੋਲੀ ਜਾ ਰਹੀ ਸੀ. ਅਲਪਗ੍ਹ, ਅਧਪਗ੍ਹ ਸੋਹਣੀਆਂ ਕੁੜੀਆਂ ਤੇ ਉਨਾਂ ਦੀਆਂ ਮਾਵਾਂ ਸਿੱਖ ਦੇ ਖੁਲ੍ਹੇ ਦਾਹੜ੍ਹੇ ਨੂੰ ਵੇਖ ਜਿਵੇਂ ਡਰ ਜਾਂਦੀਆ - ਜਦੋਂ ਸ. ਮੇਲਾ ਸਿੰਘ ਜਬਲਪੁਰੀਏ ਦੀ ਗ੍ਰੈਜੂਏਟ ਲੜਕੀ ਅਮਰਜੀਤ ਨੇ ਸਤਿਗੁਰੂ ਜੀ ਦੀ ਇਛਾ ਨੂੰ ਪੁਸ਼ਪ ਭੇਟ ਕੀਤੇ। ਤਿਰਲੋਚਨ ਸਿੰਘ ਵਿਖਾਇਆ ਗਿਆ। ਅੱਜ [redacted] ਜੀ ਵਲਾਇਤ ਵਿਚ ਵੀ ਵੱਡੀ ਸੋਧ ਰਖ ਰਹੇ ਹਨ ਅਤੇ ਬੜਾ ਸੁਖੀ ਜੀਵਨ ਜੀਉ ਰਹੇ ਹਨ। ਤਿਰਲੋਚਨ ਸਿੰਘ ਦਾ ਵਡਾ ਭਾਈ ਸੰਤ ਤਰਸੇਮ ਸਿੰਘ ਵੀ ਬੜਾ ਸਾਊ ਅਤੇ ਸਰਧਾਲੂ ਪੁਰਸ਼ ਹੈ।

ਲਾਲ ਜੀ ਸੰਤੋਖ ਸਿੰਘ ਨੇ ਦਸਿਆ ਕਿ ਸਤਿਗੁਰੂ ਜੀ ਦੀ ਬੰਬਈ ਵਿਚੋਂ ਵਾਪਸੀ 6-7 ਫਰਵਰੀ ਨੂੰ ਹੋਵੇਗੀ। ਫਿਰ ਆਪ ਜੀ ਬੰਗਲੌਰ ਜਾਣਗੇ। ਦਿੱਲੀ ਵਿਖੇ 13 ਫਰਵਰੀ ਨੂੰ ਦਰਸ਼ਨ ਦੇਣਗੇ।

ਅੱਜ ਦੀ ਡਾਕ ਵਿਚ ਮੈਨੂੰ ਬਸੰਤ-ਵਧਾਈ-ਪੱਤਰ ਮਿਲਿਆ। ਉਪਰਲੇ ਪੰਨੇ ਨੂੰ ਅੰਡਾਕਾਰ ਕੱਟਕੇ ਵਿਚੋਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਵਾਏ ਗਏ ਸਨ। ਇਸਦੇ ਚਹੁੰ ਪੇਜਾਂ ਤੇ ਵੀ ਕੁਛ ਨ ਕੁਛ ਪ੍ਰਿੰਟਿਡ ਸੀ। ਪਹਿਲੇ ਪੇਜ ਤੇ ਕੋਟੇਸ਼ਨਾਂ, ਦੂਜੇ ਤੇ ਸੰਬੰਧਤ ਤਾਰੀਖਾਂ, ਤੀਜੇ ਤੇ ਸਤਿਗੁਰੂ ਜੀ ਦਾ ਸੁੰਦਰ ਚਿੱਤਰ, ਅਤੇ ਚੌਥੇ ਪੇਜ ਤੇ ਵਧਾਈ ਪੱਤਰ।

ਇਹ ਉਦਮ ਆਲ ਇੰਡੀਆ ਨਾਮਧਾਰੀ ਐਜੂਕੇਸ਼ਨਲ ਸੋਸਾਇਟੀ (ਰਜਿ.) ਲੁਧਿਆਣਾ ਵਲੋਂ ਹੈ। ਲੁਧਿਆਣੇ ਦੇ ਜਵਾਨਾਂ ਦਾ ਇਹ ਵਧਾਈ ਪਤਰ ਪ੍ਰਸ਼ੰਸਾ ਯੋਗ ਹੈ।

### 3 ਫਰਵਰੀ 1983, ਵੀਰਵਾਰ
### ਨਵੀਂ ਦਿੱਲੀ

**ਸ. ਸੁਰਿੰਦਰ ਸਿੰਘ ਲੁਧਿਆਣਾ**

ਅੱਜ ਸ. ਹਰਵਿੰਦਰ ਸਿੰਘ ਹੰਸਪਾਲ ਐਮ.ਪੀ. ਨੂੰ ਮਿਲਣ ਦਾ ਇਤਫਾਕ ਹੋਇਆ। ਸਵੇਰ ਦੇ 9.30 ਦਾ ਸਮਾ ਸੀ। ਕਈ ਖਰਕਾਰ ਦੀਆਂ ਗੱਲਾਂਬਾਤਾਂ ਕਰਦਿਆਂ ਸ. ਹੰਸਪਾਲ ਨੇ ਮੈਨੂੰ ਦੱਸਿਆ ਕਿ ਸ. ਸੁਰਿੰਦਰ ਸਿੰਘ ਲਾਇਲ ਲੁਧਿਆਣਾ ਖਾਸੋ ਵਰਕਰ ਹੈ। ਲੁਧਿਆਣੇ ਵਿਚ ਜਿਨੇ ਵੀ ਨਾਮਧਾਰੀ ਫੰਕਸ਼ਨ ਹੁੰਦੇ ਹਨ, ਉਸਦੇ ਸਹਿਯੋਗ ਬਿਨਾ ਪਰਵਾਨ ਨਹੀ ਚੜ੍ਹ ਸਕਦੇ। ਸਤਿਗੁਰੂ ਜੀ ਵਲੋਂ ਸਾਰੇ ਸਰਕਾਰੀ ਕੰਮਾਂ ਦੀਆਂ ਜਿਮੇਵਾਰੀਆਂ ਵੀ ਉਸਨੂੰ ਦਿਤੀਆਂ ਜਾਂਦੀਆਂ ਹਨ। 18-1-83 ਦੇ ਜਲੂਸ ਵਿਚ ਵੀ ਉਹਦਾ ਤਕੜਾ ਸਹਿਯੋਗ ਸੀ।

**ਸੰਤ ਤਰਸੇਮ ਸਿੰਘ ਦੀ ਚਿੱਠੀ**

ਸ਼ਾਮ ਦੀ ਡਾਕ ਵਿਚ ਸਤਿਗੁਰੂ ਜੀ ਦੇ ਨਿਜੀ ਸਕੱਤਰ ਸੰਤ ਤਰਸੇਮ ਸਿੰਘ ਦੀ 2-2-83 ਦੀ ਲਿਖੀ ਹੋਈ ਸ੍ਰੀ ਭੈਣੀ ਸਾਹਿਬ ਤੋਂ ਚਿੱਠੀ ਆਈ। ਉਸਦੇ ਕੁਛ ਅੰਸ਼ ਸੰਭਾਲਣਯੋਗ ਹਨ।

"ਤੁਹਾਨੂੰ ਸ਼ਾਇਦ ਪਤਾ ਹੀ ਹੋਵੇਗਾ ਕਿ ਹਾਕੀ ਜੂਨੀਅਰ ਨੈਸ਼ਨਲ ਚੈਂਪੀਅਨਸ਼ਿਪ ਜੱਬਲ ਪੁਰ ਵਿਖੇ ਚਲ ਰਹੀ ਹੈ, ਜਿਸ ਵਿਚ ਹਰਿਆਣੇ ਦੀ ਟੀਮ ਵੀ ਗਈ ਹੋਈ ਹੈ। ਉਸ



Sri Satguru Jagjit Singh Ji Elibrary NamdhariElibrary@gmail.com

ਟੀਮ ਵਿਚ ਗਿਆਰਾਂ ਮੁੰਡੇ ਆਪਣੀ ਹਾਕੀ ਟੀਮ ਦੇ ਹਨ। ਸਾਡੇ ਪਲੇਅਰ ਹਨ ਸਪੇਅਰ ਨਹੀਂ। ਪਹਿਲਾ ਮੈਚ 28 ਜਾਂ 29 ਜਨਵਰੀ ਨੂੰ ਰਾਜਸਥਾਨ ਨਾਲ 5-0 ਤੇ ਜਿੱਤਿਆ ਅਤੇ ਦੂਜਾ ਮੈਚ 30 ਜਾਂ 31 ਨੂੰ ਤਾਮਿਲਨਾਡੂ ਨਾਲ ਇਕ ਗੋਲ ਤੇ ਜਿੱਤਿਆ। ਪਹਿਲੇ ਮੈਚ ਵਿਚ ਵੀ ਆਪਣੇ ਹੀ ਮੁੰਡਿਆਂ ਨੇ ਗੋਲ ਕੀਤੇ।

"ਇਹ ਪਹਿਲਾ ਚਾਨਸ ਹੈ ਕਿ ਹਰਿਆਣੇ ਦੀ ਹਾਕੀ ਟੀਮ ਨਾਲ ਆਊਟ ਵਿਚ ਕੁਆਲੀਫਾਈ ਕਰ ਗਈ ਹੈ, ਤੁਸੀਂ 28-1-83 ਤੋਂ ਲੈਕੇ ਅੰਗਰੇਜ਼ੀ ਟ੍ਰਿਬਿਊਨ ਅਤੇ ਇੰਡੀਅਨ ਐਕਸਪ੍ਰੈਸ ਪੜ੍ਹਦੇ ਰਹਿਣਾ ਜੀ। ਇਹ ਬਹੁਤ ਖੁਸ਼ੀ ਦੀ ਗੱਲ ਹੈ ਜੀ।...

ਤੀਸਰੀ ਅਰਜ਼ ਇਹ ਹੈ ਕਿ ਪਿਛਲੇ ਸਾਲ ਤੁਸੀਂ ਸ: ਅਵਤਾਰ ਸਿੰਘ ਅੰਮ੍ਰਿਤਸਰੀ ਅਤੇ ਹੋਰ ਸਾਧ ਸੰਗਤ ਨਾਲ ਸ੍ਰੀ ਅੰਮ੍ਰਿਤਸਰ ਸੰਤ ਕਿਰਪਾਲ ਸਿੰਘ ਰਾਧਾ ਸੁਆਮੀ ਜੀ ਦੇ ਜਨਮ ਦਿਨ ਤੇ 6 ਫਰਵਰੀ ਨੂੰ ਗਏ ਸਓ। ਇਸ ਬਾਰ ਫਿਰ ਮਾਨਵ ਏਕਤਾ ਦਾ ਸਕੱਤਰ ਉਰੇਛਾ ਨਿਮੰਤਰਣ ਪੱਤਰ ਲੈਕੇ ਸ੍ਰੀ ਭੈਣੀ ਸਾਹਿਬ ਆਇਆ ਸੀ ਤੇ ਪਿਛਲੀ ਹਾਜ਼ਰੀ ਵਾਸਤੇ ਧੰਨਵਾਦ ਕਰਦਾ ਸੀ। ਨਿਮੰਤਰਣ ਪਤਰ ਭੇਜ ਰਿਹਾ ਹਾਂ, ਤੁਸੀਂ ਕਿਰਪਾ ਕਰ ਆਉਣੀ ਜੀ।"

ਪਰਸੋਂ ਤੋਂ ਮੈਂ ਜ਼ਿੰਦਗੀ ਦੇ 72ਵੇਂ ਡੰਡੇ ਤੇ ਕਦਮ ਧਰਿਆ ਹੈ। ਸਵੱਸਥ ਹਾਂ। ਤਿਆਰ ਬਰ ਤਿਆਰ ਹਾਂ।

## 6 ਫਰਵਰੀ 1983, ਐਤਵਾਰ
## ਅੰਮ੍ਰਿਤਸਰ

### ਮਾਨਵ ਏਕਤਾ ਸਮੇਲਨ ਵਿਚ

ਕੱਲ੍ਹ ਸਵੇਰੇ ਬਸ ਲੈ ਕੇ ਰਾਤੀਂ ਸ. ਜਗਦੀਸ਼ ਸਿੰਘ 'ਵਰਿਆਮ' ਪਾਸ ਜਲੰਧਰ ਆ ਰਿਹਾ। ਪੰਥਕ-ਅਪੰਥਕ ਮਸਲਿਆਂ ਤੇ ਵਿਚਾਰ ਕਰਦਿਆਂ ਰਾਤ ਬੀਤੀ। ਅੱਜ ਸਵੇਰੇ 9-30 ਤਕ ਅੰਮ੍ਰਿਤਸਰ ਪਹੁੰਚਾ। ਸ. ਸੁਰਤ ਸਿੰਘ ਘਰ ਸਾਮਾਨ ਰਖਕੇ ਸਿਧਿਆਂ ਹੀ ਮਾਨਵ ਏਕਤਾ ਸੰਮੇਲਨ ਦੇ ਮੁਖੀ ਡਾ: ਹਰਭਜਨ ਸਿੰਘ ਹੁਰਾਂ ਪਾਸ ਲਾਰੈਂਸ ਰੋਡ ਕੰਪਨੀ ਬਾਗ ਦੇ ਸਾਹਮਣੇ ਉਨ੍ਹਾਂ ਦੇ ਨਿਵਾਸ ਤੇ ਪਹੁੰਚਿਆ।

1000 ਦੀ ਹਾਜ਼ਰੀ ਦੇ ਪੰਡਾਲ ਵਿਚ, ਜਿਸ ਵਿਚ 20 ਕੁ ਗੋਰੇ ਗੋਰੀਆਂ ਵੀ ਸਨ, ਸੰਤ ਕਿਰਪਾਲ ਸਿੰਘ ਜੀ ਮਹਾਰਾਜ ਦੇ ਮਿਸ਼ਨ ਨੂੰ ਪਰਚਾਰਿਆ ਗਿਆ। ਮੇਰੀ ਨਾਮਧਾਰੀਆਂ ਵਲੋਂ ਪ੍ਰਤੀਨਿਧਤਾ ਸੀ।

ਸ੍ਰੀ ਰਘੂਨੰਦਨ ਭਾਟੀਆ ਐਮ.ਪੀ. ਨੇ ਮੈਨੂੰ ਪੁਛਿਆ : ਅਜਕਲ ਸ੍ਰੀ ਸਤਿਗੁਰੂ ਜੀ ਕਿਥੇ ਹਨ, ਮੈਂ ਵੀ ਉਨ੍ਹਾਂ ਦਾ ਇਕ ਅਦਨਾ ਸੇਵਕ ਹਾਂ। ਮੈਂ ਜੋ ਜਾਣਦਾ ਸਾਂ ਦੱਸਿਆ।

ਮੈਥੋਂ 'ਪਹਿਲਾਂ' ਸਵਾਮੀ ਸ੍ਰੀ ਸੱਚਿਦਾਨੰਦ ਵੇਦਾਂਤ ਸਮੇਲਨ ਅੰਮ੍ਰਿਤਸਰ, ਸ੍ਰੀ ਸਤੀਸ਼ 'ਅਹਿਮਦ ਕਾਦੀਆਨੀ, ਸ੍ਰੀ ਅਹਿਮਦ ਅਲੀ ਕਾਸਮੀ ਨੇ ਬੜੇ ਸੁੰਦਰ ਸ਼ਬਦਾਂ ਵਿਚ ਮਾਨਵ ਏਕਤਾ ਉਤੇ ਵਿਆਖਿਆਨ ਦਿਤੇ। ਡਾ: ਹਰਭਜਨ ਸਿੰਘ ਹੁਰਾਂ ਦੇਹਧਾਰੀ ਗੁਰੂਆਂ ਦੇ ਖ਼ਿਲਾਫ਼ ਕੁਝ ਕਹਿਆ। ਅਸਲ ਵਿਚ ਇਹ ਗੁਰੂ ਵਾਦ ਤੇ ਕੁਠਾਰਾਘਾਤ ਸੀ। ਮੈਂ ਆਪਣੇ



Sri Satguru Jagjit Singh Ji Elibrary NamdhariElibrary@gmail.com

ਸਮੇ ਵਿਚ ਸੰਸਾਰ ਅਮਨ ਲਈ ਇਕ ਮਤਾ ਪਾਸ ਕਰਨ ਅਤੇ ਗੁਰੂ ਬਣਨ ਤੇ ਮੈਂਟਲ ਵਾਲੇ ਵਿਅਕਤੀਆਂ ਵਾਂਗ ਸੰਤਾਂ ਨੂੰ ਮੈਂਟਲ ਦੱਸਿਆਂ ਅਤੇ ਸਾਧੂ ਵਾਲਿਆਂ ਉਤੇ ਆਪਣੀ ਵਿਆਖਿਆ ਦੇ ਕੇ ਡਾ: ਹਰਭਜਨ ਸਿੰਘ ਜੀ ਨੂੰ ਦੱਸਿਆ, ਭਾਰਤੀ ਜੀਵਨ ਜਾਚ ਵਿਚ ਅਤੇ ਗੁਰਮਤ ਵਿਚ ਗੁਰੂ ਵਾਦ ਨੂੰ ਅਹਿਮ ਥਾਂ ਪ੍ਰਾਪਤ ਹੈ, ਕਿਰਪਾ ਪੂਰਵਕ ਉਹ ਗੁਰੂ ਦੁਆਰਾ ਚਲਾਈ ਸਿਸਥਾ ਨੂੰ ਗੁਰੂਵਾਦ ਵਿਰੁਧ ਨਾ ਵਰਤਣ।

ਇਹ ਤਾਂ ਡਾ: ਹਰਭਜਨ ਸਿੰਘ ਹੁਰਾਂ ਦੀ ਉਦਾਰਤਾ ਸੀ ਕਿ ਉਨ੍ਹਾਂ ਨੇ ਮੇਰੇ ਕਥਨ ਨੂੰ ਆਪਣੇ ਲਈ 'ਮੈਰਿਟ' ਆਖਕੇ ਪਰਵਾਨ ਕੀਤਾ।

## 7-8 ਫਰਵਰੀ 1983
## ਸੋਮ-ਮੰਗਲਵਾਰ

### 7 ਫਰਵਰੀ 1983 ਦੀ ਪੰਜਾਬੀ ਟ੍ਰਿਬਿਊਨ ਦੀ ਖਬਰ

### ਕੌਮੀ ਹਾਕੀ 'ਚ ਨਾਮਧਾਰੀ ਜਥੇ ਦੇ ਖਿਡਾਰੀਆਂ ਦੀ ਚੜ੍ਹਤ ਜਾਰੀ

ਚੰਡੀਗੜ੍ਹ : ਨਾਮਧਾਰੀ ਵਿਧਾਇਕ ਜਥੇ ਦੀ ਹਾਕੀ ਟੀਮ ਨੇ ਭਾਰਤੀ ਹਾਕੀ ਅੰਦਰ ਬਹੁਤ ਤੇਜ਼ੀ ਨਾਲ ਆਪਣੀ ਵਿਸ਼ੇਸ਼ ਥਾਂ ਬਣਾਈ ਹੈ ਅਤੇ ਇਸਦਾ ਅੰਦਾਜ਼ਾ ਪਿਛਲੇ 5 ਸਾਲਾਂ ਦੇ ਅਰਸੇ ਦੌਰਾਨ ਸੂਬਾਈ ਅਤੇ ਕੌਮੀ ਪੱਧਰ ਦੇ ਟੂਰਨਾਮੈਂਟਾਂ ਵਿਚ ਇਸ ਵਲੋਂ ਹਾਸਲ ਕੀਤੀਆਂ ਗਈਆਂ ਪ੍ਰਾਪਤੀਆਂ ਤੇ ਲਗਾਇਆ ਜਾ ਸਕਦਾ ਹੈ।

ਇਹ ਜਥੇ ਨਾਲ ਸਬੰਧਤ ਖਿਡਾਰੀਆਂ ਦੀ ਉੱਤਮ ਖੇਡ ਸਦਕਾ ਹੀ ਸੀ ਕਿ ਇਸ ਵਾਰ ਜਬਲਪੁਰ ਵਿਖੇ ਜੂਨੀਅਰ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਦੇ ਫਾਈਨਲ ਵਿਚ ਹਰਿਆਣਾ ਰਾਜ ਦੀ ਟੀਮ ਨੇ ਸੈਮੀ ਫਾਈਨਲ ਮੁਕਾਬਲੇ ਵਿਚ ਪੰਜਾਬ ਦੀ ਸ਼ਕਤੀਸ਼ਾਲੀ ਟੀਮ ਨੂੰ 1-0 ਦੇ ਫਰਕ ਨਾਲ ਹਰਾ ਕੇ, ਪਹਿਲੀ ਵਾਰ ਫਾਈਨਲ ਤਕ ਪਹੁੰਚਣ 'ਚ ਕਾਮਯਾਬੀ ਹਾਸਲ ਕੀਤੀ। ਹਰਿਆਣੇ ਦੀ ਟੀਮ 'ਚ ਸਾਰੇ ਖਿਡਾਰੀ ਨਾਮਧਾਰੀ ਜਥੇ ਦੇ ਹੀ ਸਨ।

ਜਥੇ ਦੀ ਟੀਮ ਜੂਨੀਅਰ ਨਹਿਰੂ ਹਾਕੀ ਟੂਰਨਾਮੈਂਟ ਵੀ ਜਿੱਤ ਚੁੱਕੀ ਹੈ ਅਤੇ ਪਿਛਲੇ ਸਾਲ ਦੌਰਾਨ ਆਲ ਇੰਡੀਆ ਹਾਕੀ ਟੂਰਨਾਮੈਂਟਾਂ ਦੌਰਾਨ ਈ.ਐਮ.ਈ. ਅਤੇ ਬੀ.ਈ.ਜੀ. ਵਰਗੀਆਂ ਸ਼ਕਤੀਸ਼ਾਲੀ ਟੀਮਾਂ ਨੂੰ ਵੀ ਸ਼ਿਕਸਤ ਦੇ ਚੁੱਕੀ ਹੈ।

ਮਾਸਕੋ ਓਲੰਪਿਕ ਖੇਡਾਂ ਦੌਰਾਨ ਸਭ ਤੋਂ ਵਧ ਗੋਲ ਕਰਨ ਵਾਲਾ ਖਿਡਾਰੀ ਦੇਵਿੰਦਰ ਸਿੰਘ ਵੀ ਨਾਮਧਾਰੀ ਜਥੇ ਨਾਲ ਹੀ ਸਬੰਧਤ ਸੀ। ਇਸੇ ਤਰ੍ਹਾਂ ਜਥੇ ਦੀ ਟੀਮ ਦੇ ਕੁਝ ਹੋਰ ਸਾਬਕਾ ਖਿਡਾਰੀ ਕੇਵਲ ਸਿੰਘ, ਹੀਰਾ ਸਿੰਘ, ਕੁਲਦੇਵ ਸਿੰਘ ਅਤੇ ਅੰਗਰੇਜ਼ ਸਿੰਘ ਕਈ ਕੌਮੀ ਟੂਰਨਾਮੈਂਟਾਂ 'ਚ ਕੰਬਾਈਂਡ ਯੂਨੀਵਰਸਿਟੀਜ਼ ਦੀ ਟੀਮ ਦੀ ਪ੍ਰਤੀਨਿਧਤਾ ਕਰ ਚੁੱਕੇ ਹਨ।

ਟੀਮ ਦੇ ਮੈਂਬਰ ਹਰਿਆਣਾ ਦੇ ਸਰਸਾ ਜ਼ਿਲ੍ਹੇ ਵਿਚ, ਜੀਵਨ ਨਗਰ ਵਿਖੇ ਨਾਮਧਾਰੀ ਜਥੇ ਵਲੋਂ ਚਲਾਏ ਜਾ ਰਹੇ ਇਕ ਸਕੂਲ ਵਿਚ ਪੜ੍ਹਦੇ ਹਨ ਅਤੇ ਇਸ ਸਮੇਂ ਇਨ੍ਹਾਂ ਦੀ ਕੋਚਿੰਗ ਦਾ ਕੰਮ ਇਕ ਸਾਬਕਾ ਓਲੰਪਿਕ ਖਿਡਾਰੀ, ਮੇਜਰ ਸਿੰਘ ਦੇ ਹੱਥ ਹੈ।

—ਪ੍ਰਭਜੋਤ ਸਿੰਘ



Sri Satguru Jagjit Singh Ji Elibrary NamdhariElibrary@gmail.com

## 8 ਫਰਵਰੀ, 1983 ਦੀ ਪੰਜਾਬੀ ਟ੍ਰਿਬਿਊਨ ਦੀ ਖਬਰ

### *ਜੀਵਨ ਨਗਰ ਵਿਖੇ ਸਮਾਗਮ 16 ਤੇ 17 ਨੂੰ*

*ਸਿਰਸਾ, 7 ਫਰਵਰੀ (ਨਿਜੀ ਪੱਤਰ ਪ੍ਰੇਰਕ) : ਇਥੋਂ 30 ਕਿ.ਮੀ. ਦੂਰ ਸ੍ਰੀ ਜੀਵਨ ਨਗਰ ਵਿਖੇ 16 ਤੇ 17 ਫਰਵਰੀ ਨੂੰ ਸਥਾਪਨਾ ਦਿਵਸ ਦੇ ਮੌਕੇ ਤੇ ਇਕ ਵੱਡੇ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ।*

*ਸ੍ਰੀ ਜੀਵਨ ਨਗਰ 1945 ਵਿਚ ਨਾਮਧਾਰੀ ਆਗੂ, ਸਤਿਗੁਰੂ ਪ੍ਰਤਾਪ ਸਿੰਘ ਨੇ ਵਸਾਇਆ ਸੀ। ਉਦੋਂ ਉਸ ਜਗ੍ਹਾ ਤੇ ਜੰਗਲਾਂ ਤੇ ਕੰਡਿਆਲੀਆਂ ਝਾੜੀਆਂ ਦੀ ਭਰਮਾਰ ਸੀ। ਸਤਿਗੁਰੂ ਪ੍ਰਤਾਪ ਸਿੰਘ ਦੀ ਅਗਵਾਈ ਹੇਠ ਨਾਮਧਾਰੀਆਂ ਨੇ ਇਨ੍ਹਾਂ ਜੰਗਲਾਂ ਨੂੰ ਸਾਫ ਕਰ ਕੇ ਜ਼ਮੀਨ ਨੂੰ ਖੇਤੀਯੋਗ ਬਣਾਇਆ। ਅਜ ਦੀ ਸ੍ਰੀ ਜੀਵਨ ਨਗਰ ਦੀ ਜ਼ਮੀਨ ਦੇਸ਼ ਦੀਆਂ ਉਪਜਾਊ ਜ਼ਮੀਨਾਂ ਵਿਚੋਂ ਇਕ ਗਿਣੀ ਜਾਂਦੀ ਹੈ।*

*ਉਪਰੋਕਤ ਸਮਾਗਮ ਦੌਰਾਨ ਨਾਮਧਾਰੀ ਪ੍ਰੰਪਰਾ ਅਨੁਸਾਰ ਸਮੂਹਿਕ ਆਨੰਦ ਕਾਰਜ ਵੀ ਹੋਣਗੇ।*

## 9 ਫਰਵਰੀ 1983, ਬੁੱਧਵਾਰ
## ਨਵੀਂ ਦਿੱਲੀ

**ਚਿੱਠੀਆਂ ਡਾ: ਪ੍ਰਤਾਪ ਸਿੰਘ ਦੀਆਂ**

ਅੱਜ ਕੁਝ ਚਿੱਠੀਆਂ ਦੇ ਅੰਸ਼ ਨੋਟ ਕਰ ਰਿਹਾ ਹਾਂ। ਸਤਿਗੁਰੂ ਜੀ ਦੇ ਇਕ ਪ੍ਰੇਮੀ ਹਨ ਡਾ: ਪ੍ਰਤਾਪ ਸਿੰਘ (83) ਤੇਤਰੀ ਹਾਊਸ, ਪਟਿਆਲਾ ਵਿਖੇ ਰਿਹਾਇਸ਼ ਰਖਦੇ ਹਨ। ਉਹਨਾਂ ਦੀ ਮਿਤਰਤਾ ਮੇਰੇ ਨਾਲ ਵੀ ਹੈ। ਉਹਨਾਂ ਦੀ ਸ਼ੈਲੀ, ਸਿਆਣਪ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਸਨੇਹ ਇਹਨਾਂ ਚਿੱਠੀਆਂ ਤੋਂ ਸਪਸ਼ਟ ਹੁੰਦਾ ਹੈ।

"ਦਾਸ 17 (ਫਰਵਰੀ 1983-ਲੇਖਕ) ਕੋਟਲੇ ਦੇ ਕੌਲਰਾਂ ਦੇ ਵਿਚ ਸ਼ਹੀਦ ਨਾਨਕ ਪ੍ਰਸਤ ਸੂਰਬੀਰਾਂ ਦੇ ਕਾਰਨਾਮੇ ਸੁਣੇ, ਸਤਿਗੁਰਾਂ ਦੇ ਦਰਸ਼ਨ ਦੀਦਾਰੇ ਕਰ ਅਤੀ ਨਿਹਾਲ ਹੋ ਪਰਤਿਆ। ਕੱਲ ਭੈਣੀ ਸਾਹਿਬ, ਸਤਿਗੁਰੂ ਰਾਮ ਸਿੰਘ ਜੀ ਦੇ ਜ਼ਹੂਰ ਹੋਏ। ਸੁਭਾਗ ਦਿਵਸ ਪਰ ਸੰਤ (ਪੰਡਿਤ) ਗੋਪਾਲ ਸਿੰਘ ਮਹਾਨ ਵਿਦਵਾਨ ਦੇ ਵਿਚਾਰ ਵਿਸਥਾਰ ਸੁਣੇ। ਨਾਮਧਾਰੀ ਸਾਧ ਸੰਗਤ ਦੇ ਦਰਸ਼ਨ ਕਰ ਵਾਪਸ ਆਪਣੀ ਕੁਟੀਆ ਆ ਪਹੁੰਚਿਆ।

"ਜੋ ਅਨੋਖਾ ਸਮਾਗਮ ਤੱਕਿਆ ਉਸਨੇ ਵਿਸਮਾਦਤ ਕਰ ਦਿਤਾ। ਮੁਕਤੀ ਦੀ ਇੱਛਾ ਤਿਆਗ ਆਇਆ। ਪੰਜਵੀਂ ਜੋਤ ਗੁਰੂ ਅਰਜਨ ਦੇਵ ਨੇ ਬਹੁਤ ਸਚ ਫਰਮਾਇਆ,

*ਕਵਨੁ ਬੈਕੁੰਠ ਨਾਹੀ ਲਵੈ ਲਾਗੈ,*
*ਮੁਕਤਿ ਬਾਪੁਰੀ ਭੀ ਗਿਆਨੀ ਤਿਆਗੈ,*
*ਤਫਸੀਲ ਦਾ ਹੌਸਲਾ ਆਪ ਦੇ ਹਜ਼ੂਰ ਹੀ ਪਹੁੰਚ ਕੇ ਕਰੂੰਗਾ।*



Sri Satguru Jagjit Singh Ji Elibrary NamdhariElibrary@gmail.com

### ਪਿਆਰੇ ਜਗਮੋਹਣ ਦੀ ਚਿੱਠੀ

ਦੂਜੀ ਚਿਠੀ ਪੰ: ਗੋਪਾਲ ਸਿੰਘ ਜੀ ਦੇ ਲੜਕੇ ਸ੍ਰੀ ਜਗਮੋਹਣ ਸਿੰਘ ਦੀ ਹੈ। ਉਸਨੇ ਪੰਡਿਤ ਜੀ ਦੀ ਸਿਹਤ ਬਾਰੇ ਲਿਖਿਆ ਹੈ :

"ਸ੍ਰੀ ਸਤਿਗੁਰੂ ਜੀ ਦੀ ਅਪਾਰ ਕਿਰਪਾ ਨਾਲ ਅਤੇ ਆਪ ਜਿਹੇ ਸੁਹਿਰਦ ਸੱਜਣਾਂ ਦੀਆਂ ਦੁਆਵਾਂ ਨਾਲ ਹੁਣ ਬਿਲਕੁਲ ਹੀ ਠੀਕ ਹਨ। 8 ਦਿਨ ਹਸਪਤਾਲ ਰਹਿਣ ਪਿਛੋਂ ਹੁਣ ਘਰ ਆ ਗਏ ਹਨ। ਉਹਨਾ ਦੇ ਹਸਪਤਾਲ ਰਹਿਣ ਦੌਰਾਨ ਨਾਮਧਾਰੀ ਸੰਗਤ ਨੇ ਜੋ ਅਪਾਰ ਮੁਹੱਬਤ ਦਾ ਇਜ਼ਹਾਰ ਕੀਤਾ ਹੈ ਉਸ ਲਈ ਛੋਟੇ ਪੱਟ ਮੇਰਾ ਰੋਮ ਰੋਮ ਹਰ ਇਕ ਨਾਮਧਾਰੀ ਦਾ ਰਿਣੀ ਹੋ ਗਿਆ ਹੈ। ਅਸੀਂ ਆਪ ਉਨ੍ਹਾਂ (ਪਿਤਾ ਜੀ ਦੀ-ਲੇਖਕ) ਦੀ ਏਨੀ ਸੇਵਾ ਨਹੀ ਕਰ ਸਕੇ, ਜਿੰਨੀ ਸੰਗਤ ਨੇ ਸੇਵਾ ਕੀਤੀ ਹੈ।

"ਤੁਹਾਡੀ ਚਿਠੀ ਪੜ੍ਹ ਕੇ ਪਿਤਾ ਜੀ ਬਹੁਤ ਖੁਸ਼ ਹੋਏ ਅਤੇ ਤੁਹਾਨੂੰ ਬਹੁਤ ਯਾਦ ਕੀਤਾ। ਕਹਿਣ ਲਗੇ, ਕਦੀ ਜੀ ਮੇਰੇ ਉਨ੍ਹਾਂ ਨੇੜਲੇ ਸਾਥੀਆਂ ਵਿਚੋ ਇਕ ਹਨ ਜੋ ਹਮੇਸ਼ਾਂ ਯਾਦ ਰਹਿੰਦੇ ਹਨ।"

ਸਤਿਗੁਰੂ ... ਸਿੰਘ
ਪੁਸਤਕ ਨੰ.:....
ਅਲਮਾਰੀ ......
★

**10 ਫਰਵਰੀ 1983, ਵੀਰਵਾਰ**
**ਨਵੀਂ ਦਿੱਲੀ**

### ਕੋਈ ਖਬਰ ਨਹੀ

ਸੰਤ ਅਵਤਾਰ ਸਿੰਘ ਨਾਮਧਾਰੀ ਪ੍ਰਿੰਟਿੰਗ ਵਰਕਸ ਵਾਲਿਆਂ ਅਤੇ ਉਨ੍ਹਾਂ ਦੇ ਛੋਟੇ ਲੜਕੇ ਗੁਰਦੇਵ ਸਿੰਘ ਦੀ ਅਜੇ ਕੋਈ ਉਘ ਸੁਘ ਨਹੀ ਮਿਲੀ। ਪਹਿਲਾਂ ਗੁਰਦੇਵ ਸਿੰਘ ਕਿਧਰੇ ਗੁਪਤ ਲੋਪ ਹੋ ਗਿਆ, ਫਿਰ ਉਸਦਾ ਪਿਤਾ। ਉਨਾਂ ਦੇ ਪਰਵਾਰ ਦੇ ਜੀਆਂ ਨੂੰ ਇਕ ਪਾਸੇ ਪਿਤਾ ਪੁਤਰ ਦੀ ਤਲਾਸ਼ ਲਈ ਦੌੜ ਭੱਜ ਹੈ, ਦੂਜੇ ਪਾਸੇ ਕਾਰੋਬਾਰਾਂ ਦਾ ਖਿਆਲ ਵੀ ਰਖਣਾ ਹੈ।

**11 ਫਰਵਰੀ 1983, ਸ਼ੁਕਰਵਾਰ**
**ਨਵੀਂ ਦਿੱਲੀ**

### ਆ ਰਹੇ ਹਨ ਸਤਿਗੁਰੂ ਜੀ

ਸ. ਹਰਵਿੰਦਰ ਸਿੰਘ ਹੰਸਪਾਲ ਨੂੰ ਮਿਲਣ ਤੇ ਪਤਾ ਲਗਾ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬੈਂਗਲੋਰ ਤੋਂ 13-2-83 ਨੂੰ ਸਵੇਰੇ ਸਵੇਰੇ ਆ ਰਹੇ ਹਨ। ਅਤੇ ਸਾਰਾ ਦਿਨ ਦਿੱਲੀ ਦਰਸ਼ਨ ਦੇਣਗੇ। ਫਿਰ 14 ਨੂੰ ਸ੍ਰੀ ਭੈਣੀ ਸਾਹਿਬ ਵਾਸਤੇ ਜਹਾਜ਼ ਦੀ ਚੜਤੇ ਚਲਣਗੇ।

### ਦੁਰਲਭ ਫੋਟੋ

ਅੱਜ ਮਾ: ਮੱਖਣ ਸਿੰਘ ਕਰਨਪੁਰ (ਬੀਕਾਨੇਰ) ਆਪਣੇ ਇਕ ਸਜਣ ਮਿਤਰ ਸ. ਦੇਵਿੰਦਰ ਜੀਤ ਸਿੰਘ ਉਬਾਨ, ਕੈਲੋਆ ਵਾਲਿਆਂ ਨਾਲ ਤੁਰਦੇ ਤੁਰਦੇ ਮੈਨੂੰ ਸ੍ਰੀ ਗੁਰਦੇਵ ਸਿੰਘ ਸਰੋਦ ਦੇ ਘਰ ਆ ਮਿਲੇ। ਇਹਨਾਂ ਦੇ ਪਿਤਾ ਦੀ ਇਕ ਫੋਟੋ ਸੀ, ਜੁ ਕੇਵਲ



Sri Satguru Jagjit Singh Ji Elibrary NamdhariElibrary@gmail.com

ਮੇਰੇ ਪਾਸ ਹੀ ਸੀ। ਸੰਤ ਗਿਆਨ ਸਿੰਘ ਦਿਓਣ ਕੇ ਵਾਲਿਆਂ ਦਾ ਇਹ ਦੂਜਾ ਸਪੁੱਤਰ, ਨਾਮਧਾਰੀ ਵਿਦਿਅਕ ਜਥੇ ਦੇ ਪਿਛਲੇ ਸਾਲ ਦੇ ਮਿਸ਼ਨ ਵਿਚ ਸਵਾਲਨਾਮੇ ਦੌਰਾਨ ਅੱਵਲ ਆਇਆ ਸੀ। ਇਸਨੇ ਦੱਸਿਆ ਕਿ ਇਨਾਮ ਦੇ ਤੌਰ ਤੇ ਇਸ ਵਾਰ ਇਹ ਥਾਈਲੈਂਡ ਅਤੇ ਸਿੰਘਾਪੁਰ ਦੇ ਹਵਾਈ ਸਫਰ ਅਤੇ ਸੈਰ ਕਰਕੇ ਕੱਲ੍ਹ ਹੀ ਪਰਤਿਆਂ ਹੈ। ਇਸਨੇ ਅਨੁਭਵ ਕੀਤਾ ਕਿ ਸ੍ਰੀ ਸਤਿਗੁਰੂ ਜੀ ਦੀ ਨਿਕਟ ਸੰਗਤ, ਆਪ ਜੀ ਦੀ ਵਿਸ਼ਵ ਪੱਧਰੀ ਪ੍ਰਤਿਭਾ ਦੇ ਕੁਝ ਅੰਸ਼ ਦੇ ਦਰਸ਼ਨ ਕਰਵਾਂਦੀ ਹੈ। ਸਤਿਗੁਰੂ ਜੀ ਦੀ ਸੇਵਾ ਵਿਚ ਰਹਿਣਾ ਅਤੀ ਅਨੰਦਦਾਇਕ ਅਤੇ ਗਿਆਨ ਪ੍ਰਾਪਤੀ ਦਾ ਕਾਰਨ ਹੁੰਦਾ ਹੈ।

## ਮਿਹਰਾਂ ਭਰੇ ਕਲਾਵੇ ਵਿਚ

ਸ. ਮੱਖਣ ਸਿੰਘ ਨੇ ਦੱਸਿਆ ਕਿ ਇਸ ਦੌਰ ਸਤਿਗੁਰੂ ਜੀ ਨੇ ਸਾਰੇ ਬੈਂਕੌਕ ਵਾਸੀਆਂ ਨੂੰ ਆਪਣੇ ਮਿਹਰਾਂ ਭਰੇ ਕਲਾਵੇ ਵਿਚ ਲੈ ਲਿਆ ਹੈ। ਜੋ ਇਸ ਵਿਰੋਧ ਤੋਂ ਸੁਖ ਪ੍ਰਾਪਤ ਕਰਦੇ ਸਨ ਉਹ ਵੀ ਇਸ ਵਾਰ ਗੁਰੂ ਚਰਨਾਂ ਵਿਚ ਬੈਠ ਅਨੰਦ ਮਾਣ ਰਹੇ ਸਨ। ਸ: ਮੱਖਣ ਸਿੰਘ ਨੇ ਦੱਸਿਆ ਸ੍ਰੀ ਦੇਵਿੰਦਰਜੀਤ ਸਿੰਘ ਫੈਨੇਟਿਕਸ ਦੀ ਮਿਤਰਤਾ ਵੀ ਥਾਈਲੈਂਡ ਦੌਰੇ ਸਮੇਂ ਹੀ ਹੋਈ ਹੈ। ਉਹ ਸੂਬਾ ਸਤਨਾਮ ਸਿੰਘ ਜੀ ਤੇ ਪ੍ਰਧਾਨ ਸ: ਸਤਵੰਤ ਸਿੰਘ ਦੀ ਸੰਗਤ ਤੋਂ ਵੀ ਲਾਭਾਨਵਤ ਸੀ।

## ਸ. ਅਜੀਤ ਸਿੰਘ ਸਵਰਗਵਾਸ

ਅਜੇ 10 ਜਨਵਰੀ ਦਾ ਗਿਆ, ਮੇਰਾ ਛੋਟਾ ਲੜਕਾ ਸੁਖਬੀਰ ਸਿੰਘ ਅੱਜ ਭੁੰਤਰ (ਹਿਮਾਚਲ ਪ੍ਰਦੇਸ਼) ਤੋਂ ਪਰਤਿਆ ਹੈ। ਇਹ ਦੁਖਾਂਤ ਖਬਰ ਸੁਣਕੇ ਸਾਡੇ ਪਰਵਾਰ ਦੇ ਸਾਰੇ ਜੀ ਹੀ ਦੁਖਿਤ ਹੋ ਗਏ ਕਿ ਸ. ਅਜੀਤ ਸਿੰਘ ਕਰਿਆਨਾ ਮਰਚੈਂਟ ਭੁੰਤਰ ਇਸ ਸੰਸਾਰ ਵਿਚ ਨਹੀਂ ਰਹੇ। ਪਿਛਲੇ ਦਿਨੀ ਉਹਨਾਂ ਨੂੰ ਹੋਏ ਹਾਦਸੇ ਦੀ ਖਬਰ ਮਿਲੀ ਸੀ। ਚੰਡੀਗੜ੍ਹ ਲਿਆ ਕੇ ਇਲਾਜ ਮੁਆਲਜੇ ਲਈ ਯਤਨ ਕੀਤੇ ਪਰ ਜ਼ਿੰਦਗੀ ਨੇ ਸਾਥ ਨਹੀਂ ਦਿਤਾ।

26 ਜਨਵਰੀ, ਦੇਸ਼ ਦੇ ਸਾਰੇ ਲੋਕਾਂ ਲਈ ਉਲਾਸ ਦਾ ਦਿਨ ਸੀ। ਪਰ ਸਾਡੇ ਭੁੰਤਰ ਵਿਚ, ਉਨ੍ਹਾਂ ਦੇ ਸਮੂਹ ਮਿਤਰਾਂ, ਖਾਸ ਕਰ ਬੀਬੀ ਮਹਿੰਦਰ ਕੌਰ ਤੇ ਉਨ੍ਹਾਂ ਦੀ ਲੜਕੀ ਲਈ, ਦੁਖ ਭਰਪੂਰ ਹੋ ਕੇ ਨਿਬੜਿਆ। ਉਹਨਾਂ ਦੀ ਮਿਰਤੂ ਚੰਡੀਗੜ੍ਹ ਹੀ ਹੋ ਗਈ ਸੀ। ਨਾਮਧਾਰੀ ਸੰਗਤ ਨੇ ਭਰਪੂਰ ਗਿਣਤੀ ਵਿਚ ਇਕੱਤਰ ਹੋਕੇ ਸਸਕਾਰ ਮੰਡੀ (ਹਿ.ਪ੍ਰ.) ਵਿਚ ਕਰ ਦਿਤਾ। ਏਥੇ ਉਨਾਂ ਦੇ ਪਰਵਾਰ ਦੇ ਬਹੁਤ ਸਾਰੇ ਮਿਤਰ ਰਹਿੰਦੇ ਹਨ।

ਇਕ ਬਹੁਤ ਚੰਗਾ ਇਨਸਾਨ ਧਰਤੀ ਤੇ ਹਾਦਸੇ ਦਾ ਸ਼ਿਕਾਰ ਹੋਕੇ ਉਠ ਗਿਆ, ਜਿਸਦੀ ਅਰਥੀ ਨਾਲ ਹਿੰਦੂ ਤਾਂ ਸਨ ਹੀ ਮੁਸਲਿਮ ਬਰਾਦਰੀ ਦੇ ਵੀ ਬਹੁਤ ਲੋਕ ਸਨ। ਮੇਰੇ ਜੁਆਤਰੇ ਸ. ਕੇਹਰ ਸਿੰਘ ਨੇ ਲਿਖਿਆ ਹੈ ਕਿ ਅਜਿਹੇ ਇਨਸਾਨ ਵਿਰਲੇ ਹੀ ਲੱਭਦੇ ਹਨ, ਜਿਨਾਂ ਦਾ ਕੋਈ ਵੀ ਦੁਸ਼ਮਣ ਨ ਹੋਵੇ। ਉਹ ਮੇਰੀ ਲੜਕੀ ਨਾਲ ਹਕੀਕੀ ਭਰਾਵਾਂ ਤੋਂ ਵੀ ਵੱਧ ਸੰਬੰਧ ਰਖਦੇ ਸਨ।

ਮਦਾਰ ਵਾਲੀ ਕਰਤਾਰ ਕੌਰ ਵੀ ਗਈ !

ਫੱਲੂ ਸੰਤ ਨਗਰ (ਸਰਸਾ) ਤੋਂ ਆਈ ਇਕ ਚਿੱਠੀ ਦੁਆਰਾ ਪਤਾ ਲਗਾ ਕਿ ਬੀਬੀ ਕਰਤਾਰ ਕੌਰ ਮਦਾਰ ਵਾਲੀ ਸੁਪਤਨੀ ਸੰਤ ਪ੍ਰੀਤਮ ਸਿੰਘ ਵੀ ਗੁਜ਼ਰ ਗਈ ਹੈ। ਉਸਦੇ ਪ੍ਰੇਮ, ਸ਼ਰਧਾ ਅਤੇ ਕਥਾ ਕੀਰਤਨ ਵਿਚ ਆਉਣ ਜਾਣ ਨੂੰ ਮੁਖ ਰਖ ਕੇ ਉਸ ਜੀਵਤ ਰੰਗ ਸਤਿਗੁਰੂ ਜੀ ਨੇ ਆਪਣੀ ਹਜ਼ੂਰੀ ਵਿਚ 22-1-1983 ਨੂੰ ਪੁਜਾਇਆ।

ਗੁਰਦੇਵ ਸਿੰਘ ਸਰੋਦ ਦੇ ਭਾਈ ਤੋਂ ਪਤਾ ਲਗਾ ਕਿ 24-1-83 ਸੰਤ ਨਗਰ ਦਾ ਮੰਨਿਆ ਦੰਨਿਆਂ ਵਿਅਕਤੀ ਸੰਤ ਕਿਰਪਾ ਸਿੰਘ ਕਿਲੇ ਵਾਲਾ ਵੀ ਹਾਰਟ ਅਟੈਕ ਦੇ ਹਮਲੇ ਨਾਲ ਪੂਰਾ ਹੋ ਗਿਆ ਹੈ।

## 12 ਫਰਵਰੀ 1983, ਸ਼ਨੀਵਾਰ
## ਨਵੀਂ ਦਿੱਲੀ

ਢੂੰਡ ਸਤਿਗੁਰੂ ਜੀ ਦੀ

ਰਮੇਸ਼ ਨਗਰ ਵਿਖੇ ਸੰਤ ਕਿਰਪਾਲ ਸਿੰਘ ਨੇ ਦੱਸਿਆ ਕਿ ਸੱਚੇ ਪਾਤਸ਼ਾਹ ਅਜ 12 ਵਜੇ ਦਿੱਲੀ ਵਿਖੇ ਦਰਸ਼ਨ ਦੇ ਰਹੇ ਹਨ। ਪਰ ਕੋਠੀ ਵਲੋਂ ਲੰਘਦਿਆਂ, ਸਮਾਂ 1 ਵਜੇ, ਝਾਤ ਮਾਰੀ ਤਾਂ ਉਥੇ ਕੋਈ ਰੌਣਕ ਨਹੀਂ ਸੀ। ਫਿਰ ਸ਼ਾਮੀ ਜਾਕੇ ਕੋਠੀਓਂ ਪੁੱਛਿਆ। ਪਤਾ ਲਗਾ ਕਿ ਸਤਿਗੁਰੂ ਜਗਜੀਤ ਸਿੰਘ ਜੀ ਆਏ ਤਾਂ ਹਨ ਪਰ 5-7 ਮਿੰਟ ਪਹਿਲਾਂ ਹੀ ਫਿਰ ਉਹ ਹੰਸਪਾਲ ਜੀ ਦੇ ਘਰ ਚਲੇ ਗਏ ਹਨ।

ਜਦੋਂ 7-30 ਵਜੇ ਸ਼ਾਮੀ ਘਰ ਪੁਜਾ ਤਾਂ ਮਾਲੂਮ ਹੋਇਆ ਕਿ ਹਜ਼ੂਰ ਸਾਹਿਬਪੁਰਾ ਵਿਚ ਸ. ਤੇਗ ਬਹਾਦਰ ਸਿੰਘ ਦੇ ਘਰ ਹੀ ਸਾਧ-ਸੰਗਤ ਵਲੋਂ ਨਿਤਨੇਮ ਅਤੇ ਦੀਵਾਨ ਹੈ, ਉਸ ਵਿਚ ਗਏ ਹਨ। ਪਰ ਜਦੋਂ 5-7 ਮਿੰਟ ਬਾਅਦ ਮੈਂ ਅਤੇ ਸ੍ਰੀ ਗੁਰਦੇਵ ਸਿੰਘ ਸਰੋਦ ਸ. ਹਰਵਿੰਦਰ ਸਿੰਘ ਹੰਸਪਾਲ ਦੇ ਘਰ ਕੇ-17 ਕਿਰ, ਰਾਜੌਰੀ ਗਾਰਡਨ ਵਿਚ ਪਹੁੰਚੇ ਤਾਂ ਸੜਕ ਤੇ ਖਲੋਤੀਆਂ ਕਾਰਾਂ ਤੋਂ ਅੰਦਾਜ਼ਾ ਹੋ ਗਿਆ ਕਿ ਦੀਨ ਦਿਆਲ ਜੀ ਏਥੇ ਹੀ ਹਨ। ਅੰਗ ਰਖਿਅਕ ਸ. ਦਰਸ਼ਨ ਸਿੰਘ ਬੰਦੂਕ ਲਈ ਮੇਨ ਗੇਟ ਤੇ ਭਲੀਭਾਂਤ ਮਿਲਿਆ। ਅਸੀਂ ਅੰਦਰ ਲੰਘ ਕੇ ਸ੍ਰੀ ਸਤਿਗੁਰੂ ਜੀ ਪਾਸ ਡਰਾਇੰਗ ਰੂਮ ਵਿਚ ਪਹੁੰਚੇ।

ਬੋਲ ਬੈਠੇ

ਸ੍ਰੀ ਸਤਿਗੁਰੂ ਜੀ ਆਪਣੀ ਹੀ ਇਕ ਕਲਮੀ ਤਸਵੀਰ ਨੂੰ ਜੋ ਵਡੇ ਆਕਾਰ ਵਿਚ ਸ. ਮਹਿੰਦਰ ਸਿੰਘ ਆਰਟਿਸਟ ਰਮੇਸ਼ ਨਗਰ ਨੇ ਬਣਾਈ ਸੀ ਅਤੇ ਜੋ ਇਕ ਚੌੜੀ ਸਾਰੀ ਦੀਵਾਰੀ ਸੀਨਰੀ ਨਾਲ ਟਿਕਾਈ ਹੋਈ ਸੀ। ਦੂਜੇ ਪਾਸੇ ਪਏ ਦੀਵਾਨ ਤੇ ਸਤਿਗੁਰੂ ਜੀ ਸੁਸ਼ੋਭਤ ਹੋ ਗਏ। ਫਰਸ਼ ਤੇ ਸੱਜੇ ਖੱਬੇ ਸਤਿਗੁਰੂ ਜੀ ਵਲ ਧਿਆਨ ਕੀਤੀ ਹੇਠ ਲਿਖੇ ਸਰੀਰ ਬੈਠੇ ਸਨ : ਸ. ਅਜਮੇਰ ਸਿੰਘ, ਮਨਜੀਤ ਇੰਜਨੀਅਰਿੰਗ ਵਾਲਾ, ਉਹਨਾ ਦਾ ਲੜਕਾ ਤੇ ਉਸਦਾ ਮੁਨੀਮ। ਸ. ਜਗੀਰ ਸਿੰਘ, ਸ. ਆਤਮਾ ਸਿੰਘ ਮੋਤੀ ਨਗਰ ਵਾਲਾ ਅਤੇ ਭਤੀਜਾ। ਦੂਜੇ ਬੰਨੇ ਸੰਤ ਬਲਵੰਤ ਸਿੰਘ, ਸੰਤ ਮਹਿੰਦਰ ਸਿੰਘ ਤੇ ਸੰਤ ਸੁਖਦੇਵ



Sri Satguru Jagjit Singh Ji Elibrary NamdhariElibrary@gmail.com

ਸਿੰਘ ਬਾਲੀ ਨਗਰ, 'ਸ. ਸੁੱਚਾ ਸਿੰਘ, ਦਲਜੀਤ ਸਿੰਘ-ਪਿਤਾ ਪੁਤਰ ਅਤੇ ਖੁਦ ਸ. ਹਰਵਿੰਦਰ ਸਿੰਘ ਹੰਸਪਾਲ। ਸਾਡੀ ਨਮਸਕਾਰ ਪਰਵਾਨ ਕਰਦਿਆਂ ਹੀ ਦੀਨ ਦਿਆਲ ਜੀ ਮੈਨੂੰ ਮੁਖਾਤਬ ਹੋਏ : ਤੁਹਾਡੀ ਚਿੱਠੀ ਮਿਲੀ। ਸਭ ਗੱਲਾਂ ਬਾਰੇ ਕਿਹਾ ਗਿਆ ਹੈ। ਕੱਲ੍ਹ ਸੇਠ ਜੀ ਆਉਣਗੇ, ਤੇ ਜੋ ਕੁਛ ਬੈਂਕ ਵਿਚ ਹੋਇਆ ਉਨ੍ਹਾਂ ਤੋਂ ਪਤਾ ਕਰ ਲੈਣਾ। ਜਦੋਂ ਹੋਰ ਸੱਜਣ ਅੰਦਰ ਆਉਣ ਲੱਗੇ, ਨਮਸਕਾਰ ਪਰਵਾਨ ਕਰ ਤੁਰਤ ਹੁਕਮ ਹੋਇਆ . ਹੁਣ ਸਭ ਲੋਕ ਬਾਹਰ ਜਾਣ ਮੈਂ ਚਰਨ ਅਰਜਨ ਸਿੰਘ ਨਾਲ ਗੱਲ ਕਰ ਲਵਾਂ।

ਸੱਜਣ ਸਾਰੇ ਬਾਹਰ ਆ ਗਏ, ਬੂਹਾ ਢੁਕ ਗਿਆ। ਜੋ ਪਹਿਲਾਂ ਪਾਸ ਸਨ ਓਹੋ ਰਹੇ।

ਅੰਦਰ ਅੱਧਾ ਘੰਟਾ ਤਕ ਗੱਲ ਬਾਤ ਜਾਰੀ ਰਹੀ। ਅਨੁਮਾਨ ਹੈ ਉਸ ਜ਼ਮੀਨ ਬਾਰੇ ਹੀ ਗੱਲ ਬਾਤ ਹੋਈ ਹੋਵੇਗੀ ਜੋ ਸ. ਅਰਜਨ ਸਿੰਘ ਵਲੋਂ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤੀ ਗਈ।

ਪਿਛੋਂ, ਮੈਂ ਫਿਰ ਅੰਦਰ ਗਿਆ। ਹੁਣ ਹੰਸਪਾਲ, ਬਾਲੀ ਨਗਰੀਆਂ ਤੋਂ ਇਲਾਵਾ ਸੂਬਾ ਸਤਨਾਮ ਸਿੰਘ ਨੈਰੋਬੀ ਤੋਂ, ਸ. ਸਤਵੰਤ ਸਿੰਘ ਦਾਰਾ ਸਲਾਮ, ਸੇਠ ਧਰਮ ਸਿੰਘ ਚਾਵਲਾ, ਸੇਠ ਸ਼ੇਰ ਸਿੰਘ ਚਾਵਲਾ ਅਤੇ ਇਹਨਾਂ ਦੇ ਪਰਵਾਰ ਸਨ। ਹੁਣ ਬਾਲੀ ਨਗਰ ਦੇ ਸਰੀਰ ਬਾਹਰ ਆ ਗਏ। ਹੋਰ ਸਾਰੇ ਵੀ।

ਅੰਦਰ ਤਨਜ਼ਾਨੀਆ – ਨੈਰੋਬੀ ਵਾਲੇ ਰਹਿ ਗਏ।

### ਗੱਲ ਬੈਂਗਲੋਰ ਫਾਰਮ ਦੀ

ਏਥੇ ਹੀ ਸਤਿਗੁਰੂ ਜੀ ਦੇ ਅਫਰੀਕਾ ਦੌਰੇ ਦਾ ਪਤਾ ਲਗਾ। 22 ਫਰਵਰੀ ਨੂੰ ਮੁੜ ਬੈਂਗਲੋਰ ਜਾਕੇ 25 ਨੂੰ ਏਥੋਂ ਨੈਰੋਬੀ ਲਈ ਉਡਣਾ ਚਾਹੁੰਦੇ ਹਨ। ਅਗੇ 2-3 ਦਿਨ ਦਾ ਤਨਜ਼ਾਨੀਆਂ ਦਾ ਪ੍ਰੋਗਰਾਮ ਵੀ ਹੈ। ਸਤਿਗੁਰੂ ਜੀ ਨੇ ਸਤਵੰਤ ਸਿੰਘ ਪਾਸ ਇਛਾ ਪਰਗਟ ਕੀਤੀ ਕਿ ਇਸ ਵਾਰ ਕੰਜੈਸਟਡ ਪ੍ਰੋਗਰਾਮ ਨਾ ਰਖਕੇ ਉਸ ਇਲਾਕੇ ਦਾ ਹੀ ਕਾਰਜ ਕਰਮ ਮਿਥਿਆ ਜਾਵੇ ਜਿਸ ਵਿਚ ਸ਼ੇਰ ਰੁਖਾਂ ਉਤੇ ਚੜ੍ਹੇ ਹੋਏ ਵੇਖੇ ਜਾਣ। ਸ. ਸਤਵੰਤ ਸਿੰਘ ਨੇ ਕਿਹਾ : ਦੀਨ ਦਿਆਲ, ਸ਼ੇਰ ਤਾਂ ਆਪ ਜੀ ਦੀ ਕਿਰਪਾ ਨਾਲ ਰੁੱਖਾਂ ਤੇ ਚੜ੍ਹੇ ਹੋਏ ਮਿਲ ਜਾਣਗੇ। ਪਰ ਅਸਾਂ ਇੰਤਜ਼ਾਮ ਤਾਂ ਕਰਨਾ ਹੈ ਨ ਜੀ।

ਇਸ ਪ੍ਰੋਗਰਾਮ ਨਾਲ ਹੀ ਬੈਂਗਲੋਰ ਫਾਰਮ ਦੀ ਵਿਕਰੀ ਦੀ ਗੱਲ ਚੱਲੀ ਤਾਂ ਸਤਿਗੁਰੂ ਜੀ ਬਚਨ ਕੀਤਾ : ਜਦੋਂ ਦਾ ਛੋਟਾ ਬਾਬਾ ਬੈਂਗਲੋਰ ਗਿਆ ਹੈ ਫਾਰਮ ਦੀ ਸ਼ਕਲ ਸੂਰਤ ਨਿਖਰਦੀ ਜਾਂਦੀ ਹੈ। ਬਹੁਤ ਸਾਰੀ ਪਲਾਂਟੇਸ਼ਨ ਹੋ ਗਈ ਹੈ। ਕੁਛ ਨਿਖਾਰ ਆ ਜਾਣ ਕਾਰਨ ਹੀ ਅਜ ਕਲ ਕਾਹਲੀ ਵੀ ਪੈ ਰਹੀ ਹੈ। ਤਕੜੇ ਗਾਹਕ ਆਏ ਸਨ। ਮੈਂ ਤਾਂ ਕਹਿ ਛਡਿਆ ਹੈ, ਨਾ ਵੇਚੋ। ਫਿਰ ਐਸੀ ਸੁੰਦਰ ਜਗਾਹ ਨਹੀਂ ਮਿਲਣੀ।

ਹੰਸਪਾਲ ਹੋਰਾਂ ਕਿਹਾ : ਪੈਸਿਆਂ ਦਾ ਕੀ ਹੈ? ਉਹ ਆਏ ਲੱਗ ਵੀ ਗਏ ਵਾਲੀ ਗੱਲ ਹੁੰਦੀ ਹੈ।

ਸਤਿਗੁਰੂ ਜੀ : ਜਦੋਂ ਲੋੜ ਪੈਂਦੀ ਹੈ, ਸਤਿਗੁਰੂ ਜੀ ਕੋਈ ਨ ਕੋਈ ਬਿਧ ਬਣਾ ਦਿੰਦੇ ਹਨ।



Sri Satguru Jagjit Singh Ji Elibrary NamdhariElibrary@gmail.com

**ਸਤਿਗੁਰੂ ਜੀ ਦੇ ਬਚਨ :**

ਸਤਿਗੁਰੂ ਜੀ ਮੈਨੂੰ ਅਤੇ ਸ. ਹੰਸਪਾਲ ਨੂੰ ਬੈਂਕੋਕ ਦੇ ਇਕ ਵਜ਼ੀਰ ਦੀ ਗੱਲ ਸੁਣਾਈ। ਉਹਦੀ ਪ੍ਰਸੰਸਾ ਵਿਚ ਆਖਿਆ: ਉਹ ਧਰਮ ਦੇ ਕੰਮਾਂ ਵਲ ਬੜਾ ਧਿਆਨ ਦਿੰਦਾ ਹੈ। ਲੋਕਾਂ ਨੂੰ ਮਾਸ ਸ਼ਰਾਬ ਵਲੋਂ ਵੀ ਰੋਕਦਾ ਹੈ। 30,000 ਬੋਰੀ ਉਸਨੇ ਮੁਫ਼ਤ ਚਾਵਲ ਬਣਵਾਕੇ ਲੋਕਾਂ ਨੂੰ ਖੁਆਏ। ਤਾਂ ਕਿ ਨਿਰਮਾਣਤਾ ਦੀ ਆਦਤ ਪਵੇ। ਇਕ ਵਾਰ ਉਹ ਸਾਡੇ ਦੀਵਾਨ ਵਿਚ ਆਇਆ। ਉਹ ਇਕ ਅਨੰਦ ਕਾਰਜ ਵੇਖਣ ਆਇਆ ਸੀ। ਸੇਠ ਤ੍ਰਿਲੋਕ ਸਿੰਘ ਦੇ ਲੜਕੇ ਬਲਦੇਵ ਸਿੰਘ ਨੇ ਅਮਰੀਕਾ ਵਿਚ ਘੋੜਿਆਂ ਦਾ ਕਾਰੋਬਾਰ ਸ਼ੁਰੂ ਕੀਤਾ ਹੈ ਤੇ ਘੋੜਿਆਂ ਵਾਲਿਆਂ ਨੇ ਉਸਨੂੰ ਆਪਣੀ ਸੰਸਥਾ ਦਾ ਪ੍ਰੈਜ਼ੀਡੈਂਟ ਥਾਪਣ ਦੀ ਗੱਲ ਕੀਤੀ ਪਰ ਬਲਦੇਵ ਸਿੰਘ ਨੇ ਪ੍ਰਧਾਨ ਬਣਨੋ ਇਨਕਾਰ ਕਰ ਦਿਤਾ। ਉਸਨੇ ਆਖਿਆ ਜੇ ਮੈਂ ਤੁਹਾਡੀ ਸੰਸਥਾ ਦਾ ਪ੍ਰਧਾਨ ਬਣ ਗਿਆ, ਤਾਂ ਤੁਹਾਡੀਆਂ ਮੀਟਿੰਗਾਂ ਤੇ ਇਕੱਠਾਂ ਤੇ ਜਾਣਾ ਪਿਆ ਕਰੇਗਾ, ਤੁਸਾਂ ਮਾਸ ਖਾਣਾ ਤੇ ਸ਼ਰਾਬ ਪੀਣੀ ਹੈ, ਮੈਂ ਇਹ ਕੰਮ ਕਰਨਾ ਨਹੀਂ। ਮੈਂ ਕਾਹਨੂੰ ਤੁਹਾਡਾ ਆਗੂ ਬਣਾਂ ? ਉਸਦੀ ਗੱਲ ਦਾ ਅਜਿਹਾ ਪ੍ਰਭਾਵ ਪਿਆ ਕਿ ਸੰਬੰਧਤ ਅਮਰੀਕਨਾਂ ਕਿਹਾ, ਅਸੀਂ ਵੀ ਨ ਖਾਇਆ ਪੀਆਂ ਕਰਾਂਗੇ ਸਗੋਂ ਇਕ ਵੈਜੀਟੇਰੀਅਨ ਲਹਿਰ ਚਲਾ ਦਿਆਂਗੇ।

ਸਤਿਗੁਰੂ ਜੀ ਕਿਹਾ ਕਿ ਜਦੋਂ ਮੈਂ ਉਸ ਮਨਿਸਟਰ [illegible] ਦੱਸਿਆ ਕਿ ਤੁਹਾਡੇ ਵਾਂਗੂ ਦਾ ਇਕ ਬੱਚਾ, ਜੋ ਅਮਰੀਕਾ ਜਾ ਕੇ ਨਿਰਾਮਿਸ਼ ਰਹਿ ਸਕਦਾ ਹੈ ਤੇ ਓਥੇ ਨ ਖਾਣ ਪੀਣ ਦੀ ਭਾਵਨਾ ਜਗਾ ਸਕਦਾ ਹੈ, ਤਾਂ ਤੁਸੀਂ ਏਥੋਂ ਦੇ ਲੋਕਾਂ ਨੂੰ ਕਿਉਂ ਨਹੀਂ ਪ੍ਰੇਰ ਸਕਦੇ। ਇਹ ਸੁਣਕੇ ਦੁਬਾਰਾ ਉਹ ਮਨਿਸਟਰ ਉਠਿਆ ਤੇ ਉਸਨੇ ਬਲਦੇਵ ਦੇ ਜਤਨਾਂ ਦੀ ਸ਼ਲਾਘਾ ਕੀਤੀ ਅਤੇ ਦੂਜਿਆਂ ਨੂੰ ਉਸੇ ਰਸਤੇ ਚਲਣ ਦੀ ਪ੍ਰੇਰਨਾ ਦਿਤੀ।

ਸਤਿਗੁਰੂ ਜੀ ਸੇਹਤ ਵਲੋਂ ਚਮਕਦੇ, ਬੋਲ ਬਾਣੀ ਵਲੋਂ ਤੁਰਕਦੇ ਅਤੇ ਭਰਪੂਰ ਪ੍ਰਸੰਨਤਾ ਦੀ ਮੁੱਦਰਾ ਵਿਚ ਸਨ। ਪਰ ਆਰਾਮ ਦੀ ਕਾਫੀ ਜ਼ਰੂਰਤ ਸੀ। ਸੋ 8-30 ਵਜੇ ਉਨ੍ਹਾਂ ਮਿਲਣ ਗਿਲਣ ਵਾਲਿਆਂ ਤੋਂ ਛੁਟੀ ਲੈ ਲਈ। ਏਥੇ ਸਤਿਗੁਰੂ ਜੀ ਪਾਸ ਜੀਵਨ ਨਰਸ਼ ਰਹੇ ਪੈ: ਮਹਾਦੇਉ ਦਾ ਛੋਟਾ ਲੜਕਾ ਵਿਸ਼ਵ ਪ੍ਰਕਾਸ਼ ਵੀ ਆਇਆ ਹੋਇਆ ਸੀ, ਉਸਨੇ ਮੱਥਾ ਟੇਕਿਆ ਤਾਂ ਸਤਿਗੁਰੂ ਜੀ ਵਿਨੋਦ ਨਾਲ ਬੋਲੇ : ਕਵੀ ਜੀ, ਪਛਾਣਦੇ ਓ ਇਹ ਕੌਣ ਹੈ ?

ਬਾਹਰ ਆ ਰਹੇ ਸਨ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ : ਅਹਿ ਵੇਖਿਓ ਜੇ ਕਵੀ ਜੀ, ਚਾਨਣ ਚਾਨਣ ਹੋਇਆ ਪਿਐ। ਅਰਥਾਤ ਸਾਰੇ ਸੰਸਾਰ ਦਾ ਚਾਨਣ ਬਾਹਰ ਖਲੋਤਾ ਜੇ। ਏਥੇ ਵਿਸ਼ਵ ਪ੍ਰਕਾਸ਼ ਖਲੋਤਾ ਹੋਇਆ ਸੀ। ਛਾਤੀ ਨਾਲ ਲਾਕੇ ਉਸ ਨੌਜਵਾਨ ਨੂੰ ਪਿਆਰ ਬਖਸ਼ਿਆ। ਉਸਨੇ ਅਰਜ਼ ਕੀਤੀ : ਹਜ਼ੂਰ ਆਪ ਜੀ ਤੋਂ ਕੁਝ ਟਾਈਮ ਲੈਣਾਂ ਚਾਹੁੰਦਾ ਸਾਂ।

"ਹਾਂ, ਮੇਰਾ ਵੀ ਜੀ ਕਰਦਾ ਸੀ ਤੈਨੂੰ ਮਿਲਾਂ, ਸੁਣਾਂ, ਪਰ ਤੂੰ ਸੁਰਦੇਵ ਨੂੰ ਕਹੁ ਉਹ ਕੱਲ੍ਹ ਮੇਰੇ ਨਾਲ ਵਕਤ ਤੇ ਕਰਕੇ ਤੈਨੂੰ ਦੱਸੇ।" ਅਤੇ ਵਿਸ਼ਵ ਪ੍ਰਕਾਸ਼ ਸਤਿਗੁਰੂ ਜੀ ਦੇ ਪਿਆਰ ਤੋਂ ਬਲਿਹਾਰ ਹੁੰਦਾ ਹੋਇਆ ਵਿਦਾ ਹੋ ਗਿਆ।

ਸਤਿਗੁਰੂ ਜੀ ਨੇ ਅੱਜ ਰਾਤ ਨਿਵਾਸ ਏਥੇ ਰਖਣਾ ਹੈ। ਸੋ ਆਪ ਜੀ ਹੋਰ ਅੰਦਰਲੇ ਭਾਗ ਨੂੰ ਚਲੇ ਗਏ।



Sri Satguru Jagjit Singh Ji Elibrary NamdhariElibrary@gmail.com

**ਬੀਬਾ ਸਾਹਿਬ ਕੌਰ**

ਅੱਜ ਮੈਨੂੰ ਬੀਬਾ ਸਾਹਿਬ ਕੌਰ ਜੀ ਇਕ ਵਾਰ ਆਪਣਾ ਥਾਲ਼ਾ ਤੇ ਦੂਜੀ ਵਾਰ ਆਪਣਾ ਥੈਲਾ ਉਠਾਈ ਆਉਂਦੇ ਮਿਲੇ। ਮੈਂ ਸਤਿ ਸ੍ਰੀ ਅਕਾਲ ਬੁਲਾਕੇ ਪੁਛਿਆ ਕਿ ਇਸ ਵਾਰ ਵਿਦੇਸ਼ ਆਪ ਨਾਲ ਕੌਣ ਕੌਣ ਗਿਆ ਸੀ ਤੇ ਕਿਥੇ ਕਿਥੇ ਗਏ। ਬੀਬਾ ਜੀ ਨੇ ਦੱਸਿਆ ਕਿ ਇਸ ਵਾਰ ਦੇ ਟੂਰ ਵਿਚ ਥਾਈਲੈਂਡ, ਸਿੰਗਾਪੁਰ ਤੇ ਹਾਂਗ ਕਾਂਗ ਦਾ ਭਰਮਣ ਕੀਤਾ ਅਤੇ ਨਾਲ ਗਏ ਸਨ ਹੇਠ ਲਿਖੇ ਵਿਅਕਤੀ :

3. ਅਸੀ ਤ੍ਰਿਨੇ ਜੀਅ, ਉਹ (ਸੰਤ ਜਸਤਾਰ ਸਿੰਘ) ਮੈਂ ਅਤੇ ਥਾਲ਼ਾ,
5. ਮਹਿੰਦਰ ਸਿੰਘ ਪੁਰਬਾ, ਹਜ਼ੂਰੀ ਸੇਵਕ ਬਲਦੇਵ ਸਿੰਘ
6. ਬਲਦੇਵ ਸਿੰਘ ਦੀ ਪਤਨੀ ਮਲਕੀਅਤ ਕੌਰ
8. ਹਰਬੰਸ ਸਿੰਘ ਘੁੱਲਾ, ਤੇ ਸੰਤ ਖਜ਼ਾਨ ਸਿੰਘ ਰਾਣੀ
9. ਸੂਬਾ ਸਤਨਾਮ ਸਿੰਘ ਜੀ, ਨੈਰੋਬੀ
10. ਸਤਵੰਤ ਸਿੰਘ ਦਾਰਸਾਲਾਮ
13. ਇਹਨਾਂ ਦੀ ਪਤਨੀ ਤੇ ਬੱਚੇ
14. ਸ. ਦਵਿੰਦਰਜੀਤ ਸਿੰਘ ਕੈਨੇਡਾ
15. ਮਾ. ਮੋਹਣ ਸਿੰਘ ਕਰਨਪੁਰ
16. ਸ. ਬਲਦੇਵ ਸਿੰਘ ਕਰੀਵਾਲਾ
17. ਸੰਤ ਮੁਖਤਿਆਰ ਸਿੰਘ ਦਮਦਮਾ

ਲਗਭਗ ਡੇਢ ਦਰਜਨ ਸਰੀਰਾਂ ਨੇ ਇਸ ਵਾਰ ਤਿਨ ਦੇਸਾਂ ਦੀ ਭਰਪੂਰ ਸੈਰ ਕੀਤੀ।

**ਮਾਤਾ ਕਰਤਾਰ ਕੌਰ**

ਬੀਬੀ ਕਰਤਾਰ ਕੌਰ ਜੀ, ਸਫ਼ੈਦ ਵਾਲ, ਗੋਰਾ ਚਿੱਟਾ ਚੇਹਰਾ, ਪਤਲੇ ਨਕਸ਼, ਸਤਿਗੁਰੂ ਜੀ ਦੀ ਸੇਵਾ ਵਿਚ ਯੂ.ਕੇ. ਵਿਚੋਂ ਆਏ ਹੋਏ ਸਨ। ਮਾਤਾ ਜੀ ਬੜੇ ਸੇਵਕ, ਉਦਾਰ ਅਤੇ ਰਜ਼ਾ ਵਿਚ ਰਾਜ਼ੀ ਰਹਿਣ ਵਾਲੇ ਸਨ। ਅੱਜ ਹੰਸਪਾਲ ਦੀ ਕੋਠੀ ਵਿਚ ਖੂਬ ਚਹਿਲ ਪਹਿਲ ਹੈ।

**13 ਫਰਵਰੀ 1983, ਐਤਵਾਰ**
**ਨਵੀਂ ਦਿੱਲੀ**

ਸਵੇਰ ਵੇਲੇ ਤੋਂ ਆਸਾ ਦੀ ਵਾਰ ਦਾ ਕੀਰਤਨ, ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਵਿਖੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਇਆ। ਦੂਰ ਨੇੜੇ ਦੀਆਂ ਕਾਲੋਨੀਆਂ ਅਤੇ ਮੇਰਾ ਪਰਵਾਰ ਵੀ ਇਹ ਅਨੰਦ ਲੁਟਣ ਆਏ।

**ਜਸਵਿੰਦਰ ਸਿੰਘ ਬਾਰੇ**

ਰਾਤੀ, ਕਿਉਂਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਡੇਰਾ ਸ. ਹਰਵਿੰਦਰ ਸਿੰਘ ਹੰਸਪਾਲ ਹੁਰਾਂ ਵਲ ਸੀ, ਮੈਂ ਪਹਿਲੇ ਦਰਸ਼ਨ ਕਰਨ ਏਥੇ ਹੀ, ਕੇ-17, ਰਾਜੌਰੀ ਗਾਰਡਨ



Sri Satguru Jagjit Singh Ji Elibrary NamdhariElibrary@gmail.com

ਵਿਖੇ ਗਿਆ। ਸਤਿਗੁਰੂ ਜੀ, ਹੰਸਪਾਲ ਦੇ ਬੈੱਡਰੂਮ ਵਿਚ ਹੀ ਬੈਠੇ ਹੋਏ ਸਨ। ਸਤਿਗੁਰੂ ਜੀ ਪਾਸ ਇਸ ਵੇਲੇ ਸ. ਹੰਸਪਾਲ ਅਤੇ ਮਥੁਰਾ ਬਸਤੀ ਵਾਲੇ ਸ. ਜਸਵਿੰਦਰ ਸਿੰਘ ਇਤਿਹਾਸ ਖੋਜੀ ਸੱਜਣ ਬੈਠੇ ਸਨ। ਇਨ੍ਹਾਂ ਦੀ ਗੱਲ ਬਾਤ ਦਾ ਆਧਾਰ ਮੈਨੂੰ ਉਸ ਵੇਲੇ ਮਿਲ ਗਿਆ ਜਿਸ ਵੇਲੇ ਬੀਬੀ ਕਰਤਾਰ ਕੌਰ (ਯੂ.ਕੇ) ਵੀ ਕੋਲ ਆਣ ਬੈਠੀ। ਦੀਨ ਦਿਆਲ ਜੀ ਨੇ ਬੀਬੀ ਨੂੰ ਸੰਬੋਧਨ ਕੀਤਾ: ਇਹ ਜਸਵਿੰਦਰ ਸਿੰਘ ਹੈ। ਬੜਾ ਮਿਹਨਤੀ ਅਤੇ ਹਿੰਮਤੀ। ਇਸ ਨੇ ਕੁਝ ਕੰਮ ਕਰਨਾ ਹੈ। ਇਹ ਵਲਾਇਤ ਜਾਏਗਾ, ਤੁਹਾਡੇ ਘਰ ਰਹੇਗਾ। ਤੁਸਾਂ ਪੂਰਾ ਪੂਰਾ ਸਹਿਯੋਗ ਦੇਣਾ।

"ਸੱਚੇ ਪਾਤਸ਼ਾਹ ! ਉਹ ਤਾਂ ਘਰ ਹੀ ਤੁਹਾਡਾ ਹੈ।"

"ਤਦੇ ਤਾਂ ਜਸਵਿੰਦਰ ਨੂੰ ਉਸ ਘਰ ਭੇਜਣ ਲੱਗਾ ਹਾਂ।"

ਦੀਨ ਦਿਆਲ ਮਖ਼ਮਲੀ ਕਢਾਈ ਵਾਲੇ, ਸੁਨਹਿਰੀ ਤਾਰ ਨਾਲ ਉਣੇ ਡਬਲ ਬੈੱਡਸ਼ੀਟ ਤੇ ਕੰਬਲ ਵਿਚ ਚਰਨ ਲਪੇਟੀ ਬੈਠੇ ਸਨ।

## ਸੁਖਬੀਰ ਦੀ ਫੋਟੋਗ੍ਰਾਫ਼ੀ

ਤਦ ਨੂੰ ਆਗਿਆ ਲੈ ਕੇ, ਮੈਂ ਕੁਝ ਫੋਟੋ ਐਲਬਮਾਂ ਆਪ ਜੀ ਦੇ ਪੇਸ਼ ਕੀਤੀਆਂ। ਇਹਨਾਂ ਚੋਂ ਮੁਖ ਦੋ ਐਲਬਮਾਂ ਸਨ ਜੋ 18 ਜਨਵਰੀ ਲੁਧਿਆਣਾ ਦੇ ਨਗਰ ਕੀਰਤਨ ਨਾਲ ਸੰਬੰਧਤ ਸਨ। ਇਹ ਫੋਟੋ ਮੇਰੇ ਛੋਟੇ ਲੜਕੇ ਸੁਖਬੀਰ ਸਿੰਘ ਦੀ ਮਿਹਨਤ ਸੀ। ਫੋਟੋ ਦਰਸ਼ਨਾਂ ਵਿਚ ਸ੍ਰੀ ਬੀਬਾ ਜੀ ਤੇ ਸੇਵਕ ਬਲਦੇਵ ਸਿੰਘ ਵੀ ਸੀ। ਸਤਿਗੁਰੂ ਜੀ ਨੇ ਸੁਖਬੀਰ ਸਿੰਘ ਦੀ ਫੋਟੋਗ੍ਰਾਫ਼ੀ ਦੀ ਸ਼ੋਭਾ ਕੀਤੀ। ਇਹਨਾਂ ਵਿਚ ਇਕ ਬੇ-ਪੱਤਾ ਰੁਖ ਦੀਆਂ ਟਾਹਣੀਆਂ ਵਿਚ ਕਿਸੇ ਪੰਛੀ ਦੇ ਆਲ੍ਹਣੇ ਦੀ ਫੋਟੋ ਵੀ ਸੀ।

ਵੇਖਦੇ ਵੇਖਦੇ ਸਤਿਗੁਰੂ ਜੀ ਵਿਅਕਤੀਆਂ ਦੇ ਪੋਰਟਰੇਟਾਂ ਤੇ ਆਏ ਤਾਂ ਸੰਤ ਬਲਕਾਰ ਸਿੰਘ ਦੀ ਫੋਟੋ ਵੇਖ ਕੇ ਕਿਹਾ : ਅਹਾ, ਲਓ ਜੀ ਏਥੇ ਸੰਤ ਬਲਕਾਰ ਸਿੰਘ ਵੀ ਹੈ। ਬਹੁਤ ਸਾਊ ਤੇ ਬੜਾ ਸੇਵਕ। ਸਤਿਗੁਰੂ ਜੀ ਮੇਰੇ ਅਜਿਹੇ ਜਤਨਾਂ ਦੇ ਭਰਪੂਰ ਪ੍ਰਸੰਸਕ ਹਨ।

ਫੋਟੋ ਵੇਖਦਿਆਂ ਸ. ਅਰਜਨ ਸਿੰਘ ਦੀ ਫੋਟੋ ਵੀ ਆ ਗਈ ਜਿਨ੍ਹਾਂ ਨੇ ਕੁਝ ਦਿਨ ਪਹਿਲਾਂ ਨਜ਼ਫਗੜ੍ਹ ਰੋਡ ਤੇ ਸਤਿਗੁਰੂ ਜੀ ਨੂੰ ਕੁਝ ਜ਼ਮੀਨ ਭੇਟਾ ਕੀਤੀ ਸੀ। ਸਤਿਗੁਰਾਂ ਫੋਟੋ ਵੇਖਕੇ ਆਖਿਆ : ਇਹ ਆਪਣੀ ਵਾਰੀ ਵਿਛੜ ਗਿਆ ਹੈ।

ਏਥੇ ਬੈਠਿਆਂ ਹੀ ਮੈਂ ਅਰਜ਼ ਕੀਤੀ : ਦੀਨ ਦਿਆਲ, ਮੈਂ 5-3-83 ਤੋਂ 10 ਦਿਨਾਂ ਲਈ ਪਾਕਿਸਤਾਨ ਜਾ ਰਿਹਾ ਹਾਂ। ਸਤਿਗੁਰੂ ਜੀ ਦੀ ਇੱਛਾ ਸੀ ਨਨਕਾਣਾ ਸਾਹਿਬ ਵਿਖੇ ਭਾਈ ਲਾਲੋ ਦਾ ਖੂਹ ਤਲਾਸ਼ ਕਰਕੇ ਉਹਦੀ ਫੋਟੋ ਜ਼ਰੂਰ ਲਿਆਵਾਂ। ਇਹ ਉਹਨਾਂ ਲੋਕਾਂ ਵਾਸਤੇ ਸਬੂਤ ਹੋਵੇਗਾ ਜੋ ਬਾਲੇ ਸੰਧੂ ਦਾ ਇਤਿਹਾਸ ਵਿਚ ਨਾਂ ਨਹੀਂ ਰਹਿਣ ਦੇਣਾ ਚਾਹੁੰਦੇ। ਅਤੇ ਸਤਿਗੁਰੂ ਜੀ ਨੇ ਗਿਆਨੀ ਕਿਰਪਾਲ ਸਿੰਘ, ਭਾਈ ਸੰਤੋਖ ਸਿੰਘ ਦੀਆਂ ਪੁਸਤਕਾਂ ਵਿਚੋਂ ਹਵਾਲੇ ਦਿਤੇ।

## ਪ੍ਰਸ਼ਾਦ ਛਕਣ ਲਈ ਇਸ਼ਨਾਨ

ਜਦੋਂ ਇਸ਼ਨਾਨ ਕਰਕੇ ਪ੍ਰਸ਼ਾਦ ਛਕਣ ਦਾ ਜ਼ਿਕਰ, ਸੰਤ ਬਲਦੇਵ ਸਿੰਘ ਜਿਹੀ



Sri Satguru Jagjit Singh Ji Elibrary NamdhariElibrary@gmail.com

ਸੇਵਕ ਨੇ ਸਤਿਗੁਰੂ ਜੀ ਪਾਸ ਕੀਤਾ। ਸਤਿਗੁਰੂ ਜੀ ਨੇ ਪਹਿਲ ਸੰਤ ਜਗਤਾਰ ਸਿੰਘ ਤੇ ਬੀਬਾ ਜੀ ਨੂੰ ਦਿਤੀ। ਜਦੋਂ ਬੀਬਾ ਜੀ ਨੇ ਦੱਸਿਆ ਕਿ ਉਹ ਤਾਂ ਪ੍ਰਸ਼ਾਦ ਪਾਣੀ ਛਕ ਵੀ ਬੈਠੇ ਹਨ। ਮੈਂ ਚੁਪ ਕੀਤਾ ਖਿਸਕ ਆਇਆ ਆਪਣੀ ਫੋਟੋਗ੍ਰਾਫੀ ਵਲ੍ਹੇਟ ਕੇ। ਮਤਲਬ ਮੇਰਾ ਉਪਕਾਰੀ ਤੋਂ ਬਚਣਾ ਸੀ।

## ਇੱਕ ਦਿਲਚਸਪ ਮੁਕਾਬਲਾ

ਬਾਹਰ ਨਿਕਲਦੇ ਨੂੰ ਦਿੱਲੀ ਯੂਥ ਕਾਂਗਰਸ ਦਾ ਪ੍ਰਧਾਨ ਅਤੇ ਸਤਿਗੁਰੂ ਜੀ ਦਾ ਪਿਆਰਾ ਸ. ਬਲਦੇਵ ਸਿੰਘ C-1 ਨਾਮਧਾਰੀ ਕਾਲੋਨੀ ਮਿਲ ਗਿਆ। ਉਹ ਇਸ ਵਾਰ ਜਨਤਾ ਪਾਰਟੀ ਦੇ ਨੁਮਾਇੰਦੇ ਕੋਲੋਂ 2300 ਵੋਟ ਦੇ ਫਰਕ ਨਾਲ ਅਸਫਲ ਹੋਇਆ ਸੀ। ਵਿਚਾਰ ਵਟਾਂਦਰੇ ਦੌਰਾਨ ਉਸਨੇ ਕਿਹਾ : ਮੈਂ ਮਾਯੂਸ ਨਹੀਂ, ਜੋ ਬੰਦਾ ਚੋਣ ਮੁਕਾਬਲੇ ਵਿਚ ਆਵੇਗਾ, ਉਹ ਜਿਤੇਗਾ ਵੀ ਤੇ ਹਾਰ ਵੀ ਸਕਦਾ ਹੈ, ਮੈਂ ਪਿਛਲੀਆਂ ਚੋਣਾਂ ਵਿਚ 4500 ਵੋਟ ਦੇ ਫਰਕ ਨਾਲ ਜਿੱਤਿਆਂ ਸਾਂ। ਫੇਰ ਸਹੀ, ਜਿਹੜੀ ਹੀਰ ਮੁੱਕ ਗਈ ਹੈ। ਸਤਿਗੁਰਾਂ ਦੀ ਕਿਰਪਾ ਨਾਲ ਮੈਂ ਠੀਕ ਹਾਂ। ਮੈਨੂੰ ਤਸੱਲੀ ਹੈ ਕਿ ਸਾਰੀ ਨਾਮਧਾਰੀ ਕਾਲੋਨੀ ਨੇ ਮੈਨੂੰ ਹੀ ਵੋਟ ਕੀਤਾ ਹੈ।

## ਸਤਿਗੁਰੂ ਜੀ ਚੱਲੇ

ਸ੍ਰੀ ਸਤਿਗੁਰੂ 10-30 ਵਜੇ ਦੇ ਜਹਾਜ਼ ਤੇ ਭੈਣੀ ਸਾਹਿਬ ਜਾਣਾ ਚਾਹੁੰਦੇ ਹਨ। 9 ਵਜੇ ਤੋਂ ਇਸ਼ਨਾਨ ਆਦਿ ਕਰ, ਪ੍ਰਸ਼ਾਦ ਛਕ ਕੇ ਵਿਹਲੇ ਹੋਕੇ ਤਿਆਰ ਹੋਣ ਲਗੇ ਕਿ ਕੁਝ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਸੁਲਖਣ ਸਿੰਘ ਸੂਰ ਅਤੇ ਸ. ਗੁਰਦਿਆਲ ਸਿੰਘ ਆਦਿ ਇਕਤਰ ਹੋਕੇ ਆ ਗਏ। ਸਤਿਗੁਰੂ ਜੀ ਡਰਾਇੰਗ ਰੂਮ ਵਿਚ ਆਏ। ਸਤਿਗੁਰੂ ਜੀ ਸ. ਮਹਿੰਦਰ ਸਿੰਘ ਆਰਟਿਸਟ ਦੀ ਬਣਾਈ ਮੂਰਤੀ ਨੂੰ ਬੈਲੈਂਸ ਕਰਕੇ ਬੈਠ ਗਏ। ਸ. ਹੰਸਪਾਲ, ਸ. ਅਵਤਾਰ ਸਿੰਘ, ਸ. ਮੱਖਣ ਸਿੰਘ ਸਣੇ ਆਪਣੇ ਪਿਤਾ ਸੰਤ ਅਮਰ ਸਿੰਘ ਨਿਰਮਾਣ ਦੇ ਆ ਹਾਜ਼ਰ ਹੋਏ। ਇਹਨਾਂ ਨਾਲ ਇਕ ਕਾਲੀ ਪੱਗ ਵਾਲਾ ਜਵਾਨ ਵੀ ਸੀ। ਇਹ ਨਿਰਮਾਣ ਹੁਰਾਂ ਦਾ ਤੀਜਾ ਲੜਕਾ ਸੀ ਜੁ ਸਾਡੀ ਮਰਯਾਦਾ ਉਲੰਘ ਕੇ ਸ਼ਾਦੀ ਕਰਨ ਜਾ ਰਿਹਾ ਸੀ।

ਸਤਿਗੁਰੂ ਜੀ ਨੌਜਵਾਨ ਜਸਵੀਰ ਸਿੰਘ ਨਾਲ ਮਿਠੇ ਮਿਠੇ ਬਚਨ ਕਰ ਰਹੇ ਸਨ। ਉਂਜ ਸਤਿਗੁਰੂ ਜੀ ਕਾਹਲੀ ਵਿਚ ਸਨ। ਗੱਡੀਆਂ ਤਿਆਰ ਸਨ। ਮੇਰੇ ਪਾਸ ਖਲੋਤੇ ਮੋਹਣ-ਸੁਖਦੇਵ ਸਿੰਘ ਹੁਰਾਂ ਨੂੰ ਕਾਰਾਂ ਦੁਆਰਾ ਭੈਣੀ ਸਾਹਿਬ ਜਾਣ ਲਈ ਹੁਕਮ ਹੋ ਗਿਆ।

## ਗੁਰੂ ਰਾਮ ਸਿੰਘ ਰੋਡ

ਏਥੇ ਮੈਨੂੰ ਸ. ਗੁਰਬਚਨ ਸਿੰਘ ਠੇਕੇਦਾਰ ਜਮਨਾ ਨਗਰ ਅਤੇ ਉਹਦੇ ਇਕ ਸਾਥੀ ਨਾਲ ਮਿਲਣ ਦਾ ਇਤਫਾਕ ਹੋਇਆ। ਇਸ ਗੁਰੂ ਕੇ ਪ੍ਰੇਮੀ ਨੇ ਜਮਨਾ ਨਗਰ ਵਿਚ ਇਕ ਸੜਕ ਦਾ ਨਾਮ ਗੁਰੂ ਰਾਮ ਸਿੰਘ ਰੋਡ ਰਖਵਾਇਆ ਹੈ। ਅਤੇ ਸਤਿਗੁਰੂ ਜੀ ਦੇ ਨਾਮ ਤੇ ਹੀ ਇਕ ਵਡੇਰੀ ਲਾਇਬਰੇਰੀ ਬਣਾਣ ਦੇ ਜਤਨਾਂ ਵਿਚ ਹੈ। ਬੀਰਇੰਦਰਪਾਲ ਅਤੇ ਨਿਰਮਾਣ।



Sri Satguru Jagjit Singh Ji Elibrary NamdhariElibrary@gmail.com

ਏਥੇ ਸਤਿਗੁਰੂ ਜੀ ਨਾਲ ਆਏ ਵਿਅਕਤੀ ਅਤੇ ਦੂਰੋਂ ਦੂਰੋਂ ਦਰਸਨ ਲਈ ਪਧਾਰੇ ਸੱਜਣਾਂ ਲਈ ਲੰਗਰ ਜਾਰੀ ਸੀ। ਬੀਬੀ ਚਰਨਜੀਤ ਸੁਪਤਨੀ ਸ. ਹਰਵਿੰਦਰ ਸਿੰਘ ਹੰਸਪਾਲ ਨੇ ਸੇਧ ਰਖੀ ਹੋਈ ਸੀ। ਇੰਜ ਹੀ ਇਹਦੀ ਸੱਸ ਨੇ ਵੀ। ਬੀਬੀ ਸੁਰਜੀਤ ਕੌਰ ਅਤੇ ਬੀਬੀ ਇੰਦਰ ਕੌਰ, ਨੂੰਹ ਸੱਸ, ਵੀ ਸੇਵੀ ਸਨ। ਬੀਬੀ ਰਾਜਿੰਦਰ ਕੌਰ ਸੁਪਤਨੀ ਸ. ਗਿਆਨ ਸਿੰਘ ਹੰਸਪਾਲ ਵੀ ਆਪਣੇ ਪਰਾਹੁਣਿਆਂ ਦੀ ਜ਼ਰੂਰਤ ਵਲ ਧਿਆਨ ਦੇ ਰਹੇ ਸਨ। ਬੀਬੀ ਕਰਤਾਰ ਕੌਰ ਵਲਾਇਤ ਵਾਲੀ ਦਾ ਭਾਈ ਅਤੇ ਅਨੇਕਾਂ ਹੋਰ ਵਿਅਕਤੀ ਸ. ਹੰਸਪਾਲ ਦੇ ਪ੍ਰਾਹੁਣੇ ਸਨ।

**ਅਵਤਾਰ ਸਿੰਘ ਹੁਰੀਂ ਪਤਾ ਨਹੀਂ ਕਿਧਰ**

ਸ੍ਰੀ ਸਤਿਗੁਰੂ ਜੀ ਸਾਨੂੰ ਛਡ ਕੇ ਚੱਲੇ ਤਾਂ ਮੈਂ ਸ. ਗੁਰਚਰਨ ਸਿੰਘ ਨਾਮਧਾਰੀ ਪ੍ਰਿੰਟਿੰਗ ਵਰਕਸ ਨੂੰ ਜਾ ਮਿਲਿਆ। ਇਹ ਵੀ ਪਿਛਲੇ ਦਿਨਾਂ ਤੋਂ ਸੰਤਾਂ ਦੀ ਢੂੰਡ ਵਿਚ ਰੁੱਝਿਆ ਹੋਇਆ ਸੀ। ਗੁਰਚਰਨ ਸਿੰਘ ਨੇ ਦੱਸਿਆ : ਮੈਂ ਦੇਹਰਾਦੂਨ, ਪਾਉਂਟਾ ਸਾਹਿਬ ਆਦਿ ਥਾਵਾਂ ਤੇ ਪਤਾ-ਸੁਤਾ ਕਰਦਿਆਂ ਕਾਫੀ ਖੱਜਲ ਹੋਇਆ ਹਾਂ। ਨਾ ਗੁਰਦੇਵ ਮਿਲ ਰਿਹਾ ਹੈ ਨਾ ਸੰਤ ! ਹਾਰ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਇਹੋ ਅਰਦਾਸ ਕਰਦਾ ਹਾਂ : ਹੁਣ ਹੋਰ ਨ ਦੁੜਕੀਆਂ ਲੁਆਓ, ਕਿਰਪਾ ਕਰੋ, ਪਿਤਾ ਜੀ ਦੀ ਦੱਸ ਪਾਓ। ਜਦੋਂ ਮੈਂ ਕੱਲ੍ਹ ਘਰ ਆਇਆ ਤਾਂ ਪਤਾ ਲਗਾ, ਹੈਦਰਾਬਾਦ ਹਨ ਅਤੇ ਆਉਣ ਵਾਲੇ ਕੱਲ੍ਹ ਹੈਦਰਾਬਾਦੋਂ ਦਿੱਲੀ ਵਾਸਤੇ ਉਡਣਗੇ (ਅਤੇ ਅੱਜ ਜਦੋਂ ਮੈਂ ਸਤਿਗੁਰੂ ਜੀ ਨੂੰ ਸੰਤਾਂ ਲਈ ਬਿਨੈ ਕੀਤੀ ਤੇ ਆਪ ਨੇ ਕਿਹਾ 'ਗਿਆਤ ਹੋ ਗਿਆ'। ਇਹਦਾ ਮਤਲਬ ਮੈਂ ਓਦੋਂ ਨ ਸਮਝ ਸਕਿਆ) ਗੁਰਚਰਨ ਸਿੰਘ ਨੇ ਮੇਰੀ ਗੱਲ ਸੁਣ ਕੇ ਆਖਿਆ : ਕਰਾਮਾਤ ਹੋਰ ਕੀ ਹੁੰਦੀ ਹੈ। ਮੇਰੀ ਰਾਹ ਰੁਸ਼ਨਾਈ ਵੀ ਆਪ ਨੇ ਹੀ ਕੀਤੀ ਹੈ।

**14 ਫਰਵਰੀ 1983, ਮੰਗਲਵਾਰ**
**ਰਾਣੀਆਂ (ਸਰਸਾ)**

ਜੀਵਨ ਨਗਰ ਸਥਾਪਨਾ ਦਿਵਸ ਦੇ ਸੰਬੰਧ ਵਿਚ ਮੈਂ ਦੋ ਦਿਨ ਪਹਿਲਾਂ ਹੀ ਤੁਰ ਪਿਆ ਹਾਂ। ਸਵੇਰੇ 7 ਵਜੇ ਦੀ ਬਸ ਲੈ ਕੇ ਹਿਸਾਰ ਤੇ ਏਥੋਂ ਸਰਸੇ ਵਿਖੇ ਪਹੁੰਚਣ ਲਈ, 12 ਵਜੇ ਸਰਸੇ ਆ ਗਿਆ।

1.30 ਵਜੇ ਮੈਂ ਆਪਣੇ ਵਡੇ ਦਾਮਾਦ ਕੋਲ ਘਰ ਪਹੁੰਚਿਆ। ਪੁੱਤਰੀ ਉਪਕੇਸ਼ ਅਤੇ ਢਿੱਲੋਂ ਸਾਹਿਬ ਮਿਲ ਪਏ। ਬੱਚਿਆਂ ਨੇ ਗਲਵਕੜੀਆਂ ਪਾਕੇ ਖੁਸ਼ੀ ਦਾ ਅਜ਼ਹਾਰ ਕੀਤਾ।

**ਪੰਜਾਬੀ ਟ੍ਰਿਬਿਊਨ ਦੀ ਖ਼ਬਰ**

ਅੱਜ ਦੇ ਪੰਜਾਬੀ ਟ੍ਰਿਬਿਊਨ ਵਿਚ ਛੇਵੇਂ ਪੇਜ ਦੇ 7ਵੇਂ ਕਾਲਮ ਵਿਚ ਖਬਰ ਛਪੀ ਹੈ:-

ਨਾਮਧਾਰੀ ਧਰਮਸਾਲਾ 'ਚ ਆਡੀਟੋਰੀਅਮ



Sri Satguru Jagjit Singh Ji Elibrary NamdhariElibrary@gmail.com

ਚੰਡੀਗੜ੍ਹ, 13 ਫਰਵਰੀ (ਪੰਜਾਬੀ ਟ੍ਰਿਬਿਊਨ ਬਿਊਰੋ)—ਸਥਾਨਕ ਨਾਮਧਾਰੀ ਧਰਮਸਾਲਾ ਸੈਕਟਰ 30 ਵਿਚ ਅਜਾਇਬ ਘਰ ਤੇ ਆਡੀਟੋਰੀਅਮ ਦੀ ਉਸਾਰੀ ਕੀਤੀ ਜਾ ਰਹੀ ਹੈ ਜਿਸ ਦੀ ਵਰਤੋਂ ਆਮ ਲੋਕ ਵੀ ਕਰ ਸਕਣਗੇ।

ਇਹ ਜਾਣਕਾਰੀ ਦਿੰਦਿਆਂ ਧਰਮਸਾਲਾ ਦੇ ਪ੍ਰਬੰਧਕ, ਨਾਮਧਾਰੀ ਸੰਤ ਮੋਹਨ ਸਿੰਘ ਨੇ ਦਸਿਆ ਕਿ ਇਹ ਕਾਰਵਾਈ ਸੰਗੀਤ ਤੇ ਕਲਾ ਨੂੰ ਉਤਸ਼ਾਹ ਦੇਣ ਲਈ ਕੀਤੀ ਗਈ ਹੈ। ਉਨਾਂ ਦਸਿਆ ਕਿ ਧਾਰਮਿਕ ਗੀਤਾਂ ਤੇ ਪ੍ਰਵਚਨਾਂ ਦੀਆਂ ਟੇਪਾਂ ਦੀ ਇਕ ਲਾਇਬਰੇਰੀ ਕਾਇਮ ਕੀਤੀ ਜਾਵੇਗੀ।

ਸਤਿਗੁਰੂ ਰਾਮ ਸਿੰਘ ਜੀ ਦੇ ਜਨਮ ਦਿਨ ਸਮਾਗਮ ਤੇ ਜੁੜੇ ਲੋਕਾਂ ਨੂੰ ਉਹ ਸੰਬੋਧਨ ਕਰ ਰਹੇ ਸਨ। ਇਸ ਮੌਕੇ ਤੇ ਕੀਰਤਨ ਦਾ ਪ੍ਰਵਾਹ ਜਾਰੀ ਰਿਹਾ ਤੇ ਲੰਗਰ ਵੀ ਵਰਤਾਇਆ ਗਿਆ।

### ਇਕ ਸਿਦਕੀ ਸਿਖ

ਰਾਤੀ 7 ਕੁ ਵਜੇ ਰਾਣੀਆਂ ਦੇ ਸਰਪੰਚ ਸ੍ਰੀ ਰਾਮਸਰੂਪ ਬਾਂਸਲ ਦੇ ਘਰ, ਵਿਖੇ ਗਿਆ। ਇਹ ਸ੍ਰੀ ਸਤਿਗੁਰੂ ਜੀ ਦਾ ਸਿਦਕੀ ਸਿਖ ਹੈ। ਰੋਜ਼ ਇਕ ਪੰਜੀ ਮਾਲਾ ਭਜਨ ਦੀ ਫੇਰਦਾ ਹੈ। ਇਸਦਾ ਭਤੀਜਾ ਸ੍ਰੀ ਰਾਜ ਕੁਮਾਰ ਕਲੇ ਦੇ ਕੈਂਸਰ ਨਾਲ ਪਿਛਲੇ ਮਹੀਨੇ ਚੰਡੀਗੜ੍ਹ ਵਿਖੇ ਪ੍ਰਾਣ ਤਿਆਗ ਗਿਆ ਸੀ। ਇਹਦੇ ਬਾਰੇ ਕੁਆਣ ਜਾਣਾ ਸੀ। ਇਹ ਵੀ ਸਤਿਗੁਰੂ ਜੀ ਦਾ ਪਿਆਰਾ ਸਿਖ ਸੀ। 32 ਕੁ ਸਾਲ ਦੇ ਭਰ ਉਮਰ ਦੇ ਜਵਾਨ ਦਾ ਤੁਰ ਜਾਣਾ, ਪਿਛੇ ਪਤਨੀ ਤੇ ਤਿੰਨ ਬਚਿਆਂ ਲਈ ਕਿਨਾ ਦੁਖਦਾਈ ਹੋਵੇਗਾ। ਬੀਬੀ ਨੂੰ ਲੰਮੇ ਸਮੇ ਦਾ ਰੰਡੇਪਾ ਤੇ ਇਕਲਾਪਾ ਜੀਵਨ ਬਿਤਾਣਾ, ਇਸੇ ਲਈ ਬਾਣੀਆਂ ਪਰਵਾਰ ਬਾਲ ਬਚੇ ਦੀ ਪ੍ਰਿਤਪਾਲਾ ਲਈ ਜਤਨਸ਼ੀਲ ਤਾਂ ਰਹੇਗਾ ਹੀ।

## 15 ਫਰਵਰੀ 1983, ਬੁੱਧਵਾਰ
## ਸੰਤ ਨਗਰ (ਸਰਸਾ)

### ਕਰਾਮਾਤ ਕਹਿਰ ਦਾ ਨਾਂ ਏ

ਅੱਜ ਸਵੇਰੇ 8 ਵਜੇ ਤੋਂ ਮੈਂ ਰਾਣੀਆਂ ਤਕ ਸੰਤ ਨਗਰ (ਸਰਸਾ) ਪਹੁੰਚ ਗਿਆ। ਏਥੇ, ਪਿਛਲੇ ਦਿਨੀ ਸ੍ਰ. ਜੀਆ ਸਿੰਘ ਚੋਟੀਆਂ, ਸੰਤ ਗੁਰਬਚਨ ਸਿੰਘ ਬੁਰਜਾਸਰਾ, ਬੀਬੀ ਕਰਤਾਰ ਕੌਰ ਮੰਦਾਰ ਆਦਿ ਚੜ੍ਹਾਈ ਕਰਦੇ ਸਨ। ਮੈਂ ਇਹਨਾਂ ਪਰਵਾਰਾਂ ਨੂੰ ਮਿਲਣਾ ਚਾਹਦਾ ਹਾਂ। ਸ. ਜੀਆ ਸਿੰਘ ਦੇ ਘਰ ਸ. ਨਰਿੰਦਰ ਸਿੰਘ ਬਾਜਵਾ ਨਾਲ ਜਾ ਰਿਹਾ ਸਾਂ ਕਿ ਸੰਤ ਕੁਲਵੰਤ ਸਿੰਘ (40) ਅੰਮ੍ਰਿਤਸਰ ਵਲਾਂ ਵਾਲੇ ਆ ਮਿਲੇ। ਉਨਾਂ ਦਸਿਆ ਕਿ ਸਤਿਗੁਰੂ ਜੀ ਇਸ ਇਲਾਕੇ ਵਿਚ ਆਏ ਹੋਏ ਸਨ। ਅਤੇ ਉਸਨੇ ਆਪਣੀ ਨਾਲ ਹੁਣੇ -ਚੁਣੇ ਵਾਪਰੀ ਦਾਸਤਾਨ ਸੁਣਾਈ :

ਮੇਰੇ ਚਿਤ ਵਿਚ ਅਜੇ ਆਇਆ ਹੀ ਸੀ ਕਿ ਤਾਂ ਸੁਆਦ ਹੈ ਜੇ ਸਤਿਗੁਰੂ ਜਗਜੀਤ ਸਿੰਘ ਜੀ ਹੁਣ ਕਦੇ ਦਰਸ਼ਨ ਦੇਣ ਅਤੇ ਮੈਨੂੰ 'ਬਚਲੋਂ' ਆਖ ਕੇ ਬੁਆਣ। ਕਿਸੇ ਗਲੋਂ



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਪਹਿਲਾਂ ਇਸਤਰਾਂ ਸੰਬੋਧਨ ਕੀਤਾ ਸੀ। ਇਸ ਨਿਕੰਮੇ ਸ਼ਬਦ ਵਿਚ ਅੰਤਾਂ ਦਾ ਪਿਆਰ, ਅਪਣੱਤ ਅਤੇ ਮੋਹਕ ਵਿਨੋਦ ਸੀ। ਅਜ ਮੈਨੂੰ ਉਹ ਯਾਦ ਆ ਰਿਹਾ ਸੀ। ਮੈਂ ਅੱਜ ਟਰੈਕਟਰ ਤੇ ਸੰਤ ਨਗਰ ਆ ਰਿਹਾ ਸਾਂ। ਪਿੱਛੋਂ ਦੀਆਂ ਲੰਘੀਆਂ ਕਾਰਾਂ ਵਿਚੋਂ ਅਗਲੀ ਕਾਰ ਜਰਾ ਕੁ ਬਰਾਬਰ ਹੋਈ ਤਾਂ ਸਤਿਗੁਰੂ ਜੀ ਨੇ ਕਾਰ ਦਾ ਸ਼ੀਸ਼ਾ ਖੋਲ੍ਹ, ਮੁੱਖੜਾ ਬਾਹਰ ਕਢ ਕੇ ਹਸਦੇ ਹੋਏ ਫ਼ਰਮਾਇਆ : "ਰਬਲੇ ! ਐਸ ਵੇਲੇ ਕਿਧਰ ਜਾ ਰਿਹਾ ਹੈਂ?" ਕਾਰਾਂ ਤਾਂ ਅਗੇ ਲੰਘ ਗਈਆਂ ਪਰ ਮੇਰੀ ਖ਼ੁਸ਼ੀ ਦੀ ਹੱਦ ਨ ਰਹੀ। ਐਵੇਂ ਨਹੀਂ ਸਤਿਗੁਰਾਂ ਨੂੰ ਅੰਤਰਯਾਮੀ ਕਿਹਾ ਜਾਂਦਾ ! ਕੀ ਇਹ ਕਰਾਮਾਤ ਤੋਂ ਘੱਟ ਹੈ?

ਅਤੇ ਸਿੰਘ ਨੇ ਭਰਪੂਰ ਨਸ਼ੇ ਵਿਚ 5-7 ਮਿੰਟ ਹੋਰ ਗੱਲਾਂ ਕੀਤੀਆਂ।

ਕੋਈ 12.00 ਵਜੇ ਸਾਈਕਲ ਸਵਾਰ ਹੋ ਮਸਤਾਨ ਗੜ੍ਹ ਪੁੱਜਾ।

**ਗੱਲਾਂ ਮਸਤਾਨਗੜ੍ਹ ਦੀਆਂ**

ਅਗੇ ਕੋਠੀ ਦੇ ਗੈਰੇਜ ਵਿਚ ਮੇਲਾ ਲਗਾ ਹੋਇਆ ਸੀ। ਸੰਤ ਅਰਜਨ ਸਿੰਘ ਚੰਡੀਗੜ੍ਹ ਵਾਲਾ ਜੋ ਇਸੇ ਨਾਮ ਤੇ ਪ੍ਰਸਿਧ ਹੈ ਢੋਲਕੀ ਲਈ ਬੈਠਾ ਸੀ ਤੇ ਕੋਈ 'ਚੌਰੀਆਂ ਸੈਂਤੀਆਂ' ਗਾ ਰਿਹਾ ਸੀ ! ਸਾਰੇ ਸੇਵਾਦਾਰ, ਡਰਾਈਵਰ ਤੇ ਡਿਊਟੀ ਰਹਿਤ ਅੰਗ ਰਖਿਅਕ ਆਦਿ ਬੈਠੇ ਸੁਣ ਰਹੇ ਸਨ। ਕੁਝ ਇਕ ਦੇ ਨਾਮ ਲਿਖਦਾ ਹਾਂ : ਸੰਤ ਮਹਿੰਦਰ ਸਿੰਘ ਪਨਿਹਾਰੀ, ਸੰਤ ਤਰਸੇਮ ਸਿੰਘ ਨਿਜੀ ਸਕੱਤਰ, ਸੰਤ ਮਹਿੰਦਰ ਸਿੰਘ ਪੁਰਖਾ, ਸੰਤ ਸਤਨਾਮ ਸਿੰਘ ਲਾਂਗਰੀ, ਸੰਤ ਬਲਤੇਜ ਸਿੰਘ ਬਸਤਰ ਸੇਵਕ, ਸੰਤ ਰਘੁਬੀਰ ਸਿੰਘ ਡਰਾਈਵਰ, ਸੰਤ ਗੁਰਮੁਖ ਸਿੰਘ ਡਰਾਈਵਰ, ਸੰਤ ਜਸਪਾਲ ਸਿੰਘ ਡਰਾਈਵਰ, ਸੰਤ ਨਿਰਮਲ ਸਿੰਘ ਅੰਗ ਰਖਿਅਕ, ਸੰਤ ਬੁੱਧ ਸਿੰਘ, ਸੰਤ ਦਰਸ਼ਨ ਸਿੰਘ ਅੰਗ ਰਖਿਅਕ, ਆਦਿ। ਕਾਫ਼ੀ ਰੌਣਕ ਸੀ। ਬੇਫ਼ਿਕਰੀ ਸੀ। ਮੈਨੂੰ ਵੀ ਸੰਤ ਅਰਜਨ ਸਿੰਘ ਨੂੰ ਸੁਣਨ ਦਾ ਅਵਸਰ ਮਿਲਿਆ। ਇਹ 60 ਸਾਲਾਂ ਦਾ, ਮਧਰਾ, ਚਿੱਟੇ ਵਾਲਾਂ ਵਾਲਾ ਸਜਣ ਕੋਠੀ ਦਾ ਜ਼ਿਮੇਵਾਰ ਵਿਅਕਤੀ ਹੈ।

ਉਪਰ ਕੋਠੀ ਵਿਚ ਸਤਿਗੁਰੂ ਜੀ ਅਰਦਾਸ ਕਰ ਰਹੇ ਸਨ ਅਤੇ ਬਾਹਰ ਦੀਵਾਰ ਨਾਲ, ਏਧਰ ਓਧਰ ਜ਼ਿਮੇਵਾਰੀ ਵਿਚ ਫਿਰਦਾ ਸੀ ਬਲਦੇਵ ਸਿੰਘ ਸੇਵਕ। ਇਸ ਤੋਂ ਬਾਅਦ ਪਊੜੀਆਂ ਵਲ ਵੇਖਿਆਂ ਪਏ ਹੋਏ ਜੋੜਿਆਂ ਤੋਂ ਅੰਦਾਜ਼ਾ ਹੋਇਆ ਕਿ ਉਪਰ ਸੇਠ ਤਰਲੋਕ ਸਿੰਘ, ਇਹਨਾਂ ਦੀ ਪਤਨੀ ਬੀਬੀ ਮਹਿੰਦਰ ਕੌਰ ਤੇ ਲੜਕਾ ਧਰਮ ਸਿੰਘ ਹਾਜ਼ਰ ਵੀ ਹੈ।

**ਅਰਜ਼ਾਂ ਬੇਨਤੀਆਂ**

2 ਵਜੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਸ਼ਨਾਨ ਪਾਣੀ ਕਰਕੇ ਹੇਠਾਂ ਉਤਰੇ ਤਾਂ ਸਭ ਪਾਸੇ ਰੌਣਕੀ ਦਾ ਰਾਜ ਹੋ ਗਿਆ। ਸਤਿਗੁਰੂ ਜੀ ਦੇ ਪਿਛੇ ਪਿਛੇ ਸੇਠ ਪਰਿਵਾਰ ਉਤਰਿਆ। ਕੋਠੀ ਚਿ ਘਟੇਰੇ ਹੋਰ ਸਿੰਘ ਵੀ ਪਿਛੇ-ਪਿਛੇ ਹੋ ਤੁਰੇ। ਆਪ ਸਿੱਧੇ ਡਿਊਢੀ ਬਾਹਰ ਹੋ ਦੂਜੇ ਅਹਾਤੇ ਵਿਚ ਆਏ। ਏਥੇ ਕਈ-ਕਈ ਪਿੰਡਾਂ ਦੇ ਨਿਰਨਾਏ ਸਵਾਂ ਵਿਛਾਵੇ ਬੈਠੇ ਹੋਏ ਸਨ। ਇਹਨਾਂ ਦੇ ਸਾਹਮਣੇ ਸਤਿਗੁਰੂ ਜੀ ਦੇ ਬੈਠਣ ਦੀ ਜਗਾਹ ਸੀ, ਸਤਿਗੁਰੂ



Sri Satguru Jagjit Singh Ji Elibrary NamdhariElibrary@gmail.com

ਜੀ ਏਥੇ ਆ ਬੈਠੇ। ਸਤਿਕਾਰ ਵਿਚ ਸਾਰੀ ਸੰਗਤ ਉਠ ਖਲੋਤੀ। ਫਿਰ ਕੱਲੇ ਕੱਲੇ ਹੋ ਮੱਥਾ ਟਿਕਣ ਲਗਾ। ਅਤੇ ਨਾਲ ਹੀ ਅਰਜ਼ ਬੇਨਤੀਆਂ ਦਾ ਦੌਰ ਸ਼ੁਰੂ ਹੋ ਗਿਆ। ਕੋਈ ਕਹਿ ਰਿਹਾ ਸੀ, ਉਸ ਦੇ ਘਰ ਚਰਨ ਪਾਏ ਜਾਣ, ਕਿਸੇ ਨੇ ਆਪਣੇ ਘਰ ਭੋਗ ਸਮੇਂ ਆਪ ਦੇ ਦਰਸ਼ਨ ਚਾਹੇ। ਸਤਿਗੁਰੂ ਜੀ ਆਪਣੇ ਸਕੱਤਰ ਤਰਸੇਮ ਸਿੰਘ ਨਾਲ ਮਸ਼ਵਰਾ ਕਰਦੇ ਪ੍ਰੋਗਰਾਮ ਤੇ ਕਰੀ ਜਾਂਦੇ ਤੇ ਸੰਖੇਪ ਵਿਚ ਹੀ ਦੱਸੀ ਜਾਂਦੇ। ਸੰਤ ਦਿਆਲ ਸਿੰਘ ਮੁਠੱਡਾ ਨੇ ਕੋਈ ਵਿਸ਼ੇਸ਼ ਅਰਜ਼ ਕੀਤੀ, ਇਸ ਵਾਸਤੇ ਖਰਚੇ ਵਰਚੇ ਦੀ ਲੋੜ ਸੀ। ਇਕ ਹੋਰ ਸਿੰਘ ਨੇ ਪ੍ਰਾਈਵੇਸੀ ਚਾਹੀ। ਕੇਸਾਂ ਉਤੇ ਦਸਤਾਰ ਸਜਾਂਦਿਆਂ ਉਸਦੀ ਅਰਜ਼ ਵੀ ਸੁਣੀ ਗਈ। ਅਤੇ ਅੱਧੇ ਘੰਟੇ ਵਿਚ ਹੀ ਸਭ ਕੁਝ ਨਬੇੜ ਕੇ ਕੋਠੀ ਵਾਲੇ ਹਾਤੇ ਵਿਚ ਆਏ ਜਿਥੇ 4 ਕਾਰਾਂ ਅਤੇ ਇਕ ਮਾਟਾਡੋਰ ਆਪ ਦੀ ਉਡੀਕ ਕਰ ਰਹੀ ਸੀ।

### ਬਹੁਤ ਤਰਸ ਆਉਂਦੈ

ਸੇਠ ਤਰਲੋਕ ਸਿੰਘ ਅਤੇ ਮੈਨੂੰ ਸ੍ਰੀ ਸਤਿਗੁਰੂ ਜੀ ਦੀ ਗੱਡੀ ਵਿਚ ਬੈਠਣ ਦਾ ਮਾਣ ਮਿਲਿਆ। ਗੱਡੀ ਚੱਲਦੇ-ਚੱਲਦੇ ਆਪਣੇ ਸਕੱਤਰ ਨੂੰ ਕੁਝ ਆਦੇਸ਼ ਦਿਤੇ ਅਤੇ ਫਿਰ ਸੇਠ ਜੀ ਅਤੇ ਮੇਰੇ ਨਾਲ ਬਚਨ ਸਾਂਝਾ ਕੀਤਾ : ਬੰਦਿਆਂ ਦੇ ਵਤੀਰੇ ਵਿਚ ਫਰਕ ਪੈਂਦਿਆਂ ਵੀ ਕੋਈ ਦੇਰ ਨਹੀ ਲਗਦੀ। ਕੋਈ ਕਿਸੇ ਨ ਕਿਸੇ ਪਾਸਿਓਂ ਫਸਿਆ ਹੀ ਮੇਰੇ ਕੋਲ ਆਉਂਦਾ ਹੈ। ਪਰ ਇਹ ਆਮ ਸਿੰਘਾਂ ਦੇ ਵੱਸ ਦੀ ਗੱਲ ਨਹੀ। ਇਹ ਉਹਨਾਂ ਦੀ ਗੱਲ ਹੈ ਜੁ ਵਿਰੋਧ ਵਿਚ ਖਲੋਤੇ ਹੋਏ ਜਾਂ ਉਨ੍ਹਾਂ ਦੇ ਸਾਥੀ ਹੁੰਦੇ ਹਨ। ਇਕ ਜਣੇ ਨੇ ਜੋਰ ਧਿਙਾਣੇ ਕਿਸੇ ਦੀ ਜ਼ਮੀਨ ਮੱਲੀ ਹੋਈ ਹੈ, ਅਹਿ ਜੋ ਬੰਦੂਕਧਾਰੀ ਜਾਂਦਾ ਹੈ, ਆਂਹਦਾ ਹੈ ਮਹਾਰਾਜ ! ਸਾਡੀ ਕੰਸ ਢਿੱਲੀ ਕਰੋ ਤੇ ਅਸੀ ਕਬਜ਼ਾ ਲੈਕੇ ਦਿੰਦੇ ਹਾਂ। ਅਤੇ ਫਿਰ ਸਾਈਕਲ ਸਵਾਰ ਨਾਲ ਹੇਠਾਂ ਉਤਰ ਕੇ ਕੁਝ ਸਮਾ ਗੱਲ ਬਾਤ ਕੀਤੀ ਤੇ ਫਿਰ ਗਡੀ ਵਿਚ ਬੈਠਕੇ ਉਸ ਨੂੰ ਚਲਣ ਦਾ ਇਸ਼ਾਰਾ ਹੋਇਆ। ਅਤੇ ਸਾਨੂੰ ਅਗੋ ਆਉਂਦੇ ਇਕ ਹੋਰ ਸਿੰਘ ਬਾਰੇ ਦੱਸਿਆ : ਇਹ ਗੁਰਬਚਨ ਸਿੰਘ ਬੂਰਮਾਜਰੀਆ ਹੈ। ਭਾਵੇਂ ਇਹ ਬੂਰ ਮਾਜਰੇ ਦਾ ਨਹੀ, ਪਰ ਅਜ ਕਲ ਇਹੋ ਨਾਮ ਪ੍ਰਸਿਧ ਹੈ। ਇਸਦੇ ਘਰ ਕੋਈ ਸੰਤਾਨ ਨਹੀ। ਅਜਿਹੇ ਆਦਮੀਆਂ ਤੇ ਬੜਾ ਤਰਸ ਆਉਂਦਾ ਹੈ। ਜਦੋਂ ਮਿਲੀਦਾ ਹੈ, ਧੀਰਜ ਧਰਵਾਸ ਦੇਈਦੀ ਹੈ : ਵਿਲੇ ਮੂੰਹ ਨਾ ਫਿਰੇ। ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨੇ, ਪਰ ਸੰਤਾਨ ਹੀਣਤਾ ਗ੍ਰਿਸਤ ਵਿਚ ਇਕ ਤਕੜਾ ਵਿਗੋਚਾ ਹੈ। ਇਸ ਨੇ ਲੋੜ ਜੋਗੀ ਜ਼ਮੀਨ ਰਖਕੇ ਬਾਕੀ ਦੀ ਲੰਗਰ ਦੇ ਨਾਂ ਲੁਆ ਦਿਤੀ ਹੈ।

### ਵਿਸ਼ਵ ਪ੍ਰਕਾਸ਼ ਦੀ ਚਿੱਠੀ

ਇਕ ਚਿਠੀ ਮੇਰੇ ਦੁਆਰਾ ਸ੍ਰੀ ਸਤਿਗੁਰੂ ਜੀ ਨੂੰ ਭੇਟ ਕਰਨ ਲਈ ਸੀ। ਸਤਿਗੁਰੂ ਜੀ ਨੇ ਇਹ ਚਿਠੀ ਪੜ੍ਹ ਕੇ ਮੈਨੂੰ ਵਾਪਸ ਕੀਤੀ। ਚਿੱਠੀ ਹੀ ਪਾਠਕਾਂ ਦੇ ਪੇਸ਼ ਹੈ।

*'ਆਪ ਜੀ ਦੇ ਪਵਿਤਰ ਚਰਨਾਂ ਵਿਚ ਦੋਵੇਂ ਹੱਥ ਜੋੜ ਕੇ ਨਮਸਕਾਰ ਕੀਤੀ ਸਵੀਕਾਰ ਕਰਨਾ ਜੀ। ਮੇਰੀ ਅਰਜ਼ ਹੈ ਜੀ ਗੁਰਦੇਵ ਸਿੰਘ ਤੋਂ ਪਤਾ ਲਗਾ ਕਿ ਆਪ ਜੀ ਨੇ ਮੇਰੀ ਬੇਨਤੀ ਕਬੂਲ ਕੀਤੀ ਹੈ। ਆਪ ਜੀ ਹਮੇਸ਼ਾ ਸਾਡੇ ਤੇ ਕਿਰਪਾ ਕਰਦੇ ਆਏ ਹੋ। ਮੈਨੂੰ*

Sri Satguru Jagjit Singh Ji Elibrary NamdhariElibrary@gmail.com

ਅਜੇ ਤਕ ਇਹ ਪਤਾ ਨਹੀ ਲਗਾ ਕਿ ਮੇਰੀ ਟਿਕਟ ਦਾ ਪ੍ਰਬੰਧ ਕਿਸਨੇ ਕਰਨਾ ਹੈ। ਜਾਂ ਜਿਸ ਆਦਮੀ ਨੂੰ ਆਪ ਜੀ ਨੇ ਹੁਕਮ ਕੀਤਾ ਹੋਵੇ ਜਾਂ ਕਰਨਾ ਹੋਵੇ। ਮੈਨੂੰ ਜਲਦੀ ਦੱਸਣ ਦੀ ਕਰਪਾ ਕਰਨੀ ਕਿਉਂਕਿ ਮਾਰਚ ਦੇ ਪਹਿਲੇ ਹਫਤੇ ਸਾਡਾ ਉਥੇ (ਸਿੰਘਪੁਰ-ਕਵੀ) ਪ੍ਰੋਗਰਾਮ ਹੈ। ਕਲਾਕਾਰਾਂ ਉੱਤੇ ਆਪ ਜੀ ਦੀ ਬੜੀ ਕ੍ਰਿਪਾ ਹੈ। ਮੈ ਤੇ ਆਪ ਜੀ ਦਾ ਬੱਚਾ ਹਾਂ। ..

ਆਪ ਜੀ ਦਾ ਨਿਮਾਣਾ ਸੇਵਕ

ਕਿਸ਼ਨ ਪ੍ਰਕਾਸ਼

ਸਿੰਘਾ ਪੁਰ ਜਾਣ ਆਉਣ ਦਾ ਕਰਾਇਆ 6000/- ਹੈ।

ਅਨੇਕ ਪ੍ਰਕਾਰ ਦੇ ਬਚਨ ਕਰਦੇ ਸੁਣਦਿਆਂ ਅਸੀ ਅੰਮ੍ਰਿਤਸਰ ਕਲਾਂ ਪਹੁੰਚ ਗਏ।

### ਸੰਤ ਗੋਪਾਲ ਸਿੰਘ ਘਰ ਸਤਿਗੁਰੂ ਜੀ

ਅੰਮ੍ਰਿਤਸਰ ਕਲਾਂ ਦੀ ਫਿਰਨੀ ਪੈਕੇ, ਪਛਮੋਤਰ ਪਾਸੇ ਪੈਂਦੇ ਸੰਤ ਗੋਪਾਲ ਸਿੰਘ ਜੀ ਦੇ ਘਰ ਅਪੜੇ। ਸੰਤਾਂ ਦੀ ਦਰਸ਼ਨ ਇੱਛਾ ਦੀ ਪੂਰਤੀ ਦੀ ਅਰਜ ਸੀ, ਸਤਿਗੁਰੂ ਜੀ ਵਲੋਂ ਇਹ ਸਤਿਕਾਰ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਮਾਨਤਾ ਪ੍ਰਾਪਤ ਸੰਤਾਂ ਦੇ ਘਰ ਖਾਸੀ ਰੌਣਕ ਸੀ। ਸਤਿਗੁਰੂ ਜੀ ਵਿਛੇ ਹੋਏ ਮੰਜੇ ਤੇ ਜਾ ਸਸ਼ੋਭਿਤ ਹੋਏ। ਸੰਤ ਗੁਰੂ ਚਰਨਾਂ ਵਿਚ ਬੈਠਕੇ ਸੁਖ ਆਨੰਦ ਦੇ ਬਚਨ ਕਰਨ ਲਗੇ। ਆਪਨੇ ਪਿਤਾ ਸ੍ਰੀ: ਕਰਤਾਰ ਸਿੰਘ ਦੇ ਸੁਰਗਵਾਸ ਦਾ ਵੀ ਬਚਨ ਕੀਤਾ। ਜਿਸ ਦਾ ਮਤਲਬ ਇਹ ਸੀ ਕਿ ਕਰਤਾਰ ਸਿੰਘ ਜੀ ਜਿਸ ਦਿਨ ਸੁਰਗਵਾਸ ਕਰਨਾ ਸੀ। ਕੁਛ ਸਮਾ ਪਹਿਲਾਂ ਉਹਨਾਂ ਨੇ ਆਪਣੇ ਪੁੱਤਰਾਂ ਨੂੰ ਸਦਕੇ ਆਖਿਆ : ਅਹਿ ਲਈ ਮੇਰਾ ਬਟੂਆ ਤੁਹਾਡਾ ਹੈ।

ਸੰਤ ਗੋਪਾਲ ਸਿੰਘ ਦੇ ਘਰ ਹੀ ਸ. ਸੁਰਤਾ ਸਿੰਘ ਮੂਰਤਾ ਸਿੰਘ ਹੋਰੀ ਆਏ ਹੋਏ ਸਨ। ਇਹਨਾ ਚੋ ਇਕ ਦਾ ਲੜਕਾ ਸ. ਬਲਬੀਰ ਸਿੰਘ ਉੱਚਾ ਲੰਮਾਂ, ਚੌੜਾ ਚਕਲਾ, ਭਰਪੂਰ ਸਰੀਰ ਵਾਲਾ ਸਿੰਘ ਵੇਖ ਕੇ ਸਤਿਗੁਰੂ ਜੀ ਨੇ ਸਕੱਤਰ ਤਰਸੇਮ ਸਿੰਘ ਅਤੇ ਇਕ ਹੋਰ ਸਜਣ ਨੂੰ ਆਖਿਆ : ਇਸ ਨੂੰ ਬੀਕਾਨੇਰ ਦਾ ਸੂਬਾ ਬਣਾ ਦੇਈਏ। ਘਰ, ਪਿੰਡਿਓ ਸੌਖਾ ਹੈ। ਇਹ ਹਰ ਪ੍ਰਕਾਰ ਦੀ ਭੱਜ ਨੱਠ ਅਤੇ ਸੇਵਾ ਕਰ ਸਕਦਾ ਹੈ। ਮੇਰਾ ਖਿਆਲ ਹੈ ਇਸ ਸਿੰਘ ਦਾ ਚਾਚਾ ਸ. ਮਹਿੰਦਰ ਸਿੰਘ 11-0 ਵੀ ਏਥੇ ਹੀ ਹੈ।

10 ਕੁ ਮਿੰਟ ਨਿਠ ਕੇ ਏਥੇ ਬੈਠ ਕੇ ਆਈ ਸਾਧ ਸੰਗਤ ਦੀਆਂ ਨਮਸਕਾਰਾਂ ਪਰਵਾਨ ਕਰ ਸੱਚੇ ਪਾਤਸ਼ਾਹ ਜੀ ਨੇ ਅੰਮ੍ਰਿਤਸਰ ਕਲਾਂ ਦੇ ਹੋਰ ਕਈ ਘਰੀ ਦਰਸ਼ਨ ਦਿਤੇ। ਸੰਤ ਗੋਪਾਲ ਸਿੰਘ ਹੁਰੀ ਜਿਸ ਘਰ ਰਹਿੰਦੇ ਹਨ, ਸ. ਸਾਧੂ ਸਿੰਘ ਟਾਲੇ ਪੁਰੀ ਦਾ ਘਰ ਹੈ।

### ਘਰ ਘਰ ਚਰਨ

ਜਿਨ੍ਹਾਂ ਹੋਰ ਘਰੀ ਸਤਿਗੁਰੂ ਜੀ ਚਰਨ ਪਾਏ ਉਨ੍ਹਾਂ ਦੇ ਨਾਮ ਇਹ ਹਨ :

1. ਸ. ਪੂਰਨ ਸਿੰਘ ਚੌਂਕ ਵਾਲਾ
2. ਸ. ਮੁੱਚਾ ਸਿੰਘ ਚੌਂਕ ਵਾਲਾ
3. ਸੰਤ ਅਤਰ ਸਿੰਘ ਘੁਮਿਆਰ
4. ਸੰਤ ਦਰਸ਼ਨ ਸਿੰਘ ਘੁਮਿਆਰ



Sri Satguru Jagjit Singh Ji Elibrary NamdhariElibrary@gmail.com

ਉਪ੍ਰੋਕਤ ਸਤਨੀ ਘਰੀਂ ਵਿਛਿਆਂ ਮੰਜਿਆਂ ਤੇ ਦੋ ਦੋ ਮਿੰਟ ਬੈਠ ਕੇ ਦਰਸ਼ਨ ਦਿਤੇ। ਸਿੱਖਾਂ ਨੇ ਮਾਇਆ ਅਤੇ ਖੇਸ-ਚੋਲੇ ਰਖ ਕੇ ਮੱਥਾ ਟੇਕੇ।

**ਬੁੱਢੀ ਮਾੜੀ ਵਿਖੇ ਦਰਸ਼ਨ**

ਏਥੋਂ ਚੱਲ ਕੇ ਸੰਤ ਤਰਨ ਸਿੰਘ ਚਹਿਮੀ ਦੇ ਪਿੰਡ ਬੁਢੀ ਮਾੜੀ ਵਿਖੇ ਪਧਾਰੇ। ਰਾਮ ਪੁਰ ਬੁਢੀ ਮਾੜੀ ਨਾਂ ਦੇ ਇਸ ਛੋਟੇ ਜਿਹੇ ਪਿੰਡ ਵਿਚ ਪਹਿਲਾਂ ਸੰਤ ਜਾਗੀਰ ਸਿੰਘ ਘਰ ਦਰਸ਼ਨ ਦਿਤੇ। ਇਸਦਾ ਲੜਕਾ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਕੇ ਟ੍ਰੈਕਟਰ ਦਾ ਡਰਾਈਵਰ ਰਿਹਾ ਹੈ।

ਦੂਜਾ ਘਰ ਸੰਤ ਬਲੀ ਸਿੰਘ ਸਾਧੂ ਸਿੰਘ ਕਿਸਾਨ ਸਪੁੱਤਰ ਸੰਤ ਤਰਨ ਸਿੰਘ ਚਹਿਮੀ ਨੂੰ ਜਾਕੇ ਨਿਵਾਜਿਆ। ਬਲੀ ਸਿੰਘ ਸੰਤ ਨਗਰ ਵਾਲੇ ਜਥੇ ਵਿਚ ਹਰਮੋਨੀਅਮ ਵਜੰਤਰੀ ਹੈ। ਗੁਰੂ ਚਰਨਾਂ ਨਾਲ ਇਸ ਦੀ ਪ੍ਰੀਤ ਹੈ। ਸਾਧੂ ਸਿੰਘ ਕਿਸਾਨ ਅਤੇ ਬਲੀ ਸਿੰਘ, ਸੰਤ ਤਰਨ ਸਿੰਘ ਦੀ ਪਹਿਲੀ ਪਤਨੀ ਦੇ ਬੇਟੇ ਹਨ। ਸਤਿਗੁਰੂ ਜੀ ਦੀ ਨਿਕਟਤਾ ਵਿਚ ਸੁਖ ਅਨੁਭਵ ਕਰਦੇ ਹਨ।

**ਵਾਪਸੀ ਮਸਤਾਨ ਗੜ੍ਹ**

4.30 ਤਕ ਵਾਪਸ ਆਏ ਤਾਂ ਮਸਤਾਨ ਗੜ੍ਹ ਦੇ ਦੱਖਣੀ ਲਾਂਘੇ ਨਾਲ ਕੁਝ ਰੋਝ ਸਟੇਦਿਆਂ ਵਿਚ ਬੈਠੇ ਜੁਗਾਲੀ ਕਰ ਰਹੇ ਸਨ। ਪਰ ਅੱਜ ਸਤਿਗੁਰੂ ਜੀ ਤੇ ਸੇਵਕਾਂ ਨੇ ਉਹਨਾਂ ਨੂੰ ਕੁਝ ਨਹੀ ਆਖਿਆ। ਮੈਂ ਪਿਛਲੀ ਸਰਗਰਮੀ ਚੇਤੇ ਕਰਵਾਈ ਤਾਂ ਕਹਿਣ ਲਗੇ : ਕੁਝ ਕਰਨਾ ਤਾਂ ਸੀ ਹੀ, ਵੇਹਲੇ ਬੈਠਿਆਂ ਦਿਨ ਕਿਵੇਂ ਲੰਘੇ। ਸਾਡੇ ਇਸ ਤਰਾਂ ਕਰਨ ਨਾਲ ਕੁਝ ਤਾਂ ਉਜਾੜਾ ਹੋਣੋ ਰੁਕਿਆ ਹੀ।

ਸ੍ਰੀ ਸਤਿਗੁਰੂ ਜੀ ਬਚਨ ਕੀਤਾ : ਮਹਾਰਾਜ ਜੀ ਨੇ ਅਰਜ਼ ਕੀਤੀ ਹੋਈ ਹੈ, ਸੋ 6 ਵਜੇ ਜੀਵਨ ਨਗਰ ਜਾਕੇ ਨਾਮ ਸਿਮਰਨ ਕਰਨਾ ਹੈ। ਸਤਿਗੁਰੂ ਜੀ 5.45 ਵਜੇ ਜੀਵਨ ਨਗਰ ਜਾਣ ਲਗੇ ਤਾਂ ਮੈਨੂੰ ਵੀ ਆਵਾਜ਼ ਪਈ। ਆਪ ਜੀ ਕਾਰ ਵਿਚ ਬੈਠੇ ਹੋਏ ਸਨ। ਸ਼ੀਸ਼ਾ ਖੋਲ੍ਹ ਕੇ, ਕੋਲ ਖਲੋਤੇ ਬੀਬਾ ਸਾਹਿਬ ਕੌਰ ਜੀ ਦੇ ਸਹੁਰੇ ਸੰਤ ਮਹਿੰਦਰ ਸਿੰਘ ਨੂੰ ਤਕਾ ਕੇ ਆਗਿਆ ਕੀਤੀ : ਇਹਨਾਂ ਨੇ ਇਕ ਪੁਸਤਕ ਲਿਖੀ ਹੈ, ਗੁਰੂ ਭਾਵ ਨਾਲ ਸੰਬੰਧਤ। ਇਹ ਵਿਦਵਾਨ ਹਨ। ਤੁਸਾਂ ਇਹਨਾਂ ਦਾ ਖਰੜਾ ਵੇਖ ਲੈਣਾ।

ਸੰਤ ਜੀ ਨਾਲ ਮੈਂ ਕੱਲ ਖਰੜਾ ਵੇਖਣ ਦਾ ਸਮਾਂ ਨਿਸਚਿਤ ਕੀਤਾ।

**ਖ਼ਬਰ ਖੁਸ਼ੀਆਂ ਦੀ**

ਜੀਵਨ ਨਗਰ ਵਿਖੇ ਸੰਤ ਕਿਰਪਾਲ ਸਿੰਘ ਨਾਰਲੀ ਦੇ ਬੇਟੇ ਸਰਪੰਚ ਹਰਮੀਤ ਸਿੰਘ ਘਰ 18 ਸਾਲਾਂ ਪਿਛੋਂ ਬੱਚੇ ਦਾ ਆਗਮਨ ਹੋਇਆ ਹੈ। ਬਾਲ ਵੀ ਨਰ ਬਾਲ। ਸਰਪੰਚ ਦੀ ਭੂਆ ਨੇ ਅਖੰਡ ਪਾਠ ਕਰਵਾਕੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸੱਦ ਕੇ ਆਖਿਆ ਸੀ : ਸੱਚੇ ਪਾਤਸ਼ਾਹ ! ਸਾਡੇ ਘਰ, ਮੇਰੇ ਭਤੀਜੇ ਨੂੰ ਪੁੱਤਰ ਦੀ ਦਾਤ ਬਖਸ਼ੋ। ਆਪ ਜੀ ਦੇ ਗ੍ਰਹਿ ਵਿਖੇ ਵੀ 18 ਸਾਲਾਂ ਪਿਛੋਂ ਪੁਤਰੀ ਨੇ ਜਨਮ ਲਿਆ ਸੀ, ਭਾਵੇਂ ਦੇਰ ਹੋ ਜਾਵੇ ਪਰ ਸਾਡੇ ਘਰ ਤਾਂ ਲੜਕਾ ਹੀ ਆਵੇ। ਤੇਰੇ ਘਰ ਕਿਸੇ ਚੀਜ਼ ਦਾ ਘਾਟਾ ਨਹੀਂ। ਅਤੇ



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਨੇ ਕਿਰਪਾ ਕਰ ਦਿਤੀ ਹੈ। ਹਰਮੀਤ ਸਿੰਘ ਦੇ ਘਰ ਲੜਕੇ ਨੇ ਹੀ ਜਨਮ ਲਿਆ ਹੈ।

ਇੰਜ ਹੀ ਅਜਕਲ ਸ. ਦਰਸ਼ਨ ਸਿੰਘ ਸਪੁਤਰ ਸੰਤ ਵਿਰਸਾ ਸਿੰਘ ਦੇ ਘਰ ਸੰਤ ਨਗਰ ਵੀ 6 ਲੜਕੀਆਂ ਪਿਛੋਂ ਲੜਕੇ ਦੀ ਪ੍ਰਾਪਤੀ ਹੋਈ ਹੈ। ਸੰਤ ਵਿਰਸਾ ਸਿੰਘ 23-24 ਜਨਵਰੀ 1983 ਨੂੰ ਹਾਰਟ ਅਟੈਕ ਨਾਲ ਗੁਜ਼ਰ ਗਿਆ ਹੈ। ਉੱਚਾ ਲੰਮਾਂ, ਭਰਵੇਂ ਸਰੀਰ ਦਾ 55-60 ਸਾਲਾਂ ਦਾ ਵਿਰਸਾ ਸਿੰਘ ਪ੍ਰਭਾਵਪੂਰਣ ਵਿਅਕਤੀ ਸੀ।

ਸਤਿਗੁਰੂ ਜੀ ਨੇ ਇਕ ਹੋਰ ਪਿਆਰੇ ਜਵਾਨ ਸ੍ਰੀ ਹਰਪਾਲ ਸਿੰਘ ਸਾਬਕਾ ਮੈਨੇਜਰ ਬੰਗਲੌਰ ਫਾਰਮ ਅਤੇ ਸੰਤ ਦਿਆਲ ਸਿੰਘ ਮੌਠਾ ਦੇ ਜੁਆਈ ਦੇ ਘਰ ਵੀ 15 ਜਨਵਰੀ 1983 ਨੂੰ ਲੜਕੇ ਨੇ ਜਨਮ ਲਿਆ। ਬੀਬੀ ਗੁਰਕਰਨ ਕੌਰ (ਸਪੁਤਰੀ ਸੰਤ ਦਿਆਲ ਸਿੰਘ) ਜੱਟੀ ਨਾਲ ਸੈਣੀ ਸੰਤ ਸੁਖਦੇਵ ਸਿੰਘ ਦੇ ਬੇਟੇ ਹਰਪਾਲ ਸਿੰਘ ਨੂੰ ਸਤਿਗੁਰੂ ਜੀ ਨੇ ਵਿਆਹਿਆ ਸੀ।

### ਗੁਰਦੇਵ ਦਾ ਗਜਰੇਲਾ

ਸਤਿਗੁਰੂ ਜੀ ਦੇ ਪਰਮ ਸਨੇਹੀ, ਤੇ ਸਤਿਕਾਰ ਪਾਤਰ, ਸੰਤ ਉਸਤਾਦ ਨੌਬਾ ਸਿੰਘ ਹੁਰਾਂ ਦੀ ਪੁੱਤਰੀ ਬੀਬੀ ਗੁਰਦੇਵ ਕੌਰ ਮੌਜੂਖੇੜਾ (ਸਰਸਾ) ਗੁਰੂਘਰ ਨਾਲ ਸੇਵਕ ਸੰਬੰਧ ਰਖਦੀ ਹੈ। ਸਤਿਗੁਰੂ ਜੀ ਨੂੰ ਮਸਤਾਨ ਗੜ੍ਹ ਆਇਆ ਜਾਣ ਗਜਰੇਲਾ ਬਣਾ ਕੇ ਲਿਆਈ ਹੈ। ਸੰਤ ਮਹਿੰਦਰ ਸਿੰਘ ਪੂਰਕਾ ਨਾਲ ਮੈਨੂੰ ਵੀ ਇਹ ਮਿੱਠੀ ਤੇ ਸਵਾਦਿਸ਼ਟ ਵਸਤੂ ਖਾਣ ਨੂੰ ਮਿਲੀ। ਬੀਬੀ ਗੁਰਦੇਵ ਨੇ ਮੇਰੇ ਨਾਲ ਗਿਲਾ ਪਰਗਟ ਕੀਤਾ ਕਿ ਸਤਿਗੁਰੂ ਜੀ ਏਨੀ ਵਾਰ ਮੌਜੂਖੇੜੇ ਆਏ ਹਨ, ਤੁਸੀ ਕੋਲ ਹੁੰਦਿਆਂ ਵੀ ਕਦੇ ਮੌਜੂਖੇੜੇ ਕਿਉਂ ਨਹੀ ਆਇਆ। ਅਸਲ ਵਿਚ ਮੇਰੇ ਪ੍ਰਤੀ ਉਸਤਾਦ ਜੀ ਦੀ ਸਾਰੀ ਸੰਤਾਨ ਦਾ ਹੀ ਸਨੇਹ ਹੈ। ਗਿਲਾ ਸਵੀਕਾਰ, ਅਗੋਂ ਲਈ ਇਕਰਾਰ।

### ਹਜ਼ੂਰੀ ਪੂਰਾ ਹੋ ਗਿਆ

ਸੰਤ ਸ਼ੇਰ ਸਿੰਘ ਜਾਖੀ ਤੋਂ ਪਤਾ ਲਗਾ ਕਿ ਗੁਰੂ ਘਰ ਦਾ ਪੁਰਾਣਾ ਸੇਵਕ, ਭਾਈ ਹਜ਼ੂਰੀ, ਜਿਸਨੇ ਪਿਛਲੇ 50 ਸਾਲ, ਬੇਮਕਾਬਲ ਗੁਰੂ ਘਰ ਦੀ ਸੇਵਾ ਕੀਤੀ, ਉਹ 25 ਜਨਵਰੀ 1983 ਸਿਵਲ ਹਸਪਤਾਲ (ਸਰਸਾ) ਵਿਚ ਪੂਰਾ ਹੋ ਗਿਆ। ਯੂ.ਪੀ. ਵਿਚੋਂ ਤਾਰ ਦੇ ਕੇ ਉਹਦੇ ਪਰਵਾਰ ਨੂੰ ਬੁਲਾ ਲਿਆ ਗਿਆ। ਉਹਨੂੰ 4000/- ਦੇ ਕੇ ਸਸਕਾਰ ਕਰਨ ਦੀਆਂ ਸਹੂਲਤਾਂ ਮੁਹਈਆ ਕੀਤੀਆਂ ਗਈਆਂ।

## 16 ਫਰਵਰੀ 1983 ਬੁਧਵਾਰ
## ਜੀਵਨ ਨਗਰ (ਸਰਸਾ) ਸਥਾਪਨਾ ਦਿਵਸ

### ਔਜ ਦੇ ਸਵੇਦਾਰ

ਅਜ ਜੀਵਨ ਨਗਰ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ। ਇਸ ਲਈ ਆਸਾ



Sri Satguru Jagjit Singh Ji Elibrary NamdhariElibrary@gmail.com

ਦੀ ਵਾਰ ਦਾ ਕੀਰਤਨ ਜੀਵਨ ਨਗਰ ਮੰਦਰ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਇਆ, ਹਜ਼ੂਰੀ ਰਾਗੀਆਂ ਵਲੋਂ।

ਦੁਨੀਆਂ ਸਵੇਰ ਤੋਂ ਹੀ ਜੀਵਨ ਨਗਰ ਵਲ ਹਰ ਸਵਾਰੀ ਵਰਤ ਕੇ ਆ ਰਹੀ ਸੀ। ਏ ਜਥੇ ਤਾਂ ਵੱਜ ਕੇ ਆਏ ਅਰਥਾਤ ਢੋਲਕ ਛੈਣਿਆਂ ਨਾਲ ਕੀਰਤਨ ਕਰਦੇ ਆਏ। ਏਧਰ ਮੰਦਰ ਦੇ ਨਾਲ ਖੁਲ੍ਹੀ ਜਗਹ ਤੇ ਸੰਤ ਨਿਰੰਜਨ ਸਿੰਘ ਜਥੇਦਾਰ ਕੰਵਲਪੁਰ ਨੇ 10-30 ਸਵੇਰ ਤੋਂ ਕੀਰਤਨ ਜਾਰੀ ਕਰ ਦਿਤਾ। ਧੁੱਪ ਝੱਲਿਆ ਨ ਜਾਏ ਪਰ ਉਪਕਾਰੀ ਤੋ। ਇਸ ਸਥਾਨ ਤੇ ਸਾਰਾ ਦਿਨ ਕੀਰਤਨ ਹੁੰਦਾ ਰਿਹਾ, ਜਥੇ ਬਦਲਦੇ ਰਹੇ। ਹੇਠ ਲਿਖੇ ਜਥੇਦਾਰਾਂ ਅਜ ਕੀਰਤਨ ਸੁਣਾ ਕੇ ਨਿਹਾਲ ਕੀਤਾ:

1. ਜਥੇਦਾਰ ਅਮਰ ਸਿੰਘ ਪਿੰਡ ਨਕੋੜਾ
2 ਕਵੀਸ਼ਰੀ ਜਥਾ ਸੰਤ ਰਾਜ ਸਿੰਘ ਕਰੀਵਾਲਾ
3. ਕਵੀਸ਼ਰੀ ਜਥਾ ਸੰਤ ਜੀਉਣ ਸਿੰਘ ਸਰਸਾ
4. ਜਥੇਦਾਰ ਨਿਰੰਜਨ ਸਿੰਘ ਬੱਕਰ, ਸੰਤ ਨਗਰ
5. ਜਥੇਦਾਰ ਸ਼ੇਰ ਸਿੰਘ ਤਰੋਲਿਆਂ ਵਾਲੀ
6. ਜਥੇਦਾਰ ਸੇਵਾ ਸਿੰਘ ਸੰਤ ਨਗਰ
7. ਕਵੀਸ਼ਰੀ ਜਥਾ ਸੰਤ ਪ੍ਰੀਤਮ ਸਿੰਘ ਕਰੀਵਾਲਾ
8 ਜਥੇਦਾਰ ਗੁਰਬਚਨ ਸਿੰਘ ਸੰਤ ਨਗਰ

ਮੇਲੇ ਦੀ ਸੇਵਾ ਸੈਕਟਰੀ ਮਹੰਤ ਆਤਮਾ ਸਿੰਘ ਸਨਖਤਰਵੀ ਵਲੋਂ ਹੋਈ।

ਲੰਗਰ ਦੀ ਭਰਪੂਰ ਤਿਆਰੀ ਰਖੀ ਗਈ। ਜਿਉਂ ਜਿਉਂ ਦਿਨ ਚੜ੍ਹਦਾ ਗਿਆ ਤਿਉਂ ਤਿਉਂ ਦੂਰ ਨੇੜੇ ਦੇ ਨਗਰਾਂ ਦੀਆਂ ਸੰਗਤਾਂ ਇਕੱਤਰ ਹੁੰਦੀਆਂ ਗਈਆਂ। ਇਸ ਮੇਲੇ ਦੇ ਮੁਖ ਪ੍ਰਬੰਧਕ ਮਹਾਰਾਜ ਬੀਰ ਸਿੰਘ ਜੀ ਹੀ ਸਨ। ਘਰਾਂ ਵਿਚੋਂ ਬੀਬੀਆਂ ਨੂੰ ਲੰਗਰ ਦੀ ਸੇਵਾ ਲਈ ਬੁਲਾਇਆ ਗਿਆ।

### ਜੈ ਸਿੰਘ ਵੜਾਣੀਆਂ ਦੀ ਚਲ ਵੱਸਿਆ

ਮੇਰਾ ਡੇਰਾ ਚੋਟੀਆਂ ਵਾਲੇ ਸੰਤ ਗੁਰਬਚਨ ਸਿੰਘ ਵੱਲ ਸੀ। ਬੀਬੀ ਅਮਰ ਕੌਰ ਦੀ ਦੂਜੀ ਲੜਕੀ ਜਸਪਾਲ ਕੌਰ ਸਪੁਤਨੀ ਸ. ਸਰਜੀਤ ਸਿੰਘ ਵੜਾਣਾ, ਬੀਬੀ ਪਾਸ ਹੀ ਰਹਿੰਦੀ ਹੈ, ਨੇ ਦੱਸਿਆ ਕਿ ਉਸਦਾ ਪਤਿਅਹੁਰਾ ਤਾਇਆ, ਅਰਥਾਤ ਸੰਤ ਚਤਰ ਸਿੰਘ ਵੜਾਣਾ ਦਾ ਵਡਾ ਪੁੱਤਰ ਸੰਤ ਜੈ ਸਿੰਘ (95) ਵੜਾਣੀਆਂ ਦੇ ਚੋਹੜ ਤੇ 9-2-1983 ਨੂੰ ਸਵੇਰੇ ਸਵਰਗ ਸਿਧਾਰ ਗਏ ਹਨ। ਉਹ ਤਿਆਰ ਬਰ ਤਿਆਰ ਸਿਹਤ ਦੇ ਮਾਲਿਕ, ਖੇਤੀ ਬਾੜੀ ਦਾ ਰਾਤ ਤਕ ਕੰਮ ਕਰਦੇ ਰਹੇ। ਆਲੂ ਪੁਟਾਏ, ਪੱਠੇ ਲਿਆਉਣੇ, ਹੋਰ ਵੀ ਜ਼ਿਮੇਵਾਰੀਆਂ ਨਿਭਾਈਆਂ। ਪਰ ਜਦੋਂ ਰਾਤ ਸੌਂ ਕੇ ਉਠੇ, ਇਸਨਾਨ ਪਾਣੀ ਤੇ ਨਿਤਨੇਮ ਆਦਿ ਕਰਮ ਕੀਤੇ, ਫਿਰ ਚਾਹਟਾ ਮੰਗਵਾਇਆ। ਪਰ ਛਕਣਾ ਨਸੀਬ ਨਹੀਂ ਹੋਇਆ, ਪ੍ਰਾਣ ਤਿਆਗ ਗਏ। ਵੜਾਣਾ ਪਰਵਾਰ ਨੇ, ਜੋ ਚੋਹੜ ਵੜਾਣੀਆਂ ਉਤੇ ਹੀ ਰਹਿੰਦਾ ਹੈ, ਪਿਤਾ ਦੀ ਮੌਤ ਪਿਛੋਂ ਇਹ ਦੂਜੇ ਪ੍ਰਾਣੀ ਦਾ ਵਿਛੋੜਾ ਤਕਿਆ ਹੈ।



Sri Satguru Jagjit Singh Ji Elibrary NamdhariElibrary@gmail.com

## ਸੇਠ ਚਾਵਲਾ ਦਾ ਘੋੜਾ ਫਾਰਮ

ਸੰਤ ਸ਼ੇਰ ਸਿੰਘ ਜਾਖੀ ਮਿਲਿਆ ਤਾਂ ਉਸਨੇ ਦੱਸਿਆ ਕਿ ਸੇਠ ਤਰਲੋਕ ਸਿੰਘ ਚਾਵਲਾ, ਬਹਾਦਰਗੜ੍ਹ ਦੇ ਨੇੜੇ ਇਕ ਘੋੜਾ ਫਾਰਮ ਤਿਆਰ ਕਰਵਾ ਰਹੇ ਹਨ। ਉਹਨਾਂ 8 ਘੋੜੀਆਂ ਖਰੀਦ ਵੀ ਲਈਆਂ ਹਨ। ਇਹ ਘੋੜੀਆਂ ਔਖੀ ਕੀਮਤ ਤੇ ਖਰੀਦੀਆਂ ਗਈਆਂ ਹਨ। ਇਕ ਘੋੜੀ ਜੀਵਨ ਨਗਰ ਵਿਚ ਸੀ। ਕਿਸੇ ਮਾੜੇ ਮੋਟੇ ਨੁਕਸ ਕਾਰਨ ਇਹ ਘੋੜੀਆਂ ਔਖੇ ਮੁਲ ਤੇ ਵਿਕ ਜਾਂਦੀਆਂ ਹਨ। ਇਹ ਨੁਕਸ ਇਹਨਾਂ ਦੀ ਜਨਮ ਪਰਕਿਰਿਆ ਵਿਚ ਕੋਈ ਨੁਕਸ ਨਹੀ ਪਾਂਦਾ। ਇਸਦਾ ਮਤਲਬ ਏਹ ਕਿ ਗੁਰੂ ਕੇ ਪ੍ਰੇਮੀ ਘੋੜਾ ਫਾਰਮ ਚਲਾਣ ਵਿਚ ਰੁਚੀ ਰਖਣ ਲਗ ਪਏ ਹਨ।

## ਗੁਰੂ ਹਰੀ ਸਿੰਘ ਮਹਾ ਵਿਦਿਆਲਾ

ਅੱਜ ਗੁਰੂ ਹਰੀ ਸਿੰਘ ਮਹਾਂਵਿਦਿਆਲੇ ਦੇ ਵਿਦਿਆਰਥੀ ਅਤੇ ਵਿਦਿਆਰਥਣਾਂ ਤਕੜੀ ਗਿਣਤੀ ਵਿਚ, ਸਫੇਦ ਕੱਪੜੇ ਪਹਿਨਕੇ ਆਪਣੇ ਮਾਸਟਰਾਂ ਨਾਲ, ਮੇਲੇ ਵਿਚ ਸ਼ਾਮਲ ਹੋਣ ਵਾਸਤੇ ਆਏ ਹਨ। ਮਾਸਟਰ ਨਿਹਾਲ ਸਿੰਘ ਪ੍ਰਧਾਨ ਨਾਮਧਾਰੀ ਦਰਬਾਰ, ਮਾ: ਇਕਬਾਲ ਸਿੰਘ ਹੈੱਡ ਮਾਸਟਰ ਮਹਾ ਵਿਦਿਆਲਾ ਅਤੇ ਮਾਸਟਰ ਦਰਸ਼ਨ ਸਿੰਘ ਆਦਿ ਟੀਚਰ ਬੱਚਿਆ ਦੀ ਅਗਵਾਈ ਕਰ ਰਹੇ ਹਨ।

ਜਾਪਦਾ ਸੀ ਜਿਵੇ ਸਤਿਗੁਰੂ ਜਗਜੀਤ ਸਿੰਘ ਜੀ ਨਾਮ ਸਿਮਰਨ ਸਮੇ ਹੀ ਦੋਬਾਰਾ ਦਰਸ਼ਨ ਦੇਣਗੇ। ਪਰ ਸਤਿਗੁਰੂ ਜੀ ਨੇ ਕਿਰਪਾ ਕੀਤੀ ਉਹ 4 ਵਜੇ ਸੰਤ ਨਿਰੰਜਨ ਸਿੰਘ ਕੱਕੜ ਦੇ ਲਗੇ ਹੋਏ ਦੀਵਾਨ ਵਿਚ ਹੀ ਆ ਸੁਸ਼ੋਭਿਤ ਹੋ ਗਏ। ਇਸ ਸਮੇ ਹਾਜ਼ਰੀ 2000 ਸੀ। ਸਭ ਸੰਗਤਾਂ ਨੇ ਕਤਾਰ ਵਿਚ ਹੋ ਨਮਸਕਾਰ ਕੀਤੀ। ਸਤਿਗੁਰੂ ਜੀ ਆਪਣਾ ਵਖਰਾ ਨਿਤਨੇਮ ਕਰ ਰਹੇ ਸਨ, ਸੋ ਕਿਸੇ ਨਾਲ ਗੱਲਬਾਤ ਨਹੀ ਸੀ ਹੋ ਰਹੀ। ਤੱਕਣੀ ਅਤੇ ਮੁਸਕਾਣ ਹੀ ਉਸਨੂੰ ਮਿਲਦੀ ਜਿਸਤੇ ਵਿਸ਼ੇਸ਼ ਕਿਰਪਾ ਹੋਵੇ। ਸਤਿਗੁਰੂ ਜੀ ਦੇ ਚੁਗਿਰਦੇ ਵਿਚ ਹਜ਼ੂਰੀ ਸੇਵਕ, ਅੰਗ ਰਖਿਅਕ ਤੇ ਇਲਾਕੇ ਦੇ ਉਘੇ ਲੋਕ ਸਨ।

## ਧਰਮ ਸਿੰਘ ਅੰਮ੍ਰਿਤਸਰ ਕਲਾਂ

ਮੇਰੀ ਘੜੀ ਪੌਣੇ ਪੰਜ ਵਜੇ ਸ਼ਾਮ ਦਾ ਟਾਈਮ ਦੱਸ ਰਹੀ ਸੀ ਕਿ ਜਥੇਦਾਰ ਨਿਰੰਜਨ ਸਿੰਘ ਦਾ ਦੀਵਾਨ ਰੋਕ ਕੇ ਧਰਮ ਸਿੰਘ ਅੰਮ੍ਰਿਤਸਰ ਕਲਾਂ ਦੇ ਨਾਂ ਦਾ ਇਕ ਸਿੰਘ ਮਾਈਕ ਦੇ ਅਗੇ ਆ ਗਿਆ। ਉਸਨੇ ਰੁੰਧੇ ਹੋਏ ਗਲੇ ਅਤੇ ਜਲ ਭਰੀਆਂ ਅੱਖਾਂ ਨਾਲ ਸਤਿਗੁਰੂ ਜੀ ਅਤੇ ਸਾਧ ਸੰਗਤ ਅਗੇ ਬੇਨਤੀ ਕੀਤੀ ਕਿ ਉਹਦਾ ਗੁਨਾਹ ਬਖਸ਼ਿਆ ਜਾਵੇ। ਉਸਨੇ ਸਤਿਗੁਰੂ ਜੀ ਦੇ ਤਿੰਨ ਵਾਰ ਰੋਕਣ ਤੇ ਵੀ, ਆਪੇ ਨ ਲੱਗ ਕੇ ਘਰ ਵਿਆਹ ਕਰ ਲਿਆ ਸੀ। ਸਿੱਟੇ ਵਜੋ ਦੁੱਖ ਅਤੇ ਕਲੇਸ਼ ਉਹਦੇ ਪੱਲੇ ਪੈ ਗਏ ਹਨ। ਉਹ ਆਪ ਆਪਣੀ ਗੱਲ ਵੀ ਨ ਪੂਰੀ ਕਰ ਸਕਿਆ ਕਿ ਉਸਦੀ ਸਾਰੀ ਗੱਲ ਸਮਝ ਕੇ ਸਤਿਗੁਰੂ ਜੀ ਦੇ ਸਕੱਤਰ ਤਰਸਮੇ ਸਿੰਘ ਨੇ ਸੰਗਤ ਨੂੰ ਸੁਚੇਤ ਕੀਤਾ ਕਿ ਸਤਿਗੁਰੂ ਜੀ ਦੀ ਆਗਿਆ ਵਿਚ ਹੀ ਸੁਖ ਹੈ।

**ਜ਼ਿਲਾ ਲਾਹੌਰ ਦੇ ਦੋ ਸੂਬੇ**

ਜ਼ਿਲਾ ਲਾਹੌਰ ਦੇ ਕਾਰੋਬਾਰੀ ਸੂਬੇ ਦੋ ਰਹੇ ਹਨ। ਇਕ ਮੇਰਾ ਪਿਤਾ ਸੰਤ ਫੂਲਾ ਸਿੰਘ ਜੀ, ਸਪੁਤਰ ਬਾਬਾ ਬੁਲਾਕਾ ਸਿੰਘ ਸੰਧੂ, ਦੂਜੇ ਸੂਬਾ ਲਾਭ ਸਿੰਘ ਜੀ। ਮੇਰੇ ਪਿਤਾ ਜੀ ਸਾਤਵਿਕ ਸੁਭਾਅ, ਸਿਦਕੀ, ਹਿੰਮਤੀ ਅਤੇ ਪ੍ਰੀਤਵਾਨ ਸਨ। ਸੂਬਾ ਲਾਭ ਸਿੰਘ ਜੀ ਰਾਜਸੀ ਸੁਭਾਅ ਦੇ, ਘਰੋਂ ਇਕਲੌਤੇ ਹੋਣ ਕਰਕੇ ਤਕੜੇ ਅਤੇ ਲੋਕਾਚਾਰ ਨੂੰ ਤਰਜੀਹ ਦੇਣ ਵਾਲੇ ਸਨ। ਮੇਰੇ ਪਿਤਾ ਜੀ ਪਾਕਿਸਤਾਨ ਬਣਨ ਤੋਂ ਪਹਿਲੇ ਹੀ 8-10 ਸਾਲ ਪੂਰੇ ਹੋ ਗਏ ਸਨ। ਸੂਬਾ ਲਾਭ ਸਿੰਘ ਜੀ ਪਾਕਿਸਤਾਨੋ ਆ ਕੇ ਕਰੀਵਾਲੇ ਦੇ ਮੁਕੀਮ ਹੋਏ। ਅੱਜ ਉਨ੍ਹਾਂ ਦੇ ਇਕਲੌਤੇ ਬੇਟੇ ਸ. ਈਸ਼ਰ ਸਿੰਘ ਆਪਣੀ ਪਹਿਲੀ ਪਤਨੀ ਬੀਬੀ ਸੰਤ ਕੌਰ ਦੇ ਬੇਟੇ ਸੁਰਿੰਦਰ ਸਿੰਘ ਨਾਲ ਸਤਿਗੁਰੂ ਜੀ ਦੇ ਸਾਹਮਣੇ ਵਾਲੀ ਸਫ ਤੇ ਬੈਠੇ ਹੋਏ ਸੀ। ਪਿੰਡ ਮੇਰੇ ਪਿੰਡ ਜਫਰਕਿਆਂ (ਜ਼ਫਰਕਿਆਂ) ਦਾ ਹੋਣ ਕਰਕੇ ਸੁਭਾਵਕ ਹੀ ਮੈਨੂੰ ਸੁਖ ਹੋਇਆ। ਮੈਂ ਸਤਿਗੁਰੂ ਜੀ ਨਾਲ ਆਪਣੀ ਖੁਸ਼ੀ ਪਰਗਟ ਕੀਤੀ ਤਾਂ ਉਨ੍ਹਾਂ ਲਿਖ ਕੇ ਦੱਸਿਆ . ਉਰੇਰਾ ਮੰਗਵਾਇਆ ਹੈ। ਉਹ ਪ੍ਰਤਖ ਰੂਪ ਵਿਚ ਸੂਬਾ ਜੀ ਤੋਂ ਉਲਟ ਸਾਤਵਿਕ ਸੁਭਾਵੀ ਸੀ। ਆਪਣੇ ਬੱਚੇ ਨੂੰ ਉਸ ਸਮਝਾਇਆ :

ਜਾਕਾ ਠਾਕੁਰ ਊਚਾ ਹੋਈ।

ਸੋ ਜਨ ਪਰ ਘਰ ਜਾਤ ਨ ਸੋਹੀ।

ਕੀਰਤਨ ਦੇ ਮੌਕੇ ਸਤਿਗੁਰੂ ਜੀ ਦੀਵਾਨ ਵਿਚ ਨਹੀਂ ਸਨ। ਕਦੇ ਉਹਨਾਂ ਨੂੰ ਇਂਝ ਤਾਂ ਡਿੱਠਾ ਨਹੀਂ ਸੀ।

**ਨਾਮ ਸਿਮਰਨ-ਕੀਰਤਨ**

5-15 ਵਜੇ ਇਸ ਵਕਤੇ ਦੇ ਦੀਵਾਨ ਦੀ ਸਮਾਪਤੀ ਦੀ ਅਰਦਾਸ ਹੋ ਗਈ। ਦੋਬਾਰਾ 6 ਵਜੇ ਬਣਾਏ ਗਏ ਵਿਸ਼ਾਲ ਪੰਡਾਲ ਵਿਚ ਨਾਮ ਸਿਮਰਨ ਹੋਣਾ ਸੀ। ਮੈਂ ਫੇਰ 6-45 ਵਜੇ ਪੰਡਾਲ ਵਿਚ ਗਿਆ। ਇਸਦੇ ਵਿਸ਼ਾਲ ਉੱਚੇ ਮੰਚ ਉੱਤੇ ਸ੍ਰੀ ਸਤਿਗੁਰੂ ਜੀ ਦਰਸ਼ਨ ਦੇ ਰਹੇ ਸਨ। ਮਹਾਰਾਜ ਜੀ ਵੀ ਕੋਲ ਬੈਠੇ ਸਨ।

ਰਾਗੀ ਸਿੰਘਾਂ ਦੇ ਕੀਰਤਨ ਸਮੇ ਸ਼ਬਦ ਪੜ੍ਹੇ ਗਏ :

1. ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ।

2. ਹਰਿ ਆਰਾਧ ਨ ਜਾਨਿਉ ਰੇ।

ਕੀਰਤਨ ਹੁੰਦਿਆਂ ਜਦੋਂ ਦਿੱਲੀ ਦੇ ਸ. ਸੇਵਾ ਸਿੰਘ ਨਾਮਧਾਰੀ ਏਜੰਸੀਜ਼ ਨੇ ਆਕੇ ਮੱਥਾ ਟੇਕਿਆ ਤਾਂ ਸਤਿਗੁਰੂ ਜੀ ਪ੍ਰਸੰਨਤਾ ਨਾਲ ਬੋਲੇ : ਆਹਾ ! ਤੁਸੀਂ ਵੀ ਆ ਗਏ। ਸ. ਸੇਵਾ ਸਿੰਘ ਉਨ੍ਹਾਂ ਦੀ ਸੁਪਤਨੀ ਪਰਮਜੀਤ ਕੌਰ ਜਥੇਦਾਰਨੀ ਅਤੇ ਪੁਤਰ ਸ. ਸੰਤੋਖ ਸਿੰਘ ਅਤੇ ਭੈਣ ਜੀ ਸੁਪਤਨੀ ਸ. ਨਿਹਾਲ ਸਿੰਘ ਨੂੰ ਦੇਖ ਸਤਿਗੁਰੂ ਜੀ ਨੇ ਖੁਸ਼ੀਆਂ ਬਖਸ਼ੀਆਂ।

ਕੀਰਤਨ ਦਾ ਅਨੰਦ 8-20 ਵਜੇ ਸਮਾਪਤ ਹੋ ਗਿਆ।

ਅੱਜ ਦੀਵਾਨ ਵਿਚ ਪ੍ਰੋ: ਗੋਪਾਲ ਸਿੰਘ ਹੁਰਾਂ ਦਾ ਨ ਹੋਣਾ ਰੜਕਦਾ ਹੈ। ਉਹਨਾਂ ਦੀ ਸਿਹਤ ਅਜੇ ਹਾਰਟ ਅਟੈਕ ਦੇ ਘੇਰੇ ਵਿਚ ਹੈ।

ਮੈਨੂੰ ਅੱਜ ਕੰਮ ਸੀ, ਸੰਤ ਮਹਿੰਦਰ ਸਿੰਘ ਪਨਿਹਾਰੀ ਨਾਲ ਬੈਠਕੇ ਉਨ੍ਹਾਂ ਦਾ ਖਰੜਾ ਵਾਚਣਾ। ਬਹੁਤ ਘੱਟ ਹੀ ਵਿਹਲੇ ਨਿਕਲਿਆ ਹਾਂ।



Sri Satguru Jagjit Singh Ji Elibrary NamdhariElibrary@gmail.com

## 17 ਫਰਵਰੀ 1983, ਵੀਰਵਾਰ
## ਜੀਵਨ ਨਗਰ (ਸਿਰਸਾ)

### ਸ੍ਰੀ ਜੀਵਨ ਨਗਰ ਸਥਾਪਨਾ ਦਿਵਸ

ਮੇਰੇ ਪੰਡਾਲ ਵਿਚ ਪਹੁੰਚਦਿਆਂ 6 ਵਜ ਚੁਕੇ ਸਨ, ਪੰਡਾਲ ਤਕ ਪਹੁੰਚਦਿਆਂ ਗਿਣਤੀ ਦੇ 70 ਟਰੱਕ, ਜੀਪਾਂ, ਟ੍ਰੈਕਟਰ-ਟ੍ਰਾਲੀਆਂ ਏਧਰ ਓਧਰ ਖਲੋਤੇ ਨਜ਼ਰ ਪਏ। ਸਵੇਰੇ 4.30 ਤੋਂ ਹਜ਼ੂਰੀ ਜਥਾ, ਜਿਸ ਵਿਚ ਸੰਤ ਦਰਸ਼ਨ ਸਿੰਘ-ਚਰਨ ਸਿੰਘ, ਹਰਬੰਸ ਸਿੰਘ ਘੁੱਲਾ, ਬਲਜੀਤ ਸਿੰਘ, ਸੁਖਦੇਵ ਸਿੰਘ, ਮੋਹਣ ਸਿੰਘ, ਸੁਰਜੀਤ ਸਿੰਘ ਸਾਰੰਗੀ ਤੇ ਸੁਖਵਿੰਦਰ ਸਿੰਘ ਪਿੰਕੀ ਆਸਾ ਦੀ ਵਾਰ ਨੂੰ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਅਤੇ ਸਾਥ ਵਿਚ ਮਧੁਰ ਮਧੁਰ ਸੁਰਾਂ ਨਾਲ ਗਾ ਰਹੇ ਸਨ। ਗਾਉਣ ਵਾਲਿਆਂ ਵਿਚ ਮਹਾਰਾਜ ਬੀਰ ਸਿੰਘ ਜੀ ਵੀ ਸਨ।

ਮੰਚ ਦੇ ਸਾਹਵੇਂ, ਹਵਨ ਕੁੰਡ ਸਥਾਪਤ ਅਤੇ ਬਾਣੀਆਂ ਦੇ ਪਾਠ ਹੋ ਰਹੇ ਸਨ। ਅੰਮ੍ਰਿਤ ਤਿਆਰ ਕੀਤਾ ਗਿਆ। ਵੇਦੀ ਗੱਡ ਕੇ ਉਸ ਦੇ ਉਤੇ ਖੱਦਰ ਦਾ ਥਾਨ ਵਲ੍ਹੇਟ ਕੇ ਵੇਦੀ ਮੁਕੰਮਲ ਕਰ ਲਈ ਗਈ। ਪਰਲੇ ਪਾਸੇ ਪਰਾਲੀ ਉਤੇ ਕਪੜੇ ਵਿਛਾ ਅਨੰਦ ਕਾਰਜਾਂ ਵਾਲੇ ਜੋੜੇ ਬੈਠਾਲ ਦਿਤੇ ਗਏ।

### ਮੰਚ ਦੀ ਸ਼ੋਭਾ ਅਤੇ ਵਕਤੇ

ਦਿੱਲੀ, ਲੁਧਿਆਣਾ, ਜਲੰਧਰ, ਹਿਸਾਰ ਆਦਿ ਦੇ ਵੀ ਜਾਣੂ ਮੁਖ ਅਤੇ ਆਗੂ ਆਏ ਬੈਠੇ ਸਨ। ਮੰਚ ਉਤੇ ਸਤਿਗੁਰੂ ਜੀ ਪਾਸ ਬੈਠਣ ਵਾਲੇ ਸੇਠ ਤਰਲੋਕ ਸਿੰਘ, ਸ. ਗਿਆਨ ਸਿੰਘ-ਹਰਵਿੰਦਰ ਸਿੰਘ ਹੰਸਪਾਲ ਐਮ.ਪੀ., ਸੰਤ ਦਲੀਪ ਸਿੰਘ ਨਿਰੀਖਿਅਕ, ਸ. ਗੁਰਦੇਵ ਸਿੰਘ ਪਟਵਾਰੀ, ਘਰੌਂਡੇ ਤੋਂ ਸ. ਕੂਕ ਦਰਸ਼ਨ ਸਿੰਘ, ਫਾਜ਼ਲਕਾ ਤੋਂ ਸੰਤ ਤਰਲੋਕ ਸਿੰਘ, ਚੰਡੀਗੜ੍ਹ ਤੋਂ ਸੰਤ ਮੰਗਲ ਸਿੰਘ ਆਦਿ ਬੈਠੇ ਹੋਏ ਸਨ।

7.15 ਤੇ ਵਾਰ ਸਮਾਪਤ ਹੋ ਗਈ। ਮੰਚ ਉਤੇ ਨਾਮਧਾਰੀਆਂ ਤੋਂ ਬਿਨਾ ਕੁਝ ਹੋਰ ਪ੍ਰੇਮੀ ਵੀ ਆ ਬੈਠੇ। ਜਿਵੇਂ ਹਰਿਆਣੇ ਦੇ ਵਿੱਦਿਆ ਮੰਤਰੀ, ਅਤੇ ਹੋਰ ਜ਼ਿਮੇਵਾਰ ਅਧਿਕਾਰੀ ਵੀ। ਅੱਜ ਦਾ ਪ੍ਰਥਮ ਵਕਤਾ ਸ. ਹੀਰਾ ਸਿੰਘ ਸਰਪੰਚ ਸੰਤ ਨਗਰ ਸੀ। ਇਸ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਦਾ ਬਖਾਨ ਕੀਤਾ, ਜਿਨ੍ਹਾਂ ਨੇ ਏਥੇ ਦੀ ਜ਼ਮੀਨ ਖਰੀਦ ਕੇ ਨਾਮਧਾਰੀਆਂ ਦਾ ਇਕ ਗੜ੍ਹ ਸਥਾਪਤ ਕੀਤਾ। ਦੂਜੇ ਵਕਤੇ ਸੰਤ ਉਦੇ ਸਿੰਘ ਚੂਹੜੀ (ਰੋਪੜ) ਸਨ ਨੇ ਆਪਣਾ ਇਕ ਅਨੁਭਵ ਦੱਸਿਆ ਜਿਸ ਦਾ ਤੱਤ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦੂਰਅੰਦੇਸ਼ੀ ਸੀ। ਜਿਨ੍ਹਾਂ ਏਥੇ ਦਾ ਜੰਗਲ ਖਰੀਦ ਕੇ ਅੱਜ ਨਾਮਧਾਰੀਆਂ ਲਈ ਗੁਲਜ਼ਾਰ ਬਣਾ ਦਿਤਾ ਹੈ।

### ਅਨੰਦ ਕਾਰਜ ਅਤੇ ਭੋਗ

ਏਦੇ ਸਿੱਧੇ ਸਾਦੇ ਕੁਲਾਰੇ ਸਨ। ਇਨ੍ਹਾਂ ਦੇ ਕਥਨ ਵਿਚ ਜਾਨ ਸੀ।

ਜਦੋਂ ਵਿਆਹਾਂ ਦਾ ਆਰੰਭ ਹੋਇਆ, ਇਸ ਘੜੀ ਪੰਡਾਲ ਵਿਚ ਸ਼ੋਰ ਪੈਦਾ ਹੋ ਗਿਆ। ਪੰਡਾਲ ਦੀਆਂ ਕਨਾਤਾਂ ਪਹਿਲਾਂ ਹੀ ਲਾਹ ਦਿਤੀਆਂ ਗਈਆਂ ਸਨ। ਰੌਲਾ



Sri Satguru Jagjit Singh Ji Elibrary NamdhariElibrary@gmail.com

ਕੰਟਰੋਲ ਨਹੀ ਸੀ ਹੋ ਰਿਹਾ। ਸੰਗਤ ਦੀ ਗਿਣਤੀ ਇਸ ਘੜੀ 5000 ਹੋਵੇਗੀ। ਜਾਪਦਾ ਸੀ ਜਿਵੇਂ ਪ੍ਰਬੰਧ ਗੜਬੜਾ ਗਿਆ ਹੋਵੇ ! ਮੈਂ ਇਸ ਸ਼ੋਰ ਦਾ ਕਾਰਨ ਤੇ ਵਿਵਰਣ ਸ੍ਰੀ ਸਤਿਗੁਰੂ ਜੀ ਨੂੰ ਦੱਸਿਆ। ਆਪ ਜੀ ਨੇ ਇਕੋ ਤੁਕ ਪੜ੍ਹ ਕੇ ਮੇਰਾ ਘਰ ਪੂਰਾ ਕਰ ਦਿਤਾ

*ਜਹ ਬੈਸਾਲਹਿ ਤਹਾ ਬੈਸਾ ਸੁਆਮੀ*
*ਜਹ ਭੇਜਹਿ ਤਹ ਜਾਵਾ।*

**ਸਤਿਗੁਰੂ ਜੀ ਦਾ ਬਚਨ**

8.40 ਤੇ 38 ਜੋੜਿਆਂ ਦੇ ਅਨੰਦ ਕਾਰਜ ਤਿਨ ਹਿੱਸਿਆਂ ਵਿਚ ਹੋਏ। ਉਪ੍ਰੰਤ ਸਧਾਰਨ ਪਾਠਾਂ ਦੇ ਭੋਗ ਪਾਏ ਗਏ।

ਸਮਾਪਤੀ ਉਤੇ 9.15 ਵਜੇ ਸ੍ਰੀ ਸਤਿਗੁਰੂ ਜੀ ਨੇ ਆਈ ਸੰਗਤ ਦਾ ਧਨਵਾਦ ਕੀਤਾ ਅਤੇ ਨਾਲ ਹੀ ਹਾਕੀ ਵਾਲੇ ਬੱਚਿਆਂ ਨੂੰ ਬੁਲਵਾਕੇ ਤੇ ਸਾਹਵੇਂ ਖਲ੍ਹਾਰ ਕੇ ਦੱਸਿਆ ਕਿ ਇਹ ਆਪਣੀ ਵੇਸ ਭੂਸ਼ਾ ਵਿਚ ਹੀ ਜੂਨੀਅਰ ਨੈਸ਼ਨਲ ਹਾਕੀ ਵਿਚ ਹਰਿਆਣਾ ਦੀ ਪ੍ਰਤੀਨਿਧਤਾ ਕਰਦੇ ਹੋਏ ਜੱਬਲਪੁਰ (ਮੱਧ ਭਾਰਤ) ਵਿਚ 'ਰਨਰ ਅੱਪ' ਰਹੇ ਹਨ। ਅਰਥਾਤ ਦੂਜੇ ਨੰਬਰ ਤੇ ਆਏ ਹਨ। ਅਖਬਾਰਾਂ ਵਾਲਿਆਂ ਇਹਨਾਂ ਦੀ ਬਹੁਤ ਤਾਰੀਫ ਕੀਤੀ ਹੈ। ਲਿਖਿਆ ਹੈ ਕਿ ਹਰਿਆਣੇ ਵਾਲਿਆਂ ਸਹੀ ਖਿਡਾਰੀਆਂ ਦੀ ਚੋਣ ਕੀਤੀ ਹੈ। ਸਤਿਗੁਰੂ ਜੀ ਨੇ ਅਨੇਕਾਂ ਵੇਰਵੇ ਦਿਤੇ।

ਸਤਿਗੁਰੂ ਜੀ ਨੇ ਓਟੂ ਦੇ ਠਾਕੁਰ ਸੱਜਣ ਸਿੰਘ ਦੀ ਵੀ ਪ੍ਰਸੰਸਾ ਕੀਤੀ। ਅਤੇ ਵਿੱਦਿਆ ਮੰਤਰੀ ਸ੍ਰੀ ਜਗਦੀਸ਼ ਨਹਿਰਾ ਨੂੰ ਤਾਂ ਇਉਂ ਕਿਹਾ : ਉਹ ਸਾਡੇ ਵਿਚ ਆਕੇ ਸਾਡੇ ਵਰਗੇ ਹੀ ਹੋ ਰਹਿੰਦੇ ਹਨ, ਮੰਤਰੀਪਣ ਨਹੀਂ ਦਰਸਾਂਦੇ।

ਹਾਕੀ ਵਾਲਿਆਂ ਬਾਰੇ ਬਚਨ ਕੀਤਾ ਕਿ ਸ਼ਾਇਦ ਉਹ ਅਗਲੇ ਸਾਲ ਨਾ ਖੇਡ ਸਕਣ। ਹੁਣ ਉਨਾਂ ਦੀ ਥਾਂ ਨਵੀਂ ਟੀਮ ਤਿਆਰ ਕਰਨੀ ਹੈ। ਨਵੇਂ ਮਾਪੇ, ਨਵੇਂ ਬੱਚੇ, ਨਵੇਂ ਕੋਚ, ਨਵੇਂ ਪ੍ਰਬੰਧਕ ਅਗੇ ਆਉਣ। ਖਿਡਾਰੀਆਂ ਵਿਚ ਨੀਲੀ ਵਰਦੀ ਦੀ ਅਗੇ ਲੋੜ ਪਏਗੀ। ਸਾਡੇ ਧਰਮ ਦੇ ਇਹ ਅਨੁਕੂਲ ਨਹੀਂ। ਉਮੀਦ ਹੈ ਕਿ ਚੰਗੇ ਅਧਿਕਾਰੀਆਂ ਦੇ ਦਖਲ ਨਾਲ ਇਹ ਵੀ ਸਮੱਸਿਆ ਸੁਲਝ ਜਾਵੇਗੀ। ਇਹਨਾਂ ਵਿਚ 4 ਲੜਕੇ ਨੈਸ਼ਨਲ ਹਾਕੀ ਟੀਮ ਵਾਸਤੇ ਚੁਣੇ ਗਏ ਹਨ। ਖਿਡਾਰੀ ਥੋੜੇ ਦੀ ਖਾਤਰ ਦਲ ਨਾ ਤੱਜਣ। ਉਹਨਾਂ ਜਿਹੜੀ ਸੋਭਾ ਜਿੱਤੀ ਹੈ, ਇਸਨੂੰ ਕਾਇਮ ਰੱਖਣ। ਸੋਭਾ ਪੈਸਿਆਂ ਨਾਲ ਨਹੀ ਖਰੀਦੀ ਜਾ ਸਕਦੀ। ਇਸ ਲਈ ਮਿਹਨਤ ਤੇ ਈਮਾਨਦਾਰੀ ਦੀ ਜ਼ਰੂਰਤ ਹੁੰਦੀ ਹੈ।

ਸਤਿਗੁਰੂ ਜੀ ਨੇ ਕੈਬੀਨਿਟ ਮੰਤਰੀ ਨੂੰ ਦੱਸਿਆ ਕਿ ਪੰਜਾਬ ਦੀ ਕੈਬੀਨਿਟ ਮਨਿਸਟਰੀ ਵਿਚ ਕੋਈ ਮੰਤਰੀ ਵੀ ਸ਼ਰਾਬ ਨਹੀ ਪੀਂਦਾ। ਹਰਿਆਣਾ ਦੇ ਮਨਿਸਟਰਾਂ ਦਾ ਕੀ ਹਾਲ ਹੈ? ਇਸਦਾ ਪਤਾ ਤਾਂ ਇਹਨਾਂ ਨੂੰ ਹੀ ਹੋਵੇਗਾ। ਸ਼ਰਾਬ ਪੀਣ ਦੀ ਬੁਰਾਈ ਤੋਂ ਬਚਣ ਦੀ ਲੋੜ ਹੈ। ਇਸ ਨਾਲ ਹੇਠਲੇ ਵਰਗ ਉਤੇ ਚੰਗਾ ਅਸਰ ਪਏਗਾ। ਮਾਸ ਸ਼ਰਾਬ ਤੋਂ ਸਾਰੇ ਹੀ ਪਰਹੇਜ਼ ਕਰਨ ਤਾਂ ਹੀ ਚੰਗਾ ਹੋਵੇਗਾ।

ਵਿਆਹ ਕਰਨ ਵਾਲਿਆਂ ਲਈ ਬਚਨ ਕੀਤਾ : ਉਹ ਘਰੀ ਜਾਕੇ ਦੂਜੇ ਵਿਆਹ ਨ ਕਰਨ। ਜਥੇਬੰਦੀ ਨੂੰ ਮਜ਼ਬੂਤ ਕਰਦੇ ਰਹਿਣ ਅਤੇ ਰੱਖਣ। ਸਾਡੀ ਸੋਭਾ ਲੋਕ ਕਰਦੇ ਹਨ, ਅਸੀ ਉਸਤੇ ਪੂਰਾ ਉਤਰੀਏ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਨੇ ਇਹ ਇੱਛਾ ਵੀ ਪਰਗਟ ਕੀਤੀ ਕਿ ਅਗੇ ਤੋਂ ਮਹੀਨਾ ਜਾਂ ਦੋ ਮਹੀਨੇ ਪਹਿਲਾਂ ਜੋ 'ਵਿਆਹਾਂ ਨਾਲ ਜੁੜਨ' ਵਾਲਿਆਂ ਦਾ ਪਤਾ ਲਗ ਜਾਇਆ ਕਰੇ ਤਾਂ ਉਹਨਾਂ ਨੂੰ ਅਰਦਾਸ ਜ਼ਰੂਰ ਯਾਦ ਕਰਵਾਈ ਜਾਇਆ ਕਰੇ, ਲਾਵਾਂ ਦੇ ਮਤਲਬ ਵੀ ਸਿੱਧੇ ਸਿੱਧੇ ਸਮਝਾ ਦਿਤੇ ਜਾਣਗੇ। ਤਾਕਿ ਗ੍ਰਿਸਤ ਕਰਨ ਵਾਲਿਆਂ ਨੂੰ ਇਹ ਵੀ ਪਤਾ ਲਗ ਜਾਇਆ ਕਰੇ ਕਿ ਧਰਮ ਉਤੇ ਦ੍ਰਿੜਤਾ ਕਰਨੀ ਕਿੰਨੀ ਜ਼ਰੂਰੀ ਹੈ। 'ਧਰਮ ਦ੍ਰਿੜਹੁ ਹਰਿਨਾਮੁ ਧਿਆਵਹੁ' ਆਦਿ ਭਾਵ ਹਿਰਦੇ ਵਿਚ ਵੱਸ ਜਾਣ।

ਸਤਿਗੁਰੂ ਜੀ ਨੇ ਗੁਰਚਰਨ ਸਿੰਘ ਚੰਨ ਵਾਲਾ ਖਤਾਈਏ ਦੀ ਪ੍ਰਸੰਸਾ ਵੀ ਕੀਤੀ, ਜਿਸਨੇ 52 ਪਾਠ ਕਰਕੇ ਘੱਲੇ ਹਨ, ਭੋਗ ਪਵਾਣ ਲਈ। ਸਾਰੇ ਪਰਵਾਰ ਹੀ ਪਾਠ ਕਰਕੇ ਲਿਆਇਆ ਕਰਨ। ਚੰਗੀ ਗੱਲ ਦੀ ਰੀਸ ਕਰਨੀ ਹੀ ਚਾਹੀਦੀ ਹੈ।

ਸੰਤ ਮੰਗਲ ਸਿੰਘ ਚੰਡੀਗੜ੍ਹ ਦੇ ਉਦਮ ਨੂੰ ਵੀ ਸਤਿਗੁਰੂ ਜੀ ਨੇ ਸਲਾਹਿਆ। ਉਨ੍ਹਾਂ ਨੇ ਚੰਡੀਗੜ੍ਹ ਵਿਚ ਨਾਮਧਾਰੀ ਧਰਮਸਾਲਾ ਦੀ ਉਸਾਰੀ ਕਰਨ ਦਾ ਜੋ ਵਡਾ ਕੰਮ ਹਥ ਵਿਚ ਲਿਆ ਹੈ ਉਸ ਵਿਚ ਸਮੁਚੀ ਸੰਗਤ ਹੀ ਮਾਇਆ-ਸੇਵਾ ਆਦਿ ਨਾਲ ਸਹਾਇਤਾ ਕਰੇ। ਸਾਰੇ ਪਿੰਡਾਂ ਵਾਲੇ ਜਤਨ ਕਰਕੇ ਉਨ੍ਹਾਂ ਨੂੰ ਉਗਰਾਹੀ ਦੇਣ।

9-25 ਵਜੇ ਸੰਤ ਪੂਰਬਾ ਮਹਿੰਦਰ ਸਿੰਘ ਦੁਆਰਾ ਇਸ ਦੀਵਾਨ ਦੀ ਸਮਾਪਤੀ ਦੀ ਅਰਦਾਸ ਕੀਤੀ ਗਈ।

ਉਪ੍ਰੰਤ ਤੁਕ ਪਾਠ ਸੁਣਕੇ, ਸੰਤਿਆਂ ਨੂੰ ਕੜਾਹ ਪ੍ਰਸਾਦ ਵੰਡ ਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਪਹੁੰਚ ਕੇ ਨਮਸਕਾਰ ਕਰਨ ਦਾ ਮੌਕਾ ਦਿਤਾ ਗਿਆ। ਅੱਜ ਦੇ ਵਿਆਹ ਜੋੜਿਆਂ ਵਿਚ ਹੇਠ ਲਿਖੇ ਵਿਆਹ ਮੇਰੀ ਜਾਣਕਾਰੀ ਦੇ ਵੀ ਸਨ :

1. ਸੰਤ ਨਰਿੰਦਰ ਸਿੰਘ ਬਾਜਵਾ ਸੰਤ ਨਗਰ ਦੀ ਲੜਕੀ ਵੀਣਾ ਦਾ ਅਨੰਦ ਕਾਰਜ ਸ. ਸੇਵਾ ਸਿੰਘ ਦਿੱਲੀ ਵਾਲੇ ਦੇ ਲੜਕੇ ਸ. ਸੰਤੋਖ ਸਿੰਘ ਨਾਲ।
2 ਸੰਤ ਹਰਭਜਨ ਸਿੰਘ ਪਰਵਾਨਾ ਦੇ ਲੜਕੇ ਦਾ।
3 ਸ. ਧਿਆਨ ਸਿੰਘ ਡਫਰਕਾ (ਕਰੀਵਾਲਾ) ਦੀ ਲੜਕੀ ਦਾ।

ਅੱਜ ਗੁਰੂ ਕੇ ਲੰਗਰ ਵਿਚ ਪ੍ਰਸਾਦੇ ਨਾਲ, ਦੇਸੀ ਘਿਉ ਦੇ ਬਣੇ ਕੜਾਹ ਪ੍ਰਸਾਦ ਦੇ ਖੁਲ੍ਹੇ ਗੱਫੇ ਛਕਣ ਨੂੰ ਮਿਲੇ। ਅਤੇ ਮੇਲੇ ਦਾ ਭੋਗ ਪੈ ਗਿਆ।

### ਦੋ ਭੋਗ ਹੋਰ

ਸ੍ਰੀ ਸਤਗੁਰੂ ਜੀ ਨੇ ਦੋ ਵਜੇ ਦੁਪਹਿਰੇ ਸ. ਕਿਰਪਾ ਸਿੰਘ ਦੇ ਭੋਗ ਸਮੇਂ ਸੰਤ ਨਗਰ ਵਿਖੇ ਸ. ਦਰਸ਼ਨ ਸਿੰਘ ਦੇ ਘਰ ਆਉਣਾ ਸੀ। ਆਪ ਜੀ ਦੇ ਮੁਲਾਕਾਤ ਲਈ ਇਸ ਘਰ ਸੈਂਕੜੇ ਲੋਕ ਇਕੱਤਰ ਸਨ। ਅੱਜ ਫਿਰ ਸੰਤ ਨਗਰ ਵਿਖੇ ਹੀ ਦੂਜਾ ਭੋਗ ਸੰਤ ਬੰਧਾਰਾ ਸਿੰਘ (ਸੰਤ ਦਰਿਆਮ ਸਿੰਘ ਦਾੜ੍ਹੀ ਵਾਲੇ ਦੇ ਸੰਬੰਧੀ) ਦੀ ਮਾਤਾ ਦਾ ਭੋਗ ਵੀ ਆਪ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ।

### ਨਾਮਧਾਰੀ ਜਿੰਨਿਕ ਮਿਲ

4 ਵਜੇ ਤਾਂ ਮੈਨੂੰ ਸ. ਸੇਵਾ ਸਿੰਘ-ਸੰਤੋਖ ਸਿੰਘ ਨਾਮਧਾਰੀ ਏਜੰਸੀ ਵਾਲਿਆਂ ਨੇ



Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਜਿੰਨਿੰਗ ਮਿਲ ਜੀਵਨ ਨਗਰ ਨੂੰ ਵੇਖਣ ਦਾ ਅਵਸਰ ਪੈਦਾ ਕਰ ਦਿਤਾ। ਸ. ਸੇਵਾ ਸਿੰਘ ਇਸ ਮਿਲ ਦੇ ਕੁਝ ਸਮਾ ਮੁਖ ਪ੍ਰਬੰਧਕ ਰਹੇ ਹਨ। ਮਿਲ ਵਿਚ ਗਏ ਤਾਂ ਕਪਾਹ ਦੇ ਢੇਰ ਚਮਕ ਰਹੇ ਸਨ। ਮਜ਼ਦੂਰ ਅਤੇ ਹੋਰ ਸੰਬੰਧਤ ਆਦਮੀ ਵੀ ਨਜ਼ਰ ਪਏ। ਸ. ਗਿਆਨ ਸਿੰਘ ਹੰਸਪਾਲ ਵੀ 9.2.1983 ਦੇ ਏਥੇ ਆਏ ਹੋਏ ਹਨ। ਆਪ ਨੇ ਸਾਨੂੰ ਆਪਣੇ ਨਾਲ ਲੈਕੇ ਮਿਲ ਦੇ ਸਾਰੇ ਕਾਰੋਬਾਰ ਨੂੰ ਵਖਾਇਆ।

ਇਸ ਵੇਲੇ ਮਿਲ ਵਿਚ ਤਿਨ ਯੂਨਿਟ ਹਨ ਜੋ ਕਿ ਕਪਾਹ ਤੋਂ ਵੜੇਵੇਂ ਵਖ ਵਖ ਕਰਦੇ ਹਨ।

ਇਸੇ ਤਰਾਂ ਸ. ਗਿਆਨ ਸਿੰਘ ਹੁਰਾਂ ਸਾਨੂੰ ਬੇਲਰ ਦਾ ਕਾਰਖਾਨਾ ਵੀ ਵਖਾਇਆ ਜਿਸ ਵਿਚ ਇਲਾਕੇ ਦੇ ਤੇਲ ਕਢੇ ਜਾਂਦੇ ਤੇ ਬਾਹਰ ਵੀ ਭੇਜੇ ਜਾਂਦੇ ਹਨ।

ਮੈਨੂੰ ਦੱਸਿਆ ਗਿਆ ਕਿ ਮਹਾਰਾਜ ਬੀਰ ਸਿੰਘ ਜੀ ਚਾਹੁੰਦੇ ਹਨ ਕਿ ਮਿਲ ਦੀਆਂ ਤਮਾਮ ਜ਼ਿਮੇਵਾਰੀਆਂ (ਲੈਣ-ਦੇਣ) ਸਤਿਗੁਰੂ ਜੀ ਅਦਾ ਕਰਨ ਤੇ ਮਿਲ ਮਹਾਰਾਜ ਜੀ ਦੇ ਹਵਾਲੇ ਕਰ ਦੇਣ।

## 18 ਫਰਵਰੀ 1983, ਸ਼ੁਕਰਵਾਰ
## ਮਸਤਾਨ ਗੜ੍ਹ (ਸਰਸਾ)

ਕੱਲ੍ਹ ਮੈਂ ਜਤਨ ਕਰਨ ਦੇ ਬਾਵਜੂਦ ਸੰਤ ਮਹਿੰਦਰ ਸਿੰਘ ਪਨਿਹਾਰੀ ਦੀ ਪੁਸਤਕ (ਖਰੜਾ) ਨਹੀ ਵੇਖ ਸਕਿਆ। ਉਨ੍ਹਾਂ ਦੇ ਮਨ ਵਿਚ ਮੇਰੇ ਪ੍ਰਤੀ ਸਦਭਾਵਨਾ ਤਾਂ ਸੀ ਪਰ ਪਰੇਸ਼ਾਨੀ ਵੀ ਜ਼ਰੂਰ ਹੋ ਸਕਦੀ ਸੀ। ਮੈਂ ਵੀ ਇਸ ਗੱਲੋਂ ਕੱਲ ਬੇਚੈਨ ਸਾਂ। ਮੈਂ ਅੱਜ ਸਵੇਰੇ ਹੀ ਬਾਜਵਿਆਂ ਦੇ ਘਰੋਂ ਵਿਦਾ ਲੈ, ਅੱਡੇ ਤੇ ਆ ਖਲੋਤਾ। ਪਤਾ ਲਗਾ ਕਿ ਸੰਤ ਮਹਿੰਦਰ ਸਿੰਘ ਕੱਲ ਮੈਨੂੰ ਵਖ ਵਖ ਥਾਈਂ ਤਲਾਸ਼ ਕਰਦੇ ਰਹੇ। ਰਾਤੀ ਅੰਮ੍ਰਿਤਸਰ ਕਲਾਂ ਚਲੇ ਗਏ। ਸਤਿਗੁਰੂ ਜੀ ਨੇ ਅੱਜ ਆਸਾ ਦੀ ਵਾਰ ਸਮੇਂ ਸੰਤਾਂ ਦੇ ਸੰਬੰਧੀਆਂ ਵਲ ਦਰਸ਼ਨ ਦੇਣੇ ਸਨ।

ਮੈਂ ਜੀਵਨ ਨਗਰ ਦਾ ਵਿਚਾਰ ਛਡ ਮਸਤਾਨ ਗੜ੍ਹ ਦਾ ਮਨ ਬਣਾ ਲਿਆ। ਸਬੱਬ ਨਾਲ ਸ. ਗੁਰਦੇਵ ਸਿੰਘ ਮਦਾਰ ਦਾ ਬੇਟਾ ਭਾਈ ਨਿਰਮਲ ਸਿੰਘ ਮਿਲ ਪਿਆ। ਉਹ ਮੈਨੂੰ ਮੋਟਰ ਸਾਈਕਲ ਤੇ ਮਸਤਾਨ ਗੜ੍ਹ ਲੈ ਗਿਆ। ਉਸ ਦੱਸਿਆ ਕਿ ਜਦੋਂ ਸਤਿਗੁਰੂ ਜੀ ਇਸ ਇਲਾਕੇ ਵਿਚ ਆ ਜਾਣ ਤਾਂ ਇਹ ਮੋਟਰ ਸਾਈਕਲ ਸਭ ਸੰਗਤ ਦੇ ਕੰਮ ਆਉਂਦਾ ਹੈ।

ਮਸਤਾਨ ਗੜ੍ਹ ਅਪੜਿਆਂ ਸਤਿਗੁਰੂ ਜੀ ਕਿਧਰੇ ਜਾਣ ਨੂੰ ਤਿਆਰ ਸਨ। ਕਾਰਾਂ ਤੇ ਮਾਟਾਡੋਰ ਕੋਲ ਸਵਾਰੀਆਂ ਖਲੋਤੀਆਂ ਸਨ। ਸ੍ਰੀ ਸਤਿਗੁਰੂ ਜੀ ਨੂੰ ਮੈਂ ਨਮਸਕਾਰ ਕੀਤੀ ਤਾਂ ਸੰਤ ਤਰਸੇਮ ਸਿੰਘ ਸਕੱਤਰ ਨੇ ਮੇਰੇ ਬਾਰੇ ਫ਼ਿਕਰਮੰਦੀ ਪਰਗਟ ਕੀਤੀ : ਕੱਲ੍ਹ ਬਲਬੀਰ ਦਿਲੋਂ ਤੁਹਾਡਾ ਪਾਸ ਪੋਰਟ ਦੇ ਗਿਆ ਹੈ ਅਤੇ ਮੈਂ ਦਲਜੀਤ ਸਿੰਘ ਗੁਇਕ ਟ੍ਰੈਵਲਰ ਨੂੰ ਭੇਜ ਦਿਤਾ ਹੈ। ਬਾਕੀ ਤਿਆਰੀ ਉਹ ਕਰ ਲੈਣਗੇ। ਕੱਲ੍ਹ ਤੁਸੀ ਜਦੋਂ ਕਿਧਰੇ ਵੀ ਨਜ਼ਰ ਨ ਪਏ ਤਾਂ ਫ਼ਿਕਰ ਹੋ ਗਿਆ ਕਿ ਠੀਕ ਹੋਣ ਸਹੀ। ਅਤੇ ਮੈਨੂੰ ਸਕੱਤਰ



Sri Satguru Jagjit Singh Ji Elibrary NamdhariElibrary@gmail.com

ਨੇ ਸਤਿਗੁਰੂ ਜੀ ਵਾਲੀ ਕਾਰ ਵਿਚ ਬੈਠਣ ਲਈ ਕਹਿ ਦਿਤਾ।

### ਸਿਰਫ ਫੋਟੋਗ੍ਰਾਫ਼ੀ ਲਈ

10.00 ਵਜ ਗਏ ਹਨ। ਸਤਿਗੁਰੂ ਜੀ ਦਾ ਸਾਰਾ ਜਥਾ ਗੁਰੂ ਹਰੀ ਸਿੰਘ ਮਹਾ ਵਿਦਿਆਲਾ ਨੂੰ ਹੋ ਗਿਆ। ਅਗੇ ਮਹਾ ਵਿਦਿਆਲੇ ਦੇ ਵਿਦਿਆਰਥੀ ਦੋ ਲੰਬੀਆਂ ਕਤਾਰਾਂ ਵਿਚ ਸੁਆਗਤ ਵਿਚ ਖਲੋਤੇ ਮਿਲ ਪਏ। ਸਫੈਦ ਬਸਤਰਾਂ ਵਿਚ ਪੰਜਵੀਂ ਤੋਂ 10ਵੀਂ ਤਕ ਦੇ ਵਿਦਿਆਰਥੀ।

ਸਰਸੇ ਤੋਂ ਮੰਗਵਾਇਆ ਗਿਆ ਇਕ ਫੋਟੋਗ੍ਰਾਫਰ ਸਟੈਂਡ ਤੇ ਪਲੇਟ ਕੈਮਰਾ ਲਈ ਤਿਆਰ ਸੀ। ਮਿੰਟਾਂ ਵਿਚ ਹਾਕੀ ਦੇ ਖਿਡਾਰੀ ਟ੍ਰਾਫੀਆਂ ਸਜਾਕੇ ਫੋਟੋ ਗ੍ਰਾਫੀ ਲਈ ਤਿਆਰ ਹੋ ਗਏ। ਸ੍ਰੀ ਸਤਿਗੁਰੂ ਜੀ ਵਿਚਾਲੇ ਖਲੋ ਗਏ। ਅਧਿਆਪਕਾਂ ਅਤੇ ਖਿਡਾਰੀਆਂ ਇਕ ਦੋ ਸਨੈਪ ਲੁਹਾ ਲਏ। ਅਤੇ ਝੱਟ ਹੀ ਸਾਡੀ ਵਾਪਸੀ ਮਸਤਾਨ ਗੜ੍ਹ ਨੂੰ ਹੋ ਪਈ।

### ਕੁਝ ਹੋਰ ਜ਼ਰੂਰੀ ਥਾਵਾਂ ਤੇ

ਸਤਿਗੁਰੂ ਜੀ ਨੇ ਅੱਜ 12 ਵਜੇ ਵਡਾਣੀਆਂ ਦੇ ਖੇੜ੍ਹ ਤੇ ਪਹੁੰਚਣਾ ਹੈ। ਏਥੇ ਸ. ਹਰੀ ਸਿੰਘ ਵਡਾਣੀਏ ਦੇ ਵੱਡੇ ਭਾਈ ਜੇ ਸਿੰਘ ਨਮਿਤ ਭੋਗ ਪਾਇਆ ਜਾਣਾ ਹੈ।

ਏਥੋਂ ਵਾਪਸ ਆਕੇ ਅੰਮ੍ਰਿਤਸਰ ਕਲਾਂ ਵਿਖੇ ਸ. ਅਵਤਾਰ ਸਿੰਘ ਦੀ ਪਤਨੀ, ਜੁ ਜਥੇਦਾਰ ਫੌਜਾ ਸਿੰਘ ਭੁੱਤਾਲੀਏ ਦੀ ਲੜਕੀ ਅਤੇ ਸ. ਗੁਰਬਖਸ਼ ਸਿੰਘ ਬੁਟਾਲਾ (ਹੁਸ਼ਿਆਰਪੁਰ) ਦੀ ਛੋਟੀ ਭੈਣ ਸੀ ਦੇ ਭੋਗ ਸਮੇ ਸਤਿਗੁਰੂ ਜੀ ਨੇ ਸ਼ਾਮਲ ਹੋਣਾ ਹੈ।

ਏਸੇ ਪਿੰਡ ਹੀ ਇਕ ਭੋਗ ਮਿਸਤਰੀ ਕਰਤਾਰ ਸਿੰਘ ਲਾਲੇ ਪੁਰੀਏ ਨਮਿਤ ਪੈਣਾ ਹੈ ਜੋ ਪਿਛਲੇ ਦਿਨੀ 200/- ਹੋਲੇ ਦੀ ਉਗਰਾਹੀ ਨਮਿਤ, ਘਰ ਦਿਆਂ ਨੂੰ ਸੰਭਾਲ ਕੇ, ਪੂਰਾ ਹੋਇਆ ਹੈ।

ਸੰਕੀਰਤਕਾਰਾਂ ਲਈ ਹੁਕਮ ਹੋਇਆ ਕਿ ਉਹ ਭੈਣੀ ਸਾਹਿਬ ਜਾਣ ਲਈ ਬਸਾਂ ਦਾ ਸਫਰ ਸ਼ੁਰੂ ਕਰਨ। ਅਸੀ ਸ. ਕਰਤਾਰ ਸਿੰਘ ਚੌਹਨ ਦੀ ਜੀਪ ਤੇ ਜੀਵਨ ਨਗਰ ਨੂੰ ਆਏ, ਜਿਥੋਂ ਅਗੋ ਮੈਂ ਅੰਮ੍ਰਿਤਸਰ ਕਲਾਂ ਨੂੰ ਜਾਣਾ ਸੀ। ਸ੍ਰ. ਚੌਹਨ ਤੋਂ ਪਤਾ ਲਗਾ ਕਿ ਏਸੇ ਜੀਪ ਤੇ ਬੈਠ ਕੇ ਹਜ਼ੂਰ ਨੇ ਵਡਾਣੀਆਂ ਦੇ ਖੇੜ੍ਹ ਤੇ ਜਾਣਾਂ ਹੈ।

### ਅੰਮ੍ਰਿਤਸਰ ਕਲਾਂ ਵਿਖੇ

ਸ. ਅਵਤਾਰ ਸਿੰਘ ਅੰਮ੍ਰਿਤਸਰ ਕਲਾਂ ਦੇ ਘਰ ਪਹੁੰਚਾ ਤਾਂ ਏਥੇ ਸ. ਮਹਿੰਦਰ ਸਿੰਘ ਪਨਿਹਾਰੀ ਸੁੱਤੇ ਪਏ ਮਿਲੇ। ਉਠ ਕੇ ਉਨ੍ਹਾਂ ਦਸਿਆ ਕਿ ਉਹ ਮੇਰੀ ਢੂੰਡ ਵਿਚ ਰਾਣੀਆਂ ਤੋਂ ਵੀ ਹੋ ਆਏ ਹਨ। ਮੇਰੀ ਲੜਕੀ ਉਪਮੇਸ਼ ਦਾ ਅਨੁਮਾਨ ਸੀ ਕਿ ਮੈਂ ਫੀਰੋਜ਼ਪੁਰ ਚਲਾ ਗਿਆ ਹੋਵਾਂਗਾ।

ਸ. ਅਵਤਾਰ ਸਿੰਘ ਦੇ ਘਰ ਖੁੱਲ੍ਹਾ ਅਤੇ ਸੋਧ ਦਾ ਲੰਗਰ ਤਿਆਰ ਸੀ। ਪਤਨੀ ਨਮਿਤ ਭੋਗ ਧਰਮਸਾਲਾ ਵਿਚ ਪਾਇਆ ਜਾਣਾ ਸੀ, ਜਿਥੇ 11 ਵਜੇ ਤੋਂ ਹੀ ਸੰਤ ਜੀਵਨ ਸਿੰਘ ਕਵੀਸ਼ਰੀ ਜਥੇ ਵਲੋ ਭਾਈ ਰਾਇ ਸਿੰਘ ਦਾ ਪ੍ਰਸੰਗ ਸੰਗਤਾਂ ਨੂੰ ਸੁਣਾਇਆ ਜਾ ਰਿਹਾ ਸੀ।



Sri Satguru Jagjit Singh Ji Elibrary NamdhariElibrary@gmail.com

ਮੈਂ ਸੰਤ ਮਹਿੰਦਰ ਸਿੰਘ ਨਾਲ ਉਨਾਂ ਦੇ ਦਾਮਾਦ ਸ. ਗੁਰਦੇਵ ਸਿੰਘ-ਸਪੁਤਰੀ ਜਸਬੀਰ ਕੌਰ ਘਰ, ਸੰਤਾਂ ਦੀ ਪੁਸਤਕ ਦੇ ਖਰੜੇ ਦੇ ਕੁਛ ਹਿਸੇ ਵੇਖ ਕੇ, ਰਾਣੀਆਂ ਜਾਣ ਵਾਸਤੇ ਤੁਰ ਆਇਆ।

### ਸੰਤ ਦਿਆਲ ਸਿੰਘ ਚੇਲੇਕਾ (90)

ਅੱਜ ਸਵੇਰੇ-ਸਵੇਰੇ ਮੈਂ ਚੇਲੇਕਿਆਂ ਦੇ ਡੇਰੇ (ਸੰਤ ਨਗਰ) ਪੁੱਜਾ। ਏਥੇ ਸੰਤ ਦਿਆਲ ਸਿੰਘ ਹੁਰਾਂ ਨੂੰ ਮਿਲਣਾ ਮੇਰਾ ਮਨੋਰਥ ਸੀ। ਇਹ ਕਈ ਪੰਥ ਵਿਚ ਕਥਾ ਵਾਰਤਾ ਕਰਦੇ ਰਹੇ ਅਤੇ ਵਿਦਵਾਨ ਸੱਜਣ ਹਨ। ਇਹਨਾਂ ਦੱਸਿਆ ਕਿ ਓਦੋਂ ਇਹ 10-12 ਸਾਲ ਦੇ ਸਨ ਜਦੋਂ ਗੁਰੂ ਹਰੀ ਸਿੰਘ ਜੀ ਇਹਨਾਂ ਦੇ ਪਿੰਡ ਚੇਲੇ ਕੀ (ਅੰਮ੍ਰਿਤਸਰ) ਆਏ। ਇਹਨਾਂ ਦੱਸਿਆ : ਸਾਡਾ ਸਾਰਾ ਪਿੰਡ ਹੀ ਨਾਮਧਾਰੀਆਂ ਦਾ ਸੀ। ਗੁਰੂ ਹਰੀ ਸਿੰਘ ਜੀ ਜਦੋਂ ਸਾਡੇ ਪਿੰਡ ਆਏ, ਆਪ ਜੀ ਬੱਘੀ ਤੇ ਸਵਾਰ ਸਨ। ਇਕ ਗੱਡਾ ਅਤੇ 10-12 ਸਰੀਰ ਹੋਰ ਨਾਲ ਸਨ। ਪਿੰਡ ਵਾਲਿਆਂ ਕਿਸੇ ਹੋਰ ਘਰ ਠਹਿਰਨ ਦਾ ਪ੍ਰਬੰਧ ਕੀਤਾ ਹੋਇਆ ਸੀ। ਪਰ ਸੱਚੇ ਪਾਤਸ਼ਾਹ ਉਸ ਘਰ ਜਾ, ਦਰਸ਼ਨ ਦੇ ਕੇ, ਫਿਰ ਸਾਡੇ ਘਰ ਆ ਗਏ। ਇਸਨੂੰ ਉਹ 'ਆਪਣਾ ਘਰ' ਕਿਹਾ ਕਰਦੇ ਸਨ। ਮੇਰੇ ਮਾਤਾ ਪਿਤਾ, ਬੀਬੀ ਭਾਵਾਂ ਤੇ ਸੰਤ ਨੌਬਾ ਸਿੰਘ ਹੋਰੀਂ ਸਨ। ਇਹਨਾਂ ਦੇ ਅਗੋਂ ਚੱਹੇ ਸਨ। ਸਭ ਤੋਂ ਵੱਡੇ ਸੰਤ ਮੇਹਰ ਸਿੰਘ, ਇਹ ਚੀਨ (ਦੇਸ) ਵਿਚ ਚਲੇ ਗਏ ਸਨ ਅਤੇ ਓਧਰ ਹੀ ਕਿਤੇ ਪੂਰੇ ਹੋ ਗਏ। ਦੂਜਾ ਭਰਾ ਕੇਹਰ ਸਿੰਘ, ਤੀਜਾ, ਰਾਜ ਸਿੰਘ, ਚੌਥਾ ਮੇਰਾ ਸਰੀਰ (ਦਿਆਲ ਸਿੰਘ) ਤੇ ਪੰਜਵੇਂ ਸੰਤ ਪ੍ਰੀਤਮ ਸਿੰਘ ਅਤੇ ਛੇਵਾਂ ਭਰਾ ਨਾਨੂੰ ਸਿੰਘ। ਜਿਸ ਦੀ ਸੰਤਾਨ ਇਸ ਡੇਰੇ ਵਿਚ ਵਸਦੀ ਹੈ।

ਸੰਤ ਦਿਆਲ ਸਿੰਘ ਦਾ ਦਾਦਾ ਚੰਦਾ ਸਿੰਘ ਗੁਰੂ ਰਾਮ ਸਿੰਘ ਜੀ ਦੇ ਵੇਲੇ ਦਾ ਸਿੱਖ ਸੀ। ਚੰਦਾ ਸਿੰਘ ਜੀ ਦੇ ਤਿੰਨ ਲੜਕੇ ਸਨ, ਸੰਤ ਨੌਬਾ ਸਿੰਘ, ਸੰਤ ਕਿਸ਼ਨ ਸਿੰਘ ਅਤੇ ਸੰਤ ਤੇਜਾ ਸਿੰਘ ਉਪਰੰਤ ਕਾਇਮਰਹਿੰਦੇ ਸੀ।

ਸਤਿਗੁਰੂ ਜੀ ਦਾ ਵਾਲੀ ਗਾਰਡ ਜਸਬੀਰ ਸਿੰਘ ਪੰਜਵੀਂ ਪੀੜ੍ਹੀ ਦਾ ਨਾਮਧਾਰੀ ਹੈ। ਇਕ ਦੋ ਘਟਨਾਵਾਂ ਇਹਨਾਂ ਆਪਣੀ ਯਾਦ ਚੋਂ ਹੋਰ ਸੁਣਾਈਆਂ :

(1) ਜਦੋਂ ਗੁਰੂ ਹਰੀ ਸਿੰਘ ਜੀ ਮੇਰੀ ਜ਼ਿੰਦਗੀ ਵਿਚ ਪਹਿਲੀ ਵਾਰ ਸਾਡੇ ਪਿੰਡ ਆਏ ਤਾਂ ਸਾਡੇ ਰਾਹ ਵਿਚ ਖਾਲ ਦੇ ਕੋਲ ਇਕ ਬਹੁਤ ਵੱਡਾ ਖੱਡਾ ਸੀ, ਉਸ ਵਿਚ ਪਾਣੀ ਸੀ। ਸਤਿਗੁਰੂ ਜੀ ਘੋੜਿਆਂ ਵਾਲੀ ਬੱਘੀ ਤੇ ਆ ਰਹੇ ਸਨ ਅਤੇ ਬੈਲ ਗੱਡਾ ਵੀ ਨਾਲ ਚਲ ਰਿਹਾ ਸੀ, ਗੱਡਾ ਉਸ ਚਲ੍ਹੇ ਵਿਚ ਅਜਿਹਾ ਫਸਿਆ ਕਿ ਬਲਦਾਂ ਤੋਂ ਨਿਕਲ ਨ ਸਕਿਆ। ਬਲਦ ਲੰਮਾ ਸਫਰ ਕਰਕੇ ਆਏ ਲਗਦੇ ਸਨ। ਬਲਦਾਂ ਦੀ ਬੇਵਸੀ ਵੇਖਕੇ ਸਾਡੇ ਬਾਪੂ ਜੀ ਆਪਣਾ ਬਲਦ ਲੈ ਆਏ। ਉਸਨੇ ਜੂਲੇ ਤੇ ਜੁਪ ਅਜਿਹਾ ਜ਼ੋਰ ਮਾਰਿਆ ਕਿ ਇਕ ਪਹੀਆ ਗੱਡੇ ਦਾ ਬਾਹਰ ਆ ਗਿਆ। ਗੱਡਾ ਮੁੜ ਗਿਆ। ਦੂਜਾ ਪਹੀਆ ਅਜੇ ਗਾਰ੍ਹੇ ਵਿਚ ਹੀ ਸੀ। ਫਿਰ ਸਾਡੇ ਬਲਦ ਨੂੰ ਦੋਧਰ ਜੋਇਆ ਗਿਆ ਤੇ ਗੱਡਾ ਬਾਹਰ ਆ ਗਿਆ। ਇਸ ਮੌਕੇ ਗੁਰੂ ਹਰੀ ਸਿੰਘ ਜੀ ਕੋਲ ਹੀ ਸਨ। ਉਨ੍ਹਾਂ ਸਾਡੇ ਬਲਦ ਦੀ ਪਿੱਠ ਤੇ ਹੱਥ ਫੇਰਦਿਆਂ ਬਚਨ ਕੀਤਾ : ਨੌਬਾ ਸਿੰਘਾ ! ਤੇਰਾ ਬੈਲ ਬੜਾ ਤਗੜਾ ਹੈ। ਸਾਡੇ

ਤਾਂ ਹੈਰਾਨ ਪਏ ਸਨ। ਸਾਡੇ ਬਾਪੂ ਜੀ ਨੇ ਉੱਤਰ ਵਿਚ ਅਰਜ਼ ਕੀਤੀ : ਸੱਚੇ ਪਾਤਸ਼ਾਹ ਜੀ, ਇਹ ਬਲਦ ਆਪ ਜੀ ਦਾ ਹੀ ਹੈ। ਅੱਗੇ ਤੋਂ ਇਹ ਆਪ ਜੀ ਦੀ ਸੇਵਾ ਕਰਿਆ ਕਰੇ ਗਾ। ਅਤੇ ਉਹ ਬੈਲ ਮੱਥਾ ਟੇਕ ਦਿਤਾ।

(2) ਅਜੇ ਸੰਤ ਦਿਆਲ ਸਿੰਘ ਜੀ ਦੀ ਮਾਤਾ, ਤਾਵਾਂ, ਮੰਗੀ ਵਿਆਹੀ ਨਹੀਂ ਸੀ ਹੋਈ ਕਿ ਗੁਰੂ ਹਰੀ ਸਿੰਘ ਜੀ ਦੌਰਾ ਕਰਦੇ ਇਸ ਦੇ ਪਿੰਡ ਨਾਰਲੀ (ਲਾਹੌਰ) ਪਹੁੰਚੇ। ਇਹ ਬੀਬੀ ਸਾਧ ਸੰਗਤ ਦੇ ਬਰਤਨ ਮਾਂਜਦੀ ਏਧਰ ਉਧਰ ਫਿਰ ਰਹੀ ਸੀ ਕਿ ਗੁਰੂ ਹਰੀ ਸਿੰਘ ਜੀ ਨੇ ਆਵਾਜ਼ ਦਿਤੀ : ਆ ਨੀ ਅੱਠ ਭਰਾਵੀਏ ਤੇ ਅੱਠ ਪੁੱਤੀਏ। ਉਹ ਅਠਾਂ ਭਰਾਵਾਂ ਦੀ ਭੈਣ ਸੀ ਅਤੇ ਉਹਦੇ ਘਰ ਵੀ ਅੱਠ ਪੁਤਰ ਹੋਏ। ਜਦੋਂ ਉਹ ਸੰਤ ਨੱਥਾ ਸਿੰਘ ਨਾਲ ਵਿਆਹੀ ਗਈ।

(3) ਇਸੇ ਦੌਰੇ ਦੀ ਗੱਲ ਹੈ, ਸੰਤ ਦਿਆਲ ਸਿੰਘ ਜੀ ਦੇ ਨਾਨਾ ਸੰਤ ਬਘੇਲ ਸਿੰਘ ਨਾਰਲੀ ਵਾਲਿਆਂ ਨੇ ਗੁਰੂ ਹਰੀ ਸਿੰਘ ਜੀ ਨੂੰ ਬੇਨਤੀ ਕੀਤੀ : ਬੜੇ ਅਚਰਜ ਸਾਧੂ ਤੋਂ ਸਾਧਾਰਨ ਪਾਠ ਕਰਵਾਇਆ ਹੈ। ਏਨਾ ਸ਼ੁਧ ਤੇ ਵਧੀਆ ਪਾਠ ਕਰਨ ਵਾਲਾ ਕੋਈ ਨਹੀਂ। ਸਤਿਗੁਰੂ ਜੀ ਨੇ ਇਹ ਬਚਨ ਸੁਣਕੇ ਨਾਰਾਜ਼ਗੀ ਪਰਗਟ ਕੀਤੀ। ਕਹਿਣ ਲਗੇ : ਅਜਿਹਾ ਕੇਹੜਾ ਸਾਧੂ ਹੈ, ਸਾਨੂੰ ਵੀ ਵਖਾਲ। ਬਘੇਲ ਸਿੰਘ ਜੀ ਨੇ ਉੱਤਰ ਦਿਤਾ : ਜੀ ਉਹ ਉਦਾਸੀ ਸਾਧੂ ਹੈ। ਸਤਿਗੁਰੂ ਜੀ ਨਾਰਾਜ਼ ਹੋ ਗਏ। ਵਾਕ ਕੀਤਾ : ਜਾਹ ਤੇਰਾ ਮੇਲਾ ਹੀ ਨਿਹਫਲ ਹੋ ਗਿਆ। ਅਸੀਂ ਤਾਂ ਦਰਗਾਹ ਖਾਲੀ ਕਰਕੇ ਸਾਰੇ ਨਾਮਧਾਰੀ ਬਣਾ ਕੇ ਲਿਆਂਦੇ ਹਨ, ਤੂੰ ਸਾਨੂੰ ਹੋਰ ਹੀ ਸਾਧਾਂ ਦੀ ਦੱਸ ਪਾ ਰਿਹਾ ਏਂ ! ਬਾਬਾ ਬਘੇਲ ਸਿੰਘ ਕੰਬ ਉਠੇ। ਦੋਵੇਂ ਹੱਥ ਜੋੜ ਕੇ ਖਲੋ ਗਏ। ਬੋਲੇ : ਸੱਚੇ ਪਾਤਸ਼ਾਹ, ਕਿਰਪਾ ਕਰੋ। ਗ਼ਲਤੀ ਹੋ ਗਈ। ਸਤਿਗੁਰੂ ਜੀ ਨੇ ਬਚਨ ਕੀਤਾ : ਇਹ ਤਾਂ ਹੁਣ ਨਿਹਫਲ ਹੀ ਹੈ। ਪਰ ਜੇ ਹੋਰ ਮੇਲਾ ਕਰਵਾਏਂ ਗਾ ਤਾਂ ਉਹਦਾ ਫਲ ਮਿਲੇਗਾ। ਬਾਬਾ ਬਘੇਲ ਸਿੰਘ ਨੇ ਅਰਜ਼ ਕੀਤੀ : ਜੀ, ਹੁਣੇ ਦੂਜੇ ਮੇਲੇ ਦੀਆਂ ਤਾਰੀਖ਼ਾਂ ਨਿਸਚਿਤ ਕੀਤੀਆਂ ਜਾਣ ਅਤੇ ਪਾਠ ਕਰਨ ਵਾਲੇ ਸਿੰਘ ਪਾਠੀ ਦਾ ਨਾਮ ਵੀ। ਜਦੋਂ ਬਾਬਾ ਜੀ ਨੇ ਦੂਜਾ ਮੇਲਾ ਕੀਤਾ ਤਾਂ ਸਤਿਗੁਰੂ ਜੀ ਬੜੇ ਪ੍ਰਸੰਨ ਹੋਏ। ਫ਼ਰਮਾਇਓ ਨੇ : ਜਾਹ ਬਘੇਲ ਸਿੰਘਾ ! ਤੇਰਾ ਪਹਿਲਾ ਮੇਲਾ ਵੀ ਹਰਾ (ਸਫਲ) ਕਰ ਦਿਤਾ। ਗੁਰੂ ਕੀਆਂ ਖੁਸ਼ੀਆਂ।

### ਪੜੀ ਦੀ ਚਿੱਠੀ

ਅੱਜ ਸ਼ਾਮੀ ਜਦੋਂ ਮੈਂ ਰਾਣੀਆਂ ਪਹੁੰਚਾ ਤਾਂ ਮੇਰੇ ਦਾਮਾਦ ਸ. ਬਲਬੀਰ ਸਿੰਘ ਰਿਲੇ ਦੁਆਰਾ, ਮੇਰੀਆਂ ਦਿੱਲੀ ਤੋਂ ਆਈਆਂ ਤਿਨ ਚਿਠੀਆਂ ਮਿਲੀਆਂ। ਇਕ ਚਿੱਠੀ ਸੰਤ ਪ੍ਰੀਤਮ ਸਿੰਘ ਫਰਵਾਹੀ ਵਾਲਿਆਂ ਦੀ ਪੇਸ਼ ਕਰਦਾ ਹਾਂ ਤਾਕਿ ਉਹਨਾਂ ਦੀ ਲਟਕ-ਮਟਕ ਅਤੇ ਪ੍ਰੇਮ ਦਾ ਪਤਾ ਲਗ ਸਕੇ :

ੴ

*ਪ੍ਰਮੇਸ਼ਰ ਮੌਜੂਦਾ ਸ੍ਰੀ ਸਤਿਗੁਰੂ ਜੀ ਸਹਾਇ।*

*17.2.83*



Sri Satguru Jagjit Singh Ji Elibrary NamdhariElibrary@gmail.com

ਪੰਦਰਾਂ ਸਤਿਗੁਰੂ, ਪੰਦਰਾਂ ਪਿਆਰ ਦਿਲ ਵਿਚੋਂ ਬਾਹਰ ਕਢ ਕੇ ਵੀਰ ਕਵੀ ਜੀ ਤੁਹਾਨੂੰ ਦਿੰਦਾ ਹਾਂ। ਤੁਸੀ ਝਕ ਕੇ ਤੇ ਦਰਸ਼ਨ ਕਰਕੇ ਖੁਸ਼ ਹੋਵੋ, ਪ੍ਰਫੁਲਤ ਹੋਵੋ, ਸੁਖੀ ਹੋਵੋ। ਮਾਤਲੋਕ ਵਿਚ ਮਹਾਂ ਅਨੰਦ ਭੋਗੋ। ਮਹਾਂ ਆਨੰਦ ਭੋਗੋ। ਸੁਖੀ ਰਹੋ ਜੋੜੀ। ਜੋੜੀ ਮਹਾਂ ਖੁਸ਼ੀ ਰਹੋ।

ਵੀਰ ਕਵੀ ਜੀ ਮੇਰੇ ਪਾਸ ਕੋਈ ਧਨ ਦੁਨੀਆਂ ਦਾ ਨਹੀ। ਮੈ ਨਿਰਧਨ ਹਾ ਮੇਰੇ ਪਾਸ ਸਿਰਫ਼ ਇਕ ਪਿਆਰ ਹੀ ਪਿਆਰ ਹੈ। ਪਿਆਰ ਦੀ ਸੇਵਾ ਕਰਕੇ ਰੋਟੀ ਖਾਂਦਾ ਹਾਂ। ਉਮੈਦ ਹੈ ਤੁਸੀ ਰੋਜ਼ੀ ਦੇਈ ਜਾਓਗੇ। ਦੇਖਤ ਹੈ ਪਰ ਦੇਤਿ ਨ ਹਾਰੈ।

ਅਖੀਰ ਸਮੇ ਸਤਿਗੁਰੂ ਜੀ ਦੇ ਨਾਲ ਮੰਡੀ ਗਿਆ। ਦਰਿਆ ਵਾਲੀ ਕੋਠੀ। ਅਖੀਰ 20 ਦਿਨ ਠਹਿਰੇ। ਇਕ ਦਿਨ ਮੈਨੂੰ ਆਖਣ ਲਗੇ, ਬਾਬਾ, ਦਰਿਆ ਦੇਖਣ ਜਾਣਾ ਹੈ। ਤਾਂ ਮੇਰੇ ਨਾਲ ਆਹਿਸਤਾ ਆਹਿਸਤਾ ਡੰਡਿਆਂ ਦੀ ਪੌੜੀ ਉਤੇ ਉਤਰੇ। ਦਰਿਆ ਵਲ ਚਲੇ ਗਏ। ਦਰਿਆ ਨਜ਼ਦੀਕ ਜਾਕੇ, ਖੜੇ ਹੋਕੇ ਆਖਣ ਲਗੇ, ਇਕ ਹੱਥ ਮੇਰੀ ਧੌਣ ਨੂੰ ਪਾਇਆ ਹੋਇਆ, ਇਕ ਹੱਥ ਸੋਟੀ ਨੂੰ ਫੜਿਆ ਹੋਇਆ। ਮੈਨੂੰ ਪਕੜ ਕੇ ਖੜੇ ਹੋਏ ਆਖਣ ਲਗੇ, ਦਰਿਆ ਵਿਚ ਕਿੰਨੇ ਰੰਗਾਂ ਦਾ ਪਾਣੀ ਹੈ?

ਮੈ ਆਖਿਆ, ਸਤਿਗੁਰੂ ਜੀ ਤਿਨ ਚਾਰ ਰੰਗ ਦਾ ਪਾਣੀ ਹੈ। ਮੰਡੀ ਸ਼ਹਿਰ ਦਾ, ਸੁਕੇਤੀ ਖੱਡ ਦਾ, ਕੁਲੂ ਮਨਾਲੀ ਦਾ। ਜਗਾ ਜਗਾ ਦੇ ਪਾਣੀ ਆਉਂਦੇ ਹਨ।

ਹੁਕਮ ਹੋਇਆ, ਸਾਰੇ ਲੰਘਦੇ ਜਾਂਦੇ ਹਨ। ਮੈ ਭੀ ਆਖਿਆ, ਹਾਂ ਜੀ, ਸਾਰੇ ਲੰਘਦੇ ਜਾਂਦੇ ਹਨ। ਸਤਿਗੁਰੂ ਜੀ ਕਹਿਣ ਲਗੇ, ਦੁਖ ਔਰ ਸੁਖ ਸਾਰੇ ਲੰਘ ਜਾਣੇ ਹਨ। ਦੁਖ ਅਤੇ ਸੁਖ ਸੌਕੇ ਭਰਾ ਹਨ। ਨਾ ਦੁਖ ਨੇ ਰਹਿਣਾ ਹੈ ਨਾ ਸੁਖ ਨੇ। ਕਦੇ ਉਸਦੀ ਵਾਰੀ ਆ ਜਾਂਦੀ ਹੈ, ਕਦੇ ਉਸਦੀ, ਪ੍ਰੀਤਮ ਸਿੰਘਾ, ਚੜ੍ਹਦੇ ਤੋਂ ਆਥਣ ਦੇ ਤਕ ਸਭ ਦੀ ਹਾਰ ਹੈ। ਇਹ ਦੁਨੀਆਂ ਦਾ ਬਾਗ ਐਸਾ ਹੀ ਹੈ। ਇਕੇਲਾ ਆਇਆ, ਇਕੇਲਾ ਚਲਾ ਗਿਆ। ਚਲਤੇ ਵਕਤ ਕੋਊ ਕਾਮ ਨ ਆਇਆ। ਸੋ ਵੀਰ ਕਵੀ ਜੀ ਸੰਸਾਰ ਦੇ ਫੁਲਾਂ ਦੀ ਖੁਸ਼ਬੋ ਲੈ ਕੇ ਤਿਆਗ ਦਿਆ ਕਰੋ। ਕਿਸੇ ਵਕਤ ਆਪਣੇ ਮੰਜੇ ਤੇ ਬੈਠਕੇ ਆਪਣੇ ਆਪ ਦੇ ਦਰਸ਼ਨ ਕਰਿਆ ਕਰੋ।....."

ਠਾਕੁਰ ਦਲੀਪ-ਸਿੰਘ ਜੀ ਦੇ ਕਿਸੇ ਸਕੱਤਰ ਵਲੋ ਕੇਵਲ ਇਕ ਕਟਿੰਗ ਹੀ ਭੇਜਿਆ ਗਿਆ। ਕਿਸੇ ਅਖਬਾਰ ਦਾ ਨਾਂ ਨਹੀ। ਇੰਗਲਿਸ਼ ਟ੍ਰਿਬਿਊਨ ਮਾਲੂਮ ਹੁੰਦਾ ਹੈ। ਇਸ ਤੇ ਤਾਰੀਖ ਵੀ ਕੋਈ ਨਹੀ। ਇਸ ਵਿਚ ਸ੍ਰੀ ਸਤਿਗੁਰੂ ਜੀ, ਮਾਸਟਰ ਨਿਹਾਲ ਸਿੰਘ, ਸੰਤ ਹਰਬੰਸ ਸਿੰਘ ਫੌਜੀ ਹੁਰਾਂ ਨਾਲ ਹਾਕੀ ਟੀਮ ਦੀ ਸ਼ੀਲਡ ਅਤੇ ਕੱਪਾਂ ਨਾਲ ਖਿਡਾਰੀਆਂ ਦੀ ਫੋਟੋ ਹੈ। ਅਤੇ ਨਾਲ ਸ. ਪ੍ਰਭਜੋਤ ਸਿੰਘ ਦਾ ਤਿਨ ਕਾਲਮਾ ਮਜ਼ਮੂਨ ਹੈ। ਲੇਖ ਦਾ ਨਾਂ ਹੈ 'ਨਾਮਧਾਰੀਜ਼ ਟੇਕ ਹਰਿਆਣਾ ਟੂ ਟਾਪ'।

**NAMDHARIS TAKE HARYANA TO TOP**

**CHANDIGARH : Namdhari Vidyak Jatha is an established name in Indian hockey today.**

**Members of the hockey team of this jatha steal the show wherever**



Sri Satguru Jagjit Singh Ji Elibrary NamdhariElibrary@gmail.com

they play, not only because of their white uniform but the necesties of the game they have mastered with sincere hard work and training.

They have shown good results in all the tournaments they have played during the past five years. In 1979, members of the team attended a coaching camp held on the campus of Punjab Agricultural University under the watchful eyes of the former penalty corner specialist, Prithipal Singh. The Jeewan Nagar boys have never looked back since then. They won the Nehru Junior Hockey Tournament besides topping the leading hockey teams of the country, including the E.M.E. and the B.E.G., in All-India hockey tournaments last year.

Thanks to the jatha, Haryana made their maiden entry in the final of the National Junior Hockey Championship at Jabalpur. The team comprised only Namdhari players. On their way to the final, Haryana beat their fancied opponents and immediate neighbours, Punjab, by a solitary goal in the semifinals.

Members of the team study in a school run by Namdharis at Jeewan Nagar in Sirsa district. The headquarter of the sect, however, is at Bhaini Sahib near Ludhiana.

An interesting feature of this team is the uniform. No member of the team is allowed to play without the traditional kit. The kit includes a white turban, a white top and a kacchhura (underwear) — turned-shorts.

"The uniform does not hamper their movements on the field," says Thakur Dalip Singh, son of Satguru Jagjit Singh, the head of the sect. Further, the team members prepare their own food, drink in their own steel containers besides attending a rigorous schedule which includes recitation of Gurbani, regular studies and three to four hours of training.

An idea of the love this sect has for the game can be ascertained from the fact that all members of the team were taken to Bombay to witness the fifth World Cup Hockey Tournament and to New Delhi during the ninth Asian Games. Thakur Dalip Singh also shot some films at Bombay and Delhi on the game for use during the training of the team.

The top scorer of the Moscow Olympic Games Hockey Tournament, Devinder Singh, a deep defender from Punjab Police, is also a member of this sect. Kewal Singh, Hira Singh, Sukhdev Singh and Angrez Singh — all former members of the jatha hockey team — have played for Combined Universities in major hockey tournaments.

Certain leading players are regularly invited to Bhaini Sahib and Jeewan Nagar for five-a-side matches for the benefit of young Namdharis. At present Major Singh, a former Olympian, is the coach of the team.

— Prabhjot Singh



Sri Satguru Jagjit Singh Ji Elibrary NamdhariElibrary@gmail.com

## 20 ਫ਼ਰਵਰੀ 1983, ਐਤਵਾਰ
## ਨਵੀਂ ਦਿੱਲੀ

ਮੈਂ ਕੱਲ੍ਹ 1.30 ਵਜੇ ਦਾ ਦਿੱਲੀ ਪਹੁੰਚ ਗਿਆ ਹਾਂ। ਅੱਜ ਮੈਂ ਅਤੇ ਗੁਰਦੇਵ ਸਿੰਘ ਸਰੋਦ ਸ਼ੰਕਰ ਲਾਲ ਫੈਸਟੀਵਲ ਮਾਡਰਨ ਸਕੂਲ ਵਿਚ, ਪੰ: ਭੀਮ ਸੈਨ ਜੋਸ਼ੀ ਨੂੰ ਸੁਣਕੇ ਆਏ।

### ਕੰਮ ਸਤਿਗੁਰਾਂ ਹੀ ਕਰਨੇ ਹਨ

ਪਰਸੋਂ ਦੀ ਸੰਤ ਦਿਆਲ ਸਿੰਘ ਖੁਰੰਬਾ ਦੀ ਇਕ ਗੱਲ ਚੇਤੇ ਆਈ। ਉਸ ਦੱਸਿਆ: ਸਤਿਗੁਰੂ ਜੀ ਦੀ ਇੱਛਾ ਸੀ ਕਿ ਮੈਂ ਬੰਗਲੌਰ ਜਾਕੇ ਸੇਵਾ ਕਰਾਂ। ਮੇਰੇ ਖੇਤਾਂ ਵਿਚੋਂ ਕਿਸੇ ਮੋਟਰ ਚੁਰਾ ਲਈ ਸੀ। ਮੈਂ ਉਸਦਾ ਪ੍ਰਬੰਧ ਕਰਨਾ ਸੀ। ਸਤਿਗੁਰੂ ਜੀ ਹੁਕਮ ਕੀਤਾ : ਪੈਸੇ ਲੈ ਜਾਓ, ਮੋਟਰ ਲੈ ਆਓ। ਨਵੀਂ ਲਗਵਾ ਲਓ। ਮੈਂ ਫਿਰ ਅਰਜ਼ ਕੀਤੀ : ਦੀਨ ਦਿਆਲ ਕਿਸੇ ਆਦਮੀ ਤੋਂ ਕੁਝ ਰਕਮ ਲੈਣੀ ਹੈ। ਪੈਸੇ ਮੇਰੇ ਉਹ ਦਿੰਦਾ ਨਹੀਂ। ਕੁਝ ਦਿਨਾਂ ਦੀ ਮੋਹਲਤ ਦਿਓ। ਆਪ ਨੇ ਹੁਕਮ ਕੀਤਾ : ਸਾਨੂੰ ਦੱਸ, ਪੈਸੇ ਵਾਪਸ ਕਰਵਾ ਦਿਆਂਗੇ, ਤੂੰ ਬੰਗਲੌਰ ਚੱਲ। ਦਿਆਲ ਸਿੰਘ ਨੇ ਹੱਸਦਿਆਂ ਕਿਹਾ : ਮੈਂ ਸਤਿ ਬਚਨ ਕੀਤਾ। ਜੇ ਮੇਰੇ ਕੰਮ ਸਤਿਗੁਰੂ ਜੀ ਹੀ ਸਵਾਰਨੇ ਹਨ ਤਾਂ ਮੈਂ ਕਿਉਂ ਨਾ ਹੁਕਮ ਮੰਨ ਕੇ ਬੰਗਲੌਰ ਜਾਵਾਂ !

### ਚਾਚਾ ਚੰਡੀਗੜ੍ਹੀਆ

ਠਾਕਰ ਦਲੀਪ ਸਿੰਘ ਜੀ ਵਲੋਂ ਰੋਜ਼ਾਨਾ 'ਅਜੀਤ' ਜਲੰਧਰ ਦੇ 21.11.82 ਦੀ ਇਕ ਫੋਟੋ ਸਟੇਟ ਕਾਪੀ ਮੈਨੂੰ ਭੇਜੀ ਗਈ ਹੈ। ਇਸ ਵਿਚ 'ਚਾਚਾ ਚੰਡੀਗੜ੍ਹੀਏ ਦਾ ਦਿੱਲੀ ਤੇ ਧਾਵਾ' ਹਸਾਉਣਾ ਲੇਖ ਹੈ। ਲੇਖ ਸ. ਗੁਰਨਾਮ ਸਿੰਘ ਤੀਰ ਦਾ ਹੈ।

ਇਸ ਲੇਖ ਵਿਚ ਚਾਚੇ ਨੂੰ ਏਸ਼ੀਆਈ ਖੇਡਾਂ ਵਿਚ ਕਿਸੇ ਨ ਕਿਸੇ ਤਰ੍ਹਾਂ ਪਹੁੰਚਾਇਆ ਗਿਆ ਹੈ। ਚਾਚੇ ਨੂੰ ਵੇਖ ਇਕ ਖੇਡ ਪ੍ਰਬੰਧਕ ਪੁਛਦਾ ਹੈ : "ਤੁਸੀਂ ਕੀ ਕਰਦੇ ਪਏ ਓ ਜੀ ? ਚਾਚੇ ਨੇ ਕਿਹਾ : ਅਸੀਂ ਸੰਤਾਂ (ਲੌਂਗੋਵਾਲ) ਦੇ ਹੁਕਮ ਦੀ ਪਾਲਣਾ ਕਰ ਰਹੇ ਹਾਂ ਜੀ। ਖੇਡਾਂ ਵਿਚ ਕੋਈ ਵਿਘਨ ਨਹੀਂ ਪਾ ਰਹੇ ਪਰ ਖੇਡਾਂ ਵਿਚ ਪਏ ਵਿਘਨ ਨੂੰ ਸਿੱਧਿਆਂ ਕਰ ਰਹੇ ਹਾਂ ਜੀ। ਜੇਕਰ ਖੇਡਾਂ ਖੇਡਾਂ ਦੇ ਤੌਰ ਤੇ ਖੇਡੀਆਂ ਜਾਣ ਤਾਂ ਜੀਵਨ ਨਗਰ ਸਰਸਾ ਦੇ ਦੂਜੇ ਭੁਜੰਗੀਆਂ ਦੀ ਹਾਕੀ ਟੀਮ ਉਲੰਪਿਕ ਵਿਚ ਮੈਚ ਜਿੱਤ ਕੇ ਆ ਸਕਦੀ ਹੈ, ਜੇ ਖੇਡਾਂ ਵਿਚ ਕੋਈ ਰਾਜਨੀਤੀ ਪਾਈ ਜਾਵੇ ਤਦ ਪਹਿਲੇ ਦੂਜੇ ਮੈਚ ਵਿਚ ਹੀ ਭਾਰਤੀ ਟੀਮਾਂ ਉਖੜਦੀਆਂ ਦਿਸਣਗੀਆਂ, ਜਿਵੇਂ ਕਿ ਉਹ ਉਖੜਦੀਆਂ ਆਈਆਂ ਹਨ"।

ਏਨੇ ਸ਼ਬਦ ਸਾਡੇ ਨਾਲ ਸੰਬੰਧਤ ਹਨ, ਬਾਕੀ ਦਾ ਲੇਖ ਵੀ ਖਾਸਾ ਦਿਲਚਸਪ ਹੈ।



Sri Satguru Jagjit Singh Ji Elibrary NamdhariElibrary@gmail.com

## 22 ਫਰਵਰੀ 1983, ਮੰਗਲਵਾਰ
## ਨਵੀਂ ਦਿੱਲੀ

ਕੱਲ੍ਹ ਸੇਠ ਤਿਰਲੋਕ ਸਿੰਘ ਹੁਰਾਂ ਨੂੰ ਮਿਲਿਆਂ ਮਾਲੂਮ ਹੋਇਆ ਸੀ ਕਿ ਸਤਿਗੁਰੂ ਜੀ ਉਸ ਦਿਨ ਨਹੀਂ ਆ ਸਕੇ, ਸਗੋਂ ਅੱਜ ਸਵੇਰੇ ਲੁਧਿਆਣੇ ਤੋਂ ਫਲਾਈਟ ਲੈ ਕੇ ਦਿਨੇ ਆਉਣਗੇ। ਇਸ ਹਿਸਾਬ ਮੈਂ ਆਪਣੀ ਸੁਪਤਨੀ ਗੁਰਬਚਨ ਕੌਰ ਨਾਲ 11 ਵਜੇ ਸ੍ਰੀ ਦਰਸ਼ਨਾਂ ਲਈ ਸ੍ਰੀ ਹਰੀ ਪ੍ਰਤਾਪ ਨਿਵਾਸ ਪਹੁੰਚਾ। ਕੋਠੀ ਦੇ ਵਿਹੜੇ ਵਿਚ ਕਾਰਾਂ ਦਾ ਤਾਂਤਾ ਸੀ। ਸੜਕ ਤੇ ਵੀ ਰੌਣਕ ਸੀ। ਲੰਗਰ ਵਿਚ ਬੀਬੀ ਇੰਦਰ ਕੌਰ - ਸੁਰਜੀਤ ਕੌਰ ਦਾ ਜਥਾ ਸਬਜ਼ੀਆਂ ਚੀਰ-ਕੱਟ ਬਣਾ ਰਿਹਾ ਸੀ। ਕੁਝ ਸਿੰਘ ਲੰਗਰ ਛਕ ਵੀ ਰਹੇ ਸਨ। ਬਾਹਰ ਬੈਂਚਾਂ ਤੇ ਵੀ ਕੁਝ ਇਸਤਰੀਆਂ ਬੈਠੀਆਂ ਸਨ।

**ਸਤਿਗੁਰ ਜੀ ਦੇ ਕਮਰੇ ਵਿਚ**

ਅਗ ਰੱਖਿਅਕਾਂ ਦੀ ਟੋਲੀ ਕੋਲੋਂ ਲੰਘਦਾ, ਉਪਰਲੀ ਛੱਤੇ ਜਾ, ਸਤਿਗੁਰੂ ਜੀ ਦੇ ਆਰਾਮ ਕਮਰੇ ਦਾ ਮਲਕੜੇ ਜੇਹਾ ਬੂਹਾ ਖੋਲ੍ਹਿਆ। ਸਤਿਗੁਰੂ ਜੀ, ਸਕੱਤਰ ਤਰਸੇਮ ਸਿੰਘ, ਸੇਵਕ ਬਲਦੇਵ ਸਿੰਘ ਉਤਦੀ ਲੰਘਦੀ ਨਜ਼ਰ ਮੇਰਾ ਅੰਦਰ ਆਉਣਾ ਪਰਵਾਨ ਕਰਦੀ ਸੀ। ਸਤਿਗੁਰੂ ਜੀ ਗੋਡਿਆਂ ਤਕ ਕੰਬਲ ਵਲ੍ਹੇਟੀ ਪਏ ਸਨ ਅਤੇ ਹੁਣ ਉਠਣ ਹੀ ਵਾਲੇ ਸਨ। ਆਪ ਜੀ ਦੇ ਬੈਡ ਸਾਹਵੇਂ ਬੀਬਾ ਸਾਹਿਬ ਕੌਰ ਜੀ ਅਤੇ ਸ੍ਰੀ ਵਿਸ਼ੇਸ਼ਰ ਸਿੰਘ ਬਾਵੇ ਜੀ ਦੀ ਸੁਪਤਨੀ ਬੀਬੀ ਬਲਜੀਤ ਕੌਰ ਆਪਣੀ ਬੱਚੀ ਨਾਲ ਬੈਠੀ ਸੀ।

**ਵਰਨੀ ਹਜ਼ਾਰੀ ਬਾਗ ਵਿਚ**

ਮੇਰਾ ਧਿਆਨ ਆਪਣੇ ਵੱਲ ਦਿਵਾਂਦਿਆਂ ਸਕੱਤਰ ਤਰਸੇਮ ਸਿੰਘ ਨੇ ਦੱਸਿਆ: ਸਤਿਗੁਰੂ ਜੀ ਦੇ ਬਚਨ ਵਿਚ ਕੋਈ ਵਿਸ਼ੇਸ਼ ਸ਼ਕਤੀ ਹੈ। ਅਸਾਂ ਆਪਣੇ ਤੌਰ ਤੇ ਬੜੀ ਕੋਸ਼ਸ਼ ਕੀਤੀ ਕਿ ਹਜ਼ਾਰੀ ਬਾਗ (ਬਿਹਾਰ) ਸੂਬਾ ਸਾਹਿਬ ਸਿੰਘ ਜੀ ਦੇ ਸ਼ਹੀਦੀ ਸਥਾਨ ਉਤੇ ਅਖੰਡ ਭਜਨ ਵਰਨੀ ਚਾਲੂ ਕਰਨ ਲਈ ਸਾਨੂੰ ਕੁਝ ਸਿੰਘ ਮਿਲਣ। ਅਸਾਂ ਜ਼ਿਲਾ ਲੁਧਿਆਣਾ ਅਤੇ ਦੂਜੇ ਜ਼ਿਲਿਆਂ ਵਿਚ ਪਹੁੰਚ ਕੀਤੀ, ਪਰ ਸਾਨੂੰ ਕਿਸੇ ਹੁੰਗਾਰਾ ਨਹੀਂ ਦਿਤਾ। ਸ੍ਰੀ ਸਤਿਗੁਰੂ ਜੀ ਨੇ ਪਰਸੋਂ ਕੌਂਦਪੁਰ (ਜ਼ਿਲਾ ਹੁਸ਼ਿਆਰ ਪੁਰ) ਵਿਚ ਦਰਸ਼ਨ ਦਿਤੇ। ਅਤੇ ਸਿੱਖਾਂ ਨੂੰ ਪ੍ਰੇਰਨਾ ਦਿਤੀ। 8-10 ਸਿੰਘ ਉਸੇ ਵੇਲੇ ਹਜ਼ਾਰੀ ਬਾਗ ਜਾਣ ਲਈ ਤਿਆਰ ਹੋ ਗਏ।

ਇਹ ਸੁਣ ਸਤਿਗੁਰੂ ਜੀ ਮੁਸਕਰਾਏ : ਇਸ ਵਿਚ ਮੇਰੀ ਸ਼ਕਤੀ ਤਾਂ ਕੋਈ ਨਹੀਂ ਹੁੰਦੀ, ਕੇਵਲ ਜਤਨ ਹੁੰਦਾ ਹੈ, ਪਰ ਸਤਿਗੁਰੂ ਮੇਰੀ ਇੱਜ਼ਤ ਪਤ ਰਖ ਲੈਂਦੇ ਹਨ। ਅਤੇ ਫਿਰ ਸਕੱਤਰ ਨੇ ਮੇਰੇ ਵਲ ਇਕ ਰੁੱਕਾ ਵਧਾਇਆ, ਜਿਸ ਉਤੇ ਉਨ੍ਹਾਂ ਸਿੰਘਾਂ ਦੇ ਨਾਮ ਸਨ, ਜਿਨ੍ਹਾਂ ਹਜ਼ਾਰੀ ਬਾਗ ਜਾ ਕੇ ਨਿਰੰਤਰ ਵਰਨੀ ਅਰਥਾਤ ਅਖੰਡ ਵਰਨੀ ਜਾਰੀ ਕਰਨੀ ਸੀ।

ਅਗਲੀ ਗੱਲ ਕਰਨ ਤੋਂ ਪਹਿਲਾਂ ਮੈਂ ਉਹ ਫਹਿਰਿਸਤ ਦੇਖ ਦਿੰਦਾ ਹਾਂ :

1. ਸੰਤ ਇੰਦਰ ਸਿੰਘ ਪਿੰਡ ਫਟਾਰੀਆਂ ਖਾਸ, ਜ਼ਿਲਾ ਜਲੰਧਰ



Sri Satguru Jagjit Singh Ji Elibrary NamdhariElibrary@gmail.com

2. ਸੰਤ ਅਰਜਨ ਸਿੰਘ ਪਿੰਡ ਢਾਡਾ ਕਲਾਂ ਖਾਸ, ਜ਼ਿਲਾ ਹੁਸ਼ਿਆਰਪੁਰ
3. ਸੰਤ ਸੁੱਚਾ ਸਿੰਘ, ਮੁਹੱਲਾ ਬਾਣੀਆਂ, ਮੁਕੇਰੀਆਂ ਜ਼ਿਲਾ ਹੁਸ਼ਿਆਰਪੁਰ
4. ਸੰਤ ਗੁਰਦੀਪ ਸਿੰਘ ਪਿੰਡ ਸਿੰਘ ਪੁਰਾ, ਡਾ. ਡਾਂਗਰਾ ਜ਼ਿਲਾ ਹੁਸ਼ਿਆਰ ਪੁਰ
5. ਸੰਤ ਅਮਰੀਕ ਸਿੰਘ ਪਿੰਡ ਸਿੰਘ ਪੁਰਾ ਡਾ. ਡਾਂਗਰਾ ਜ਼ਿਲਾ ਹੁਸ਼ਿਆਰ ਪੁਰ
6. ਸੰਤ ਦੇਵਾ ਸਿੰਘ ਰਾਮਗੜੀਆ, ਮਕਾਨ ਨੰ. 187, ਪਿੰਡ ਬੋਦਾ, ਦਸੂਹਾ ਜ਼ਿਲਾ ਹੁਸ਼ਿਆਰ ਪੁਰ
7. ਜਥੇਦਾਰ ਸੰਤਾ ਸਿੰਘ ਪਿੰਡ ਟੇਰਕੀਆਂ ਪੰਡੋਰੀ, ਡਾ. ਟੇਰਕੀਆਂ, ਵਾਸਤਾ ਦਸੂਹਾ
8. ਸੰਤ ਬਹਾਦਰ ਸਿੰਘ, ਢੇਹ ਬਰਨਾਲਾ, ਡਾ. ਡਾਂਗਰਾ ਜ਼ਿਲਾ ਹੁਸ਼ਿਆਰ ਪੁਰ

## ਮੇਰਾ ਜੀ ਕਰਦਾ ਰਹਿੰਦਾ ਹੈ

ਸਤਿਗੁਰੂ ਜੀ ਬਚਨ ਕੀਤਾ : ਮੇਰਾ ਜੀ ਤਾਂ ਕਰਦਾ ਹੀ ਰਹਿੰਦਾ ਹੈ ਕਿ ਜਿਥੇ ਸਾਧ ਸੰਗਤ ਬਹੁਤੀ ਹੋਵੇ, ਉਥੇ ਨਿਰੰਤਰ ਭਜਨ ਵਰਨੀ ਦਾ ਪਰਵਾਹ ਭੀ ਜਾਰੀ ਹੋ ਜਾਵੇ। ਇਹ ਚੰਗੀ ਗੱਲ ਹੀ ਹੈ। ਇਸ ਨਾਲ ਵਾਤਾਵਰਣ ਵਿਚ ਸਵੱਛਤਾ ਆਉਂਦੀ ਹੈ। ਈਸ਼ਵਰ ਦਾ ਨਾਮ ਲੈਣਾ, ਸਦਗੁਣਾਂ ਵਲ ਰੁਚਿਤ ਹੋਣਾ ਹੈ। ਯੂ.ਪੀ. ਫਾਰਮ ਖਰੀਦਿਆ ਤਾਂ ਉਥੇ ਵਰਨੀ ਚਾਲੂ ਕਰਵਾਈ। ਹੁਣ ਜੇ ਉਹ ਫਾਰਮ ਤਬਾਦਲਾ ਕਰਕੇ ਹੋਰ ਲੋਕਾਂ ਨੂੰ ਦੇ ਦਿਤਾ ਤਾਂ ਨੇੜੇ ਦੇ ਸਿੰਘਾਂ ਨੇ ਫੇਰ ਜਤਨ ਕੀਤਾ ਹੈ। ਕਿ ਯੂ.ਪੀ. ਫਾਰਮ ਵਿਚ ਭਜਨ ਵਰਨੀ ਜਾਰੀ ਰਹੇ। ਉਦਮ ਇਹ ਸਾਧ ਸੰਗਤ ਦਾ ਹੀ ਹੈ। ਮਸਤਾਨ ਗੜ੍ਹ, ਜੀਵਨ ਨਗਰ, ਦਮਦਮੇ, ਭੈਣੀ ਸਾਹਿਬ, ਬੈਂਗਲੋਰ, ਯੂ.ਪੀ., ਤੇ ਹਜ਼ਾਰੀ ਬਾਗ ਵਿਚ ਜੋ ਅਖੰਡ ਭਜਨ ਵਰਨੀਆਂ ਚਲ ਰਹੀਆਂ ਹਨ ਤਾਂ ਇਹ ਸਤਿਗੁਰਾਂ ਦਾ ਹੀ ਪੁੰਨ ਪਰਤਾਪ ਹੈ, ਮੇਰਾ ਨਹੀਂ। ਮੈਨੂੰ ਤਾਂ ਖੁਸ਼ੀ ਹੁੰਦੀ ਹੈ ਕਿ ਲੋਕ ਭਲੇ ਪਾਸੇ ਲੱਗੇ ਹੋਏ ਹਨ।

## ਕਿਰਪਾ ਵੈਸਾਖੀਆਂ ਵਾਲੇ ਤੇ

ਇਸ ਬਚਨ ਦੇ ਖਤਮ ਹੁੰਦਿਆਂ ਹੀ ਦੀਨ ਦਿਆਲ ਜੀ ਛੇਤੀ-ਛੇਤੀ ਉਠੇ ਅਤੇ ਅੰਦਰੋਂ ਬਾਹਰ ਨਿਕਲ ਗਏ। ਫਿਰ ਪੌੜੀਆਂ ਉਤਰਦਿਆਂ ਹੀ ਇਕ ਸਾਂਵਲੇ ਰੰਗ ਦਾ ਜੁਆਨ ਵੈਸਾਖੀਆਂ ਦੇ ਸਹਾਰੇ ਸਤਿਗੁਰੂ ਜੀ ਦੇ ਚਰਨਾਂ ਵਲ ਝੁਕਿਆ। ਸਤਿਗੁਰੂ ਜੀ ਨੇ ਕਿਰਪਾ ਦ੍ਰਿਸ਼ਟੀ ਕੀਤੀ, ਸੁਖ ਆਨੰਦ ਪੁੱਛੀ। ਉਹ ਹੱਸ ਕੇ ਬੋਲਿਆ : ਆਪ ਜੀ ਦੀ ਕਿਰਪਾ ਹੈ। ਹੁਣ ਠੀਕ ਹਾਂ। ਹੱਡੀ ਵਾਂ ਸਿਰ ਬੈਠ ਗਈ ਹੈ।

ਇਹ ਯੂ.ਪੀ. ਦਾ ਭਈਆ ਸਤਿਗੁਰੂ ਜੀ ਦਾ ਸੇਵਕ ਹੈ। ਪਿਛਲੇ 3-4 ਮਹੀਨੇ ਤੋਂ ਸੰਤ ਬਲਵੰਤ ਸਿੰਘ ਸੇਖੋਂ ਦੇ ਉਦਮ ਨਾਲ ਮੈਡੀਕਲ ਇੰਸਟੀਚਿਊਟ ਦਾ ਇਕ ਡਾਕਟਰ ਇਸ ਦਾ ਇਲਾਜ ਕਰ ਰਿਹਾ ਹੈ। ਸਤਿਗੁਰਾਂ ਨੇ 'ਜੀਵਨ' ਨੂੰ ਸੇਖੋਂ ਹੁਰਾਂ ਦੇ ਹਵਾਲੇ ਕੀਤਾ ਹੋਇਆ ਹੈ।

## ਕਹਾਣੀ ਕੁਝ ਸਿੰਘਾਂ ਦੀ

ਡੇਰੇ ਨਾਲ ਹੀ 8-10 ਸੂਟਕੇਸ, ਬਿਸਤਰੇ ਅਤੇ ਟਰੰਕ ਆਦਿ ਪਏ ਸਨ। ਕੋਲ ਖਲੋਤੇ



Sri Satguru Jagjit Singh Ji Elibrary NamdhariElibrary@gmail.com

ਸਨ ਪਿੰਡ ਰੌਤ, ਜ਼ਿਲਾ ਲੁਧਿਆਣਾ ਦੇ ਤਿਨ ਨਾਮਧਾਰੀ ਸਿੰਘ ਅਤੇ ਸ. ਸੁਲੱਖਣ ਸਿੰਘ ਸੂਰ, ਮੈਂਬਰ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ। ਮੈਨੂੰ ਸਕੱਤਰ ਤਰਸੇਮ ਸਿੰਘ ਨੇ ਏਧਰ ਤੁਰਦਿਆਂ ਦੱਸਿਆ : ਤੁਹਾਨੂੰ ਮੈਂ ਕਹਾਣੀ ਫਿਰ ਸੁਣਾਵਾਂਗਾ। ਸਤਿਗੁਰਾਂ ਇਹਨਾਂ ਗਰੀਬ ਸਿਖਾਂ ਤੇ ਕਿਰਪਾ ਕੀਤੀ ਹੈ। ਮੈਂ ਇਕ ਫੋਟੋਗਰਾਫ ਲਿਆ। ਹੁਣ ਸਤਿਗੁਰੂ ਜੀ ਅਗੇ ਲੰਘ ਗਏ ਹਨ। ਆਪਾਂ ਸਾਰੀ ਕਹਾਣੀ ਸੁਣ ਸਮਝ ਲਈਏ।

ਤਿਨ ਨੌਜਵਾਨ ਇਰਾਕ ਦੇਸ ਵਿਚ ਕਮਾਈ ਕਰਨ ਦੇ ਖਿਆਲ ਨਾਲ ਗਏ। ਦੋ ਸਾਲ ਹੋ ਗਏ ਸਨ। ਹੁਣ ਉਨ੍ਹਾਂ ਨੂੰ ਅੱਗੇ ਕੰਮ ਮਿਲਣ ਦੀ ਆਸ ਨਹੀ ਸੀ। ਢਿੱਟੀ, ਜ਼ਿਲਾ ਜਲੰਧਰ ਦਾ ਪਿਆਰਾ, ਪਿੰਡ ਰੌਤ ਜ਼ਿਲਾ ਲੁਧਿਆਣਾ ਦਾ ਬਹਾਦਰ ਸਿੰਘ ਨਾਮਧਾਰੀ (ਸਪੁੱਤਰ ਸ੍ਰੀ ਦਸੌਧਾ ਸਿੰਘ) ਅਤੇ ਇਕ ਹੋਰ, ਤਿੰਨੇ ਹੀ 30 ਤੋਂ 32 ਸਾਲ ਦੀ ਉਮਰ ਦੇ। ਇਹ 15 ਫਰਵਰੀ ਨੂੰ ਪਾਲਮ ਦੇ ਹਵਾਈ ਅੱਡੇ ਤੇ ਆਣ ਉਤਰੇ। ਕਸਟਮ ਕਰਵਾਕੇ ਆਏ ਤਾਂ ਤਿਨਾਂ ਨੂੰ ਪੇਂਡੂ ਜਾਣਕੇ ਦਿੱਲੀ ਦੇ ਗੁੰਡੇ ਪਿਛੇ ਲਗ ਤੁਰੇ। ਇਹ ਟੈਕਸੀ ਕਰਕੇ ਗੁਰਦੁਆਰਾ ਸੀਸ ਗੰਜ ਅਪੜੇ। ਸਾਮਾਨ ਜਮਾਂ ਕਰਵਾਇਆ। ਟੋਕਨ ਲਿਆ। ਪਰ ਗੁੰਡਿਆਂ ਦਾ ਗਰੋਹ ਇਹਨਾਂ ਨੂੰ ਘੇਰੀ ਫਿਰਦਾ ਰਿਹਾ। ਉਹ ਇਹਨਾਂ ਨੂੰ ਜਾਨੋਂ ਮਾਰ ਦੇਣ ਦਾ ਡਰਾਵਾ ਦੇ ਰਹੇ ਅਤੇ ਸਾਮਾਨ ਮੰਗ ਰਹੇ ਸਨ। ਅਤੇ ਇਕ ਜਣੇ ਨੂੰ ਤਾਂ ਉਹ ਵਖ ਕਰਕੇ ਲੈ ਵੀ ਗਏ। ਬਾਕੀ ਦੇ ਦਾਅ ਲਾਕੇ ਅਰੋਘਰੀ ਜਾਣ ਵਿਚ ਸਫਲ ਹੋ ਗਏ। ਤੀਜਾ ਵੀ ਘੜੀਆਂ-ਘੜੀਆਂ ਖੁਹਾਕੇ, ਜਾਨ ਬਚਾ ਕੇ ਮਸਾਂ ਦਿੱਲੀਓ ਨਿਕਲਿਆ। ਅਠਾਰਾਂ ਵੀਹ ਜਣਿਆਂ ਦਾ ਗੁੰਡਾ ਗਰੂਹ ਜ਼ਰੂਰ ਹੀ ਅਜਿਹੇ ਸਧਾਰਨ ਬੰਦਿਆਂ ਨੂੰ ਮਾਰਦਾ-ਕੁਟੱਦਾ-ਲੁੱਟਦਾ ਹੋਵੇਗਾ

ਰੌਤ ਵਾਲੇ ਸਿੰਘਾਂ ਸ੍ਰੀ ਸਤਿਗੁਰੂ ਜੀ ਅੱਗੇ ਜਾ ਅਰਜ਼ ਕੀਤੀ ਜੋ ਕੁਝ ਵਾਪਰਿਆ ਸੀ। ਅਤੇ ਸਾਮਾਨ ਵਾਪਸੀ ਦਾ ਤਰਲਾ ਲਿਆ। ਸਤਿਗੁਰੂ ਜੀ ਨੇ ਇਹਨਾਂ ਦੇ ਹੱਥੀ ਸੰਤ ਤਰਸੇਮ ਸਿੰਘ ਤੇ ਸ. ਸੁਲੱਖਣ ਸਿੰਘ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਕ ਰੁੱਕਾ ਲਿਖ ਭੇਜਿਆ ਕਿ ਸਾਮਾਨ ਹਰ ਤਰਾਂ ਇਨ੍ਹਾਂ ਨੂੰ ਦਿਵਾਇਆ ਜਾਵੇ। ਟੋਕਨ ਆਦਿ ਦਾ ਚੱਕਰ ਨ ਪਾਇਆ ਜਾਏ। ਲਗ ਭਗ 50,000/- ਦਾ ਇਹ ਸਾਮਾਨ ਸ. ਸੁਲੱਖਣ ਸਿੰਘ ਇਹਨਾਂ ਜਵਾਨਾਂ ਦਾ ਕਢਾਕੇ ਲਿਆਏ ਹਨ। ਇਹ ਰੌਤ ਦੇ ਤਿੰਨੇ ਜੁਆਨ ਸਾਮਾਨ ਲੈ ਕੇ ਘਰ ਪਹੁੰਚਣਗੇ।

## ਦਰਸ਼ਨਾਂ ਦੇ ਯਾਚਕ

ਮੈਂ ਪੌੜਚ ਵਲ ਵਧਿਆ ਜਿਧਰ ਸੱਚੇ ਪਾਤਸ਼ਾਹ ਗਏ ਸਨ। ਏਧਰ ਕਾਫੀ ਸਾਰੇ ਨਰ ਨਾਰ ਸਤਿਗੁਰੂ ਜੀ ਦੀ ਡੀਕਿਆ ਵਿਚ ਖਲੋਤੇ ਸਨ। ਸ. ਸੇਵਾ ਸਿੰਘ ਨਾਮਧਾਰੀ ਏਵੇਂਸੀਚ ਦਾ ਸਾਰਾ ਪਰਵਾਰ, ਮਾ. ਨਿਹਾਲ ਸਿੰਘ ਪ੍ਰਧਾਨ ਨਾਮਧਾਰੀ ਦਰਬਾਰ ਅਤੇ ਉਨ੍ਹਾਂ ਦਾ ਸਪੁੱਤਰ ਸ. ਮੋਹਣ ਸਿੰਘ, ਕੈਨੇਡਾ ਦੀ ਬੀਬੀ ਕੁਲਦੀਪ ਕੌਰ, ਇਸ ਦਾ ਲੜਕਾ ਸ੍ਰੀ ਦੇਵਿੰਦਰਜੀਤ ਸਿੰਘ, ਬੀਬੀ ਕ੍ਰਿਸ਼ਨਾ ਜਵਾਹਰ ਸਿੰਘ, ਬੀਬੀ ਬਲਬੀਰ ਕੌਰ ਅਤੇ ਇਸਦਾ ਪਤੀ ਸ. ਸਵਰਨ ਸਿੰਘ, ਸ਼ਾਸਤਰੀ ਨਗਰ, ਸ. ਰਾਮ ਰਤਨ ਸਿੰਘ ਤੇ ਉਹਦਾ ਪਰਵਾਰ, ਬੇਬੇ ਰਾਮ ਰੱਖੀ, ਸ. ਹਰਚਰਨ ਸਿੰਘ ਸਲੂਜਾ, ਡਾਲਟਨ ਗੰਜ ਆਦਿ ਅਨੇਕਾ ਸਿੰਘ ਖਲੋਤੇ

Sri Satguru Jagjit Singh Ji Elibrary NamdhariElibrary@gmail.com

ਹੋਏ ਸਨ। ਸ. ਜਸਵੰਤ ਸਿੰਘ ਬੀਬੀ ਬਲਕਾਰ ਕੌਰ ਦਾ ਪਤੀ ਕਿਸੇ ਸਰੀਰਕ ਰੋਗ ਦਾ ਗ੍ਰਸਤ ਕਾਰ ਵਿਚ ਹੀ ਏਥੇ ਸੀ। ਜਾਪਦਾ ਸੀ ਜਿਵੇਂ ਸ. ਸੇਵਾ ਸਿੰਘ ਇਹਨਾਂ ਬਾਰੇ ਕੋਈ ਅਰਜ਼ ਕਰਨਾ ਚਾਹੁੰਦੇ ਸਨ।

ਸਾਧ ਸੰਗਤ ਦੇ ਝੁਰਮੁਟ ਵਿਚ ਹੀ ਸਤਿਗੁਰੂ ਜਗਜੀਤ ਸਿੰਘ ਕਾਰ ਦੀ ਪਿਛਲੀ ਸੀਟ ਤੇ ਬੈਠੇ ਹੋਏ ਸ. ਜਸਵੰਤ ਸਿੰਘ ਨਾਲ ਬਚਨ ਕੀਤੇ। ਬੇਸ਼ਕ ਮੈਂ ਸੁਣ ਨਹੀਂ ਸਕਿਆ ਪਰ ਸਤਿਗੁਰੂ ਜੀ ਹਮੇਸ਼ਾਂ ਰੋਗੀਆਂ ਤੇ ਨਿਸੰਤਿਆਂ ਨੂੰ ਦਰਸ਼ਨ ਦੇ ਕੇ ਮਾਨਸਿਕ ਸ਼ਕਤੀ ਪ੍ਰਦਾਨ ਕਰਿਆ ਕਰਦੇ ਹਨ। 10 ਕੁ ਮਿੰਟ ਇਵੇਂ ਹੀ ਦਰਸ਼ਨ ਦਿੰਦਿਆਂ ਅਤੇ ਬਚਨ ਕਰਦਿਆਂ ਲੰਘੇ।

## ਜੀਪ ਵਿਚ ਦਰਸ਼ਨ

ਥੋੜਾ ਕੁ ਅਗੇ ਲੰਘੇ ਤਾਂ ਸ. ਸੇਵਾ ਸਿੰਘ ਦੀ ਨਵੀਂ ਜੀਪ ਆਪ ਜੀ ਦੀ ਇੰਤਜ਼ਾਰ ਵਿਚ ਖਲੋਤੀ ਸੀ। ਸਤਿਗੁਰੂ ਜੀ ਨੂੰ ਜੀਪ ਵਿਚ ਚਰਨ ਪਾਉਣ ਦੀ ਬੇਨਤੀ ਸੀ। ਮੁਸਕਰਾਂਦੇ ਹੋਏ ਸਤਿਗੁਰੂ ਜੀ ਸਟੇਅਰਿੰਗ ਵਾਲੀ ਸੀਟ ਤੇ ਜਾ ਬੈਠੇ। ਮੈਂ ਫੋਟੋ ਲੈਣ ਹਿਤ ਜ਼ਰਾ ਕੁ ਅੱਗੇ ਹੋਇਆ ਤਾਂ ਆਪ ਜੀ ਕਹਿਣ ਲਗੇ : ਬਿਨਾ ਚਲਾਣ ਤੋਂ ਜੀਪ ਦਾ ਚਾਲਕ ਬਣ ਗਿਆ ਹਾਂ। ਗਵਾਹੀ ਤੁਹਾਡੇ ਪਾਸ ਹੋਵੇਗੀ। ਸੇਵਾ ਸਿੰਘ ਪਰਵਾਰ ਗਦਗਦ ਪ੍ਰਸੰਨ ਸੀ। ਸਿਖ ਨੂੰ ਆਪਣੇ ਸਤਿਗੁਰੂ ਤੇ ਮਾਣ ਹੈ, ਸਤਿਗੁਰੂ ਨੂੰ ਆਪਣੇ ਸਿਖ ਤੇ।

## ਕੁਛ ਹੋਰ ਦਰਸ਼ਨ ਪ੍ਰੇਮੀ

ਸਤਿਗੁਰੂ ਜੀ ਮੁੜ ਏਥੋਂ ਹੀ ਉਪਰਲੀ ਛੱਤ ਨੂੰ ਹੋਏ। ਸ. ਅਵਤਾਰ ਸਿੰਘ ਸਰਵਦੇਵ ਬੈਂਕੋਕ, ਏਥੇ ਨਜ਼ਰ ਪਿਆ। ਸ. ਅਮਰ ਸਿੰਘ ਚਾਵਲਾ ਅਤੇ ਸ਼ਾਇਦ ਦੂਜਾ ਜਣਾ ਇਸਦਾ ਭਾਈ ਸੀ, ਓਹ ਵੀ ਨਾਲ ਹੋ ਤੁਰੇ। ਇਕ ਸਾਬਕਾ ਸੇਵਕ, ਸਾਡੇ ਬਚਪਨ ਦਾ ਸਾਥੀ ਸੰਤ ਪਾਲਾ ਸਿੰਘ ਵੀ ਕਿਸੇ ਅਰਜ਼ ਲਈ ਆਇਆ ਹੋਇਆ ਸੀ। ਉਪਰਲੀ ਛੱਤੇ ਗਏ ਤਾਂ ਸ. ਅਵਤਾਰ ਸਿੰਘ (ਨਿਰਮਾਣ ਸਪੁੱਤਰ), ਉਸਦਾ ਭਤੀਜਾ ਤੇ ਇਕ ਮਿਤਰ, ਬੀਬੀ ਕਿਰਪਾਲ ਕੌਰ ਲੰਗਰ ਸੇਵਕਾ ਦੀਆਂ ਧੀਆਂ ਤੇ ਜੁਆਤਰਾ, ਸੰਤ ਸੁਖਦਰਸ਼ਨ ਸਿੰਘ ਆਰਕੀਟੈਕਟ-ਪਰਵਾਰ, ਰਤ ਵਾਲੇ ਸਿੰਘ, ਸੰਤ ਅਵਤਾਰ ਸਿੰਘ ਨਾਮਧਾਰੀ ਪ੍ਰਿੰਟਿੰਗ ਵਰਕਸ, ਸੰਤ ਹਰਭਜਨ ਸਿੰਘ, ਸੰਤ ਜਸਵੰਤ ਸਿੰਘ ਦਰਜ਼ੀ, ਸੰਗੀਤਕ ਜੱਥਾ : ਸ੍ਰੀ ਗੁਰਦੇਵ ਸਿੰਘ, ਹਰਭਜਨ ਸਿੰਘ, ਮੋਹਨ ਸਿੰਘ, ਸੁਖਦੇਵ ਸਿੰਘ, ਬਲਜੀਤ ਸਿੰਘ, ਸੁਖਵਿੰਦਰ ਸਿੰਘ ਧਿੰਗੀ, ਅਮਰ ਸਿੰਘ ਔਜਲਾ, ਸੇਠ ਚਾਵਲਾ ਅਤੇ ਸ. ਹਰਵਿੰਦਰ ਸਿੰਘ ਸਾਰੇ ਹੀ ਦਰਸ਼ਨਾਂ ਦੇ ਮੁਤਲਾਸ਼ੀ ਸਨ। ਸਭ ਨੇ ਹੀ ਕੁਛ ਨ ਕੁਛ ਵਾਰਤਾਲਾਪ ਸਤਿਗੁਰੂ ਜੀ ਨਾਲ ਕੀਤੀ।

ਸ. ਗੁਰਦੇਵ ਸਿੰਘ ਮਦਾਰੀਆ ਅੱਜ ਮਿਲਿਆ। ਉਸਨੇ ਸੋਤੀਆ ਅਤੇ ਕ੍ਰਿਸ਼ਨ ਗੋਦਾਰਾ ਦਾ ਪਰਸਪਰ ਵਿਵਾਦ ਅਤੇ ਲੜਾਈ ਦੀ ਕਹਾਣੀ ਸੁਣਾਈ ਜਿਸ ਵਿਚ ਇਹ ਵੀ ਫਸ ਚਲੇ ਸਨ, ਪਰ ਸਤਿਗੁਰੂ ਜੀ ਕ੍ਰਿਪਾ ਕੀਤੀ ਤੇ ਇਹ ਬਚ ਰਹੇ।



Sri Satguru Jagjit Singh Ji Elibrary NamdhariElibrary@gmail.com

## ਪਿੱਛੋਂ ਗਏ ਸਾਥੀ

ਸੰਤ ਮਹਿੰਦਰ ਸਿੰਘ ਪੁਰਬਾ ਵੀ ਅੱਜ ਕੋਈ ਬਾਰਾਂ ਵਜੇ ਦੁਪਹਿਰੇ ਹੀ ਪੁੱਜਿਆ। ਸਤਿਗੁਰੂ ਜੀ ਨਾਲ ਨਹੀਂ ਆ ਸਕਿਆ। ਸੰਤ ਤਰਸੇਮ ਸਿੰਘ ਜ਼ਿਲ੍ਹਾ ਸਕੱਤਰ ਨੇ ਦੱਸਿਆ ਕਿ ਸ੍ਰੀ ਸਤਿਗੁਰੂ ਜੀ ਤਾਂ ਬੀਤੀ ਰਾਤੀ 9.30 ਵਜੇ ਹੀ ਦਿੱਲੀ ਪਹੁੰਚ ਚੁਕੇ ਸਨ। ਸਾਡਾ ਖਿਆਲ ਸੀ ਆਪ ਜੀ ਅੱਜ ਗਿਆਰਾਂ ਵਜੇ ਜਹਾਜ਼ ਤੇ ਲੱਥਣਗੇ। ਇਕ ਵਜੇ ਦੇ ਕਰੀਬ ਠਾਕੁਰ ਦਲੀਪ ਸਿੰਘ ਵੀ ਆ ਗਏ। ਠਾਕੁਰ ਜੀ ਜਦੋਂ ਆਪਣੇ ਤਾਏ (ਸਤਿਗੁਰੂ ਜੀ) ਦੀ ਧੀ ਬੀਬਾ ਜੀ ਨੂੰ ਮਿਲੇ ਤਾਂ ਦੋਹਾਂ ਭੈਣ ਭਰਾਵਾਂ ਇਕ ਦੂਜੇ ਦੇ ਚਰਨੀ ਹੱਥ ਲਾਇਆ। ਸੰਤ ਜਗਤਾਰ ਸਿੰਘ ਜੀ ਵੀ ਅੰਦਰੋਂ ਨਿਕਲ ਠਾਕੁਰ ਜੀ ਨਾਲ ਸਤਿਕਾਰ ਵਟਾਇਆ। ਠਾਕਰ ਜੀ ਬੀਬਾ ਜੀ ਨੂੰ ਪੁਛਿਆ: ਬੰਗਲੌਰ ਜਾ ਰਹੇ ਹੋ? "ਹਾਂ, ਹੁਕਮ ਤਾਂ ਮੈਨੂੰ ਵੀ ਹੋਇਆ ਹੈ।" ਠਾਕਰ ਜੀ ਤਾਂ ਅਜ 3.30 ਵਜੇ ਨਊਂਏ ਪਹਿਰ ਜਾ ਰਹੇ ਹਨ।

## ਅਗਲਾ ਪ੍ਰੋਗਰਾਮ

ਏਥੇ ਮੈਨੂੰ 19.2.83 ਦੀ ਕੁਇਕ ਟ੍ਰੈਵਲਜ਼ ਦੇ ਇਕ ਡਾਇਰੈਕਟਰ ਸ. ਦਿਲਜੀਤ ਸਿੰਘ ਸੇਖੋਂ ਦੀ ਕੌਲ ਯਾਦ ਆ ਗਈ ਹੈ। ਮੈਂ ਆਪਣਾ ਅਫਰੀਕਾ ਜਾਣਾ ਕਨਫਰਮ ਕਰਨ ਗਿਆ ਤਾਂ ਸ. ਦਲਜੀਤ ਸਿੰਘ ਸੇਖੋਂ ਤੋਂ ਹੋਰ ਵੀ ਜਾਣਕਾਰੀ ਲਈ। ਉਸ ਦੇ ਅਨੁਸਾਰ 22.2.83 ਨੂੰ ਸ੍ਰੀ ਸਤਿਗੁਰੂ ਜੀ, ਸ੍ਰੀ ਮਾਤਾ ਚੰਦ ਕੌਰ ਜੀ ਮਹਿੰਦਰ ਸਿੰਘ ਪੁਰਬਾ ਅਤੇ ਸੇਵਕ ਬਲਦੇਵ ਸਿੰਘ ਸਵੇਰੇ 6.25 ਦੀ ਫਲਾਈਟ ਤੇ ਬੰਗਲੌਰ ਜਾਣਾ ਅਤੇ 24.2.83 ਨੂੰ ਬੰਬਈ ਪਹੁੰਚ ਜਾਣਾ ਸੀ, ਜਿਥੇ ਸਤਿਗੁਰੂ ਜੀ ਨਾਲ ਅਫਰੀਕਾ ਜਾਣ ਵਾਲੇ ਹੋਰ ਜਥੇ ਵੀ ਪਹੁੰਚ ਚੁਕੇ ਹੋਣਗੇ। 25.2.83 ਨੂੰ ਸਵੇਰੇ 7.10 ਦੀ ਫਲਾਈਟ ਤੇ ਦਿੱਲੀਓਂ ਸੱਜਣਾਂ ਨੇ ਰਾਤੀ 7 ਵਜੇ ਨੈਰੋਬੀ ਲਈ ਉਡਣਾ ਹੈ। ਸਾਰੇ ਜਥੇ ਦੀ ਵਾਪਸੀ ਬੰਬਈ 16 ਮਾਰਚ 1983 ਤੇ 17 ਮਾਰਚ ਨੂੰ ਏਅਰ ਬੱਸ ਨਾਲ ਦਿੱਲੀ ਵਾਪਸ ਮੁੜਨਾ ਹੈ।

## ਜਾਂਦਿਆਂ ਦਾ ਸੁਆਗਤ

3.30 ਤੋਂ ਜਹਾਜ਼ ਲੇਟ ਹੋ ਗਿਆ। ਉਸ ਨੇ ਹੁਣ 5.30 ਵਜੇ ਉਡਣਾ ਹੈ। ਸਤਿਗੁਰੂ ਜੀ ਪੂਰੇ 5 ਵਜੇ ਅੰਦਰੋਂ ਬਾਹਰ ਨਿਕਲੇ ਅਤੇ ਹੇਠ ਖਲੋਤੀਆਂ ਸੰਗਤਾਂ ਦੇ ਨੇਤਰ ਤ੍ਰਿਪਤੀ ਦਾ ਕਾਰਨ ਬਣੇ।

ਅੱਜ ਦੀਨ ਦਿਆਲ ਜੀ ਦਾ ਸੁਆਗਤ ਸੇਠ ਤ੍ਰਿਲੋਕ ਸਿੰਘ ਅਤੇ ਬੀਬੀ ਮਹਿੰਦਰ ਕੌਰ ਨੇ ਵਿਦਾਇਗੀ ਵੇਲੇ ਕੀਤਾ। ਸੱਤੇ ਪਾਤਸ਼ਾਹ ਪਾਲਮ ਏਅਰ ਪੋਰਟ ਤੇ ਜਾਣ ਲਈ ਤਿਆਰ ਸਨ ਕਿ ਸੇਠ ਹੁਰਾਂ ਦੀ ਜੋੜੀ ਨੇ ਲੰਬੇ ਚਿੱਟੇ ਹਾਰ ਪਹਿਨਾਅ ਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ। ਦੇ ਵੀਹਾਂ ਸਿੰਘ ਸਿੰਘਣੀਆਂ ਦੇ ਜੈਕਾਰੇ ਨਾਲ ਸਤਿਗੁਰੂ ਜੀ ਦੀ ਕਾਰ ਕੋਠੀ ਦੇ ਬਾਹਰਲੇ ਗੇਟ ਵਲ ਰੁਮਕ ਪਈ।

## ਹਾਕੀ ਟੀਮ ਦੀ ਸਫਲਤਾ

ਜਾਣ ਤੋਂ ਪਹਿਲੋਂ ਠਾਕੁਰ ਦਲੀਪ ਸਿੰਘ ਜੀ ਨੇ ਮੈਨੂੰ ਹਿੰਦੁਸਤਾਨ ਟਾਈਮਜ਼



Sri Satguru Jagjit Singh Ji Elibrary NamdhariElibrary@gmail.com

ਪਬਲੀਕੇਸ਼ਨਜ਼ ਹਫਤਾਵਾਰੀ WEEK END ਰੀਵੀਊ ਮਿਤੀ ਫਰਵਰੀ 20 ਤੋਂ 26, 1983. V, III ਨੰ : 49 ਦਾ ਪਰਚਾ ਅਤੇ ਕੁਝ ਕਟਿੰਗਜ਼ ਦਿਤੇ. ਜਿਨ੍ਹਾਂ ਵਿਚ ਜੱਬਲ ਪੁਰ (ਮੱਧ ਭਾਰਤ) ਵਿਚ 4.2.83 ਨੂੰ ਖੇਡੇ ਗਏ ਨੈਸ਼ਨਲ ਜੂਨੀਅਰ ਹਾਕੀ ਚੈਂਪੀਅਨ ਸ਼ਿਪ ਮੁਕਾਬਲਿਆਂ ਦੀਆਂ ਖਬਰਾਂ ਸਨ। ਵੀਕ ਐਂਡ ਰੀਵੀਊ ਦੇ 12ਵੇਂ ਪੇਜ ਤੇ ਤਿਨ ਸਾਡੀਆਂ ਫੋਟੋ ਨਾਲ ਖੇਡ ਦੀ ਸਾਰੀ ਕਹਾਣੀ ਦਿਤੀ ਸੀ। ਤਸਵੀਰਾਂ ਵਿਚ ਠਾਕੁਰ ਜੀ ਦੀ ਇਕ ਕਾਲਮੀ, ਹਾਕੀ ਟੀਮ (ਨਾਮਧਾਰੀ ਮਹਾ ਵਿਦਿਆਲਾ ਸ੍ਰੀ ਜੀਵਨ ਨਗਰ) ਦੀ ਤਿਨ ਕਾਲਮੀ ਅਤੇ ਟੀਮ ਦੇ ਹਾਫ ਟਾਈਮ ਬਾਅਦ ਆਪਣੇ ਗੜਵਿਆਂ ਚੋਂ ਪਾਣੀ ਪੀਣ ਦੀ ਫੋਟੋ ਵੀ ਦ੍ਵੈ ਕਾਲਮੀ ਨਾਲ ਸੀ। ਸੁਰਖੀ ਦਾ ਅਨੁਵਾਦ ਹੈ : "ਉਹਨਾਂ ਦਾ ਮਿਸ਼ਨ ਹੈ ਭਾਰਤੀ ਹਾਕੀ ਦੀ ਮੁੜ ਸੁਰਜੀਤੀ"। ਲੇਖਕ ਵਿਜੇ ਚੋਪੜਾ ਨੇ ਜੱਬਲਪੁਰ ਦੇ ਨੈਸ਼ਨਲ ਜੂਨੀਅਰ ਹਾਕੀ ਮੁਕਾਬਲਿਆਂ ਦੇ ਫਾਈਨਲ ਦੀ ਚਰਚਾ ਕਰਦਿਆਂ, ਨਾਮਧਾਰੀ ਬੱਚਿਆਂ ਦੀ ਪਿਛਲੇ ਦੋ ਸਾਲ ਦੀ ਕਾਰ ਗੁਜ਼ਾਰੀ ਤੇ ਵੀ ਰੋਸ਼ਨੀ ਪਾਈ ਹੈ।

ਬੜਾ ਵਧੀਆ ਪੇਸ਼ ਕੀਤਾ ਗਿਆ ਹੈ ਸਾਡੀ ਟੀਮ ਜਥੇਬੰਦੀ ਨੂੰ। ਦੂਜੇ ਅਖਬਾਰਾਂ ਦੇ ਕੱਟਿੰਗ ਪੜ੍ਹਿਆਂ ਪਤਾ ਲਗਦਾ ਹੈ ਕਿ 4.2.83 ਨੂੰ ਜੱਬਲਪੁਰ ਵਿਚ ਖੇਲੇ ਗਏ ਸੈਮੀ ਫਾਈਨਲ ਵਿਚ ਸਾਡੀ ਟੀਮ ਹਰਿਆਣੇ ਦੀ ਪ੍ਰਤੀਦ੍ਵੰਦਤਾ ਕਰ ਰਹੀ ਸੀ। ਇਸ ਨੇ ਇਸ ਤਰ੍ਹਾਂ ਚੰਗੀ ਖੇਡ ਦਖਾ ਕੇ ਛਿੱਥਿਆਂ ਪਾ ਦਿਤਾ ਕਿ ਹਰਿਆਣਾ ਵਲੋਂ ਪਹਿਲੇ ਗੋਲ ਤੇ ਪੰਜਾਬ ਦੇ ਗੋਲ ਕੀਪਰ ਸੁਖਜਿੰਦਰ ਸਿੰਘ ਨੇ ਹਰਿਆਣੇ ਦੇ ਸੈਂਟਰ ਫਾਰਵਰਡ ਗੁਰਮੇਜ ਸਿੰਘ ਦੇ ਸਿਰ ਵਿਚ ਹਾਕੀ ਦੇ ਮਾਰੀ। ਇਸ ਜ਼ਖਮੀ ਨੂੰ ਸਟ੍ਰੈਚਰ ਤੇ ਪਾਕੇ ਹਸਪਤਾਲ ਪੁਚਾਇਆ ਗਿਆ। ਦੋ ਕੁ ਨਾਮਧਾਰੀ ਬੱਚਿਆਂ ਨੂੰ ਹੋਰ ਵੀ ਖਰੋਚਾਂ ਆਈਆਂ। ਪੁਲਿਸ ਨੇ ਵੇਲੇ ਸਿਰ ਦਖਲ ਦੇ ਕੇ ਸ਼ਾਂਤੀ ਕਰਵਾਈ। ਇਸ ਮੌਕੇ ਤੇ ਇੰਡੀਅਨ ਹਾਕੀ ਫੈਡਰੇਸ਼ਨ ਦੇ ਪ੍ਰੈਜ਼ੀਡੈਂਟ ਸ੍ਰੀ ਐਮ. ਮਹਾਜਨ ਵੀ ਦਰਸ਼ਕਾਂ ਵਿਚ ਸਨ।

ਦਿਲਚਸਪੀ ਲਈ ਦੂਜੇ ਅਖਬਾਰਾਂ ਦੀਆਂ ਟਿਪਣੀਆਂ ਹਾਜ਼ਰ ਹਨ :

"ਹਰਿਆਣੇ ਵਾਲੇ ਮੁੰਡੇ ਸਨ ਅਤੇ ਪੰਜਾਬ ਵਾਲੇ ਆਦਮੀਆਂ ਵਰਗੇ। ਕੱਦ ਕਾਠ ਵਿਚ ਏਨਾ ਫਰਕ ਸੀ" ਵਲੋਂ ਜੋਹਨ ਕ੍ਰਾਸਟੋ। ਅੰਗਰੇਜ਼ੀ ਵਿਚੋਂ।

"ਹਰਿਆਣਾ ਨੇ ਖੇਡ ਸ਼ੁਰੂ ਹੋਣ ਤੋਂ ਤੀਸਰੇ ਮਿੰਟ ਵਿਚ ਪੈਨਲਟੀ ਸਟਰੋਕ ਨਾਲ ਗੋਲ ਕਰ ਦਿਤਾ। ਇਹ ਗੋਲ ਗੁਰਮੇਜ ਨੇ ਕੀਤਾ।" ਦੇਸ਼ ਬੰਧੂ (ਹਿੰਦੀ) 5.2.83।

"ਪੰਜਾਬ ਦੇ ਖਿਲਾੜੀ ਇਕ ਗੋਲ ਨਾਲ ਪਿਛੇ ਹੋਣ ਦੇ ਕਾਰਨ ਆਪਣੀ ਸੁਭਾਵਕ ਖੇ ਡ ਨ ਖੇਡ ਕੇ ਕਠ ਖੇਡ ਤੇ ਉਤਾਰੂ ਹੋ ਗਏ। ਫਿਰ ਵੀ ਉਹ ਹਰਿਆਣੇ ਦੇ ਸ਼ਾਨਦਾਰ ਖੇਲ ਤੇ ਕੁਝ ਪ੍ਰਭਾਵ ਨ ਪਾ ਸਕੇ। ....ਪੰਜਾਬ ਦੇ ਖਿਡਾਰੀਆਂ ਦੁਆਰਾ ਮਾਰ-ਕੁਟ ਦਾ ਵਿਰੋਧ ਦਰਸ਼ਕਾਂ ਵੀ ਕੀਤਾ।" 'ਨਵੀਨ ਦੁਨੀਆਂ' ਜਬਲਪੁਰ ਦਾ ਹਿੰਦੀ।

"ਖੇਡ ਖਤਮ ਹੋਣ ਤੋਂ ਦੋ ਮਿੰਟ ਪਹਿਲਾਂ ਗੁਰਮੇਜ ਸਿੰਘ ਜ਼ਖਮੀ ਲਹੂ ਚੋਂਦਿਆਂ ਹਸਪਤਾਲ ਲੈ ਜਾਇਆ ਗਿਆ ਜਦੋਂ ਕਿ ਪੰਜਾਬ ਦੇ ਗੋਲ ਕੀਪਰ ਸੁਖਜਿੰਦਰ ਸਿੰਘ ਨੇ ਹਾਕੀ ਨਾਲ ਮਾਰਿਆ।" ਸਟੇਟਸ ਮੈਨ, 5.2.83

"ਰਿਆਸਤ ਯੁਗ" ਨਾਂ ਦੇ ਹਿੰਦੀ ਦੈਨਿਕ ਨੇ ਤਿਨ ਕਾਲਮ ਦੇ ਕੇ ਸੁਰਖੀ ਜਮਾਈ : ਪੰਜਾਬ ਦੁਆਰਾ ਖੇਲ ਭਾਵਨਾ ਵਿਰੋਧੀ ਪ੍ਰਦਰਸ਼ਨ। –ਆਦਿਕ



Sri Satguru Jagjit Singh Ji Elibrary NamdhariElibrary@gmail.com

ਜੱਬਲਪੁਰ, ਨਾਗਪੁਰ, ਭੋਪਾਲ, ਰਾਇਪੁਰ ਅਤੇ ਇੰਦੌਰ ਤੋਂ ਇਕੋ ਵਾਰ ਪ੍ਰਕਾਸ਼ਤ ਹੋਣ ਵਾਲੇ ਦੈਨਿਕ 'ਨਵ ਭਾਰਤ' ਨੇ ਗੁਰਮੇਜ ਸਿੰਘ ਦੇ ਗੋਲ ਕਰਨ ਤੇ ਸਟ੍ਰੈਚਰ ਤੇ ਪੈਕੇ ਹਸਪਤਾਲ ਜਾਣ ਦੀਆਂ ਫੋਟੋ ਲਗਾਕੇ ਸਾਰੀ ਖੇਡ ਦੇ ਵੇਰਵੇ ਦਿਤੇ। ਉਸਦੀ ਟਿੱਪਣੀ ਹੈ : "ਸਥਾਨੀਅ ਰਾਈਟ ਟਾਊਨ ਸਟੇਡੀਅਮ ਵਿਚ ਜਾਰੀ ਜੂਨੀਅਰ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ ਵਿਚ ਹਰਿਆਣਾ ਅਤੇ ਪੰਜਾਬ ਵਿਚ ਖੇਡੇ ਗਏ ਸੈਮੀ ਫਾਈਨਲ ਮੈਚ ਦੇ ਅੰਤਮ ਪਲਾਂ ਵਿਚ, ਉਸ ਵੇਲੇ ਮਾਹੌਲ ਗਰਮ ਹੋ ਗਿਆ ਜਦੋਂ ਪੰਜਾਬ ਦੇ ਗੋਲਕੀਪਰ ਸੁਖਜਿੰਦਰ ਨੇ ਅਚਾਨਕ ਗੁਰਮੇਜ ਦੇ ਸਿਰ ਵਿਚ ਹਾਕੀ ਮਾਰਕੇ ਉਸ ਨੂੰ ਲਹੂ ਲੁਹਾਨ ਕਰ ਦਿਤਾ।"

ਜੱਬਲਪੁਰ, ਰਾਇਪੁਰ ਅਤੇ ਨਾਗਪੁਰ ਤੋਂ ਪ੍ਰਕਾਸ਼ਤ ਹੁੰਦੇ ਹਿੰਦੀ ਦੈਨਿਕ 'ਯੁਗ ਧਰਮ' 5-2-83 ਨੇ ਪਹਿਲੇ ਪੇਜ ਤੇ ਦੋ ਫੋਟੋ ਦੋ ਕਾਲਮੀਆਂ ਦੇ ਕੇ, ਜਿਸ ਵਿਚ ਹਾਕੀ ਉਠਾਈ ਖਿਲਾੜੀ ਤੇ ਸਟ੍ਰੈਚਰ ਤੇ ਜਾਂਦਾ ਗੁਰਮੇਜ ਵਖਾਇਆ ਗਿਆ ਹੈ, ਦੀ ਸੁਰਖੀ ਜਮਾਈ : "ਹਾਰ ਤੋਂ ਪੰਜਾਬ ਦੀ ਟੀਮ ਬੁਖਲਾਈ। ਖੇਡ ਦੇ ਮੈਦਾਨ ਵਿਚ ਹਾਕੀ ਚਲੀ, ਸੰਘਰਸ਼ ਵਿਚ 3 ਘਾਇਲ।" ਅਤੇ ਖੇਡ ਦੀ ਡੇਢ ਕਾਲਮ ਰਿਪੋਰਟ ਲਿਖੀ ਹੈ।

ਏਨੇ ਅਖਬਾਰਾਂ ਦੇ ਕਟਿੰਗਜ਼ ਪੜ੍ਹਿਆਂ ਇਕ ਤਾਂ ਪਤਾ ਲਗਦਾ ਹੈ ਕਿ ਨਾਮਧਾਰੀ ਖਿਡਾਰੀਆਂ ਐਸੀ ਸ਼ੁਹਰਤ ਖੱਟੀ ਹੈ, ਦੂਜੇ ਪੰਜਾਬੀ ਸੂਰਬੀਰ ਆਪਣੇ ਹੀ ਭਾਈ ਬੰਦਾਂ ਨੂੰ ਵੇਖ ਬੁਖਲਾ ਗਏ। ਤੇ ਡਾਂਗੋ ਸੋਟੀ ਹੋਣ ਤਕ ਆ ਗਏ।

## 24 ਫਰਵਰੀ 1983 ਐਤਵਾਰ
## ਨਵੀਂ ਦਿੱਲੀ

### ਖੁਸ਼ੀਆਂ ਭਰਿਆ ਸਮਾਂ

8 ਵੱਜਣ ਦੇ ਨੇੜੇ ਤੇੜੇ, ਸਵੇਰੇ ਹੀ ਸਾਡੀ ਦੁਆਰ-ਟੱਲੀ ਖੜਕੀ। ਬੂਹਾ ਖੋਲ੍ਹਿਆ ਤਾਂ ਚੈਨ ਚੜ੍ਹ ਪਿਆ। ਸਾਡਾ ਜਗਦੀਸ਼ ਸਿੰਘ (ਵਰਿਆਮ) ਆ ਗਿਆ ਸੀ। ਹੈਰਾਨੀ ਵੀ ਤੇ ਖੁਸ਼ੀ ਵੀ ਇਕੱਠੀਆਂ ਹੋ ਗਈਆਂ। ਕਿਨਾ ਚੰਗਾ ਹੁੰਦਾ, ਜੇ ਜਗਦੀਸ਼ ਸਿੰਘ ਸਾਡੇ ਨੈਰੋਬੀ ਜਾਣ ਵਾਲੇ ਜਥੇ ਵਿਚ ਹੁੰਦਾ। ਹੁਣ ਮੈਨੂੰ ਕੰਪਨੀ ਵਾਸਤੇ ਕਿਸੇ ਹੋਰ ਦੇ ਲੈਵਲ ਦਾ ਹੋਣਾ ਪੈਣਾ ਸੀ।

ਉਸ ਨੇ ਆਉਂਦਿਆਂ ਹੀ ਕਾਹਲੀ ਪਾ ਦਿਤੀ : ਜੇ ਵਿਹਲੇ ਜੇ ਤਾਂ ਆਓ ਸਾਡੇ ਨਾਲ, ਬਾਹਰ ਸੂਬਾ ਸਤਨਾਮ ਸਿੰਘ ਜੀ ਕਾਰ ਵਿਚ ਬੈਠੇ ਹਨ। ਮੈਂ ਤਾਂ ਮੁਤਾਬਕ ਹੀ ਤੁਰਨ ਨੂੰ ਤਿਆਰ ਰਹਿੰਦਾ ਹਾਂ ਸੁ ਝੱਟ ਹੀ ਬਾਹਰ ਆ ਗਿਆ। ਨਵੀਂ ਐਂਬੈਸਡਰ ਵਿਚ ਸੂਬਾ ਜੀ ਨੈਰੋਬੀ, ਸ. ਹਰਮੀਤ ਸਿੰਘ (ਰਮੇਸ਼ ਨਗਰ) ਅਤੇ ਕਾਰ ਚਾਲਕ ਸ. ਮਨਜਿੰਦਰ ਸਿੰਘ ਬੈਠੇ ਸਨ। ਤੁਰਤ ਸੰਤ ਤਰਸੇਮ ਸਿੰਘ ਸਕੱਤਰ ਪੂਸਾ ਰੋਡ ਵੱਲ ਚੱਲ ਪਏ। ਮੈਂ ਨਵੇਲੀ ਕਾਰ ਬਾਰੇ ਪੁਛਿਆ। ਪਤਾ ਲਗਾ ਇਹ ਸ੍ਰੀ ਸਤਿਗੁਰੂ ਜੀ ਦੀ ਹੈ। ਮਹੀਨਾ ਪਹਿਲਾਂ ਖਰੀਦੀ ਸੀ। 34000 ਕਿਲੋਮੀਟਰ ਚਲ ਚੁਕੀ ਹੈ। ਅਜੇ ਭੈਣੀ ਸਾਹਿਬ ਨਹੀਂ ਪਹੁੰਚੀ। ਗੱਡੀ ਅਸਲ ਵਿਚ ਕਿਸ ਕੋਲ ਜਾਣੀ ਹੈ, ਕਿਸੇ ਨੂੰ ਪਤਾ ਨਹੀਂ।



Sri Satguru Jagjit Singh Ji Elibrary NamdhariElibrary@gmail.com

## ਸੁਭਾਗੀ ਲੜਕੀ

ਸੰਤ ਤਰਸੇਮ ਸਿੰਘ ਪਾਸ ਪੁੱਜੇ ਤਾਂ ਮਾਲੂਮ ਹੋਇਆ ਕਿ ਕੱਲ੍ਹ ਬੰਬਈ ਵਾਸਤੇ ਉੱਡਣ ਵਾਲੇ ਸਾਰੇ ਹੀ ਰਾਤੀਂ ਕੋਠੀ 1/6ਬੀ ਪੂਸਾ ਰੋਡ ਵਿਚ ਆ ਰਹਿਣਗੇ। ਇਕ ਹੋਰ ਅਹਿਮ ਖ਼ਬਰ ਵੀ ਇਨ੍ਹਾਂ ਤੋਂ ਮਿਲੀ ਕਿ ਠਾਕੁਰ ਦਲੀਪ ਸਿੰਘ ਜੀ ਇਕ ਲੜਕੀ ਦੇ ਪਿਤਾ ਬਣ ਗਏ ਹਨ। 22 ਫਰਵਰੀ 1983 ਨੂੰ ਰਾਤੀ 10 ਵਜੇ ਬੀਬੀ ਗੁਰਮੀਤ ਕੌਰ ਜੀ ਨੇ ਇਕ ਲੜਕੀ ਨੂੰ ਜਨਮ ਦਿਤਾ ਹੈ। ਸ਼ਾਇਦ ਇਹ ਲੜਕੀ ਵਧੇਰਾ ਸਮਾ ਲੈਕੇ ਜਨਮੀ ਹੈ। ਕਿਉਂਕਿ 25 ਜਨਵਰੀ ਨੂੰ ਜਦੋਂ ਸਤਿਗੁਰੂ ਜੀ ਥਾਈਲੈਂਡ ਨੂੰ ਗਏ, ਮਾਤਾ ਜੀ ਨੇ ਵੀ ਸਾਥ ਕਰਨਾ ਸੀ। ਉਹ ਬਾਲ ਜਨਮ ਦੀ ਇੰਤਜ਼ਾਰ ਵਿਚ ਹੀ ਰੁਕ ਗਏ। ਲਗਭਗ ਇਕ ਮਹੀਨਾ ਭਰ ਲੜਕੀ ਦੇ ਸੁਆਗਤ ਨੂੰ ਵਾਧੂ ਸਮਾ ਲਗ ਗਿਆ।

## ਪੰਡਿਤ ਜੀ ਦੀ ਸਿਹਤ

ਜਦੋਂ ਮੈਂ ਅਤੇ ਜਗਦੀਸ਼ ਸਿੰਘ ਰਮੇਸ਼ ਨਗਰ ਨਾਮਧਾਰੀ ਕਾਲੋਨੀ ਵਿਚ ਪਹੁੰਚੇ ਤਾਂ ਪੰ. ਗੋਪਾਲ ਸਿੰਘ ਹੁਰਾਂ ਦੇ ਦਰਸ਼ਨ ਵੀ ਹੋ ਗਏ। ਉਹ ਸੰਤ ਅਮਰ ਸਿੰਘ ਢੇਡਾ ਦੇ ਘਰ ਸਨ। ਪੰ: ਜੀ ਬਿਸਤਰ ਤੇ ਪਏ ਸਨ। ਅਜੇ ਵੀ ਉਨ੍ਹਾਂ ਉਤੇ ਦਿਲ ਦੇ ਦੌਰੇ ਦਾ ਪ੍ਰਭਾਵ ਸੀ। ਇਹ ਮੇਰੇ ਪਹਿਲਾ ਤਕੇ ਹੋਏ ਪੰ: ਜੀ ਨਹੀ ਸਨ।

ਪੰਡਿਤ ਜੀ ਨੇ ਦਸਿਆ : ਤਕਲੀਫ਼ ਤਾਂ ਮੇਰੇ ਦਿਲ ਨੂੰ ਚਿਰੋਕਣੀ ਸੀ, ਡਾ: ਦਵਾਈ ਦਿਤੀ ਹੋਈ ਸੀ ਪਰ 22-1-83 ਨੂੰ ਸ਼ਾਮੀ ਅਜਿਹੀ ਦਰਦ ਸ਼ੁਰੂ ਹੋਈ ਕਿ ਨਿਤ ਵਰਤੀ ਦੀਆਂ, ਇਕ ਦੀ ਥਾਂ ਦੋ ਗੋਲੀਆਂ ਨੇ ਵੀ ਕੋਈ ਪ੍ਰਭਾਵ ਨ ਵਖਾਇਆ। ਸਤਿਗੁਰੂ ਜੀ ਨੂੰ ਪਤਾ ਲਗਾ ਤਾਂ ਉਨ੍ਹਾਂ ਸ. ਸੁਰਿੰਦਰ ਸਿੰਘ ਲੁਧਿਆਣਾ ਨੂੰ ਆਗਿਆ ਕੀਤੀ ਕਿ ਸਪੈਸ਼ਲ ਡਾਕਟਰ ਨੂੰ ਵਖਾਓ। ਡਾ: ਨੇ ਹਸਪਤਾਲ ਵਿਚ ਐਡਮਿਟ ਕਰਨ ਦੀ ਪੱਕੀ ਕੀਤੀ। ਭਾਂਵੇਂ ਮੇਰਾ ਥਾਈਲੈਂਡ ਜਾਣ ਤੇ ਜੀ ਕਰਦਾ ਸੀ। ਪਰ ਸਤਿਗੁਰੂ ਜੀ ਨੇ ਰੋਕ ਦਿਤਾ। ਸੋ ਮੈਂ ਪਹਿਲੀ ਫਰਵਰੀ ਤਕ ਹਸਪਤਾਲ ਹੀ ਰਿਹਾ।

ਪਰ ਮੈਨੂੰ ਅਜੇ ਵੀ ਉਹ ਸਰਪ੍ਰੇਕਲ ਨਹੀ ਲਗੇ।

## ਮੁਢਲੇ ਸ਼ਬਦ

ਪਿਆਰੀ ਜਿਹੀ ਅਵਾਰਗੀ ਮੇਰੇ ਜੀਵਨ ਦਾ ਅੰਗ ਰਹੀ ਹੈ। ਪੰਦਰਾਂ ਵੀਹ ਦਿਨ ਟਿਕ ਕੇ ਕੱਢੇ ਜਾ ਸਕਦੇ ਹਨ, ਪਰ ਮਹੀਨਾ ਭਰ ਨਹੀਂ। ਮੇਰੇ ਵਰਗੇ ਅਣ ਕਮਾਊ ਵਾਸਤੇ ਜੇ ਹਜ਼ਾਰਾਂ ਲਖਾਂ ਰੁਪੈਆਂ ਦੇ ਖਰਚੇ ਹੋ ਜਾਂਦੇ ਹਨ ਤਾਂ ਇਸਦਾ ਪਿਛੇ ਸ੍ਰੀ ਸਤਿਗੁਰੂ ਜੀ ਦਾ ਹੀ ਵਰਦ ਹਸਤ ਹੈ। ਜਦੋ ਵੀ ਕਿਤੇ 'ਰੋਟੀਨ' ਦੇ ਜੀਵਨ ਤੋਂ ਉਪਰਾਮਤਾ ਆਉਣ ਲਗਦੀ ਹੈ, ਗੁਰੂ ਦਾ ਸੁਨੇਹਾ ਆ ਜਾਂਦਾ ਹੈ, ਫਲਾਣੀ ਤਾਰੀਖ਼ ਨੂੰ ਤਿਆਰ ਰਹਿਣਾ, ਦੂਰ ਦੇਸ਼ ਦਾ ਪ੍ਰੋਗਰਾਮ ਹੈ। ਕੋਈ ਦੈਵੀ ਸੰਜੋਗ ਹੀ ਹੈ ਕਿ ਮੇਰੇ ਵਰਗੇ ਬੇ-ਮੁਹਾਰ ਬੰਦੇ ਨੂੰ ਸਤਿਗੁਰੂ ਜੀ ਦੇ ਤੁਣਕੇ ਰਾਸ ਆ ਜਾਂਦੇ ਹਨ।

ਫਰਵਰੀ ਦੇ ਮਹੀਨੇ ਮੈਂ ਆਪਣੇ ਵਲੋਂ ਆਪਣੀ ਜਨਮ ਭੂਮੀ ਪਾਕਿਸਤਾਨ ਨੂੰ ਜਾਣ ਲਈ ਤਿਆਰ ਸਾਂ। ਹੁਣ ਤਾਂ ਇਹ ਵੀ ਮੌਜ ਹੋ ਗਈ ਹੈ ਕਿ ਆਪਣੀ ਹੀ ਜਨਮ ਭੂਮੀ



Sri Satguru Jagjit Singh Ji Elibrary NamdhariElibrary@gmail.com

ਤੇ ਜਾਓ. ਪਾਸ ਪੋਰਟ ਉੱਤੇ ਐਂਟਰੀਆਂ ਵੀਜ਼ੇ ਲੁਆਕੇ ਵਿਦੇਸ਼ੀ ਘੁਮੱਕੜਾਂ ਵਿਚ ਨਾਮ ਲਿਖਵਾਓ।

ਇਹ ਲਿਖਦਿਆਂ ਮੈਨੂੰ ਗੁਰੂ ਅਰਜਨਦੇਵ ਜੀ ਯਾਦ ਆਏ। ਉਹਨਾਂ ਗੂਜਰੀ ਰਾਗ ਵਿਚ ਲਿਖਿਆ ਹੈ :

*ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ।*

ਮੈਨੂੰ ਭਾਵੇਂ ਆਪਣੀ ਗੱਲ ਦੱਸਣ ਲਈ ਏਨੀ ਤੁਕ ਹੀ ਕਾਫ਼ੀ ਹੈ, ਪਰ ਗੁਰੂ ਸਾਹਿਬ ਦੇ ਆਪਣੇ ਆਸ਼ੇ ਨੂੰ ਸਮਝਣ ਲਈ, ਮੇਰਾ ਖ਼ਿਆਲ ਹੈ, ਸਾਰਾ ਸ਼ਬਦ ਏਥੇ ਲਿਖਣਾ ਅਯੋਗ ਨਹੀਂ ਹੋਵੇਗਾ। ਉਪਰਲੀ ਤੁਕ ਤੋਂ ਆਰੰਭ ਕਰ ਕੇ ਹੇਠਾਂ ਲਿਖਿਆ ਹੈ :

*ਖਿਨ ਮਹਿ ਥਾਪ ਉਥਾਪਨ ਹਾਰਾ, ਆਪਨ ਹਾਥਿ ਮਤਾਤ।1।*<br>
*ਸਿਆਨਪ ਕਾਹੂ ਕਾਮਿ ਨ ਆਤ।*<br>
*ਜੋ ਅਨਰੂਪਿਓ ਠਾਕੁਰਿ ਮੇਰੈ, ਹੋਇ ਰਹੀ ਉਹ ਬਾਤ।1। ਰਹਾਉ।*<br>
*ਦੇਸੁ ਕਮਾਵਨ, ਧਨ ਜੋਰਨ ਕੀ ਮਨਸਾ, ਬੀਚੇ ਨਿਕਸੇ ਸਾਸ।*<br>
*ਲਸਕਰ, ਨੇਬ ਖਵਾਸ ਸਭ ਤਿਆਗੇ, ਜਮਪੁਰਿ ਊਠਿ ਸਿਧਾਸ।*<br>
*ਹੋਇ ਅਨੰਨਿ ਮਨ ਹਠ ਕੀ ਦ੍ਰਿੜਤਾ, ਆਪਸ ਕਉ ਜਾਨਾਤ।*<br>
*ਜੋ ਅਨਿੰਦੁ, ਨਿੰਦੁ ਕਰਿ ਛੋਡਿਓ, ਸੋਈ ਫਿਰਿ ਫਿਰਿ ਖਾਤ।3।*<br>
*ਸਹਜ ਸੁਭਾਇ ਭਏ ਕਿਰਪਾਲਾ, ਤਿਸੁ ਜਨ ਕੀ ਕਾਟੀ ਫਾਸ।*<br>
*ਕਹੁ ਨਾਨਕ ਗੁਰੁ ਪੂਰਾ ਭੇਟਿਆ, ਪਰਵਾਣੁ ਗਿਰਸਤ ਉਦਾਸ।4।*

—ਆਦਿ ਗ੍ਰੰਥ, ਪੰਨਾ 496

ਅਤੇ ਵਰਤਮਾਨ ਸਤਿਗੁਰੂ ਜੀ ਦੀ ਨਜ਼ਰ ਵਿਚ ਰਹਿੰਦਿਆਂ ਸਾਡੀ ਤਾਂ ਜਿਵੇਂ ਵਕਤ ਦੀ ਵਾਹੀ ਵੀ ਵੰਡੀ ਗਈ ਹੈ।

ਸਰਸੇ ਤੋਂ ਤਿਆਰ ਹੋਏ ਪਾਕਿਸਤਾਨ ਜਾਣ ਵਾਲੇ ਜਥੇ ਵਿਚ ਮੇਰਾ ਨਾਮ ਵੀ ਸ਼ਾਮਲ ਸੀ। 5 ਮਾਰਚ ਦੇ ਲਾਗ ਚਾਗ ਤੀਰਥ ਯਾਤਰਾ ਲਈ ਤੁਰਨਾ ਸੀ। ਮੈਂ ਮਨ ਕਰਕੇ ਪਾਕਿਸਤਾਨ ਵਿਚਲੇ ਮਿੱਤਰਾਂ ਨੂੰ ਮੁਲਾਕਾਤਾਂ ਸੋਚ ਲਈਆਂ ਸਨ। ਅਤੇ ਸਤਿਗੁਰੂ ਜੀ ਦੀ ਕਿਸੇ ਸਮੇ ਪ੍ਰਗਟਾਈ ਇੱਛਾ ਨੂੰ ਵੀ ਸੰਜੋਅ ਲਿਆ ਸੀ ਕਿ ਭਾਈ ਬਾਲੇ ਵਾਲੇ ਖੂਹ ਦੀ ਅਤੇ ਘੁਗਿਰਦੇ ਦੀ ਫੋਟੋ ਆਦਿ ਲੈਕੇ ਇਸ ਵਾਕਿਆ ਦੀ ਗਵਾਹੀ ਸੰਭਾਲੀ ਜਾਇ ਕਿ ਸਿਖ ਮਤ ਦੇ ਪਰਵਰਤਕ ਸਤਿਗੁਰੂ ਨਾਨਕ ਦੇਵ ਜੀ ਨਾਲ ਕੋਈ ਬਾਲਾ ਸੰਧੂ ਵੀ ਇਕ ਸਹਿਯਾਤਰੀ ਜਾਂ ਹਜ਼ੂਰੀ ਸੇਵਕ ਰਿਹਾ ਹੈ। ਕਿਉਂਕਿ ਅੱਜ ਦੇ ਕੁਝ ਵਿਦਵਾਨ ਸੋਚਦੇ ਹਨ ਕਿ ਜੇ ਬਾਬਾ 'ਅਕਾਲ ਰੂਪ' ਸੀ ਤਾਂ ਉਸ ਨਾਲ ਬਾਲੇ ਮਰਦਾਨੇ ਦੀ ਲੋੜ ਨਹੀਂ ਸੀ। ਅਜੇ ਸ਼ਾਇਦ ਸੰਧੂ ਜੱਟਾਂ ਦੇ ਇਹ ਗੱਲ ਧਿਆਨ ਵਿਚ ਨਹੀਂ ਆਈ ਕਿ ਚੀਰ ਫਾੜ ਕਰਨ ਵਾਲੇ 'ਇਤਿਹਾਸਕਾਰ' ਪਹਿਲਾਂ ਪਹਿਲ ਬਾਲੇ ਸੰਧੂ ਦੀ ਹੋਂਦ ਮਿਟਾਉਣ ਤੇ ਤੁਲੇ ਹੋਏ ਹਨ।

'ਵਰਿਆਮ' ਦੇ ਪਾਠਕਾਂ ਨੇ ਮੇਰੇ ਵੱਡੇ ਦਾਮਾਦ ਸ੍ਰ. ਬਲਬੀਰ ਸਿੰਘ ਢਿੱਲੋਂ ਦੀ ਪਕਿਸਤਾਨ ਯਾਤਰਾ (ਵਰਿਆਮ ਰਸਾਲੇ ਵਿਚੋਂ) ਪੜ੍ਹੀ ਹੋਵੇਗੀ, ਉਸ ਵਿਚ ਬਾਲੇ ਦੇ ਖੂਹ ਦਾ ਵੀ ਜ਼ਿਕਰ ਹੈ। ਮੈਨੂੰ ਸੁਣਨ ਵਿਚ ਆਇਆ ਸੀ ਕਿ ਸਤਿਗੁਰੂ ਜੀ ਨੇ 'ਢਿੱਲੋਂ' ਦਾ ਲੇਖ ਪੜ੍ਹਕੇ ਬਾਲੇ ਦੇ ਖੂਹ ਦਾ ਕੁਝ ਨਾ ਕੁਝ ਵੇਰਵਾ ਇਕੱਠਾ ਕਰਨਾ ਚਾਹਿਆ ਸੀ।



Sri Satguru Jagjit Singh Ji Elibrary NamdhariElibrary@gmail.com

ਏਧਰ ਮੈਂ ਫੋਟੋਗ੍ਰਾਫ਼ੀ ਦੁਆਰਾ ਉਹ ਸਾਰਾ ਵਾਤਾਵਰਣ ਸੰਭਾਲਣਾ ਚਾਹੁੰਦਾ ਸਾਂ ਜੁ ਅੱਜ ਵੀ 500 ਸਾਲ ਪੁਰਾਣੀ ਕਹਾਣੀ ਦੀ ਗਵਾਹੀ ਦਿੰਦਾ ਹੈ। ਇਸ ਮੈਂ ਮਨ ਕਰਕੇ ਪਾਕਿਸਤਾਨ ਜਾਣ ਦੇ ਸੁਪਨਿਆਂ ਵਿਚ ਗਲਤਾਨ ਸਾਂ।

ਏਧਰ, ਫਰਵਰੀ ਦੇ ਵਿਚਾਲੇ ਜਿਹੇ ਜੀਵਨ ਨਗਰ ਸਥਾਪਨਾ ਦਿਵਸ ਮਨਾਇਆ ਜਾਣ ਲਗਾ। ਇਹ ਮੇਲਾ ਨਿਸ਼ਚਿਤ ਤਾਰੀਖਾਂ ਤੋਂ ਕੁਛ ਪਿਛੇ ਹਟਕੇ ਮਨਾਇਆ ਜਾ ਰਿਹਾ ਸੀ। ਮੈਂ ਵੀ ਇਸ ਦਿਹਾੜੇ ਤੇ ਸ੍ਰੀ ਜੀਵਨ ਨਗਰ ਪੁੱਜਾ। ਏਸੇ ਦਿਨ ਸ਼ਾਮ ਦੇ ਦੀਵਾਨ ਵਿਚ ਮੈਂ ਸਤਿਗੁਰੂ ਜੀ ਦੇ ਖੱਬੇ ਪਾਸੇ ਦੀ ਸੰਗਤ ਵਿਚ ਬੈਠਾ ਸਾਂ ਕਿ ਸੱਜੇ ਪਾਸਿਓਂ ਸੰਤ ਤਰਸੇਮ ਸਿੰਘ ਹਜ਼ੂਰੀ ਸਕੱਤਰ ਦਾ ਲਿਖਿਆ ਇਕ ਰੁੱਕਾ ਮਿਲਿਆ ਜਿਸਦਾ ਮਨੋਰਥ ਸੀ ਕਿ ਜੇ ਮੈਨੂੰ ਕੋਈ ਖਾਸ ਉਲਝਾਅ ਨ ਹੋਵੇ ਤਾਂ ਸ੍ਰੀ ਸਤਿਗੁਰੂ ਦੇਵ ਜੀ ਦੀ ਸੁਖਦ ਸੰਗਤ ਦਾ ਲਾਭ ਮੈਂ ਅਫ਼ਰੀਕਾ ਵਿਚ ਸਹਿਯਾਤਰੀ ਬਣ ਕੇ ਉਠਾਵਾਂ। ਭਲਾ ਅਜਿਹੀ ਪਰਵਾਨਗੀ ਵਿਚ ਮੇਰਾ ਸਿਰ "ਹਾਂ" ਦੇ ਇਸ਼ਾਰੇ ਵਿਚ ਕਿਉਂ ਨ ਹਿਲੇ ! ਸਭ ਤੋਂ ਪਹਿਲਾਂ ਮੈਨੂੰ ਸਤਿਗੁਰੂ ਜੀ ਦੇ ਜਥੇ ਵਿਚ ਜਾਣ ਦੀ ਖੁਸ਼ੀ ਸੀ, ਦੂਜੇ ਤਸੱਲੀ ਹੋਈ ਕਿ ਪਾਕਿਸਤਾਨ ਜਾਣ ਵਾਸਤੇ ਜੋ ਮੈਂ ਡੇਢ-ਦੋ ਹਜ਼ਾਰ ਖਰਚ ਕਰਨਾ ਸੀ, ਉਹ ਬਚ ਗਿਆ।

ਇਹ ਜ਼ਰੂਰ ਹੋ ਗਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੇ ਆਦੇਸ਼-ਰੋਅਰ ਨੇ ਪੱਛਮ ਨੂੰ ਜਾਂਦਿਆਂ ਪੂਰਬ ਵੱਲ ਨੂੰ ਮੋੜ ਲਿਆ।

### ਜੋਮੋ ਕਨਿਆਟਾ ਇੰਟਰਨੈਸ਼ਨਲ ਏਅਰ ਪੋਰਟ ਤੇ

ਇਹ 25 ਫਰਵਰੀ 1983 ਸੀ ਕਿ ਸ੍ਰੀ ਸਤਿਗੁਰੂ ਜੀ ਅਤੇ ਆਪ ਜੀ ਦਾ ਜਥਾ ਨੈਰੋਬੀ ਦੀ ਜੋਮੋ ਕਨਿਆਟਾ ਇੰਟਰਨੈਸ਼ਨਲ ਏਅਰ ਪੋਰਟ ਤੇ ਜਾ ਉਤਰਿਆ। ਮਦਦ ਕੀਤੀ ਏਅਰ ਇੰਡੀਆ ਦੇ 'ਐਨ ਪੂਰਣਾ' ਜਹਾਜ਼ ਨੇ। ਸਤਿਗੁਰੂ ਜੀ ਦੇ ਨਾਲ ਵਾਲੇ ਜਥੇ ਦਾ ਏਥੇ ਹੀ ਜ਼ਿਕਰ ਕਰ ਲਈਏ। ਹੇਠ ਲਿਖੇ ਵਿਅਕਤੀਆਂ ਨੂੰ ਇਸ ਯਾਤਰਾ ਦਾ ਸੁਭਾਗ ਮਿਲਿਆ।

1. ਠਾਕਰ ਦਲੀਪ ਸਿੰਘ ਜੀ
2. ਸ੍ਰ. ਸਰਤਾਜ ਸਿੰਘ ਜੀ
3. ਬੀਬਾ ਸਾਹਿਬ ਕੌਰ ਜੀ
4. ਕਾਕਾ ਜੀ (ਕੇ ਸਿੰਘ)
5. ਸੰਤ ਤਰਸੇਮ ਸਿੰਘ, ਹਜ਼ੂਰੀ ਸੱਕਤਰ
6. ਸੰਤ ਮਹਿੰਦਰ ਸਿੰਘ ਪੁਰਬਾ
7. ਸੰਤ ਬਲਦੇਵ ਸਿੰਘ, ਹਜ਼ੂਰੀ ਸੇਵਕ
8. ਪੰਡਿਤ ਰੇਸ਼ਪਾਲ ਸਿੰਘ
9. ਸੰਤ ਖਜ਼ਾਨ ਸਿੰਘ ਰਾਗੀ
10. ਸੰਤ ਹਰਬੰਸ ਸਿੰਘ ਘੁੱਲਾ ਰਾਗੀ
11. ਸ੍ਰੀ ਬਲਜੀਤ ਸਿੰਘ ਤਾਰ ਸ਼ਹਿਨਾਈ
12. ਸ੍ਰੀ ਸੁਖਵਿੰਦਰ ਸਿੰਘ ਪਿੰਕੀ ਤਬਲਾ ਵਾਦਕ



Sri Satguru Jagjit Singh Ji Elibrary NamdhariElibrary@gmail.com

13. ਸੂਬਾ ਸਤਨਾਮ ਸਿੰਘ ਜੀ ਨੈਰੋਬੀ
14. ਸੰਤ ਨਿਰੰਜਨ ਸਿੰਘ 'ਨਰਕ'
15. ਸੰਤ ਗੁਲਜ਼ਾਰ ਸਿੰਘ ਸਾਬਕਾ ਸੇਵਕ
16. ਬੀਬੀ ਸਵਰਨ ਕੌਰ ਸੁਪਤਨੀ ਲੇਟ ਸ੍ਰ. ਮੇਲਾ ਸਿੰਘ ਦਿੱਲੀ
17. ਬੀਬੀ ਇੰਦਰਜੀਤ ਕੌਰ ਸਪੁਤ੍ਰੀ ਲੇਟ ਸ੍ਰ. ਮੇਲਾ ਸਿੰਘ ਦਿੱਲੀ
18. ਸ੍ਰ. ਸੁਰਿੰਦਰ ਸਿੰਘ ਲਾਇਲ ਲੁਧਿਆਣਾ
19. ਲੇਖਕ ਪ੍ਰੀਤਮ ਸਿੰਘ [illegible]

ਨੈਰੋਬੀ ਵਿਚਲੀ ਸਮੁਚੀ ਨਾਮਧਾਰੀ ਸੰਗਤ ਸਤਿਗੁਰੂ ਜੀ ਦੇ ਸੁਆਗਤ ਲਈ ਢੁਕੀ ਹੋਈ ਸੀ। ਵੀ.ਆਈ.ਪੀ. ਰੂਮ ਵਿਚ ਸੂਬਾ ਸੋਹਣ ਸਿੰਘ ਜੀ ਨਾਮਧਾਰੀ ਸੰਗਤ ਦੇ ਪ੍ਰਧਾਨ ਸ. ਸਰਵਨ ਸਿੰਘ ਸੇਖੀ, ਸਕੱਤਰ ਸ੍ਰ. ਹਰਭਜਨ ਸਿੰਘ ਸੀਰ੍ਹਾ, ਖਜ਼ਾਨਚੀ ਸੰਤ ਪ੍ਰੀਤਮ ਸਿੰਘ ਮਠਾੜੂ, ਸ੍ਰ. ਨਰਿੰਦਰ ਸਿੰਘ-ਸੁਰਿੰਦਰ ਸਿੰਘ, ਸਵਰਗਵਾਸੀ ਸੂਬਾ ਦਰਸ਼ਨ ਸਿੰਘ ਜੀ ਦੇ ਸਪੁੱਤ੍ਰਾਂ ਅਤੇ ਸ੍ਰ. ਮਨਜੀਤ ਸਿੰਘ ਆਦਿ ਪਤਵੰਤਿਆਂ ਨੇ ਆਪਣੇ ਹਿਰਦੇ ਨਾਥ ਦੇ ਗਲੇ ਵਿਚ ਪੁਸ਼ਪ ਹਾਰ ਪਹਿਨਾਅ ਚਰਨਾਂ ਤੇ ਸਿਰ ਝੁਕਾ ਨਮਸਕਾਰਾਂ ਕੀਤੀਆਂ। ਆਈਆਂ ਸੰਗਤਾਂ ਨੇ ਪ੍ਰੀਤਮ ਪਿਆਰੇ ਦੇ ਦਰਸ਼ਨ ਨਾਲ ਅੱਖੀਆਂ ਨੂੰ ਸੁਖ ਸ਼ਾਂਤੀ ਦਿਤੀ।

ਸ੍ਰੀ ਸਤਿਗੁਰੂ ਜੀ ਦਾ ਗੁਰੂ ਰੂਪ ਵਿਚ ਇਹ ਕਿਨਵਾਂ ਦੌਰਾ ਹੈ, ਮੈਨੂੰ ਪਤਾ ਨਹੀਂ। ਪਰ ਇਹ ਗਿਆਨ ਮੈਨੂੰ ਹੈ ਕਿ ਕੀਨੀਆਂ ਦਾ ਮਾਣ ਸੂਬਾ ਦਰਸ਼ਨ ਸਿੰਘ ਜੀ ਦੀ ਮਿਰਤੂ (4.11.81) ਪਿਛੋਂ, ਦੌਰੇ ਵਜੋਂ ਇਹ ਪਹਿਲਾ ਦੌਰਾ, ਜਾਣ ਵਜੋਂ ਇਹ ਤੀਜੀ ਫੇਰੀ ਹੈ।

ਨਾਮਧਾਰੀ ਸੰਗਤ ਕੀਨੀਆ ਨੇ ਅਜਿਹੇ ਆਧਾਰ ਪੈਦਾ ਕਰ ਲਏ ਹੋਏ ਹਨ ਜਿਵੇਂ ਕਿ ਮੈਂ 1979 ਅਗਸਤ ਦੇ ਦੌਰੇ ਸਮੇਂ ਵੇਰਵੇ ਨਾਲ ਲਿਖਿਆ ਸੀ, ਕਿ ਜਦੋਂ ਵੀ ਸਾਧ ਸੰਗਤ ਦਾ ਜੀ ਕਰੇ ਗੁਰੂ ਚਰਨਾਂ ਵਿਚ ਨੈਰੋਬੀ ਦਰਸ਼ਨਾਂ ਲਈ ਅਰਦਾਸ ਕਰ ਸਕਦੀ ਹੈ ਅਤੇ ਜੇ ਸੱਚੇ ਪਾਤਸ਼ਾਹ ਪਰਵਾਨਗੀ ਦੇ ਦੇਣ ਤਾਂ ਖਰਚਿਆਂ ਦੀ ਕੋਈ ਚਿੰਤਾ ਨਹੀ ਹੋ ਸਕਦੀ।

ਨਾਮਧਾਰੀਆਂ ਦਾ ਤਾਂ ਜੀਵਨ ਆਧਾਰ ਹੀ ਗੁਰੂ ਦਰਸ਼ਨ ਹਨ। ਜਿਵੇਂ ਗੁਰਬਾਣੀ ਵਿਚ ਆਉਂਦਾ ਹੈ :-

*ਦਰਸਨ ਦੇਖਿ ਜੀਵਾ ਗੁਰ ਤੇਰਾ।*
*ਪੂਰਨ ਕਰਮ ਹੋਇ ਪ੍ਰਭ ਮੇਰਾ।...*
*ਸਜਣ ਮੁਖ ਅਨੂਪ ਅਠੇ ਪਹਰ ਨਿਹਾਲਸਾ।...*
*ਜੇਕਰ ਦੂਜਾ ਦੇਖਦੀਆ ਜਨ ਨਾਨਕ ਕਢ ਦਿਚੰਨਿ।*

ਸੂਬਾ ਦਰਸ਼ਨ ਸਿੰਘ ਜੀ ਨਮਿਤ ਭੋਗ ਸਮੇ ਸਤਿਗੁਰੂ ਜੀ ਇਕ ਸੂਬਾ ਦਰਸ਼ਨ ਸਿੰਘ ਜੀ ਦੀ ਥਾਂ ਦੋ ਸੂਬੇ ਦਰਸ਼ਨ ਸਿੰਘ ਬਣਾ ਆਏ ਸਨ। ਇਕ ਸੂਬਾ ਜੀ ਦੇ ਰੰਗੇ ਰੁਲਝੇ ਹੋਏ ਸਾਥੀ, ਸੂਬਾ ਸੋਹਣ ਸਿੰਘ ਜੀ ਦੂਜੇ ਸੂਬਾ ਦਰਸ਼ਨ ਸਿੰਘ ਜੀ ਦੇ ਤੀਜੇ ਸਪੁਤਰ ਸੂਬਾ ਸਤਨਾਮ ਸਿੰਘ ਜੀ।

ਸੂਬਾ ਸਤਿਨਾਮ ਸਿੰਘ ਜੀ ਪਿਛਲੇ ਚਹੁੰ ਮਹੀਨਿਆਂ ਤੋਂ ਹੀ ਭਾਰਤ ਵਿਚ ਸਨ। ਬਹੁਤ ਸਮਾਂ ਉਨ੍ਹਾਂ ਨੇ ਸ੍ਰੀ ਸਤਿਗੁਰੂ ਜੀ ਨਾਲ ਭਾਰਤ ਭ੍ਰਮਣ ਕੀਤਾ। ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ, ਜੇ ਨਹੀ ਤਾਂ ਰੋਹਤਾਂਗ ਦੱਰਾ ਤੋ ਕੰਨਿਆ ਕੁਮਾਰੀ ਤਕ ਦਾ, ਤਾਂ ਜ਼ਰੂਰ ਹੀ



Sri Satguru Jagjit Singh Ji Elibrary NamdhariElibrary@gmail.com

ਭਾਰਤ ਦੇ ਲੋਕਾਂ ਦੀ ਵਿਵਧਤਾ ਵੇਖੀ। ਅੰਮ੍ਰਿਤਸਰ ਤੋਂ ਕਲਕਤਾ ਬੰਬਈ ਵੀ ਆਪ ਦੇ ਘੇਰੇ ਦੇ ਸਥਾਨ ਸਨ ਅਤੇ ਵਿਚੋਂ ਹੀ ਉਡਾਰੀ ਥਾਈਲੈਂਡ ਅਤੇ ਹਾਂਗਕਾਂਗ ਤਕ ਲਗ ਗਈ। ਸਤਿਗੁਰੂ ਜੀ ਨੇ ਅਪਾਰ ਕਿਰਪਾ ਦੁਆਰਾ ਸਵਰਗ ਵਾਸੀ ਸੂਬਾ ਜੀ ਦੇ ਸਪੁਤਰ ਨੂੰ ਬੇਅੰਤ ਮਾਫ ਅਤੇ ਪਿਆਰ ਬਖਸ਼ਿਆ। ਇਹਨਾਂ ਰਾਹੀਂ ਸਮੁੱਚੀ ਨਾਮਧਾਰੀ ਸੰਗਤ ਦੀ ਅਰਦਾਸ ਬਾਰ ਬਾਰ ਪਹੁੰਚੀ ਕਿ ਸਚੇ ਪਤਸ਼ਾਹ 1983 ਵਿਚ ਜ਼ਰੂਰ ਹੀ ਕੀਨੀਆ ਵਿਖੇ ਦਰਸ਼ਨ ਦੇਣ। ਅਤੇ ਬੇਨਤੀਆਂ ਚਲਦੇ ਚਲਦੇ ਤਨਜ਼ਾਨੀਆਂ ਦੀ ਸੰਗਤ ਦੀ ਪੁਕਾਰ ਵੀ ਆ ਗਈ ਕਿ ਜਦੋਂ ਵੀ ਸਤਿਗੁਰੂ ਅਫਰੀਕਾ ਵਿਚ ਦਰਸ਼ਨ ਦੇਣ ਤਨਜ਼ਾਨੀਆ ਨੂੰ ਜ਼ਰੂਰ ਨਿਵਾਜਣ।

ਨਾਮਧਾਰੀ ਸੰਗਤ ਦੇ ਮੁਖੀਆਂ ਅਤੇ ਹੋਰ ਸੰਗਤ ਨੇ, ਖਾਸਕਰ ਨੌਜਵਾਨ ਨਾਮਧਾਰੀਆਂ ਨੇ ਏਅਰਪੋਰਟ ਤੋਂ ਸ੍ਰੀ ਸਤਿਗੁਰੂ ਜੀ ਦੀ ਸੰਗਤ ਵਿਚ ਆਏ ਜਥੇ ਨੂੰ ਕਸਟਮ ਚੈਕਿੰਗ ਆਦਿ ਦੀਆਂ ਪਰੇਸ਼ਾਨੀਆਂ ਤੋਂ ਮੁਕਤ ਕਰਵਾ ਕੇ ਆਪਣੀਆਂ ਗੱਡੀਆਂ ਤੇ ਉਠਾ ਲਿਆ ਅਤੇ ਰਾਤ 11 ਵਜਦੇ ਨੂੰ ਨਿਸਚਿਤ ਥਾਵਾਂ ਤੇ ਰਿਹਾਇਸ਼ ਦੇ ਦਿਤੀ।

## ਨੈਰੋਬੀ ਵਿਚ

ਸ੍ਰੀ ਸਤਿਗੁਰੂ ਜੀ ਦੇ ਡੇਰੇ ਵਾਸਤੇ, ਲੰਮੇ ਸਮੇ ਤੋਂ ਤੇ ਚੀਤੀ ਚਲੀ ਆ ਰਹੀ ਜਗਾਹ ਸੂਬਾ ਦਰਸ਼ਨ ਸਿੰਘ ਜੀ ਦਾ ਬੰਗਲਾ ਹੀ ਇੰਤਜ਼ਾਰ ਵਿਚ ਸੀ। ਭਾਵੇਂ ਸੂਬਾ ਜੀ ਦੇਹ ਕਰਕੇ ਹੁਣ ਸਾਡੇ ਵਿਚ ਨਹੀਂ ਸਨ ਪਰ ਉਨ੍ਹਾਂ ਦੀ ਪ੍ਰੇਮ ਭਾਵਨਾ ਜਿਵੇਂ ਸਾਰੀ ਨੈਰੋਬੀ ਦੀ ਸੰਗਤ ਵਿਚ ਸਮਾਈ ਹੋਈ ਹੈ। ਅਤੇ ਸਤਿਗੁਰੂ ਜੀ ਆਪਣੇ ਪਿਆਰੇ ਸਵਰਗ ਵਾਸੀ ਸੂਬਾ ਜੀ ਦੇ ਪਰਵਾਰ ਵਿਚ ਓਸੇ ਭਾਵਨਾ ਦੀ ਹੋਂਦ ਸਦਾ ਵੇਖਦੇ ਆਏ ਹਨ। ਇਸ ਲਈ ਹੁਣ ਫਿਰ ਇਹੋ ਸਥਾਨ ਸਾਰੀਆਂ ਸਰਗਰਮੀਆਂ ਦਾ ਕੇਂਦਰ ਬਣ ਗਿਆ।

ਸ੍ਰੀ ਸਤਿਗੁਰੂ ਜੀ ਨੇ ਸੰਗਤ ਮੁਖੀਆਂ ਨੂੰ ਆਗਿਆ ਕਰ ਦਿਤੀ ਕਿ 26 ਫਰਵਰੀ ਦਾ ਦਿਨ ਨੈਰੋਬੀ ਵਿਖੇ ਨਿਵਾਸ ਰਖਣ 27 ਨੂੰ ਸਵੇਰੇ ਹੀ ਤਨਜ਼ਾਨੀਆ ਬਾਰਡਰ ਵਲ ਕੂਚ ਕਰਨਾ ਹੈ, ਸਭ ਤਰਾਂ ਦੀ ਤਿਆਰੀ ਕਰ ਕਰਾ ਲਈ ਜਾਏ। ਏਸੇ ਸਮੇ ਤੋਂ ਸੰਤ ਹਰਭਜਨ ਸਿੰਘ ਚਾਨਾ ਟੈਲੀਫੋਨ ਇਨਚਾਰਜ ਬਣਕੇ ਡਾਈਲ ਘੁਮਾਉਣ ਲਗੇ। ਉਂ ਵੀ ਸੱਚੇ ਪਾਤਸ਼ਾਹ ਜੀ ਨੇ ਆਪਣੇ ਵਿਦੇਸ਼ਾਂ ਵਿਚ ਰਹਿੰਦੇ ਜ਼ਿਮੇਵਾਰ ਸਿੱਖਾਂ ਨਾਲ ਆਪਣੀ ਆਮਦ ਨਾਲ ਤਾਲਮੇਲ ਬੈਠਾਣਾ ਹੁੰਦਾ ਹੈ। ਭਾਰਤ ਵਿਚ ਵੀ ਸਹੀ ਸਲਾਮਤ ਪਹੁੰਚ ਬਾਰੇ ਜਾਣਕਾਰੀ ਦੇਣੀ ਹੁੰਦੀ ਹੈ।

ਇਹਨੀ ਦਿਨੀ ਇਕ ਹੋਰ ਵੀ ਵਿਸ਼ੇਸ਼ ਕਾਰਨ ਸੀ। ਠਾਕੁਰ ਦਲੀਪ ਸਿੰਘ ਜੀ ਦੇ ਗ੍ਰਹਿ ਵਿਖੇ ਇੰਗਲੈਂਡ ਦੌਰਾ ਕੌਂਸਲਣ ਦੀ ਤਿਆਰੀ ਸਮੇ ਹੀ, ਲੜਕੀ-ਜਨਮ ਦੀ ਖਬਰ ਆਈ ਸੀ। ਸ੍ਰੀ ਮਾਤਾ ਜੀ, ਬੇਬੇ ਦਲੀਪ ਕੌਰ ਜੀ ਤਾਂ ਹੋਣ ਹੀ ਭੈਣੀ ਸਾਹਿਬ ਸਨ, ਜਿਥੇ ਬੀਬੀ ਗੁਰਮੀਤ ਕੌਰ ਜੀ ਨੂੰ ਪੁੱਤ੍ਰੀ ਦਰਸ਼ਨ ਹੋਏ।

ਇਸ ਲਈ ਟੈਲੀਫੋਨ ਆਉਣੇ ਜਾਣੇ ਸੰਤ ਚਾਨਾ ਦੇ ਜ਼ਿਮੇ ਲਗ ਗਏ।

ਸੂਬਾ ਸੋਹਣ ਸਿੰਘ ਜੀ, ਸ੍ਰ. ਸੋਖੀ ਅਤੇ ਸ੍ਰ. ਸੀਰ੍ਹਾ ਦੇ ਜ਼ਿਮੇ ਆ ਪਿਆ ਕਿ ਉਨ੍ਹਾਂ ਏਨੇ ਦਿਨ ਸਤਿਗੁਰੂ ਜੀ ਦੀ ਆਗਿਆ ਪਾਲਨ ਹਿਤ ਹਜ਼ੂਰੀ ਵਿਚ ਵੀ ਰਹਿਣਾ ਹੈ ਤੇ



Sri Satguru Jagjit Singh Ji Elibrary NamdhariElibrary@gmail.com

ਹੁਕਮ ਅਨੁਸਾਰ ਕਾਰਜ ਕਰਮ ਵੀ ਕਰਵਾਏ ਹਨ।

ਨਾਲ ਆਇਆਂ ਦੀ ਰਿਹਾਇਸ਼ ਵੰਡ ਇਸ ਪਰਕਾਰ ਹੋ ਗਈ: ਸ੍ਰ. ਜਗਤਾਰ ਸਿੰਘ - ਚੀਫ਼ ਜੀ, ਸਕੱਤਰ ਸਾਹਿਬ, ਪੁਰਖਾ ਜੀ, ਸਾਬਕਾ ਸੇਵਕ ਗੁਲਜ਼ਾਰ ਸਿੰਘ ਅਤੇ ਸ੍ਰ. ਸੁਰਿੰਦਰ ਸਿੰਘ ਲੁਧਿਆਣਾ, ਸੰਤ ਗਿਆਨ ਸਿੰਘ ਤਲੇਹਾ (ਸੰਤ ਤਰਸੇਮ ਸਿੰਘ ਦੀ ਭਾਣਜੀ ਦੇ ਸਹੁਰੇ ਘਰ) ਅਤੇ ਦੋਵੇਂ ਮਾਵਾਂ ਧੀਆਂ ਸੂਬਾ ਦਰਸ਼ਨ ਸਿੰਘ ਜੀ ਦੇ ਬੰਗਲੇ।

ਪੰਡਿਤ ਗੋਪਾਲ ਸਿੰਘ ਜੀ ਹਾਰਟ ਦੇ ਮਰੀਜ਼ ਹੋਣ ਕਰਕੇ ਸ੍ਰ. ਗੁਰਚੈਨ ਸਿੰਘ ਫਲੋਰਾ ਦੀ ਦੇਖ ਰੇਖ ਹੇਠ ਰਹਿਣ ਵਾਸਤੇ ਉਨ੍ਹਾਂ ਦੇ ਬੰਗਲੇ ਦੇ ਹੀ ਰਿਹਾਇਸ਼ੀ ਕੀਤੇ ਗਏ। ਅਤੇ ਨਾਮਧਾਰੀ ਸੰਗਤ ਦੀ ਧਰਮਸਾਲਾ ਵਿਚ ਵਿਹਲੇ ਸਜੇ ਸੰਵਾਰੇ ਕਮਰਿਆਂ ਵਿਚ ਸੰਤ ਖਜਾਨ ਸਿੰਘ, ਸੰਤ ਹਰਬੰਸ ਸਿੰਘ ਧੌਲਾ, ਸ੍ਰੀ ਬਲਜੀਤ ਸਿੰਘ, ਸ੍ਰੀ ਸੁਖਵਿੰਦਰ ਸਿੰਘ ਪਿੰਕੀ ਅਤੇ ਪ੍ਰੀਤਮ ਸਿੰਘ ਕਵੀ ਦਾ ਡੇਰਾ ਲਗ ਗਿਆ।

ਸੰਤ ਨਿਰੰਜਨ ਸਿੰਘ ਜੀ ਵਾਸਤੇ ਉਨ੍ਹਾਂ ਦੇ ਵਡੇ ਲੜਕੇ ਸ੍ਰ. ਹਰਭਜਨ ਸਿੰਘ ਸੀਹਾਂ, ਸਕੱਤ੍ਰ ਨਾਮਧਾਰੀ ਸੰਗਤ ਨੈਰੋਬੀ ਦਾ ਘਰ ਇੰਤਜ਼ਾਰ ਕਰ ਰਿਹਾ ਸੀ।

ਇੰਜ ਰਿਹਾਇਸ਼ ਵੰਡ ਹੋਣ ਉਪਰੰਤ ਅਗਲਾ ਦਿਨ ਪ੍ਰਬੰਧਕਾਂ ਦਾ ਏਸੇ ਤਿਆਰੀ ਵਿਚ ਲੰਘਿਆ ਕਿ ਤਨਜ਼ਾਨੀਆ ਵਿਚ ਜਾਣ ਦਾ ਵੀਜ਼ਾ ਉਥੋਂ ਦੀਆਂ ਸੰਗਤਾਂ ਨੂੰ ਸੂਚਨਾਵਾਂ, ਸੁਆਗਤੀ ਤਿਆਰੀਆਂ, ਏਧਰੋਂ ਸਵੇਰੇ ਸਵੇਰੇ ਲਗਭਗ 10 ਕਾਰਾਂ ਦੀ ਤਿਆਰੀ, ਜਿਸ ਵਿਚ ਸ੍ਰੀ ਸਤਿਗੁਰੂ ਜੀ ਦੀ ਕਾਰ ਵਾਸਤੇ ਕਿਹੜਾ ਚਤੁਰ ਆਦਮੀ ਹੋਵੇ ਤੇ ਮੁਨਾਸਬ ਸਹੂਲਤਾਂ ਵਾਲੀ ਕਾਰ ਮੁਹਈਆ ਕਰਨਾ ਵੀ ਇਕ ਕੰਮ ਸੀ।

ਸੱਚੇ ਪਾਤਸ਼ਾਹ ਜੀ ਨਾਲ ਆਇਆਂ ਵਿਅਕਤੀਆਂ ਨੂੰ, ਅਫਰੀਕਾ ਦਾ ਪਹਿਲਾਂ ਵੀ ਅਨੁਭਵ ਸੀ, ਬਿਨਾ ਸੁਰਿੰਦਰ ਸਿੰਘ ਲੁਧਿਆਣਾ ਅਤੇ ਦੋਹਾਂ ਬੀਬੀਆਂ ਤੋਂ। ਸੁਰਿੰਦਰ ਸਿੰਘ ਉਂ ਹੀ ਅੱਠੇ ਪਹਿਰ ਗੁਰੂ ਚਰਨਾਂ ਵਿਚ ਰਹਿਣ ਵਾਲਾ ਸੀ। 26 ਫਰਵਰੀ ਦਾ ਦਿਨ ਏਸੇ ਤਿਆਰੀ ਵਿਚ ਲੰਘਿਆ। ਕੀਨੀਆ, ਤਨਜ਼ਾਨੀਆ ਦੋਹਾਂ ਦੇਸ਼ਾਂ ਦੇ ਪਰਸਪਰ ਏਨੇ ਚੰਗੇ ਸੰਬੰਧ ਨਹੀ ਕਿ ਹਰ ਗੱਲ ਸਹਿਜ ਭਾ ਹੋ ਸਕੇ। ਇਸ ਲਈ ਵਿਸ਼ੇਸ਼ ਭੱਜ ਨੱਸ ਕਰਨੀ ਹੀ ਪੈਂਦੀ ਹੈ।

ਨੈਰੋਬੀ ਦੇ ਨਾਮਧਾਰੀਆਂ ਦੀ ਇਹ ਖੂਬੀ ਹੈ ਕਿ ਸਤਿਗੁਰੂ ਜੀ ਦੀ ਆਮਦ ਤੇ ਆਪਣੇ ਕੰਮਾ ਨੂੰ ਨਾ ਗੌਲ ਕੇ ਸਾਧ ਸੰਗਤ ਦੀ ਲੋੜ ਅਤੇ ਪ੍ਰਬੰਧਕਾਂ ਦੀ ਆਗਿਆ ਅਧੀਨ ਕੰਮ ਕਰਨਾ ਉਨ੍ਹਾਂ ਦੀ ਸੁਭਾਵਕ ਕਿਰਿਆ ਹੋ ਜਾਂਦੀ ਹੈ।

ਸਤਿਗੁਰੂ ਜੀ ਦੇ ਸੁਭਾਅ ਦਾ ਹਿੱਸਾ ਹੈ ਕਿ ਜੋ ਕੁਝ ਕਰਨਾ ਕਰਵਾਣਾ ਹੋ ਉਸ ਬਾਰੇ ਪਲ ਪਲ ਜਾਣਕਾਰੀ ਲੈਣੀ ਤੇ ਜਿਥੇ ਲੋੜ ਪਏ ਉਥੇ ਪ੍ਰਬੰਧ ਦੀਆਂ ਕਿੱਲੀਆਂ ਮਰੋੜ ਕੇ ਸਭ ਕੁਝ ਸਮੇਂ ਸਿਰ ਸ਼ੁਰੂ ਕਰ ਲੈਣਾ। ਇਸ ਲਈ 26 ਫਰਵਰੀ ਦੀ ਰਾਤ ਇਸ ਵਿਸ਼ਵਾਸ ਨਾਲ ਲੰਘੀ ਕਿ ਕੱਲ ਵੇਲੇ ਸਿਰ ਚਲਣ ਲਈ ਸਭ ਕੁਝ ਹੀ ਤਿਆਰ ਹੈ।

ਇਕ ਗੱਲ ਸਦਾ ਹੀ ਚੇਤੇ ਵਿਚ ਰੱਖਣੀ ਚਾਹੀਦੀ ਹੈ ਕਿ ਜਦੋਂ ਵੀ ਤੇ ਜਿਥੇ ਵੀ ਸਤਿਗੁਰੂ ਜੀ ਹੋਣ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ, ਜਿਸਦਾ ਭੋਗ ਸੂਰਜ ਚੜ੍ਹਨ ਦੇ ਨਾਲ ਹੀ ਆਮ ਕਰਕੇ ਪੈ ਜਾਂਦਾ ਹੈ, ਇਕ ਘੰਟਾ ਸਮੂਹਕ ਨਾਮ ਸਿਮਰਨ ਅਤੇ ਸ਼ਾਮ ਦਾ ਕੀਰਤਨ-ਦੀਵਾਨ ਜ਼ਰੂਰ ਹੁੰਦਾ ਹੈ। ਕਦੇ ਕਦੇ ਇਹੋ ਸਮੇ ਹੀ ਸਫ਼ਰ ਦੌਰਾਨ ਹੋਣ



Sri Satguru Jagjit Singh Ji Elibrary NamdhariElibrary@gmail.com

ਤਾਂ ਪ੍ਰੋਗਰਾਮ ਨਿਜੀ ਰੂਪ ਵਿਚ ਚਲਦੇ ਰਹਿੰਦੇ ਹਨ। ਪਰ ਸਾਰੇ ਦੇਸਾਂ ਵਿਚ ਏਨੀ ਕੁ ਲੋੜ ਹੁੰਦੀ ਹੈ ਕਿ ਉਹ ਅੱਠੇ ਪਹਿਰ ਇਮਤਿਹਾਨ ਹੀ ਨ ਬਣੇ ਰਹਿਣ।

ਨਮ੍ਹਾਂਗਾ ਬਾਰਡਰ

27 ਨੂੰ ਸਵੇਰੇ ਸਵੇਰੇ ਨਾਮਧਾਰੀ ਧਰਮਸਾਲਾ ਨੈਰੋਬੀ ਵਿਚ ਆਸਾ ਦੀ ਵਾਰ ਦਾ ਭੋਗ ਪਿਆ ਤਾਂ ਕਾਰਾਂ ਅਗਲੇ ਸਫ਼ਰ ਲਈ ਤਿਆਰ ਸਨ। ਸੂਬਾ ਦਰਸਨ ਸਿੰਘ ਜੀ ਦੀ ਪਤਨੀ ਬੀਬੀ ਹਰਜੀਤ ਕੌਰ, ਸੰਤ ਪ੍ਰੀਤਮ ਸਿੰਘ ਜੀ ਮਠਾੜੂ ਦੀ ਪਤਨੀ ਬੀਬੀ ਚੰਨਣ ਕੌਰ, ਸਵਰਗਵਾਸੀ ਸੂਬਾ ਜੀ ਦੀਆਂ ਨੂੰਹਾਂ ਧੀਆਂ ਤੇ ਹੋਰ ਭੈਣਾਂ ਵੀ ਮਦਦ ਵੇਲੇ ਕੁਵੇਲੇ ਦੇ ਲੰਗਰ ਤਿਆਰ ਕਰਦੀਆਂ ਹਨ। ਨਾਸਤਾ ਸੂਬਾ ਦਰਸਨ ਸਿੰਘ ਜੀ ਦੇ ਬੰਗਲੇ ਛਕ ਕੇ ਸੰਗਤਾਂ ਸਤਿਗੁਰੂ ਜੀ ਦੀ ਅਗਵਾਈ ਵਿਚ ਨਮ੍ਹਾਂਗਾ ਬਾਰਡਰ ਨੂੰ ਚਲ ਪਈਆਂ।

ਨੈਰੋਬੀ ਨਗਰ ਅਜੇ ਸੁੱਤਾ ਹੀ ਪਿਆ ਸੀ ਕਿ ਮੂੰਹ ਅਨ੍ਹੇਰੇ ਹੀ ਕਾਰਾਂ ਦਾ ਇਕ ਤਕੜਾ ਕਾਫ਼ਲਾ ਨਮ੍ਹਾਂਗਾ ਬਾਰਡਰ ਲਈ ਨਿਕਲ ਤੁਰਿਆ। ਸ੍ਰ. ਕੰਵਲਜੀਤ ਸਿੰਘ ਦੁਆਰਾ ਚਲਾਈ ਜਾਂਦੀ ਮਰਸੀਡੀਜ਼ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਸੀ, ਹਜ਼ੂਰੀ ਸੇਵਕ ਬਲਦੇਵ ਸਿੰਘ ਤੋਂ ਬਿਨਾ ਠਾਕਰ ਜੀ ਆਪ ਜੀ ਦੇ ਨਾਲ ਸਨ ਤੇ ਪਿਛੇ ਸਨ ਨੈਰੋਬੀ ਦੇ 8 ਸਿੰਘਾਂ ਦੀਆਂ ਕਾਰਾਂ, ਜਿਨ੍ਹਾਂ ਵਿਚ ਸਤਿਗੁਰੂ ਜੀ ਦੇ ਜਥੇ ਤੋਂ ਇਲਾਵਾ ਹੇਠ ਲਿਖੇ ਸੱਜਣ ਨੈਰੋਬੀ ਤੋਂ ਸਨ :-

1. ਪ੍ਰਧਾਨ, ਸ੍ਰ. ਸਰਵਣ ਸਿੰਘ ਸੈਣੀ
2. ਸੂਬਾ ਸਤਨਾਮ ਸਿੰਘ ਜੀ
3. ਬੀਬੀ ਹਰਜੀਤ ਕੌਰ ਸੁਪਤਨੀ ਸੂਬਾ ਦਰਸਨ ਸਿੰਘ ਜੀ
4. ਬੀਬੀ ਚੰਨਣ ਕੌਰ ਸੁਪਤਨੀ ਸੰਤ ਪ੍ਰੀਤਮ ਸਿੰਘ ਮਠਾੜੂ
6. ਸ੍ਰ. ਬਲਵਿੰਦਰ ਸਿੰਘ ਉੱਪੀ
7. ਸ੍ਰ. ਰਤਨ ਸਿੰਘ ਚੌਹਾ
8. ਬੀਬੀ ਹਰਦਿਆਲ ਕੌਰ ਸੁਪਤਨੀ ਸ੍ਰ. ਚੌਹਾ
9. ਗਿਆਨੀ ਤੇਜਾ ਸਿੰਘ ਜੀ
10. ਸੰਤ ਹਰਭਜਨ ਸਿੰਘ ਚਾਨਾ
11. ਸੂਬਾ ਸੇਵਾ ਸਿੰਘ ਜਥੇਦਾਰ ਜਗਾਧਰੀ
12. ਸ੍ਰ. ਵਿਰਸਾ ਸਿੰਘ ਨਾਮਧਾਰੀ ਧਰਮਸਾਲਾ
13. ਸ੍ਰ. ਜਗਜੀਤ ਸਿੰਘ ਕਲੇਰ
14. ਸ੍ਰ. ਰਣਜੀਤ ਸਿੰਘ ਕਲੇਰ (ਬੀਰਾ)

ਨਮ੍ਹਾਂਗਾ ਬਾਰਡਰ ਤਕ ਜਾਣ ਵਾਲੀਆਂ ਕਾਰਾਂ ਤੇ ਉਨ੍ਹਾਂ ਦੇ ਮਾਲਕ ਸਾਧ ਸੰਗਤ ਦੇ ਪ੍ਰਬੰਧਕਾਂ ਦੇ ਆਗਿਆ ਅਧੀਨ ਸ੍ਰੀ ਸਤਿਗੁਰੂ ਜੀ ਤੇ ਨਾਲ ਆਏ ਜਥੇ ਦੀ ਸੇਵਾ ਹਿਤ 200 ਕਿਲੋਮੀਟਰ ਦਾ ਲੰਮਾ ਸਫ਼ਰ ਕਰਨ ਚਲੇ ਸਨ ਤੇ ਫਿਰ ਨਮ੍ਹਾਂਗਾ ਤੋਂ ਹੀ ਵਾਪਸੀ ਕਰਨੀ ਸੀ। ਜੇ, ਮੈਂ ਭੁੱਲਦਾ ਨਹੀਂ ਤਾਂ ਇਹ ਸਨ ਸ੍ਰ. ਨਰਿੰਦਰ ਸਿੰਘ ਰੂਪ ਰਾਇ, ਸ੍ਰ. ਦਰਸ਼ਨ ਸਿੰਘ ਚਾਨਾ, ਸ੍ਰ. ਅਮਰਜੀਤ ਸਿੰਘ ਭੱਟੀ, ਸ੍ਰ. ਰਣਜੀਤ ਸਿੰਘ ਬੀਰਾ, ਸ੍ਰ. ਬਲਬੀਰ



Sri Satguru Jagjit Singh Ji Elibrary NamdhariElibrary@gmail.com

ਸਿੰਘ, ਸ੍ਰ. ਹਰਪਾਲ ਸਿੰਘ ਭੱਟੀ ਆਦਿ। (ਵਕਤ ਸਿਰ ਨੋਟ ਬੁਕ ਖੋ ਜਾਣ ਕਾਰਣ ਨਾਵਾਂ ਦਾ ਫਰਕ ਤੇ ਘਾਟੇ ਵਾਧੇ ਲਈ ਖਿਮਾ-ਲੇਖਕ)।

ਇਕ ਲੰਮੇ ਜੰਗਲ ਦਾ ਸਫ਼ਰ ਸੀ। ਗ੍ਰੇਟ ਰਿਫਟ ਵੈਲੀ ਵਿਚਲੀ ਇਹ ਸਿੱਧੀ ਲੰਮੀ ਸੜਕ ਦੇ ਗੱਡੀਆਂ ਨੂੰ ਲਾਂਘੇ ਦੀ ਸਹੂਲਤ ਦਿੰਦੀ ਸੀ। ਅਤੇ ਦੁਆਲੇ ਸੀ ਉਚੇ ਘਾਹਾਂ ਵਾਲੀ ਸੁਨਹਿਰੀ ਭਾਹ ਮਾਰਦੀ ਦੂਰ ਦਿਸਹਦੇ ਤਕ ਦੀ ਧਰਤੀ। ਕਿਤੇ ਕਿਤੇ ਝਾੜੀਆਂ, ਕਿਤੇ ਕਿਤੇ ਛੋਟੇ ਕੱਦ ਦੇ ਰੁੱਖ।

ਅਜਿਹੇ ਲੰਮੇ ਸਫ਼ਰ ਵਿਚ ਕਾਰਾਂ ਵਿਚ ਜਾਂਦੇ ਯਾਤਰੀ ਆਪਣੀਆਂ ਕਹਾਣੀਆਂ ਵਿਚ ਮਸਤ ਲਗ ਭਗ 9-10 ਵਜੇ ਨਮੂੰਗਾ ਬਾਰਡਰ ਤੇ ਪਹੁੰਚ ਗਏ। ਇਕ ਉੱਚੀ ਪਹਾੜੀ ਦੇ ਪੈਰਾਂ ਕੋਲ ਨਮੂੰਗਾ ਬਾਰਡਰ ਸਰਗਰਮੀ ਦਾ ਕੇਂਦਰ ਬਣਿਆ ਰਹਿੰਦਾ ਹੈ। ਨਾਮਧਾਰੀ ਆਪਣੇ ਹਿਰਦੇ ਸਮਰਾਟ ਦੇ ਦਰਸ਼ਨਾਂ ਅਤੇ ਮੁਲਾਕਾਤ ਲਈ ਅੱਖੀਆਂ ਵਿਛਾਈ ਖੜੇ ਸਨ।

ਠਾਕਰ ਦਲੀਪ ਸਿੰਘ ਜੀ ਕੈਮਰਿਆਂ ਦੀ ਵਿਦਵਤਾ ਨਾਲ ਸਨੱਧ ਬੱਧ ਹੋ ਕੇ ਜਾ ਰਹੇ ਸਨ। ਉਹਨਾਂ ਦੀ ਇੱਛਾ ਹੈ ਕਿ ਸ੍ਰੀ ਸਤਿਗੁਰੂ ਜੀ ਦਾ ਕੋਈ ਦੌਰਾ, ਕੋਈ ਕਾਰਜ ਕਰਮ ਕੈਮਰਿਆਂ ਦੀ ਪਕੜ ਖੁਣੋਂ ਰਹਿ ਨ ਜਾਏ। ਵੀਡੀਓ, ਮੂਵੀ, ਸਟਿੱਲ, ਕਾਲੀਆਂ ਚਿੱਟੀਆਂ ਅਤੇ ਰੰਗੀਨ ਫਿਲਮਾਂ ਸਭ ਕੁਝ ਦਾ ਹੀ ਭਰਪੂਰ ਖਜ਼ਾਨਾ ਕੋਲ। ਜੰਗਲੀ ਜਾਨਵਰ, ਸੁਹਾਵਣੇ ਦ੍ਰਿਸ਼, ਇਤਿਹਾਸਕ ਮਹੱਤਤਾ ਦਾ ਸਥਾਨ ਜਾਂ ਘਟਨਾ ਠਾਕਰ ਜੀ ਨੂੰ ਆਕਰਸ਼ਤ ਕਰਨੋ ਨਹੀ ਰਹਿੰਦੇ।

## 27 ਫਰਵਰੀ 1983, ਐਤਵਾਰ
## ਨੈਰੋਬੀ (ਈਸਟ ਅਫਰੀਕਾ)

ਨਾਮਧਾਰੀ ਸੰਗਤ ਨੈਰੋਬੀ ਦੇ ਹਾਲ ਵਿਚ ਆਸਾ ਦੀ ਵਾਰ ਦਾ ਭੋਗ 6.00 ਵਜੇ ਸਵੇਰੇ ਪੈ ਗਿਆ। ਸਭ ਪਾਸੇ ਤੇਜ਼ੀ ਸੀ। ਪ੍ਰਬੰਧਕ ਪ੍ਰਧਾਨ ਸਰਵਣ ਸਿੰਘ ਸੋਖੀ, ਸ੍ਰ. ਹਰਭਜਨ ਸਿੰਘ ਸੀਹ੍ਰਾ, ਸ੍ਰ. ਤਾਰਾ ਸਿੰਘ ਚਾਨਾ ਆਦਿ ਦੁਬਕੀ ਵਿਚ ਸਨ ਕਿ ਗੱਡੀਆਂ ਨਾਲ ਜਾਣ ਵਾਲੀਆਂ ਤਿਆਰ ਹਨ ਕਿ ਨਹੀ। ਕੀਰਤਨ ਵਾਲਾਂ ਸਾਜ ਸੰਤੋਖੇ ਅਤੇ ਸੰਤ ਪੁਰਖੇ ਦੁਆਰਾ ਅਰਦਾਸ ਹੁੰਦਿਆਂ ਹੀ, ਸਾਰੇ ਜਾਣ ਵਾਲੇ, ਆਪੋ ਆਪਣੀਆਂ ਗੱਡੀਆਂ ਵਿਚ ਜਾ ਬੈਠੇ।

**ਅਰੂਸ਼ਾ ਨੂੰ ਚਾਲੇ**

ਸੂਰਜ ਦੀ ਲੋਅ ਨਹੀ, ਕੇਵਲ ਪੂਰਬੀ ਅਸਮਾਨ ਤੇ ਸਰਘੀ ਨੇ ਜਿਵੇਂ ਅਜੇ ਲਾਲ ਪਾਊਡਰ ਹੀ ਛਣਾਇਆ ਕਿ 'ਨਾਮਧਾਰੀ ਸੰਗਤ' ਦੇ ਧਰਮਸਾਲਾ ਦੇ ਵੇਹੜੇ ਵਿਚ ਜੁੜੀਆਂ ਕਾਰਾਂ ਸੂਬਾ ਸਤਨਾਮ ਸਿੰਘ ਜੀ ਦੇ ਘਰ ਨੂੰ ਚਲ ਪਈਆਂ। ਏਥੇ ਅੱਗੇ ਸਾਰੇ ਭਰਾ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਸਨ। ਘਰ ਵਾਲੀਆਂ ਬੀਬੀਆਂ ਅਤੇ ਸਹਾਇਕਾਂ ਨੇ ਪਰਾਉਂਠੇ ਤਿਆਰ ਕਰ ਰਖੇ ਸਨ, ਅਤੇ ਸ੍ਰੀ ਸਤਿਗੁਰੂ ਜੀ ਤੇ ਨਾਲ ਆਈ ਸੰਗਤ ਤੇਜ਼ੀ ਨਾਲ ਭੋਜਨ ਅਛਕਨ ਲਗੀ।



Sri Satguru Jagjit Singh Ji Elibrary NamdhariElibrary@gmail.com

ਅੱਧੇ ਘੰਟੇ ਵਿਚ ਛਕਣ ਛਕਾਣ ਹੋ ਗਿਆ। ਇਕ ਇਕ ਦੋ ਦੋ ਪਰਾਉਂਠੇ ਛਕੇ ਗਏ। 9 ਕਾਰਾਂ ਤੇ 31 ਜਣੇ ਕੀਨੀਆ ਦੇਸ਼ ਦੀ ਬਾਊਂਡਰੀ (ਹਦੂਦ) ਤਕ ਪਹੁੰਚਣ ਲੱਗੇ। ਪਿੱਛੇ ਨੂੰ ਝਾੜ ਮਾਰਿਆਂ ਸ਼ਾਨਦਾਰ ਸ਼ਹਿਰ ਨੈਰੋਬੀ ਸੂਰਜ ਦੀਆਂ ਪਹਿਲੀਆ ਕਿਰਨਾ ਵਿਚ ਉਭਰ ਰਿਹਾ ਸੀ — ਭਵਨ ਕਲਾ, ਹਰਿਆਲੀ ਆਦਿ।

## ਸ਼ਹਿਰ ਅਰੂਸ਼ਾ ਵਿਖੇ

9 ਵਜੇ ਤਕ ਕੀਨੀਆ ਦਾ ਸਰਹਦੀ ਸ਼ਹਿਰ ਨਮਾਂਗਾ ਆ ਗਿਆ। ਅੱਗੇ ਦੇਸ਼ ਤਨਜ਼ਾਨੀਆਂ ਦੀ ਹੱਦ ਵਿਚ ਨਮਾਂਗ੍ਹਾ ਵਿਚ ਚੈਕ ਪੋਸਟ ਲੰਘ ਇਕ ਪਹਾੜੀ ਉਚਾਈ ਤੇ ਸ਼ਹਿਰ ਅਰੂਸ਼ਾ ਵਿਖੇ ਅਸੀ 11.25 ਤੇ ਪਹੁੰਚ ਗਏ।

ਇਸ ਬਾਰਡਰ ਤੇ ਹੀ ਤਨਜ਼ਾਨੀਆ ਦੇ ਮੋਸ਼ੀ ਸ਼ਹਿਰ ਦੇ ਸ੍ਰ. ਦਲਜੀਤ ਸਿੰਘ, ਅਰੂਸ਼ੇ ਤੇ ਸ੍ਰੀ ਬੁਧ ਰਾਮ, ਸ੍ਰੀ ਬੀਰ ਚੰਦ ਜੀ ਆਪਣੇ ਪੂਜਿਆ ਸਤਿਗੁਰੂ ਜੀ ਦੇ ਸੁਆਗਤ ਸਤਿਕਾਰ ਲਈ ਪਧਾਰੇ ਹੋਏ ਸਨ। ਸ੍ਰੀ ਸਤਿਗੁਰੂ ਜੀ ਨੂੰ ਅਤੇ ਨਾਲ ਦੇ ਹਮਸਫਰਾਂ ਨੂੰ ਸ੍ਰੀ ਬੁਧ ਰਾਮ ਬੀਰ ਚੰਦ ਦੀ ਬਹੁਤ ਸੁੰਦਰ ਕੋਠੀ ਵਿਖੇ ਡੇਰੇ ਲੁਆ ਦਿੱਤੇ ਗਏ।

ਸਾਥੋਂ ਵੀ ਪਹਿਲਾਂ, ਕੱਲ ਰਾਤ ਤਕ ਪਹੁੰਚੇ ਹੋਏ ਮੋਂਧੀ ਜਥਾ ਸੰਤ ਪ੍ਰੀਤਮ ਸਿੰਘ—ਸੁਪਤਨੀ, ਬੀਬੀ ਰੌਸ਼ਨ ਕੌਰ, ਸੂਬਾ ਦਰਸ਼ਨ ਸਿੰਘ ਜੀ ਦੀ ਸੁਪਤਨੀ ਬੀਬੀ ਹਰਜੀਤ ਕੌਰ, ਸੰਤ ਗੁਲਜ਼ਾਰ ਸਿੰਘ ਆਦਿ ਨੇ ਸੰਧ ਦਾ ਲੰਗਰ ਤਿਆਰ ਕਰ ਲਿਆ।

ਤਨਜ਼ਾਨੀਆਂ ਦਾ ਅਰੂਸ਼ਾ ਸ਼ਹਿਰ, ਖੁਸ਼ਕ ਪਹਾੜੀਆਂ ਦੇ ਪੈਰਾਂ ਵਿਚ ਹੈ। ਹਰੇਵਾਈ ਦੂਰ ਦੂਰ ਤਕ ਨਜ਼ਰ ਪੈਂਦੀ ਹੈ। ਖੇਤੀ ਆਮ ਕਰਕੇ ਮੱਕੀ ਦੀ। ਇਹ ਮੱਕੀ ਏਥੇ ਸਾਲ ਵਿਚ ਦੋ ਵਾਰ ਹੋ ਜਾਂਦੀ ਹੈ। ਲੋਕ ਵੀ ਦਰਮਿਆਨੇ ਪੱਧਰ ਦੇ ਸ਼ਹਿਰ ਵੀ ਸਾਂਵਾਂ ਜਿਹਾ।

## ਸ੍ਰ. ਦਲਜੀਤ ਸਿੰਘ ਮੋਸ਼ੀ

ਅਰੂਸ਼ਾ ਵਿਚ ਸ੍ਰ. ਦਲਜੀਤ ਸਿੰਘ ਕਲਸੀ ਮਿਲੇ। ਇਹ ਪੰਜਾਬ ਦੇ ਜ਼ਿਲਾ ਜਲੰਧਰ ਦੇ ਪਿੰਡ ਨਿੱਝਰਾਂ ਦਾ 32 ਸਾਲਾ ਜਵਾਨ ਹੈ। ਪਹਿਲਾਂ ਅਰੂਸ਼ੇ ਵਿਚ ਹੀ ਇਸਦਾ ਕਾਰੋਬਾਰ ਸੀ ਹੁਣ ਤਨਜ਼ਾਨੀਆਂ ਦੇਸ਼ ਦੇ ਮੋਸ਼ੀ ਸ਼ਹਿਰ ਵਿਚ ਬਿਲਡਿੰਗ ਕੰਟਰੈਕਟਰਾਂ ਨਾਲ ਸਿਵਿਲ ਇੰਜਨੀਅਰਿੰਗ ਦੀ ਸਰਵਿਸ ਕਰਦਾ ਹੈ। ਇਸਦੀ ਪਤਨੀ ਬੀਬੀ ਬਲਬੀਰ ਕੌਰ ਸਪੁਤਰੀ ਸੰਤ ਮਹਿੰਦਰ ਸਿੰਘ ਭਿੱਲੀਆਂ ਜ਼ਿ: ਜਲੰਧਰ ਪੋਤਰੀ ਸ੍ਰ. ਅਰਜਨ ਸਿੰਘ ਨਰੰਦਰ। ਸ੍ਰ. ਦਲਜੀਤ ਸਿੰਘ ਆਪਣੇ ਸਾਰੇ ਪਰਵਾਰ ਨਾਲ ਏਥੇ ਦਰਸ਼ਨ ਕਰਨ ਆਇਆ ਹੋਇਆ ਸੀ। ਦੋ ਬੱਚੇ ਪੁਤਰੀ ਗੁਰਪ੍ਰੀਤ ਕੌਰ (7) ਅਤੇ ਪੁੱਤਰ ਕਾਕਾ ਕੰਵਰਪਾਲ ਸਿੰਘ (6) ਵੀ ਨਾਲ ਸਨ। ਦਲਜੀਤ ਸਿੰਘ ਦੇ ਮਾਤਾ ਜੀ ਬੀਬੀ ਸਵਰਨ ਕੌਰ, ਦਾਰਾ ਸਲਾਮ ਵਾਲੇ ਸ੍ਰ. ਦਇਆ ਸਿੰਘ ਦੀ ਭੈਣ ਹੈ। ਇਹਨਾਂ ਦੇ ਪਹਿਲਾਂ ਦੇ ਹੀ ਵਿਚਾਰ ਨਾਮਧਾਰੀ ਸਨ ਸੋ ਜਦੋ ਸ੍ਰ. ਦਲਜੀਤ ਸਿੰਘ ਦੇ ਪਿਤਾ ਨਾਲ ਸ਼ਾਦੀ ਹੋਈ ਤਾਂ ਇਹ ਵੀ ਸ੍ਰੀ ਭੈਣੀ ਸਾਹਿਬ ਵਿਖੇ ਹੋਈ। ਦਲਜੀਤ ਸਿੰਘ ਨੇ ਪੰਜ ਦੇ ਸਾਲ ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਬਚਨ ਮੰਨ ਕੇ, ਦਸਤਾਰ ਸਿਧੀ ਕੀਤੀ ਹੋਈ ਹੈ। ਸਾਰਾ ਪਰਵਾਰ ਹੀ ਸਾਊਆਂ ਦਾ, ਬੋਲ [illegible] ਸਲੀਕੇ ਭਰਿਆ, ਵੇਖਣ ਨੂੰ ਸੋਹਣੇ-ਸੋਹਣੇ !



Sri Satguru Jagjit Singh Ji Elibrary NamdhariElibrary@gmail.com

### ਜਿਥੇ ਸ਼ੇਰ ਰੁੱਖਾਂ ਤੇ ਸੌਂਦੇ ਹਨ

ਪ੍ਰੋਗਰਾਮ ਅਨੁਸਾਰ, ਡੇਰੇ ਅਰੂਸ਼ਾ ਛਕ, ਪ੍ਰਸ਼ਾਦ ਪਾਣੀ ਛਕ ਸਾਡੀਆਂ ਗੱਡੀਆਂ ਸਤਿਗੁਰੂ ਜੀ ਦੀ ਗੱਡੀ ਦਾ ਪਿੱਛਾ ਕਰਨ ਲਗੀਆਂ। ਚਿਤ ਵਿਚ ਚਾਹ ਸੀ ਸ਼ੇਰਾਂ ਦਾ ਰੁੱਖਾਂ ਤੇ ਵਿਸ਼ਰਾਮ ਵੇਖਣਾ। ਅਰੂਸ਼ਾ ਛੱਡ ਜੰਗਲ ਦੇ ਰਸਤੇ ਹੀ ਪੈਗਏ। ਪਿਆਸ ਲਗੀ ਤਾਂ ਪਾਣੀ ਦੀ ਤ੍ਰਿਪਤੀ ਲਈ 3 ਵਜੇ ਲੌਢੇ ਪਹਿਰ ਤਕ ਜੁਨਾਗੀਆ ਨਦੀ ਵਲ ਹੋਏ, ਅੱਧਾ ਘੰਟਾ ਲਗ ਗਿਆ। ਇਸ ਨਦੀ ਤੇ ਸੈਲਾਨੀਆਂ ਵਾਸਤੇ ਕਮਰੇ ਹਨ, ਬਾਥ-ਲੈਟਰੀਨ ਵਗੈਰਾ ਹਨ। ਜਰੂਰਤ ਮੰਦਾਂ ਨੇ ਉਤਰ ਕੇ ਪਾਣੀ ਧਾਣੀ ਪੀਤਾ।

ਸਤਿਗੁਰੂ ਜੀ ਦੀ ਮਨਸ਼ਾ ਜੰਗਲ ਦੇ ਵਿਚ ਦੀ ਜਾਕੇ ਲੇਕ (ਝੀਲ) ਮਨਿਆਰ ਉਤੇ ਪਹੁੰਚਣਾ ਸੀ। ਇਹ ਅਰੂਸ਼ਾ ਤੋਂ 70 ਮੀਲ ਦੇ ਫਾਸਲੇ ਤੇ ਸੀ। ਜੰਗਲ ਘਣੇਰਾ ਸੀ, ਰੁਖ-ਬਿਰਖ, ਬੂਟ-ਝਾੜ ਆਦਿ। ਜਦੋਂ ਅਸੀਂ ਮਨਿਆਰ ਝੀਲ ਦੇ ਖੇਤਰ ਵਿਚ ਦਾਖਲ ਹੋਏ ਤਾਂ ਪ੍ਰਤੀ ਵਿਅਕਤੀ 10/- ਅਤੇ ਪ੍ਰਤੀ ਕਾਰ 100/- ਸ਼ਲਿੰਗ ਪ੍ਰਬੰਧਕਾਂ ਵਸੂਲ ਕੇ ਰਸੀਦਾਂ ਦੇ ਦਿਤੀਆਂ।

### ਦੂਰੀ ਨੈਰੋਬੀ ਤੋਂ

ਆਓ ਜਰਾ ਫਾਸਲਾ ਨੋਟ ਕਰ ਲਈਏ। ਨੈਰੋਬੀ ਤੋਂ ਚਲ ਕੇ ਤਨਜ਼ਾਨੀਆ ਦਾ ਬਾਰਡਰ 104 ਮੀਲ, ਇਸ ਬਾਰਡਰ ਤੋਂ ਅਰੂਸ਼ਾ 72 ਮੀਲ ਅਤੇ ਅਰੂਸ਼ਾ ਤੋਂ ਲੇਕ ਮਨਿਆਰਾ 70 ਮੀਲ ਕੁਲ 246 ਮੀਲ। ਗੱਡੀਆਂ ਰਾਹ ਵਿਚ ਵਖ ਵਖ ਹੋ ਗਈਆਂ। ਜਦੋਂ ਸਾਡੀ ਗਡੀ ਲੇਕ ਮਨਿਆਰਾ ਪਾਰਕ ਵਿਚ ਪਹੁੰਚੀ। ਸਤਿਗੁਰੂ ਜੀ ਦੀ ਅੱਗੇ ਲਗੀ ਹੋਈ ਗੱਡੀ ਅਜੇ ਏਥੇ ਨਹੀਂ ਸੀ ਪਹੁੰਚੀ। ਪਰ ਦੀਨ ਦਿਆਲ ਜੀ ਲੇਕ ਮਨਿਆਰਾ ਨਾਮ ਦਾ ਹੋਟਲ ਵੇਖਣ ਚਲੇ ਗਏ ਤੇ ਇਹਦਾ ਪ੍ਰਬੰਧ ਕੈਸਾ ਹੈ ਇਹ ਵੇਖਣਾ ਵੀ ਮਨੋਰਥ ਸੀ।

### ਆਦਮੀ ਨੇ ਸੱਪ ਖਾ ਲਿਆ

ਠਾਕੁਰ ਦਲੀਪ ਸਿੰਘ ਲੇਕ ਮਨਿਆਰ ਦੀ ਇਕ ਘਟਨਾ ਸੁਣਾਈ ਜੁ ਇਹਨਾਂ ਫੋਟੋ ਗ੍ਰਾਫ ਵੀ ਕੀਤੀ। ਇਹਨਾਂ ਦੇ ਸਾਹਮਣੇ ਇਕ ਸੱਪ ਕਿਧਰੋਂ ਨਿਕਲ ਆਇਆ। ਹੋਣੀ ਸਾਮਤ ਨੂੰ ਓਥੇ ਇਕ ਹੋਟਲ ਦੀ ਬਿੱਲੀ ਸੀ, ਬਿੱਲੀ ਨੇ ਸੱਪ ਨੂੰ ਫੜ ਲਿਆ ਅਤੇ ਮਜ਼ੇ ਲੈ ਲੈ ਖਾਣ ਲਗੀ। ਇਹ ਅਜੇ ਖਾਂਦੀ ਹੀ ਪਈ ਸੀ ਕਿ ਹੋਰਨਾਂ ਆਦਮੀਆਂ ਵਾਂਗ ਇਕ ਏਥੋਂ ਦਾ ਰਮਨੀਕ ਹਬਸ਼ੀ ਸੀ। ਜਿਸਨੇ ਇਹ ਦ੍ਰਿਸ਼ ਵੇਖਿਆ ਤਾਂ ਇਹ ਬਿੱਲੀ ਕੋਲੋਂ ਸੱਪ ਖੋਹ ਕੇ ਲੈ ਗਿਆ। ਫਿਰ ਇਸ ਨੇ ਸੱਪ ਖਾਕੇ ਤ੍ਰਿਪਤੀ ਕੀਤੀ। ਠਾਕੁਰ ਜੀ ਨੇ ਵੀਡੀਓ ਕੈਮਰੇ ਅਤੇ ਸਟਿੱਲ ਕੈਮਰੇ ਨਾਲ ਇਹ ਸਾਰਾ ਦ੍ਰਿਸ਼ ਸੰਭਾਲ ਲਿਆ।

### ਹੋਟਲ ਲੇਕ ਮਨਿਆਰਾ

ਅਸਲ ਵਿਚ ਸਤਿਗੁਰੂ ਜੀ ਸਾਡੇ ਵਾਸਤੇ ਹੀ ਲੇਕ ਮਨਿਆਰਾ ਹੋਟਲ ਵਿਚ ਪਧਾਰੇ ਸਨ। 16 ਕਮਰੇ ਹੋਟਲ ਦੇ ਸਾਡੇ ਲਈ ਬੁਕ ਕੀਤੇ ਗਏ, ਪ੍ਰਤੀ ਕਮਰਾ 500 ਸ਼ਲਿੰਗ। ਅਸੀਂ ਗਿਣਤੀ ਦੇ 34 ਜਣੇ ਸਾਂ। ਤਨਜ਼ਾਨੀਆਂ ਸੰਗਤ ਦੇ ਪ੍ਰਧਾਨ ਸ੍ਰ. ਸਤਵੰਤ ਸਿੰਘ,



Sri Satguru Jagjit Singh Ji Elibrary NamdhariElibrary@gmail.com

ਸੱਕਤਰ ਸ੍. ਨਰਿੰਦਰ ਸਿੰਘ ਅਤੇ ਖਜ਼ਾਨਚੀ ਸ੍. ਅਜਿੰਦਰ ਸਿੰਘ ਸਾਡੇ ਨਾਲ ਸਨ। ਲੰਗਰ ਦੀ ਸੇਵਾ ਕਰਨ ਵਾਲਾ ਗਰੁਪ ਵੀ ਸਾਡੇ ਨਾਲ ਸੀ। ਸੰਤ ਪ੍ਰੀਤਮ ਸਿੰਘ ਜੀ-ਬੀਬੀ ਚੰਨਣ ਕੌਰ, ਬੀਬੀ ਹਰਜੀਤ ਕੌਰ ਸੁਪਤਨੀ ਸੂਬਾ ਦਰਸ਼ਨ ਸਿੰਘ ਜੀ, ਸੰਤ ਗੁਲਜ਼ਾਰ ਸਿੰਘ ਦੀ ਸਰਦਾਰੀ ਹੇਠ ਲੰਗਰ ਅਰੂਸ਼ਾ ਤੋਂ ਪਕ ਕੇ 4 ਵਜੇ ਤਕ ਹੋਟਲ ਵਿਚ ਹੀ ਆ ਗਿਆ। ਸੋਧੀ ਸਿੰਘਾਂ ਸੋਧ ਦਾ ਲੰਗਰ ਛਕਿਆ, ਸਾਡੇ ਜੈਸਿਆਂ ਲਈ ਹੋਟਲ ਦਾ ਖਾਣਾ ਹਾਜ਼ਰ ਸੀ।

ਇਹ ਸੈਂਕੜੇ ਕਮਰਿਆਂ ਵਾਲਾ ਹੋਟਲ ਜੰਗਲ ਵਿੱਚ ਮੰਗਲ ਹੀ ਤਾਂ ਹੈ। ਅਪ ਟੂ-ਡੇਟ ਵਿਵਸਥਾ। ਇਸ ਦੀ ਉਸਾਰੀ ਪਹਾੜੀ ਦੀ ਢਾਹੀ ਤੇ ਕੀਤੀ ਗਈ ਹੈ। ਲਕੜੀ ਦਾ ਫਰਸ਼, ਲਕੜੀ ਦੇ ਹੀ ਸੁੰਦਰ ਬੰਗਲੇ, ਡਰਾਇੰਗ ਰੂਮ, ਡਿਨਰ ਹਾਲ, ਫੁਲ ਬੂਟੇ, ਨਹਾਵਣ ਲਈ ਤਾਲਾਬ, ਬਿਜਲੀ ਦਾ ਸਾਰਾ ਪ੍ਰਬੰਧ ਅਜਿਹਾ ਕਿ ਇਕ ਮਿੰਟ ਲਈ ਵੀ ਬਿਜਲੀ ਫੇਲ ਦਾ ਸੁਆਲ ਨਹੀ, ਹਰ ਕਮਰੇ ਵਿਚ ਟੈਲੀਫੋਨ ਸੁਵਿਧਾ। ਲੇਕ ਮਨਿਆਰਾ ਦਾ ਇਹ ਹੋਟਲ ਮਨੁਖ ਦੀ ਕਰਾਮਾਤ ਹੈ। ਸ਼ਹਿਰਾਂ ਗਿਰਾਵਾਂ ਤੋਂ ਬਹੁਤ ਦੂਰ।

ਪਰ ਜੋ ਰਾਹ ਵਿਚ ਅਫਰੀਕਨਾਂ ਦੇ ਪਿੰਡ ਨਜ਼ਰ ਪਏ, ਉਹ ਗਰੀਬੜਾ ਹੀ ਸਨ ਪਰ ਕੇਲੇ ਦੇ ਖੇਤ, ਗੰਨੇ ਦੇ ਖੇਤ ਅਤੇ ਮੱਕੀ ਦੇ ਖੇਤਾਂ ਦੀ ਰੌਣਕ ਵੇਖਣ ਵਾਲੀ ਸੀ। ਗੰਨੇ ਦੀ ਟੱਕਰ ਇਕ ਇੰਚ ਤੋਂ ਡੇਢ ਇੰਚ ਤਕ ਦੀ।

ਜੇ ਅਸੀਂ ਲੇਕ ਮਨਿਆਰ ਦੇ ਕੋਲ ਦੇ ਦਰਿਆ ਦਾ ਜ਼ਿਕਰ ਨਾ ਕਰੀਏ ਤਾਂ ਗੱਲ ਚਝੇਗੀ ਨਹੀ। ਪੌਣੇ ਮੀਲ, ਮੀਲ ਕੁ ਦੇ ਫਾਸਲੇ ਤੇ ਅਠੇ ਪਹਿਰ ਵਗਣ ਵਾਲਾ ਇਹ ਦਰਿਆ ਜਿਸਦਾ ਨਾਂ ਮਸਕੀਟੋ ਰਿਵਰ ਹੈ, ਸਾਡੇ ਪੰਜਾਬ ਦੇ ਦਰਿਆਵਾਂ ਜਾਂ ਗੰਗਾ ਜਮਨਾ ਦੇ ਪਾਟ ਜਿੰਨਾਂ ਚੌੜਾ ਨਹੀ, ਬਸ ਇਕ ਨਾਲੇ ਜਾਂ ਨਹਿਰ ਜਿੰਨਾ ਚੌੜਾ ਹੈ ਜਿਸ ਵਿਚ ਕਿਤੇ ਕੁਚੰਕੇ (ਦਰਿਆਈ ਘੋੜੇ) ਮਗਰਮਛ ਆਦਿ ਜਾਨਵਰਾਂ ਦਾ ਅੱਡਾ ਹੈ ਤੇ ਕਿਤੇ ਕੁਝ ਹੋਰਾਂ ਦਾ।

**ਸ਼ੇਰ ਨਜ਼ਰ ਨ ਆਏ**

ਸਬੱਬ ਅਜਿਹਾ ਬਣਿਆਂ ਕਿ ਸਾਨੂੰ ਸਾਰੇ ਸਫ਼ਰ ਦੌਰਾਨ ਸ਼ੇਰ ਨਜ਼ਰ ਨਹੀਂ ਆਏ। ਖ਼ਿਆਲ ਸੀ ਲੇਕ ਮਨਿਆਰਾ ਨੇੜੇ ਇਨਾਂ ਦੇ ਰੁਖਾਂ ਤੇ ਚੜ੍ਹਿਆਂ ਦੇ ਦੀਦਾਰੇ ਕਰਾਂਗੇ ਉਹ ਵੀ ਨਹੀ ਹੋਏ। ਹੋਰ ਜਾਨਵਰ ਵੀ ਜਿਵੇਂ ਜ਼ੈਬਰਾ, ਹਾਥੀ, ਗੈਂਡਾ, ਹਰਨ ਆਦਿਕ ਕਿਤੇ-ਕਿਤੇ ਨਜ਼ਰ ਪਏ, ਪਰ ਨਾ ਉਹ ਸੈਂਕੜਿਆਂ ਦੀ ਗਿਣਤੀ ਜੋ ਅਸਾਂ ਕੀਨੀਆਂ ਵਿਚ ਵੇਖੀ ਸੀ, ਐਥੇ ਨਜ਼ਰ ਨਹੀ ਪਈ। ਧਾਤਰਾ ਸੁਖ ਜ਼ਰੂਰੀ ਸੀ ਕਿ ਅਸਾਂ ਮੀਲਾਂ ਚੌੜੀ ਧਰਤੀ ਆਪਣੀ ਸੋਚਣ ਵਿਚ ਜਾਚੀ।

**28 ਫਰਵਰੀ 1983, ਸੋਮਵਾਰ**
**ਹੋਟਲ ਲੇਕ ਮਨਿਆਰਾ (ਤਨਜ਼ਾਨੀਆ)**

ਹੋਟਲ ਵਿਚ ਅਤੇ ਜੰਗਲ ਵਿਚ ਸਵੇਰੇ 4 ਵਜੇ, ਕਮਰੇ ਕਮਰੇ ਵਿਚ ਇਸ਼ਨਾਨ। ਅਤੇ ਜੋ ਵਿਅਕਤੀ ਇਸ਼ਨਾਨ ਕਰੇ ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਮਰੇ ਨੂੰ ਹੀ



Sri Satguru Jagjit Singh Ji Elibrary NamdhariElibrary@gmail.com

ਪਏ। ਆਸਾ ਦੀ ਵਾਰ ਦਾ ਕੀਰਤਨ ਸ੍ਰੀ ਬਲਜੀਤ ਸਿੰਘ ਅਤੇ ਸ੍ਰੀ ਸੁਖਵਿੰਦਰ ਸਿੰਘ ਪਿੰਕੀ ਕਰ ਰਹੇ ਸਨ। ਅੱਜ ਦਿਨੇ 8 ਵਜੇ ਲੇਕ ਮਨਿਆਰਾ ਜਾਣਾ ਸੀ ਸਾਡੇ ਸਾਰੇ ਗਰੁਪ ਨੇ।

ਇਹ ਗੱਡੀਆਂ ਅਰੂਸ਼ਾ ਤੋਂ ਆਈਆਂ ARJ-262, ARN-4341, TZA-43062, TZ-47065, ਇਕ ਸਫ਼ਾਰੀ ਤੇ ਇਕ Teeruka। ਹੁਣ ਜ਼ਰਾ ਡਰਾਈਵਰ ਵੀ ਗਿਣ ਲਈਏ, ਜੂਮਾ, ਅਲੀ ਬਾਬਾ, ਆਸਮ ਹਾਜੀ, ਯੂਸਫ਼, ਸਈਦ, ਕਾਸਮ ਹਾਜੀ ਅਤੇ ਜੂਮਾ।

10 ਵਜੇ, ਲੇਕ ਮਨਿਆਰਾ ਦੇ ਕੋਲ ਵਾਲੇ ਪਿੰਡ ਨੇੜਿਓਂ ਦੀ ਲੰਘੇ, ਰੰਗੀ ਵੱਸੋਂ, ਲੋਕ ਖੁਸ਼ ਬਾਸ਼, ਸਾਧਾਰਨ ਮਿਆਰ, ਪਿੰਡ ਦਾ ਨਾਮ ਕਵਾਂਬ। ਏਥੇ ਦੇ ਕੇਲੇ ਮਿੱਠੇ, ਸਿੱਧੇ ਤੇ ਪੱਕੇ। ਔਰਤਾਂ ਦੀ ਵਿਸ਼ੇਸ਼ਤਾ ਏਹ ਕਿ ਰੰਗੀ ਗੋਰੇ, ਕਾਲੇ ਅਤੇ ਹਰੇ।

ਲੇਕ ਮਨਿਆਰਾ ਤੇ ਸਾਨੂੰ ਸ਼ੇਰ ਨਹੀਂ ਮਿਲੇ। ਇਕ ਸੜਕ ਹੋਰ ਬੇਕਾਰ, 12.25 ਨੂੰ 72×40 ਮੀਲ ਸਫ਼ਰ ਕਰਕੇ ਅਰੂਸ਼ੇ ਵਾਪਸ ਆ ਗਏ। ਘਰ ਵਾਲਿਆਂ ਦਾ ਚਾਅ ਤੇ ਉਮਾਹ ਮਿਉਂਦਾ ਨਹੀਂ ਸੀ। ਸਾਡੇ ਲਈ ਲੰਗਰ ਤਿਆਰ ਸੀ। ਸਿੰਘ 100 ਤੋਂ ਵੱਧ ਮੀਲ ਸਫ਼ਰ ਕਰਕੇ ਆਏ ਸਨ, ਆਉਂਦਿਆਂ ਹੀ ਲੰਗਰ ਵਲ ਹੋਏ।

ਲਾਲਾ ਬੀਰ ਚੰਦ ਜੀ ਨੇ ਦੱਸਿਆ : ਮੇਰੀ ਰੀਝ ਸੀ, ਮੇਰੇ ਨਵੇਂ ਮਕਾਨ ਬਣਨ ਤਾਂ ਮੈਂ ਸਤਿਗੁਰੂ ਜੀ ਦੇ ਚਰਨ ਪੁਆਵਾਂ। ਸਤਿਗੁਰੂ ਜੀ ਨੇ ਮੈਨੂੰ 1980 ਵਿਚ ਘਰ ਦਰਸ਼ਨ ਦੇ ਕੇ ਨਿਵਾਜਿਆ।

ਨਾਮਧਾਰੀ ਸੰਗਤ ਤਨਜ਼ਾਨੀਆ ਦੇ ਪ੍ਰਧਾਨ ਸ. ਸਤਵੰਤ ਸਿੰਘ ਨੇ ਦੱਸਿਆ ਸਭ ਤੋਂ ਪਹਿਲੇ ਨਾਮਧਾਰੀ, ਤਨਜ਼ਾਨੀਆ ਵਿਚ ਲਾਲਾ ਬੀਰ ਚੰਦ-ਬੁਧ ਰਾਮ ਜੀ ਆਏ, ਇਹ ਦੋਵੇਂ ਭਾਈ ਹਨ। ਦਾਰ ਸਲਾਮ ਵਿਚ ਮੇਰੇ ਸਹੁਰਿਆਂ ਦਾ ਪਰਵਾਰ ਸ੍ਰ. ਦਇਆ ਸਿੰਘ ਮਠਾੜੂ ਵੀ ਪਹਿਲਾ ਦਾ ਨਾਮਧਾਰੀ ਪਰਵਾਰ ਹੈ, ਪਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੇਰੇ ਤੇ ਵੀ ਕਿਰਪਾ ਕਰ ਦਿਤੀ। ਦੂਜੇ ਕਪੜੇ ਲੁਹਾਕੇ ਨਾਮਧਾਰੀ ਬਸਤਰ ਪਹਿਨਾਅ ਦਿਤੇ ਅਤੇ ਨਾਲ ਹੀ ਤਨਜ਼ਾਨੀਆ ਦੀ ਸੰਗਤ ਦਾ ਪ੍ਰਧਾਨ ਬਣਾ ਦਿਤਾ। ਮੈਂ ਨਾਮਧਾਰੀ ਵੇਸ ਭੂਸ਼ਾ ਵਿਚ ਵੀ ਸਾਰੀ ਦੁਨੀਆਂ ਦਾ ਟੂਰ ਕਰ ਆਇਆਂ। ਮੈਨੂੰ ਤਾਂ ਆਪਣੇ ਵਿਕੋਲਿਤਰੇ ਪਣ ਦਾ ਸੁਆਦ ਹੀ ਆਇਆ ਹੈ। ਨਾਮਧਾਰੀ ਸਮੂਹੇ ਬਸਤਰਾਂ ਵਿਚ ਮੈਂ ਪਹਿਲਾ ਹੀ ਤਨਜ਼ਾਨੀਅਨ ਹਾਂ।

## ਲਾਲਾ ਬੁਧ ਰਾਮ ਜੀ ਦੀ ਕਹਾਣੀ

ਇਸ ਸਜਣ, ਬੁੱਧ ਰਾਮ ਜੀ ਨੇ ਆਪਣੀ ਕਹਾਣੀ ਇਤ ਸੁਣਾਈ : ਮੈਂ ਆਪਣੇ ਪਿੰਡ ਮਾਈਸਰ ਖਾਨਾ (ਮੌੜ ਮੰਡੀ) ਤੋਂ 1937 ਵਿਚ ਚਲਿਆ। 27 ਫਰਵਰੀ ਨੂੰ ਸਮੁੰਦਰੀ ਸਫ਼ਰ ਖ਼ਤਮ ਕਰਕੇ ਅਰੂਸ਼ਾ ਵਿਚ ਆ ਗਿਆ। ਓਦੋਂ ਏਥੇ ਵੀ ਅੰਗਰੇਜ਼ੀ ਰਾਜ ਸੀ। ਮੇਰੇ ਪਿਤਾ ਦਾ ਨਾਮ ਸ੍ਰੀ ਮੋਹਣ ਲਾਲ ਅਤੇ ਮਾਤਾ ਦਾ ਜਿਉਣਾ ਦੇਵੀ ਸੀ। ਮਾਤਾ ਜੀ ਤਾਂ ਦੇਸ ਵਿਚ ਹੀ ਰਹੇ। 1935 ਵਿਚ ਪਿਤਾ ਸ੍ਰੀ ਮੋਹਣ ਲਾਲ ਇੱਥੇ ਵਿਚ ਆਏ ਅਤੇ ਕੱਪੜੇ ਅਤੇ ਮਕਾਨ ਦੀ ਦੁਕਾਨ ਪਾਈ। ਪਰ ਇਹ ਸ਼ਹਿਰ ਸਾਡੇ ਕਾਰੋਬਾਰ ਨੂੰ ਛੋਟਾ ਸੀ।



Sri Satguru Jagjit Singh Ji Elibrary NamdhariElibrary@gmail.com

-ਏਥੇ ਛੱਡ ਕੇ ਫਿਰ ਔਹੁਰੂ ਸ਼ਹਿਰ ਵਿਚ 1938 ਵਿਚ ਪਾਈ ਤਦ ਤਕ ਸ੍ਰੀ ਧੀਰ ਚੰਦ ਜੁਆਨ ਹੋ ਗਿਆ, ਉਸਨੇ ਇਹ ਦੁਕਾਨ ਸੰਭਾਲ ਲਈ। ਸਾਡੇ ਪਿਤਾ ਸ੍ਰੀ 1941 ਦੀ ਜੂਨ ਵਿਚ ਹਿੰਦੁਸਤਾਨ ਗਏ। ਫਿਰ 1947 ਜੂਨ ਵਿਚ ਧੀਰ ਚੰਦ ਤਨਜ਼ਾਨੀਆ ਆ ਗਏ, 1948 ਵਿਚ ਪਿਤਾ ਜੀ ਦੇਸ਼ ਚਲੇ ਗਏ, ਡੇਢ ਸਾਲ ਤਕ ਇੱਠੀਆਂ ਹੀ ਰਹੀ। 1949 ਦੀ 17 ਅਪਰੈਲ ਨੂੰ ਪਿਤਾ ਜੀ ਸਵਰਗ ਸਿਧਾਰ ਗਏ। ਮੈਂ ਪਿਤਾ ਜੀ ਦਾ ਸਸਕਾਰ ਕਰ ਵਾਪਸ ਜਲੰਧਰ ਵਿਚ ਆਇਆ। ਤਦ ਅਸਾਂ ਕਾਰੋਬਾਰ ਅਰੂਸ਼ਾ ਦੇ ਪੁਲੂ ਗੀਨਨ ਵਿਚ ਕੀਤਾ, ਬੜਾ ਕੰਮ ਵਧਾਇਆ। ਫਿਰ 5 ਜਨਵਰੀ 1977 ਨੂੰ ਅਰੂਸ਼ਾ ਵਿਚ ਜੈਨਰਲ ਮਰਚੈਂਟ (ਕਰਿਆਨਾ) ਦੀ ਹੋਲ ਸੇਲ ਦੁਕਾਨਦਾਰੀ ਸ਼ੁਰੂ ਕੀਤੀ।

ਆਓ ਹੁਣ, ਨਾਲ ਲਗਦੇ ਆਪਣੇ ਬੱਚਿਆਂ ਦਾ ਵੇਰਵਾ ਵੀ ਦੇ ਦਿਆਂ -

ੳ. (ਸ੍ਰੀ) ਬੁਧਰਾਮ (66)

*ਸੰਤਾਨ :*

1. ਮਹੇਸ਼ ਇੰਦਰਪਾਲ (27)
   (ਬੀਬੀ) ਈਸ਼ਵਰੀ ਦੇਵੀ,
   ਉਰਮਿਲਾ, ਰਾਮਾ ਮੇਰੀ ਤੇ (ਬਨਿਤਾ)
2. ਜਗਜੀਤ ਰਾਜ (21)
   ਅੰਚਲਾ ਦੇਵੀ, ਅੰਮ੍ਰਿਤਸਰ ਤੋਂ
3. ਨਿਰਮਲਾ ਦੇਵੀ (33)
   ਸ੍ਰੀ ਨਰੂਰਾਮ ਸੁਨਾਮ (ਹੁਣ ਅਰੂਸ਼ਾ)
4. ਕਾਂਤਾ ਦੇਵੀ (31)
   ਸ੍ਰੀ ਤਰਸੇਮ ਚੰਦ ਅਰੂਸ਼ਾ
5. ਰਕਸ਼ਾ ਦੇਵੀ (30)
   ਸ੍ਰੀ ਮੰਗਤ ਰਾਇ, ਪਟਿਆਲਾ

ਅ. (ਸ੍ਰੀ) ਧੀਰ ਚੰਦ (56)

*ਸੰਤਾਨ :*

1. ਅੰਮ੍ਰਿਤਪਾਲ (37)
   (ਬੀਬੀ) ਮਾਇਆ ਦੇਵੀ (55) ਸ਼ਕੁੰਤਲਾ, ਬਰਨਾਲਾ
2. ਧਰਮਪਾਲ (34)
   ਪ੍ਰੇਮ, ਮੋਗਾ
3. ਸਤਪਾਲ (29)
   ਸੰਤੋਸ਼ ਕੁਮਾਰੀ, ਪਟਿਆਲਾ
4. ਕ੍ਰਿਸ਼ਨ ਗੋਪਾਲ (25)



Sri Satguru Jagjit Singh Ji Elibrary NamdhariElibrary@gmail.com

5. ਅਮਰ ਦਵਾ (35)
ਸ੍ਰੀ ਓਮ ਪ੍ਰਕਾਸ਼ ਮੋਗੇ ਤੋ (ਹੁਣ ਧੂਰੇ)

6 ਕਮਲਾ ਦੇਵੀ (32)
ਸ੍ਰੀ ਗੁਰਚਰਨ ਦਾਸ, ਮੋਗੇ ਤੋ
ਐਡਵੋਕੇਟ, ਹੁਣ ਕੀਨੀਆ

7 ਸਕੁੰਤਲਾ ਦੇਵੀ (28)
ਸ੍ਰੀ ਪਰਵੀਨ ਕੁਮਾਰ (ਮੋਗਾ) ਐਡਵੋਕੇਟ

8 ਕ੍ਰਿਸਨਾ ਦੇਵੀ (22)
ਅਰੁਣ ਕੁਮਾਰ, ਦਿੱਲੀ, ਹੁਣ ਨੈਰੋਬੀ।

ੲ. ਕੇਰ ਚੰਦ ਸੁਰਗਵਾਸ
*ਸੰਤਾਨ* .
ਸਾਂਤੀ ਦੇਵੀ
ਰਾਕੇਸ਼ ਕੁਮਾਰ (20)

ਸ. ਲੇਖ ਰਾਮ (60)
*ਸੰਤਾਨ*
1. ਯਸ਼ਪਾਲ (32)
ਮੂਰਤੀ ਦੇਵੀ, ਤਲਵੰਤੀ ਸਾਬੋਕੀ, ਸਕੁੰਤਲਾ ਦੇਵੀ, ਭਾਈ ਦੇਸਾ
2 ਪ੍ਰੇਮ ਕੁਮਾਰ (29)
ਕਿਰਨਾ ਦੇਵੀ, ਸੁਨਾਮ ਤੋ
3 ਅਸ਼ੋਕ ਕੁਮਾਰ (27)
4. ਨਰੇਸ਼ ਕੁਮਾਰ (22)
5. ਰਾਕੇਸ਼ ਕੁਮਾਰ (13)
6. ਮੋਹੇਸ਼ ਕੁਮਾਰ।

ਇਕ ਪਰਿਵਾਰ ਏਥੇ ਹੋਰ ਨਾਮਧਾਰੀ ਹੈ। ਇਸ ਪਰਵਾਰ ਦਾ ਨਾਮ ਹੈ ਠੇਕੇਦਾਰ ਸ੍ਰ. ਸਵਰਨ ਸਿੰਘ ਜੰਡੂ (60), ਪਿੰਡ ਜ਼ਿਲਾ ਜਲੰਧਰ ਦੇ ਕਸਬੇ ਸ਼ੰਕਰ ਦੇ ਹਨ। ਇਹਨਾਂ ਦੀ ਪਤਨੀ ਦਾ ਨਾਂ ਬੀਬੀ ਬਲਬੀਰ ਕੌਰ (57) ਹੈ, ਇਹ ਕੁਮਟਾਲਾ ਜ਼ਿ: ਜਲੰਧਰ ਦੀ ਹੈ। ਇਹਨਾਂ ਦੇ ਮਾਤਾ ਪਿਤਾ ਸ. ਊਧਮ ਸਿੰਘ (70) ਦੀ ਉਮਰ ਵਿਚ ਗੁਜ਼ਰ ਗਏ। ਇੰਜ ਹੀ ਮਾਤਾ ਰਾਮ ਰਖੀ ਵੀ ਸਵਰਗ ਸਿਧਾਰ ਗਈ। ਸੰਤਾਨ ਇਸ ਪਰਕਾਰ ਹੈ :

1. ਸ੍ਰ. ਅਜਮੇਰ ਸਿੰਘ (35)
ਬੀਬੀ ਜਸਮਿੰਦਰ ਕੌਰ, ਪਾਸਲਾ

2. ਸ੍ਰ. ਅਰਵਿੰਦ ਸਿੰਘ (30)



Sri Satguru Jagjit Singh Ji Elibrary NamdhariElibrary@gmail.com

ਬੀਬੀ ਸੁਰਜੀਤ ਕੌਰ ਪੋਤੇਰੀ ਨਿਰਗੁਣ

3. ਸ੍ਰ. ਮਨਮੋਹਣ ਸਿੰਘ (ਮਿੰਟੂ) 20

4. ਬੀਬੀ ਕੁਲਵੰਤ ਕੌਰ (32)
ਸ. ਗੁਰਦੇਵ ਸਿੰਘ ਪਲੰਮਰ, ਕੁਕੜ ਪਿੰਡ

5. ਪਰਮਿੰਦਰ ਕੌਰ (26)
ਸ੍ਰ. ਚਰਨਜੀਤ ਸਿੰਘ ਬਿਲਕੂ, ਚੋਸੀਆਂ।
ਸਾਡੇ ਜਥੇ ਨਾਲ ਨੈਰੋਬੀ ਤੋਂ ਪਧਾਰੇ ਹਨ .

1. ਸੂਬਾ ਸਤਨਾਮ ਸਿੰਘ ਜੀ
2. ਪ੍ਰਧਾਨ ਸਵਰਨ ਸਿੰਘ ਸਿੱਧੀ
3. ਸੰਤ ਹਰਭਜਨ ਸਿੰਘ ਰਾਣਾ
4. ਸੰਤ ਪ੍ਰੀਤਮ ਸਿੰਘ ਸੋਢੀ ਮਠਾੜੂ
5. ਬੀਬੀ ਚੰਨਣ ਕੌਰ ਸੁਪਤਨੀ ਸੰਤ ਪ੍ਰੀਤਮ ਸਿੰਘ
6. ਬੀਬੀ ਹਰਜੀਤ ਕੌਰ ਸੁਪਤਨੀ ਸੂਬਾ ਦਰਸ਼ਨ ਸਿੰਘ ਜੀ
7. ਸ੍ਰ. ਰਤਨ ਸਿੰਘ ਦਿੱਲੀ ਵਾਲੇ
8. ਬੀਬੀ ਹਰਦਿਆਲ ਕੌਰ ਸੁਪਤਨੀ ਸ. ਰਤਨ ਸਿੰਘ
9. ਸ੍ਰ. ਕੁਲਦੀਪ ਸਿੰਘ ਕਲੇਰਾ
10. ਗਿਆਨੀ ਤੇਜਾ ਸਿੰਘ
11. ਜਥੇਦਾਰ ਸੇਵਾ ਸਿੰਘ ਦਿੱਲੀ
12. ਸੰਤ ਦਿਲਸਾ ਸਿੰਘ ਢੁਲਕਈਆ

**ਕਿਲੀਮੰਜਾਰੋ ਨੈਸ਼ਨਲ ਏਅਰ ਪੋਰਟ ਤੇ**

ਸ੍ਰੀ ਸਤਿਗੁਰੂ ਜੀ ਅਤੇ ਨਾਲ ਦਾ ਸਾਰਾ ਜਥਾ ਅਗੂਸਾ ਤੇ ਅਰਦਾਸ ਕਰਕੇ ਚਲਿਆ। ਸਤਿਗੁਰੂ ਜੀ ਦੀ ਗੱਡੀ ਪਿੱਛੇ 4 ਮਾਟਾਗੇਰਾਂ ਅਤੇ ਦੋ ਕਾਰਾਂ। ਅਸਾਂ 25 ਮੀਲ ਤੇ ਜਾਣਾ ਹੈ ਜਿਥੇ ਇੱਕ ਸੁੰਦਰ ਤੇ ਸਾਦਾ ਹਵਾਈ ਅੱਡਾ ਹੈ। ਜਿਸ ਦਾ ਨਾਮ ਏਥੋਂ ਦੇ ਉਚਿ ਅਤੇ ਉੱਚੇ ਪਰਬਤ ਦੇ ਨਾਮ ਤੇ ਰੱਖਿਆ ਹੈ, ਕਿਲੀਮੰਜਾਰੋ ਇੰਟਰ ਨੈਸ਼ਨਲ ਏਅਰ ਪੋਰਟ।

ਸ੍ਰੀ ਸਤਿਗੁਰੂ ਜੀ ਕਾਰ ਵਿਚ ਸਵਾਰ ਹੋਏ ਤਾਂ ਸ੍ਰੀ ਤ੍ਰਲੋਕ ਚੰਦ ਅਤੇ ਸ੍ਰੀ ਨੰਦੂ ਰਾਮ, ਸ੍ਰੀ ਬੁਧ ਰਾਮ ਜੀ ਦੇ ਸੁਪਤਰਿਆਂ ਹੱਥ ਜੋੜ ਤਰਲਾ ਕਰਦਿਆਂ ਅਰਜ਼ ਕੀਤੀ : ਦੀਨ ਦਿਆਲ ਦਿਨ ਥੋੜੇ ਹਨ, ਸਾਡੇ ਲਈ 3-4 ਦਿਨ ਤਾਂ ਹੋਰ ਟਿਕਦੇ। ਕਿਰਪਾ ਕਰਕੇ ਚਰਨਾਂ ਦਾ ਆਸਰਾ ਬਖਸ਼ੀ ਰਖਣਾ। ਅਸੀਂ ਕਿਸੇ ਵੀ ਸੇਵਾ ਦੇ ਯੋਗ ਨਹੀ, ਸਾਨੂੰ ਜੋਗ [illegible]

ਸ੍ਰੀ ਸਤਿਗੁਰੂ ਜੀ ਨੇ ਸ਼ਾਬਾਸ਼ੀ ਦਿੰਦਿਆਂ ਗਡੀਆਂ ਚਲਾਣ ਦੀ ਆਗਿਆ ਕੀਤੀ। ਸੁਖਦੇ ਅਤੇ ਉਪਜਾਊ ਆਲੇ ਦੁਆਲੇ ਚੋਂ ਲੰਘਦੇ ਏਅਰ ਪੋਰਟ ਤੇ ਪਹੁੰਚੇ। ਏਥੇ ਜਾਂਦਿਆਂ



Sri Satguru Jagjit Singh Ji Elibrary NamdhariElibrary@gmail.com

ਨੂੰ ਸ਼ਹਿਰ ਮੋਸ਼ੀ ਦੇ ਦੋ ਨਾਮਧਾਰੀ ਪਰਵਾਰ ਸ੍. ਚਰਨ ਸਿੰਘ ਅਤੇ ਸ੍. ਕਰਮ ਸਿੰਘ ਉਚੇਚੇ ਦਰਸ਼ਨਾਂ ਹਿਤ ਆਏ।

### ਥੋੜਾ ਜਿਹਾ ਅਰੂਸ਼ਾ ਬਾਰੇ

ਅਰੂਸ਼ਾ ਜਿਲਾ ਹੈਡ ਕੁਆਰਟਰ ਹੈ। ਦਾਰਾ ਸਲਾਮ ਤੋਂ ਤਨਜ਼ਾਨੀਆ ਦੇਸ਼ ਦਾ ਦੂਜੇ ਦਰਜੇ ਦਾ ਸ਼ਹਿਰ ਹੈ। ਨਿੱਕੀਆਂ ਵੱਡੀਆਂ ਪਹਾੜੀਆਂ ਦੇ ਆਂਚਲ ਵਿਚ ਹੈ। ਸਾਦੇ ਅਤੇ ਸੁੰਦਰ ਮਕਾਨ, ਦੋ ਤੋਂ ਤਿੰਨ ਛੱਤੇ ਆਮ ਕਰਕੇ, ਬਾਜ਼ਾਰ ਗਲੀਆਂ ਸੋਹਣੀਆਂ, ਸਫਾਈ ਵਿਸ਼ੇਸ਼ ਕਰਕੇ। ਖੇਤੀ, ਸਨਅਤ, ਵਪਾਰ ਸਭ ਬਰਾਬਰ ਜਿਹੇ। ਕਾਫੀ ਦੇ ਖੇਤ। ਨੇੜੇ ਹਰਿਆਲੀ।

### ਦਾਰਾ ਸਲਾਮ ਨੂੰ

6.24 ਤੇ ਏਅਰ ਤਨਜ਼ਾਨੀਆ ਦੇ ਬੋਇੰਗ 737 SH-MRK ਫਲਾਈਟ ਨੰ. T.C. 221 ਤੇ ਸਾਡਾ ਸਾਰਾ ਗਰੁਪ ਉਡਿਆ ਤੇ ਪਲੋ ਮਾਰਦਿਆਂ ਨੂੰ ਯਾਨੀ 7.05 ਤੇ ਪਹੁੰਚ ਵੀ ਗਿਆ ਦਾਰਾ ਸਲਾਮ ਏਅਰ ਪੋਰਟ ਤੇ।

ਘਟਾ ਸਧਾਰਨ ਜਿਹਾ ਹਵਾਈ ਅੱਡਾ। ਕਾਊਂਟਰ ਦਾ ਪ੍ਰਭਾਵ ਜਿਵੇਂ ਅਸੀਂ ਕਰਿਆਨੇ ਦੀ ਦੁਕਾਨ ਤੇ ਹੋਈਏ। ਇਕਦਮ ਸਭ ਕੁਝ ਝਟਕਾ ਜਿਹਾ। ਅਸੀਂ ਆਪਣਾ ਸਾਮਾਨ ਪ੍ਰਾਪਤ ਕਰਨ ਦੇ ਗੇੜ ਵਿਚ ਸਾਂ ਕਿ ਬਾਹਰ ਅੱਡੇ ਤੇ ਆਏ ਹੋਏ ਨਾਮਧਾਰੀਆਂ ਅਤੇ ਉਨਾਂ ਦੇ ਸਹਿਯੋਗੀਆਂ ਨੇ ਸਤਿਗੁਰੂ ਜੀ ਦੇ ਗਲੇ ਵਿਚ ਪੁਸ਼ਪ ਹਾਰ ਪਹਿਨਾਅ, ਚਰਨੀ ਹੱਥ ਲਾ ਮੁਢਲਾ ਸੁਆਗਤ ਕੀਤਾ। ਸਤਿਗੁਰੂ ਜੀ ਨੇ ਕੱਲੇ ਕੱਲੇ ਵਲ ਕ੍ਰਿਪਾ ਦ੍ਰਿਸ਼ਟੀ ਕਰਕੇ ਖੁਸ਼ੀਆਂ ਬਖਸ਼ੀਆਂ।

### ਸ੍. ਦਇਆ ਸਿੰਘ ਨੂੰ ਤਾਰਨ

8.15 ਤਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸ੍. ਦਇਆ ਸਿੰਘ ਮਠਾੜੂ ਦੀ ਨਵੀਂ ਬਣੀ, ਵਿਸ਼ਾਲ ਕੋਠੀ ਦੇ ਖੁਲ੍ਹੇ-ਚੌੜੇ ਹਾਲ ਵਿਚ ਪਧਾਰੇ। ਫੁਲਦਾਰ ਸੁੰਦਰ, ਨਵੇਂ ਗਲੀਚਿਆਂ ਦਾ ਫ਼ਰਸ਼, ਉਪਰ ਇਕ ਆਰਾਮਦਿਹ ਸੋਫਾ, ਇਸ ਉਤੇ ਵਿਛੀ ਸਫੇਦ ਸੁੱਚੀ ਚੱਦਰ। ਸਤਿਗੁਰੂ ਜੀ ਦੇ ਸੋਫੇ ਤੇ ਬੈਠਣ ਤਕ 100 ਤੋਂ ਵੱਧ ਸਰੀਰਾਂ ਦਾ ਅੰਦਰ ਬੈਠੇ ਹੋਣਾ, ਦੂਹਰੇ ਸੁਆਗਤ ਦੀ ਆਮਦ ਜਾਪਦੀ ਸੀ। ਅਨੇਕਾਂ ਪਤਵੰਤੇ ਸੱਜਣ ਜਿਨ੍ਹਾਂ ਦੀ ਇਸ ਵਡੇ ਸ਼ਹਿਰ - ਰਾਜਧਾਨੀ- ਵਿਚ ਕਾਫੀ ਮਾਨਤਾ ਹੈ ਅਤੇ ਜੋ ਸਮਾਜ ਵਿਚ ਆਪਣੀ ਸਤਿਕਾਰਤ ਥਾਂ ਰਖਦੇ ਹਨ, ਉਠ-ਉਠ ਕੇ ਸਤਿਗੁਰੂ ਜੀ ਨੂੰ ਗਲੇ ਹਾਰ ਪਹਿਨਾਅ, ਸ਼ਰਧਾ ਸਹਿਤ ਨਮਸਕਾਰ ਕਰਕੇ ਮੁਨਾਸਬ ਥਾਵਾਂ ਤੇ ਬੈਠਦੇ ਗਏ। ਅਨੇਕਾਂ ਬੀਬੀਆਂ ਨੇ ਵੀ ਸਤਿਗੁਰੂ ਜੀ ਦੇ ਅਦਬ ਸਤਿਕਾਰ ਨਾਲ ਦਰਸ਼ਨ ਕੀਤੇ।

ਪ੍ਰਸੰਨਤਾ ਤਾਂ ਸਤਿਗੁਰੂ ਜੀ ਦੇ ਪਿਛੇ-ਪਿਛੇ ਫਿਰਦੀ ਹੈ। ਜਿਥੇ ਵੀ ਆਪ ਪਧਾਰਦੇ ਹਨ, ਖੁਸ਼ੀਆਂ ਪਸਰ ਜਾਂਦੀਆਂ ਹਨ। ਅੱਜ ਇਹ ਸੁਭਾਗ ਤਨਜ਼ਾਨੀਆਂ ਦੇ ਦਾਰੁਲ ਸਲਾਮ



Sri Satguru Jagjit Singh Ji Elibrary NamdhariElibrary@gmail.com

ਦਾਰਾ ਸਲਾਮ ਨੂੰ ਹੈ ਅਤੇ ਇਸ ਵੇਲੇ ਸ੍ਰ. ਮਹਾਰਾਜ ਦੀ ਕੋਠੀ ਨੂੰ। ਸਾਰੇ ਦਰਸ਼ਕਾਂ ਦਾ ਕੇਂਦਰੀ ਬਿੰਦੂ ਸਤਿਗੁਰੂ ਜੀ ਹੀ ਹਨ। ਉਹਨਾਂ ਦੀ ਤਕਣੀ, ਕਥਨ ਅਤੇ ਹਰਕਤ ਪ੍ਰਤੀ ਵਿਅਕਤੀ ਆਨੰਦ ਬਖਸ਼ਦੀ ਜਾਂਦੀ ਹੈ। ਅਜਿਹੇ ਭਰਪੂਰ ਮਹੱਤਤਾ ਤੇ ਉਮਾਹ ਦੀਆਂ ਘੜੀਆਂ ਵਿਚ, ਨਾਮਧਾਰੀ ਸੰਗਤ ਦਾ ਪ੍ਰਧਾਨ ਸਤਵੰਤ ਸਿੰਘ ਫੁਲਿਆ ਨਹੀ ਸਮਾਂਦਾ। ਮੈਂ ਉਸ ਨੂੰ ਪਰਮਾਨੰਦ ਵਿਚ ਗੁਆਚੇ ਨੂੰ ਪਾਇਆ। ਉਸ ਨੂੰ ਸਰੀਰ ਦੀ ਸੁਧ ਨਹੀ ਸੀ। ਸਾਰਾ ਮਨ ਇੱਕੋ ਨੁਕਤੇ ਉਤੇ ਟਿਕਿਆ ਹੋਇਆ ਸੀ ਤੇ ਉਹ ਸੀ ਸਤਿਗੁਰੂ !

ਸ. ਸਤਵੰਤ ਸਿੰਘ ਦੇ ਪਿਤਾ ਸ. ਮਹਿੰਦਰ ਸਿੰਘ ਪਾਲਰੇ ਦਾਰਾ ਸਲਾਮ ਦੇ ਮੰਨੇ-ਦੰਨੇ ਇੰਡਸਟਰੀਅਲਿਸਟ ਹਨ। ਕਈ ਕਾਰਖਾਨਿਆਂ ਦੇ ਮਾਲਿਕ ਤਾਂ ਹਨ ਹੀ, ਏਥੋਂ ਦੀ ਸਿੰਘ ਸਭਾ ਦੇ ਮੁਖੀ ਗੁਰਦੁਆਰੇ ਦੇ ਪ੍ਰਧਾਨ ਵੀ ਹਨ। ਇਹਨਾ ਚੰਦ ਬਹੁਤ ਹੀ ਅਹਿਮ ਸ਼ਬਦਾਂ ਦੀ ਵਰਤੋਂ ਕਰਦਿਆਂ ਸ੍ਰੀ ਸਤਿਗੁਰੂ ਜੀ ਦੇ ਤਨਜ਼ਾਨੀਆ ਪਧਾਰਨ, ਫਿਰ ਦਾਰਾ ਸਲਾਮ ਆਕੇ ਦਰਸ਼ਨ ਦੇਣ ਦੀ ਕ੍ਰਿਪਾ ਦਾ ਹਾਰਦਿਕ ਜੀ ਆਇਆਂ ਅਤੇ ਧੰਨਵਾਦ ਕੀਤਾ। ਸ੍ਰ. ਜੀ ਦੇ ਕਥਨ ਤਕ ਵਿਸਾਲ ਹਾਲ ਵਿਚ ਤਿਲ ਧਰਨ ਨੂੰ ਥਾਂ ਨਹੀ ਸੀ ਰਹੀ।

ਸੰਗ ਦੇ ਕੁਛ ਇਕ ਪ੍ਰਸਿਧ ਅਤੇ ਪ੍ਰਤਿਸ਼ਠਿਤ ਵਿਅਕਤੀਆਂ ਦੇ ਨਾਮ ਇਹ ਹਨ :

ਸ੍ਰ. ਮਲਕੀਅਤ ਸਿੰਘ ਵਿਰਦੀ, ਪ੍ਰਧਾਨ, ਸ੍ਰੀ ਗੁਰੂ ਸਿੰਘ ਸਭਾ।

ਗਿਆਨੀ ਤਿਰਲੋਕ ਸਿੰਘ ਆਦਮ ਪੁਰੀ

ਸ੍ਰ. ਸੰਤੋਖ ਸਿੰਘ, ਪ੍ਰਧਾਨ ਰਾਮਗੜੀਆ ਸਭਾ ਗੁਰਦੁਆਰਾ

ਸਕੱਤਰ ਸ੍ਰੀ ਗੁਰੂ ਸਿੰਘ ਸਭਾ

ਗਿਆਨੀ ਕੇਵਲ ਸਿੰਘ ਨਿਰਦੋਸ਼ ਸ੍ਰੀ ਗੁਰੂ ਸਿੰਘ ਸਭਾ

ਠੇਕੇਦਾਰ ਸ੍ਰ. ਦੌਆ ਸਿੰਘ ਮੰਧਰਾ

ਸ੍ਰ. ਦਰਸ਼ਨ ਸਿੰਘ ਰਾਇਤ, ਪ੍ਰਧਾਨ ਰਾਮਗੜੀਆਂ ਸਿੱਖ ਟੈਂਪਲ

ਡਾ. ਜਸਵੰਤ ਸਿੰਘ ਨੇਕੀ, ਪੰਜਾਬੀ ਦਾ ਪ੍ਰਸਿੱਧ ਸ਼ਾਇਰ

ਦਰਸ਼ਨ ਮੇਲੇ ਦਾ ਪਹਿਲਾ ਦੌਰ ਖ਼ਤਮ ਹੋਣ ਬਾਅਦ, ਉਪਰੋਕਤ ਸਿੰਘਾਂ ਵਲੋਂ ਸ੍ਰੀ ਸਤਿਗੁਰੂ ਜੀ ਦੇ ਆਸਣ ਸਸ਼ੋਭਤ ਹੋਣ ਤੇ ਗਿਆਨੀ ਕੇਵਲ ਸਿੰਘ ਨੇ ਅਰਜ਼ ਕੀਤੀ : ਆਪ ਜੀ ਕਿਰਪਾ ਨਿਧਾਨ ਹੋ, ਮਹਾਪੁਰਖ ਹੋ, ਮੈਂ ਸਾਰਿਆਂ ਸੱਜਣਾਂ ਵਲੋਂ ਬੇਨਤੀ ਕਰਦਾ ਹਾਂ ਕਿ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਵਿਖੇ ਸਮੁੱਚੀ ਸੰਗਤ ਨੂੰ ਦਰਸ਼ਨ ਦਿੱਤੇ ਜਾਣ। ਭਾਵੇਂ ਇਹ ਦਰਸ਼ਨ ਕੇਵਲ 15 ਮਿੰਟ ਲਈ ਹੀ ਹੋਣ।

ਪ੍ਰਧਾਨ ਸਤਵੰਤ ਸਿੰਘ ਬੋਲਿਆ : ਮਹਾਂਪੁਰਖਾਂ ਦੇ ਦਰਸ਼ਨ ਅਤੇ ਬਚਨ ਕੇਵਲ 15 ਮਿੰਟ ਲਈ ਹੀ ਨਹੀ, ਸਦਾ ਸੁਣੀਦੇ ਰਹਿਣ, ਵੱਧ ਤੋਂ ਵੱਧ ਸਮਾ ਸੁਣੀਦੇ ਰਹਿੰਣ। ਗੱਲਬਾਤ ਚਲਦਿਆਂ ਪ੍ਰਧਾਨ ਸਤਵੰਤ ਸਿੰਘ ਨੇ ਫਿਰ ਆਖਿਆ : ਜੋ ਸਤਿਗੁਰੂ ਜੀ ਵਲ ਆਉਂਦਾ ਹੈ, ਉਸ ਵਲ ਸਤਿਗੁਰੂ ਜੀ ਕੋਟ ਪੈਰਾ ਔਲੇ ਹੋਕੇ ਜਾਂਦੇ ਹਨ। ਪਰ ਇਹ ਆਮਦ ਹਿਰਦਿਓਂ ਅਤੇ ਸਤਿਕਾਰ ਪੂਰਕ ਹੁੰਦੀ ਹੈ।

ਗਿਆਨੀ ਕੇਵਲ ਸਿੰਘ ਮਿੱਠਾ ਬੋਲ ਚਾਲ, ਗੁਰਬਾਣੀ ਤੇ ਗੁਰ ਇਤਿਹਾਸ ਨੂੰ ਜਾਨਣ ਵਾਲਾ ਸੁਘੜ ਵਿਅਕਤੀ ਹੈ, ਕਿਸੇ ਗੱਲ ਦਾ ਪੇਸ਼ ਪੈਮਾ ਕਰ ਰਿਹਾ ਸੀ, ਹਮਜ ਸਮਝ ਕੇ



Sri Satguru Jagjit Singh Ji Elibrary NamdhariElibrary@gmail.com

ਹੀ ਸਤਵੰਤ ਸਿੰਘ ਗੱਲ ਕਰ ਰਿਹਾ ਸੀ।

ਅਤੇ ਅੱਜ ਦਾ ਸਾਰਾ ਸਮਾ ਹੀ ਸਤਿਗੁਰੂ ਜੀ ਦੇ ਸੁਆਗਤ ਸਤਿਕਾਰ ਨਾਲ ਸਮਾਪਤ ਹੋ ਗਿਆ। ਸੱਚੇ ਪਾਤਸ਼ਾਹ ਉਪਰ ਆਪਣੇ ਆਰਾਮ ਕਮਰੇ ਵਿਚ ਚਲੇ ਗਏ।

ਜਦੋਂ ਅਸੀ ਏਅਰ ਪੋਰਟ ਦਾਰਾ ਸਲਾਮ ਤੋਂ ਸ੍ਰ. ਦਇਆ ਸਿੰਘ ਮਠਾੜੂ ਦੀ ਕੋਠੀ ਆਏ ਤਾਂ ਇਸ ਦੇ ਨਾ-ਤਿਆਰ ਆਂਗਣ ਵਿਚ 20 ਤੋ ਵੱਧ ਕਾਰਾਂ ਖਲੋਤੀਆਂ ਸਨ। ਕੋਠੀ ਦੇ ਨਾਲ ਹੀ ਅੱਡੋ ਤੁਕਤੇ ਸ਼ੈਡ ਹਨ, ਜਿਹਨਾਂ ਵਿਚ ਪਰਵਾਰ ਅਤੇ ਆਏ ਗਏ ਲਈ ਲੰਗਰ ਦੀ ਵਿਵਸਥਾ ਹੈ। ਸਾਰੇ ਸੁਆਗਤਕਾਰੀਆਂ ਨੂੰ ਸ੍ਰ. ਦਇਆ ਸਿੰਘ ਵਲੋਂ ਗੁਰੂ ਕੇ ਲੰਗਰ ਚੋਂ ਪ੍ਰਸ਼ਾਦ ਛਕਾ ਕੇ ਵਿਦਾ ਕੀਤਾ ਗਿਆ। ਕਈ ਤਰ੍ਹਾਂ ਦੇ ਉੱਤਮ ਖਾਣੇ, ਪੀਣ ਲਈ ਸਵਾਦਿਸ਼ਟ ਪਾਣੀ।

ਇਸ ਕੋਠੀ ਵਿਚ 30 ਸਿੰਘਾਂ ਦੇ ਸੋਹਣੇ ਨਿਵਾਸ ਲਈ ਵਿਵਸਥਾ ਸੀ। ਬਾਅਦ ਵਿਚ ਮੈਨੂੰ ਸ੍ਰੀ ਸਤਿਗੁਰੂ ਜੀ ਨੇ ਦੱਸਿਆ ਦਇਆ ਸਿੰਘ ਕਹਿੰਦਾ ਹੈ, ਅੱਜ ਇਸ ਕੋਠੀ ਦਾ ਇਕ ਕਰੋੜ ਰੁਪਿਆ ਮਿਲਦਾ ਹੈ। ਮੈ ਸ੍ਰ. ਦਇਆ ਸਿੰਘ, ਜੁ ਪਹਿਲੋਂ ਤੋ ਹੀ ਵਾਕਫ਼ ਸੀ, ਨੂੰ ਮਿਲਕੇ ਉਸ ਦੀ ਕੋਠੀ ਦੀ ਵਿਸ਼ਾਲਤਾ ਅਤੇ ਸੁਹੱਪਣ ਦੀ ਚਰਚਾ ਕੀਤੀ ਤਾਂ ਉਹ ਸ਼ਰਧਾ ਪੂਰਵਕ ਸਨਿਮਰ ਬੋਲਿਆ . ਕਵੀ ਜੀ, ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਮੈ ਤਾਂ ਦਾਰਾ ਸਲਾਮ ਵਿਖੇ ਸਿਰ ਲੁਕਾਈ ਲਈ ਆਪਣੇ ਕੋਠੇ ਦੀ ਹੀ ਯਾਚਨਾ ਕੀਤੀ ਸੀ, ਪਰ ਉਨ੍ਹਾਂ ਨੇ ਏਨੀ ਕਿਰਪਾ ਕਰ ਦਿਤੀ ਕਿ ਅੱਜ ਐਸੀ ਕੋਠੀ ਨੂੰ ਵੇਖਕੇ ਮੈਨੂੰ ਸੋਚਣਾ ਪੈਂਦਾ ਹੈ ਕਿ ਸਤਿਗੁਰੂ ਜੀ ਨੇ ਮੇਰੇ ਉੱਦਮ ਨੂੰ ਹੀ ਭਾਗ ਲਾਏ ਹਨ।

### ਸੰਗਤ ਦਾ ਪ੍ਰਧਾਨ ਸਤਵੰਤ ਸਿੰਘ

ਨਾਮਧਾਰੀ ਸੰਗਤ ਦਾਰਾ ਸਲਾਮ ਦਾ ਪ੍ਰਧਾਨ ਸ੍ਰ. ਸਤਵੰਤ ਸਿੰਘ ਏਸੇ ਸ੍ਰ. ਦਇਆ ਸਿੰਘ ਮਠਾੜੂ ਦਾ ਦਮਾਦ ਹੈ। ਇਹ ਕੋਠੀ ਉਸੇ ਦੇ ਨਿਅੰਤਰਣ ਹੇਠ ਹੈ। ਸ੍ਰ. ਸਤਵੰਤ ਸਿੰਘ ਦੀ ਖੁਸ਼ੀ ਦਾ ਵੀ ਕੋਈ ਓਰ ਛੋਰ ਨਹੀ। ਉਸ ਦੀ ਪ੍ਰਧਾਨਗੀ ਹੇਠ ਸਤਿਗੁਰੂ ਜੀ ਦਾ ਸ਼ਾਇਦ ਇਹ ਦੂਜਾ ਦੌਰਾ ਤਨਜ਼ਾਨੀਆ ਹੈ। ਰੋਮ ਰੋਮ ਆਨੰਦ ਵਿਭੋਰ ਹੋਇਆ ਸਤਵੰਤ ਸਿੰਘ ਪ੍ਰੇਮ, ਨਿਮ੍ਰਤਾ, ਸ਼ਰਧਾ ਤੇ ਸੂਝ ਦਾ ਅਦੁਤੀ ਸੰਜੋਗ ਹੈ। ਇਵ ਹੀ ਉਸਦੀ ਪਤਨੀ ਦਾ ਹਾਲ ਹੈ। ਹੋਰ ਸਭ ਕਾਸੇ ਵਲੋਂ ਬੇਪਰਵਾਹ ਸੰਗਤ ਦੀ ਸੁਖ ਸਹੂਲਤ ਲਈ ਭੌਂਜੀ ਨੱਠੀ ਫਿਰਦੀ ਹੈ। ਸ੍ਰ. ਦਇਆ ਸਿੰਘ ਤੇ ਉਸਦੀ ਪਤਨੀ ਸੇਵਾ ਵਿਚ ਵੀ ਸਹਿਯੋਗ ਦਿੰਦੇ ਹਨ ਅਤੇ ਸਤਿਗੁਰੂ ਜੀ ਤੇ ਸੰਗਤ ਦੁਆਰਾ ਉਨ੍ਹਾਂ ਦੀ ਕੋਠੀ ਵਿਚ ਲੱਗੇ ਮੇਲੇ ਨੂੰ ਵੇਖ-ਵੇਖ ਖੁਸ਼ੀ ਭਰੀ ਮਸਤੀ ਅਨੁਭਵ ਕਰਦੇ ਹਨ।

ਸ੍ਰ. ਨਰਿੰਦਰ ਸਿੰਘ ਅਤੇ ਅਜਿੰਦਰ ਸਿੰਘ, ਸ੍ਰ. ਮਠਾੜੂ ਦੇ ਪੁੱਤ ਅਤੇ ਸਮਝਦਾਰ ਸਪੁਤਰ 24-25 ਵਿਸ਼ੇਸ਼ ਸੱਜਣਾਂ ਦੀ ਪ੍ਰਾਹੁਣਚਾਰੀ ਹਿਤ ਏਧਰ-ਓਧਰ ਦੌੜਦਿਆਂ ਰੰਗ ਰੱਤੇ ਹੀ ਲੱਗਦੇ ਹਨ। ਪਿਛਲੇ ਦੋ ਤ੍ਰੈ ਦੌਰਿਆਂ ਦੌਰਾਨ ਹੀ ਤਨਜ਼ਾਨੀਆ ਦੀ ਧਰਤੀ ਦੇ ਇਸ ਮਹਾ ਭੂਖੰਡ ਵਿਚ ਗੁਰ ਸਿੱਖੀ ਦੇ ਬੀਜ ਆਰੋਪਣ ਸਤਿਗੁਰੂ ਜੀ ਨੇ ਕਰ ਦਿਤੇ ਹਨ ਅਤੇ ਅੱਜ ਅਨੇਕ ਸਿੰਘਾਂ ਦੇ ਸਫ਼ਰ ਪੋਗ ਦਰਸ਼ਨ ਹੁੰਦੇ ਹਨ।



Sri Satguru Jagjit Singh Ji Elibrary NamdhariElibrary@gmail.com

1 ਮਾਰਚ 1983, ਮੰਗਲਵਾਰ
ਦਾਰਾਸਲਾਮ, ਤਨਜ਼ਾਨੀਆ

## ਮਠਾੜੂ ਦੀ ਕੋਠੀ ਨੂੰ ਭਾਗ

ਕਲ ਦੇ ਐਲਾਨ ਅਨੁਸਾਰ ਅੱਜ ਸਵੇਰੇ 4.15 ਤੇ ਆਸਾ ਦੀ ਵਾਰ ਦਾ ਕੀਰਤਨ, ਨਾਲ ਆਏ ਰਾਗੀ ਜਥੇ ਨੇ ਕੀਤਾ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਲਾਭ, ਗੁਰਬਾਣੀ ਦੇ ਸਰੋਤਿਆਂ ਨੂੰ, ਬਾਣੀ ਦੀਆਂ ਤੁਕਾਂ ਦੇ ਅਰਥਾਂ ਦੀ ਰੂਪਮਾਨਤਾ ਦਰਸਾ ਰਿਹਾ ਹੈ। ਨਿਕਟਤਾ ਦਾ ਲਾਭ ਹੇਠ ਦਿੱਤੇ ਵਿਅਕਤੀਆਂ ਨੂੰ ਹੈ; ਚੋਰ ਬਰਦਾਰ ਸੰਤ ਮਹਿੰਦਰ ਸਿੰਘ ਪੁਰਖਾ, ਸੰਤ ਤਰਸੇਮ ਸਿੰਘ ਸਕੱਤਰ, ਸੰਤ ਪ੍ਰੀਤਮ ਸਿੰਘ ਮਠਾੜੂ (ਕੀਨੀਆ) ਸ੍ਰ. ਸਰਵਣ ਸਿੰਘ ਸੇਖੋਂ, ਸੰਤ ਜਗਤਾਰ ਸਿੰਘ ਜੀ ਪਨਿਹਾਰੀ, ਵਿਰਸਾ ਸਿੰਘ - ਜਥੇਦਾਰ ਸੇਵਾ ਸਿੰਘ (ਜਗਾਧਰੀ ਸੂਬਾ) ਸ੍ਰ. ਸਤਵੰਤ ਸਿੰਘ ਪ੍ਰਧਾਨ ਨਾਮਧਾਰੀ ਸੰਗਤ ਤਨਜ਼ਾਨੀਆ।

ਕੀਰਤਨਕਾਰਾਂ ਵਿਚ, ਪਿਛਲੇ 3-4 ਦਿਨਾਂ ਤੋਂ, ਠਾਕੁਰ ਦਲੀਪ ਸਿੰਘ ਜੀ ਹਰਮੋਨੀਅਮ ਫੜਕੇ ਪਿੱਛੇ ਬੈਠਦੇ ਹਨ, ਕੀਰਤਨ ਕਰਦੇ ਹਨ, ਸਲੋਕ ਅਤੇ ਪਉੜੀ ਪਾਠ ਵਿਚ ਰਾਗੀ ਦਿੰਦੇ ਹਨ।

ਕੀਰਤਨ ਸ੍ਰ. ਮਠਾੜੂ ਦੀ ਕੋਠੀ ਦੇ ਸੁਆਗਤ ਹਾਲ ਵਿਚ ਹੀ ਸੀ। ਸਾਰਾ ਹਾਲ ਦਾਰਾਸਲਾਮ ਦੇ ਕੀਰਤਨ ਪ੍ਰੇਮੀਆਂ ਅਤੇ ਦਰਸ਼ਨ ਯਾਰਕਾਂ ਨਾਲ ਭਰਪੂਰ ਹੈ। ਬੀਤੀ ਰਾਤ ਦੇ ਅਨ੍ਹੇਰੇ ਨੂੰ ਚੀਰਦਾ ਪ੍ਰਕਾਸ਼ ਇਓ ਵਧ ਰਿਹਾ ਹੈ ਜਿਵੇਂ ਗੁਰੂ ਕੀ ਸ਼ਰਨ ਆਇਆਂ ਅਤੇ ਸੁਸਿੱਖਿਆ ਧਾਰਨ ਕੀਤਿਆਂ ਬੰਦੇ ਦਾ ਅਗਿਆਨ ਅਨ੍ਹੇਰਾ ਬਿਨਸਦਾ ਜਾਂਦਾ ਹੈ।

ਮੌਸਮ ਦੇ ਲਿਹਾਜ਼ ਨਾਲ ਆਸਾ ਦੀ ਵਾਰ ਦੇ ਕੀਰਤਨ ਨਾਲ ਰਾਗ ਬਸੰਤ ਦਾ ਇਕ ਸ਼ਬਦ ਤੇ ਬਸੰਤ ਦੀ ਵਾਰ ਵੀ ਗਾਂਵੀ ਜਾਂਦੀ ਹੈ। 6-35 ਉਤੇ ਦੂਹਾਂ ਵਾਰਾਂ ਦੀ ਸਮਾਪਤੀ ਉਪਰੰਤ ਸੰਤ ਪੁਰਖੇ ਦੁਆਰਾ ਸਮਾਪਤੀ ਦੀ ਅਰਦਾਸ ਹੋ ਗਈ ਹੈ। ਸ੍ਰ. ਦਇਆ ਸਿੰਘ ਹਿਰਦਿਓ ਉਠਦੇ ਪੁਸ਼ਪ ਸ਼ਬਦਾਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਟ ਕਰਨ ਲਈ ਖਲੋ ਗਿਆ ਹੈ। ਸੰਗਤ ਸ਼ਾਂਤ ਭਾਵ ਨਾਲ ਬੈਠ ਗਈ ਹੈ। ਕਿਸੇ ਨੂੰ ਵੀ ਪਤਾ ਨਹੀਂ ਸ੍ਰ. ਦਇਆ ਸਿੰਘ ਕੀ ਕਹਿਣਾ ਚਾਹੁੰਦਾ ਹੈ।

ਠਾਕੁਰ ਦਲੀਪ ਸਿੰਘ ਜੀ ਇਸ ਵਿਦੇਸ਼ ਦੌਰੇ ਵਿਚ ਫੋਟੋਗ੍ਰਾਫ਼ੀ ਦੀ ਸਮਗ੍ਰੀ ਨਾਲ ਪੂਰੀ ਤਰ੍ਹਾਂ ਲੈਸ ਹੋ ਕੇ ਆਏ ਹਨ। ਉਹਨਾਂ ਨੇ ਵੀਡੀਓਗ੍ਰਾਫ਼ੀ ਨੂੰ ਮੁਖ ਰਖਿਆ ਹੈ।

## ਸੁਆਗਤ ਦੇ ਸ਼ਬਦ ਸ੍ਰ. ਮਠਾੜੂ ਵਲੋਂ

ਸ੍ਰ. ਦਇਆ ਸਿੰਘ ਮਠਾੜੂ ਨੇ ਕਹਿਣਾ ਸ਼ੁਰੂ ਕੀਤਾ : ਸ੍ਰੀ ਸਤਿਗੁਰੂ ਜੀ ਦੀ ਕਿਰਪਾ ਦਾ ਕੋਟਾਨ ਕੋਟ ਧੰਨਵਾਦ ਹੈ। ਆਪ ਜੀ ਦਾਰਾਸਲਾਮ ਵਿਖੇ ਦਰਸ਼ਨ ਦੇਣ ਖਾਤਰ ਆਪਣੇ ਜਥੇ ਨੂੰ ਵੀ ਨਾਲ ਲੈ ਆਏ। ਸਾਨੂੰ ਆਪਣੇ ਸੇਵਕਾਂ ਨੂੰ ਨਿਵਾਜਿਆ ਹੈ। ਸਾਡੇ ਸਭ ਦੇ ਉੱਤਮ ਭਾਗ ਹਨ ਜਿਨ੍ਹਾਂ ਨੂੰ ਇਹ ਤਰਨ ਤਾਰਨ, ਪਤਿਤ ਪਾਵਨ ਦਰਸ਼ਨ ਨਸੀਬ ਹੋਏ ਹਨ। ਆਪ ਜੀ ਦੇ ਦਾਰਾਸਲਾਮ ਆਗਮਨ ਦੀ ਬਹੁਤ-ਬਹੁਤ ਖੁਸ਼ੀ ਹੋਈ ਹੈ ਅਤੇ ਅਸੀ ਸਾਰੇ ਹੀ ਕ੍ਰਿਤੱਗਤਾ ਦੇ ਭਾਵ ਨਾਲ ਨਤਮਸਤਕ ਹੋਏ ਹਾਂ। ਆਪ ਜੀ ਦੇ ਸੁਆਗਤ ਹਿਤ ਮੈਨੂੰ



Sri Satguru Jagjit Singh Ji Elibrary NamdhariElibrary@gmail.com

ਮੁਨਾਸਬ ਸ਼ਬਦ ਨਹੀ ਅਹੁੜਦੇ ਪਰ ਅਸੀ ਸਾਰੇ ਨਾਮਧਾਰੀ ਅਤੇ ਦਾਰਾਸਲਾਮ ਦੇ ਸਾਰੇ ਹੀ ਸਿਖ ਆਪ ਜੀ ਦਾ ਤਹਿ ਦਿਲੋਂ ਸੁਆਗਤ ਕਰਦੇ ਹਾਂ।

ਆਪ ਜੀ ਦੇ ਨਾਲ ਆਇਆ ਨਿੱਜੀ ਸੇਵਕਾਂ ਦਾ ਜਥਾ, ਰਾਗੀ ਸਿੰਘ, ਪਰਚਾਰਕ ਅਤੇ ਹੋਰ ਪਤਵੰਤੇ, ਸੰਗੀਤ ਮੰਡਲੀ ਅਤੇ ਨੈਰੋਬੀ ਤੋਂ ਆਈ ਸੰਗਤ ਨੂੰ ਪ੍ਰਾਹੁਣਿਆਂ ਦੇ ਤੌਰ ਤੇ ਸਵੀਕਾਰਦੇ ਅਸੀ ਜੀਉ ਆਇਆਂ ਆਖਦੇ ਹਾਂ।

ਸੰਖੇਪ ਵਿਚ ਦਾਰਾ ਸਲਾਮ ਤੇ ਆਪਣੀ ਸੰਗਤ ਦਾ ਧਨਵਾਦ ਤੇ ਸੁਆਗਤ ਕਰਦਿਆਂ ਅੱਜ ਦਾ ਪ੍ਰੋਗਰਾਮ ਅਰਜ਼ ਕਰਦਾ ਹਾਂ :

ਸਵੇਰੇ 8 ਤੋਂ 10 ਤਕ ਸੱਚੇ ਪਾਤਸ਼ਾਹ ਘਰੀ ਚਰਨ ਪਾਉਣਗੇ।

ਸ਼ਾਮੀ 6 ਤੋਂ 7 ਤਕ ਰਾਮਗੜ੍ਹੀਆ ਹਾਲ ਵਿਚ ਨਾਮ ਸਿਮਰਨ ਹੋਵੇਗਾ।

7 ਤੋਂ 7.30 ਤਕ ਸ੍ਰੀ ਸਤਿਗੁਰੂ ਜੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਚ ਦਰਸ਼ਨ ਦੇਣਗੇ।

7.30 ਤੋਂ ਅਗਲੇ ਸਮੇ ਵਿਚ ਰਾਮਗੜ੍ਹੀਆ ਹਾਲ ਵਿਚ ਕੀਰਤਨ ਅਤੇ ਲੰਗਰ ਦਾ ਪ੍ਰੋਗਰਾਮ ਹੋਵੇਗਾ। ਸਾਧ ਸੰਗਤ ਹੁੰਮ ਹੁਮਾ ਕੇ ਦਰਸ਼ਨ ਦੇਵੇ।

## ਸ੍ਰ. ਸਤਵੰਤ ਸਿੰਘ ਦੀ ਕੋਠੀ ਤੇ ਕਿਰਪਾ

8 ਵਜੇ ਤਕ ਸੰਗਤ ਨੇ ਸ਼ਾਹ ਵੇਲਾ ਸ੍ਰ. ਦਇਆ ਸਿੰਘ ਵਲੋਂ ਪਰਾਉਣਿਆਂ ਅਤੇ ਚਾਹਟੇ ਨਾਲ ਕੀਤਾ। ਏਧਰ, ਸ੍ਰੀ ਸਤਿਗੁਰੂ ਜੀ ਨੇ ਕੁਝ ਜਲਪਾਨ ਕਰ ਵਿਦੇਸ਼ਾਂ ਵਿਚ ਟੈਲੀਫੋਨ ਕਰਨ ਦੀ ਇੱਛਾ ਪਰਗਟ ਕੀਤੀ। ਤਾਂ ਸ੍ਰ. ਸਤਵੰਤ ਸਿੰਘ ਸ੍ਰ. ਮਠਾੜੂ ਦੇ ਪੁਰਾਣੇ ਘਰ ਲੈ ਜਾਣ ਦੀ ਥਾਂ ਆਪਣੇ ਘਰ ਲੈ ਆਇਆ। ਗ੍ਰਹਿ ਪਰਵੇਸ਼ ਸਮੇ ਸੱਚੇ ਪਾਤਸ਼ਾਹ ਨੇ ਬਚਨ ਕੀਤਾ : ਸਤਵੰਤ ਖੂਹ ਹੀ ਲਿਆਇਆ ਹੈ। ਕਹਿੰਦਾ ਹੈ ਉਨ੍ਹਾਂ ਦੇ ਫੋਨ ਕੰਮ ਨਹੀ ਕਰਦੇ।

ਸਤਵੰਤ ਵਿਚ ਸਚਮੁਚ ਹੀ, ਸਤਿਗੁਰੂ ਦਾ ਪ੍ਰੇਮ ਠਾਠਾਂ ਮਾਰਦਾ ਹੈ। ਉਹ ਜਵਾਨ ਤਾਂ ਹੈ ਹੀ, ਪਦਾਰਥ ਵਲੋਂ ਵੀ ਕੋਈ ਕਮੀ ਨਹੀ ਪਰ ਸਤਿਗੁਰੂ ਜੀ ਨੇ ਆਪਣਾ ਸਨੇਹ ਬਖਸ਼ ਕੇ ਹੋਰ ਵੀ ਰੰਗ ਦਿਤਾ ਹੈ। ਪ੍ਰੇਮ ਨਮਰਤਾ ਬਿਨਾ ਤਾਂ ਚੱਲ ਹੀ ਨਹੀ ਸਕਦਾ ਅਤੇ ਉਹ ਗੁਣ ਇਸ ਵਿਚ ਭਰਪੂਰ ਮਾਤਰਾ ਵਿਚ ਹੈ।

ਇਸ ਵੇਲੇ ਸਤਿਗੁਰੂ ਜੀ ਦੀ ਸੇਵਾ ਵਿਚ ਉਨ੍ਹਾਂ ਦਾ ਸਕੱਤਰ ਤਰਸੇਮ ਸਿੰਘ ਖਜ਼ਾਨਚੀ ਮਹਿੰਦਰ ਸਿੰਘ ਪੁਰਬਾ, ਦਾਮਾਦ ਸੰਤ ਜਗਤਾਰ ਸਿੰਘ, ਸਪੁਤਰੀ ਬੀਬਾ ਸਾਹਿਬ ਕੌਰ ਜੀ, ਸੂਬਾ ਸਤਿਨਾਮ ਸਿੰਘ ਜੀ, ਸ੍ਰ. ਸੁਰਿੰਦਰ ਸਿੰਘ ਲੁਧਿਆਣਾ ਅਤੇ ਸੰਤ ਨਿਰੰਜਨ ਸਿੰਘ ਨਗਰ ਵਾਲੇ ਹਨ।

ਸ੍ਰ. ਸਤਵੰਤ ਸਿੰਘ ਘਰ, ਭਾਰਤ, ਥਾਈਲੈਂਡ ਅਤੇ ਨੈਰੋਬੀ ਨੂੰ ਫੋਨ ਹੋਏ।

## ਲੜਕਾ ਸ੍ਰ. ਹਰੀ ਸਿੰਘ ਦਾ

ਸ੍ਰ. ਹਰੀ ਸਿੰਘ ਦਾ ਸਪੁੱਤਰ, ਜਿਸਦਾ ਰੰਗ ਜ਼ਰਾ ਸਾਂਵਲਾ, ਕਾਲੀ ਕਿਣਟੀ ਵਾਲੀ ਸਫੈਦ ਟੋਪੀ ਪਗੜੀ, ਪੈਂਟ ਬੁਸ਼ਰਟ ਪਹਿਨੀ ਦਰਸ਼ਨਾਂ ਨੂੰ ਆਇਆ। ਦਾਹੜੀ ਟ੍ਰਿਮ ਕੀਤੀ



Sri Satguru Jagjit Singh Ji Elibrary NamdhariElibrary@gmail.com

ਹੋਈ। ਸਤਿਗੁਰੂ ਜੀ ਨੇ ਦਇਆ ਸਿੰਘ ਹੁਰਾਂ ਨੂੰ ਦੱਸਿਆ ਕਿ ਲੜਕਾ ਹਰੀ ਸਿੰਘ ਦਾ ਹੈ। ਫੇਰ ਬਚਨ ਕੀਤਾ , ਹਰੀ ਸਿੰਘ ਭੈਣੀ ਸਾਹਿਬ ਗਿਆ ਸੀ। ਕਹਿੰਦਾ ਸੀ, ਬੱਚੇ ਨੇ ਦਾੜ੍ਹੀ ਕੱਟਣੀ ਛੱਡ ਦਿਤੀ ਹੈ। ਸ੍ਰ. ਦਇਆ ਸਿੰਘ : ਛੱਡ ਤਾਂ ਦਿਤੀ ਹੈ ਸੱਚੇ ਪਾਤਸ਼ਾਹ, ਪਰ ਅੰਦਰ ਨੂੰ ਹੀ ਛੱਡੀ ਸੂ। ਇਸ ਤੇ ਸਾਰੇ ਉਪਸਥਿਤ ਠਹਾਕਾ ਮਾਰਕੇ ਹੱਸ ਪਏ।

### ਤਨਜ਼ਾਨੀਆ ਸਰਕਾਰ ਦੀ ਪਾਲਿਸੀ

ਏਥੇ ਹੀ ਮੈਨੂੰ ਨਹਾਰ ਪ੍ਰਤਾਪ ਪੁਰੇ ਵਾਲੇ ਸ੍ਰ. ਮੇਤਾ ਸਿੰਘ ਕੰਟਰੈਕਟਰ ਮਿਲ ਪਏ। ਮੈਂ ਕੁਝ ਤਨਜ਼ਾਨੀਆਂ ਦੀ ਪਾਲਿਸੀ ਬਾਰੇ ਜਾਣਨਾ ਚਾਹਿਆ ਤਾਂ ਮੇਤਾ ਸਿੰਘ ਹੋਰਾਂ ਦੱਸਿਆ ਕਿ ਤਨਜ਼ਾਨੀਆਂ ਦੇ ਪ੍ਰੈਜ਼ੀਡੈਂਟ ਨਾਇਰੇਰੇ ਦੀਆਂ ਸਾਰੀਆਂ ਹੀ ਪਾਲਿਸੀਆਂ ਅਗਾਂਹ ਵਧੂ ਹਨ। ਡਾਕਟਰੀ ਸਹਾਇਤਾ ਹਰੇਕ ਲਈ ਫ੍ਰੀ ਹੈ। ਤਾਲੀਮ ਸਭ ਲਈ ਮੁਫ਼ਤ ਹੈ। ਨਾਇਰੇਰੇ ਪਿੰਡਾਂ ਦੇ ਲੋਕਾਂ ਵੱਲ, ਜਿਥੇ ਗਰੀਬੀ ਦਾ ਕੋਈ ਹੱਦ ਹਿਸਾਬ ਨਹੀ, ਵਲ ਵਧੇਰੇ ਧਿਆਨ ਦੇ ਰਿਹਾ ਹੈ। ਉਹਨਾਂ ਦੀਆਂ ਰੋਜ਼ਾਨਾ ਲੋੜਾਂ ਠੀਕ ਤਰ੍ਹਾਂ ਪੂਰੀਆ ਕੀਤੀਆਂ ਜਾਣ, ਇਸ ਵਲ ਵਿਸ਼ੇਸ਼ ਪਹੁੰਚ ਹੈ। ਸਾਰੇ ਦੇਸ਼ਾਂ ਨੂੰ ਤਨਜ਼ਾਨੀਆਂ ਦੀ ਉਸਾਰੀ ਵਿਚ ਵਰਤਣ ਦੀ ਪਾਲਿਸੀ ਹੈ।

ਸਤਿਗੁਰੂ ਜੀ ਨੇ ਸ੍ਰ. ਮੇਤਾ ਸਿੰਘ ਨੂੰ ਕਾਲੀ ਫਿਫਟੀ ਬੰਨ੍ਹਣੋਂ ਪਰਹੇਜ਼ ਵਲ ਧਿਆਨ ਦੁਆਇਆ।

### ਘਰੀਂ ਚਰਨ ਪਾਉਣੇ

ਅੱਜ ਸ੍ਰੀ ਸਤਿਗੁਰੂ ਜੀ ਨੇ ਹੇਠ ਲਿਖੇ ਸਰੀਰਾਂ ਦੇ ਘਰੀਂ ਚਰਨ ਪਾਉਣ ਦੀ ਕਿਰਪਾ ਕੀਤੀ। ਸੇਵਕਾਂ ਨੇ ਮਾਇਆ, ਬਸਤਰ, ਪ੍ਰਸ਼ਾਦ ਆਦਿ ਨਾਲ ਸ੍ਰੀ ਸਤਿਗੁਰੂ ਜੀ ਦਾ ਸਤਿਕਾਰ ਕੀਤਾ। ਜਿਨ੍ਹੇ ਘਰਾਂ ਵਿਚ ਸਤਿਗੁਰੂ ਜੀ ਚਰਨ ਪਾਉਣ ਪਧਾਰੇ, ਸਾਰੇ ਹੀ ਅਲੋਕੀਆਂ ਸਹੂਲਤਾਂ ਨਾਲ ਭਰਪੂਰ ਤੇ ਸਲਾਹੁਣ ਯੋਗ ਸਨ।

1. ਸ੍ਰ. ਸਤਵੰਤ ਸਿੰਘ ਪਾਲਕੇ, ਪ੍ਰਧਾਨ ਨਾਮਧਾਰੀ ਸੰਗਤ ਤਨਜ਼ਾਨੀਆ
2. ਸ੍ਰ. ਸੰਤੋਖ ਸਿੰਘ
3. ਸ੍ਰ. ਗੁਰਬਚਨ ਸਿੰਘ
4. ਸ੍ਰ. ਕੁਲਦੀਪ ਸਿੰਘ ਕਿਲਸੋ ਵਾਲਾ
5. ਸ੍ਰ. ਗੁਰਮੀਤ ਸਿੰਘ ਭਾਟੀਆ (ਭਜਨ ਲੈ ਕੇ ਸਿੰਘ ਬਣਿਆ)
6. ਸ੍ਰੀ ਬਲਬੀਰ ਸਿੰਘ (ਤਰੇੜੀ, ਅੰਬਾਲਾ), ਹਿੰਦੂ ਸੇਠੀ, ਸਾਰੇ ਪਰਵਾਰ ਨੇ ਹੀ ਭਜਨ ਪੁਛਿਆ।
7. ਸ੍ਰ. ਇੰਦਰ ਸਿੰਘ - ਬੀਬੀ ਜੁਗਿੰਦਰ ਕੌਰ (ਸ੍ਰ. ਗੁਰਮੀਤ ਸਿੰਘ ਭਾਟੀਆ ਦੇ ਮਾਤਾ ਪਿਤਾ)।
8. ਸ੍ਰ. ਹਰਭਜਨ ਸਿੰਘ
9. ਪਲਾਸਟਿਕ ਫੈਕਟਰੀ, ਪ੍ਰਧਾਨ ਸ੍ਰ. ਸਤਵੰਤ ਸਿੰਘ
10. ਵਰਕਸ਼ਾਪ ਸ੍ਰ. ਨਿਰਮਲ ਸਿੰਘ



Sri Satguru Jagjit Singh Ji Elibrary NamdhariElibrary@gmail.com

11 ਸ੍ਰ. ਜੁਗਿੰਦਰ ਸਿੰਘ ਭੁਈ ਅਤੇ
12 ਸ੍ਰ. ਮਹਿੰਦਰ ਸਿੰਘ ਭਮਰਾ

ਏਨੇ ਘਰਾਂ ਵਿਚ ਚਰਨ ਪਾਉਂਦਿਆਂ 10 ਵਜ ਗਏ। ਸੱਚੇ ਪਾਤਸ਼ਾਹ ਆਪਣੇ ਡੇਰੇ ਆਏ। ਇਸ਼ਨਾਨ ਕਰ ਪ੍ਰਸ਼ਾਦ ਛਕਿਆ ਅਤੇ ਨਿਸਚਿਤ ਬਿਸਰਾਮ ਕੀਤਾ।

## ਮੋਸ਼ੀ ਪਰਵਾਰ

ਇਸ ਦੌਰਾਨ ਮੈਂ ਮੋਸ਼ੀ ਦੇ ਸ੍ਰ. ਦਲਜੀਤ ਸਿੰਘ ਪਰਵਾਰ ਨੂੰ ਮਿਲਿਆ। ਇਹ ਅੱਜ ਹੀ ਕਿਸੇ ਮੌਕੇ ਏਥੇ ਆਏ ਹਨ। ਦਲਜੀਤ ਸਿੰਘ ਹੁਰਾਂ ਬਾਰੇ ਮੈਂ ਅਰੂਸ਼ਾ ਦੇ ਬਿਰਤਾਂਤ ਵਿਚ ਦੱਸ ਆਇਆ ਹਾਂ। ਏਥੇ ਮੈਨੂੰ ਉਨ੍ਹਾਂ ਦੇ ਛੋਟੇ ਭਾਈ ਸ੍ਰ. ਹਰਬੰਸ ਸਿੰਘ (30) ਦਾ ਦੇਰਵਾ ਮਿਲਿਆ। ਸ੍ਰ. ਅਮਰ ਸਿੰਘ - ਬੀਬੀ ਸਵਰਨ ਕੌਰ ਪੇਡੋਂਗੀ ਨਿਵਾਸੀਆਂ ਦੇ ਤਿੰਨ ਲੜਕੇ ਹਨ। ਵੱਡਾ ਸ੍ਰ. ਦਲਜੀਤ ਸਿੰਘ (33)। ਇਹ ਪਰਵਾਰ ਵੀ ਮੋਸ਼ੀ ਕਹਿੰਦਾ ਹੈ। ਬੀਬੀ ਕੁਲਵੰਤ ਦਾ ਪਿਤਾ ਸ੍ਰ. ਨਿਰੰਜਨ ਸਿੰਘ ਪਿੰਡ ਬਿੰਲੀਆਂ ਜ਼ਿ. ਜਲੰਧਰ। ਸ੍ਰ. ਦਲਜੀਤ ਸਿੰਘ ਤੋਂ ਤੀਜੀ ਥਾਂ ਛੋਟਾ ਭਾਈ ਸ੍ਰ. ਨਿਰੰਜਨ ਸਿੰਘ (29) ਜਿਸ ਦੀ ਸੁਪਤਨੀ ਬੀਬੀ ਹਰਜਿੰਦਰ ਕੌਰ (26) ਸ੍ਰ. ਧੀਰ ਸਿੰਘ ਰਾਮੇ ਮੰਘਿਆਂ ਦੀ ਸਪੁੱਤਰੀ ਹੈ। ਇਹਨਾ ਦੀ ਅਜੇ ਇਕੋ ਗੁੱਡੀ ਹੈ ਪਵਨਦੀਪ ($3\frac{1}{2}$ ਮਹੀਨੇ) ਅਤੇ ਇਹ ਏਸ ਵਿਚ ਹੀ ਰਹਿੰਦੇ ਹਨ।

## ਇਕ ਮਹੱਤਵਪੂਰਣ ਫੈਸਲਾ

1.30 ਹੋਏ ਤਾਂ ਡਾ. ਜਸਵੰਤ ਸਿੰਘ ਨੇਕੀ ਅਤੇ ਸ੍ਰੀ ਗੁਰੂ ਸਿੰਘ ਸਭਾ ਦੇ ਗ੍ਰੰਥੀ ਸ੍ਰੀ ਕੇਵਲ ਸਿੰਘ ਹੁਰੀਂ ਆ ਗਏ। ਗ੍ਰੰਥੀ ਸਾਹਿਬ ਸਿੰਘ ਸਭਾ ਦੇ ਪ੍ਰਬੰਧਕਾਂ ਵਲੋਂ ਕੁਝ ਸ਼ਰਤਾਂ ਲਿਆਏ ਸਨ। ਮੈਨੂੰ ਕਲ ਸੁਆਗਤ ਸਮੇਂ ਗ੍ਰੰਥੀ ਕੇਵਲ ਸਿੰਘ ਨਾਲ ਵਿਚਾਰ ਸਾਂਝੇ ਕਰਦਿਆਂ ਸ੍ਰ. ਸਤਵੰਤ ਸਿੰਘ ਵਲੋਂ ਕੁਝ ਝਲਕ ਪਈ ਸੀ ਕਿ ਗ੍ਰੰਥੀ ਜੀ ਦੇ ਪ੍ਰੇਮ ਵਿਚ ਭਾਵੇਂ ਕੋਈ ਕੋਰ ਕਸਰ ਨਹੀਂ, ਪਰ ਪ੍ਰਬੰਧਕਾਂ ਵਲੋਂ ਜ਼ਰੂਰ ਐਸਾ ਕੁਝ ਹੈ ਜੋ ਸ੍ਰ. ਸਤਵੰਤ ਸਿੰਘ ਨੂੰ ਰੜਕਦਾ ਹੈ। ਸਿੰਘ ਸਭਾ ਦੇ ਸਾਰੇ ਪ੍ਰਬੰਧਕ ਇਸ ਗੱਲੋਂ ਸਿਆਣੇ ਪਏ ਜੁ ਉਹ ਸਤਿਗੁਰੂ ਸੁਆਗਤ ਵਿਚ ਹਿਰਦਿਉਂ ਸ਼ਾਮਲ ਹੋਏ ਜਾਪੇ ਪਰ ਅੱਜ ਉਨ੍ਹਾਂ ਦਾ ਪ੍ਰਤੀਨਿਧ ਕੁਝ ਸ਼ਰਤਾਂ ਲਿਆਇਆ ਸੀ।

ਸ੍ਰੀ ਸਤਿਗੁਰੂ ਜੀ ਬੈਠਕ ਵਿਚ ਪਧਾਰੇ ਤਾਂ ਗਿਆਨੀ ਕੇਵਲ ਸਿੰਘ ਨੇ, ਹੱਥ ਜੋੜਕੇ, ਹਾਰਦਿਕ ਅਦਬ ਨਾਲ ਆਪਣੀ ਕਮੇਟੀ ਵਲੋਂ ਅਰਜ਼ ਕੀਤੀ : ਆਪ ਜੀ ਮਹਾਂਪੁਰਖ ਹੋ, ਸਤਿਗੁਰਾਂ ਦੇ ਸਤਿਕਾਰਿਤ ਸਰੂਪ ਤੇ ਹੋ। ਆਪ ਜੀ ਨੂੰ ਇਹ ਬੇਨਤੀ ਕਰਦਿਆਂ ਮੈਨੂੰ ਨਿਜੀ ਤੌਰ ਤੇ ਸੰਕੋਚ ਹੋ ਰਿਹਾ ਹੈ ਪਰ ਜ਼ਿੰਮੇਦਾਰੀ ਅਧੀਨ ਬੇਨਤੀ ਹੈ ਕਿ ਕਮੇਟੀ ਦਾ ਫੈਸਲਾ ਹੈ ਆਪ ਜੀ ਗੁਰਦੁਆਰੇ ਜ਼ਰੂਰ ਆਓ। ਪਰ... ਇਹ ਸਿਰਫ ਕਮੇਟੀ ਦਾ ਹੀ ਫੈਸਲਾ ਹੈ ਸਾਰੇ ਸਿੰਘ ਸਭੀਆਂ ਦਾ ਭਾਵ ਆਮ ਸੰਗਤਾਂ ਦਾ ਨਹੀਂ. ਉਹ ਤਾਂ ਸਤਿਗੁਰੂ ਜੀ ਦੇ ਚਰਨ ਪੁਆਉਣੇ ਚਾਹੁੰਦੇ ਹਨ।



Sri Satguru Jagjit Singh Ji Elibrary NamdhariElibrary@gmail.com

ਇਹ ਸੁਣਦਿਆਂ ਸਤਿਗੁਰੂ ਜੀ ਤਾਂ ਜੈਸੇ ਸਨ ਵੈਸੇ ਹੀ ਰਹੇ ਕਿਉਂਕਿ ਉਨ੍ਹਾਂ ਤਾਂ 'ਕੰਚਨ ਮਾਟੀ ਸਮ ਕਰਿ ਮਾਨਉਂ' ਦੀ ਸਿੱਖਿਆ ਦੀਖਿਆ ਪਾਈ ਹੈ. ਪਰ ਕੋਲ ਬੈਠੇ ਸੱਜਣ ਤੜਪ ਉਠੇ। ਪ੍ਰਧਾਨ ਸਤਵੰਤ ਸਿੰਘ ਅਤੇ ਤਰਸੇਮ ਸਿੰਘ ਹਜ਼ੂਰੀ ਸਕੱਤਰ ਬੋਲੇ : ਅਸਾਂ ਓਥੇ ਲੈਣ ਕੀ ਜਾਣਾ ਹੈ, ਜਿਥੇ ਸਾਡੀ ਮਰਿਆਦਾ ਨਹੀਂ। ਕਥਾ, ਕੀਰਤਨ ਅਤੇ ਪਾਠ ਤਾਂ ਸਾਡੇ ਦੀਵਾਨ ਵਿਚ ਹੋ ਜਾਂਦੇ ਹਨ। ਕਮੇਟੀ ਸਤਿਗੁਰੂ ਜੀ ਨੂੰ ਅਦਬ ਰਹਿਤ ਕਰਨ ਲਈ ਬੁਲਾ ਰਹੀ ਹੈ।

ਗਿਆਨੀ ਕੇਵਲ ਸਿੰਘ ਸਨਿਮਰ ਬੋਲਿਆ : ਕਮੇਟੀ ਕਾਗਜ਼ੀ ਨੇਮਾਂ ਤੇ ਚਲਣ ਵਾਲੀ ਹੁੰਦੀ ਹੈ। ਉਸਨੂੰ ਸੰਤਾਂ, ਗੁਰੂਆਂ, ਮਹਾਂਪੁਰਸ਼ਾਂ ਦੇ ਆਦਰ ਜਾਂ ਮਰਿਆਦਾ ਦਾ ਨੇਮ ਓਨ੍ਹਾਂ ਪਾਸ ਨਹੀਂ ਹੁੰਦਾ ਜਿਨ੍ਹਾਂ ਆਪਣੇ ਨੇਮਾਂ ਦਾ। ਅੱਜ ਜੇ ਸਤਿਗੁਰੂ ਜੀ ਆਏ ਹੋਏ ਸ੍ਰੀ ਗੁਰੂ ਸਿੰਘ ਸਭਾ ਨ ਗਏ ਤਾਂ ਏਥੇਂ ਰਹਿੰਦੇ ਸਿੱਖਾਂ ਵਿਚ ਪਾੜਾ ਪੈ ਜਾਵੇਗਾ।

ਡਾ. ਜਸਵੰਤ ਸਿੰਘ ਨੇਕੀ ਨਾਲ ਆਏ ਸਨ। ਏਕਤਾ ਅਤੇ ਪ੍ਰੇਮ ਦੇ ਤਾਂ ਉਹ ਹਾਮੀ ਸਨ ਪਰ ਬਹੁਤਾ ਵਾਦ ਵਿਵਾਦ ਵਿਚ ਨਾ ਪਏ। ਸਾਨੂੰ ਜੁ ਅਸੀ ਸਤਿਗੁਰੂ ਜੀ ਦੇ ਗਿਰਦ ਬੈਠੇ ਸਾਂ ਇਹ ਸ਼ਰਤਾਂ ਅਨਾਚਾਰ ਜਾਪ ਰਹੀਆਂ ਸਨ। ਪ੍ਰੰਤੂ ਸ੍ਰੀ ਸਤਿਗੁਰੂ ਜੀ ਨੇ ਜ਼ਰਾ ਮੁਸਕਰਾ ਕੇ ਬਚਨ ਕੀਤਾ : ਪਰਵਾਨ ਹੈ। ਮੈਂ ਆਵਾਂਗਾ। ਜੇ ਸਿੱਖਾਂ ਵਿਚ ਪਰਸਪਰ ਪ੍ਰੇਮ ਅਤੇ ਮੈਤਰੀ ਰਹੇ ਤਾਂ ਮੈਂ ਥੋੜੇ ਦਿਨ ਲਈ ਦੂਜੀਆਂ ਹਾਲਤਾਂ ਵਿਚ ਰਹਿ ਸਕਦਾ ਹਾਂ। ਇਹ ਸੁਣਕੇ ਅਸਾਂ ਕਿਸੇ ਕੀ ਬੋਲਣਾ ਸੀ। ਇਸ ਮੌਕੇ ਹਜ਼ੂਰੀ ਜਥਾ ਨਿਜੀ ਸਕੱਤਰ ਤਰਸੇਮ ਸਿੰਘ ਆਦਿ ਮੌਜੂਦ ਸਨ. ਸਭ ਨੂੰ ਜਾਪਿਆ ਜਿਵੇਂ ਇਹ ਅਨਰਥ ਹੋਵੇਗਾ। ਸਤਿਗੁਰੂ ਜੀ ਦੀ ਸਮਭਾਵ ਅਵਸਥਾ ਆਦਰ-ਅਨਾਦਰ ਨੂੰ ਏਧਰ ਓਧਰ ਪਾਕੇ ਬਰਾਬਰ ਕਰ ਲੈਂਦੀ ਹੈ।

ਡਾ. ਜਸਵੰਤ ਸਿੰਘ ਨੇਕੀ ਅਤੇ ਗਿਆਨੀ ਕੇਵਲ ਸਿੰਘ ਨੇ ਭਾਵਨਾ ਭਰੇ ਹਿਰਦੇ ਨਾਲ ਕਿਹਾ : ਇਹ ਆਪ ਜੀ ਹੀ ਕਰ ਸਕਦੇ ਹੋ। ਆਪ ਸਮਰੱਥ ਹੋ।

## ਡਾ. ਜਸਵੰਤ ਸਿੰਘ ਨੇਕੀ ਨਾਲ

ਉਠੱਣ ਲਗੇ ਤਾਂ ਡਾ. ਜਸਵੰਤ ਸਿੰਘ ਨੇਕੀ ਨੇ ਸਤਿਗੁਰੂ ਜੀ ਨੂੰ ਜ਼ਰਾ ਵੱਖਰਿਆਂ ਕਰਕੇ ਬੇਨਤੀ ਕੀਤੀ। ਉਹਨਾਂ ਦਾ ਹਿਰਦਾ ਭਗਤੀ ਭਰਿਆ ਅਤੇ ਮਨ ਵਿਸ਼ਵਾਸ ਯੁਕਤ ਸੀ। ਉਨ੍ਹਾਂ ਕਿਹਾ : ਆਪ ਜੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬਿਰਾਜਮਾਨ ਹੋ। ਸਮੁੱਚਾ ਸਿੱਖ ਭਾਈ-ਚਾਰਾ ਬੁਰੀ ਤਰਾਂ ਅਧੋਗਤੀ ਵਲ ਜਾ ਰਿਹਾ ਹੈ। ਆਪ ਕਿਰਪਾ ਕਰੋ. ਇਹਨਾਂ ਨੂੰ ਗੁਰੂ ਗੋਬਿੰਦ ਸਿੰਘ ਬਣ ਕੇ ਰਖਓ।

ਸਤਿਗੁਰੂ ਜੀ ਨੇ ਉਸ ਟੱਕਰ ਦੀ ਗੱਲ ਦੱਸੀ ਜਿਧਰ ਨੂੰ ਸਿੱਖਾਂ ਦੀ ਕੇਂਦਰੀ ਜਥੇਬੰਦੀ ਪੈਰੋ ਪੈਰ ਵਧ ਰਹੀ ਅਤੇ ਗੁਰੂ ਨਾਨਕ ਦੀ ਭਗਤ ਬਾਣੀ ਤੋ ਲਾਂਭੇ ਹੋ ਕਬਜ਼ਿਆਂ ਦੀ ਲਾਲਸਾ ਵੱਲ ਜਾ ਰਹੀ ਹੈ।

ਡਾ. ਨੇਕੀ ਨੇ ਫਿਰ ਨਮਰਭਾਵ ਨਾਲ ਕਿਹਾ : ਮੈਂ ਹੋਰ ਡੇਢ ਸਾਲ ਤਕ ਰੀਟਾਇਰਡ ਹੋ ਜਾਣਾ ਹੈ। ਆਪ ਮੈਨੂੰ ਸ਼ਕਤੀ ਦਿਓ। ਮੈਂ ਮੌਖਣ ਸਚ ਲਭਾਦਾ ਬਣਾਂ। ਆਪ ਗੁਰੂ ਤੇਗ ਬਹਾਦਰ ਜੀ ਦੇ ਰੂਪ ਵਿਚ ਸਿੱਖਾਂ ਦਾ ਬੇੜਾ ਬੰਨੇ ਲਾਓ। ਇਹ ਤਾਂ ਮੰਝਧਾਰ ਵਿਚ ਡੁਬਣ ਤੇ ਤੁਲੇ ਹੋਏ ਹਨ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਨੇ ਦੱਸਿਆ ਕਲਿਜੁਗ ਦੀ ਇਸ ਵਿਡੰਬਨਾ ਭਰੀ ਅਨ੍ਹੇਰੀ ਵਿਚ ਗੁਰ ਸਿਖੀ ਬੀਜ ਨੂੰ ਸਹੀ ਰੂਪ ਵਿਚ ਸੰਭਾਲ ਰੱਖਣਾ ਹੀ ਮਸਲਾ ਬਣ ਗਿਆ ਹੈ। ਕੁਝ ਅਨੁਮਤੀ (ਮਨਮਤੀ) ਸਿਖ ਅੰਗਰੇਜ਼ ਦੀ ਮੌਤ ਨੂੰ ਸਨਮੁਖ ਰਖਕੇ ਚਲੇ ਹੋਏ ਹਨ। ਗੁਰਦੁਆਰਿਆਂ ਤੇ ਕਾਬਜ਼, ਉਸੇ ਸਿਖਿਆ-ਦੀਖਿਆ ਅਨੁਸਾਰ ਚਲੇ ਹੋਏ ਹਨ ਜੋ ਕੁਝ ਅੰਗਰੇਜ਼ ਨੇ ਇਹਨਾਂ ਨੂੰ ਦਿਤੀ। ਕੁਰਬਾਨੀ ਕਰਨ ਵਾਲੇ ਹੋਰ ਸਨ। ਕਬਜ਼ੇ ਦਾ ਸੁਖ ਲੈਣ ਵਾਲੇ ਹੋਰ ਹਨ। ਦੇਸ਼ ਅਤੇ ਧਰਮ ਦੀਆਂ ਬੁਨਿਆਦੀ ਗੱਲਾਂ ਵਲੋਂ ਅਵੇਸਲਾਪਨ ਵਧ ਰਿਹਾ ਅਤੇ ਕਬਜ਼ੇ ਦਾ ਸੁਆਲ ਪ੍ਰਮੁਖ ਹੋ ਗਿਆ ਹੈ।

ਉਠਣ ਲੱਗੇ ਤਾਂ ਸਤਿਗੁਰੂ ਜੀ ਨੇ ਆਪਣੇ ਜਤਨਾਂ ਦਾ ਥੋੜਾ ਜੁ ਜ਼ਿਕਰ ਕੀਤਾ: ਸਤਿਗੁਰੂਆਂ ਸਾਨੂੰ ਅੰਮ੍ਰਿਤ ਵੇਲੇ ਦਾ ਜਾਗਣਾ, ਸਰੇਸ ਇਸ਼ਨਾਨ ਕਰਨਾ, ਨਾਮ ਜਪਣਾ, ਦਾਨ ਕਰਨਾ ਦਿਤਾ ਹੋਇਆ ਹੈ। ਦੋ ਵੇਲੇ ਸੰਗੀਤ ਨਾਲ ਸਾਂਝ ਰਖਣ ਦੇ ਆਦੇਸ਼ ਹਨ। ਅਸਾਂ ਬੱਚਿਆਂ ਨੂੰ ਸੰਗੀਤ ਦੀ ਉਚੀ ਤਾਲੀਮ ਦੁਆਕੇ, ਸਾਰੇ ਹਿੰਦੁਸਤਾਨ ਵਿਚ ਵੱਡੀਆਂ ਸੰਗੀਤ ਸਭਾਵਾਂ ਕਰਵਾ ਕੇ ਸਤਿਗੁਰੂ ਤੇ ਸਿੱਖਾਂ ਦੀ ਸੰਗੀਤ ਨਾਲ ਸਾਂਝ ਦਰਸਾਈ ਹੈ ਦਰਜਨਾਂ ਵਿਦਿਆਰਥੀ ਹਿੰਦੁਸਤਾਨ ਦੇ ਚੋਟੀ ਦੇ ਕਲਾਕਾਰਾਂ ਪਾਸੋਂ ਗਾਇਨ ਵਾਦਨ ਦਾ ਪਰੰਪਰਾਗਤ ਢੰਗ ਸਿਖ ਰਹੇ ਹਨ।

ਫਿਰ ਸਤਿਗੁਰਾਂ ਖੇਡਾਂ ਦੇ ਮੈਦਾਨ ਵਿਚ ਆਪਣੇ ਸਿਖ ਬੱਚਿਆਂ ਦਾ ਜ਼ਿਕਰ ਕੀਤਾ, ਜਿਹੜੇ ਕਛਹਿਰੇ-ਬੁਨਾਇਣਾਂ ਪਾਕੇ, ਸਿਰ ਤੇ ਸਿੱਧੀਆਂ ਦਸਤਾਰਾਂ ਸਜਾ ਕੇ, ਜਹਾਂ ਕਹਾਂ ਕਾ ਪ੍ਰਸਾਦ ਨ ਛਕ ਕੇ ਭਜਨਬਾਣੀ ਕਰਦਿਆਂ ਮੱਲਾਂ ਮਾਰ ਰਹੇ ਹਨ, ਅਜੇ ਇਹ 18 ਸਾਲ ਤੋਂ ਘੱਟ ਉਮਰ ਦੇ ਬੱਚੇ ਹਨ। ਸਤਿਗੁਰੂ ਜੀ ਨੇ ਹਾਕੀ ਦੇ ਉੱਦਮ ਦੀ ਗੱਲ ਕਰਦਿਆਂ ਇਹ ਵੀ ਬਚਨ ਕੀਤਾ : ਮੈਂ ਬੱਚਿਆਂ ਅਤੇ ਪ੍ਰਬੰਧਕਾਂ ਦੁਹਾਂ ਨੂੰ ਕਹਿ ਰੱਖਿਆ ਹੈ ਕਿ ਹਾਕੀ ਖੇਡੋ, ਜਮ ਜਮ ਖੇਡੋ, ਮੁਕਾਬਲੇ ਕਰੋ ਜਿੱਤੋ ਜਾਂ ਹਾਰੋ, ਮੈਨੂੰ ਨਹੀਂ ਪਤਾ। ਮੈਨੂੰ ਸਿਖੀ ਦੀ ਲੋੜ ਹੈ। ਹਾਕੀ ਤਾਂ ਹੀ ਚੰਗੀ ਲਗਦੀ ਹੈ ਜੇ ਭਜਨ ਬਾਣੀ ਕਰਦੇ ਹੋਵੇ ਤਾਂ ! ਪਹਿਲਾ ਸਿੱਖੀ, ਦੋ ਨੰਬਰ ਤੇ ਖੇਡ ਹੋਵੇ।

ਡਾ. ਨੇਕੀ ਗਦਗਦ ਹੋਇਆ ਬੋਲਿਆ : ਇਹ ਤੁਸੀਂ ਹੀ ਕਰ ਸਕਦੇ ਹੋ।

ਹਰ ਕੋਈ ਸੋਚ ਰਿਹਾ ਸੀ, ਸਤਿਗੁਰੂ ਜੀ ਨੇ ਕਦੇ ਇਸਤਰਾਂ ਕੀਤਾ ਨਹੀਂ, ਪਰ ਨਾਮਧਾਰੀਆਂ ਦੇ ਮੂੰਹ ਬੰਦ ਹੋ ਗਏ ਵਿਚਾਰ ਰੁਕ ਗਏ। ਤਦੋ ਸਤਿਗੁਰੂ ਜੀ ਵਲੋਂ ਗੁਰਦੁਆਰੇ ਪਹੁੰਚਣ ਦਾ ਐਲਾਨ ਹੋਇਆ।

### ਰਾਮਗੜੀਆ ਹਾਲ ਵਿਚ

5 ਵਜੇ ਤਾਂ ਰਾਮਗੜੀਆ ਹਾਲ ਦੀ ਉਪਰਲੀ ਮੰਜ਼ਲ ਦੇ ਵਿਸ਼ਾਲ ਹਾਲ ਵਿਚ ਨਾਮ ਸਿਮਰਨ ਜਾਰੀ ਹੋ ਗਿਆ। ਸ੍ਰੀ ਸਤਿਗੁਰੂ ਜੀ ਨੇ ਸਭੇ ਸਿਰ ਦਰਸ਼ਨ ਦਿਤੇ। ਏਥੇ ਦੇ ਉਚੇ ਮੰਚ ਤਿਆਰ ਕਰਕੇ ਸਤਿਗੁਰੂ ਜੀ ਅਤੇ ਰਾਗੀਆਂ ਦਾ ਪ੍ਰਬੰਧ ਸੀ। ਸਬੱਬ ਨਾਲ ਨਾਮਧਾਰੀ ਗਿਆਨੀ ਤੇਜਾ ਸਿੰਘ ਨੈਰੋਬੀ ਪਾਸ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਦੀ ਇਕ ਆਡੀਓ ਕੈਸੇਟ ਸੀ। ਇਸ ਨੂੰ ਸਟੀਰੀਓ ਵਿਚ ਲਾਕੇ ਸਾਰੇ ਜਥੇ ਤੇ ਬਿਨਾਂ 50-60 ਦੇ ਕਰੀਬ ਸੱਜਣਾਂ ਨਾਮ ਸਿਮਰਨ ਸਮੇ ਸੁਣਿਆ। 6 ਵਜੇ ਤਾਂ ਨਾਮ ਸਿਮਰਨ

ਦੀ ਅਰਦਾਸ ਹੋਕੇ ਕੀਰਤਨ ਜਾਰੀ ਹੋਇਆ। ਰਾਗੀਆਂ ਸ਼ਬਦ ਲਿਆ ਨਾਮੇ ਪ੍ਰੀਤ ਨਾਰਾਇਣ ਲਾਗੀ। ਕੇਵਲ ਏਸੇ ਸ਼ਬਦ ਦੇ ਗਾਇਨ ਬਾਅਦ ਦੀਵਾਨ ਦੀ ਅਰਦਾਸ ਹੋ ਗਈ।

## ਸਿਘ ਸਭਾ ਗੁਰਦੁਆਰੇ ਵਿਚ

7 ਵਜੇ ਸ਼ਾਮੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਾਰਾਸਲਾਮ ਦੇ ਮੁਖੀ, ਅਰਥਾਤ ਕਮੇਟੀ ਮੈਂਬਰ, ਸ੍ਰੀ ਸਤਿਗੁਰੂ ਜੀ ਦੇ ਸੁਆਗਤ ਹਿਤ ਹੇਠਾਂ ਦਰਾਂ ਮੂਹਰੇ ਖਲੋਤੇ ਸਨ। ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਮਦ ਤੋਂ ਪਹਿਲੋਂ, ਇਹ ਵੇਖਣ ਲਈ ਅਡੋਪਲੇ ਹੀ ਹਾਲ ਅੰਦਰ ਲੰਘ ਗਿਆ। ਏਥੇ ਗ੍ਰੰਥੀ ਗਿਆਨੀ ਕੇਵਲ ਸਿੰਘ ਸ਼ਬਦ ਪੜ੍ਹ ਰਹੇ ਸਨ। ਸ਼ਬਦ ਸੀ : ਜਨ ਪਰ ਉਪਕਾਰੀ ਆਏ। ਜੀਅ ਦਾਨ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ।

ਥੋ ਥੀਮਾ ਵਿਸ਼ਾਲ ਹਾਲ, ਸਾਫ-ਸੁਥਰਾ, ਸਾਹਮਣੇ ਸ੍ਰੀ ਆਦਿ ਗ੍ਰੰਥ ਸਾਹਿਬ ਪ੍ਰਕਾਸ਼ ਕੀਤਾ ਹੋਇਆ ਸੀ। ਇਸਦੇ ਖੱਬੇ ਰਾਗੀ ਸਿੰਘ ਕੀਰਤਨ ਕਰ ਰਹੇ ਸਨ। 18 ਪੁਰਸ਼ 36 ਇਸਤਰੀਆਂ, ਨਾਮਧਾਰੀ ਜਥੇ ਤੋਂ ਬਿਨਾ ਸਨ। ਇਹੋ ਦਰਸ਼ਕ ਅਤੇ ਸਰੋਤੇ ਸਨ। ਸ੍ਰੀ ਸਤਿਗੁਰੂ ਜੀ ਆਏ, ਆਦਿ ਗ੍ਰੰਥ ਜੀ ਨੂੰ ਨਮਸਕਾਰ ਕਰਕੇ ਆਪਣੇ ਆਸਣ ਤੇ ਬੈਠ ਗਏ। ਨਾਮਧਾਰੀ ਸਿੰਘ ਖਲੇ ਖਲੋਤੇ ਹੀ ਨਮਸਕਾਰ ਕਰਕੇ ਬੈਠ ਗਏ।

ਸ਼ਬਦ ਸਮਾਪਤੀ ਵੀ ਛੇਤੀ ਹੀ ਹੋ ਗਈ।

ਸੁਆਗਤ, ਸਤਿਗੁਰੂ ਜੀ, ਬਾਰੇ ਕੁਛ ਸ਼ਬਦ ਗਿਆਨੀ ਕੇਵਲ ਸਿੰਘ ਨੇ ਆਖੇ, ਉਪਰੰਤ ਗੁਰਦੁਆਰਾ ਦੇ ਸਕੱਤਰ ਸ੍ਰ. ਸੰਤੋਖ ਸਿੰਘ ਮਾਟੀਕ ਸਾਹਵੇਂ ਆਇਆ। ਉਸ ਕਿਹਾ : ਅੱਜ ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਸਾਡੇ ਦਰਮਿਆਨ ਸੰਤ ਬਾਬਾ ਜਗਜੀਤ ਸਿੰਘ ਜੀ ਹਾਜ਼ਰ ਹੋਏ ਹਨ। ਦਾਰਾ ਸਲਾਮ ਦੇ ਗੁਰਦੁਆਰਾ ਪ੍ਰਬੰਧਕਾਂ ਦੀ ਤਮੰਨਾ ਸੀ ਕਿ ਸੰਤ ਬਾਬਾ ਜੀ ਗੁਰਦੁਆਰੇ ਵਿਚ 'ਹਾਜ਼ਰ ਹੋਣ'। ਦਾਸ ਆਪ ਜੀ ਦਾ ਧਨਵਾਦ ਕਰਦਾ ਹੈ। 'ਹਾਜ਼ਰ ਹੋਏ' 'ਹਾਜ਼ਰ ਹੋਣ' ਸ਼ਬਦ ਜਾਣਕੇ ਨਹੀ ਵਰਤੇ ਗਏ ਸਨ, ਸਮਝ ਦਾ ਖੇਤਰ ਹੀ ਸੀਮਿਤ ਸੀ। ਨਹੀ ਤਾ ਜਿਨ੍ਹਾਂ ਨੂੰ ਪਿਤੇ ਕਰਕੇ ਸੱਦੀਏ, ਇਹ ਸ਼ਬਦ ਤਾਂ ਉਨਾਂ ਦਾ ਨਿਰਾਦਰ ਹੀ ਕਰਦੇ ਹਨ।

ਹੁਣ ਸ੍ਰੀ ਗੁਰੂ ਸਿੰਘ ਸਭਾ ਦਾ ਪ੍ਰਧਾਨ ਸ੍ਰ. ਮਨਜੀਤ ਸਿੰਘ ਬੋਲਿਆ : ਅੱਜ ਸਾਡੇ ਬਹੁਤ ਹੀ ਵੱਡੇ ਭਾਗ ਹਨ, ਸਾਡੇ ਵਿਚ ਸਤਿਗੁਰੂ ਸੰਤ ਬਾਬਾ ਜਗਜੀਤ ਸਿੰਘ ਜੀ ਪਧਾਰੇ ਹਨ। ਦਾਸ ਪ੍ਰਬੰਧਕਾਂ ਤੇ ਸਾਰੀ ਸੰਗਤ ਵਲੋਂ ਜੀਉ ਆਇਆਂ ਆਖਦਾ ਹੈ। ਇਹਨਾਂ ਦਾ ਜੀਵਨ ਗੁਰੂ ਪੰਥ ਦੀ ਸੇਵਾ ਵਿਚ ਬੀਤਦਾ ਹੈ। ਇਹ ਥਾਂ ਥਾਂ ਜਾਕੇ ਨਾਮ ਬਾਣੀ ਦਾ ਪਰਚਾਰ ਕਰਦੇ ਹਨ। ਦਾਸ ਆਪ ਜੀ ਲਈ ਬੇਨਤੀ ਕਰਦਾ ਹੈ ਕਿ ਜੋ ਕੰਮ ਇਹਨਾਂ ਆਰੰਭੇ ਹਨ, ਉਹ ਸਫਲਤਾ ਨਾਲ ਪਰਵਾਨ ਚੜ੍ਹਨ। ਹੁਣ ਬਾਬਾ ਜੀ ਨੂੰ ਬੇਨਤੀ ਹੈ ਕਿ ਉਹ ਆਪਣੇ ਸ਼ੁਭ ਵਿਚਾਰ ਪਰਗਟ ਕਰਨ।

ਫਿਰ ਸ੍ਰੀ ਸਤਿਗੁਰੂ ਜੀ ਨੇ ਫੁਰਮਾਣਾ ਜਾਰੀ ਕੀਤਾ : ਪ੍ਰਧਾਨ ਸਾਹਿਬ ਜੀ ਨੇ ਮੇਰੇ ਲਈ ਬਹੁਤ ਕੁਝ ਆਖਿਆ ਹੈ। ਸਤਿਗੁਰੂ ਕਿਰਪਾ ਕਰਨ ਮੈਨੂੰ ਉਹੋ ਜਿਹਾ ਬਣਾਉਣ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਸ਼ਬਦ ਦੀ ਵਿਆਖਿਆ, ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਦੇ ਛਾਪੇ ਸ੍ਰੀ ਗੁਰੂ ਗ੍ਰੰਥ ਕੋਸ਼ ਦੇ ਪੰਨਾ 200 ਉਤੇ ਇੰਜ ਲਿਖੀ ਹੈ : ਸਤਿਗੁਰੂ। ਸੱਚਾ ਗੁਰੂ, ਸ੍ਰੇਸ਼ਟ ਗੁਰੂ। ਉਹ ਗੁਰੂ ਜਿਸਦਾ ਸਰੂਪ ਸੱਤਿਯ ਹੈ, ਜਿਸਦਾ ਮਨ, ਬਚ, ਕ੍ਰਮ ਸਭ ਸੱਤਿਯ ਹੈ। ਯਥਾ, "ਸਤਿਗੁਰੂ ਸਾਚੀ ਸਿਖ ਸੁਣਾਈ।"

ਸਤਿਗੁਰੂ ਨਾਨਕ ਦੇਵ ਜੀ ਨੇ ਸੱਤਿਯ ਦਾ ਪ੍ਰਚਾਰ ਕੀਤਾ, ਜਦੋਂ ਆਪ ਜੀ ਨੇ ਦੇਵ ਲੂਤ ਨੂੰ ਦਰਸ਼ਨ ਦਿਤੇ। ਉਸ ਬੇਨਤੀ ਕੀਤੀ : 'ਕਰਹੁ ਰਸੋਈ ਸੰਤ ਜੀ ਭੋਜਨ ਅਬਹੁ ਬਣਾਇ'। ਸਤਿਗੁਰੂ ਨਾਨਕ ਦੇਵ ਜੀ ਨੇ ਪਹਿਲੀ ਸ਼ਰਤ ਲਗਾਈ : "ਪ੍ਰਥਮ ਤਜਹੁ ਆਮਿਖ ਕਉ ਖਾਨਾ। ਬਹੁਰਿ ਕਰੋ ਭੋਜਨ ਬਿਧਿ ਨਾਨਾ।" ਜੇ ਅਸੀਂ ਇਕੋ ਗੱਲ ਪੱਲੇ ਬੰਨ੍ਹ ਲਈਏ ਕਿ ਅਸੀਂ ਤਾਂ ਹੀ ਕਿਸੇ ਦੇ ਘਰ ਦਾ ਖਾਣਾ, ਵਿਆਹ ਸ਼ਾਦੀਆਂ ਤੇ ਜਾਣਾ ਹੈ ਜੇ ਉਥੇ ਮਾਸ ਨ ਖਾਧਾ ਜਾਇ ਤਾਂ ਇਸ ਨਾਲ ਸੁਤੇ ਸਿਧ ਹੀ ਸਾਤਵਿਕਤਾ ਦਾ ਪ੍ਰਚਾਰ ਪਰਸਾਰ ਹੁੰਦਾ ਜਾਵੇਗਾ।

ਸਤਿਗੁਰਾਂ ਦੇ ਉਪਦੇਸ਼ ਕੇਵਲ ਸਾਡੇ ਪੜ੍ਹਨ ਲਈ ਨਹੀਂ, ਸਗੋਂ ਗ੍ਰਹਿਣ ਕਰਨ ਯੋਗ ਹਨ, ਧਾਰਨ ਕਰਨੇ ਬਣਦੇ ਹਨ। ਜਿਵੇਂ ਸੁਖਮਨੀ ਸਾਹਿਬ ਵਿਚ ਪਾਠ ਆਉਂਦਾ ਹੈ, ਪ੍ਰਭ ਕੈ ਸਿਮਰਨਿ ਗਰਭਿ ਨ ਬਸੈ। ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ। ਇਹਨਾਂ ਤੁਕਾਂ ਦਾ ਸਿਮਰਨ ਕੀਤਿਆਂ ਕੋਈ ਗੱਲ ਨਹੀਂ ਬਣਦੀ। ਇਹ ਤੁਕਾਂ ਨ ਨਾਮ ਹਨ, ਨ ਸਿਮਰਨ। ਇਹ ਤੁਕਾਂ ਤਾਂ ਕੇਵਲ ਮਾਰਗ ਦਸਦੀਆਂ ਹਨ। ਮਨਜ਼ਲ ਨਾਮ ਹੈ। ਜੇ ਅਸਾਂ ਦਾਰਾ ਸਲਾਮ ਨੂੰ ਜਾਣਾ ਹੈ ਤਾਂ ਸਾਨੂੰ ਸਾਈਨ ਬੋਰਡ ਦਾ ਪਾਠ ਨਹੀਂ, ਉਧਰ ਨੂੰ ਜਾਂਦੀ ਸੜਕ ਤੇ ਤੁਰਨਾ ਹੋਵੇਗਾ।

*ਹਰਿ ਨਾਮੁ ਦੀਆ ਗੁਰਿ ਪਰ ਉਪਕਾਰੀ*
*ਧਨੁ ਧੰਨੁ ਗੁਰੂ ਕਾ ਪਿਤਾ ਮਾਤਾ।*

**ਗੁਰੂ ਦੀ ਇਹ ਤਾਰੀਫ਼ ਹੈ**

ਅਸੀਂ ਹਵਾਈ ਜਹਾਜ਼ਾਂ, ਰੇਲਾਂ, ਸਿਨਮਿਆਂ ਵਿਚ ਕੱਠੇ ਬੈਠ ਸਕਦੇ ਹਾਂ। ਜੇ ਗੁਰਦੁਆਰਿਆਂ ਵਿਚ ਇਕੱਠੇ ਨਹੀਂ ਬੈਠ ਸਕਦੇ ਤਾਂ ਉਥੇ ਜੁੜਨ ਦਾ ਕੀ ਲਾਭ? ਆਪਣੇ ਗੁਰੂ ਤੋਂ ਲਏ ਹੋਏ ਨਾਮ ਨੂੰ ਜੇ ਇਕਤੱਰ ਹੋਕੇ, ਬੈਠ ਕੇ ਕਰ ਲਈਏ ਤਾਂ ਇਸ ਜਿਹਾ ਹੋਰ ਕੁਝ ਨਹੀਂ। ਆਪਸ ਵਿਚ ਮਿਲ ਬੈਠ ਕੇ ਪੁੱਛਿਆ ਕਰੋ, ਕਦੇ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਦੇ ਦਰਸ਼ਨ ਹੋਏ ਹਨ?

*ਜੋ ਸਹਿ ਕੰਠ ਨ ਲਗੀਆ*
*ਜਲਨਿ ਸਿ ਬਾਪੁੜੀਆਹ।*

ਤੁਸੀਂ ਕਿੰਨੀਆਂ ਔਖਿਆਈਆਂ ਨਾਲ ਪਰਮਿਟ ਲੈਕੇ ਏਥੇ ਆਏ ਹੋ, ਕਮਾਈਆਂ ਕਰਦੇ ਹੋ, ਜੇ ਜਤਨ ਕਰਦੇ ਹੋ ਤਾਂ ਕੁਛ ਨ ਕੁਛ ਪ੍ਰਾਪਤ ਵੀ ਕਰ ਹੀ ਲੈਂਦੇ ਹੋ।

ਮੇਰਾ ਡਰਾਈਵਰ, ਗੁਰਮੁਖ ਸਿੰਘ, ਛੋਟੇ ਹੁੰਦਿਆਂ ਸੰਤ ਆਸਾ ਸਿੰਘ ਹੁਰਾਂ ਦੀਆਂ ਗਊਆਂ ਚਾਰਿਆ ਕਰਦਾ ਸੀ। ਸੰਤਾਂ ਦੇ ਡੇਰੇ ਰਹਿੰਦੇ ਸਾਧੂ ਇਕ ਦੂਜੇ ਨੂੰ ਪੁਛਿਆ ਕਰਦੇ ਸਨ, ਕਦੇ ਤੈਨੂੰ ਦਰਸ਼ਨ ਹੋਏ ਹਨ ਸਤਿਗੁਰਾਂ ਦੇ? ਇਹਨਾਂ ਦੀ ਜਗਿਆਸਾ



Sri Satguru Jagjit Singh Ji Elibrary NamdhariElibrary@gmail.com

ਵੇਖ ਇਕ ਦਿਨ ਗੁਰਮੁਖ ਸਿੰਘ ਨੇ ਵੀ ਪੁਛ ਲਿਆ : ਸੰਤ ਜੀ ਮੈਨੂੰ ਵੀ ਸਤਿਗੁਰਾਂ ਦੇ ਦਰਸ਼ਨ ਹੋ ਸਕਦੇ ਹਨ? ਸੰਤ ਆਲਾ ਸਿੰਘ ਜੀ ਦੇ ਇਕ ਸੱਜਣ ਨੇ ਆਖਿਆ : ਕਿਉਂ ਨਹੀਂ, ਤੂੰ ਸਮਾਧੀ ਲਾਕੇ ਮਨ ਇਕਾਗਰ ਕਰਕੇ ਭਜਨ ਕਰਿਆ ਕਰ, ਸਤਿਗੁਰੂ ਪ੍ਰਤਾਪ ਸਿੰਘ ਜੀ ਤੈਨੂੰ ਦਰਸ਼ਨ ਦੇਣਗੇ. ਉਸ ਨੂੰ ਸਮਾਧੀ ਸਥਿਤ ਹੋਇਆਂ ਅਜੇ ਦੋ ਮਿੰਟ ਹੀ ਹੋਏ ਸਨ ਕਿ ਸਤਿਗੁਰੂ ਜੀ ਨੇ ਆ ਦਰਸ਼ਨ ਦਿਤੇ। ਇਹੋ ਜਿਹੇ ਮੌਕੇ ਹਰ ਕਿਸੇ ਨੂੰ ਮਿਲ ਸਕਦੇ ਹਨ, ਭਾਵਨਾ ਅਤੇ ਇਕਾਗਰ ਚਿਤ ਹੋਕੇ ਬੈਠਣ ਦੀ ਲੋੜ ਹੈ। "ਗੁਰਬਾਣੀ ਇਸੁ ਜਗ ਮਹਿ ਚਾਨਣੁ" ਹੈ। ਇਸ ਚਾਨਣ ਨੂੰ ਸਮਝ ਕੇ ਇਕ ਦੂਜੇ ਨਾਲ ਪਿਆਰ ਦੀਆਂ ਗੱਲਾਂ ਕਰੀਏ।

ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਪ੍ਰਧਾਨ ਜੀ ਬੜੇ ਮਿਲਾਪੜੇ ਹਨ ਅਤੇ ਹਰ ਕਿਸੇ ਨੂੰ ਏਥੇ ਬੁਲਾਕੇ ਖੁਸ਼ ਹੁੰਦੇ ਹਨ।

ਮੈਂ ਫੇਰ ਅਰਜ਼ ਕਰਾਂਗਾ ਕਿ ਜ਼ਰੂਰ ਹੀ ਇਕ ਘੰਟਾ ਹਰ ਕੋਈ ਭਜਨ ਕਰਿਆ ਕਰੇ. ਮੈਂ ਵੀ ਏਥੇ ਆਇਆ ਹਾਂ। ਨਾਮ ਹੀ ਸਰਬੋਤਮ ਵਸਤੂ ਹੈ।

ਹੁੰਦੇ-ਹੁੰਦੇ ਏਥੇ 350 ਨਰ ਨਾਰ ਸ਼ਾਂਤ ਹੋਕੇ ਸੁਣਦੇ ਰਹੇ।

ਉਪ੍ਰੰਤ ਪ੍ਰਧਾਨ ਸ. ਮਲਕੀਅਤ ਸਿੰਘ ਨੇ ਗਿਆਨੀ ਕੇਵਲ ਸਿੰਘ ਦੁਆਰਾ ਸਤਿਗੁਰੂ ਜੀ ਨੂੰ ਇਕ ਦਸਤਾਰ ਭੇਟ ਕੀਤੀ। ਸਤਿਗੁਰੂ ਜੀ ਵਲੋਂ ਸ੍ਰ. ਸਤਵੰਤ ਸਿੰਘ ਪ੍ਰਧਾਨ ਨੇ 100 ਸ਼ਲਿੰਗ ਦਰਬਾਰ ਸਾਹਿਬ ਨੂੰ ਮੱਥਾ ਟੇਕਿਆ। 100/ ਸ਼ਲਿੰਗ ਰਾਗੀ ਜਥੇ ਨੂੰ ਭੇਟ ਕੀਤਾ। ਇਸ ਹੀ ਗੁਰੂ ਕੇ ਖਜ਼ਾਨਚੀ ਸੰਤ ਮਹਿੰਦਰ ਸਿੰਘ ਪੁਰਬਾ ਨੇ ਵੀ 100-100 ਸ਼ਲਿੰਗ ਭੇਟਾ ਧਰੀ।

ਦਸਤਾਰ ਭੇਟ ਉਪਰੰਤ ਪ੍ਰਧਾਨ ਜੀ ਨੇ ਹੀ ਕਹਿ ਦਿਤਾ : ਸਤਿਗੁਰੂ ਜੀ ਮਹਾਰਾਜ ਹੁਣ ਆਪਣੇ ਪ੍ਰੋਗਰਾਮ ਅਨੁਸਾਰ ਅਗਲਾ ਸਮਾਂ ਭੁਗਤਾਣਗੇ। ਦੂਜੀ ਸੰਗਤ ਏਥੇ ਹੀ ਬੈਠ ਕੇ ਲੰਗਰ ਛਕੇ।

ਏਧਰ ਰਾਮਗੜ੍ਹੀਆ ਹਾਲ ਵਿਚ ਜਥੇਦਾਰ ਸੇਵਾ ਸਿੰਘ ਜਗਾਧਰੀ ਵਾਲਿਆਂ ਦਾ 7.30 ਤਕ ਰੌਲੇ ਦਾ ਦੀਵਾਨ ਸਜਣਾ ਸੀ। ਸੇਵਾ ਸਿੰਘ ਹੁਰਾਂ ਸ਼ਬਦ ਲਾਇਆ: "ਰਾਖਿ ਲੇਹੁ ਹਮ ਤੇ ਬਿਗਾਰੀ। ਸੀਲੁ, ਧਰਮ, ਜਪੁ, ਭਗਤਿ ਨ ਕੀਨੀ, ਹਉ ਅਭਿਮਾਨ ਟੇਢ ਪਗਾਰੀ।" 8.30 ਤਕ ਜਥੇਦਾਰ ਜੀ ਨੇ ਗੁਰਬਾਣੀ ਦੇ ਪ੍ਰਮਾਣ ਦੇ ਕੇ 'ਸਤਿਗੁਰੂ' ਸ਼ਬਦ ਦੀ ਵਿਆਖਿਆ ਕੀਤੀ। ਰਾਮਗੜ੍ਹੀਆ ਹਾਲ ਪੂਰੀ ਤਰਾਂ ਸੰਗਤ ਭਰਪੂਰ ਸੀ। ਸ੍ਰੀ ਗੁਰੂ ਸਿੰਘ ਸਭਾ ਦਾ ਪ੍ਰਧਾਨ ਸ੍ਰ. ਮਲਕੀਅਤ ਸਿੰਘ ਮੁਖ ਸਰੋਤਿਆਂ ਵਿਚ ਸੀ। ਜੋ ਕੁਝ ਉਹ ਸਤਿਗੁਰੂ ਜੀ ਪਾਸੋਂ ਸੁਣਕੇ ਆਇਆ ਸੀ, ਓਸੇ ਦਾ ਵਿਸਥਾਰ ਸੇਵਾ ਸਿੰਘ ਜਥੇਦਾਰ ਕਰ ਰਿਹਾ ਸੀ। ਇਸ ਦੀਵਾਨ ਵਿਚ ਕੁਝ ਹਿੰਦੂ ਸਰੋਤੇ ਵੀ ਸਨ।

9.30 ਵਜੇ ਰਾਤ ਦੇ ਦੀਵਾਨ ਦੀ ਸਮਾਪਤੀ ਹੋਈ ਤਾਂ ਜਥੇਦਾਰ ਜੀ ਨੇ ਵੰਗਾਰਿਆ: ਹੈ ਕੋਈ ਮਾਸ ਸ਼ਰਾਬ ਤਿਆਗ ਕੇ ਗੁਰਮੁਖ ਗੁਰਸਿਖਾਂ ਦੀਆਂ ਸਫਾਂ ਵਿਚ ਆਉਣ ਵਾਲਾ? ਉਠਕੇ 6 ਸਰੀਰਾਂ ਨੇ ਮਾਸ ਸ਼ਰਾਬ ਤਿਆਗਣ ਦੀ ਸਹੁੰ ਖਾਕੇ ਭਜਨ ਪੁਛਿਆ। ਇਹ ਵਿਅਕਤੀ ਸਨ :

1. ਸ੍ਰ. ਮਹਿੰਦਰ ਸਿੰਘ ਲੁਹਾਰਾਂ ਖਾਸ ਵਾਲੇ
2 ਸ੍ਰੀ ਵੇਦ ਪਰਕਾਸ਼ ਮਹਿਤਾ ਪੋ. ਬਕਸ ਨੰ : 1047, ਦਾਰਾਸਲਾਮ



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ.
ਲੇਖਕ
ਸ੍ਰੀ ਭੈਣੀ

3. ਸ੍ਰ. ਗੁਰਮੁਖ ਸਿੰਘ ਪੋ. ਬਕਸ ਨੰ. 465, ਦਾਰਾਸਲਾਮ
4. ਸ੍ਰ. ਮੇਤਾ ਸਿੰਘ ਪੋ. ਬਕਸ ਨੰ. 496, ਤਿਉਗਾ
(ਲੁਹਾਰ ਪ੍ਰਤਾਪ ਪੁਰਾ) ਪੋ. ਬਕਸ ਨੰ. 23212, ਦਾਰਾਸਲਾਮ
5. ਸ੍ਰ. ਮੋਹਣ ਸਿੰਘ ਭਾਨਾ (ਸੰਕਰ) ਪੋ. ਬਾਕਸ ਨੰ. 62, ਅਰਿਗਾ
6. ਸ੍ਰ. ਗੁਰਦੇਵ ਸਿੰਘ ਸੋਹਲੀ (ਮੁਠੱਡਾ ਕਲਾਂ) ਪੋ. ਬਾਕਸ ਨੰ. 1839, ਦਾਰਾਸਲਾਮ

2 ਮਾਰਚ 1983, ਬੁੱਧਵਾਰ
ਦਾਰਾਸਲਾਮ (ਤਨਜ਼ਾਨੀਆ)

ਆਸਾ ਦੀ ਵਾਰ ਦਾ ਵਿਧੀਵਤ ਕੀਰਤਨ, ਸ੍ਰੀ ਸਤਿਗੁਰੂ ਜੀ ਦੇ ਸਨਮੁਖ ਰਾਮਗੜ੍ਹੀਆ ਹਾਲ ਵਿਖੇ। 7.30 ਵਜੇ ਸ. ਮਹਿੰਦਰ ਸਿੰਘ ਰਾਇ ਦੇ ਘਰ ਸ੍ਰੀ ਸਤਿਗੁਰੂ ਜੀ ਦੇ ਚਰਨ। ਪਰਵਾਰ ਵਲੋਂ ਮਾਸ ਅਤੇ ਸ਼ਰਾਬ ਦਾ ਤਿਆਗ ਅਤੇ ਭਜਨ ਪੁੱਛਣਾ। ਗੁਰਬਾ ਜੀ ਨੇ ਰਾਇ ਪਰਵਾਰ ਨੂੰ ਭਜਨ ਦੱਸਿਆ।

8.30 ਵਜੇ ਸਮੁੰਦਰ ਕਿਨਾਰੇ ਸਿਲਵਰ ਲੈਂਡ ਪਲੇਸ ਕਨਸਟ੍ਰਕਸ਼ਨ ਵਿਖੇ, ਖੁਲ੍ਹੇ ਦਰਸ਼ਨ।

## ਘੜੀ ਦੇ ਘੁੱਗੇ

ਮੈ ਅੱਜ ਉਸ ਗੱਡੀ ਤੇ ਸਵਾਰ ਸਾਂ ਜਿਹੜੀ ਸੰਤ ਪੁਰਖੇ ਨੂੰ ਉਡੀਕਦਿਆਂ ਲੇਟ ਹੋ ਗਈ। ਸਤਿਗੁਰੂ ਜੀ ਨਾਲ ਮੇਲ ਨ ਹੋ ਸਕਿਆ। ਬੜੀ ਵਾਹ ਲਾਈ। ਪਰ ਘੜੀ ਦਾ ਘੁੱਗਾ ਜੋ ਕੋਹ ਤੇ ਜਾ ਪੈਂਦਾ ਏ, ਉਹ ਕੌਲ ਹੋ ਗਈ। ਸਾਡੇ ਨਾਲ ਸ੍ਰ. ਅਜਿੰਦਰ ਸਿੰਘ ਸੀ ਜਿਹੜਾ ਦਾਰਾਸਲਾਮ ਦੀ ਗਲੀ ਗਲੀ ਦਾ ਭੇਤੀ ਹੈ, ਪਰ ਸਤਿਗੁਰੂ ਜੀ ਦੇ ਦਰਸ਼ਨ ਨਾ ਹੀ ਨਸੀਬ ਹੋਏ। ਸਤਿਗੁਰੂ ਜੀ ਸਿੰਘਾਂ ਦੇ ਘਰੀ ਚਰਨ ਪਾਣ ਦੀ ਕਿਰਪਾ ਕਰ ਰਹੇ ਸਨ। ਅਸੀ ਸ. ਮੇਤਾ ਸਿੰਘ ਠੇਠੀ ਦੇ ਘਰ ਆਣ ਖਲੋਤੇ। ਸਤਿਗੁਰੂ ਜੀ ਨੇ ਅਜੇ ਇਸ ਘਰ ਦਰਸ਼ਨ ਦੇਣੇ ਸਨ। ਅਜਿੰਦਰ ਸਿੰਘ ਨੇ ਗੱਡੀ ਗੁਰੂ ਕੇ ਡੇਰੇ ਨੂੰ ਦੌੜਾਈ। ਪਤਾ ਲਗਾ ਕਿ ਸੱਚੇ ਪਾਤਸ਼ਾਹ ਜੀ ਪ੍ਰਸਾਦ ਪਾਣੀ ਲੇਟ ਹੋ ਜਾਣ ਕਾਰਨ ਬੀਚ ਤੇ ਇਸ਼ਨਾਨ ਕਰਨ ਚਲੇ ਗਏ ਹਨ। ਅਤੇ ਅਜਿੰਦਰ ਸਿੰਘ ਮੈਨੂੰ ਤੇ ਸ੍ਰ. ਮੇਤਾ ਸਿੰਘ ਨੂੰ ਘਰੋਂ ਲੈਣ ਆ ਗਿਆ।

## ਦਰਸ਼ਨ ਪਰਸ ਸਹਿਜ ਸੁਖ ਪਾਇਆ

ਜਦੋਂ ਅਸੀ ਸਾਗਰ ਕੰਢੇ ਪਹੁੰਚੇ ਤਾਂ 10 ਵਜ ਚੁਕੇ ਸਨ। ਅਤੇ ਏਨੇ ਚਿਰ ਹੀ ਲੋਹੜੇ ਦਾਰ ਚਮਕਦੀ ਧੁਪ ਸਮੇ ਸ੍ਰੀ ਸਤਿਗੁਰੂ ਜੀ ਅਤੇ ਨਾਲ ਦਾ ਜਥਾ ਸਮੁੰਦਰ ਵਿਚ ਦੂਰ ਨਿਕਲ ਗਿਆ ਸੀ। ਹਜ਼ੂਰੀ ਸੇਵਕਾਂ ਨੂੰ ਪਾਣੀ ਕੋਲੋਂ ਡਰ ਨਹੀ ਆਉਂਦਾ। ਮੈ ਵੇਖਿਆ ਦੂਰ ਗਹਿਰੇ ਪਾਣੀਆਂ ਵਿਚ ਸ੍ਰੀ ਸਤਿਗੁਰੂ ਜੀ ਠਾਕੁਰ ਦਲੀਪ ਸਿੰਘ ਜੀ, ਦੂਜਿਆਂ ਤੇ ਵੀ ਪਰੇਡੇ ਵਿਚਰਦੇ ਪਏ ਹਨ। 10.30 ਹੋਏ ਤਾਂ ਕਿਤੇ ਕਿਨਾਰੇ ਵਲ ਰੁਖ ਹੋਇਆ।

ਆਪ ਦੇ ਸਾਗਰੋਂ ਪਰਤਨ ਨੂੰ ਮੈ ਫੋਟੋ ਉਤਾਰ ਸੰਭਾਲ ਲਿਆ। ਇਹੋ ਸ਼ਰਾਹ ਪਟੇਲ ਹਾਊਸ ਸੀ। ਜਿਹੜੀ ਕਿਸੇ ਮਾਲਦਾਰ ਆਦਮੀ ਨੇ ਸਮੁੰਦਰ ਕੰਢੇ ਉਸਾਰੀ ਹੋਈ



Sri Satguru Jagjit Singh Ji Elibrary NamdhariElibrary@gmail.com

ਤੇ ਦੁਆਲੇ ਰੁਖ ਲਗਾ ਕੇ ਬਹਾਰ ਲਿਆਂਦੀ ਹੋਈ ਸੀ।

ਖੂਹੀ ਦਾ ਪਾਣੀ ਨਾਲ ਲਿਆਂਦਾ ਹੋਇਆ ਸੀ। ਸੋ ਸੁੱਚੇ ਜਲ ਨਾਲ ਸਾਗਰ ਸਨਾਨ ਤੋਂ ਸਾਫ ਹੋਕੇ ਸ੍ਰੀ ਸਤਿਗੁਰੂ ਜੀ ਅਤੇ ਤਾਬਿਆ ਵਿਚ ਵਿਅਕਤੀਆ ਨੇ ਬਸਤਰ ਪਹਿਨੇ। ਅਸੀਂ ਸਤਿਗੁਰੂ ਜੀ ਦੇ ਨਾਲ ਤਨਜ਼ਾਨੀਆ ਆਏ ਹੋਏ ਅਤੇ ਏਥੋਂ ਦੇ ਪ੍ਰਮੁਖ ਸ਼ਹਿਰੀਆਂ ਦੀਆਂ ਸਾਗਰ ਕੰਢੇ ਬਣਾਈਆਂ ਗਈਆਂ ਛਪਰੀਆਂ ਦੀ ਓਟ ਹੇਠ ਸਾਗਰ ਸ਼ਨਾਨ ਕਰਨ ਵਾਲਿਆਂ ਨੂੰ ਅਤੇ ਸਾਗਰ ਦੀ ਵਿਸ਼ਾਲ ਜਲ ਰਾਸ਼ੀ ਨੂੰ ਨਿਹਾਰ ਨਿਹਾਰ ਅਨੰਦ ਲੁਟਦੇ ਰਹੇ।

11 ਵਜੇ ਤਕ ਸ੍ਰ. ਮਨਾਵੂ ਦੀ ਕੋਠੀ ਪਹੁੰਚ ਕੇ ਅੰਨ ਜਲ ਗ੍ਰਹਿਣ ਕੀਤਾ ਗਿਆ। ਉਪਰੰਤ ਆਰਾਮ ਦਾ ਸਮਾ ਸੀ।

### ਹਾਲ ਤਨਜ਼ਾਨੀਆ ਦਾ

ਮੈਂ ਆਰਾਮ ਕਰਨ ਦੀ ਥਾਂ ਵੱਖ ਵੱਖ ਵਿਅਕਤੀਆਂ ਨੂੰ ਮਿਲ ਲੈਂਦਾ ਹਾਂ। ਅੱਜ ਅਰੂਸ਼ਾ ਵਾਲੇ ਸ੍ਰੀ ਬੁਧ ਰਾਮ ਨਾਲ ਗੱਲ ਬਾਤ ਦਾ ਸਮਾ ਕੱਢ ਲਿਆ। ਬੁਧ ਰਾਮ ਜੀ ਨੂੰ ਤਨਜ਼ਾਨੀਆ ਸਰਕਾਰ ਦੇ ਸੁਖ ਦੁਖ ਬਾਰੇ ਪੁਛਿਆ ਤਾਂ ਸ੍ਰੀਮਾਨ ਜੀ ਨੇ ਦੱਸਿਆ : ਤਨਜ਼ਾਨੀਆ ਗਵਰਨਮੈਂਟ ਸੋਸ਼ਲਿਸਟ ਪੈਟਰਨ ਦੀ ਹੈ। ਉਹ ਵੱਧ ਤੋਂ ਵੱਧ ਪਬਲਿਕ ਹਿਤ ਚਾਹੁੰਦੀ ਹੈ, ਪਰ ਪਬਲਿਕ ਸਰਕਾਰ ਦਾ ਸਾਥ ਠੀਕ ਤਰਾਂ ਨਹੀ ਦਿੰਦੀ। ਏਥੇ ਪੈਸੇ ਵਾਲਿਆਂ ਨੂੰ ਤਾਂ ਉੱਨੀ ਕੋਈ ਮੁਸ਼ਕਲ ਨਹੀ, ਪਰ ਆਮ ਆਦਮੀ ਲਈ ਜ਼ਿੰਦਗੀ ਬਹੁਤ ਮੁਸ਼ਕਲ ਹੈ। ਕਾਰੋਬਾਰੀ ਲੋਕ ਤਾਂ ਰੋਜ਼ਾਨਾ 5000 ਤੋਂ ਲੈਕੇ 15000 ਸ਼ਲਿੰਗ ਇਕਤਰ ਕਰਦੇ ਹਨ। ਇਹ ਪਾੜਾ ਬਹੁਤ ਵੱਡਾ ਹੈ। ਦਾਰਾਸਲਾਮ ਅਤੇ ਅਰੂਸ਼ਾ ਦਾ ਫਾਸਲਾ 450 ਮੀਲਾਂ ਦਾ ਹੈ। ਪਰ ਚੀਜ਼ਾਂ ਦੀਆਂ ਕੀਮਤਾਂ ਦਾ ਦੂਣੇ ਦੂਣੀ ਦਾ ਫਰਕ ਹੈ। ਦੋਹਾਂ ਦਾ ਜ਼ਰਾ ਅਰੂਸ਼ਾ ਦੇ ਬਾਜ਼ਾਰ ਦੀਆਂ ਸਰਕਾਰੀ ਤੇ ਗ਼ੈਰਸਰਕਾਰੀ ਚੀਜ਼ਾਂ ਦਾ ਮੁਤਾਲਿਆ ਕਰੋ :

| | ਵਸਤੂ | ਸਰਕਾਰੀ ਮੁਲ | ਗ਼ੈਰ ਸਰਕਾਰੀ ਮੁਲ |
|---|---|---|---|
| 1. | ਕਣਕ 10 ਕਿਲੋ ਗ੍ਰਾਮ | 400 ਸ਼ਲਿੰਗ | 400 ਸ਼ਲਿੰਗ |
| 2. | ਦੇਸੀ ਘਿਉ 1 ਕਿਲੋ | 225 ਸ਼ਲਿੰਗ | 225 ਸ਼ਲਿੰਗ |
| 3. | ਤੇਲ ਬਨੋਲਾ 1 ਕਿਲੋ | 45 ਸ਼ਲਿੰਗ | 100 ਸ਼ਲਿੰਗ |
| 4. | ਚਾਹ ਪੱਤੀ 1 ਕਿਲੋ | 33 ਸ਼ਲਿੰਗ | 33 ਸ਼ਲਿੰਗ |
| 5. | ਮੱਖਣ 1 ਕਿਲੋ | 170 ਸ਼ਲਿੰਗ | 170 ਸ਼ਲਿੰਗ |
| 6. | ਚੀਨੀ 1 ਕਿਲੋ | 12 ਸ਼ਲਿੰਗ | 40 ਤੋਂ 60 ਸ਼ਲਿੰਗ |
| 7. | ਦਾਲਾਂ ਸਾਬਤ 1 ਕਿਲੋ | 5 ਤੋਂ 10 ਸ਼ਲਿੰਗ | 5 ਤੋਂ 10 ਸ਼ਲਿੰਗ |
| 8. | ਮੋਠ ਸਾਬਤ 1 ਕਿਲੋ | 30 ਸ਼ਲਿੰਗ | 30 ਸ਼ਲਿੰਗ |
| 9. | ਕਪੜੇ ਧੋਣ ਵਾਲਾ ਸਾਬਣ 1 ਕਿਲੋ | 16 ਸ਼ਲਿੰਗ | 60 ਸ਼ਲਿੰਗ |



Sri Satguru Jagjit Singh Ji Elibrary NamdhariElibrary@gmail.com

| | | | |
|---|---|---|---|
| 10. | ਨਹਾਣ ਵਾਲਾ ਸਾਬਣ | | |
| | 1 ਟਿੱਕੀ | 5 ਜਾਂ 6 ਸ਼ਲਿੰਗ | |
| | ਵਿਦੇਸ਼ੀ ਸੋਪ | 12 ਸ਼ਲਿੰਗ | 60 ਸ਼ਲਿੰਗ |

*ਨੋਟ : ਸਰਕਾਰੀ ਰੇਟ ਇਕ ਸ਼ਲਿੰਗ ਬਰਾਬਰ ਭਾਰਤੀ ਰੁਪਏ ਦੇ*

**ਕੁਝ ਹੋਰ ਰੇਟ**

| | | | |
|---|---|---|---|
| 1. | ਚਾਹ ਦਾ ਇਕ ਕੱਪ | 2.50 ਸ਼ਲਿੰਗ | |
| 2. | ਖੰਡ | 7 ਤੋਂ 10 ਸ਼ਲਿੰਗ | |
| 3. | ਚਾਵਲ ਕਿਲੋ | 7 ਸ਼ਲਿੰਗ | 20 ਸ਼ਲਿੰਗ |
| 4. | ਦੁੱਧ 1 ਲਿਟਰ | 6 ਸ਼ਲਿੰਗ | 10 ਸ਼ਲਿੰਗ |
| 5. | ਸੋਨਾ ਇਕ ਤੋਲਾ | 13000 ਸ਼ਲਿੰਗ | |
| 6. | ਜ਼ੀਰਾ | 1 ਕਿਲੋ | 100 ਸ਼ਲਿੰਗ |
| 7. | ਧਨੀਆ 5 ਕਿਲੋ | 5 ਸ਼ਲਿੰਗ | |
| 8. | ਕਾਲੀ ਮਰਚ 1 ਕਿਲੋ | 500 ਸ਼ਲਿੰਗ | |
| 9. | ਲੌਂਗ 1 ਕਿਲੋ | 300 ਸ਼ਲਿੰਗ | |
| 10. | ਛੋਟੀ ਇਲਾਇਚੀ 1 ਕਿਲੋ | 150 ਸ਼ਲਿੰਗ | |

ਨਾਇਰੇਰੇ ਸਰਕਾਰ ਨੇ 1971 ਵਿਚ ਸਾਰੇ ਹੀ ਮਕਾਨ ਅਤੇ ਫੈਕਟਰੀਆਂ ਨੈਸ਼ਨਲਾਈਜ਼ ਕਰ ਦਿਤੇ ਸਨ। ਸੰਨ 1972 ਵਿਚ ਪਾਸ ਹੋਇਆ ਕਿ ਮਕਾਨਾਂ ਦਾ ਕਰਾਇਆ ਨਹੀਂ ਲਿਆ ਜਾਏਗਾ, ਪਰ ਇਹ ਸਰਕਾਰੀ ਮਾਲਕੀ ਦੀ ਚੀਜ਼ ਹੋਵੇਗੀ। ਸੰਨ 73-74 ਵਿਚ ਰਿਹਾਇਸ਼ੀ ਮਕਾਨ ਅਤੇ ਦੁਕਾਨਾਂ ਮਾਲਕਾਂ ਨੂੰ ਵਾਪਸ ਕੀਤੀਆਂ ਗਈਆਂ। ਅਜੇ ਵੀ 838 ਸ਼ਲਿੰਗ ਤੋਂ ਵੱਧ ਕਰਾਇਆ ਪ੍ਰਾਪਤ ਕਰਨ ਵਾਲੀਆਂ ਥਾਵਾਂ ਸਰਕਾਰੀ ਕਬਜ਼ੇ ਵਿਚ ਹਨ।

ਇਕ ਗੱਲ ਜ਼ਰੂਰੀ ਹੈ ਕਿ ਪ੍ਰੈਜ਼ੀਡੈਂਟ ਨਾਇਰੇਰੇ ਦੇ ਰਾਜਮੁਖੀ ਹੁੰਦਿਆਂ ਏਸ਼ੀਅਨਾਂ ਨੂੰ ਕੋਈ ਖ਼ਤਰਾ ਨਹੀਂ।

ਸ੍ਰੀ ਬੁਧਰਾਮ ਨੂੰ ਅਨੇਕਾਂ ਸੰਨ ਅਤੇ ਵਾਕਿਆਤ ਜ਼ਬਾਨੀ ਯਾਦ ਹਨ। ਉਹ ਆਪਣੇ ਸਾਰੇ ਵੱਡੇ ਪਰਵਾਰ ਅਤੇ ਪੋਤਰੇ ਪੋਤਰੀਆਂ ਦੀ ਜਨਮ ਤਾਰੀਖ਼ ਦੱਸ ਸਕਦੇ ਹਨ। ਮੈਂ ਉਨ੍ਹਾਂ ਦੀ ਯਾਦਦਾਸ਼ਤ ਦਾ ਲਾਭ ਉਠਾਂਦਿਆਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਦੌਰਿਆਂ ਦੇ ਸੰਨ ਸਾਫ਼ ਲਏ, ਜੁ ਹੇਠ ਲਿਖੇ ਅਨੁਸਾਰ ਹਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤਨਜ਼ਾਨੀਆ (ਈਸਟ ਅਫ਼ਰੀਕਾ) ਦੇ ਤਿੰਨ ਦੌਰੇ ਕੀਤੇ ਜੁ ਕੇਵਲ ਅਰੂਸ਼ਾ ਅਤੇ ਮੋਸ਼ੀ ਤਕ ਹੀ ਰਹੇ। ਇਹ ਦੌਰੇ 1953, 1956 ਤੇ 1958 ਈ: ਵਿਚ ਹੋਏ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਜੀ ਨੇ ਤਨਜ਼ਾਨੀਆਂ ਵਿਚ 6 ਵਾਰ ਦਰਸ਼ਨ ਦਿਤੇ, ਪਰ ਇਹ ਦੌਰੇ ਕੀਨੀਆ ਬਾਰਡਰ ਤੋਂ ਸ਼ੁਰੂ ਹੋ ਕੇ ਵਿਸ਼ਾਲ ਸਾਗਰ ਦੇ ਕੰਢਿਆਂ ਤਕ ਜਾਂਦੇ। ਸਤਿਗੁਰੂ ਜੀ ਨੇ ਸਿੱਖੀ ਦੇ ਬੂਟੇ ਵੀ ਲਾਏ। ਆਪ ਜੀ ਦਾ ਤਨਜ਼ਾਨੀਆਂ ਵਿਚ 1962, 1964, 1967, 1980, 1981, ਅਤੇ 1983 ਵਿਚ ਪਦਾਰਪਣ ਹੋਇਆ।

### ਸਨਾਤਨ ਧਰਮ ਸਭਾ ਵਲੋਂ ਪੱਤਰ

ਦੁਪਹਿਰੇ 12 ਵਜੇ ਸ੍ਰੀ ਸਨਾਤਨ ਧਰਮ ਸਭਾ ਕਿਸੁਟੂ ਸਟਰੀਟ ਦਾਰਾਸਲਾਮ ਵਲੋਂ ਐਸ.ਜੇ. ਮਨਬਤ ਆਨਰੇਰੀ ਸੈਕ੍ਰੇਟਰੀ ਨੇ ਅਤਿਅੰਤ ਸ਼ਰਧਾ ਪੂਰਵਕ ਨਾਮਧਾਰੀ ਸੰਗਤ ਦੇ ਪ੍ਰੈਜ਼ੀਡੈਂਟ P.O. Box No. 2200 ਦਾਰਾਸਲਾਮ ਨੂੰ ਬੇਨਤੀ ਕੀਤੀ ਲਿਖਕੇ ਕਿ ਉਹ ਸਤਿਗੁਰੂ ਜਗਜੀਤ ਸਿੰਘ ਜੀ ਦੇ 28.2.83 ਤੋਂ 4.3.83 ਦਾਰਾਸਲਾਮ ਦੌਰੇ ਵਿਖੇ ਅਤਿਅੰਤ ਸਹੂਲਤ ਦੇ ਸਮੇ ਸ੍ਰੀ ਲਕਸ਼ਮੀ ਨਾਰਾਇਣ ਮੰਦਰ ਅਤੇ ਸ੍ਰੀ ਸ਼ੰਕਰ ਆਸ਼ਰਮ ਵਿਖੇ ਦਰਸ਼ਨਾਂ ਦੇ ਤਲਬਗਾਰ ਹਨ।

ਇਸ ਪੱਤਰ ਤੇ 26 ਫਰਵਰੀ 1983 ਦੀ ਤਾਰੀਖ਼ ਸੀ।

ਸ੍ਰੀ ਸਤਿਗੁਰੂ ਜੀ ਨੇ 2.25 ਵਜੇ ਸ. ਮੇਤਾ ਸਿੰਘ ਬੇਦੀ ਦੇ ਘਰ ਦਰਸ਼ਨ ਦਿਤੇ। ਸ੍ਰ. ਜੀ ਦੇ ਵਡੇ ਭਾਈ ਸ੍ਰ. ਇੰਦਰ ਸਿੰਘ ਸਤਿਗੁਰੂ ਜੀ ਦੇ ਨਾਲ ਸਨ। ਸਤਿਗੁਰੂ ਜੀ ਨੇ ਕੁਝ ਸਮਾ ਇਸ ਪਰਵਾਰ ਨੂੰ ਦਰਸ਼ਨ ਦੇ ਸ਼ੁਭ ਉਪਦੇਸ਼ ਨਾਲ ਨਿਵਾਜਿਆ। ਸ. ਮੇਤਾ ਸਿੰਘ ਦਾ ਪਰਵਾਰ ਇਸ ਪਰਕਾਰ ਹੈ :

ਸ੍ਰ. ਮੇਤਾ ਸਿੰਘ ਅਤੇ ਸੁਪਤਨੀ ਬੀਬੀ ਗੁਰਬਚਨ ਕੌਰ
ਸੰਤਾਨ : ਲੜਕੀ, ਬੀਬੀ ਪ੍ਰਿਤਪਾਲ ਕੌਰ
ਲੜਕਾ, ਸ੍ਰ. ਮਨਜੀਤ ਸਿੰਘ (26)
ਨੂੰਹ, ਬੀਬੀ ਜਸਵਿੰਦਰ ਕੌਰ
ਲੜਕਾ, ਸ੍ਰ. ਹਰਵਿੰਦਰ ਸਿੰਘ (25)
ਸ੍ਰ. ਪਰਮਿੰਦਰ ਸਿੰਘ (21)
ਲੜਕੀ, ਬੀਬੀ ਸਰਨਪਾਲ ਕੌਰ (23)

### ਸੰਗੀਤ ਸਭਾ ਛੋਟੀ ਜਿਹੀ

4.00 ਵਜੇ ਬਾਅਦ ਦੁਪਹਿਰ ਭੈਰੋ ਵਾਲੀ ਕੋਠੀ ਦੇ ਉਪਰਲੇ ਹਾਲ ਵਿਚ ਛੋਟੀ ਜਿਹੀ ਸੰਗੀਤ ਸਭਾ ਜੁੜ ਗਈ। ਸੱਚੇ ਪਾਤਸ਼ਾਹ ਜੀ ਨੇ ਪੂਰੀਆ ਧਨਾਸਰੀ ਰਾਗ ਵਿਚ ਦਿਲਰੁਬਾ ਦੀਆਂ ਤਰਬਾਂ ਸੁਰ ਕਰਵਾਈਆਂ, ਤਬਲੇ ਦੀ ਥਾਪ ਲਈ ਸੁਖਵਿੰਦਰ ਸਿੰਘ ਪਿੰਕੀ ਨੂੰ ਅਗੇ ਬਿਠਾ ਲਿਆ। ਸ੍ਰੀ ਬਲਜੀਤ ਸਿੰਘ ਨੇ ਸੰਤ ਹਰਬੰਸ ਸਿੰਘ ਘੁੱਲੇ ਵਾਲਾ ਦਿਲਰੁਬਾ ਲੈ ਲਿਆ। ਘੁੱਲਾ ਅਤੇ ਸੰਤ ਖਜ਼ਾਨ ਸਿੰਘ ਸਰੋਤਾ ਬਣ ਗਏ ਅਤੇ 4.50 ਤਕ ਤਰਬਦਾਰੀ-ਸੁਰਦਾਰੀ ਅਤੇ ਗਤਕਾਰੀ ਦੀ ਬਧੀ ਅਰਾਧਨਾ ਹੋ ਗਈ। ਹੋਰ ਸਰੋਤੇ ਸਨ : ਸ੍ਰ. ਬਲਵਿੰਦਰ ਸਿੰਘ ਉੜੀ, ਸ੍ਰ. ਜਗਜੀਤ ਸਿੰਘ ਕਲੇਰ, ਜਥੇਦਾਰ ਸੇਵਾ ਸਿੰਘ ਜਗਾਧਰੀ, ਸੰਤ ਨਿਰੰਜਨ ਸਿੰਘ ਨਕਰ, ਸ੍ਰ. ਮੇਤਾ ਸਿੰਘ ਠੇਠੀ, ਸ੍ਰ. ਇੰਦਰ ਸਿੰਘ ਠੇਠੀ, ਸ੍ਰ. ਸੁਰਿੰਦਰ ਸਿੰਘ ਲੁਧਿਆਣਾ, ਵਿਰਸਾ ਸਿੰਘ ਫੁਲਕਾਟੀਆ, ਪ੍ਰਧਾਨ ਸਰਵਣ ਸਿੰਘ ਸੇਖੀ ਆਦਿ।



Sri Satguru Jagjit Singh Ji Elibrary NamdhariElibrary@gmail.com

ਪ੍ਰਤਿਭਾਵਾਨ ਧਾਲਰੇ

ਤਨਜ਼ਾਨੀਆ ਦੀ ਨਾਮਧਾਰੀ ਸੰਗਤ ਦਾ ਪ੍ਰਧਾਨ ਬੜਾ ਪਿਆਰਾ ਤੇ ਉਤਸ਼ਾਹੀ ਨੌਜਵਾਨ ਹੈ। ਸਿੱਖ ਸਭਾ ਗੁਰਦੁਆਰਾ ਦੇ ਪ੍ਰਧਾਨ ਸ੍ਰ. ਮਹਿੰਦਰ ਸਿੰਘ ਧਾਲਰੇ ਦਾ ਇਹ ਪ੍ਰਤਿਭਾਸ਼ਾਲੀ ਬੇਟਾ ਕਈ ਮਿਲਾਂ ਫੈਕਟਰੀਆਂ ਦਾ ਮਾਲਿਕ ਤੇ ਪ੍ਰਬੰਧਕ ਹੈ। ਸਤਿਗੁਰੂ ਜੀ ਦੇ ਨੇੜੇ ਲਿਆਉਣ ਵਾਲੀ ਲੜੀ ਜਿਥੇ ਸਤਿਗੁਰੂ ਜੀ ਦੀ ਮਹਾਨਾਂਮਹਾਨ ਪ੍ਰਤਿਭਾ ਅਤੇ ਸ਼ਖਸੀਅਤ ਹੈ, ਉਥੇ ਇਸਦੇ ਸ੍ਰ. ਦਇਆ ਸਿੰਘ ਮਹਾਰਾਜ ਨਾਲ ਦਾਮਾਦ ਸੰਬੰਧ ਵੀ ਹਨ। ਅੱਗੋਂ, ਸਤਿਗੁਰੂ ਜੀ ਨੇ ਆਪਣੇ ਪਿਆਰ ਵਿਚ ਉਸਨੂੰ ਏਨਾ ਰੰਗ ਦਿਤਾ ਹੈ ਕਿ ਪਿਤਾ ਨੇ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਰਨ ਪਰਵਾਨ ਕਰ ਲਈ ਤੇ ਸਿਦਕੀ ਅਤੇ ਸ਼ਰਧਾਲੂ ਹੋ ਗਏ ਅਤੇ ਪੁੱਤਰ ਨੂੰ ਗੁਰਬਾਣੀ ਦੇ ਅਰਥ ਹੁਣ ਹੀ ਰੂਪਵਾਨ ਹੋਏ ਲਗਦੇ ਹਨ, ਜਦੋਂ ਸਤਿਗੁਰੂ ਸ਼ਬਦ ਦੀ ਸਾਰਥਕਤਾ ਸਾਹਮਣੇ ਮੂਰਤੀਮਾਨ ਹੈ। ਸਤਿਗੁਰੂ ਦਾ ਚਰਿੱਤਰ ਜੁ ਪੱਥਰਾਂ ਦਾ ਚਰਿੱਤਰ ਵੀ ਬਦਲ ਸਕਦਾ ਹੈ, ਉਸਦੀ ਨੇੜਤਾ ਨੇ ਸਤਵੰਤ ਸਿੰਘ ਨੂੰ ਪਿਆਰ ਦੇ ਸਾਕਾਰ ਦੇ ਦਰਸ਼ਨ ਤਾਂ ਕਰਵਾਏ ਹੀ ਹਨ, ਦੁਨਿਆਵੀ ਪੱਖੋਂ ਵੀ ਵਿਵਹਾਰਕ ਸਮਝਦਾਰੀ ਨੂੰ ਵੀ ਉੱਨਤ ਕੀਤਾ ਹੈ। ਮੈਂ ਜਦੋਂ ਵੀ ਉਸ ਦੀ ਗੱਲ ਬਾਤ ਸੁਣੀ ਹੈ, ਜਾਪਿਆ ਕਿ ਸਤਵੰਤ ਸਿੰਘ ਨੂੰ ਹੁਣ ਸਤਿਗੁਰੂ ਜੀ ਤੋਂ ਸਭ ਦੁਨੀਆਂ ਹੋਰ ਲਗਦੀ ਹੈ। ਇਸਦਾ ਵੱਡਾ ਸਾਲਾ ਸ੍ਰ. ਨਰਿੰਦਰ ਸਿੰਘ ਅਤੇ ਛੋਟਾ ਸ੍ਰ. ਅਜਿੰਦਰ ਸਿੰਘ ਇਸ ਜਵਾਨ ਵਿਅਕਤੀ ਦੇ ਨਾਲ ਉਤਣੇ ਪੋਤ ਹਨ।

ਸ੍ਰੀ. ਸਤਿਗੁਰੂ ਜੀ ਨੇ ਸ੍ਰ. ਦਇਆ ਸਿੰਘ ਨੂੰ ਆਖਿਆ ਹੈ : ਅਜਿੰਦਰ ਨੂੰ ਮੇਰੇ ਕੋਲ ਆਉਣਾ ਚਾਹੀਦਾ ਹੈ ਜਿਵੇਂ ਨਰਿੰਦਰ ਆਉਂਦਾ ਹੈ ਨਿਸੰਗ, ਉਹ ਤਾਂ ਬਹੁਤ ਡਰਦਾ ਲਗਦਾ ਹੈ। ਉਸ ਨੂੰ ਕਹੋ, ਸੰਗਣ ਬਿਲਕੁਲ ਨਾ, ਕੋਲ ਆਉਣ। ਕੋਈ ਰੜਕ ਫੜਕ ਹੈ ਤਾ ਨਿਕਲ ਜਾਵੇਗੀ।

ਅਤੇ ਪ੍ਰਧਾਨ ਸਤਵੰਤ ਸਿੰਘ ਨੂੰ ਬਚਨ ਕੀਤਾ : ਅਜਿੰਦਰ ਸਿੰਘ ਨੂੰ ਕਹੋ ਕਿ ਉਹ ਪਹਿਲੀ ਥਾਂ ਤੇ ਹੀ ਨਾ ਖਲੋਤਾ ਰਹੇ, ਕੁਝ ਅਗੇ ਵਧੇ।

ਗਿਆਨੀ ਤੇਜਾ ਸਿੰਘ ਨੈਰੋਬੀ

ਗਿਆਨੀ ਤੇਜਾ ਸਿੰਘ ਨੈਰੋਬੀ, ਮਧਰਾ ਕੱਦ, ਲੰਮਾ ਚਿੱਟਾ ਦਾਹੜਾ, [redacted] ਕੋਮਲ ਜੇਹੀ ਜਿੰਦ ਹੈ। ਇਹ ਅਫਰੀਕਾ ਦਾ ਦੌਰਾ ਸਤਿਗੁਰੂ ਜੀ ਦੇ ਨਾਲ ਹੀ ਰਹਿਣਾ ਚਾਹੁੰਦਾ ਹੈ। ਇਸ ਸੱਜਣ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਫਰੀਕਾ ਦੇ ਦੌਰੇ ਦੌਰਾਨ ਉਪਦੇਸ਼ਾਂ ਦੀਆਂ ਕੈਸਟਾਂ ਕੀਤੀਆਂ ਹੋਈਆਂ ਹਨ ਤੇ ਨਾਮ ਸਿਮਰਨ ਸਮੇਂ ਉਪਦੇਸ਼ ਸੁਣਾਨ ਦੀ ਸੇਵਾ ਵੀ ਕਰਦਾ ਹੈ। ਲੇਖਣ ਕਲਾ ਵਿਚ ਵੀ ਦਿਲਚਸਪੀ ਰਖਦਾ ਹੈ। ਮੈਨੂੰ ਗਿਆਨੀ ਤੇਜਾ ਸਿੰਘ ਨੇ ਔਲ ਦੇ ਪੁਸਤਕਾਂ ਭੇਟ ਕੀਤੀਆਂ : ਸਾਤਰੀ ਭੋਜਨ ਅਤੇ ਗੁਰ ਪਰਣਾਲੀ ਵਿਚ ਗੁਪਤ ਖੇਡ।

ਉਹਨਾਂ ਪ੍ਰੇਮੀਆਂ ਦਾ ਬਾਰ ਬਾਰ ਜ਼ਿਕਰ ਕਰਨ ਤੇ ਜੀ ਕਰਦਾ ਹੈ ਜਿਹੜੇ ਕੇਵਲ ਸੇਵਾ ਦੇ ਉਦੇਸ਼ ਨੂੰ ਮੁਖ ਰਖਕੇ ਜੀਉਂਦੇ ਹਨ। ਨੈਰੋਬੀ ਦੇ ਸਵਰਗਵਾਸੀ ਸੂਬਾ ਦਰਸ਼ਨ ਸਿੰਘ ਜੀ ਦੀ ਸੁਪਤਨੀ ਬੀਬੀ ਹਰਜੀਤ ਕੌਰ ਅਤੇ ਸੰਤ ਪ੍ਰੀਤਮ ਸਿੰਘ ਮਹਾਰਾਜ ਦੀ



Sri Satguru Jagjit Singh Ji Elibrary NamdhariElibrary@gmail.com

ਸੁਪਤਨੀ ਬੀਬੀ ਚੰਨਣ ਕੌਰ ਦੀ ਜੋੜੀ। ਇਹ ਜੋੜੀ ਨੈਰੋਬੀ ਵਿਚ ਤਾਂ ਸੇਵਾ ਹਿਤ ਹੈ। ਇਹਨਾਂ ਨੂੰ ਹੋਰ ਕੋਈ ਚਾਅ ਨਹੀ। ਹੋਰ ਸਾਰੇ ਧੰਦੇ ਸੇਵਾ ਤੋ ਹੇਠ ਹਨ। ਇਹ ਜੋੜੀ ਜਿਸ ਪਰਵਾਰ ਵਿਚ ਵੀ ਜਾਂਦੀ ਹੈ ਉਸੇ ਨਾਲ ਘੁਲਮਿਲ ਕੇ, ਜੀਆਂ ਦੀ ਸਹਾਇਤਾ ਕਰਦਿਆਂ ਏਨਾਂ ਨੂੰ ਖੁਸ਼ੀ ਹੁੰਦੀ ਹੈ। ਸਤਿਗੁਰੂ ਜੀ ਦੇ ਲੰਗਰ ਦੀ ਆਪ ਸੇਵਾ ਕਰਨੀ, ਦੂਜਿਆਂ ਤੋਂ ਪ੍ਰੇਮ ਪੂਰਵਕ ਕਰਵਾਣੀ, ਦੂਹਾਂ ਭੈਣਾਂ ਦਾ ਮਨੋਰਥ ਹੈ।

**ਥੋੜਾ ਜਿਹਾ ਦਾਰਾਸਲਾਮ ਬਾਰੇ**

ਦਾਰਾਸਲਾਮ, ਜਿਸ ਨੂੰ ਅੰਗਰੇਜ਼ੀ ਵਿਚ ਦਾਰ-ਅੰਸ-ਸਲਾਮ ਲਿਖਿਆ ਜਾਂਦਾ ਹੈ, ਈਸਟ ਅਫ਼ਰੀਕਾ ਦੇ ਦੇਸ ਤਨਜ਼ਾਨੀਆ ਦੀ ਰਾਜਧਾਨੀ ਹੈ। ਸਮੁੰਦਰ ਕਿਨਾਰੇ ਹੋਣ ਕਰਕੇ ਇਸ ਵਿਚ ਹਰਿਆਲੀ ਵੀ ਜੀ ਲਾਉਣ ਵਾਲੀ ਹੈ। ਲੰਮੀਆਂ ਲੰਮੀਆਂ ਸੜਕਾਂ ਕਾਫ਼ੀ ਚੌੜਾਈ ਰਖਦੀਆਂ ਹਨ। ਮੋਟਰ ਕਾਰਾਂ ਵੀ ਆਮ ਹਨ ਭਾਵੇਂ ਦੇਸ ਵਿਚ ਨਹੀ ਬਣਦੀਆਂ। ਜਪਾਨੀ ਕਾਰਾਂ ਦੀ ਹੀ ਅਧਿਕਤਾ ਹੈ। ਅੱਜਕੱਲ ਏਥੇ ਕਾਰ ਦੀ ਕੀਮਤ 4,00,000 ਸ਼ਿਲਿੰਗ ਹੈ। ਏਥੇ ਦਾ ਸ਼ਿਲਿੰਗ ਗੈਰ ਸਰਕਾਰੀ ਖੇਤਰ ਵਿਚ ਬਹੁਤ ਸਸਤਾ ਹੈ, ਜਿਵੇਂ 1000 ਸ਼ਿਲਿੰਗ ਦਾ ਭਾਰਤੀ ਰੁਪਿਆ 300/- ਬਣਦਾ ਹੈ। ਨਵੀਨ ਸ਼ੈਲੀ ਦੀਆਂ ਬਿਲਡਿੰਗਾਂ 3-4 ਛਤਾਂ ਵਾਲੀਆਂ ਆਮ ਹਨ। ਦੁਪਹਿਰੇ ਗਰਮੀ ਬਹੁਤ ਹੁੰਦੀ ਹੈ। ਲੋਕ ਪੈਂਟ ਬੁਸ਼ਰਟ ਪਹਿਨਦੇ ਹਨ। ਸਲੀਕੇ ਵਾਲੇ ਤੇ ਪੁਰ ਅਦਬ ਹਨ। ਜੰਗਲੀ ਇਲਾਕੇ ਦੀਆਂ ਔਰਤਾਂ ਗਿਲਤੀ ਮਾਰ ਕੇ ਗੁਜ਼ਾਰਾ ਕਰਦੀਆਂ ਹਨ। ਪਰ ਸ਼ਹਿਰ ਵਿਚ ਰਹਿਣ ਵਾਲੀਆਂ ਖੁਲ੍ਹਾ ਫਰਾਕ ਤੇ ਤੇੜ ਲੁੰਗੀ ਪਹਿਨਦੀਆਂ ਹਨ। ਸ਼ਹਿਰ ਵਿਚ ਕਾਫ਼ੀ ਚਹਿਲ ਪਹਿਲ ਹੈ।

**ਰਾਮਗੜੀਆ ਹਾਲ ਵਿਚ**

5.30 ਵਜੇ ਰਾਮਗੜੀਆ ਸਭਾ ਦੇ ਉਪਰਲੇ ਹਾਲ ਵਿਚ ਨਾਮਧਾਰੀ ਸੰਗਤ ਵਲੋਂ ਨਾਮ ਸਿਮਰਨ ਜਾਰੀ ਹੋ ਗਿਆ। ਇਕ ਮੰਚ ਉਤੇ ਸਤਿਗੁਰੂ ਜੀ ਹਜ਼ੂਰੀ ਸੇਵਕਾਂ ਸਮੇਤ ਦਰਸ਼ਨ ਦੇ ਰਹੇ ਹਨ। ਚਿਰ ਪਿਛੋਂ ਪ੍ਰਾਪਤ ਹੋਏ ਸਤਿਗੁਰੂ ਜੀ ਨੂੰ ਨਿਹਾਰਨ ਲਈ ਸਿੱਖਾਂ ਦੀਆਂ ਚਕੋਰ ਅੱਖੀਆਂ ਅਰਪਿਤ ਭਾਵ ਨਾਲ ਗੁਰੂ ਮੁਖ ਵਲ ਰਹਿੰਦੀਆਂ ਹਨ। ਸਿਖ ਪ੍ਰੇਮ ਪੂਰਵਕ ਨਮਸਕਾਰ ਯੋਗ ਮਣਿਆ ਕਰਕੇ ਮੱਥਾ ਟੇਕਦੇ ਹਨ। ਤੇ ਫਿਰ ਉਪਲਬਧ ਸਥਾਨ ਤੇ ਬੈਠੀ ਜਾਂਦੇ ਹਨ। ਰਸਨਾ ਦੁਆਰਾ ਹੀ ਅੰਦਰੇ ਨਾਮ ਦਾ ਸਿਮਰਨ ਕੀਤਾ ਜਾਂਦਾ ਹੈ। ਨੇਤਰਾਂ ਦੁਆਰਾ ਗੁਰ ਦਰਸ਼ਨ ਦੇਖ ਨਿਹਾਲ ਹੋਇਆ ਜਾ ਰਿਹਾ ਹੈ। ਸਰਵਣਾਂ ਰਾਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਗ੍ਰਹਿਣ ਕੀਤੇ ਜਾ ਰਹੇ ਹਨ : ਉਪਦੇਸਿ ਜੁ ਦਿਤਾ ਸਤਿਗੁਰੂ ਸੁ ਸੁਣਿਆ ਸਿਖੀ ਕੰਨੇ।

ਇਸ ਅਨੰਦ ਦੀ ਸਮਾਪਤੀ 6.30 ਤਕ ਹੋ ਜਾਂਦੀ ਹੈ। ਰਾਗੀ ਸਿੰਘਾਂ ਨੇ ਅੰਮ੍ਰਿਤ ਕੀਰਤਨ ਕੀਤਾ ਹੈ : ਪ੍ਰਾਣੀ ਕਉ ਹਰਿ ਜਸੁ ਮਨਿ ਨਹੀ ਆਵੈ। ਗਉੜੀ ਰਾਗ ਦਾ ਇਹ ਸ਼ਬਦ ਗੀਤਾਂ ਦੀ ਗਉੜੀ ਰਾਗ ਵਿਚ ਹੀ ਗਿਆ ਹੈ। ਇਸ ਨੂੰ ਹੋਰ ਵੀ ਲਾਭਕਾਰੀ ਬਣਾਣ ਹਿਤ ਸ੍ਰੀ ਸਤਿਗੁਰੂ ਜੀ ਨੇ ਸਹਿਯੋਗ ਬਖਸ਼ਿਆ ਹੈ।



Sri Satguru Jagjit Singh Ji Elibrary NamdhariElibrary@gmail.com

ਕੀਰਤਨ ਦੌਰਾਨ ਮੈਂ ਇਕ ਦੋ ਗੱਲਾਂ ਹੋਰ ਕਰ ਲਵਾਂ।

ਅਰੂਸ਼ਾ ਦੇ ਸਿਖ, ਜਿਨ੍ਹਾਂ ਦੇ ਮੋਹਰੀ ਸ੍ਰੀ ਬੁੱਧ ਰਾਮ ਤੇ ਸ੍ਰੀ ਬੀਰ ਚੰਦ ਹਨ ਮੇਰੇ ਨਾਲ ਐਂਜ ਇਕ ਹੋਲਾ ਕਰਵਾਣ ਲਈ ਮਨ ਦਸਦੇ ਹਨ। ਉਨ੍ਹਾਂ ਮੇਰੇ ਪਾਸੋਂ ਸਮੁਚੇ ਖਰਚ ਦਾ ਜਾਇਜ਼ਾ ਲਿਆ ਹੈ। ਮੈਨੂੰ ਉਮੀਦ ਹੈ ਇਹਨਾਂ ਵਲੋਂ ਕਦੇ, ਨਿਕਟ ਭਵਿਖ ਵਿਚ, ਹੋਲੇ ਦੀ ਬੇਨਤੀ ਹੋਵੇਗੀ।

ਮੋਸ਼ੀ ਦੇ ਸਿੰਘਾਂ ਵਲੋਂ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੋਈ-ਹੋਈ ਹੈ ਕਿ ਵਾਪਸੀ ਸਮੇ ਸ਼ਹਿਰ ਮੋਸ਼ੀ ਵਿਖੇ ਦਰਸ਼ਨ ਜ਼ਰੂਰ ਦਿਤੇ ਜਾਣ। ਜਾਪਦਾ ਹੈ ਅਰਦਾਸ ਪਰਵਾਨ ਹੋ ਗਈ ਹੈ। ਤਾਂਹੀਓਂ ਕੱਲ ਰਾਤ ਦੀ ਵਾ ਕੱਲ੍ਹ ਸਵੇਰੇ 9 ਵਜੇ ਜਹਾਜ਼ ਦੀਆਂ ਟਿਕਟਾਂ ਬੁਕ ਕਰਵਾ ਲਈਆਂ ਗਈਆਂ ਹਨ।

ਜਾਪਦਾ ਹੈ ਸਮਾਂ ਅਸਲੋਂ ਅਲਪ ਹੈ, ਕਾਰਜ ਕਰਮ ਬਹੁਤ ਹਨ। 7 ਵਜਦਿਆਂ ਹੀ ਪੂਰਬੇ ਨੇ ਕੀਰਤਨ ਦੀ ਅਰਦਾਸ ਕਰ ਦਿਤੀ। ਹਾਲ ਦੇ ਹੇਠ ਗੱਡੀਆਂ ਸਟਾਰਟ ਹੋਈਆਂ ਖਲੋਤੀਆਂ ਹਨ। ਅਸੀਂ ਸਾਰੇ ਹੀ ਸਤਿਗੁਰੂ ਜੀ ਦੇ ਪਿਛੇ ਕਾਹਲੇ ਕਦਮੀ ਉਤਰਨ, ਲਗੇ।

### ਸਨਾਤਨ ਧਰਮ ਸਭਾ ਵਲੋਂ ਸੁਆਗਤ

ਸ੍ਰੀ ਸਨਾਤਨ ਧਰਮ ਸਭਾ ਵਲੋਂ ਆਈ ਪ੍ਰਾਰਥਨਾ ਪਰਵਾਨ ਕਰਦਿਆਂ ਸ੍ਰੀ ਸਤਿਗੁਰੂ ਜੀ ਦੀ ਕਾਰ ਪਿਛੇ ਸਾਰੀ ਸੰਗਤ ਦੀਆਂ ਗੱਡੀਆਂ ਚਲ ਤੁਰੀਆਂ। ਸਭਾ ਦੇ ਵਿਹੜੇ ਵੜਦਿਆਂ ਹੀ ਭਰੀਆਂ ਰੌਣਕਾਂ ਸਨ। ਭਾਰਤੀ ਪਰੰਪਰਾਗਤ ਵੇਸ ਭੂਸ਼ਾ ਵਿਚ ਕਾਫ਼ੀ ਇਸਤਰੀਆਂ ਪੁਰਸ਼ ਬੈਠੇ ਸਨ। 500 ਕੁ ਸੈ ਤਾਂ ਹੋਣਗੇ ਹੀ। ਸ਼ਾਮਿਆਨੇ ਹੇਠ ਰਾਮ ਭਗਤ ਲੋਕਾਂ ਦਾ ਇਕੱਠ ਜਿਥੇ ਪਹਿਰਾਵੇ ਵਲੋਂ ਰੰਗ ਬਰੰਗਾ ਸੀ, ਉਥੇ ਵਿਚਾਰਾਂ ਦਾ ਅੰਤਰ ਵੀ ਹੋ ਸਕਦਾ ਹੈ ਪ੍ਰੰਤੂ ਭਾਰਤੀਅਤਾ ਦੀ ਸਾਂਝ, ਸਭਿਅਤਾ, ਅਤੇ ਗੌਰਵ ਅਜਿਹੇ ਮੌਕਿਆਂ ਉਤੇ ਜਲਵੇ ਵਿਚ ਆ ਜਾਂਦਾ ਹੈ। ਸ੍ਰੀ ਸਤਿਗੁਰੂ ਜੀ ਦੇ ਆਗਮਨ ਤੇ ਸਭ ਲੋਕਾਂ ਉਠਕੇ ਆਦਰ ਕੀਤਾ। ਸਤਿਗੁਰਾਂ ਦੇ ਨਾਮ ਦੀ ਜੈ ਦੇ ਨਾਅਰੇ ਉਚੇ ਹੋਏ। ਮੰਦਰ ਮੁਖ ਦੁਆਰ ਪਾਸ ਚੌਕੀ ਵਿਛਾਕੇ ਸਤਿਗੁਰੂ ਜੀ ਨੂੰ ਬੈਠਾਇਆ ਗਿਆ। ਪ੍ਰਤੀਤ ਹੁੰਦਾ ਸੀ, ਜਿਵੇਂ ਮੰਦਰ ਦੇ ਅੰਦਰੋਂ ਮਰਮਰੀ ਬੁਤ ਵਾਲਾ ਭਗਵਾਨ, ਹੁਣ ਸਾਹਮਣੇ ਆਕੇ ਬੈਠ ਗਿਆ ਹੈ। ਸਨਾਤਨ ਧਰਮ ਸਭਾ ਦੇ ਆਗੂਆਂ ਅਤੇ ਮੰਦਰ ਦੇ ਮੁਖੀ ਪੁਜਾਰੀਆਂ ਨੇ ਸ੍ਰੀ ਸਤਿਗੁਰੂ ਜੀ ਨੂੰ ਗਲੇ ਵਿਚ ਹਾਰ ਪਹਿਨਾਅ ਪਹਿਨਾਅ ਕੇ ਖੁਸ਼ੀ ਅਨੁਭਵ ਕੀਤੀ। ਸ੍ਰੀ ਮਤਨ ਭਾਈ ਇਹਨਾਂ ਚੋ ਵਿਸ਼ੇਸ਼ ਹਨ। ਮਤਨ ਭਾਈ ਜੀ ਨੇ ਹੱਥ ਵਿਚ ਮਾਈਕ ਲੈਕੇ ਸ੍ਰੀ ਸਤਿਗੁਰੂ ਜੀ ਦੀ ਉਸਤਤੀ ਵਿਚ ਚੰਦ ਸ਼ਬਦ ਆਖੇ। ਇਹਨਾਂ ਅਨੰਦ ਵਿਚ ਝੂਮਦਿਆਂ ਆਖਿਆ : ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਿਖ ਜਗਤ ਦੇ ਸਰਵੋਪਰ ਮਹਾਂ ਪੁਰਖ ਹਨ। ਇਹਨਾਂ ਦਾ ਸਮੁਚਾ ਸਮਾਜ ਹੀ ਪਰਮ ਵੈਸ਼ਨਵ ਹੈ, ਅਰਥਾਤ ਮਾਸ ਸ਼ਰਾਬ ਦੀ ਵਰਤੋਂ ਤੋ ਕੋਹਾਂ ਦੂਰ ਹੈ। ਸਤਿਗੁਰੂ ਜੀ ਸੰਸਾਰ ਸ਼ਾਂਤੀ, ਵਿਸ਼ਵ ਧਰਮ ਸਮਾਨਤਾ ਦੇ ਖੇਤਰ ਵਿਚ ਅਹਿਮ ਰੋਲ ਅਦਾ ਕਰਦੇ ਹਨ। ਸਾਡਾ ਇਹ ਸੋਭਾਗ ਹੀ ਹੈ ਕਿ ਬਹੁਤ ਥੁੜੋਂ ਦੇ ਸਮੇ ਵਿਚ ਵੀ ਸਾਨੂੰ ਆਪ ਜੀ ਨੇ ਕਿਰਤਾਰਥ ਕੀਤਾ ਹੈ ਦਰਸ਼ਨ ਦੇ ਕੇ। ਅਤੇ



Sri Satguru Jagjit Singh Ji Elibrary NamdhariElibrary@gmail.com

ਫਿਰ ਜੈ ਜੈ ਕਾਰ ਦੇ ਨਾਹਰਿਆਂ ਨਾਲ ਆਕਾਸ਼ ਗੂੰਜ ਉਠਿਆ।

ਸਤਿਗੁਰੂ ਜੀ ਤਾਂ ਸ਼ੋਭਾ ਸਾਕਾਰ ਹਨ ਹੀ, ਜਿਥੇ ਵੀ ਜਾਣ ਆਦਰ ਸਤਿਕਾਰ, ਨਮਸਕਾਰਾਂ, ਭੇਟਾਵਾਂ ਧਰ ਧਰ ਮੱਥੇ ਟਿਕਣੇ ਸ਼ੁਰੂ ਹੋ ਜਾਂਦੇ ਹਨ। ਏਥੇ ਮੰਦਰ ਦੁਆਰ ਤੇ ਵਿਛੀ ਹੋਈ ਚੌਂਕੀ ਉਪਰ ਸੁਸ਼ੋਭਿਤਮਾਨ ਸ੍ਰੀ ਸਤਿਗੁਰੂ ਜੀ ਸਾਖਿਆਤ ਭਗਵਾਨ ਹੀ ਤਾਂ ਸਨ। ਆਪ ਜੀ ਨੇ ਹਿੰਦੀ ਭਾਸ਼ੀ ਜਨਤਾ ਨੂੰ ਮੁਖ ਰਖ ਕੇ ਹਿੰਦੀ ਵਿਚ ਬੋਲਣਾ ਸ਼ੁਰੂ ਕੀਤਾ :

- ਪਰਮ ਆਦਰਣੀਯ ਰਾਮਾਇਣ ਦੇ ਸ੍ਰੋਤਾ ਗਣ ਅਤੇ ਸੱਜਨੋ ! ਮੈਂ ਆਪ ਲੋਗੋਂ ਕੋ ਯਹ ਸਪਸ਼ਟ ਕਰਨਾ ਚਾਹਤਾ ਹੂੰ ਕਿ ਸਿੱਖੋਂ ਕਾ ਰਾਮ ਜੀ ਸੇ ਕਿਆ ਸੰਬੰਧ ਹੈ। ਭੱਟ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਮੇਂ ਇਸ ਕੋ ਲਿਖਾ ਹੈ :

*ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ।*
*ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ।*
*ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ।*
*ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ।*
*ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ।*
*ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ।*

ਭੱਟ ਨੇ ਯੁਗੋਂ ਕਾ ਚਰਿੱਤਰ ਵਰਣਨ ਕਰਤੇ ਹੁਏ ਸ੍ਰੀ ਰਾਮ ਜੀ ਕੋ ਤ੍ਰੇਤੇ ਕਾ ਅਵਤਾਰ ਮਾਨਾ ਹੈ। ਇਧਰ ਤਿਲਕ ਔਰ ਜੰਞੂ ਕੀ ਰਖਿਆ ਕੇ ਹੇਤੁ ਸ੍ਰੀ ਗੁਰੂ ਤੇਗ ਬਹਾਦਰ ਜੀ ਨੌਵੇਂ ਸਤਿਗੁਰੂ ਜੀ ਨੇ ਅਪਣਾ ਸੀਸ ਔਰ ਪਰਿਵਾਰ ਤਕ ਬਲੀਦਾਨ ਕਰ ਦੀਆ। ਉਸੀ ਗੁਰੂ ਤੇਗ ਬਹਾਦੁਰ ਜੀ ਨੇ ਰਾਮ ਜੀ ਕੇ ਸੰਬੰਧ ਮੇਂ ਲਿਖਾ ਹੈ :

*ਸੰਗਿ ਸਖਾ ਸਭ ਤਜਿ ਗਏ ਕੋਊ ਨ ਨਿਬਹਿਓ ਸਾਥ।*
*ਕਹੁ ਨਾਨਕ ਇਹ ਜਗਤ ਮੈ ਟੇਕੁ ਏਕ ਰਘੁਨਾਥ।*

ਹਮੇਂ ਔਰ ਵਿਆਖਿਆ ਕੀ ਆਵਸ਼ਯਕਤਾ ਨਹੀਂ। ਯਹਿ ਸਲੋਕ ਹੀ ਬਤਲਾਤਾ ਹੈ ਕਿ ਹਿੰਦੂਓਂ ਔਰ ਸਿੱਖੋਂ ਕਾ ਪਰਸਪਰ ਸੰਬੰਧ ਕਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਅਪਨੀ ਰਚਨਾ 'ਉਗ੍ਰਦੰਤੀ' ਮੇਂ ਲਿਖਾ ਹੈ :

*ਸਕਲ ਜਗਤ ਮੈ ਖਾਲਸਾ ਪੰਥ ਗਾਜੈ।*
*ਜਗੈ ਧਰਮ ਹਿੰਦੁਕ ਤੁਰਕ ਦੁੰਦ ਭਾਜੈ।*

ਸਾਹਿਬ ਦਸਮ ਪਾਤਸ਼ਾਹ ਜੀ ਕੀ ਇਸ ਭਾਵਨਾ ਕੇ ਤੋ ਕਿਸੀ ਸਪਸ਼ਟਤਾ ਕੀ ਜ਼ਰੂਰਤ ਨਹੀਂ। ਅਬ ਸਿੱਖ ਧਰਮ ਕੇ ਇਤਿਹਾਸ ਕੇ ਰਚਿਅਤਾ ਗਿਆਨੀ ਗਿਆਨ ਸਿੰਘ ਕੋ ਲੋ। ਉਨ੍ਹੋਂ ਨੇ ਹਿੰਦੂ ਔਰ ਸਿੱਖ ਕੇ ਸੰਬੰਧ ਮੇਂ ਐਸੇ ਲਿਖਾ ਹੈ :

*ਪਾਲਨ ਹੇਤੁ ਸਨਾਤਨ ਨੇਤੀ।*
*ਹਿੰਦੂ ਧਰਮ ਰਖਨ ਕੇ ਹੇਤੀ।*
*ਆਪ ਪ੍ਰਭੂ ਗੁਰੂ ਨਾਨਕ ਰੂਪੀ।*
*ਪ੍ਰਗਟ ਭਏ ਜਗ ਮੈ ਸੁਖ ਰੂਪੀ।*

*(ਸ੍ਰੋਤਿਆਂ ਨੇ ਮਿਲ ਸਾਰੇ ਭਗਵਾਨ ਰਾਮ ਚੰਦ੍ਰ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੈ ਬੁਲਾਈ।)*



Sri Satguru Jagjit Singh Ji Elibrary NamdhariElibrary@gmail.com

ਏਕ ਬਾਤ ਆਪ ਕੋ ਕਹੂੰ। ਹਮ ਮੇਂ ਸੇ ਹਰ ਵਿਅਕਤੀ ਭਗਵਾਨ ਬਨ ਸਕਤਾ ਹੈ। ਭਗਵਾਨ ਬਨਨੇ ਕੇ ਲੀਏ ਸ੍ਰੀ ਗੁਰੂ ਤੇਗ ਬਹਾਦੁਰ ਜੀ ਕਾ ਹੀ ਕਥਨ ਹੈ:

ਸੁਖੁ ਦੁਖੁ ਜਿਹ ਪਰਸੈ ਨਹੀ ਲੋਭ ਮੋਹ ਅਭਿਮਾਨੁ।

ਕਹੁ ਨਾਨਕ ਸੁਨ ਰੇ ਮਨਾ ਸੋ ਮੂਰਤਿ ਭਗਵਾਨ।

ਆਪ ਸਬ ਲੋਗ ਜੋ ਯਹਾਂ ਪਧਾਰੇ ਹੈਂ। ਬਹੁਤ ਸੁਭਾਗਸ਼ਾਲੀ ਹੈਂ ਜਿਨ੍ਹੋਂ ਨੇ ਵਿਦੇਸ਼ ਮੇਂ ਆਕਰ ਭੀ ਅਪਨੀ ਪਰੰਪਰਾ ਕੋ ਕਾਇਮ ਰਖਾ ਹੈ। ਜਹਾਂ ਪਰ ਭਾਰਤ ਵਰਸ਼ ਜੈਸੇ ਹੀ, ਅਪਨੇ ਅਵਤਾਰੋਂ, ਸੰਤੋਂ, ਮਹਾਪੁਰਸ਼ੋਂ ਕੇ ਜਨਮ ਦਿਨ ਔਰ ਦੂਸਰੇ ਤੀਜ ਤਿਉਹਾਰ ਮਨਾਤੇ ਹੈਂ।

ਮਤਨ ਭਾਈ ਦੇ ਉਦਮ ਦੀ ਪ੍ਰਸ਼ੰਸਾ ਕਰਦਿਆਂ ਸ੍ਰੀ ਸਤਿਗੁਰੂ ਜੀ ਨੇ ਸਰੋਤਾਗਣ ਨੂੰ ਅੰਤ ਦਾ ਸੰਦੇਸ਼ ਦਿਤਾ - ਸਵੇਰੇ ਸੁਬਹ ਉਠਾ ਕਰੋ, ਬੱਚੋਂ ਕੋ ਉਠਾਇਆ ਕਰੋ। ਖ਼ੁਦ ਇਸ਼ਨਾਨ ਕਰਕੇ ਉਨ ਕੋ ਨਹਲਾਇਆ ਕਰੋ। ਗੀਤਾ ਔਰ ਰਾਮਾਇਣ ਕਾ ਪਾਠ ਆਪ ਕੀਆ ਕਰੋ ਔਰ ਬੱਚੋਂ ਕੋ ਭੀ ਪੜ੍ਹਾਇਆ ਕਰੋ। ਸ਼੍ਰਧਾ ਸੇ, ਪ੍ਰੇਮ ਸੇ। ਬੱਚੋਂ ਕੋ ਚਾਹੀਏ ਕਿ ਸੁਬਹ ਸਵੇਰੇ ਉਠ ਕਰ, ਨਹਾ ਕਰ ਬੜੋਂ ਕੇ ਚਰਨ ਛੂਏਂ। ਯਹਿ ਭਾਰਤੀ ਸੰਸਕ੍ਰਿਤੀ ਕਾ ਕ ਖ ਗ ਹੈ।

ਜਬ ਹਮ ਥਾਈਲੈਂਡ, ਜਾਪਾਨ ਆਦਿ ਦੇਸ਼ੋਂ ਮੇਂ ਜਾਤੇ ਹੈਂ ਤੋ ਵਹਾਂ ਯਹਿ ਦੇਖ ਕਰ ਪ੍ਰਸੰਨਤਾ ਹੋਤੀ ਹੈ ਕਿ ਉਨ ਦੇਸ਼ੋਂ ਕੇ ਲੋਗੋਂ ਨੇ ਹਮਾਰੀ ਸੰਸਕ੍ਰਿਤੀ, ਹਮਾਰੀ ਸੱਭਿਅਤਾ ਸੰਭਾਲ ਰਖੀ ਹੈ ਵਹਿ 'ਸ਼ੇਕ ਹੈਂਡ' ਨਹੀਂ ਕਰਤੇ, ਨਮਸਕਾਰ ਕਰਤੇ ਹੈਂ।

ਮੈਂ ਸਭਾ ਕੇ ਆਯੋਜਕੋਂ, ਪਦਾਧਿਕਾਰੀਓਂ ਔਰ ਸਬ ਕਾ ਆਭਾਰੀ ਹੂੰ ਔਰ ਸਬ ਲੋਗੋਂ ਕਾ ਧੰਨਿਅਵਾਦ ਕਰਤਾ ਹੂੰ ਕਿ ਇਸ ਆਯੋਜਨ ਕੇ ਜ਼ਰੀਏ ਹਮੇਂ ਭੀ ਸ੍ਰੀ ਰਾਮ ਜੀ ਕੋ ਯਾਦ ਕਰਨੇ ਕਾ ਅਵਸਰ ਪ੍ਰਦਾਨ ਕੀਆ ਹੈ।

ਸੰਖੇਪ ਤੋਂ ਸੰਖੇਪ ਕਾਰਵਾਈ ਸੀ। ਹਿੰਦੂ ਮੰਦਰ ਦੇ ਚਲਦੇ-ਚਲਦੇ ਪ੍ਰੋਗਰਾਮ ਵਿਚ ਏਨੇ ਕੁ ਵਿਚਾਰਾਂ ਦਾ ਬੀਜਾਰੋਪਣ ਕਰਕੇ ਆਪ ਜੀ ਆਪਣੀ ਸੰਗਤ ਸਮੇਤ ਦੂਜੇ ਬਣੇ ਮੰਦਰ ਵਿਚ ਪ੍ਰਬੰਧਕਾਂ ਨਾਲ ਪਧਾਰੇ। ਏਥੇ ਵੀ ਮੰਦਰ ਦੁਆਰ, ਭਾਵ ਮੂਰਤੀ ਮੰਦਰ ਦੇ ਕਿਵਾੜਾਂ ਪਾਸ ਕੁਰਸੀ ਰਖ ਕੇ, ਸ੍ਰੀ ਸਤਿਗੁਰੂ ਜੀ ਦੇ ਗਲੇ ਹਾਰ ਪਹਿਨਾਅ ਕੇ ਮੰਦਰ ਦੇ ਪੁਜਾਰੀਆਂ ਅਤੇ ਪ੍ਰਬੰਧਕਾਂ ਵਿਚ ਨਮਸਕਾਰ ਕਰ, ਚਰਨੀ ਹਥ ਛੁਹਾ ਹੱਥ ਪਵਿੱਤਰ ਅਤੇ ਨੇਤਰ ਪੁਨੀਤ ਕੀਤੇ।

### ਸੰਗੀਤ ਸਭਾ ਸ਼ਮੀ ਕੁੰਜ ਵਿਖੇ

9.00 ਰਾਤ ਤੋਂ ਕੁਝ ਸਮਾ ਪਹਿਲਾਂ ਹੀ ਸ੍ਰੀ ਸਤਿਗੁਰੂ ਜੀ ਅਤੇ ਸੰਗਤ ਇੰਡੋ ਤਨਜ਼ਾਨੀਅਨ ਕਲਚਰ ਸੈਂਟਰ ਵਲੋਂ ਸ਼ਮੀ ਕੁੰਜ ਹਾਲ ਵਿਚ ਹੋ ਰਹੀ ਸੰਗੀਤ ਸਭਾ ਵਿਚ ਪਧਾਰੇ। ਇਸ ਸਭਾ ਦੇ ਮੁਖ ਪਰਾਹੁਣੇ ਸ੍ਰੀ ਸਤਿਗੁਰੂ ਜੀ ਹੀ ਸਨ ਅਤੇ ਇਹ ਸਭਾ ਵੀ ਸਾਰੇ ਸੰਗੀਤਕਾਰਾਂ ਤੇ ਅਧਾਰਿਤ ਸੀ। ਅਸਲ ਵਿਚ ਅਜਿਹੇ ਉਦਮਾਂ ਦੀ ਉਕਸਾਹਟ ਪ੍ਰਧਾਨ ਸਤਵੰਤ ਸਿਖ ਵਲੋਂ ਹੀ ਹੁੰਦੀ ਰਹਿੰਦੀ ਹੈ। ਥੋੜੇ ਸਮੇਂ ਨੂੰ ਵੱਧ ਤੋਂ ਵੱਧ ਵਰਤਣਾ ਇਹ ਸਤਵੰਤ ਸਿਖ ਦਾ ਹੀ ਖੁਸ਼ੀ ਭਰਪੂਰ ਉਦਮ ਸੀ।



Sri Satguru Jagjit Singh Ji Elibrary NamdhariElibrary@gmail.com

ਇਕ ਲੰਮੇ ਹਾਲ ਵਿਚ ਕੁਰਸੀਆਂ ਦਾ ਆਯੋਜਨ ਸੀ। ਇਸਦੇ ਪਲੇਟਫਾਰਮ ਉੱਤੇ ਹੋਰ ਮੰਚ ਸਥਾਪਤ ਕਰਕੇ ਸ੍ਰੀ ਸਤਿਗੁਰੂ ਜੀ ਦਾ ਆਸਣ ਸੁਸ਼ੋਭਤ ਸੀ। ਅੰਦਰ ਸਰੋਤਿਆਂ ਨਾਲ ਭਰਪੂਰ ਸੀ। ਝੰਡੀਆਂ ਦੀ ਸਜਾਵਟ ਵੀ ਸਤਿਗੁਰੂ ਜੀ ਤੋਂ ਸਦਕੇ ਜਾ ਰਹੀ ਸੀ। ਇਸ ਆਯੋਜਨ ਦੇ ਮੁਖੀ ਸ੍ਰੀ ਐਮ.ਐਮ. ਸ਼ੁਕਲਾ ਸਨ। ਸ਼ੁਕਲਾ ਜੀ ਨੇ ਸਤਿਗੁਰੂ ਜੀ ਨੂੰ ਸਿਖ ਪੰਥ ਦੇ ਸਿਰਤਾਜ ਦੇ ਰੂਪ ਵਿਚ ਪੇਸ਼ ਕੀਤਾ ਤੇ ਆਮ ਜਾਣਕਾਰੀ ਸਤਿਗੁਰੂ ਜੀ ਬਾਰੇ ਦਿਤੀ।

ਪ੍ਰੀਤਮ ਸਿੰਘ ਕਵੀ (ਲੇਖਕ) ਨੂੰ ਸਟੇਜ ਸੰਚਾਲਣ ਦਾ ਅਵਸਰ ਦਿਤਾ ਗਿਆ। ਸੰਗੀਤ ਸਭਾ ਜਾਰੀ ਹੋਈ ਤਾਂ ਮੰਗਲਾ ਚਰਣ ਵਜੋਂ ਸੰਤ ਹਰਬੰਸ ਸਿੰਘ ਘੁੱਲਾ ਤੇ ਸੰਤ ਖੜਾਨ ਸਿੰਘ ਰਾਗੀਆਂ ਨੂੰ ਇਕ ਸ਼ਬਦ ਗਾਉਣ ਦਾ ਮੌਕਾ ਦਿਤਾ ਗਿਆ। ਇਹਨਾ ਬੜਾ ਸਿੱਠ ਕੇ ਕਲਾਕਾਰਾਂ ਵਰਗੇ ਅੰਦਾਜ਼ ਵਿਚ 'ਗੁਰ ਸੇਵਉ ਕਰਿ ਨਮਸਕਾਰੁ' ਰਾਗ ਬਸੰਤ ਦਾ ਸ਼ਬਦ ਗਾਇਨ ਕੀਤਾ, 15 ਮਿੰਟਾਂ ਵਿਚ ਇਸ ਸ਼ਬਦ ਦਾ ਗਾਇਨ ਬਹੁਤ ਪ੍ਰਭਾਵਸ਼ਾਲੀ ਰਿਹਾ।

ਫਿਰ ਸ੍ਰੀ ਬਲਜੀਤ ਸਿੰਘ ਦੀ ਤਾਰ ਸ਼ਹਿਨਾਈ ਦੀ ਵਾਰੀ ਆਈ। ਅਸਲ ਵਿਚ ਇਹੋ ਮੁਖ ਆਈਟਮ ਸੀ। ਬਲਜੀਤ ਸਿੰਘ ਜਵਾਨੀ ਵਿਚ ਪੈਰ ਰਖ ਰਿਹਾ ਹੈ। ਇਸ ਨੇ ਪਤਲੇ ਜਿਹੇ ਦਿਲਰੁਬਾ ਨੂੰ ਮੋਢੇ ਲਾ ਜਦੋਂ ਗਜ਼ ਫਿਰਿਆ, ਤਾਂ ਅਜਿਹੀ ਦਰਦਨਾਕ ਸੁਰ ਨਿਕਲੀ ਕਿ ਸਾਰੀ ਸਭਾ ਵਾਹ ! ਕੂਕ ਉਠੀ। ਬਲਜੀਤ ਸਿੰਘ ਨੇ ਰਾਗ ਯਮਨ ਵਿਚ ਆਲਾਪ ਕੀਤਾ ਅਤੇ ਫਿਰ ਜੋੜ ਝਾਲਾ ਆਦਿ ਵਜਾਕੇ ਸਰੋਤਿਆਂ ਦੇ ਦਿਲ ਮੋਹੇ। ਏਧਰ ਬਨਾਰਸ ਘਰਾਣੇ ਦੇ ਪੰ: ਕਿਸ਼ਨ ਮਹਾਰਾਜ ਤੋਂ ਸਿਖਦੇ ਤਬਲਾ ਵਾਦਕ ਸ੍ਰੀ ਸੁਖਵਿੰਦਰ ਸਿੰਘ ਪਿੰਕੀ ਨੇ ਔਖਾਂ ਮਿਲਾ ਮਿਲਾ, ਤਬਲਾ ਵਜਾ ਕੇ ਸਰੋਤੇ ਮੋਹ ਲਏ।

300 ਦੀ ਗਿਣਤੀ ਵਿਚ ਸੰਗੀਤ ਦੇ ਜਗਿਆਸੂਆਂ ਦੇ ਹਿਰਦਿਆਂ ਅਤੇ ਚਿਹਰਿਆਂ ਉੱਤੇ ਇਸ ਜੋੜੀ ਦਾ ਪ੍ਰਭਾਵ ਸੀ। ਸਤਿਗੁਰੂ ਜੀ ਦੇ ਮੁਖ ਮੰਡਲ ਤੇ ਕਿਸ਼ੋਰ ਜੋੜੀ ਦੇ ਕਾਰਜ ਦੀ ਪ੍ਰਸੰਨਤਾ ਖੇਲ ਰਹੀ ਸੀ। ਸਤਿਗੁਰੂ ਜੀ ਨੂੰ ਬੱਚਿਆਂ ਤੇ ਖਰਚ ਕੀਤਾ ਧਨ ਪਦਾਰਥ ਮੁੜ ਆਇਆ ਪ੍ਰਤੀਤ ਹੁੰਦਾ ਸੀ। ਬਾਰ ਬਾਰ ਤਾਲੀਆਂ ਕਲਾਕਾਰਾਂ ਨੂੰ ਉਤਸਾਹਤ ਕਰਦੀਆਂ।

ਤੀਜੀ ਆਈਟਮ ਪਿੰਕੀ ਦਾ ਤਬਲਾ ਸੋਲੋ ਵਾਦਨ ਸੀ। 20 ਮਿੰਟ ਤਕ ਵਜਦੇ ਰਹੇ ਤਬਲੇ ਨੇ ਲਗ ਭਗ ਏਨੀ ਵਾਰ ਹੀ ਤਾਲੀਆਂ ਪ੍ਰਾਪਤ ਕੀਤੀਆਂ। ਜਿਵੇਂ ਛੋਟਾ ਜਿਹਾ ਬਣ ਕੇ ਕਿਸ਼ਨ ਮਹਾਰਾਜ ਹੀ ਵਜਾ ਰਿਹਾ ਸੀ। ਉਹੋ ਅੰਦਾਜ਼, ਉਹੋ ਮਿਜਾਜ਼ !

ਸਤਿਗੁਰੂ ਜੀ ਆਪਣੇ ਬੱਚਿਆਂ ਦੀ ਚੜ੍ਹਦੀ ਕਲਾ ਸੁਹਣੀ ਵਜੇਤ ਅਤੇ ਲੋਕਾਂ ਦੇ ਪਏ ਪਰਭਾਵ ਤੋਂ ਬਹੁਤ ਖੁਸ਼ ਸਨ। ਰਾਤੀ 11 ਵਜੇ ਸੰਗੀਤ ਸਭਾ ਵਿਸਰਜਿਤ ਹੋਈ। ਲੋਕ ਸਤਿਗੁਰੂ ਜੀ ਅਤੇ ਕਲਾਕਾਰਾਂ ਦੀਆਂ ਤਾਰੀਫ਼ਾਂ ਕਰਦੇ ਘਰੀਂ ਪੁੱਜੇ।

ਮੈਨੂੰ ਸਭਾ ਸਮਾਪਤੀ ਤੋਂ ਪਹਿਲਾਂ ਸ੍ਰੀ ਸ਼ੁਕਲਾ ਦੇ ਸਮਾਪਨ ਸ਼ਬਦ ਯਾਦ ਆਏ ਹਨ। ਉਨ੍ਹਾਂ ਕਿਹਾ, ਪਰਮ ਪੂਜਿਆ ਗੁਰਦੇਵ ਜੀ ਨੇ ਆਪਣੇ ਪਤਿਤਪਾਵਨ ਦਰਸ਼ਨਾਂ ਦੇ ਨਾਲ ਨਾਲ ਸੰਗੀਤ ਸਰਿਤਾ ਵਿਚ ਇਸ਼ਨਾਨ ਕਰਨ ਦਾ ਸੁਅਵਸਰ ਵੀ ਦਿਤਾ ਹੈ। ਬੱਚਿਆਂ ਨੂੰ ਵਡਿਆਇਆ ਤੇ ਧਨਵਾਦ ਕੀਤਾ। ਨਾਮਧਾਰੀ ਸੰਗਤ ਦੇ ਪ੍ਰਧਾਨ ਸਤਵੰਤ ਸਿੰਘ ਦੀ



Sri Satguru Jagjit Singh Ji Elibrary NamdhariElibrary@gmail.com

ਰੱਜਵੀਂ ਕ੍ਰਿਤਗਤਾ ਪਰਗਟ ਕੀਤੀ ਜਿਸ ਨੇ ਆਮ ਲੋਕਾਂ ਲਈ ਐਸੀ ਇਕਤਰਤਾ ਦਾ ਸਮਾਂ ਬਣਾਇਆ।

ਉਠਕੇ ਹਾਲ ਤੋਂ ਬਾਹਰ ਆਏ ਤਾਂ ਸ਼ਹਿਰੀਆਂ ਦੇ ਵਖ ਵਖ ਗਰੁਪਾਂ ਨੇ ਸ੍ਰੀ ਸਤਿਗੁਰੂ ਜੀ ਦੀ ਖੁਲ੍ਹੇ ਦਿਲ ਪ੍ਰਸੰਸਾ ਕੀਤੀ ਜਿਨ੍ਹਾਂ ਨੇ ਘਰ ਬੈਠਿਆਂ ਹੀ ਸਵਰਗ ਦਾ ਸੁਖ ਦਖਾ ਦਿਤਾ ਹੈ। ਸਾਡੇ ਲਈ ਭਾਰਤ ਏਥੇ ਹੀ ਬਣ ਗਿਆ।

## 3 ਮਾਰਚ 1983, ਵੀਰਵਾਰ
## ਦਾਰਾਸਲਾਮ, ਮੋਸ਼ੀ, ਅਰੂਸ਼ਾ (ਤਨਜ਼ਾਨੀਆ)

ਅੱਜ ਦਾਰਾਸਲਾਮ ਤੋਂ ਪ੍ਰਸਥਾਨ ਦਾ ਦਿਨ ਹੈ। ਹਜ਼ੂਰੀ ਰਾਗੀਆਂ ਵਲੋਂ ਆਸਾ ਦੀ ਵਾਰ ਦਾ ਸੁਕੀਰਤਨ। 5.45 ਤੋਂਗਾ ਪੈ ਗਿਆ। ਅਜ ਦਾ ਸਾਰਾ ਪ੍ਰੋਗਰਾਮ ਸ੍ਰ. ਮਠਾੜੂ ਦਇਆ ਸਿੰਘ ਦੀ ਕੋਠੀ ਦੇ ਬਾਹਰਵਾਰ ਸੀ। ਪਰਵੇਸ਼ ਪਾਰਕ ਵਿਚ ਹਵਨ ਹੋ ਰਿਹਾ ਸੀ। ਏਥੇ ਵੀ ਇਕ ਅਨੰਦ ਕਾਰਜ ਹੋਣਾ ਹੈ। ਰਾਤ ਦੇ ਅਨੇਰ੍ਹੇ ਵਿਚ ਹਵਨ ਕੁੰਡ ਵਿਚ ਪੈਂਦੇ ਘਿਉ ਦੇ ਭੜਕੇ ਅਤੇ ਜਲ ਦੇ ਛਿੱਟੇ ਨਾਲ ਹਵਨ ਕਰਨ ਵਾਲਿਆਂ ਦੀਆਂ ਆਕ੍ਰਿਤੀਆਂ ਸਪਸ਼ਟ-ਅਸਪਸ਼ਟ ਹੁੰਦੀਆਂ ਰਹੀਆਂ। ਮੈਂ ਅੱਗ ਦੇ ਗੁਰਬਾਣੀ ਪੜਦੇ ਸੱਜਣ ਪਛਾਣਦਾ ਹਾਂ : ਸੰਤ ਤਰਸੇਮ ਸਿੰਘ ਹਜ਼ੂਰੀ ਸੱਕਤਰ, ਹਜ਼ੂਰੀ ਸੇਵਕ ਸ੍ਰੀ ਬਲਦੇਵ ਸਿੰਘ, ਗੁਰੂ ਕਾ ਖਜ਼ਾਨਚੀ ਸੰਤ ਮਹਿੰਦਰ ਸਿੰਘ ਪੁਰਬਾ, ਸੰਤ ਪ੍ਰੀਤਮ ਸਿੰਘ ਮਠਾੜੂ, ਜਥੇਦਾਰ ਸੇਵਾ ਸਿੰਘ ਜਗਾਧਰੀ, ਵਿਰਸਾ ਸਿੰਘ ਭੁਲਕਈਆ ਅਤੇ ਸੰਤ ਗੁਲਜ਼ਾਰ ਸਿੰਘ ਦਮਦਮਾ।

ਅਤੇ ਪੂਰਬੀ ਅਸਮਾਨ ਵਿਚ ਲਾਲੀ ਸੰਗਦੀ ਸੰਗਦੀ ਆ ਰਹੀ ਸੀ ਕਿ, ਦਇਆ ਸਿੰਘ ਦੇ ਛੋਟੇ ਸਪੁੱਤਰ ਅਜਿੰਦਰ ਸਿੰਘ ਅਤੇ ਇਕ ਗੁਜਰਾਤਨ ਬੀਬੀ ਕਮਲਜੀਤ ਕੌਰ ਦੇ ਹਵਨ ਕੁੰਡ ਅਤੇ ਵੇਦੀ ਵਿਚਾਲੇ ਫੇਰੇ ਹੋਣ ਲਗ ਪਏ।

ਇਹਨਾਂ ਬੱਚਿਆਂ ਲਈ ਮੰਗਲ ਕੀਤੀ ਹੋਈ ਸੀ। ਸਤਿਗੁਰੂ ਜੀ ਨੇ ਇਸਨੂੰ ਬਾਕਾਇਦਾ ਅਨੰਦ ਕਰਕੇ ਮਰਿਆਦਾ ਵਿਚ ਲੈ ਆਂਦਾ। 6.16 ਵਜੇ ਜਦੋਂ ਅਨੰਦ ਕਾਰਜ ਤੇ ਆਸਾ ਦੀ ਵਾਰ ਦੀ ਅਰਦਾਸ ਹੋਈ ਤਾਂ ਬੀਬੀ ਕਮਲਜੀਤ ਸਾਧ ਸੰਗਤ ਦੀ ਸੇਵਾ ਵਿਚ ਜੁੱਟ ਪਈ। ਸ਼ਹਿਰਨਾਂ ਬੀਬੀਆਂ ਇਸ ਮਰਿਆਦਾ ਨਾਲ ਹੁੰਦਾ ਵਿਆਹ ਵੇਖਣ ਆਈਆਂ ਹੀ ਸਨ ਪਰ ਆਉਂਦਿਆਂ ਨੂੰ ਦੁਨੀਆਂ ਦਾ ਰੰਗ-ਢੰਗ ਹੀ ਬਦਲਿਆ ਮਿਲਾ ਸੀ।

### ਖੁਸ਼ੀਆਂ ਸ੍ਰ. ਪਾਲਕੇ ਨੂੰ

ਪ੍ਰਸਾਦ ਛਕ ਕੇ ਜਾਂ ਮੈਂ ਆਪਣੇ ਸਥਾਨ ਵੱਲ ਜਾਣ ਲਗਾ ਤਾਂ ਸਤਿਗੁਰੂ ਜੀ ਮੈਨੂੰ ਬੀਹੀ ਵਿਚ ਨਜ਼ਰ ਪਏ। ਕੁਝ ਸਿੰਘ ਆਪ ਜੀ ਦੇ ਗਿਰਦ ਸਨ : ਦਇਆ ਸਿੰਘ, ਸ੍ਰ. ਸਰਵਣ ਸਿੰਘ ਜੀ ਪ੍ਰਧਾਨ ਸੰਗਤ ਨੈਰੋਬੀ, ਸ੍ਰ. ਸਤਵੰਤ ਸਿੰਘ ਤਨਜ਼ਾਨੀਆਂ ਦੇ ਪ੍ਰਧਾਨ, ਸੰਤ ਤਰਸੇਮ ਸਿੰਘ, ਸੰਤ ਮਹਿੰਦਰ ਸਿੰਘ ਪੁਰਬਾ। ਸਤਿਗੁਰੂ ਜੀ ਸ੍ਰ. ਸਤਵੰਤ ਸਿੰਘ ਦੇ ਪਿਤਾ ਸੰਤ ਮਹਿੰਦਰ ਸਿੰਘ ਪਾਲਕੇ ਨੂੰ ਵੇਖਕੇ ਉਸਦੀ ਪ੍ਰਸੰਸਾ ਕਰਦੇ ਸਨ। ਸ੍ਰ. ਪਾਲਕੇ ਅੱਜ ਖੁਲ੍ਹੇ ਦਾੜ੍ਹੇ ਅਤੇ ਨਾਮਧਾਰੀਆਂ ਵਰਗੀ ਦਸਤਾਰ ਬੰਨ੍ਹ ਕੇ ਆਏ ਸਨ। ਵੇਸ ਭੂਸਾ ਵੀ



Sri Satguru Jagjit Singh Ji Elibrary NamdhariElibrary@gmail.com

ਨਾਮਧਾਰੀਆਂ ਵਾਲੀ ਸੀ, ਖਚਨ ਕੀਤਾ: ਮੈਨੂੰ ਬਹੁਤ ਖੁਸ਼ੀ ਹੋਈ ਹੈ ਕਿ ਹੁਣ ਤੁਸਾਂ ਖਾਣਾ-ਪੀਣਾ (ਮਾਸ ਸ਼ਰਾਬ) ਵੀ ਤਿਆਗ ਦਿਤਾ ਏ। ਇਸ ਤਰਾਂ ਬੜੇ ਚੰਗੇ ਲਗਦੇਂ ਓ ! ਅਤੇ ਸ੍ਰ. ਮਹਿੰਦਰ ਸਿੰਘ ਰਜੂ ਕੀਆਂ ਖੁਸ਼ੀਆਂ ਨਾਲ ਖੀਵਾ ਹੋਈ ਜਾ ਉਛਲਿਆ। ਸਤਿਗੁਰੂ ਜੀ ਨਿਵਾਸ ਕਮਰੇ ਨੂੰ ਚਲੇ ਗਏ।

## ਸਿਖ ਕਾਊਂਸਲ ਦੀ ਬਿਲਡਿੰਗ

ਹਰ ਕੋਈ ਆਪਣਾ ਸਮਾਨ ਬੰਨ੍ਹ-ਬਨ੍ਹਾ ਰਿਹਾ ਸੀ। ਹੁਣ ਕਿਸੇ ਮੌਕੇ ਵੀ ਇਸ ਸੁੰਦਰ ਕੋਠੀ ਤੋਂ ਵਿਦਾ ਹੀ ਲੈਣੀ ਸੀ। ਘਰ ਪਰਵਾਰ ਦੇ ਜੀਆਂ ਨੂੰ ਖੁਸ਼ੀਆਂ ਬਖਸ਼ ਕੇ ਸਤਿਗੁਰੂ ਜੀ ਦੀ ਕਾਰ 7.30 ਵਜੇ ਸਵੇਰ ਦੇ ਏਅਰ ਪੋਰਟ ਤੇ ਪਹੁੰਚਣ ਲਈ ਨਿਕਲ ਤੁਰੀ। ਪਰ ਪਿਛੇ ਪਿਛੇ ਹੋਰ ਗੱਡੀਆਂ ਦਾ ਕਾਫਲਾ ਵੀ ਸੀ, ਜਿਨ੍ਹਾਂ ਵਿਚ ਦਾਰਾ ਸਲਾਮ ਦੇ ਦਰਸ਼ਨ ਪ੍ਰੇਮੀ, ਨੈਰੋਬੀ ਦੀ ਸੰਗਤ ਅਤੇ ਸਤਿਗੁਰੂ ਜੀ ਦੇ ਅਤੇ ਨਾਲ ਦੇ ਵਿਅਕਤੀ ਸਨ। 10 ਕੁ ਮਿੰਟ ਦੇ ਵਕਫੇ ਪਿਛੋਂ ਇਕ ਨਵੀਂ ਤਿਆਰ ਹੋ ਰਹੀ ਬਿਲਡਿੰਗ ਪਾਸ ਗੱਡੀਆਂ ਰੁਕੀਆਂ। ਇਹ ਜਗਾਹ ਸੀ ਸਿਖ ਕਾਊਂਸਲ ਆਫ਼ ਤਨਜ਼ਾਨੀਆ ਦੀ। ਸ. ਮਹਿੰਦਰ ਸਿੰਘ ਪਾਲਕੇ, ਸ. ਪਿਆਰਾ ਸਿੰਘ ਅਤੇ ਇਸ ਸੰਸਥਾ ਦੇ ਸਕੱਤਰ ਸ. ਸ਼ੇਰ ਸਿੰਘ ਨੇ ਸੱਚੇ ਪਾਤਸ਼ਾਹ ਦਾ ਭਰਪੂਰ ਸੁਆਗਤ ਕੀਤਾ। ਸਕੱਤਰ ਸ਼ੇਰ ਸਿੰਘ ਨੇ ਮੋਹ ਭਰੇ ਹਿਰਦੇ ਨਾਲ ਜੀਉ ਆਇਆਂ ਕਹਿੰਦਿਆਂ ਆਖਿਆ : ਸੱਚੇ ਪਾਤਸ਼ਾਹ ਇਹ ਸਥਾਨ ਆਪ ਜੀ ਦਾ ਹੀ ਹੈ। ਜਦੋਂ ਆਪ ਅਗਲੀ ਵਾਰ ਤਨਜ਼ਾਨੀਆ ਆਓਗੇ। ਇਹ ਬਿਲਡਿੰਗ ਆਪ ਜੀ ਦੀ ਸੇਵਾ ਵਿਚ ਹਾਜ਼ਰ ਹੋਵੇਗੀ।

ਸ. ਪਿਆਰਾ ਸਿੰਘ ਤੇ ਸ. ਤਿਰਲੋਚਨ ਸਿੰਘ ਨੇ ਨਾਲ ਹੋਕੇ ਸ੍ਰੀ ਸਤਿਗੁਰੂ ਜੀ ਨੂੰ ਸਾਰੀ ਅਧੂਰੀ ਬਿਲਡਿੰਗ ਅਤੇ ਤਿਆਰ ਹੋ ਚੁਕਾ ਹਾਲ ਵਖਾਇਆ। ਸਤਿਗੁਰੂ ਜੀ ਨੇ ਪੂਰੀ ਪੂਰੀ ਦਿਲਚਸਪੀ ਲਈ ਅਤੇ ਇਸ ਬਾਰੇ ਹੋਰ ਪੁਛ ਗਿਛ ਵੀ ਕੀਤੀ। ਉਨਾਂ ਬੜੀ ਖੁਸ਼ੀ ਨਾਲ ਦਸਿਆ ਕਿ ਕਾਊਂਸਲ ਦਾ ਤੇਜ਼ਨਾਲੋ ਅਸਲੋ ਕਾਰਕਾਰੀ ਹੋਵੇਗਾ। ਅਤੇ ਇਸ ਵਿਚ ਖੇਡਣ ਦੀਆਂ ਸਹੂਲਤਾਂ ਵੀ ਹੋਣਗੀਆਂ। ਸਤਿਗੁਰੂ ਜੀ ਨੇ ਸਭ ਕੁਛ ਸੁਣ ਕੇ ਸਿੰਘਾਂ ਨੂੰ ਥਾਪੀ ਦਿਤੀ।

(ਸਕੱਤਰ) ਗਿਆਨੀ ਸ਼ੇਰ ਸਿੰਘ ਨੇ ਸੰਖੇਪ ਵਿਚ ਦੱਸਿਆ ਕਿ ਇਹ ਜਗਾਹ 1914 ਦੀ ਜੰਗ ਵਿਚ ਸ਼ਾਮਲ ਹੋਣ ਲਈ ਭਾਰਤੀ ਅਤੇ ਸਿਖ ਰਜਮੈਂਟਸ ਦਾ ਰਿਹਾਇਸ਼ੀ ਕੈਂਪ ਸੀ। ਫਿਰ ਇਸ ਨੂੰ ਦਾਰਾਸਲਾਮ ਦੇ ਸਿੰਘਾਂ ਨੇ ਖਰੀਦ ਕੇ ਗੁਰਦੁਆਰਾ ਬਣਾਇਆ ਅਤੇ ਹੁਣ ਇਹੋ ਖਰੀਦ ਕੇ ਸਿੱਖ ਕਾਊਂਸਲ ਦੇ ਤੌਰ ਤੇ ਸਥਾਪਤ ਕੀਤੀ ਗਈ ਹੈ। ਇਹ ਸਾਰਾ ਉੱਦਮ ਸ. ਮਹਿੰਦਰ ਸਿੰਘ ਪਾਲਕੇ ਦਾ ਹੈ। ਬਸ, ਮੁਕੰਮਲ ਹੋਣ ਤੇ ਆਪ ਜੀ ਦੇ ਸਿਖਾਂ ਦੇ ਕੰਮ ਆਵੇਗੀ।

ਇਸੇ ਦੌਰਾਨ ਸ. ਪਾਲਕੇ ਨੇ ਉੱਦਮ ਕਰਕੇ ਆਪਣੇ ਸਾਥੀਆਂ ਸ. ਪਿਆਰਾ ਸਿੰਘ ਤੇ ਸ. ਤ੍ਰਿਲੋਚਨ ਸਿੰਘ ਨੂੰ ਵੀ ਜਨਕ ਦਸਣਾ ਦਿਤਾ।



Sri Satguru Jagjit Singh Ji Elibrary NamdhariElibrary@gmail.com

ਚਲੋ ਜੀ ਮੋਬੀ ਨੂੰ

ਮੈਨੂੰ ਸ. ਨਰਿੰਦਰ ਸਿੰਘ ਸਕੱਤਰ ਨਾਮਧਾਰੀ ਸੰਗਤ ਤਨਜ਼ਾਨੀਆਂ ਨੇ ਦੱਸਿਆ : ਸਤਿਗੁਰਾਂ ਦੀ ਵਿਸੇਸ਼ ਕਿਰਪਾ ਹੋਈ ਲਗਦੀ ਹੈ। ਕਦੇ ਇੰਜ ਹੋਇਆ ਨਹੀਂ ਕਿ ਸਵੇਰ ਦੀ ਫਲਾਈਟ ਵਿਚ ਰਾਤੀਂ ਆਖਿਆਂ ਹੀ ਟਿਕਟ ਮਿਲ ਜਾਏ ਪਰ ਸ਼ਾਇਦ ਸਤਿਗੁਰੂ ਜੀ ਦੀ ਏਨੀ ਸਵੇਰੇ ਜਾਣ ਦੀ ਇੱਛਾ ਨਾਲ ਹੀ ਇਹ ਹੋ ਗਿਆ ਕਿ ਸਾਰੀਆਂ 35 ਜਣਿਆਂ ਦੀਆਂ ਟਿਕਟਾਂ ਓ. ਕੇ. ਹੋ ਗਈਆਂ। ਅੱਜ ਤਾਂ ਜਿਵੇਂ ਸਾਰਾ ਜਹਾਜ਼ ਹੀ ਸਾਡੇ ਲਈ ਖਾਲੀ ਸੀ।

ਏਅਰ ਪੋਰਟ ਤੇ ਅਸੀਂ ਸਵੇਰੇ 6 ਵਜੇ ਪਹੁੰਚ ਗਏ। ਸੁ. ਦਇਆ ਸਿੰਘ ਮਠਾੜੂ, ਸੁ. ਮਹਿੰਦਰ ਸਿੰਘ ਪਾਲਰੇ, ਸੁ. ਕਿਰਪਾਲ ਸਿੰਘ, ਗਿਆਨੀ ਕੇਵਲ ਸਿੰਘ, ਸੁ. ਜੋਗਿੰਦਰ ਸਿੰਘ, ਸੁ. ਗੁਰਦੇਵ ਸਿੰਘ ਸੇਠੀ, ਸੁ. ਮੋਤਾ ਸਿੰਘ ਠੇਠੀ, ਸੁ. ਇੰਦਰ ਸਿੰਘ ਠੇਠੀ, ਸੰਤ ਕਿਰਪਾਲ ਸਿੰਘ, ਸੁ. ਅਮਰ ਸਿੰਘ ਆਦਿ ਅਨੇਕਾਂ ਸਿੰਘ ਅਤੇ ਇਨ੍ਹਾਂ ਦੇ ਘਰੋਂ ਪਤਨੀਆਂ, ਹੋਰ ਬਹੁਤ ਸਾਰੀਆਂ ਬੀਬੀਆਂ ਸ੍ਰੀ ਹਜ਼ੂਰ ਨੂੰ ਪੋਰਟ ਤਕ ਵਿਦਾ ਕਰਨ ਆਈਆਂ। ਸੁ. ਸਤਵੰਤ ਸਿੰਘ, ਸੁ. ਨਰਿੰਦਰ ਸਿੰਘ ਅਤੇ ਸੁ. ਅਜਿੰਦਰ ਸਿੰਘ ਆਦਿ ਤੱਜ ਨੱਠ ਵਿਚ ਵਿਅਸਤ ਸਨ ਤਾਕਿ ਦੀਨ ਦਿਆਲ ਅਤੇ ਨਾਲ ਜਾਣ ਵਾਲਿਆਂ ਨੂੰ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਲ ਪੇਸ਼ ਨ ਆਏ। ਰੰਗੀਨ ਪਹਿਰਾਵੇ ਵਾਲਿਆਂ ਵਿਚ 35-40 ਸਫੈਦ ਬਸਤਰੀ ਨਾਮਧਾਰੀ ਕਲੀਆਂ ਵਾਂਗੂ ਚਟਕ ਰਹੇ ਸਨ।

ਵਿਦਾ ਕਰਨ ਵਾਲੇ ਅਤੇ ਵਿਦਾ ਹੋਣ ਵਾਲੇ ਮਨ ਪਸੰਦ ਸਜਣਾਂ ਨਾਲ ਵਖ ਵਖ ਕੋਨਿਆਂ ਵਿਚ ਗੱਲਾਂ ਕਰ ਰਹੇ ਸਨ। ਪ੍ਰੇਮ-ਵਿਛੋੜਾ ਪਰੇਸ਼ਾਨ ਕਰ ਰਿਹਾ ਸੀ। ਸਤਿਗੁਰੂ ਜੀ ਦੀ ਜੁਦਾਈ ਦੀ ਗੱਲ ਤਾਂ ਵੱਖਰੀ, ਪਰਸੋਂ ਆਇਆਂ ਨਾਲ ਵੀ ਦੋਸਤੀ ਦਾ ਗੂੜ੍ਹ ਹੋ ਗਿਆ ਸੀ।

ਗਿਆਨੀ ਕੇਵਲ ਸਿੰਘ ਰਾਤ ਵਾਲੇ ਸੰਗੀਤ ਪ੍ਰੋਗਰਾਮ ਤੋਂ ਬੜਾ ਮੁਤਾਸਰ ਸੀ। ਉਸ ਕਿਹਾ ਸਤਿਗੁਰਾਂ ਇਹ ਬਹੁਤ ਹੀ ਕਿਰਪਾ ਕੀਤੀ ਜੁ ਰਾਤੀਂ ਸਭੀ ਕੁੰਜ ਹਾਲ ਵਿਚ ਏਡੇ ਅਛੇ ਕਲਾਕਾਰ ਬੱਚਿਆਂ ਨੂੰ ਸਾਨੂੰ ਸੁਣਨ ਦਾ ਸੁਭਾਗ ਪੈਦਾ ਕੀਤਾ। ਇਹ ਪ੍ਰੋਗਰਾਮ ਏਨਾ ਵਧੀਆ ਹੋਇਆ ਹੈ ਕਿ ਸਾਨੂੰ ਸਾਡੀ ਭਾਵਨਾ ਵਾਲਿਆਂ ਨੂੰ ਵੱਧ ਤੋਂ ਵੱਧ ਮਾਣ ਹੋ ਸਕਦਾ ਹੈ। ਆਮ ਕਰਕੇ ਜਦੋਂ ਕੋਈ ਬੇਸੁਰਾ ਗਾਵੇ ਤਾਂ ਸੰਗੀਤਕਾਰ ਕਹਿ ਉਠਦੇ ਹਨ ਕਲਾਵਾ ਸਿੱਖਾਂ ਵਾਂਗੂ ਗਾਉਂਦਾ ਹੈ। ਪਰ ਇਹਨਾਂ ਬੱਚਿਆਂ ਤਾਂ ਸਿੱਖਾਂ ਦੇ ਮੁਖ ਉਜਲੇ ਕਰ ਦਿਤੇ ਹਨ।

ਗਿਆਨੀ ਕੇਵਲ ਸਿੰਘ ਰੀਟਾਇਰਡ ਫੌਜੀ ਹੈ। ਕਈ ਇਕ ਪੁਸਤਕਾਂ ਦਾ ਲੇਖਕ ਅਤੇ ਪਿਆਰਾ ਇਨਸਾਨ ਹੈ। ਅੱਜ ਇਸਦੇ ਮੂੰਹੋਂ ਸਤਿਗੁਰੂ ਜੀ ਨੂੰ ਯਾਦ ਕਰਦਿਆਂ 'ਸਤਿਗੁਰੂ' ਸ਼ਬਦ ਦੀ ਵਰਤੋਂ ਹੋ ਰਹੀ ਸੀ।

ਠਾਕੁਰ ਦਲੀਪ ਸਿੰਘ ਜੀ ਨੇ ਦਿੱਲੀਓਂ ਦੋ ਚਾਰ ਪਰਚੇ 'ਚੀਕਸੌਂਡ' ਦੇ ਲਿਆਂਦੇ ਹੋਏ ਸਨ। ਉਹਨਾਂ ਵਿਚ ਛਪੀ ਨਾਮਧਾਰੀ ਵਿਦਿਅਕ ਜਥੇ ਦੀ ਹਾਕੀ ਟੀਮ ਦੀ ਖ਼ਬਰ ਉਤਸ਼ਾਹੀ ਸੱਜਣਾਂ ਨੇ ਪੜ੍ਹੀ। 9 ਵਜੇ ਤਕ ਸਤਿਗੁਰੂ ਜੀ ਕਾਰ ਵਿਚ ਬੈਠੇ ਹੀ ਵਿਸ਼ੇਸ਼ ਪ੍ਰੇਮੀਆਂ ਨਾਲ ਬਚਨ ਬਿਲਾਸ ਕਰਦੇ ਰਹੇ। ਬਿਨਾ ਕਿਸੇ ਪੁਛ ਪੜਤਾਲ ਦੇ ਅਸੀਂ ਏਅਰ ਪੋਰਟ ਤੇ ਆ ਗਏ



Sri Satguru Jagjit Singh Ji Elibrary NamdhariElibrary@gmail.com

ਅਤੇ ਸੀਟਾਂ ਮੱਲ ਲਈਆਂ। ਸਾਧ ਸੰਗਤ ਜਹਾਜ਼ ਦੇ ਚਲਣ ਤਕ ਦਰਸ਼ਕ ਗੈਲਰੀ ਵਿਚ ਆਨੰਦ ਵਿਭੋਰ ਖਲੋਤੀ ਰਹੀ। ਸਤਿਗੁਰੂ ਜੀ ਐਨ ਸਮੇਂ ਸਿਰ ਹੀ ਜਹਾਜ਼ ਵਿਚ ਪਧਾਰੇ।

### ਸੰਤ ਖਜ਼ਾਨ ਸਿੰਘ ਦੀ ਇੱਛਾ ਪੂਰਤੀ

ਸੱਚੇ ਪਾਤਸ਼ਾਹ ਜੀ ਨੂੰ ਕੋਲ ਦੀ ਲੰਘਦਿਆਂ ਵੇਖ, ਰੱਬੀ ਰੌਅ ਵਿਚ ਮੇਰੇ ਨਾਲ ਦੀ ਸੀਟ ਤੇ ਬੈਠੇ ਰਾਗੀ ਸੰਤ ਖਜ਼ਾਨ ਸਿੰਘ ਦੇ ਸਤਿਗੁਰੂ ਸਨੇਹ ਦਾ ਜੀਕਰ ਹੜ੍ਹ ਆ ਗਿਆ। ਹੱਥ ਜੋੜ੍ਹ ਕੇ ਬੇਨਤੀ ਕਰੀ ਜਾਵੇ : ਸੱਚੇ ਪਾਤਸ਼ਾਹ, ਐਥੇ ਮੇਰੇ ਕੋਲ ਆਓ। ਆਪ ਜੀ ਵਾਸਤੇ ਇਹ ਸੀਟ ਖਾਲੀ ਰੱਖੀ ਹੈ। ਆਪ ਜੀ ਏਥੇ ਆਓ, ਬੈਠੋ। ਪਰ ਸਤਿਗੁਰੂ ਜੀ ਮੌਜ ਦੇ ਮਾਲਿਕ ਅਗੋਂ ਲੰਘ ਕੇ ਪਹਿਲੇ ਪ੍ਰਾਣੀਆਂ ਪਾਸ ਜਾ ਬੈਠੇ।

ਅਜੇ 5-7 ਮਿੰਟ ਹੀ ਗੁਜ਼ਰੇ ਹੋਣਗੇ ਕਿ ਉਥੇ ਉਠਕੇ ਸਾਡੇ ਅਗੇ ਦੀ ਵਿਚਕਾਰਲੀ ਸੀਟ ਤੇ ਆ ਬੈਠੇ। ਏਥੇ ਸ੍ਰੀ ਬਲਜੀਤ ਅਤੇ ਸ੍ਰੀ ਪਿੰਕੀ ਬੈਠੇ ਸਨ। ਇਆ ਸੁਖ ਕਹਿ ਬਰਨਿਓ ਨਹੀ ਜਾਵਤ। ਕਿਸ਼ੋਰਾਂ ਦੇ ਅੰਦਰ ਤਾਂ ਤੂਫਾਨ ਮਚਲ ਪਏ ਪਰ ਸਤਿਗੁਰੂ ਜੀ ਨੇ ਆਪਣੇ ਰਾਗੀ ਨੂੰ ਨਿਹਾਲ ਕਰਨਾ ਸੀ। ਉਸ ਦੇ ਤਰਲੇ ਨੂੰ ਭਾਗ ਲਾਉਣਾ ਸੀ। ਸਤਿਗੁਰੂ ਜੀ ਨਾਮ ਸਿਮਰਨ ਕਰਦੇ ਜਾਪਦੇ ਸਨ ਕਿਉਂਕਿ ਆਪ ਜੀ ਨੇ ਬਿਨਾ ਕੁਛ ਹੋਰ ਬੋਲਣ ਤੇ ਸੰਤ ਖਜ਼ਾਨ ਸਿੰਘ ਰਾਗੀ ਵਲ ਸ੍ਰੀ ਮੁਖ ਕਰਕੇ ਇਹ ਸ਼ਬਦ ਪੜ੍ਹਨਾ ਸ਼ੁਰੂ ਕਰ ਦਿਤਾ :

*ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ।*
*ਹਰਿ ਅੰਦਰ ਸੁਣੀ ਪੁਕਾਰ ਢਾਢੀ ਮੁਖਿ ਲਾਇਆ।*
*ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ।*
*ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਨਾਮੁ ਧਿਆਇਆ।*
*ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ।2।।*

ਥੋੜੇ ਸ਼ਬਦ, ਬਹੁਤੀ ਗੱਲ। ਥੋੜਾ ਤਰਲਾ, ਬਹੁਤਾ ਰਜੇਵਾਂ ਸਤਿਗੁਰੂ ਜੀ ਤੋਂ ਹੀ ਮਿਲਦਾ ਹੈ। ਸਾਰਾ ਸ਼ਬਦ (ਪਉੜੀ) ਸਿੰਘ ਦੀਆਂ ਅੱਖੀਆਂ ਦੁਆਰਾ ਹਿਰਦੇ ਵਿਚ ਛਾਤੀ ਮਾਰਦਿਆਂ ਪਚ੍ਹ ਕੇ ਸੰਤ ਖਜ਼ਾਨ ਸਿੰਘ ਦੇ ਉਬਾਲ ਨੂੰ ਸ਼ਾਂਤ ਕੀਤਾ। ਅਤੇ ਫਿਰ ਦੂਹਾਂ, ਨਾਲ ਬੈਠੇ ਕਿਸ਼ੋਰ ਕਲਾਕਾਰਾਂ ਨੂੰ ਪਿਆਰਿਆ, ਦੁਲਾਰਿਆ। ਲੰਘਦੇ ਜਾਂਦਿਆਂ ਸਤਿਗੁਰੂ ਜੀ ਨੂੰ ਤਰਲਾ ਇਹਨਾਂ ਵੀ ਮਾਰਿਆ ਸੀ ਕਿ ਦਰਸ਼ਨ ਇਹਨਾਂ ਦੀ ਸੀਟ ਤੇ ਵੀ ਦਿਤੇ ਜਾਣ।

### ਜ਼ਮੀਨ ਆਸਮਾਨ ਦੇ ਵਿਚਾਲੇ

9.30 ਹੋ ਗਏ। ਜਹਾਜ਼ ਨੇ ਰਨਵੇ ਤੇ ਦੌੜਨਾ ਸ਼ੁਰੂ ਕੀਤਾ। ਅਸੀ ਸਾਰੇ ਹੀ ਖੁਸ਼ੀਆਂ ਦੀਆਂ ਝੋਲੀਆਂ ਭਰੀ ਨਿੱਕੇ ਪਰ ਨਿੱਘੇ ਸਫਰ ਵਿਚ ਪੈ ਗਏ। ਜਹਾਜ਼ ਸੀ 737, 5H, AGC, ਫਲਾਈਟ T.C. 380 ਪ੍ਰਤੀ ਵਿਅਕਤੀ ਅਰੂਸ਼ਾ ਤੋ ਦਾਰਸਲਾਮ, ਅਤੇ ਏਥੋਂ ਅਰੂਸ਼ਾ 1700 ਤਨਜ਼ਾਨੀਆ ਸ਼ਿੰਗੇ ਦਾ ਟਿਕਟ !

ਦਿਨ ਨਿਖਰਿਆ ਹੋਇਆ ਸੀ। ਸੱਚੇ ਪਾਤਸ਼ਾਹ ਸਾਡੇ ਨਿਕਟ ਸਨ। ਉਨ੍ਹਾਂ ਦੇ



Sri Satguru Jagjit Singh Ji Elibrary NamdhariElibrary@gmail.com

ਪ੍ਰੀਤਵਾਨ ਸ੍ਰ. ਸਤਵੰਤ ਸਿੰਘ ਪ੍ਰਧਾਨ, ਸ੍ਰ. ਨਰਿੰਦਰ ਸਿੰਘ ਸਕੱਤਰ ਅਤੇ ਸ੍ਰ. ਅਜਿੰਦਰ ਸਿੰਘ ਖਜ਼ਾਨਚੀ ਸਾਡੇ ਨਾਲ ਸਨ। ਬੀਬਾ ਜੀ ਅਤੇ ਹੋਰ ਪੰਜ ਬੀਬੀਆਂ ਵੀ ਨਾਲ ਜਿਨ੍ਹਾਂ ਕੋਲ ਅਸਾਂ ਅਰੂਸ਼ਾ ਵਿਚ ਡੇਰਾ ਡਾਲਨਾ ਸੀ ਉਹ ਸ੍ਰੀ ਬੁਧ ਰਾਮ, ਸ੍ਰੀ ਬੀਰ ਚੰਦ ਤੇ ਸ੍ਰੀ ਲੇਖ ਰਾਮ ਵੀ ਸਾਡੇ ਨਾਲ ਸਨ। ਜਿਨ੍ਹਾਂ ਪਾਸ ਅਸਾਂ ਸਾਰਿਆ ਪ੍ਰਸ਼ਾਦ ਛਕਣਾ ਸੀ, ਉਹ ਸੱਜਣ ਮੋਸ਼ੀ ਨੂੰ ਕਾਰਾ ਦੁਤਾਈ ਪਹਿਲਾਂ ਪਹੁੰਚ ਗਏ ਸਨ।

ਜਹਾਜ਼ ਵਿਚ ਭਾਤਮਾਰੀ, ਕੁਛ ਸਵਾਰੀਆਂ ਸਾਥੋਂ ਬਿਨਾਂ ਵੀ ਸਨ।

ਹਵਾਈ ਉਡਾਣ ਵਿਚ ਵੀ ਸਾਡਾ ਮਨ ਪਿੰਡਾਂਹ ਪਿਛਾਂਹ ਰਹਿਣ ਨੂੰ ਕਰਦਾ ਸੀ। ਪਰ ਨਿੱਤ ਦੇ ਸੈਲਾਨੀ ਆਪਣੇ ਮੋਹ ਦਾ ਵਿਸਤਾਰ ਤੇ ਸੰਕੋਚ ਕਰਨਾ ਜਾਣਦੇ ਹਨ। ਛੇਤੀ ਹੀ ਸੁਰਤੀਆਂ ਸਵਇਅਮ ਵਿਚ ਕੇਂਦਰਤ ਹੋ ਗਈਆਂ।

ਜਹਾਜ਼ ਨੇ ਜਦੋਂ ਦੂਰ ਦਿਸਦੇ ਬੱਦਲਾਂ ਨੂੰ ਚੀਰਨਾ ਸ਼ੁਰੂ ਕੀਤਾ ਤਾਂ ਇਕ ਵਾਰ ਤਾਂ ਸਭ ਕੁਝ ਬੰਦ ਹੋ ਗਿਆ। ਫਿਰ ਜਦੋਂ ਹੋਰ ਉਚੇਰਾ ਹੋਇਆ ਤਾਂ ਹਿਠਾਂਹ ਵੇਖਿਆ, ਲੱਗੇ ਜਿਵੇਂ ਰੂੰ ਦਾ ਬਿਸਤਰ ਵਿਛਿਆ ਹੋਵੇ, ਉਸ ਪਰਮ ਪੁਰਖ ਦੇਵਾਧਿ ਦੇਵ ਦਾ। ਬੱਦਲ ਬਿਸਤਰ ਦੇ ਮਘੋਰਿਆਂ ਵਿਚ ਦੀ ਧਰਤੀ ਤੇ ਝਾਤ ਪੈਂਦੀ ਤਾਂ ਘਾਹ, ਝਾੜੀਆਂ ਜਾਂ ਫੁਟੱਕਰੇ ਰੁਖ। ਅਜੇ ਮੈਂ ਨਾਵਿਙਾ ਹੋਕੇ ਬੈਠਣ ਦੀ ਸੋਚ ਹੀ ਰਿਹਾ ਸਾਂ ਕਿ 10.15 ਮਿੰਟ ਤੇ ਅਸੀਂ ਸ਼ਾਨਦਾਰ ਇੰਟਰ ਨੈਸ਼ਨਲ ਕਿਲਮਿਨਜਾਰੋ ਏਅਰ ਪੋਰਟ ਅਰੂਸ਼ਾ ਵਿਚ ਸਾਂ।

ਸਾਡੇ ਉਤਰਦਿਆਂ ਨੂੰ ਕਿਸੇ ਤਨਜ਼ਾਨੀਆ ਮਨਿਸਟਰ ਦੇ ਸੁਆਗਤ ਲਈ ਅਫਰੀਕਨ ਇਸਤ੍ਰੀ ਪੁਰਸ਼ਾਂ ਦੀਆਂ ਨਜ਼ਰਾਂ ਨਰੀਆਂ ਖਲੀਆਂ ਸਨ। ਹਰੀਆਂ ਪੁਸ਼ਾਕਾਂ ਵਿਚ ਨਰਨਾਰ, ਕੁਝ ਨੱਚਣ ਵਾਲੀਆਂ ਵੀ ਤੇ ਸਕੂਲਾਂ ਦੇ ਬੱਚੇ ਵੀ, ਖੂਬ ਚਹਿਲ ਪਹਿਲ। ਇਹ ਅਸੀਂ ਤਾਂ ਸਤਿਗੁਰੂ ਜੀ ਦਾ ਮੁਤਾਬਕ ਸੁਆਗਤ ਹੀ ਸਮਝਿਆ। ਜਦੋਂ 35 ਜਣੇ ਸਫੈਦ ਅਤੇ ਇਕਸਾਰ ਕਪੜਿਆਂ ਵਾਲੇ ਉਤਰੇ। ਲਗਦਾ ਸੀ ਜਿਵੇਂ ਸਚਮੁਚ ਹੀ ਹਰੀਆਂ ਵਰਦੀਆਂ ਤੇ ਸਫੈਦ ਫੁਲ ਖਿਲੇ ਹੋਣ।

## ਨਦੀ ਕਿਖਾਫੂ ਦੇ ਕੰਢੇ

3 ਵਧੀਆ ਮਾਟਾਡੋਰਾਂ ਅਤੇ 4 ਸੁਹਣੀਆਂ ਸਫੈਦ ਕਾਰਾਂ ਮੋਸ਼ੀ ਜਾਣ ਲਈ ਖਲੋਤੀਆਂ ਸਨ। ਸ੍ਰੀ ਅੰਮ੍ਰਿਤ ਪਾਲ ਦੀ ਸਜਾਈ ਹੋਈ ਸੁੰਦਰ ਕਾਰ ਤੇ ਦੀਨ ਦਿਆਲ ਜੀ ਨੇ ਸਵਾਰੀ ਕੀਤੀ, ਪਿਛੇ ਬਾਕੀ ਗੱਡੀਆਂ ਲਗ ਤੁਰੀਆਂ। ਸਿਰਫ 10 ਮੀਲ ਹੀ ਗਏ ਹੋਵਾਂਗੇ ਕਿ ਸੜਕ ਦੇ ਮੁਕਾਬਲੇ ਕਾਫੀ ਗਹਿਰਾਈ ਵਿਚ ਪੈਂਦੀ ਠੰਢੇ ਪਾਣੀ ਦੀ ਨਦੀ ਨੂੰ ਅਤੇ ਸੜਕ ਦੇ ਨਾਲ ਵਾਲੇ ਹਿਸੇ ਵਿਚ ਚਰਾ ਹੋਰ ਹੇਠਾਂ ਕਰਕੇ ਥੋਹੜ ਦੇ ਨਾਲ ਹੀ ਇਕ ਹੋਰ ਅਫਰੀਕੀ ਕੌੜ ਰੁਖ ਨੇ ਜਿਵੇਂ ਸਤਿਗੁਰਾਂ ਨੂੰ ਆਪਣੀ ਕੁਦਰਤੀ ਦੇਖ ਭੇਟਾ ਕਰਨ ਹਿਤ ਖਿਚ ਲਿਆਂਦਾ। ਰੁੱਖਾਂ ਦੇ ਝੁਰਮਟ ਵਿਚਦੀ ਵਗਦੀ 'ਕਿਖਾਫੂ' (ਟੇਕਰੀ) ਨਦੀ ਦੇ ਠੰਢੇ ਪਾਣੀ ਨੇ ਅਗੇ ਜਾਣੋਂ ਰੋਕ ਦਿਤਾ। ਬਹੁਤੀਆਂ ਗੱਡੀਆਂ ਅਗੇ ਲੰਘ ਗਈਆਂ ਪਰ ਸਤਿਗੁਰੂ ਜੀ ਦੀ ਕਾਰ ਤੇ ਦੋ ਹੋਰ ਕਾਰਾਂ ਓਥੇ ਹੀ ਰੁਕ ਗਈਆਂ। ਸ੍ਰੀ ਸਤਿਗੁਰੂ ਜੀ ਸਿੱਧੇ ਹੀ ਨਦੀ ਜਲ ਤਕ ਜਾ ਉਤਰੇ। ਪਾਣੀ ਨੂੰ ਛੂਹ ਛੂਹ ਅਤੀ ਪ੍ਰਸੰਨ ਹੋਏ। ਕੁਦਰਤ ਦੀ ਇਸ ਕਰਾਮਾਤ ਦਾ ਅਨੰਦ ਲੁਟਣ ਹਿਤ ਮੈਨੂੰ ਵੀ ਆਵਾਜ਼ ਮਾਰੀ ਗਈ। ਆਪਣੇ ਸਕੱਤਰ ਸੰਤ



Sri Satguru Jagjit Singh Ji Elibrary NamdhariElibrary@gmail.com

ਤਰਸੇਮ ਸਿੰਘ ਨਾਲ ਔਜ ਸਤਿਗੁਰੂ ਜੀ ਬੜੀ ਮੌਜ ਤੇ ਪਿਆਰ ਨਾਲ ਚੋਹਲ ਕਰ ਰਹੇ ਸਨ। ਠਾਕੁਰ ਦਲੀਪ ਸਿੰਘ ਜੀ ਇਹਨਾਂ ਨੂੰ ਅਤੇ ਨੇੜੇ ਦੇ ਹੋਰ ਕੁਦਰਤੀ ਦ੍ਰਿਸ਼ਾ ਨੂੰ ਕੈਮਰਾ ਬੰਦ ਕਰ ਰਹੇ ਸਨ।

ਪੂਰੀ ਤਰ੍ਹਾਂ ਸੰਤੁਸ਼ਟ ਹੋ, ਨਦੀ ਕਿਸ਼ਪੂ ਤੋਂ 12 ਵਜੇ ਚਲ ਕੇ 12.20 ਤੇ ਸ੍ਰੀ ਸਤਿਗੁਰੂ ਜੀ ਅਤੇ ਤਿਨ ਗਡੀਆਂ ਦੀਆਂ ਸਵਾਰੀਆਂ ਸ਼ਹਿਰ ਮੋਸ਼ੀ ਵਿਚ ਪਹੁੰਚ ਗਈਆਂ। ਰਾਹ ਵਿਚ ਅਸਾਂ ਸਾਂਝੀ ਮਿਹਨਤ ਕਰਨ ਵਾਲੇ ਕਿਸਾਨ ਵੀ ਵੇਖੇ, ਉਹ ਕੋਈ ਗੀਤ ਗਾਉਂਦੇ, ਕਹੀਆਂ ਮੋਢੇ ਤੇ ਰੱਖੀ ਸ਼ਹਿਰ ਵਲ ਪਰਤ ਰਹੇ ਸਨ। ਉਨ੍ਹਾਂ ਦੇ ਪਿੰਡੇ ਨੰਗੇ ਪੂੰਜੇ ਅਤੇ ਚਿਹਰਿਆਂ ਤੇ ਪ੍ਰਸੰਨਤਾ ਦਾ ਭਾਵ ਸੀ।

## ਮੋਸ਼ੀ ਵਿਚ ਉਤਾਰਾ

ਏਥੇ ਸ੍ਰ. ਕਰਮ ਸਿੰਘ ਦੇ ਬੰਗਲੇ ਵਿਚ ਮੋਸ਼ੀ ਵਿਖੇ ਸਤਿਗੁਰੂ ਜੀ ਨੇ ਉਤਾਰਾ ਕੀਤਾ। ਸੁੰਦਰ ਅਤੇ ਖੁਲ੍ਹਾ ਉਚਾ ਬੰਗਲਾ ਔਜ ਸਤਿਗੁਰਾਂ ਦੀ ਆਮਦ ਨਾਲ ਜਿਵੇਂ ਖਿੜ ਉਠਿਆ ਹੋਵੇ। ਹਰ ਕਮਰੇ ਵਿਚ ਸਤਿਗੁਰੂ ਜੀ ਦੇ ਨਾਲ ਆਏ ਸਿੰਘਾਂ ਦਾ ਨਿਵਾਸ ਸੀ। ਸੱਚੇ ਪਾਤਸ਼ਾਹ ਪਹਿਲਾਂ ਮੁਖ ਹਾਲ ਵਿਚ ਸਜੇ ਹੋਏ ਸੋਫੇ ਤੇ ਬੈਠੇ। ਏਥੇ ਗੁਰੂ ਕੀ ਇੰਤਜ਼ਾਰ ਵਿਚ ਦਰਜਨ ਭਰ ਪਤਵੰਤੇ ਪਹਿਲਾਂ ਹੀ ਬੈਠੇ ਹੋਏ ਸਨ। ਇਹ ਸਤਿਗੁਰਾਂ ਦੇ ਚਰਨਾਂ ਵਿਚ ਸਿਰ ਝੁਕਾਅ ਧੰਨ ਧੰਨ ਹੋ ਰਹੇ ਸਨ। 15 ਕੁ ਮਿੰਟ ਸੰਗਤ ਨਾਲ ਬੈਠੇ ਆਪ ਆਰਾਮ ਲਈ ਪਰਮ ਇਕਾਂਤ ਹੋ ਗਏ।

ਘਰ ਵਿਚ ਭੋਜਨ ਤਿਆਰ ਸੀ। ਘਰ ਵਾਲੀ ਬੀਬੀ ਅਤੇ ਮੋਸ਼ੀ ਦੀਆਂ ਹੋਰ ਬੀਬੀਆਂ ਲੰਗਰ ਤਿਆਰ ਕਰ ਲਿਆ ਸੀ। ਅਸੀ ਸਾਰੇ ਹੀ ਭੋਜਨ (ਪ੍ਰਸਾਦ) ਛਕਣ ਲਗੇ।

ਇਸ ਬੰਗਲੇ ਵਿਚ ਸ੍ਰ. ਕਰਮ ਸਿੰਘ ਅਤੇ ਉਹਦੀ ਛੋਟੀ ਨੂੰਹ ਹੀ ਰਹਿੰਦੇ ਹਨ। ਛੋਟੇ ਲੜਕੇ ਸ੍ਰ. ਇਕਬਾਲ ਸਿੰਘ ਨੇ ਭਜਨ ਪੁਛਿਆ ਹੋਇਆ ਹੈ, ਪਰ ਕੁਸੰਗਤ ਦੇ ਚੱਕਰ ਵਿਚ ਪੈ ਮੁੜ ਮਾਸ ਸ਼ਰਾਬ ਦੇ ਚੱਕਰ ਵਿਚ ਪੈ ਗਿਆ ਸੀ। ਸਤਿਗੁਰੂ ਜੀ ਨਾਲ ਕੀਤੇ ਬਚਨ ਤੋਂ ਉਖੜ ਗਿਆ। ਅਜੇ ਮਾਸ ਦੀ ਪਹਿਲੀ ਬੋਟੀ ਹੀ ਮੂੰਹ ਵਿਚ ਪਾਈ ਸੀ ਕਿ ਬੋਟੀ ਹੱਡੀ ਆਂਤੜੀਆਂ ਵਿਚ ਫਸ ਗਈ। ਇਕਬਾਲ ਸਿੰਘ ਮਰਨਾਊ ਹੋ ਗਿਆ। ਹਸਪਤਾਲ ਲੈ ਗਏ। ਔਖੇ ਵੇਲੇ ਦਾ ਪਾਸ਼ ਚੇਤੇ ਆਇਆ। ਸਤਿਗੁਰੂ ਜੀ ਨੂੰ ਪੁਕਾਰ ਕੀਤੀ। ਹੱਡੀ ਦਾ ਟੁਕੜਾ ਨਿਕਲ ਆਇਆ। ਆਂਤੜੀਆਂ ਨੂੰ ਆਰਾਮ ਆਗਿਆ।

## ਸ੍ਰ. ਕਰਮ ਸਿੰਘ ਕਰਮਾਂ ਦਾ ਧਨੀ

ਸ੍ਰ. ਕਰਮ ਸਿੰਘ ਦਾ ਇਹ ਇਕਬਾਲ ਸਿੰਘ 6½ ਫੁਟਾ ਜੁਆਨ ਸੀ। ਦਰਸ਼ਨ ਕੀਤੇ ਭੁਖ ਲੱਥਦੀ ਸੀ। ਡੇਢ ਸਾਲ ਪਹਿਲਾਂ ਇਕ ਦੁਖਾਂਤ ਵਾਪਰ ਗਿਆ। ਸ੍ਰ. ਇਕਬਾਲ ਸਿੰਘ ਨਿਤ ਵਾਂਗ ਸੈਰ ਕਰਨ ਨਿਕਲਿਆ, ਅਚਾਨਕ ਚਕਰ ਖਾ ਕੇ ਡਿਗ ਪਿਆ। ਅਤੇ ਸਰੀਰ ਸ਼ਾਂਤ ਹੋ ਗਿਆ। ਅਜਿਹੀ ਭਰਜੋਬਨ ਜਵਾਨੀ ਵਿਚ ਪੁੱਤ ਦਾ ਇਉਂ ਮੌਤ ਨੂੰ ਪਿਆਰਾ ਹੋ ਜਾਣਾ ਸ੍ਰ. ਕਰਮ ਸਿੰਘ ਦਾ ਲੱਕ ਤੋੜ ਗਿਆ। ਸ੍ਰ. ਇਕਬਾਲ ਸਿੰਘ ਦੀ ਸੁੰਦਰ ਜੁਆਨ ਪਤਨੀ ਕੋਲ ਸੰਤਾਨ ਵਜੋਂ ਇਕ ਲੜਕੀ ਅਤੇ ਦੋ ਪੁਤਰ ਹਨ। ਵੱਡਾ ਜਸਬੀਰ ਸਿੰਘ (15)



Sri Satguru Jagjit Singh Ji Elibrary NamdhariElibrary@gmail.com

ਛੋਟਾ ਬਲਰਾਜ ਸਿੰਘ (12)। ਪਰ ਅਜੇ ਸ੍ਰ. ਕਰਮ ਸਿੰਘ ਨੂੰ ਕਰਮਾਂ ਨੇ ਹੋਰ ਹਾਰ ਦੇਣੀ ਸੀ। ਇਕਬਾਲ ਸਿੰਘ ਦਾ ਵੱਡਾ ਭਰਾ ਸ੍ਰ. ਦਰਸ਼ਨ ਸਿੰਘ ਵਲਾਇਤੋ ਕੰਮ ਛੱਡ ਕੇ ਆਇਆ। ਇਸ ਦੇ ਘਰ ਇਕ ਗੋਰੀ ਸੀ ਵਲਾਇਤਣ। ਇਕਬਾਲ ਸਿੰਘ ਪਰਵਾਰ ਤੇ ਪਿਤਾ ਨੂੰ ਧੀਰਜ ਧਰਵਾਸ ਦਿੰਦਿਆਂ ਅਤੇ ਕਾਰੋਬਾਰ ਨੂੰ ਸੰਭਾਲਦਿਆਂ ਅਜੇ ਸਾਲ ਵੀ ਨਹੀਂ ਸੀ ਹੋਇਆ ਕਿ ਸਰਦਾਰ ਦਰਸ਼ਨ ਸਿੰਘ ਰਾਤ ਨੂੰ ਸੁੱਤਾ ਸੁੱਤਾ ਸਦਾ ਦੀ ਨੀਂਦੇ ਸੌਂ ਗਿਆ। ਸਵੇਰੇ ਉਠਕੇ ਸਸਕਾਰ ਹੀ ਕਰਨਾ ਪਿਆ। ਉਸਦੀ ਵਲਾਇਤਨ ਪਤਨੀ ਵਲਾਇਤ ਨੂੰ ਪਰਤ ਗਈ। ਉਸਦਾ ਹੁਣ ਇਸ ਘਰ ਨਾਲ ਕੋਈ ਲਾਗਾ ਦੇਗਾ ਨਹੀਂ।

ਸ੍ਰ. ਕਰਮ ਸਿੰਘ ਅਤੇ ਉਹਦੀ ਛੋਟੀ ਨੂੰਹ ਬੱਚਿਆਂ ਸਮੇਤ ਇਸ ਵਿਸ਼ਾਲ ਬੰਗਲੇ ਵਿਚ ਰਹਿੰਦੇ ਹਨ। ਵੱਡਾ ਲੜਕਾ ਜਸਬੀਰ ਸਿੰਘ ਪਲ ਪਲ ਚੀਕਾਂ ਮਾਰਦਾ ਹੈ, ਇਹ ਕੋਈ ਬਿਮਾਰੀ ਹੈ, ਕੁਝ ਰੋਖਤਿਆ ਹੋਇਆ ਨਹੀਂ।

ਇਕ ਦੌਜਿਆ ਤੇ ਸ੍ਰੀ ਸਤਿਗੁਰੂ ਜੀ ਨੇ ਸਿੱਖਾਂ ਦੇ ਘਰੀ ਅਤੇ ਫੈਕਟਰੀਆਂ ਵਿਚ ਚਰਨ ਪਾਉਣ ਹਿਤ ਬੰਗਲਾ ਤਿਆਗਿਆ। ਸਤਿਗੁਰੂ ਜੀ ਨੇ ਪਰਵਾਰਾਂ ਵਿਚ ਅੰਮ੍ਰਿਤ ਵੇਲੇ ਦਾ ਜਾਗਣਾ, ਸਕੇਸ ਇਸ਼ਨਾਨ ਕਰਨਾ, ਭਜਨ ਕਰਨਾ, ਬਾਣੀ ਪੜ੍ਹਨੀ ਤੇ ਇਕ ਘੰਟਾ ਦਿਨੇ ਭਜਨ ਕਰਨਾ ਜ਼ਰੂਰੀ ਦੱਸਿਆ। ਮਾਸ ਸ਼ਰਾਬ ਆਦਿ ਦਾ ਤਿਆਗ, ਦਾਜ ਦਖ ਪਹੁੰਚਾਂ ਨਾਲ ਦੱਸਕੇ ਉਪਦੇਸ਼ ਕੀਤਾ। ਸਤਿਗੁਰੂ ਜੀ ਨਾਲ ਨਿੱਜੀ ਸੇਵਕਾਂ ਤੋਂ ਇਲਾਵਾ ਸੰਗਤ ਦੇ ਪ੍ਰਧਾਨ ਅਤੇ ਸਕੱਤਰ ਵੀ ਸਨ।

ਸਭ ਤੋਂ ਪਹਿਲੇ ਨਾਮਧਾਰੀ ਸੰਗਤ ਦੇ ਪ੍ਰਧਾਨ ਸ੍ਰ. ਸਤਵੰਤ ਸਿੰਘ ਦੇ ਕਾਰਖਾਨੇ ਚਰਨ ਪਾਏ, ਜਿਥੇ ਰੋਜ਼ਾਨਾ 3000 ਮੀਟਰ ਰੈਕਸੀਨ ਬਣਦੀ ਹੈ। ਅਜੇ ਇਸ ਵਿਚ ਦੋ ਯੂਨਿਟ ਹੀ ਕੰਮ ਕਰਦੇ ਹਨ। ਕਾਰਖਾਨੇ ਦਾ ਨਾਮ ਹੈ ਪਲਾਸਟੀਕੋਟ ਲਿਮਟਿਡ। ਸਤਵੰਤ ਸਿੰਘ ਨੇ ਨਾਲ ਹੋਕੇ ਸ੍ਰੀ ਸਤਿਗੁਰੂ ਜੀ ਨੂੰ ਫੈਕਟਰੀ ਵਖਾਈ ਅਤੇ 10 ਮੀਟਰ ਰੈਕਸੀਨ ਭੇਟਾ ਟੇਕੀ। ਇਸ ਫੈਕਟਰੀ ਦੇ ਮੁਲਾਜ਼ਮ ਸ੍ਰ. ਮੋਹਰ ਸਿੰਘ ਨੇ ਆਪਣੀ ਰਿਹਾਇਸ਼ ਵਿਚ ਚਰਨ ਵੀ ਪਵਾਏ। ਭਜਨ ਪੁਛਕੇ ਸਿੱਖ ਬਣਿਆ। ਸਰਦਾਰ ਪਹਿਲਾਂ ਮਹਾਰਾਜੇ ਪਟਿਆਲੇ ਦਾ ਡਰਾਈਵਰ ਸੀ।

ਫਿਰ ਮੋਗੀ ਵਿਚ ਸ੍ਰ. ਦਲਜੀਤ ਸਿੰਘ ਦੇ ਘਰ ਚਰਨ ਪਾਏ। ਇਸ ਪਰਵਾਰ ਨੂੰ ਨਿਵਾਜ ਇਸਦੇ ਭਰਾ ਹਰਬੰਸ ਸਿੰਘ ਅਤੇ ਬੀਬੀ ਕੁਲਵੰਤ ਕੌਰ ਦੇ ਘਰ ਨੂੰ ਨਿਵਾਜਿਆ। ਫਿਰ ਸ੍ਰ. ਕਰਮ ਸਿੰਘ ਮਠਾੜੂ ਦੀ ਫੈਕਟਰੀ ਤੇ ਕਿਰਪਾ ਕੀਤੀ, ਜਿਥੇ ਉਸ ਨੇ ਆਪਣੇ ਪੋਤਰੇ ਜਸਬੀਰ ਸਿੰਘ ਤੇ ਕਿਰਪਾ ਕਰਨ ਦੀ ਬੇਨਤੀ ਕੀਤੀ। ਸ੍ਰ. ਕੁਲਮੀਤ ਸਿੰਘ ਦੇ ਘਰ ਚਰਨ ਪਾਏ ਜਿਥੇ ਦੋਹਾਂ ਜੀਆਂ, ਦੋਹਾਂ ਲੜਕਿਆਂ ਅਤੇ ਇਕ ਲੜਕੀ ਨੇ ਭਜਨ ਪੁਛਿਆ। ਮਾਸ ਸ਼ਰਾਬ ਤੋਂ ਤੋਬਾ ਕੀਤੀ। ਭਜਨ ਇਹਨਾਂ 1981 ਵਿਚ ਵੀ ਪੁਛਿਆ ਸੀ, ਪਰ ਬਾਅਦ ਵਿਚ ਕੁਝ ਕਮਜ਼ੋਰੀ ਆ ਗਈ ਸੀ।

ਏਥੋਂ ਹੀ ਸ੍ਰ. ਮਲਕੀਅਤ ਸਿੰਘ ਆਪਣੇ ਘਰ ਲੈ ਗਿਆ। ਇਹ ਪਰਵਾਰ ਬਹੁਤ ਪ੍ਰੇਮੀ ਸੀ, ਪਰ ਇਸਦਾ ਏਨਾ ਮੋਹ ਹੀ ਮਾਸ ਸ਼ਰਾਬ ਨਾਲ ਹੈ। ਸਤਿਗੁਰੂ ਜੀ ਵੀ ਬੜੇ ਮੌਜੀ ਹਨ। ਜਿਤੁ ਦੁਆਰੇ ਉਥਰੇ ਤਿਤੇ ਲੋਕ੍ਰ ਉਧਾਰਾਂ ਅਨੁਸਾਰ, ਆਪ ਨੇ ਇਕ ਸੌਦਾ ਕਰ ਲਿਆ। ਮੰਗਲ, ਵੀਰ, ਸ਼ੁਕਰ, ਸ਼ਨੀ ਅਤੇ ਐਤਵਾਰ ਮਾਸ ਸ਼ਰਾਬ ਨਹੀ ਵਰਤਣਾ ਦੂਜੀ



Sri Satguru Jagjit Singh Ji Elibrary NamdhariElibrary@gmail.com

ਵਾਰ ਦੇ ਦੌਰੇ ਤਕ। ਪ੍ਰੰਤੂ ਇਸਤਰੀ ਮੈਂਬਰਾਂ ਪੂਰਾ ਪਰਹੇਜ਼ ਮੰਨ ਲਿਆ।

**ਮੁੜ ਅਰੂਸ਼ੇ ਵਿਖੇ**

2.15 ਤਕ ਸੰਬੰਧਤ ਘਰਾਂ ਫੈਕਟਰੀਆਂ ਵਿਚ ਚਰਨ ਪਾਉਂਦੇ, ਮਾਸ ਸ਼ਰਾਬ ਛੁਡਾਉਂਦੇ, ਦਰਸ਼ਨ ਦਿੰਦੇ ਹੋਏ ਸਤਿਗੁਰੂ ਜੀ ਵਾਪਸ ਸ੍ਰ. ਕਰਮ ਸਿੰਘ ਦੇ ਬੰਗਲੇ ਆਏ। 45 ਮਿੰਟਾਂ ਵਿਚ 50 ਮੀਲ ਸਫਰ ਕਰਕੇ ਮੋਸ਼ੀਓਂ ਤੋਂ ਮੁੜ ਅਰੂਸ਼ਾ ਆ ਦਰਸ਼ਨ ਦਿਤੇ। ਸ੍ਰੀ ਤਰਸੇਮ ਲਾਲ ਤੇ ਸ੍ਰੀ ਅੰਮ੍ਰਿਤਪਾਲ ਦੀਆਂ ਗੱਡੀਆਂ ਨੇ ਹੀ ਇਹ ਮਾਅਰਕਾ ਮਾਰਿਆ। ਹੁਣ ਦੀਨ ਦਿਆਲ ਜੀ ਤੇ ਸਾਰੀ ਸੰਗਤ ਨੇ ਸ੍ਰੀ ਬੀਰ ਚੰਦ ਜੀ ਦੇ ਬੰਗਲੇ ਆਰਾਮ ਕੀਤਾ। ਸ੍ਰੀ ਬੁਧ ਰਾਮ, ਸ੍ਰੀ ਬੀਰਚੰਦ ਅਤੇ ਸ੍ਰੀ ਲੇਖ ਰਾਮ ਤਿੰਨਾ ਭਰਾਵਾਂ ਦੇ ਪਰਵਾਰ ਲੰਗਰ, ਬਸਤਰ ਧੋਣ ਅਤੇ ਹੋਰ ਸੇਵਾ ਕਾਰਜਾਂ ਵਿਚ ਜੁਟ ਗਏ। ਸਾਧ ਸੰਗਤ ਦੀ ਸੇਵਾ ਹਿਤ ਇਨ੍ਹਾਂ ਕੁਝ ਵੀ ਲੁਕਾ ਕੇ ਨ ਰਖਿਆ।

ਸ਼ਾਮ ਦੇ ਦੀਵਾਨ ਦੀ ਤਿਆਰੀ ਆਰੀਆ ਸਮਾਜ ਦੇ ਹਾਲ ਵਿਚ ਕੀਤੀ ਗਈ। ਖੁਲ੍ਹਾ ਚੌੜਾ, ਸਾਦ ਮੁਰਾਦਾ, ਅਤੇ ਰੌਸ਼ਨੀਆਂ ਨਾਲ ਬਣਾਇਆ ਗਿਆ ਬੇਹੱਦ ਹਾਲ ਹੈ, ਇਸ ਵਿਚ ਥਾਂ ਥਾਂ 'ਓਮ' ਦੀਆਂ ਤਖ਼ਤੀਆਂ ਨਜ਼ਰ ਪੈ ਰਹੀਆਂ ਹਨ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੰਤ ਮਹਿੰਦਰ ਸਿੰਘ ਪੁਰਖਾ ਦੁਆਰਾ 6 ਵਜੇ ਨਾਮ ਸਿਮਰਨ ਦੀ ਅਰਦਾਸ ਹੋ ਗਈ। ਸ੍ਰੀ ਲੇਖ ਰਾਮ ਅਤੇ ਸ੍ਰ. ਸਵਰਨ ਸਿੰਘ ਤੇ ਚੋਣਵੇਂ ਭਾਰਤੀ ਪਰਵਾਰਾਂ ਘਰ ਸੁਨੇਹਾ ਭੇਜ ਛਡਿਆ ਸੀ ਸੋ 160 ਤੋਂ ਕੁਝ ਵਧ ਇਸਤਰੀ ਪੁਰਸ਼ ਏਥੇ ਜੁੜ ਬੈਠੇ ਸਨ। ਸ੍ਰੀ ਗੁਰੂ ਸਿੰਘ ਸਭਾ ਅਤੇ ਇਕ ਦੂਜੇ ਗੁਰਦੁਆਰੇ ਦੇ ਭਾਈ ਕਰਨੈਲ ਸਿੰਘ ਅਤੇ ਭਾਈ ਗੁਰਦੇਵ ਸਿੰਘ ਸਰੋਤਿਆਂ ਵਿਚ ਵਿਸ਼ੇਸ਼ ਦਿਖ ਵਾਲੇ ਸਨ। ਇਕ ਘੰਟੇ ਦੇ ਸਮੂਹਿਕ ਨਾਮ ਸਿਮਰਨ ਉਪਰੰਤ ਹਜ਼ੂਰੀ ਰਾਗੀਆਂ ਨੇ ਕੀਰਤਨ ਦਾ ਰੰਗ ਬੰਨ੍ਹਿਆ। ਟੇਕ ਸੀ : ਧੰਨ ਉਹਿ ਪ੍ਰੀਤਿ ਚਰਨ ਸੰਗਿ ਲਾਗੀ। ਕੀਰਤਨ ਨੂੰ ਸਤਿਗੁਰੂ ਜੀ ਨੇ ਮਾਸਟਰੋਸ ਵਿਚ ਤਰਬ ਵਾਦਨ ਕਰਕੇ ਅਨੰਦ ਮਈ ਕਰ ਦਿਤਾ। ਸਭਨਾਂ ਦੇ ਧਿਆਨ ਕੇਂਦਰ ਸ੍ਰੀ ਸਤਿਗੁਰੂ ਜੀ ਹੀ ਸਨ।

7.45 ਵਜੇ ਕੀਰਤਨ ਦੀ ਸਮਾਪਤੀ ਅਰਦਾਸ ਹੋਈ ਤਾਂ ਗੁਰੂ ਕੀ ਹਜ਼ੂਰੀ ਵਿਚ ਹੀ ਜਥੇਦਾਰ ਸੇਵਾ ਸਿੰਘ ਜਗਾਧਰੀ ਦਾ ਕੀਰਤਨ ਸ਼ੁਰੂ ਹੋ ਗਿਆ। ਹੱਲੇ ਦਾ ਦੀਵਾਨ ਹੋਰ ਵੀ ਰੌਣਕੀਲਾ ਬਣਾਨ ਲਈ ਸੰਤ ਖਜ਼ਾਨ ਸਿੰਘ ਰਾਗੀ ਨੇ ਢੋਲਕੀ ਤੇ ਬਲਜੀਤ ਸਿੰਘ ਨੇ ਤਾਰ ਸ਼ਹਿਨਾਈ ਫੜ ਲਈ। ਜਥੇਦਾਰ ਜੀ ਨੇ ਧਾਰਨਾ ਲਈ : ਮੇਰਾ ਮਨ ਡੋਲਨ ਤੋਂ ਰੱਖ ਲਵੇ, ਮੈਂ ਹੱਥ ਜੋੜ ਕਰਾਂ ਬੇਨਤੀ। ਸੇਵਾ ਸਿੰਘ ਜੀ ਨੇ ਅਰੂੜ ਸਿੰਘ ਭਾਣੇ ਪਿੰਡੀਏ ਅਤੇ ਘਟਨਾ ਦੀ ਸਾਖੀ ਸੁਣਾਂਦਿਆਂ ਤਰਜ਼ ਹੋਰ ਬਦਲੀ : ਕਰ ਕਿਰਪਾ ਮੇਰੇ ਰਾਮ ਵਿਛੜੇ ਜਨਮਾਂ ਦੇ। ਤਕੜੀ ਆਵਾਜ਼, ਭਾਵਨਾ ਭਰਿਆ ਹਿਰਦਾ, ਗੁਰਬਾਣੀ, ਗੁਰ ਇਤਿਹਾਸ ਦੇ ਗੁਰਮਤ ਰੂਪੀ ਪ੍ਰਮਾਣ, ਸਭ ਕਾਸੇ ਨੇ ਹੀ ਵਾਤਾਵਰਣ ਭਗਤੀ ਭਰਿਆ ਬਣਾ ਦਿਤਾ ਸਤਿਗੁਰੂ ਜੀ ਦੀ ਪ੍ਰਸੰਨਤਾ ਦੀ ਅੰਤ ਹੱਦ ਨਹੀਂ ਸੀ। ਜਥੇਦਾਰ ਸੇਵਾ ਸਿੰਘ ਜੀ ਨੇ ਆਪਣਾ ਕੀਰਤਨ ਅਤੇ ਵਿਆਖਿਆ ਬੜੀ ਪੁਆਇੰਟ ਤੇ ਕੀਤੀ ਅਰਥਾਤ ਇਕੋ ਨੁਕਤੇ ਵੱਲ ਸੇਧਤ ਰਖੀ। 9.30 ਵਜੇ ਦੀਵਾਨ ਦਾ ਭੋਗ ਪੈ ਗਿਆ।



Sri Satguru Jagjit Singh Ji Elibrary NamdhariElibrary@gmail.com

### ਦੀਨ ਦਿਆਲ ਜੀ ਇਕ ਦਿਨ ਹੋਰ ਠਹਿਰੇ

ਸ੍ਰੀ ਧੀਰ ਚੰਦ ਦੀ ਕੋਠੀ ਗਿਆਂ, ਵੇਖਿਆ ਉਸਦੇ ਚਾਵਾਂ ਵਿਚ ਵੀ ਜਵਾਰ ਆਇਆ ਹੋਇਆ ਸੀ। ਜਾ ਮੈਂ ਪ੍ਰਸਾਦ ਛਕ ਕੇ ਛੋਟੇ ਵਿਹੜੇ ਵਿਚ ਗਿਆ ਤਾਂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਸ੍ਰੀ ਬੁਧ ਰਾਮ, ਸ੍ਰੀ ਧੀਰ ਚੰਦ ਅਤੇ ਸ੍ਰੀ ਲੇਖ ਰਾਮ ਬੇਨਤੀ ਕਰ ਰਹੇ ਸਨ ਕਿ ਜਿਵੇਂ ਕਿਵੇਂ ਉਨ੍ਹਾਂ ਨੂੰ ਕੱਲ੍ਹ ਦਾ ਦਿਨ ਵੀ ਦਰਸ਼ਨ ਦਿਤੇ ਜਾਣ। ਪਰਵਾਰਾਂ ਦੇ ਜੀ ਵੀ ਪ੍ਰਾਰਥਨਾ ਰੂਪ ਵਿਚ ਕੋਲ ਹੱਥ ਜੋੜੀ ਖੜੇ ਸਨ। ਤਨਜ਼ਾਨੀਆ ਦੀ ਸੰਗਤ ਦੇ ਪ੍ਰਧਾਨ ਸਤਵੰਤ ਸਿੰਘ, ਸਕੱਤਰ ਨਰਿੰਦਰ ਸਿੰਘ, ਖਜ਼ਾਨਚੀ ਅਜਿੰਦਰ ਸਿੰਘ ਨੇ ਵੀ ਅਰੂਸ਼ਾ ਦੀ ਸੰਗਤ ਦੀ ਬੇਨਤੀ ਮੰਨਣ ਲਈ ਤਰਲਾ ਲਿਆ।

ਸਤਿਗੁਰੂ ਜੀ ਨੇ ਬੇਨਤੀ ਪਰਵਾਨ ਕਰ ਲਈ।

ਬਸ ਫਿਰ ਜਿਵੇਂ ਖੁਸ਼ੀਆਂ ਦੇ ਫੁਹਾਰੇ ਛੁਟ ਪਏ। ਸਾਧ ਸੰਗਤ ਅਤੇ ਗੁਰ ਸਿਖ ਇਸੇ ਲਈ ਧੰਨਤਾ ਯੋਗ ਹੁੰਦੇ ਹਨ ਕਿ ਜਦੋਂ ਘਰਾਂ ਵਿਚ ਦੇ ਰੋਗ ਦੇ ਪ੍ਰਾਹੁਣਿਆਂ ਤੋਂ ਵੀ ਕਈ ਵਾਰ ਛਿਥੇ ਪੈ ਜਾਈਦਾ ਹੈ ਤਦੋਂ ਏਥੇ ਸਤਿਗੁਰੂ ਜੀ ਨੂੰ ਤਰਲੇ ਲਏ ਜਾਂਦੇ ਹਨ ਕਿ ਇਕ ਦਿਨ ਹੋਰ ਦਰਸ਼ਨ ਦਿਤੇ ਜਾਣ।

### ਸਿਖਾਣ ਦਾ ਢੰਗ

ਸੁਖਵਿੰਦਰ ਸਿੰਘ ਪਿੰਕੀ, ਬਲਜੀਤ ਸਿੰਘ, ਹਰਬੰਸ ਸਿੰਘ ਘੁੱਲਾ ਤੇ ਸੰਤ ਖਜ਼ਾਨ ਸਿੰਘ ਰਾਗੀ ਉਤੇ ਸਤਿਗੁਰੂ ਜੀ ਵਿਸ਼ੇਸ਼ ਦਇਆਲੂ ਹਨ। ਕਾਫ਼ੀ ਸਮਾ ਇਨਾਂ ਨਾਲ ਵਿਨੋਦ ਵਾਰਤਾ ਹੁੰਦੀ ਰਹੀ। ਅੰਤ ਉਤੇ ਸੰਤ ਘੁੱਲੇ ਨੂੰ ਸਮਝਾਇਆ ਗਿਆ ਕਿ ਅਨੰਦ ਨੂੰ ਇਸਤਰਾਂ ਪੜ੍ਹਿਆ ਕਿ ਉਹ ਨਾ ਤਾਂ ਹਰਕਤੀ ਦਾ ਪ੍ਰਭਾਵ ਦੇਵੇ ਤੇ ਨਾ ਹੀ ਚਿਲਕਿਆ ਲਗੇ। ਇਕਸਾਰਤਾ ਕਾਇਮ ਰਹਿਣੀ ਚਾਹੀਦੀ ਹੈ।

ਸ੍ਰੀ ਧੀਰ ਚੰਦ ਦੇ ਲੜਕੇ ਸ੍ਰੀ ਅੰਮ੍ਰਿਤਪਾਲ ਨੂੰ ਸਤਿਗੁਰੂ ਜੀ ਨੇ ਸਿਖਿਆ ਦਿਤੀ ਕਿ ਉਹ ਅੱਗੇ ਨੂੰ ਤੁਰੇ ਨਾ ਕਿ ਪਿਛੇ ਨੂੰ ਜਾਏ। ਸਿੱਖੀ ਨੂੰ ਪ੍ਰਫੁਲਤ ਰਖਣਾ ਹੈ। ਸਿੱਖੀ ਦਾ ਆਦਰਸ਼ ਵਾਕ ਹੈ : ਆਗਾਹਾ ਕੂ ਤ੍ਰਾਘ ਪਿਛਾ ਫੇਰਿ ਨ ਮੁਹਡੜਾ। ਨਾਨਕ ਸਿਝ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ। ਸਤਿਗੁਰੂ ਜੀ ਨੇ ਕਿਸੇ ਬਾਬੇ ਦੀ ਤਸਵੀਰ ਕਾਰ ਵਿਚ ਰਖੀ ਦੇਖ ਕੇ ਬਚਨ ਕੀਤਾ : ਅੰਮ੍ਰਿਤਪਾਲ ਦੁਚਿਤੀ ਵਿਚ ਨਾ ਰਹੁ। ਇਕੋ ਪਾਸਾ ਫੜ। ਮਨ ਨੂੰ ਟਿਕਾਣੇ ਰਖ। ਦੁਬਿਧਾ ਵਿਚ ਦੋਵੇਂ ਹੀ ਚਲੇ ਜਾਂਦੇ ਹਨ, ਨ ਮਾਇਆ ਮਿਲਦੀ ਹੈ ਨ ਰਾਮ।

ਸ਼ਾਇਦ ਇਸੇ ਕਾਰਨ ਸਤਿਗੁਰੂ ਜੀ ਨੇ ਸੁਨੇਹਾ ਭੇਜਿਆ ਸੀ ਕਿ ਸਾਨੂੰ ਅੰਮ੍ਰਿਤਪਾਲ ਲੈਣ ਆਵੇ ਏਅਰਪੋਰਟ ਤੇ। ਅੰਮ੍ਰਿਤਪਾਲ ਅਜਿਹਾ ਆਇਆ ਕਿ ਫਿਰ ਇਕ ਚਿਤ ਹੋਕੇ ਸਾਰਾ ਸਮਾ ਬੋਲ ਰਿਹਾ।

ਏਥੇ ਖਲੋਤੇ ਖਲੋਤੇ ਸ੍ਰ. ਸਵਰਨ ਸਿੰਘ ਠੇਕੇਦਾਰ ਆ ਗਿਆ। ਨਮਸਕਾਰ ਕਰਕੇ ਅਰਜ਼ ਕੀਤੀਓ ਸੂ, ਦੀਨ ਦਿਆਲ ! ਸਾਡੇ ਘਰ ਚਰਨ ਪਾਓ।

"ਤੂੰ ਮਾਸ ਸ਼ਰਾਬ ਛੱਡ ਦੇ, ਤੇਰੇ ਵਲ ਚਲੇ ਚਲਦੇ ਹਾਂ।"

"ਜੀ ਮੈਂ ਹੁਣ ਤੋਂ ਪਿਛੋਂ ਫਿਰ ਨਹੀ ਵਰਤਾਂਗਾ।"



Sri Satguru Jagjit Singh Ji Elibrary NamdhariElibrary@gmail.com

ਸਕੱਤਰ : "ਇਹ ਇਕਰਾਰ ਤਾਂ ਸਰਦਾਰ ਜੀ ਆਪ ਨੇ ਪਿਛਲੇ ਦੌਰੇ ਵੀ ਕੀਤਾ ਸੀ!"

ਪ੍ਰਧਾਨ : "ਇਹਦੇ ਇਕਰਾਰ ਮੇਰੇ ਪਿਤਾ ਜੀ ਵਰਗੇ ਹਨ।"

ਸਤਿਗੁਰੂ ਜੀ ਹੱਸਕੇ : "ਸਤਵੰਤ ਕਿਸੇ ਨੂੰ ਵੀ ਮਾਫ਼ ਨਹੀਂ ਕਰਦਾ !"

ਅੰਤ ਸ. ਸਵਰਨ ਸਿੰਘ ਨੇ ਪੂਰੀ ਤਰ੍ਹਾਂ ਨਾ ਖਾਣ ਪੀਣ ਦਾ ਪ੍ਰਣ ਕਰਕੇ ਸਤਿਗੁਰੂ ਜੀ ਨੂੰ ਮਨਾ ਹੀ ਲਿਆ।

ਸਤਿਗੁਰੂ ਜੀ ਨੇ ਤਨਜ਼ਾਨੀਆ ਦੀ ਨਾਮਧਾਰੀ ਸੰਗਤ ਦੇ ਪ੍ਰਧਾਨ, ਸਕੱਤਰ, ਖਜ਼ਾਨਚੀ ਨੂੰ ਖੁਸ਼ੀਆਂ ਬਖਸ਼ਕੇ ਆਪ ਜੀ 10.30 ਵਜੇ ਆਪਣੇ ਕਮਰੇ ਨੂੰ ਆਰਾਮ ਲਈ ਹੋਏ।

## 4 ਮਾਰਚ 1983, ਸ਼ੁਕਰਵਾਰ
## ਅਰੂਸ਼ਾ (ਤਨਜ਼ਾਨੀਆ)

ਸ੍ਰੀ ਬੀਰ ਚੰਦ ਦੇ ਬੰਗਲੇ ਵਿਚ ਸਵੇਰੇ ਸ੍ਰੀ ਸਤਿਗੁਰੂ ਜੀ ਨੇ ਦਿਲਰੁਬਾ ਸਹਿਤ ਅਗਵਾਈ ਨਾਲ ਆਸਾ ਦੀ ਵਾਰ ਦਾ ਰਸ ਤਿੰਨਾ ਕੀਰਤਨ ਰਾਗੀਆਂ ਨਾਲ ਕੀਤਾ।

ਇਸ ਸਮੇ ਤਿੰਨ ਦਿਲਰੁਬਾ ਵਜ ਰਹੇ ਸਨ। ਠਾਕੁਰ ਦਲੀਪ ਸਿੰਘ ਜੀ ਹਰਮੋਨੀਅਮ ਵਜਾਂਦਿਆਂ ਸਲੋਕਾਂ ਵਿਚ ਸਾਥ ਦਿੰਦੇ। ਸੰਤ ਖਜ਼ਾਨ ਸਿੰਘ ਅਤੇ ਪਿੰਕੀ ਦੇ ਤਬਲੇ ਦੀ ਸੰਗਤ ਨੂੰ 50 ਸਰੀਰਾਂ ਸਰੋਤਿਆਂ ਆਨੰਦ ਨਾਲ ਸੁਣਿਆ। ਦਿਨ ਦੇ ਚਾਨਣ ਵਿਚ ਬੰਗਲੇ ਦੇ ਇਕ ਪਾਸੇ ਉਚੀ ਪਹਾੜੀ, ਦੂਜੇ ਪਾਸੇ ਸੁਹਾਵਣੀ ਫੁਲਵਾੜ ਚਮਕ ਉਠੇ। ਅਰੂਸ਼ਾ ਵਿਚ ਠੰਢ ਹੈ, ਸੁਖਾਵਾਂ ਮੌਸਮ ਪਰ ਦਾਰਾਸਲਾਮ ਵਿਚ ਅੱਗ ਵਰ੍ਹਣ ਵਰਗਾ ਮੌਸਮ ਰਿਹਾ। 6.50 ਤਕ ਵਾਰ ਦਾ ਭੋਗ ਪੈ ਗਿਆ।

### ਉੱਭੀ ਦੀ ਦਸਤਾਰ ਸਿੱਧੀ

ਅੱਜ ਸ੍ਰੀ ਸਤਿਗੁਰੂ ਜੀ ਨੇ ਨੈਰੋਬੀ ਦੇ ਇਕ ਨੌਜਵਾਨ ਸ. ਬਲਵਿੰਦਰ ਸਿੰਘ ਉੱਭੀ ਨੂੰ ਪ੍ਰੇਮ ਡੋਰ ਦੇ ਕਾਬੂ ਕਰ ਲਿਆ। ਇਸ ਯੁਵਕ ਨੇ ਪਿਛਲੇ ਨੈਰੋਬੀ ਦੌਰੇ ਸਮੇ ਆਪਣੀ ਪਿਕ ਅੱਪ (ਗੱਡੀ ਦਾ ਨਾਂ) ਨਾਲ, ਜਿਸੇ ਲਈ ਸੇਵਾ ਨੂੰ ਬੜੇ ਉਤਸ਼ਾਹ ਉਮਾਹ ਨਾਲ ਸਰੰਜਾਮ ਦਿਤਾ ਸੀ। ਸਤਿਗੁਰੂ ਜੀ ਨੇ ਅੱਜ ਇਸ ਨੂੰ ਦਸਤਾਰ ਸਿੱਧੀ ਕਰਨ ਲਈ ਆਖਿਆ ਅਤੇ ਆਪ ਹੀ ਉਸਦੀ ਟੇਢੀ ਪੱਗ ਫੇਰ ਕੇ ਸਿੱਧੀ ਕਰ ਦਿਤੀ। ਇਸ ਨੇ ਪਰਵਾਨ ਕਰ ਲਈ। ਸਤਿਗੁਰੂ ਜੀ ਨੇ ਖੁਸ਼ੀਆਂ ਦੇ ਖਜ਼ਾਨੇ ਖੋਲ੍ਹ ਦਿਤੇ।

ਕੱਲ੍ਹ ਸ੍ਰੀ ਬੁਧਰਾਮ-ਬੀਰਚੰਦ-ਲੇਖਰਾਜ ਤਰਫਾਂ ਦੀ, ਇਕ ਦਿਨ ਅਰੂਸ਼ੇ ਹੋਰ ਰਹਿਣ ਦੀ ਬੇਨਤੀ ਨੂੰ ਪਰਵਾਨ ਕੀਤਾ ਗਿਆ ਸੀ। ਅੱਜ ਘਰੀ ਚਰਨ ਪਾਉਣ ਨਾਲ ਇਹ ਦਿਨ ਸਫਲ ਹੋਇਆ। 7-30 ਵਜੇ ਸਵੇਰੇ 3-4 ਕਾਰਾਂ ਤੇ ਸ੍ਰੀ ਸਤਿਗੁਰੂ ਜੀ ਅਤੇ ਜਿਵਟੀ ਸੇਵਕਾਂ ਨਾਲ, ਨਾਲ ਹੀ ਤਨਜ਼ਾਨੀਆਂ ਸੰਗਤ ਦੇ ਮੁਖੀ ਸਜਣ ਨਾਲ ਲੈਕੇ ਸੰਗਤ ਦੇ ਘਰੀ ਚਰਨ ਪਾਉਣ ਚੱਲੇ।

ਸਭ ਤੋਂ ਪਹਿਲਾਂ ਸ੍ਰੀ ਬੁਧਰਾਮ ਤੇ ਕਿਰਪਾ ਹੋਈ। ਇਹ ਪਰਵਾਰ ਗੁਰੂ ਦਰਸ਼ਨਾਂ ਦੇ ਚਾਉ ਵਿਚ ਸਤਕ ਤੋਂ ਹੀ ਬਸਤਰ ਵਿਛਾ ਕੇ ਆਪਣੇ ਘਰ ਤਕ ਲੈ ਗਿਆ। ਕਪੜਾ



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਦੇ ਸੁਆਗਤ ਹਿਤ ਵਿਛੇ ਬਿਸਤਰ ਤਕ ਗਿਆ। ਜੋ ਸਤਿਗੁਰੂ ਜੀ ਆਸਣ ਸਥਿਤ ਹੋਏ ਤਾਂ ਇਸ ਸੇਵਕ ਅਤੇ ਪਰਿਵਾਰ ਨੇ ਖੁੱਲ੍ਹੇ ਦਿਲ ਭੇਟਾ ਧਰਕੇ ਮੱਥਾ ਟੇਕਿਆ। ਬੁਧਰਾਮ ਜੀ ਦਾ ਸਾਰਾ ਪਰਵਾਰ ਨਿਜੀ ਨਿਤਨੇਮ ਤੋਂ ਇਲਾਵਾ ਇਕ ਘੰਟਾ ਮਿਲਕੇ ਭਜਨ ਕਰਦਾ ਹੈ।

ਘਰ ਵਿਚ ਇਸਤਰੀ ਮੈਂਬਰਾਂ ਤੋਂ ਇਲਾਵਾ ਕੇਵਲ ਵੱਡਾ ਲੜਕਾ ਸ੍ਰੀ ਮਹਿੰਦਰ ਹੀ ਮੌਜੂਦ ਸੀ। ਮਹਿੰਦਰ ਪਤਨੀ ਨੇ ਜਦੋਂ ਬੱਚੇ ਨੂੰ ਮੱਥਾ ਟਿਕਾਇਆ ਤਾਂ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ ਇਸ ਬੱਚੇ ਦੇ ਕੇਸ ਨਹੀ ਕਟਾਣੇ। ਇਸਨੂੰ ਸਿਖ ਸਜਾਣਾ ਹੈ। ਪਰਵਾਰ ਨੇ ਸਿਰ ਨਿਵਾ ਕੇ 'ਸਤਿਬਚਨ ਜੀ' ਆਖਿਆ। ਇਹ ਬੱਚਾ ਇਹਨਾਂ ਸਤਿਗੁਰਾਂ ਪਾਸੋਂ ਹੀ ਮੰਗਿਆ ਗਿਆ ਸੀ। ਜਦੋਂ ਸਤਿਗੁਰੂ [illegible] 1981 ਵਿਚ ਅਬੋਹਰ ਪਧਾਰੇ ਸਨ ਓਦੋਂ ਹੀ ਬੱਚੇ ਦੀ ਦਾਤ ਮੰਗੀ ਗਈ ਸੀ। ਉਸ ਸਮੇਂ ਦੀਵਾਨ ਵਿਚ ਅਰਦਾਸ ਕਰਕੇ ਕੇ, ਵਾਹੀ ਮਾਲਾ ਪੌੜੀਆਂ ਅਤੇ ਇਕ ਭਗਉਤੀ ਦੀ ਮਾਲਾ ਫੇਰਨ ਦੀ ਆਗਿਆ ਹੋਈ ਸੀ। ਬੱਚਾ ਪ੍ਰਾਪਤ ਕਰਕੇ ਸਾਰਾ ਪਰਵਾਰ ਹੀ ਬੜਾ ਸੰਤੁਸ਼ਟ ਹੋਇਆ।

ਫਿਰ ਦੀਨਦਿਆਲ ਜੀ ਬੁਧਰਾਮ ਜੀ ਦੇ ਛੋਟੇ ਭਾਈ ਸ੍ਰੀ ਬੀਰਚੰਦ ਦੇ ਰਿਹਾਇਸ਼ੀ ਘਰ ਪਧਾਰੇ। ਜਿਉਂ ਹੀ ਸ੍ਰੀ ਸਤਿਗੁਰੂ ਜੀ ਸੁਸ਼ੋਭਤ ਗਲੀਚੇ ਤੇ ਬਿਰਾਜਮਾਨ ਹੋਏ, ਨਮਸਕਾਰ ਵਜੋਂ ਇਸ ਵੀ ਦਿਲ ਖੋਹਲ ਕੇ ਭੇਟਾ ਧਰੀ। ਉਸੇ ਤਰ੍ਹਾਂ ਪਰਵਾਰ ਨੇ ਭੇਟਾ ਧਰ ਧਰ ਨਮਸਕਾਰ ਕੀਤੀ। ਸ੍ਰੀ ਬੀਰ ਚੰਦ ਦੇ ਸਪੁਤਰ ਅੰਮ੍ਰਿਤਪਾਲ ਨੇ ਹੀ ਆਪਣੀ ਗੱਡੀ ਵਿਚ ਬੈਠਾਲ ਘਰੋ ਘਰੀ ਲੈ ਜਾਣ ਦੀ ਸੇਵਾ ਕੀਤੀ। ਇਸਨੂੰ ਤੇ ਇਹਦੇ ਪਰਵਾਰ ਨੂੰ ਭਜਨ ਦੱਸਣ ਦਾ ਹੁਕਮ ਹੋਇਆ। ਸੰਤ ਮਹਿੰਦਰ ਸਿੰਘ ਪੂਰਬਾ ਨੇ ਭਜਨ ਦੱਸਿਆ। ਸਤਿਗੁਰੂ ਜੀ ਨੇ ਸਾਰੇ ਪਰਵਾਰ ਨੂੰ ਇੱਕ ਘੰਟਾ ਮਿਲ ਬੈਠਕੇ ਭਜਨ ਕਰਨ ਦਾ ਉਪਦੇਸ਼ ਦਿਤਾ।

ਤੀਜੀ ਥਾਂ, ਸ੍ਰੀ ਬੁਧਰਾਮ ਦੀ ਦੁਕਾਨ ਤੇ ਚਰਨ ਪਾਏ। ਦੁਕਾਨ ਤੇ ਬੁਧਰਾਮ ਜੀ ਦਾ ਦੂਜਾ ਲੜਕਾ ਸ੍ਰੀ ਜਗਜੀਤ ਪੱਪੂ ਡਿਊਟੀ ਦਿੰਦਾ ਹੈ। ਸਤਿਗੁਰੂ ਜੀ ਨੇ ਜਗਜੀਤ ਨੂੰ ਬਚਨ ਕੀਤਾ : ਹੁਣ ਦਾੜ੍ਹੀ ਆ ਰਹੀ ਹੈ। ਇਸਨੂੰ ਉਸਤਰਾ, ਕੈਂਚੀ ਨਾ ਲਾਵੀਂ। ਤੂੰ ਵੀ ਆਪਣੇ ਪਿਤਾ ਵਾਂਗ ਕੇਸਾਂ ਦਾੜ੍ਹੀ ਵਾਲਾ ਬਣਨਾ, ਵੇਖ ਕਿੰਨਾ ਚੰਗਾ ਲਗਦਾ ਹੈ। "ਸਤਿਬਚਨ" ਆਖਕੇ ਸਿੱਖ ਨੇ ਗੁਰੂ ਬਚਨ ਨੂੰ ਸਵੀਕਾਰਿਆ।

8-00 ਵਜ ਗਏ ਸਨ। ਜਿਸ ਘਰ ਸਤਿਗੁਰੂ ਜੀ ਹੁਣ ਆਏ। ਇਹ ਸ੍ਰੀ ਬੁਧਰਾਮ ਦੀ ਵਿਧਵਾ ਭਰਜਾਈ ਸ਼ਾਂਤੀ ਦਾ ਸੀ। ਲਾਲਾ ਕੇਰ ਚੰਦ ਜੀ ਚਿਰੋਕਣੇ ਸਰੀਰ ਤਿਆਗ ਗਏ ਹਨ। ਇਸ ਉੱਚੀ ਲੰਮੀ ਬੀਬੀ ਨੇ ਕੇਰ ਚੰਦ ਜੀ ਘਰ ਸਾਧ ਸੰਗਤ ਦੀ ਸੇਵਾ ਪ੍ਰੇਮ ਨਾਲ ਕਰਦਿਆਂ ਸਮਾਂ ਬਤੀਤ ਕੀਤਾ ਹੈ। ਇਸਦਾ ਇਕੋ ਇਕ ਲੜਕਾ ਇੰਗਲੈਂਡ ਰਹਿੰਦਾ ਹੈ। ਬੀਬੀ ਜੀ ਨੇ ਭੇਟਾ ਧਰ ਮੱਥਾ ਟੇਕਿਆ।

ਜਦੋਂ ਪੰਜਵੀਂ ਥਾਂ ਸ੍ਰੀ ਸਤਿਗੁਰੂ ਜੀ ਸ੍ਰੀ ਬੀਰਚੰਦ ਦੇ ਦਾਮਾਦ ਸ੍ਰੀ ਤਰਸੇਮ ਲਾਲ ਦੇ ਪੈਟਰੋਲ ਪੰਪ ਤੇ ਪਧਾਰੇ ਤਾਂ ਸਾਰਾ ਪਰਵਾਰ ਏਥੇ ਹੀ ਭੇਟਾ ਲੈਕੇ ਹਾਜ਼ਰ ਹੋਇਆ। ਇਹ ਸਾਊ ਅਤੇ ਪ੍ਰੋਢ ਵਿਅਕਤੀ ਸੱਚੇ ਪਾਤਸ਼ਾਹ ਜੀ ਦਾ ਵਿਸ਼ੇਸ਼ ਕਰ ਪ੍ਰੇਮੀ ਹੈ। ਇਸਨੂੰ ਏਨਾ ਥੋੜਾ ਸਮਾਂ ਵੀ ਦਰਸ਼ਨ ਦੇਣੇ ਰੜਕਦੇ ਸਨ। ਜੀ ਕਰਦਾ ਸਾਨੂੰ ਕਿ ਦੀਨ ਦਿਆਲ ਜੀ ਇੱਕ ਹਫ਼ਤਾ ਤਾਂ ਦਰਸ਼ਨ ਅਬੋਹਰ ਵਿਖੇ ਦੇਣ ਹੀ।



Sri Satguru Jagjit Singh Ji Elibrary NamdhariElibrary@gmail.com

ਤੇ ਫਿਰ ਏਥੋਂ ਸੱਚੇ ਪਾਤਸ਼ਾਹ ਤਰਸੇਮ ਲਾਲ ਦੇ ਘਰ ਪਹੁੰਚੇ। ਘਰ ਵਿਚ ਪਰਵਾਰ ਨੇ ਹੋਰ ਭੇਟਾ ਮੱਥਾ ਟੇਕੀ। ਸਤਿਗੁਰੂ ਜੀ ਨੇ ਸ੍ਰੀ ਤਰਸੇਮ ਲਾਲ ਨੂੰ ਸਲਾਹ ਦਿਤੀ ਕਿ ਤਨਜ਼ਾਨੀਆ ਦੇ ਘੁਟਵੇਂ ਕਾਨੂੰਨਾਂ ਨੂੰ ਮੱਦੇ ਨਜ਼ਰ ਰਖਦਿਆਂ ਉਹ ਅਮਰੀਕਾ ਵਿਚ ਕਾਰੋਬਾਰ ਕਰੇ. ਸਤਿਬਚਨ ਜੀ ਕਹਿਕੇ ਸ੍ਰੀ ਤਰਸੇਮ ਨੇ ਉਹ ਕਾਰਨ ਦੱਸੇ ਜਿਨ੍ਹਾਂ ਕਰਕੇ ਅਮਰੀਕਾ ਜਾਣਾ ਹੀ ਬਿਹਤਰ ਸੀ।

ਸਤਵਾਂ ਘਰ ਸ੍ਰੀ ਬੀਰ ਚੰਦ ਦੇ ਵਡੇ ਭਰਾਤਾ ਸ੍ਰੀ ਲਾਲਾ ਲੇਖ ਰਾਮ ਦਾ ਸੀ। ਇਹ ਸਤਿਗੁਰੂ ਜੀ ਦੇ ਪ੍ਰੇਮ ਰੰਗੇ ਸਿਖ ਹਨ। ਬੱਚਿਆਂ ਵਲੋਂ ਵੀ ਇਹਨਾਂ ਤੇ ਕਿਰਪਾ ਹੈ. ਛੈ ਲੜਕੇ ਹਨ। ਸਤਿਗੁਰੂ ਜੀ ਨੇ ਇਹਨਾਂ ਦੇ ਸਭ ਤੋਂ ਛੋਟੇ ਲੜਕੇ ਰਾਕੇਸ਼ (13) ਨੂੰ ਕੇਸਧਾਰੀ ਬਣਨ ਦੀ ਪ੍ਰੇਰਨਾ ਦਿਤੀ। ਸਾਰੇ ਪਰਵਾਰ ਨੇ ਇਹ ਪ੍ਰੇਰਨਾ ਪਰਵਾਨ ਕੀਤੀ। ਖੁਲ੍ਹੇ ਦਿਲ ਨਮਸਕਾਰ ਕੀਤੀ।

ਫਿਰ ਦੀਨ ਦਿਆਲ ਜੀ ਸ੍ਰੀ ਲੇਖ ਰਾਮ ਕੀ ਦੁਕਾਨ ਤੇ ਪਧਾਰੇ। ਏਥੇ ਵੀ ਸਾਰੇ ਪਰਵਾਰ ਨੇ ਮਾਇਆ ਧਰਕੇ ਮੱਥਾ ਟੇਕਿਆ। ਬੀਰ ਚੰਦ ਜੀ ਤੇ ਬੁਧ ਰਾਮ ਜੀ ਨਾਲ ਨਾਲ ਰਹੇ।

ਨੌਵੀਂ ਜਗਾਹ ਸੁਨਾਮ ਵਾਲੇ ਸ੍ਰੀ ਨੱਥੂ ਰਾਮ ਜੀ ਦਾ ਪੈਟਰੋਲ ਪੰਪ ਸੀ। ਸਤਿਗੁਰੂ ਜੀ ਨੇ ਚਰਨ ਪਾਉਣ ਦੀ ਕਿਰਪਾ ਕੀਤੀ। ਇਹ ਗੁਰੂ ਕਾ ਪ੍ਰੇਮੀ ਸ੍ਰੀ ਬੁਧ ਰਾਮ ਹੁਰਾਂ ਦਾ ਦਾਮਾਦ ਹੈ। ਸ੍ਰੀ ਨਥੂ ਰਾਮ ਪਰਵਾਰ ਨੇ ਏਥੇ ਆਕੇ ਭੇਟਾ ਧਰ ਨਮਸਕਾਰ ਕੀਤੀ। ਸਾਰੇ ਹੀ ਪਰਵਾਰ ਵਲੋਂ ਮੁਖੀ ਸਜਣ ਪਰਾਤ ਭਰ ਬਾਦਾਮ, ਸੁਕੇ ਮੇਵੇ ਆਦਿ ਮੱਥਾ ਟੇਕਦੇ ਰਹੇ।

ਦਸਵਾਂ ਘਰ ਗਿਆਨੀ ਤੇਜਾ ਸਿੰਘ ਦੇ ਚਾਚੇ ਦੇ ਪੁਤ ਭਰਾ ਸ੍ਰ. ਨੰਦ ਸਿੰਘ ਸਪੁਤਰ ਸ੍ਰ. ਸੰਤ ਸਿੰਘ ਦਾ ਸੀ। ਸਤਿਗੁਰੂ ਜੀ ਨੇ ਇਸ ਘਰ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੇ ਅਨੇਕ ਚਿੱਤਰ ਵੇਖੇ। ਇਸ ਘਰ ਦਾ ਸੰਬੰਧ ਵੀ ਨਾਮਧਾਰੀ ਪੰਥ ਨਾਲ ਚਿਰੋਕਣਾ ਹੈ।

ਫਿਰ ਸ੍ਰੀ ਅੰਮ੍ਰਿਤਪਾਲ ਸਪੁਤਰ ਬੁੱਧ ਰਾਮ ਜੀ ਦੀ ਦੁਕਾਨ ਤੇ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਏ। ਆਟੋ ਪਾਰਟਸ ਦੀ ਵਿਸ਼ਾਲ ਦੁਕਾਨ ਸੀ। ਸਤਿਗੁਰੂ ਜੀ ਨੇ ਇਸ ਕਾਰੋਬਾਰ ਦੀ ਕੁਝ ਜਾਣਕਾਰੀ ਲਈ। ਫਿਰ ਏਥੇ ਨਾਲ ਹੀ ਬੀਰ ਚੰਦ ਜੀ ਦੀ ਨੂੰਹ ਦੀ ਬੈਕ ਦੁਕਾਨ ਤੇ ਚਰਨ ਪਾਏ। ਇਸ ਦੁਕਾਨ ਨੂੰ ਇਕ ਪਾਰਟਨਰ ਦੀ ਮਦਦ ਨਾਲ ਬੀਬੀ ਸ਼ਾਂਤੀ ਹੀ ਚਲਾਉਂਦੀ ਹੈ।

ਤੇਰ੍ਹਵੀਂ ਥਾਂ, ਸ੍ਰ. ਸੁਰਜੀਤ ਸਿੰਘ ਸਪੁਤਰ ਸੁਰਗਵਾਸੀ ਸ੍ਰ. ਰਤਨ ਸਿੰਘ ਮੇਹਲੀ ਦੀ ਵਰਕਸ਼ਾਪ ਵਿਚ ਚਰਨ ਪਾਏ। ਇਹ ਨੌਜਵਾਨ ਮੋਨਾ ਹੈ। ਸਤਿਗੁਰੂ ਜੀ ਨੇ ਇਸ ਤੋਂ ਮਾਸ ਸ਼ਰਾਬ ਦੇ ਤਿਆਗ ਦਾ ਬਚਨ ਲਿਆ। ਪੂਰਬੇ ਦੁਆਰਾ ਇਸ ਨੂੰ ਵੀ ਭਜਨ ਦਿਵਾਇਆ। ਇਹਦਾ ਤਾਇਆ ਸੰਤ ਸੰਤੋਖ ਸਿੰਘ ਬਹੁਤ ਵਧੀਆ ਸਿੱਖ ਸੀ।

9.15 ਵਜੇ ਇਕ ਸ਼ਾਨਦਾਰ ਬੰਗਲੇ ਦੇ ਮਾਲਕ ਸ੍ਰ. ਜੁਗਜੀਤ ਸਿੰਘ ਦੇ ਗ੍ਰਿਹ ਵਿਖੇ ਚਰਨ ਪਾਏ। ਇਹਨਾਂ ਦੇ ਮੇਹਲੀ ਵਾਲੇ ਘਰ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਕ ਮੇਲੇ ਸਮੇਂ ਦਰਸ਼ਨ ਦਿਤੇ ਸਨ। ਏਥੇ ਅਨੰਦ ਕਾਰਜ ਵੀ ਹੋਏ ਸਨ। ਇਹ ਸਤਿਗੁਰਾਂ ਦੇ



Sri Satguru Jagjit Singh Ji Elibrary NamdhariElibrary@gmail.com

ਦਰਸ਼ਨਾਂ ਦਾ ਹੀ ਪੁੰਨ ਪ੍ਰਤਾਪ ਸੀ ਕਿ ਸੁਰਜੀਤ ਸਿੰਘ ਦੀ ਮਾਤਾ ਅਤੇ ਪਤਨੀ ਨੇ ਵੀ ਮਾਸ ਸ਼ਰਾਬ ਵਰਤਣੋਂ ਪਰਹੇਜ਼ ਕੀਤਾ।

### ਗੱਲ ਮਨਚੰਦੇ ਦੇ ਪ੍ਰੇਮ ਦੀ

ਇਸ ਤਰ੍ਹਾਂ ਹੋਰਦਾਂ ਥਾਵਾਂ ਤੇ ਦਰਸ਼ਨ ਦੇ ਕੇ ਸਤਿਗੁਰੂ ਜੀ ਅਤੇ ਨਾਲ ਦੇ ਸਿੰਘਾਂ ਨੇ ਆਪਣੇ ਹੈਡਕੁਆਰਟਰ ਵਲ ਮੋੜ ਕਟਿਆ। ਸ੍ਰੀ ਬੀਰਚੰਦ ਦੇ ਬੰਗਲੇ ਵਲ ਆਏ। 9.30 ਵਜੇ ਅਗਲੇ ਸਫ਼ਰ ਦੀ ਤਿਆਰੀ ਹਿਤ ਪ੍ਰਧਾਨ ਸਤਵੰਤ ਸਿੰਘ ਦੀ ਕਿਸੇ ਪੁੱਛ ਤੇ ਗੱਲ ਛਿੜ ਪਈ। ਮੈਂ ਗੱਡੀਓਂ ਬਾਹਰ ਫਿਰ ਰਿਹਾ ਸਾਂ ਕਿ ਮੈਨੂੰ ਵੀ ਅੰਦਰ ਬੁਲਾ ਲਿਆ ਗਿਆ। ਮੈਂ ਵੇਖਿਆ ਕਿ ਇਸ ਕਾਰ ਵਿਚ ਡਰਾਈਵਿੰਗ ਸੀਟ ਤੇ ਸ੍ਰ. ਸਤਵੰਤ ਸਿੰਘ ਪ੍ਰਧਾਨ ਸਤਿਗੁਰੂ ਜੀ ਦੇ ਨਾਲ ਵਾਲੀ ਸੀਟ ਤੇ ਬੈਠਾ ਸੀ, ਪਿਛਲੀ ਸੀਟ ਤੇ ਸਕੱਤਰ ਤਰਸੇਮ ਸਿੰਘ ਤੇ ਸੇਵਕ ਬਲਦੇਵ ਸਿੰਘ ਬੈਠੇ ਸਨ, ਮੈਂ ਵੀ ਇਹਨਾਂ ਦੇ ਵਿਚਾਲੇ ਜਾ ਬੈਠਾ। ਸ੍ਰ. ਸੁਰਿੰਦਰ ਸਿੰਘ ਮਨਚੰਦਾ ਦੀ ਗੱਲ ਚਲ ਰਹੀ ਸੀ।

### ਸ੍ਰ. ਸਵਰਨ ਸਿੰਘ ਤੇ ਕਿਰਪਾ

ਏਥੇ ਹੀ 10 ਵਜੇ ਸਤਿਗੁਰੂ ਜੀ ਨੇ ਸ੍ਰ. ਸਵਰਨ ਸਿੰਘ ਜੇਠੂ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਬੜੇ ਸੁੰਦਰ ਬੰਗਲੇ ਦੇ ਮਾਲਿਕ ਸ੍ਰ. ਸਵਰਨ ਸਿੰਘ ਨੇ ਕੱਲ੍ਹ ਹੀ ਗੁਰੂ ਚਰਨਾਂ ਵਿਚ ਅਰਦਾਸ ਕੀਤੀ ਸੀ। ਏਥੇ ਜੀ ਗੁਰੂ ਚਰਨਾਂ ਵਿਚ ਬੈਠੇ। ਸਤਿਗੁਰੂ ਜੀ ਨੇ ਸਿੱਖਿਆ ਦਿੱਤੀ : ਦਿੱਤੇ ਹੋਏ ਬਚਨ ਪਰਵਾਣ ਚੜ੍ਹਾਉਣੇ ਉੱਤਮ ਪੁਰਸ਼ਾਂ ਦਾ ਹੀ ਕੰਮ ਹੁੰਦਾ ਹੈ। ਵਲਾਇਤ ਵਾਲੇ ਗੋਰੇ ਅੰਗਰੇਜ਼ ਕੱਲ੍ਹ ਮਾਸ ਸ਼ਰਾਬ ਛੱਡ, ਕੁੱਤਿਆਂ ਬਿੱਲਿਆਂ ਨੂੰ ਵੀ ਸ਼ਾਕਾਹਾਰੀ ਬਣਾਈ ਜਾਂਦੇ ਹਨ ਅਤੇ ਤੁਸੀਂ ਚੰਗੇ ਭਲੇ ਹੁੰਦੇ ਹੋਏ ਮਾਸਾਹਾਰੀ ਹੋਵੋ ਤਾਂ ਕਿਉਂ?

ਸਤਿਗੁਰੂ ਜੀ ਨਾਲ ਆਏ ਹੋਏ ਜਥੇ ਵਿਚੋਂ ਤੀਹ ਸੇਪੀ ਸਿੰਘਾਂ ਦਾ ਲੰਗਰ ਸ੍ਰ. ਜੇਠੂ ਵੱਲ ਹੈ ਅੱਜ। ਸ੍ਰ. ਸਵਰਨ ਸਿੰਘ ਨੇ ਕੱਲ ਹੱਸ ਕੇ ਸਤਿਗੁਰੂ ਜੀ ਨੂੰ ਬਿਨੈ ਕੀਤੀ ਸੀ: ਆਪ ਜੀ ਦਾ ਲੰਗਰ ਵੀ ਕਰਨਾ ਹੈ ਪਰ ਮੈਂ ਆਪ ਜੀ ਦੇ ਦੂਜੀ ਵਾਰ ਆਉਣ ਤਕ ਆਪਣੇ ਆਪ ਨੂੰ ਯੋਗ ਬਣਾ ਲਵਾਂਗਾ। ਇਸ ਸੱਜਣ ਨੇ ਵੀ ਖੁਲ੍ਹੇ-ਦਿਲ ਭੇਟ ਕੀਤੀ। ਏਥੇ ਹੀ ਇਕ ਗੁਜਰਾਤਣ ਵਿਧਵਾ ਬੀਬੀ ਆਪਣੀ ਪੁਤਰੀ ਜਾਂ ਨੂੰਹ ਨਾਲ ਗੁਰੂ ਚਰਨੀ ਸਿਰ ਝੁਕਾਇਆ।

### ਇਕ ਪਟੇਲ ਦੀ ਕੋਠੀ ਵਿਚ

ਅਤੇ ਫਿਰ 15 ਮਿੰਟ ਲਈ ਆਪਣੇ ਡੇਰੇ ਆਕੇ, ਇਸ਼ਨਾਨ ਕਰ, ਲੰਗਰ ਛਕ ਕੇ ਅਰੁਸ਼ਾ ਕੇਂਦਰ ਤੋਂ 10-12 ਮੀਲ ਦੇ ਫਾਸਲੇ ਤੇ, ਇਕ ਗੁਜਰਾਤੀ ਪਟੇਲ (ਜਗੀਰਦਾਰ) ਦੇ "ਸੈਂਕੜ ਵਾਦੀ ਐਸਟੇਟ" ਦੇ ਪਾਸ ਉਥਾ ਨਦੀ ਉੱਤੇ ਪਧਾਰੇ। ਇਸ ਫਾਰਮ ਦੇ ਮਾਲਿਕ ਦੀ ਏਥੇ ਇਕ ਸ਼ਾਨਦਾਰ ਕੋਠੀ ਹੈ। ਏਥੇ ਦੇ ਇਟੈਲੀਅਨ ਮੈਨੇਜਰ ਮਿ. ਮੋਹਾਲ ਦੀ ਕੋਠੀ ਕੋਲੇ ਲੰਘ ਕੇ ਨਦੀ ਉਤਰੇ। ਡੂੰਘੀ ਨਦੀ, ਦੁਆਲੇ ਹਰੇ ਭਰੇ ਰੁੱਖਾਂ ਦੀ ਭਰਮਾਰ, ਬਰਫ਼



Sri Satguru Jagjit Singh Ji Elibrary NamdhariElibrary@gmail.com

ਠੰਢਾ ਪਾਣੀ। ਸ੍ਰੀ ਸਤਿਗੁਰੂ ਜੀ, ਠਾਕੁਰ ਦਲੀਪ ਸਿੰਘ ਜੀ, ਸੰਤ ਅਵਤਾਰ ਸਿੰਘ ਜੀ, ਬੀਬੀ ਸਾਹਿਬ ਕੌਰ ਜੀ, ਸੰਤ ਤਰਸੇਮ ਸਿੰਘ, ਸੰਤ ਮਹਿੰਦਰ ਸਿੰਘ ਪੁਰਬਾ, ਹਜ਼ੂਰੀ ਸੇਵਕ ਬਲਦੇਵ ਸਿੰਘ, ਸੂਬਾ ਸਤਨਾਮ ਸਿੰਘ ਜੀ, ਸ੍ਰ. ਸੁਰਿੰਦਰ ਸਿੰਘ ਲੁਧਿਆਣਾ, ਸੰਤ ਗੁਲਜ਼ਾਰ ਸਿੰਘ ਅਤੇ ਪ੍ਰੀਤਮ ਸਿੰਘ ਕਵੀ, ਇਸ ਪੱਥਰਾਂ ਵਿਚ ਵਗਦੀ, ਸੁੰਗੜਵੇਂ ਆਕਾਰ ਵਾਲੀ ਨਦੀ ਦਾ ਜਲ-ਸੁਖ ਮਾਣਦੇ ਰਹੇ।

ਸ੍ਰੀ ਸਤਿਗੁਰੂ ਜੀ ਨੇ ਫਿਰ ਇਸ਼ਨਾਨ ਕਰਕੇ ਪ੍ਰਸ਼ਾਦ ਛਕਿਆ ਅਤੇ ਆਪਣੇ ਜਥੇ ਨਾਲ ਛੇਤੀ ਹੀ ਵਾਪਸੀ ਕਰ ਲਈ। ਇਹ ਸਿਖਰ ਦੁਪਹਿਰ ਦੀ ਸੁਹਾਵਣੀ ਪਿਕਨਿਕ ਸੀ। ਏਥੋਂ ਅਸਾਂ 2.30 ਵਜੇ ਵਾਪਸੀ ਕੀਤੀ।

### ਸਤਿਗੁਰੂ ਜੀ ਦੇ ਡੇਰੇ

ਜਦੋਂ ਨੂੰ ਅਸੀਂ ਬੰਗਲੇ ਪਹੁੰਚੇ, ਸਤਿਗੁਰੂ ਜੀ ਬਿਰਾਜ ਉਠੇ ਸਨ। ਇਸ਼ਨਾਨ ਹੋ ਰਿਹਾ ਸੀ। ਸਤਿਗੁਰੂ ਜੀ ਦੇ ਕਮਰੇ ਵਿਚ ਠਾਕੁਰ ਦਲੀਪ ਸਿੰਘ ਜੀ ਹਰਮੋਨੀਅਮ ਲੈਕੇ, ਰਾਗ ਦਰਬਾਰੀ ਦੀ ਇਕ ਬੰਦਸ਼ ਬਾਰ ਬਾਰ ਗਾਉਂ ਰਹੇ ਸਨ: ਸੰਕਰ ਮਹਾ ਦੇਵ. ਥੋੜੇ ਚਿਰ ਪਿਛੋਂ ਸਾਹਵੇਂ ਵਿਛੇ ਆਸਣ ਤੇ ਸਤਿਗੁਰੂ ਜੀ ਆ ਬਿਰਾਜੇ। ਇਹਨਾ ਭਤੀਜੇ ਦੇ ਗੀਤ ਨੂੰ ਸੁਣਿਆ।

4.30 ਵਜੇ ਤਕ ਠਾਕੁਰ ਦਲੀਪ ਸਿੰਘ ਜੀ, ਸ੍ਰ. ਸਤਵੰਤ ਸਿੰਘ ਪ੍ਰਧਾਨ ਸ੍ਰ. ਨਰਿੰਦਰ ਸਿੰਘ ਸਕੱਤਰ ਤਰਸੇਮ ਸਿੰਘ ਅਤੇ ਪ੍ਰੀਤਮ ਸਿੰਘ ਕਵੀ ਅਰੂਸ਼ਾ ਦੇ ਲੋਕਲ ਹਵਾਈ ਅੱਡੇ ਤੇ ਪਹੁੰਚ ਗਏ। ਠਾਕੁਰ ਜੀ ਦੀ ਇਛਾ ਸੀ ਕਿ ਅਰੂਸ਼ਾ ਸ਼ਹਿਰ ਦੀ ਹਰਿਆਲੀ, ਸੀਤਲਤਾ ਅਤੇ ਖੂਬਸੂਰਤੀ ਜਿਸ ਪਰਬਤ 'ਮੇਰੂ' ਦੇ ਕਾਰਨ ਹੈ ਉਸ ਦੀ ਫੋਟੋ ਗਰਾਫੀ ਕਰ ਲਈ ਜਾਵੇ - ਪਰ ਉਸਦੀ ਦੂਰਾਈ ਤੇ ਗੱਲ ਨ ਬਣੀ।

### ਸ਼ਾਮ ਦਾ ਦੀਵਾਨ

ਸਾਡੀ ਏਥੋਂ ਵਾਪਸੀ ਤਕ ਸ਼ਾਮ ਦੇ 5.30 ਹੋ ਚੁਕੇ ਸਨ ਸੋ ਆਰੀਆ ਸਮਾਜ ਹਾਲ ਵਿਚ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਇਕ ਘੰਟਾ ਸਮੂਹਿਕ ਨਾਮ ਸਿਮਰਨ ਹੋਇਆ। ਉਪਰੰਤ ਏਸੇ ਹਾਲ ਵਿਚ ਕੀਰਤਨੀਆਂ ਨੇ ਸਤਿਗੁਰੂ ਜੀ ਦੀ ਅਗਵਾਈ ਵਿਚ ਸ਼ਬਦ ਗਾਏ। ਫਿਰ 8 ਵਜੇ ਰਾਤ ਤਕ ਜਥੇਦਾਰ ਸੇਵਾ ਸਿੰਘ ਜੀ ਨੇ ਹੌਲੇ ਦਾ ਦੀਵਾਨ ਸਜਾਇਆ।

ਸੱਚੇ ਪਾਤਸ਼ਾਹ ਭੋਗ ਪੈਣ ਤੋ ਪਹਿਲੋਂ ਹੀ ਹਾਲ ਤੋ ਬਾਹਰ ਆ ਗਏ। ਜਿਥੇ ਤਨਜ਼ਾਨੀਆ ਦੀ ਉੱਤਮ ਕ੍ਰਿਕਟ ਟੀਮ ਦਾ ਆਗੂ ਸ੍ਰ. ਜਿਤਿੰਦਰ ਸਿੰਘ ਭੰਬੂ ਦਰਸ਼ਨਾਂ ਦੀ ਇੰਤਜ਼ਾਰ ਵਿਚ ਸੀ। ਠਾਕੁਰ ਜੀ ਨੇ ਉਸ ਨਾਲ ਖੇਡਾਂ ਅਤੇ ਟੀਮ ਬਾਰੇ ਵਿਚਾਰ ਵਟਾਂਦਰਾ ਕੀਤਾ, ਜਦੋ ਸ੍ਰ. ਜਿਤਿੰਦਰ ਸਿੰਘ ਨੇ ਸ੍ਰੀ ਸਤਿਗੁਰੂ ਜੀ ਨੂੰ ਚਰਨ ਬੰਦਨਾ ਕੀਤੀ, ਦੀਨ ਦਿਆਲ ਜੀ ਨੇ ਮਾਸ ਸ਼ਰਾਬ ਤਿਆਗਣ ਦਾ ਉਪਦੇਸ਼ ਦਿਤਾ।

ਡੇਰੇ ਵਲ ਪਰਤਣ ਹੀ ਲਗੇ ਸਾਂ ਕਿ ਸ੍ਰ. ਮੋਹਣ ਸਿੰਘ ਭੰਬੂ ਅਤੇ ਉਨਾਂ ਦੇ ਵੱਡੇ ਭਾਈ ਸਾਹਿਬ ਗੁਰੂ ਚਰਨਾਂ ਵਿਚ ਆ ਜੁੜੇ। ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸੁਣਾਈ ਹੋਈ ਕਵਿਤਾ ਸੁਣਾਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਅਰਜਿਤ ਕੀਤੀਆਂ। ਸਤਿਗੁਰੂ ਜੀ ਨੇ ਇਹਨਾਂ ਦੋਹਾਂ ਸੱਜਣਾਂ ਨੂੰ ਵੀ ਮਾਸ ਸ਼ਰਾਬ ਤਿਆਗ ਕੇ ਸ਼ਾਕਾਹਾਰੀ ਬਣਨ ਦਾ



Sri Satguru Jagjit Singh Ji Elibrary NamdhariElibrary@gmail.com

ਉਪਦੇਸ਼ ਦਿਤਾ। ਸਿੱਖਾਂ ਨੇ ਉਪਦੇਸ਼ ਹਿਰਦੇਅੰਗਮ ਕੀਤਾ ਅਤੇ ਭਜਨ ਲੈਣ ਦੀ ਬੇਨਤੀ ਕੀਤੀ। ਸੰਤ ਪੁਰਖੋ ਨੂੰ ਭਜਨ ਦੇਣ ਦੀ ਆਗਿਆ ਹੋਈ। ਸਿੱਖਾਂ ਨੂੰ ਸੁੱਆਫ਼ ਜੀਵਨ ਦਾ ਮਾਰਗ ਮਿਲ ਗਿਆ।

## 5 ਮਾਰਚ 1983 ਸ਼ਨੀਵਾਰ
## ਅਰੂਸ਼ਾ, ਨਮੁੰਗਾ, ਨੈਰੋਬੀ

**ਮੇਲਾ ਚਲੋ ਚਲੀ ਦਾ**

ਸਵੇਰੇ 4 ਵਜੇ ਹੀ ਸ੍ਰੀ ਬੀਰ ਚੰਦ ਦਾ ਬੰਗਲਾ, ਸਤਿਗੁਰੂ ਜੀ ਦੀ ਹਜ਼ੂਰੀ ਵਿਚ, ਆਸਾ ਦੀ ਵਾਰ ਦੀਆਂ ਸੁਰਾਂ ਨਾਲ ਗੂੰਜ ਉਠਿਆ। ਪੂਰਬ ਵਿਚ ਕਾਲੇ ਅਨ੍ਹੇਰੇ ਵਿਚ ਪਸਰਦੀ ਲਾਲੀ ਦੀ ਝਲਕ ਨਾਲ ਤੇਗ ਪੈ ਗਿਆ। ਅਰੂਸ਼ਾ ਦੇ ਪ੍ਰੇਮੀ ਪਰਵਾਰ, ਜੋ ਵਿਸ਼ੇਸ਼ ਸੀ. ਕਰਨੈਲ ਸਿੰਘ ਅਤੇ ਗੁਰਦੇਵ ਸਿੰਘ (ਅਰੂਸ਼ਾ ਦੇ ਗੁਰਦੁਆਰਿਆਂ ਨਾਲ ਸੰਬੰਧਤ) ਅਤੇ ਹੋਰ ਗੁਰੂ ਸਿਖ ਤਾਂ ਵਾਰ ਦਾ ਕੀਰਤਨ ਸੁਣਨ ਪਹੁੰਚੇ ਹੀ ਸਨ, ਮੋਸ਼ੀ ਤੋਂ. ਸ੍ਰ. ਕਰਮ ਸਿੰਘ, ਉਨ੍ਹਾਂ ਦਾ ਪੋਤਰਾ ਸ੍ਰ. ਚਰਨ ਸਿੰਘ, ਸੰਤ ਦਲਜੀਤ ਸਿੰਘ ਸਮੇਤ ਪਰਵਾਰ, ਸ੍ਰੀ ਮਹੀਪਾਲ ਸਿੰਘ ਆਦਿ ਪਿਆਰੇ ਵੀ, ਸ੍ਰੀ ਸਤਿਗੁਰੂ ਜੀ ਦੇ ਇਸ ਵਾਰ ਤਨਜ਼ਾਨੀਆ ਦੇ ਦੌਰੇ ਸਮੇਂ ਦਰਸ਼ਨ ਕਰਨ ਪਹੁੰਚੇ ਹੋਏ ਸਨ।

ਕੀਰਤਨ ਦੌਰਾਨ ਹੀ ਖੁਲ੍ਹਾ ਅਤੇ ਸੁੱਚਾ ਲੰਗਰ ਬੀਰ ਚੰਦ ਪਰਵਾਰ ਅਤੇ ਨੈਰੋਬਣਾਂ ਬੀਬੀਆਂ ਨੇ ਤਿਆਰ ਕਰ ਰਖਿਆ ਸੀ। ਪਰਾਉਠੇ, ਦੁੱਧ, ਫਲ, ਜੂਸ ਆਦਿ ਜੋ ਕੁਝ ਕਿਸੇ ਨੂੰ ਚਾਹੀਦਾ ਸੀ, ਛਕ ਲਿਆ ਗਿਆ ਅਤੇ ਸਵੇਰੇ 6 ਵਜੇ ਟੂਰ ਦੀਆਂ ਤਿਆਰੀਆਂ ਹੋ ਗਈਆਂ। ਅਜਿਹੇ ਮੌਕੇ ਸੇਵਕ ਗੁਰ ਸਿੱਖਾਂ ਦੀ ਮਨੋਦਸ਼ਾ ਬੜੀ ਕਰੁਣਾ ਮਈ ਹੁੰਦੀ ਹੈ। ਸਾਡਾ ਪਿਆਰ, ਸਾਡਾ ਸਤਿਕਾਰ, ਸਾਡਾ ਦਿਲ ਪਰਚਾਵਾ ਸਭੋ, ਮੁੜ ਆਉਣ ਲਈ, ਵਿਦਾ ਲੈ ਰਿਹਾ ਹੁੰਦਾ ਹੈ। ਅਰੂਸ਼ਾ ਦੇ ਸੱਜਣਾਂ, 50 ਦੇ ਕਰੀਬ ਬਾਹਰਲੇ ਇਲਾਕੇ ਵਿਚੋਂ ਆਏ ਗੁਰ ਸਿੱਖਾਂ ਨੂੰ ਸੰਭਾਲਦਿਆਂ ਖਾਧ ਖੁਰਾਕ ਨਾਲ ਨਿਹਾਲ ਕੀਤਾ।

ਸੱਚੇ ਪਾਤਸ਼ਾਹ ਜੀ ਤਾਂ 6 ਵਜੇ ਤਕ, ਨੈਰੋਬੀ ਜਾਣ ਵਾਸਤੇ ਸ੍ਰੀ ਅੰਮ੍ਰਿਤਪਾਲ ਦੀ ਕਾਰ ਵਿਚ ਬੈਠ ਗਏ। ਇਸ ਦਾ ਡਰਾਈਵਰ ਸ੍ਰ. ਅਜਿੰਦਰ ਸਿੰਘ ਖਜ਼ਾਨਚੀ ਸੀ। ਠਾਕੁਰ ਜੀ ਚੌਂਕੇ ਤੇ ਸੰਤ ਪੁਰਖਾ ਸਤਿਗੁਰੂ ਜੀ ਦੀ ਤਾਬਿਆ ਵਿਚ ਜਾ ਰਹੇ ਸਨ। ਤਿਨ ਕਾਰਾਂ ਹੋਰ ਸਨ ਦੋ ਮਾਟਾਟੋਰ ਗੱਡੀਆਂ ਵਿਚ ਬਾਕੀ ਦੀ ਸੰਗਤ ਬੈਠ ਗਈ। ਸਾਫ਼ ਸੁਥਰੀ ਲੈਵਲ ਗੱਡੀ ਦੀ ਸੜਕ ਉਤੇ ਉਚਾਣੀਆਂ ਨਿਵਾਣੀਆਂ ਤੇ ਸਫ਼ਰ ਕਰਦੇ, ਸੱਜੇ ਹੱਥ ਮੇਰੂ ਪਰਬਤ ਨੂੰ ਛੱਡਦਿਆਂ, ਨਿਤਾਂਤ ਜੰਗਲੀ ਇਲਾਕੇ ਵਿਚੋਂ ਗੁਜ਼ਰਦਿਆਂ 7.30 ਵਜੇ ਤਕ ਨਮੁੰਗਾ ਬਾਰਡਰ ਤੇ ਪਹੁੰਚ ਗਏ। ਗੱਲਾਂ ਕਰਨ ਦੀ ਗਰਜ਼ ਨੂੰ ਜਾਂ ਨੈਰੋਬੀ ਨੂੰ ਕੋਈ ਸੁਨੇਹਾ ਭੇਜਣ ਲਈ ਦਰਜਨ ਤਕ ਗਿਰਾਫ਼ ਸੜਕ ਪਾਸ ਬਿਜਲੀ ਦੇ ਖੰਭਿਆਂ ਵਾਂਗ ਖਲੋਤੇ ਸਨ ਪਰ ਸਾਡੀਆਂ ਬੇ ਪਰਵਾਹੀਆਂ ਨੇ ਉਨ੍ਹਾਂ ਨੂੰ ਗੌਲਿਆ ਨਾ।

ਅਰੂਸ਼ਾ ਮੇਰੂ ਪਰਬਤ ਦੀ ਗੋਦ ਵਿਚ ਹੈ। ਮੱਕੀ ਅਤੇ ਕਾਫ਼ੀ ਇਥੋਂ ਦੀਆਂ ਮੁਖ ਫਸਲਾਂ ਹਨ। ਮੌਸਮ ਠੰਢਾ, ਸੁਹਾਵਣਾ ਅਤੇ ਏਨਾ ਮੋਹਕ ਹੈ ਕਿ ਜਦੋਂ ਕਬਰਾ ਕਰੂ



Sri Satguru Jagjit Singh Ji Elibrary NamdhariElibrary@gmail.com

ਅੰਗਰੇਜ਼ਾਂ ਨੇ ਤਾਂਗਾਨੀਕਾ ਨੂੰ ਆਪਣੇ ਕਾਬੂ ਕੀਤਾ, ਉਨ੍ਹਾਂ ਆਪਣੀ ਵੱਸੋਂ ਲਈ ਅਰੂਸ਼ਾ ਨੂੰ ਹੀ ਚੁਣਿਆ। ਇਹ ਵਧੀਆ ਮੌਸਮ ਦਾ ਪ੍ਰਭਾਵ ਹੀ ਸੀ ਕਿ ਅਸਾਂ ਇਸ ਦੌਰੇ ਦੇ ਤਿੰਨ ਦਿਨ ਅਰੂਸ਼ਾ ਵਿਚ ਹੀ ਬਿਤਾਏ। ਸ੍ਰੀ ਬੁਧ ਰਾਮ, ਸ੍ਰੀ ਬੀਰ ਚੰਦ ਅਤੇ ਸ੍ਰੀ ਲੇਖ ਰਾਮ ਪਰਵਾਰਾਂ ਨੇ ਆਪਣੇ ਦਿਲ, ਮਾਇਆ ਅਤੇ ਪਿਆਰ ਸਤਿਕਾਰ ਦੇ ਖਜ਼ਾਨੇ ਖੋਲ੍ਹ ਦਿਤੇ। ਦਿਨ ਰਾਤ ਸੇਵਾ ਕਰਦਿਆਂ ਆਪਣੇ ਧੰਨ ਭਾਗ ਸਮਝੇ।

ਅਸੀ ਇਕ ਅਫ਼ਰੀਕੀ ਸੋਸ਼ਲਿਸਟ ਮੁਲਕ ਵੇਖ ਆਏ। ਜਿਸ ਦੇ ਬਾਜ਼ਾਰਾਂ ਵਿਚ ਰੌਣਕ ਨਹੀ, ਹੱਟੀਆਂ ਵਿਚ ਮਾਲ ਨਹੀ। ਖਰੀਦੋ ਫ਼ਰੋਖਤ ਵਾਲੇ ਵੀ ਵਿਰਲੇ। ਸੜਕਾਂ ਟੁੱਟੀਆਂ-ਫੁੱਟੀਆਂ ਪਰ ਕਾਰਾਂ ਬਹੁਤ।

## ਗੱਲਾਂ ਮਹਿੰਦਰ ਸਿੰਘ ਪੁਰਖੇ ਦੀਆਂ

ਸੰਤ ਤਰਸੇਮ ਸਿੰਘ ਸਕੱਤਰ ਨੇ ਦੱਸਿਆ ਕਿ ਸਤਿਗੁਰੂ ਜੀ ਮਹਿੰਦਰ ਸਿੰਘ ਪੁਰਖੇ ਦੀਆਂ ਇਕ ਦੋ ਗੱਲਾਂ ਤੇ ਬਹੁਤ ਸੰਤੁਸ਼ਟ ਹਨ। ਇਕ ਵਾਰ ਸ੍ਰੀ ਸਤਿਗੁਰੂ ਜੀ ਨੇ ਕਿਹਾ ਸੀ : ਭਾਵੇ ਭਾਈ ਵਜ਼ੀਰ ਸਿੰਘ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਹੁਤ ਵਧੀਆ ਸੇਵਕ ਸੀ ਪਰ ਪੈਸੇ ਦੇਣ ਲਗਿਆਂ ਉਸਨੂੰ ਕਾਫ਼ੀ ਤਕਲੀਫ਼ ਹੁੰਦੀ ਸੀ ਪਰ ਪੁਰਖੇ ਤੋਂ ਜਦੋਂ ਤੇ ਜਿੰਨੇ ਪੈਸੇ ਮੰਗੀਏ, 'ਸਤਿ ਬਚਨ' ਕਹਿ ਕੇ ਲੈ ਆਉਂਦਾ ਹੈ। ਮੈਨੂੰ ਐਸੇ ਖਜ਼ਾਨਚੀ ਦੀ ਹੀ ਲੋੜ ਹੈ। ਦੂਜੀ ਸਿਫ਼ਤ ਹੈ ਪੁਰਖੇ ਦੀ ਅਰਦਾਸ ਦੀ। ਦੀਵਾਨ ਦੀ ਅਰਦਾਸ ਮੁਨਾਸਬ ਸੁਰ ਵਿਚ, ਸ਼ੁਧ ਅਤੇ ਸਪਸ਼ਟ ਅਤੇ ਸਹੀ ਰਫ਼ਤਾਰ ਵਿਚ ਪੁਰਖਾ ਹੀ ਕਰਦਾ ਹੈ। ਉਂਜ ਮੇਰੇ ਕੋਲੋਂ ਦੂਰ ਰਹਿਣ ਵਿਚ ਹੀ ਸੁਆਦ ਭਾਲਦਾ ਹੈ।

## ਸ੍ਰੀ ਤਰਸੇਮ ਲਾਲ ਨੇ ਦੱਸਿਆ

ਕੱਲ੍ਹ ਹੀ ਸ੍ਰੀ ਤਰਸੇਮ ਲਾਲ ਜੁਲਾਮ ਨੇ ਅਰੂਸ਼ਾ ਵਿਚ ਮੇਰੇ ਨਾਲ ਆਪਣੀ ਕਾਰ ਵਿਚ ਗੱਲਾਂ ਕਰਦਿਆਂ ਦੱਸਿਆ : ਜਦੋਂ ਮੈਂ ਪਿਛਲੇ ਸਾਲ ਦੇ ਅਖੀਰਲੇ ਮਹੀਨੇ ਭਾਰਤ ਗਿਆ ਤਾਂ ਦਰਸ਼ਨਾਂ ਲਈ ਸ੍ਰੀ ਭੈਣੀ ਸਾਹਿਬ ਵੀ ਪਹੁੰਚਾ। ਸਬੱਬ ਨਾਲ ਸਤਿਗੁਰੂ ਜੀ ਦੇ ਦਰਸ਼ਨ ਵੀ ਹੋ ਗਏ। ਇਸ ਲਈ ਮਨ ਨੂੰ ਕਾਫ਼ੀ ਖੁਸ਼ੀ ਅਤੇ ਤਸੱਲੀ ਸੀ। ਅਸੀ ਨਿਰਨੇਹਾਰ ਹੀ ਭੈਣੀ ਸਾਹਿਬ ਪਹੁੰਚੇ। ਸਾਨੂੰ ਪਹਿਲ ਪ੍ਰਥਮੇ ਬੀਬੀਆਂ ਹੀ ਮਿਲੀਆਂ। ਉਨ੍ਹਾਂ ਲੰਗਰ ਛਕਣ ਲਈ ਬੇਨਤੀ ਕੀਤੀ। ਸਾਡਾ ਜਵਾਬ ਸੀ, ਸਾਨੂੰ ਜਦ ਤਕ ਗੁਰੂ ਕੇ ਦਰਸ਼ਨ ਨਹੀ ਹੁੰਦੇ ਤਦ ਤਕ ਕੋਈ ਲੰਗਰ ਨਹੀ।

ਤਰਸੇਮ ਲਾਲ ਨੇ ਅਗੋ ਦਸਿਆ : ਤਦ ਸਤਿਗੁਰੂ ਜੀ ਪਾਸ ਸਾਡੀ ਫ਼ਰਿਆਦ ਪੁਚਾਈ ਗਈ ਕਿ ਕੋਈ ਮੋਨਾ ਸਿਖ ਆਇਆ ਹੈ ਪਰ ਦਰਸ਼ਨ ਕਰੇ ਬਗੈਰ ਉਸ ਪ੍ਰਸ਼ਾਦ ਨਹੀ ਛਕਣਾ। ਕਿਰਪਾ ਕੀਤੀ ਜਾਏ। ਸਤਿਗੁਰੂ ਜੀ ਨੇ ਸਾਨੂੰ ਆਪਣੇ ਕੋਲ ਬੁਲਾ ਲਿਆ। ਅਸਾਂ ਜਾ ਨਮਸਕਾਰ ਕੀਤੀ। ਸਤਿਗੁਰੂ ਜੀ ਨੇ ਸਾਡੇ ਨਾਲ ਲੰਮਾ ਚਿਰ ਬਚਨ ਬਿਲਾਸ ਕੀਤੇ। ਸਾਨੂੰ ਮਾਣ ਦਿਤਾ। ਉਸ ਦਿਨ ਜਦੋਂ ਲੰਗਰ ਛਕਿਆ ਪ੍ਰਸ਼ਾਦਿਆਂ ਦਾ ਕੋਈ ਹੋਰ ਹੀ ਸੁਆਦ ਸੀ, ਉਹੋ ਜਿਹਾ ਅਨੰਦ ਫੇਰ ਕਦੇ ਨਹੀ ਆਇਆ।



Sri Satguru Jagjit Singh Ji Elibrary NamdhariElibrary@gmail.com

### ਤਨਜ਼ਾਨੀਆ ਬਾਰਡਰ ਤੇ

ਸ੍ਰੀ ਤਰਸੇਮ ਲਾਲ ਅਜ ਵੀ ਮੈਨੂੰ ਆਪਣੀ ਕਾਰ ਤੇ ਬਾਰਡਰ ਨਮੂੰਗਾ ਉਤੇ ਲੈ ਜਾਣਾ ਚਾਹੁੰਦਾ ਸੀ ਤਾਂਕਿ ਅਸੀ ਬਾਰਡਰ ਦੀਆਂ ਦੇ ਮੁਖ ਮੰਗਾਂ ਦੀ ਵੇਲੇ ਸਿਰ ਪੂਰਤੀ ਕਰ ਸਕੀਏ। ਕਿੰਨੇ ਸਾਰੇ ਸਰੀਰ ਉਸਦੀ ਗੱਡੀ ਵਿਚ ਸਨ, ਪਰ ਇਹ ਉਹਦੇ ਆਪਣੇ ਸਨ ਅਤੇ ਸਾਨੂੰ ਏਨੀ ਕੁ ਦੇਰ ਲਗ ਗਈ ਕਿ ਅਸੀ ਸਭ ਤੋਂ ਪਿਛੋਂ ਪੁਜੇ। ਸਤਿਗੁਰੂ ਜੀ ਨੂੰ ਨਮਸਕਾਰ ਕਰ, ਤਰਸੇਮ ਲਾਲ ਨੇ ਕਿਸੇ ਅਸਹਿਜਕ ਅਵੱਗਿਆ ਦੀ ਖਿਮਾ ਯਾਚਨਾ ਕੀਤੀ। ਦੀਨ ਦਿਆਲ ਜੀ ਨੇ ਉਸ ਨੂੰ ਖੁਸ਼ੀਆਂ ਬਖਸ਼ੀਆਂ।

ਤਨਜ਼ਾਨੀਆ ਸੰਗਤ ਦੇ ਪ੍ਰਧਾਨ, ਸਕੱਤਰ ਅਤੇ ਖਜ਼ਾਨਚੀ ਨੇ ਸਾਡੇ ਸਾਰੇ ਪਾਸਪੋਰਟ ਲੈ ਕੇ ਬਾਰਡਰ ਅਧਿਕਾਰੀਆਂ ਤੋਂ ਚੈਕ ਕਰਵਾ ਕੇ ਕੀਨੀਆ ਦੇਸ਼ ਦੇ ਵੀਜ਼ੇ ਆਦਿ ਲੁਆਕੇ ਪਾਸਪੋਰਟ ਸਾਡੇ ਹਵਾਲੇ ਕੀਤੇ। ਅਤੇ ਇਹਨਾਂ ਵੀ ਸੱਚੇ ਪਾਤਸ਼ਾਹ ਜੀ ਤੋਂ ਖਿਮਾ ਪ੍ਰਾਰਥਨਾ ਕੀਤੀ, ਕਿਸੇ ਗਲਤੀ ਦੀ ਸੰਭਾਵਨਾ ਤੋਂ. ਸਤਿਗੁਰੂ ਜੀ ਨੇ ਪ੍ਰਸੰਨਤਾ ਬਖਸ਼ਸ਼ ਕੀਤੀ।

### ਕੀਨੀਆ ਵਾਲੀ ਸੰਗਤ ਵਲੋਂ ਸਵਾਗਤ

ਸ੍ਰੀ ਸਤਿਗੁਰੂ ਜੀ ਨੂੰ ਅੱਗਲਵਾਂਢੀ ਸੁਆਗਤ ਦੇਣ ਹਿਤ, ਨੈਰੋਬੀ ਤੋਂ ਸਵੇਰੇ-ਸਵੇਰੇ 12 ਗੱਡੀਆਂ ਆਈਆਂ। ਸੂਬਾ ਮੋਹਣ ਸਿੰਘ ਜੀ, ਸ੍ਰ. ਅਮਰਜੀਤ ਸਿੰਘ, ਸ੍ਰ. ਸਰਵਣ ਸਿੰਘ ਸੋਖੀ ਪ੍ਰਧਾਨ ਅਤੇ ਸ੍ਰ. ਨਰਿੰਦਰ ਸਿੰਘ ਆਦਿ ਨੇ ਆਪਣੇ ਬਾਰਡਰ ਤੇ ਸਾਨੂੰ ਸਹੂਲਤ ਪਹੁੰਚਾਈ ਅਤੇ ਅਸੀ ਇਕ ਘੰਟੇ ਦੇ ਅੰਦਰ ਵੇਹਲੇ ਹੋ ਗਏ, ਕੀਨੀਆ ਬਾਰਡਰ ਤੇ ਵੀ ਸੁਆਗਤਕਾਰੀ ਸੰਗਤ ਮੌਜੂਦ ਸੀ। ਅਤੇ ਛੇਤੀ ਹੀ ਅਸੀ ਸਾਰੇ ਨੈਰੋਬੀ ਨੂੰ ਹੋ ਤੁਰੇ।

10.30 ਤਕ ਨੈਰੋਬੀ ਦੀ ਜਾਉਂਦ ਸੀ ਮੁੰਬਾਸਾ ਰੋਡ ਤੇ ਜਦੋਂ 6 ਕੁ ਮੀਲ ਅਗੇ ਚਲੇ ਤਾਂ ਨੈਰੋਬੀ ਤੋਂ ਸੁਆਗਤਕਾਰੀ ਸੰਗਤਾਂ ਹੋਰ ਆਈਆਂ ਹੋਈਆਂ ਸਨ। ਇਹਨਾਂ ਵਿਚ ਸਤਿਗੁਰੂ ਜੀ ਦੇ ਬਹੁਤ ਪਿਆਰੇ ਸ੍ਰ. ਹਰਚਰਨ ਸਿੰਘ ਰੰਧਾਵਾ ਵਲਾਇਤ ਵਾਲੇ ਦਰਸ਼ਨ ਲਾਭ ਲੈਣ ਹਿਤ ਆਏ ਸਨ। ਸ੍ਰ. ਗੁਰਚੇਨ ਸਿੰਘ, ਪੰ: ਗੋਪਾਲ ਸਿੰਘ, ਸ੍ਰ. ਰੰਧਾਵਾ ਆਦਿ ਸਰੀਰਾਂ ਨੇ ਸਤਿਗੁਰੂ ਜੀ ਦੇ ਚਰਨਾਂ ਤੇ ਸਿਰ ਝੁਕਾਕੇ ਸਤਿਕਾਰ ਕੀਤਾ।

ਹੇਠ ਲਿਖੇ ਸਰੀਰ ਖਾਸ ਕਰ ਸਾਡੇ ਲਈ ਗੱਡੀਆਂ ਲਿਆਏ : ਸ੍ਰ. ਕਸ਼ਮੀਰਾ ਸਿੰਘ, ਜਿਸਦੀ ਕਾਰ ਨੂੰ ਸ੍ਰੀ ਸਤਿਗੁਰੂ ਜੀ ਸਵਾਰੀ ਕਰ ਨਿਵਾਜਿਆ। ਚਾਲਕ ਸੰਤ ਕੰਵਲਜੀਤ ਸਿੰਘ, ਸ੍ਰੀ ਰਾਜਿੰਦਰ ਸਿੰਘ ਸ਼ੁਕਲਾ, ਸ੍ਰ. ਨਰਿੰਦਰ ਸਿੰਘ, ਸ੍ਰ. ਕੁਲਵੰਤ ਸਿੰਘ, ਸ੍ਰ. ਦਰਸ਼ਨ ਸਿੰਘ, ਸ੍ਰ. ਹਰਪਾਲ ਸਿੰਘ, ਸ੍ਰ. ਅਜੀਤ ਸਿੰਘ, ਸ੍ਰ. ਕੁਲਦੀਪ ਸਿੰਘ, ਸ੍ਰ. ਗੁਰਬਖਸ਼ ਸਿੰਘ ਉਭੀ, ਸ੍ਰ. ਅਮਰਜੀਤ ਸਿੰਘ ਸੰਧੂ, ਸੂਬਾ ਮੋਹਣ ਸਿੰਘ ਜੀ, ਸ੍ਰ. ਤਾਰਾ ਸਿੰਘ ਚਾਨਾ, ਸ੍ਰ. ਸਤਪਾਲ ਸਿੰਘ ਡੌਂਟੀ।

### ਸੇਵਾ, ਸਨੇਹ, ਸਤਿਕਾਰ ਦਾ ਘਰ

ਸਤਿਗੁਰੂ ਜੀ ਦੇ ਨੈਰੋਬੀ ਆਇਆਂ ਸੂਬਾ ਦਰਸ਼ਨ ਸਿੰਘ ਜੀ ਦਾ ਘਰ ਮੇਲੇ ਵਾਲਾ ਘਰ ਬਣ ਗਿਆ। ਸਾਰੇ ਤੁਰਾ ਸੂਬਾ ਜੀ ਦੇ ਸਪੁੱਤਰ, ਸਾਰੀਆਂ ਨੂੰਹਾਂ ਅਤੇ ਧੀਆਂ ਵਖ ਵਖ ਸੇਵਾਵਾਂ ਵਿਚ ਜੁਟ ਗਈਆਂ। ਸਭ ਤੋਂ ਵੱਧ ਸੂਬਾ ਦਰਸ਼ਨ ਸਿੰਘ ਜੀ ਦੇ ਘਰੋਂ ਬੀਬੀ



Sri Satguru Jagjit Singh Ji Elibrary NamdhariElibrary@gmail.com

ਹਰਜੀਤ ਕੌਰ ਅਗਵਾਈ ਕਰਦੀ ਸੇਵਾ ਵਿਚ ਵਿਅਸਤ ਹੈ। ਨੈਰੋਬੀ ਦੀਆਂ ਬਾਕੀ ਬੀਬੀਆਂ ਵੀ ਹੱਥ ਪਤੌਂਖੀ ਲਗਾ ਕੇ ਲੰਗਰ ਦੀ ਬਾਕੀ ਸੇਵਾ ਵਿਚ ਸਹਿਯੋਗ ਦਿੰਦਾ। ਬੀਬੀ ਕੁਲਦੀਪ ਸੁਪਤਨੀ ਸ. ਸੁਰਿੰਦਰ ਸਿੰਘ ਕੁਪ ਰਾਏ ਨੇ ਵੀ ਸੇਧ ਰੱਖੀ ਹੋਈ ਹੈ. ਬੀਬੀ ਸਾਡੀ ਸੁਪਤਨੀ ਸ. ਤਾਰਾ ਸਿੰਘ ਧਾਨਾ ਵੀ ਅਣਥੱਕ ਸੇਵਕਾਂ ਵਿਚੋਂ ਹਨ। ਇਹ ਵੀ ਸੇਧ ਦੇ ਲੰਗਰ ਦੀ ਸਹਾਇਕ ਹੈ। ਸਤਿਗੁਰੂ ਜੀ ਨੇ ਆਉਂਦਿਆਂ ਹੀ ਇਸ਼ਨਾਨ ਪਾਣੀ ਕਰ, ਪ੍ਰਸਾਦ ਛਕ, ਕੁਝ ਸਮਾਂ ਆਪਣੇ ਵਿਸ਼ਰਾਮ ਨੂੰ ਦਿੱਤਾ।

### ਸ. ਹ. ਸ. ਰੰਧਾਵਾ

ਸ. ਹਰਚਰਨ ਸਿੰਘ (ਐਚ.ਐਸ.) ਰੰਧਾਵਾ ਵੇਹਲੇ ਹਨ। ਮਿਲੇ ਤਾਂ ਮੈਂ ਉਨ੍ਹਾਂ ਨੂੰ ਨੈਰੋਬੀ ਆਉਣ ਦਾ ਕਾਰਨ ਪੁਛਿਆ। ਉਨ੍ਹਾਂ ਨੇ ਦੱਸਿਆ : ਭਾਰਤ ਤੋਂ [illegible] ਆਉਂਦਿਆਂ ਸੱਚੇ ਪਾਤਸ਼ਾਹ ਜੀ ਨੇ ਮੈਨੂੰ ਯੂ. ਕੇ. ਵਿਚ ਫੋਨ ਕੀਤਾ। ਹੁਕਮ ਦਿਤਾ ਮੈਂ 4 ਮਾਰਚ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਨੈਰੋਬੀ ਪੁੱਜਾ ਹੋਵਾਂ ਅਤੇ 10 ਦਿਨਾਂ ਦੀ ਛੁੱਟੀ ਲੈਕੇ ਆਵਾਂ। ਏਨੀ ਛੋਟੀ ਕਿਸੇ ਲਕੇ ਕੰਮ ਭੁਗਤਾ ਕੇ ਛੁੱਟੀ ਲੈਣੀ ਇਕ ਮਸਲਾ ਸੀ। ਜਦੋਂ ਯੂ. ਕੇ ਵਿਚ ਬੇਰੋਜ਼ਗਾਰਾਂ ਦੀਆਂ ਧਾੜਾਂ ਫਿਰਦੀਆਂ ਹਨ। ਮੈਂ ਸੰਬੰਧਿਤ ਅਧਿਕਾਰੀਆਂ ਨੂੰ ਆਪਣਾ ਜਾਣਾ ਜ਼ਰੂਰੀ ਦੱਸਿਆ ਪਰ ਅਫ਼ਸਰ ਲੋਕਾਂ 4 ਤਾਰੀਖ਼ ਨੂੰ ਯੂ. ਕੇ. ਵਿਚ ਹੀ ਰਹਿਣ ਬਣਾਇਆ ਕੰਮ ਭੁਗਤਾਣ ਦੀ ਸ਼ਰਤ ਰਖੀ। ਮੇਰੀ ਮਜਬੂਰੀ ਸੀ। ਮੈਂ ਅੰਦਰੋਂ ਸਤਿਗੁਰਾਂ ਵਲੋਂ ਸ਼ਰਮਿੰਦਾ ਹੋ ਰਿਹਾ ਸਾਂ ਕਿ ਮੈਂ ਤਾਂ ਸਤਿਗੁਰੂ ਜੀ ਦੇ ਤਨਜ਼ਾਨੀਆ ਵਿਚੋਂ ਮੁੜਦਿਆਂ ਸੁਆਗਤਕਾਰੀਆਂ ਵਿਚ ਹੋਣਾ ਸੀ ਪਰ ਹੁਣ ਮੈਂ 4-3-83 ਨੂੰ ਨੈਰੋਬੀ ਪਹੁੰਚ ਨਹੀਂ ਸਕਦਾ। ਜੀ ਕਰਦਾ ਸੀ ਸਤਿਗੁਰੂ ਜੀ ਵਲੋਂ ਦੂਰ ਨ ਹੋਵਾਂ। ਪਰ ਨੌਕਰ ਕੀ ਤੇ ਨਖ਼ਰਾ ਕੀ। (ਸ. ਰੰਧਾਵਾ ਹੀਥਰੋ ਏਅਰਪੋਰਟ ਤੇ ਕੰਮ ਕਰਦੇ ਹਨ।)

ਸਤਿਗੁਰੂ ਜੀ ਦੀ ਮੇਹਰ ਦਾ ਜ਼ਿਕਰ ਕਰਦਿਆਂ, ਖੁਸ਼ੀ ਨਾਲ ਲਾਲ ਹੁੰਦੇ ਚਿਹਰੇ ਨਾਲ ਦੱਸਿਆ : ਪਰ ਮੈਂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਰਦਾਸ ਕਰਦਾ ਰਿਹਾ. ਕਿਸੇ ਤਰ੍ਹਾਂ ਨੈਰੋਬੀ ਪਹੁੰਚਣਾ ਹੈ, ਇਕ ਦਿਨ ਲੇਟ ਨਹੀਂ ਹੋ ਸਕਦਾ ਦੀਨ ਦਿਆਲ ! ਅਤੇ ਜਦੋਂ ਮੈਂ ਨੈਰੋਬੀ ਉਤਰਿਆ ਅਗੋਂ ਵਾਲੀ ਸ. ਗੁਰਚੇਨ ਸਿੰਘ - ਰਛਪਾਲ ਕੌਰ ਹੋਰੀ ਲੈਣ ਆਏ ਤਾਂ ਮੇਰੇ ਸਾਰੇ ਫ਼ਿਕਰਫ਼ਿਕੇ ਕਾਫ਼ੂਰ ਹੋ ਗਏ। ਸਤਿਗੁਰ ਜੀ ਅੱਜ ਹੀ 10-30 ਤਕ ਦਿਨੇ ਨੈਰੋਬੀ ਪੁਜਣ ਵਾਲੇ ਸਨ। ਮੇਰਾ ਸੰਕਲਪ ਪੂਰਾ ਹੋ ਗਿਆ। ਸੁਆਗਤਕਾਰੀਆਂ ਵਿਚ ਮੈਂ ਵੀ ਸ਼ਾਮਲ ਸਾਂ, ਸਤਿਗੁਰੂ ਜੀ ਦੇ ਗਲੇ ਹਾਰ ਮੈਂ ਵੀ ਪਾਏ। ਕਹੋ ਜੀ, ਕੀ ਇਹ ਕਰਾਮਾਤ ਨਹੀਂ?

### ਕਾਕਾ ਜੀ ਨੂੰ ਬੁਖ਼ਾਰ ਅਤੇ ਛਪਾਕੀ

ਸਤਿਗੁਰੂ ਜੀ ਦੀ ਸਪੁਤਰੀ ਬੀਬਾ ਸਾਹਿਬ ਕੌਰ ਜੀ ਦੇ ਕਾਕੇ ਨੂੰ ਪਰਸੋਂ ਅਰੂਸ਼ਾ ਵਿਚ ਬੁਖ਼ਾਰ ਹੋ ਗਿਆ ਸੀ। ਛਪਾਕੀ ਵੀ ਨਿਕਲ ਆਈ ਸੀ। ਕੋਲ ਉਹ ਕਿਸੇ ਨੂੰ ਡਾਕਟਰ ਨੂੰ ਬੁਲਾਣ ਲਈ ਵੀ ਕਹਿ ਰਹੇ ਸਨ। ਮੈਨੂੰ ਤਾਂ ਹੀ ਪਤਾ ਲਗਾ ਜਦੋਂ ਬੀਬਾ ਜੀ ਨੇ ਸਤਿਗੁਰੂ ਜੀ ਨੂੰ ਪੁੱਛਿਆ : ਦੀਨ ਦਿਆਲ, ਕਾਕਾ ਪਾਣੀ ਮੰਗਦਾ ਹੈ, ਵਿਚ ਸ਼ਹਿਦ ਘੋਲ ਕੇ ਦੇ ਦਿਆਂ ? ਮਾਤਾ ਜੀ ਨੇ ਇਕ ਵਾਰ ਛਪਾਕੀ ਨਿਕਲਣ ਸਮੇਂ ਇਹੋ ਕੁਝ ਦਿਤਾ ਸੀ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਨੇ ਪਰਵਾਨਗੀ ਦੇ ਦਿਤੀ।

### ਫਲੋਰਾ ਦੇ ਬੰਗਲੇ ਵਿਚ

4 ਵਜੇ ਲਹਿੰਦੇ ਵੇਲੇ ਮੈਂ ਸ. ਹਰਪਾਲ ਸਿੰਘ ਬੱਲ੍ਹਾ ਅਤੇ ਹੋਰ ਕਿਸ਼ੋਰ ਕਲਾਕਾਰਾਂ ਨਾਲ ਸ. ਗੁਰਚੇਤ ਸਿੰਘ ਫਲੋਰਾ ਦੇ ਬੰਗਲੇ ਪਹੁੰਚਾ। ਓਥੇ ਸਤਿਗੁਰੂ ਜੀ ਵੀ ਦਰਸ਼ਨ ਦੇ ਰਹੇ ਸਨ, ਆਪ ਜੀ ਵੀ ਹੁਣੇ-ਹੁਣੇ ਆਏ ਸਨ। ਕਲਾਕਾਰਾਂ ਨੂੰ ਆਪਣੇ ਸਾਜ਼ਾਂ ਨਾਲ ਬੁਲਾਇਆ ਗਿਆ ਸੀ। ਪਰ ਸੰਦੇਸ਼ ਦੇਣ ਵਾਲੇ ਸਾਜ਼ਾਂ ਦੀ ਲੋੜ ਨਾ ਦੱਸੀ। ਸੰਤ ਹਰਬੰਸ ਸਿੰਘ ਘੁੱਲਾ ਦੌੜਾਇਆ ਗਿਆ ਤੇ ਧਰਮਸ਼ਾਲਾ ਵਿਚੋਂ ਸਾਜ਼ ਲੈ ਕੇ ਆਇਆ।

ਇਸ ਮੌਕੇ ਸ. ਫਲੋਰੇ ਦੇ ਬੰਗਲੇ ਸਤਿਗੁਰੂ ਜੀ ਦੀ ਸੇਵਾ ਵਿਚ ਹੇਠ ਲਿਖੇ ਵਿਅਕਤੀ ਸਨ : ਡਾਕਟਰ ਦਲੀਪ ਸਿੰਘ, ਪ੍ਰੋ. ਗੋਪਾਲ ਸਿੰਘ, ਸਕੱਤਰ ਸੰਤ ਤਰਸੇਮ ਸਿੰਘ, ਸੰਤ ਮਹਿੰਦਰ ਸਿੰਘ ਪੁਰਬਾ, ਸੇਵਕ ਬਲਦੇਵ ਸਿੰਘ ਅਤੇ ਸ. ਸੁਰਿੰਦਰ ਸਿੰਘ ਲੁਧਿਆਣਾ।

### ਵਲਾਇਤ ਨੂੰ ਫੋਨ

ਸ੍ਰੀ ਸਤਿਗੁਰੂ ਜੀ ਸ. ਫਲੋਰਾ ਦੀ ਬਾਗ਼ਬਾਨੀ ਵਿਚ ਖਾਸੀ ਰੁਚੀ ਰਖਦੇ ਹਨ। ਅੱਜ ਵੀ ਅਨੇਕਾਂ ਨਵੇਂ ਬੂਟਿਆਂ ਬਾਰੇ ਜਾਣਕਾਰੀ ਲਈ ਗਈ। ਵਲਾਇਤ ਨੂੰ ਟੈਲੀਫੋਨ ਕੁਨੈਕਸ਼ਨ ਮਿਲ ਗਿਆ। ਸ. ਗੁਰਚੇਤ ਸਿੰਘ ਦੇ ਪੁੱਤਰਿਆਂ ਸ. ਕੁਲਦੀਪ ਸਿੰਘ ਅਤੇ ਕਾਕਾ ਅੰਮ੍ਰਿਤਪਾਲ ਸਿੰਘ, ਵਲਾਇਤ ਬੈਠਿਆਂ ਨਾਲ, ਸੁਖ ਅਨੰਦ, ਭਜਨ ਬੰਦਗੀ ਅਤੇ ਪਰਵਾਰਕ ਸਿੱਖਿਆ ਦੇ ਬਚਨ ਕੀਤੇ। ਸ. ਫਲੋਰਾ ਨੇ ਅਰਜ਼ ਕੀਤੀ : ਜੀ, ਬੱਚੇ ਵੀ ਨਮਸਕਾਰ ਕਰਨਾ ਚਾਹੁੰਦੇ ਹਨ। ਸ੍ਰੀ ਸਤਿਗੁਰੂ ਜੀ ਨੇ ਕੁਲਦੀਪ ਅੰਮ੍ਰਿਤਪਾਲ ਹੁਰਾਂ ਦੀਆਂ ਪਤਨੀਆਂ, ਜੋ ਸਾਡੇ ਜਗਦੀਸ਼ ਸਿੰਘ 'ਵਰਿਆਮ' ਦੀਆਂ ਪੁੱਤਰੀਆਂ ਹਨ, ਦਰਸ਼ੂ ਅਤੇ ਸਤਵੰਤ ਨੂੰ ਵੀ ਫੋਨ ਤੇ ਸੱਦਿਆ, ਪਿਆਰ ਦਿਤਾ ਤੇ ਜਗਦੀਸ਼ ਪਰਵਾਰ ਦਾ ਮੰਗਲਾਚਾਰ ਦਿਤਾ। ਖਾਸਕਰ ਜਗਦੀਸ਼ ਸਿੰਘ ਦਾ ਵਿਜ਼ਟ ਅਤੇ ਦਿੱਲੀ ਆਉਣਾ ਦੱਸਿਆ, ਲੜਕਿਆਂ ਨੂੰ ਗੁਰਮੁਖੀ ਪੜਨ ਤੇ ਪਰਸਪਰ ਪ੍ਰੇਮ ਨਾਲ ਰਹਿਣ ਤੇ ਪਿਆਰ ਵਧਾਣ ਦਾ ਉਪਦੇਸ਼ ਦਿਤਾ।

ਏਸੇ ਫੋਨ ਤੇ ਫਲੋਰਾ ਪੁੱਤਰੀ ਅਮ੍ਰਿਤ ਕੌਰ 'ਭੁੱਚੀ' ਅਤੇ ਉਸਦੇ ਪਤੀ ਗੁਰਮੀਤ ਸਿੰਘ ਨੂੰ ਬੁਲਵਾ ਕੇ, ਉਨਾਂ ਦੀ ਸੁਖ ਸਾਂਦ ਜਾਣੀ ਅਤੇ ਭਜਨ ਬੰਦਗੀ ਵਲੋਂ ਅਵੇਸਲੇ ਨਾ ਹੋਣ ਦਾ ਉਪਦੇਸ਼ ਦਿਤਾ। ਇਨਾਂ ਨੂੰ ਫੋਨ ਤੇ ਇਹ ਵੀ ਦੱਸਿਆ ਕਿ ਰੰਧਾਵਾ (ਹਰਚਰਨ ਸਿੰਘ) ਜੀ ਨੇ ਰੀਪੋਰਟ ਕੀਤਾ ਹੈ ਕਿ ਤਰਲੋਚਨ ਸਿੰਘ ਐਸੀ ਡਿਊਟੀ ਤੇ ਲਗ ਗਿਆ ਹੈ ਜਿਸ ਕਰਕੇ ਉਸਦੀ ਫਰਮ ਬੜੀ ਸਤੁੰਸ਼ਟ ਹੈ। ਉਸਨੂੰ ਮਾਲਕਾਂ ਵਾਂਗ ਆਜ਼ਾਦੀ ਦੇ ਰਖੀ ਹੈ। (ਤਰਲੋਚਨ ਸਿੰਘ, ਗੁਰਮੀਤ ਸਿੰਘ ਜੌੜਸਪੁਰ ਦਾ ਭਣਵਈਆ ਹੈ।)

ਏਵੇਂ ਹੀ, ਸ. ਰੰਧਾਵਾ ਨੇ ਵਲਾਇਤ ਦੇ ਕਿਸੇ ਜਟਿਲ ਮਸਲੇ ਬਾਰੇ ਸਤਿਗੁਰੂ ਜੀ ਨੂੰ ਰੀਪੋਰਟ ਕੀਤਾ ਅਤੇ ਵਧੇਰੇ ਕਿਰਪਾ ਦੀ ਮੰਗ ਕੀਤੀ। ਬਾਅਦ ਵਿਚ ਬਿਨਾ ਸੰਦਰਭ ਦਸੇ ਮੈਨੂੰ ਸ. ਰੰਧਾਵਾ ਨੇ ਕਿਹਾ, 'ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਨ ਹੈ ਕਿ ਸਿੱਖਾਂ ਨੂੰ ਸਦਾ ਨੇੜੇ ਲਗਾਣ ਦਾ ਜਤਨ ਕੀਤਾ ਕਰੋ। ਦੂਰ ਕਰਨ ਵਾਲਾ ਸਦਾ ਹੀ ਗੁਰੂ ਦੇ ਪ੍ਰਧਾਨਾਂ ਦਾ ਦੋਖੀ ਹੁੰਦਾ ਹੈ। ਜਾਪਦਾ ਹੈ ਜਿਵੇਂ ਸ. ਰੰਧਾਵਾ ਨੇ ਕਿਸੇ ਸਿੱਖ ਦੀ ਨੇਤਾ



Sri Satguru Jagjit Singh Ji Elibrary NamdhariElibrary@gmail.com

ਹਿਤ ਹੀ 'ਵਧੇਰੇ ਕਿਰਪਾ ਕਰਨ' ਦੀ ਮੰਗ ਕੀਤੀ ਸੀ।

**ਫੋਨ ਲੁਧਿਆਣੇ ਨੂੰ**

4-45 ਵਜੇ ਇਕ ਵਖਰੇ ਕਮਰੇ ਵਿਚ ਬੈਠ ਸ੍ਰੀ ਸਤਿਗੁਰੂ ਜੀ ਫਲੇਹਾਰ ਕੀਤਾ। ਅਤੇ ਜਦੋਂ ਪਹਿਲੀ ਛੱਤ ਤੋਂ ਹੇਠਾਂ ਉਤਰੇ ਤਾਂ ਕਿਸੇ ਨੂੰ ਆਦੇਸ਼ ਕੀਤਾ , ਲੁਧਿਆਣੇ ਫੋਨ ਕਰਕੇ ਭੈਣੀ ਸਾਹਿਬ ਖ਼ਬਰ ਕੀਤੀ ਜਾਏ। ਸਵੇਰੇ ਓਥੇ ਬੀਬੀ (ਦਲੀਪ ਕੌਰ) ਜੀ, ਪੂਰਬੇ ਦੀ ਸਿਖਣੀ ਅਤੇ ਤਰਸੇਮ ਸਿੰਘ ਦੀ ਪਤਨੀ, ਗੁਰਦੇਵ ਸਿੰਘ ਪਟਵਾਰੀ ਦੇ ਘਰ ਆ ਜਾਣ ਤਾਕਿ ਕੱਲ੍ਹ ਕਿਸੇ ਮੌਕੇ ਤੇ ਉਨ੍ਹਾਂ ਨਾਲ ਗੱਲ ਕੀਤੀ ਜਾ ਸਕੇ। ਪੰ. ਗੋਪਾਲ ਸਿੰਘ ਦੇ ਲੜਕੇ ਜਗਮੋਹਨ ਸਿੰਘ ਨੂੰ ਪੰਡਿਤ ਜੀ ਦੀ ਸੁਖ ਸਾਂਦ ਦੱਸਣ ਲਈ ਵੀ ਪੱਕੀ ਕੀਤੀ।

ਮੈਨੂੰ ਵੀ ਬੀਬੀ ਰਛਪਾਲ ਕੌਰ ਨੇ ਆਪਣੀਆਂ ਨੂੰਹਾਂ, ਜਗਦੀਸ਼ ਪੁਤਰੀਆਂ ਨਾਲ ਫੋਨ ਤੇ ਮਿਲਾ ਦਿਤਾ। ਮੇਰੀਆਂ ਹੀ ਤਾਂ ਉਹ ਧੀਆਂ ਜਾਂ ਨੂੰਹ ਪੋਤਰੀਆਂ ਹਨ।

**ਸੰਗੀਤ ਸਭਾ ਨੈਰੋਬੀ ਵਿਖੇ**

ਜਦੋਂ ਮੈਂ ਕੁਝ ਖਾ-ਪੀ ਕੇ ਘਰ ਪਿਛਵਾੜੇ ਦੇ ਬਗੀਚੇ ਵਿਚ ਆਇਆ, ਘਾਹ ਵਿੱਚੇ ਵਿਚ ਵਿਛਾਈਆਂ ਚਟਾਈਆਂ ਉਤੇ ਬੈਠੇ ਸੱਚੇ ਪਾਤਸ਼ਾਹ ਬੱਚਿਆਂ ਤੋਂ ਲੰਮੀ ਧਮਾਰ ਗਵਾ ਰਹੇ ਸਨ। ਅੱਜ ਇਕ ਨਵਾਂ ਢੰਗ ਸੀ, ਚੌਦਾਂ ਮਾਤਰਾ ਦੀ ਧਮਾਰ ਵਿਚ, ਦੂਜੀ ਮਾਤਰਾ ਤੇ ਬਲਜੀਤ ਸਿੰਘ 'ਆਇ ਗਈ ਸਭ ਖੇਲਤ ਹੋਰੀਂ' ਦੀ ਪਹਿਲੀ ਮਾਤਰ ਤੇ, ਸਤਿਗੁਰੂ ਜੀ ਤੀਜੀ ਮਾਤਰ ਤੇ ਚੁਕੇ ਹੋਏ ਏਸੇ ਸ਼ਬਦ ਨੂੰ 11ਵੀਂ ਮਾਤਰ ਤੇ, ਘੁੱਲਾ ਹਰਬੰਸ ਸਿੰਘ ਚੌਥੀ ਮਾਤਰ ਤੇ ਚੁਕ ਕੇ ਗਿਆਰਵੀਂ ਮਾਤਰ ਤੇ ਪੈਂਦੇ ਸਮ ਤੇ ਤਿੰਨੇ ਇਕੱਠੇ ਹੁੰਦੇ। ਪਿੰਕੀ ਸੁਖਵਿੰਦਰ ਸਿੰਘ ਤਬਲਾ ਵਜਾਂਦਾ ਸੀ।

ਇਹ ਢੰਗ ਅਸਲੋਂ ਨਵਾਂ ਸੀ। ਤਿੰਨ ਜਣਿਆਂ ਵੱਖ ਵੱਖ ਥਾਂਵਾਂ ਤੇ ਤੁਰ, ਇਕੋ ਥਾਂ ਤੇ ਇਕੋ ਵੇਲੇ ਪੁਜਣਾ ਸੀ। ਇਸ ਮੌਕੇ ਤੇ, ਸੂਬਾ ਮੋਹਣ ਸਿੰਘ ਜੀ, ਸੂਬਾ ਸਤਨਾਮ ਸਿੰਘ ਜੀ ਅਤੇ ਸੰਤ ਹਰਭਜਨ ਸਿੰਘ ਰਾਣਾ ਵੀ ਪਹੁੰਚ ਗਏ।

**ਧਰਮਸਾਲਾ ਨੂੰ ਭਾਗ**

6 ਵਜੇ ਤੱਕ ਭਾਈ ਸ. ਗੁਰਚੈਨ ਸਿੰਘ ਫਲੋਰਾ ਨੂੰ ਨਿਵਾਜ ਫਿਰ ਸਤਿਗੁਰੂ ਜੀ ਨੇ ਧਰਮਸਾਲਾ ਨੂੰ ਭਾਗ ਲਾਏ। ਏਥੇ 6-30 ਤੋਂ 7-30 ਤਕ ਨਾਮ ਸਿਮਰਨ ਹੋਇਆ ਅਤੇ ਫਿਰ 8-40 ਤੱਕ ਕੀਰਤਨ।

9 ਵਜੇ ਵਾਈਟਲੈਂਡ ਤੋਂ ਫੋਨ ਆ ਗਿਆ। ਸਤਿਗੁਰੂ ਜੀ ਵਿਸ਼ੇਸ਼ ਸੇਵਕਾਂ ਨਾਲ ਉਠ ਫੋਨ ਕਮਰੇ ਵਿਚ ਪਧਾਰੇ ਜਿਥੇ ਫੋਨ ਤੋਂ ਛੁਟ ਕਿਸੇ ਹੋਰ ਮਸਲੇ ਤੇ ਅੱਧਾ ਘੰਟਾ ਲਗ ਗਿਆ।



Sri Satguru Jagjit Singh Ji Elibrary NamdhariElibrary@gmail.com

### 6 ਮਾਰਚ 1983, ਐਤਵਾਰ
### ਨੈਰੋਬੀ (ਕੀਨੀਆ)

ਅੱਜ ਦਾ ਦਿਨ ਸਵਰਗਵਾਸੀ ਸੂਬਾ ਦਰਸ਼ਨ ਸਿੰਘ ਜੀ ਦੇ ਛੋਟੇ ਲੜਕੇ ਸ. ਕੁਲਵੰਤ ਸਿੰਘ ਦਾ ਅਨੰਦ ਕਾਰਜ ਹੋਣ ਕਰਕੇ ਸਮੁੱਚੇ ਨੈਰੋਬੀ ਵਾਸੀਆਂ ਲਈ ਪ੍ਰਸੰਨਤਾ ਅਤੇ ਆਕਰਸ਼ਣ ਦਾ ਦਿਨ ਸੀ। ਸਵੇਰੇ 4 ਵਜੇ ਤੋਂ ਹੀ ਸਰਬ ਸੰਤ ਹਰਬੰਸ ਸਿੰਘ - ਖਜਾਨ ਸਿੰਘ, ਬਲਜੀਤ ਸਿੰਘ, ਸੁਖਵਿੰਦਰ ਸਿੰਘ ਪਿੰਕੀ ਅਤੇ ਸ੍ਰੀ ਮੁਤਲਾਸ਼ੀ ਹੁਰਾਂ ਨੇ ਸਤਿਕਾਰ ਪੂੱਜ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਰਸ, ਰੰਗ ਅਤੇ ਮਧੁਰ, ਪਕ ਸਿਜਤ ਸੁਰਾਂ ਵਿਚ ਆਸਾ ਦੀ ਵਾਰ ਦਾ ਕੀਰਤਨ ਕੀਤਾ, ਜਿਸਦੀ ਸਮਾਪਤੀ ਬਸੰਤ ਦੇ ਸ਼ਬਦ ਅਤੇ ਬਸੰਤ ਦੀ ਵਾਰ ਨਾਲ ਹੋਈ।

**ਅਨੰਦ ਕਾਰਜ ਕੁਲਵੰਤ ਸਿੰਘ ਦਾ**

ਵਾਰ ਦੀ ਸਮਾਪਤੀ ਦੇ ਨਾਲ ਹੀ, ਹਾਲ ਵਿਚ ਕੇਲਿਆਂ ਦੇ ਚਾਰ ਖੰਭੇ ਗੱਡ ਕੇ, ਵੇਦੀ ਬਣਾਈ ਗਈ, ਜਿਸਦੇ ਵਿਚਾਲੇ ਬੈਠ ਕੇ ਹਵਨ ਕੀਤਾ ਗਿਆ, ਜਿਸ ਵਿਚ ਹਜ਼ੂਰ ਦੇ ਨਿਜੀ ਸਕੱਤਰ ਸੰਤ ਤਰਸੇਮ ਸਿੰਘ, ਖਜਾਨਚੀ ਸੰਤ ਮਹਿੰਦਰ ਸਿੰਘ ਪੁਰਬਾ, ਨਿਜੀ ਸੇਵਕ ਬਲਦੇਵ ਸਿੰਘ, ਸੰਤ ਕੁਲਤਾਰ ਸਿੰਘ ਨਾਮਧਾਰੀ, ਸੰਗਤ ਦੇ ਸਕੱਤਰ ਸੰਤ ਹਰਭਜਨ ਸਿੰਘ ਸੀਰ੍ਹਾ, ਸੰਤ ਪ੍ਰੀਤਮ ਸਿੰਘ ਮਠਾੜੂ ਅਤੇ ਜਥੇਦਾਰ ਸੇਵਾ ਸਿੰਘ ਜਗਾਧਰੀ ਸ਼ਾਮਲ ਸਨ।

6-35 ਤਕ ਕੜਾਹ ਪ੍ਰਸਾਦ ਅਤੇ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਬੀੜ ਮੰਗਵਾ ਲਈ ਗਈ। ਲਾਵਾਂ ਦੇ ਪਾਠ ਲਈ ਤਿਆਰ ਬੈਠੇ ਹੋਏ ਸ. ਕੁਲਵੰਤ ਸਿੰਘ ਅਤੇ ਬੀਬੀ ਇੰਦਰਜੀਤ ਕੌਰ ਸੁਪੁਤਰੀ ਸ. ਮੇਲਾ ਸਿੰਘ ਨੂੰ ਸੰਤ ਤਰਸੇਮ ਸਿੰਘ-ਬਲਦੇਵ ਸਿੰਘ ਵਲੋਂ ਅੰਮ੍ਰਿਤ ਛਕਾ ਦਿਤਾ ਗਿਆ। ਸੁੰਦਰ, ਸੁਖਾਵੇਂ ਸੁਅੰਛ ਵਾਤਾਵਰਨ ਵਿਚ ਜਿਸ ਉਤੇ ਸ੍ਰੀ ਸਤਿਗੁਰੂ ਜੀ ਦੀ ਵਿਸ਼ੇਸ਼ ਕਿਰਪਾ ਦਾ ਵਰਦ ਹਸਤ ਸੁਪ੍ਰਸੰਨ ਛਾਇਆ ਹੋਇਆ ਸੀ। ਚੌਰਿਆਂ ਦਾ ਗੀਤ ਦਤਰਾਵਾ ਸ੍ਰੀ ਬਲਦੇਵ ਸਿੰਘ ਅਤੇ ਲਾਵਾਂ ਦੇ ਪਾਠੀ ਪੁਰਬਾ ਮਹਿੰਦਰ ਸਿੰਘ, ਜਥੇਦਾਰ ਸੇਵਾ ਸਿੰਘ ਤੇ ਸੰਤ ਹਰਭਜਨ ਸਿੰਘ ਸੀਰ੍ਹਾ ਸਨ। ਠਾਕੁਰ ਜੀ ਤੇ ਸ. ਸੁਖਲਾ ਮੂਵੀ, ਵੀਡੀਓ, ਸਟਿੱਲ ਕੈਮਰਿਆਂ ਨਾਲ ਹਰ ਪਲ ਸੰਭਾਲ ਰਹੇ ਸਨ ਅਤੇ ਸਾਰੇ ਪਾਠਾਂ ਦੇ ਭੋਗ ਪੈ ਕੇ ਪੂਰੇ 7 ਵਜੇ ਇਸ ਸ਼ੁਭ ਸਮਾਗਮ ਦੀ ਸਮਾਪਤੀ ਦੀ ਅਰਦਾਸ ਹੋ ਗਈ।

ਇਹ ਬੀਬੀ ਇੰਦਰਜੀਤ ਕੌਰ ਅਤੇ ਇਹਨਾਂ ਦੀ ਮਾਤਾ ਬੀਬੀ ਸਵਰਨ ਕੌਰ ਸੁਪਤਨੀ ਸ. ਮੇਲਾ ਸਿੰਘ ਦਿੱਲੀ ਤੋਂ ਹੀ ਸਾਡੇ ਨਾਲ ਆਈਆਂ ਹੋਈਆਂ ਸਨ। ਅੱਜ ਮਾਂ, ਧੀ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੋਹੇ ਕੁਲਵੰਤ ਸਿੰਘ ਦੇ ਹਵਾਲੇ ਕਰਕੇ ਸੁਰਖਰੂ ਹੋ ਗਈ ਸੀ। ਨਾ ਕੁਛ ਲੈਣਾ, ਨ ਦੇਣਾ। ਸਾਦਗੀ, ਸੁਅੱਛਤਾ, ਸਰਲਤਾ ਤੇ ਸੁੰਦਰਤਾ ਦਾ ਇਹ ਅਦੁਤੀ ਸੰਗਮ ਸੀ। ਸਵੇਰ ਦੇ ਇਸ ਸੁਹਾਵਣੇ ਸਮੇ ਵਿਚ, ਇਹ ਦੈਵੀ ਦ੍ਰਿਸ਼ ਕਿਤੇ ਸੂਬਾ ਦਰਸ਼ਨ ਸਿੰਘ ਜੀ ਅੱਖੀ ਵੇਖ ਸਕਦੇ ਤਾਂ ਕਿੰਨਾ ਸੁਖ ਹੁੰਦਾ।

ਸਤਿਗੁਰੂ ਜੀ ਹੀ ਸਿੰਘਾਂ ਦੇ ਮਾਤਾ ਪਿਤਾ ਹਨ। ਇਸ ਲਈ ਇਹ ਜ਼ਿੰਮੇਵਾਰੀ ਵਾਲੀ



Sri Satguru Jagjit Singh Ji Elibrary NamdhariElibrary@gmail.com

ਕਾਰਵਾਈ ਵੀ ਸਤਿਗੁਰੂ ਜੀ ਦੀ ਅਗਵਾਈ ਵਿਚ ਸੰਪੂਰਨ ਹੋਈ। ਅਨੰਦ ਕਾਰਜ ਵੇਖਣ ਲਈ ਸਦਾ ਉਤਾਵਲੀਆਂ ਤੇ ਆਮ ਕਰਕੇ ਰੌਲਾ ਪਾਉਂਦੀਆਂ ਬੀਬੀਆਂ ਅੱਜ ਪੂਰੀ ਸ਼ਾਂਤੀ ਅਤੇ ਕੌਤੂਹਲ ਨਾਲ ਇਸ ਜੋੜੇ ਨੂੰ ਗ੍ਰਿਸਤ ਜੀਵਨ ਵਿਚ ਪਰਵੇਸ਼ ਹੋਇਆ ਦੇਖ ਰਹੀਆਂ ਸਨ। ਸੁਹਣੀ ਲੜਕੀ, ਸੁਣੱਖਾ ਲੜਕਾ। ਸਤਿਗੁਰੂ ਜੀ ਨੇ ਜਿਵੇਂ ਸੂਬਾ ਜੀ ਦੇ ਘਰ ਸੁੰਦਰਤਾ ਬੀਜ ਦਿੱਤੀ ਹੈ।

ਸਾਧ ਸੰਗਤ ਨੇ ਧਰਮਸਾਲਾ ਵਿਚ ਹੀ ਲੰਗਰ ਛਕ ਕੇ ਸੰਤੁਸ਼ਟੀ ਪਾਈ। ਲੰਗਰ ਸੀ ਨਾਸ਼ਤੇ ਦੇ ਤੌਰ ਤੇ, ਪੂਰੀਆਂ, ਛੋਲੇ, ਕੜਾਹ ਪ੍ਰਸ਼ਾਦ ਅਤੇ ਦਾਲ-ਫੁਲਕਾ।

ਕਾਰ ਪਾਰਕ ਵਾਲੇ ਥਾਂ ਗੱਡੀਆਂ ਨੂੰ ਆਖ਼ਰ ਆਈ ਹੋਈ ਸੀ। ਦੀਵਾਨ ਉਪਰੰਤ ਹਰ ਕੋਈ ਵਧਾਈਆਂ ਲੈਣ ਦੇਣ ਦੇ ਮੂਡ ਵਿਚ ਸੀ।

## ਮੁਤਲਾਸ਼ੀ ਦੇ ਸ਼ਾਗਿਰਦ

9.00 ਵਜੇ ਸ੍ਰੀ ਸਤਿਗੁਰੂ ਜੀ ਦੇ ਡੇਰੇ ਸ. ਅਜੀਤ ਸਿੰਘ ਮੁਤਲਾਸ਼ੀ ਆਪਣੇ ਸ਼ਾਗਿਰਦ ਪ੍ਰਿਤਪਾਲ ਸਿੰਘ ਸਪੁੱਤਰ ਸ. ਗਿਆਨ ਸਿੰਘ ਨੂੰ ਲੈ ਕੇ ਹਾਜ਼ਰ ਹੋਏ ਅਤੇ ਪ੍ਰਿਤਪਾਲ ਸਿੰਘ ਨੇ ਮੁਤਲਾਸ਼ੀ ਜੀ ਦੀ ਤਬਲਾ ਸੰਗਤ ਨਾਲ, ਰਾਗ ਦੇਸਕਾਰ ਵਿਚ, 'ਦਰ ਮਾਂਦੇ ਠਾਢੇ ਦਰਬਾਰਿ' ਸ਼ਬਦ ਸ੍ਰੀ ਸਤਿਗੁਰੂ ਜੀ ਦੇ ਪੇਸ਼ ਕੀਤਾ।

ਸਤਿਗੁਰਾਂ ਨੇ ਇਸ ਨਾਮਧਾਰੀ ਬੱਚੇ ਨੂੰ ਨੈਰੋਬੀ ਦੇ ਪ੍ਰਸਿਧ ਸਿੱਖ ਸੰਗੀਤਕਾਰ ਮੁਤਲਾਸ਼ੀ ਜੀ ਪਾਸ ਪਿਛਲੇ ਦੌਰੇ ਸਮੇਂ ਸ਼ਾਗਿਰਦ ਬਿਠਾਇਆ ਸੀ। ਸਤਿਗੁਰੂ ਜੀ ਬੱਚੇ ਨੂੰ ਧਿਆਨ ਪੂਰਵਕ ਸੁਣਕੇ ਉਸਦੇ ਸੁਰ ਅਤੇ ਤਾਲ ਦੀ ਦਾਦ ਦਿੱਤੀ। ਬੱਚੇ ਨੇ ਸੁਰ ਵਿਚ ਤਾਂ ਗਾਇਆ ਹੀ ਸੀ ਤਿਹਾਈਆਂ ਲਗਾਕੇ ਵੀ ਸੱਚੇ ਪਾਤਸ਼ਾਹ ਜੀ ਨੂੰ ਪ੍ਰਸੰਨ ਕੀਤਾ।

ਫਿਰ ਇਸਦੇ ਛੋਟੇ ਭਰਾ ਦੀ ਵਾਰੀ ਆਈ। ਗੁਰਦਿੱਤ ਸਿੰਘ ਨੂੰ ਮੁਤਲਾਸ਼ੀ ਜੀ ਨੇ ਤਬਲਾ ਸਿਖਾਇਆ ਸੀ। ਗੁਰਦਿੱਤ ਸਿੰਘ ਨੇ ਤਬਲਾ ਬੜੇ ਸੁਚੱਜ ਅਤੇ ਵਿਸ਼ਵਾਸ ਨਾਲ ਵਜਾਇਆ, ਗੁਰੂ ਜੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸਤਿਗੁਰੂ ਜੀ ਨੇ ਦੋਹਾਂ ਬੱਚਿਆਂ ਨੂੰ ਫੁਰਮਾਇਆ : ਆਸਾ ਦੀ ਵਾਰ ਰੋਜ਼ ਲਾਇਆ ਕਰੋ। ਸਾਨੂੰ ਹਿੰਦੁਸਤਾਨ ਵਿਚੋਂ ਜੁ ਆਦਮੀ ਲਿਆਉਣੇ ਪੈਂਦੇ ਹਨ, ਕਦੇ ਬਚਪਨ ਵਿਚ ਆਇਆਂ, ਤੁਹਾਨੂੰ ਹੀ ਸੁਣ ਲਿਆ ਕਰਾਂਗੇ।

ਸਭਾ 20 ਕੁ ਮਿੰਟਾਂ ਵਿਚ ਹੀ ਸਮਾਪਤ ਹੋ ਗਈ।

## ਅਰੂਸ਼ਾ (ਤਨਜ਼ਾਨੀਆ) ਦਾ ਰਾਗੀ

ਦੋਵੇਂ ਬੱਚਿਆਂ ਪਿੱਛੋਂ ਅਰੂਸ਼ਾ ਦੇ ਇਕ ਰਾਗੀ ਸਾਹਿਬ ਦੀ ਯਾਦ ਆਈ। ਉਸਦੀ ਪੀਲੀ ਦਸਤਾਰ, ਸਫ਼ੈਦ ਕੁਰਤਾ ਪਜਾਮਾ ਤੇ ਖੁਲ੍ਹੇ ਦਾਹੜੇ ਵਾਲੇ ਦਰਸ਼ਨ ਪ੍ਰਭਾਵਸ਼ਾਲੀ ਸਨ। ਨਾਮ ਸ੍ਰੀ ਕੁਲਦੇਵ ਸਿੰਘ ਉਮਰ 35-40 ਸਾਲ। ਅਰੂਸ਼ਾ ਸ਼ਹਿਰ ਦੇ ਆਰੀਆ ਸਮਾਜ ਮੰਦਰ ਵਿਚ ਜਦੋਂ ਨਾਮਧਾਰੀ ਦੀਵਾਨ ਵਿਚ ਪਹਿਲੀਵਾਰ ਰਾਗੀ ਜੀ ਆਏ ਪਰ ਕੁਝ ਸੰਗੇ ਸੰਗੇ ਹੋਣ ਕਾਰਨ ਉਨ੍ਹਾਂ ਨੂੰ ਜ਼ਰਾ ਪਰੇਸ਼ਾਨੀ ਹੋਈ। ਕੀਰਤਨ ਜਾਰੀ ਸੀ। ਬਿਨਾ ਸਤਿਗੁਰੂ ਜੀ ਨੂੰ ਮੱਥਾ ਟੇਕੇ, ਸ਼ਬਦ ਬੋਲਕੇ, ਕੀਰਤਨਕਾਰਾਂ ਨੂੰ ਫ਼ਤਹ ਕੁ ਸਿਰ ਝੁਕਾ ਕੇ ਬੈਠ ਗਏ। ਦੂਜੇ ਦਿਨ ਆਏ ਤਾਂ ਸਤਿਗੁਰੂ ਜੀ ਨੂੰ ਸ਼ਰਧਾ ਸਹਿਤ ਮੱਥਾ ਟੇਕਿਆ। ਤੀਜੀ ਵਾਰ



Sri Satguru Jagjit Singh Ji Elibrary NamdhariElibrary@gmail.com

5 ਵਜੇ ਹੀ ਕੀਰਤਨ ਦਾ ਅਨੰਦ ਲੁੱਟਣ, ਸ੍ਰੀ ਬੀਰ ਚੰਦ ਦੇ ਬੰਗਲੇ ਆ ਪਹੁੰਚੇ ਅਤੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਇਕ ਨੋਟ ਮੱਥਾ ਟੇਕਿਆ। ਕੀਰਤਨ ਸੁਣਿਆ। ਵਿਦਾ ਹੋਣ ਲੱਗੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ: ਪਾਤਸ਼ਾਹ ! ਫੇਰ ਕਦੋਂ ਆਓਗੇ, ਹੁਣ ਕਦੋਂ ਦਰਸ਼ਨ ਹੋਣਗੇ।

ਸਾਧ ਸੰਗਤ, ਕਥਾ ਕੀਰਤਨ ਅਤੇ ਇਸਦੇ ਕੇਂਦਰ ਸਤਿਗੁਰੂ ਜੀ ਨੇ ਹੀ ਭਾਈ ਗੁਰਦੇਵ ਸਿੰਘ ਜੀ ਨੂੰ ਕਦਮ ਕਦਮ ਅਗੇ ਵਧਾਇਆ।

**ਫਿਰ ਫਲੋਰਾ ਦੇ ਬੰਗਲੇ**

ਸ੍ਰੀ ਹਰਭਜਨ ਸਿੰਘ ਸੋਰ੍ਹਾ ਨਾਲ ਘੁੰਮਦੇ ਫਿਰਦਿਆਂ ਅਤੇ ਉਨ੍ਹਾਂ ਦੇ ਘਰੋਂ ਹੋਕੇ ਜਦੋਂ ਅਸੀ ਸ. ਗੁਰਚੈਨ ਸਿੰਘ ਫਲੋਰਾ ਦੇ ਬੰਗਲੇ ਆਏ ਤਾਂ ਏਥੇ ਦੀਨ ਦਿਆਲ ਇਕ ਅੰਦਰ ਸ: ਫਲੋਰਾ ਤੋਂ ਮਾਲਿਸ਼ ਕਰਵਾ ਰਹੇ ਸਨ। ਸ. ਫਲੋਰਾ 14 ਵਿੱਦਿਆ ਨਿਧਾਨ ਹੈ। ਉਹ ਮਾਲਿਸ਼ ਦੁਆਰਾ ਹੀ ਅਨੇਕਾ ਰੋਗ ਦੂਰ ਕਰਨ ਦੀ ਸਮਰਥਾ ਰਖਦਾ ਹੈ। ਸਤਿਗੁਰੂ ਜੀ ਤਾਂ ਅਰੋਗ ਹੀ ਹਨ ਪਰ ਉਹ ਉਸਦੀ ਮਾਲਿਸ਼-ਵਿੱਦਿਆ ਦਾ ਹੀ ਚਮਤਕਾਰ ਜਾਨਣ ਲਈ ਉਸ ਤੋਂ ਮਾਲਸ਼ ਕਰਵਾ ਰਹੇ ਸਨ। ਬਲਦੇਵ ਸਿੰਘ ਸੇਵਕ ਕੋਲ ਹੈ। ਬੂਹਾਂ ਬੰਦ ਹੈ। ਬਾਹਰ ਸੋਫ਼ਿਆਂ ਤੇ ਗੁਰੂ ਕੇ ਪਿਆਰੇ ਬੈਠੇ ਹੋਏ ਸਨ: ਸ. ਹਰਚਰਨ ਸਿੰਘ ਰੰਧਾਵਾ (ਇੰਗਲੈਂਡ), ਪ੍ਰੋ. ਗੋਪਾਲ ਸਿੰਘ (ਭਾਰਤ) ਸ. ਹਰਭਜਨ ਸਿੰਘ ਚਾਨਾ (ਨੈਰੋਬੀ) ਤੇ ਸ. ਕੰਵਲਜੀਤ ਸਿੰਘ (ਕੀਨੀਆ)।

**ਇਕ ਫੋਨ ਕੈਨੇਡਾ ਤੋਂ**

ਕੈਨੇਡਾ ਤੇ ਇਕ ਟੈਲੀਫੋਨ ਖੜਕਿਆ। ਇਹ ਸ. ਹਰਬਖ਼ਸ਼ ਸਿੰਘ ਸੀ। ਉਸਨੂੰ 10 ਮਿੰਟ ਬਆਦ ਸੰਪਰਕ ਕਰਨ ਲਈ ਕਿਹਾ ਗਿਆ। ਸਤਿਗੁਰੂ ਜੀ ਨੇ ਫੋਨ ਅੰਦਰ ਮੰਗਵਾ ਲਿਆ, ਸੱਚੇ ਪਾਤਸ਼ਾਹ ਜੀ ਨੂੰ ਸ. ਹਰਬਖ਼ਸ਼ ਸਿੰਘ ਨੇ ਕੈਨੇਡਾ ਤੋਂ ਕੀ ਅਰਜ਼ ਕੀਤੀ, ਇਹ ਤਾਂ ਮਾਲੂਮ ਨਹੀ ਹੋ ਸਕਿਆ ਪਰ ਸਤਿਗੁਰੂ ਜੀ ਵਲੋਂ ਵੱਡੇ ਕਾਕੇ (ਠਾਕੁਰ ਦਲੀਪ ਸਿੰਘ) ਘਰ ਦੋਂਜੀ ਹੋਣ ਦੀ ਵਧਾਈ ਦਿਤੀ ਗਈ। ਏਸੇ ਕਾਰਨ ਮਾਤਾ ਜੀ ਦਾ ਭੈਣੀ ਸਾਹਿਬ ਰਹਿਣਾ ਜ਼ਰੂਰੀ ਹੋਇਆ।

ਫਿਰ ਉਪਰਲੀ ਛੱਤੀ ਜਾਕੇ, ਪੂਰਬੇ ਦੁਆਰਾ ਕੀਤੇ ਗਏ ਗਰਮ ਜਲ ਨਾਲ ਇਸ਼ਨਾਨ ਕਰਨ ਲਗੇ। ਸ. ਹਰਬਖ਼ਸ਼ ਸਿੰਘ ਵਲੋਂ ਫਿਰ ਫੋਨ ਆ ਗਿਆ। ਮੈਨੂੰ ਆਵਾਜ਼ ਸੁਣ ਰਹੀ ਸੀ ਕਿਸੇ ਹੋਰ ਨਾਲ ਠਾਕੁਰ ਜੀ ਘਰ ਸੁੱਜੀ ਹੋਣ ਦਾ ਹੀ ਦੁਹਰਾਉ ਸੀ। ਫਿਰ ਸ. ਗੁਰਦਿਆਲ ਸਿੰਘ ਹਾਕੀ ਕੋਚ ਨੂੰ ਸਤਿ ਸ੍ਰੀ ਅਕਾਲ। ਫਿਰ ਸ. ਕੁਲਦੀਪ ਸਿੰਘ ਨਾਲ ਵਾਰਤਾਲਾਪ। ਸਭ ਨੂੰ ਇਕ ਘੰਟਾ ਰੋਜ਼ਾਨਾ ਨਾਮ ਜਪਣ ਤੇ ਜ਼ੋਰ। ਸੇਧ ਲੈਣ ਲਈ ਆਗ੍ਰਹਿ ਸੀ।

ਕੈਨੇਡਾ ਤੋਂ ਫਿਰ ਫੋਨ 11.45 ਹੋਏ, ਤਾਂ ਆਇਆ। ਸਤਿਗੁਰੂ ਜੀ ਸ. ਫਲੋਰਾ ਦੇ ਛੋਟੇ ਭਾਈ ਸ. ਕੇਵਲ ਸਿੰਘ ਫਲੋਰਾ ਦੇ ਬੰਗਲੇ ਜਾਣ ਵਾਸਤੇ ਗੱਡੀ ਵਿਚ ਬੈਠੇ। ਅਜੇ ਗਡੀ ਸਟਾਰਟ ਨਹੀ ਸੀ ਹੋਈ ਕਿ ਕੈਨੇਡਾ ਤੋਂ ਫਿਰ ਫੋਨ ਆਗਿਆ। ਇਹ ਸਤਿਗੁਰਾਂ



Sri Satguru Jagjit Singh Ji Elibrary NamdhariElibrary@gmail.com

ਦੇ ਪਿਆਰੇ ਸਿੱਖ ਗੁਰਦੇਵ ਸਿੰਘ ਦਾ ਫੋਨ ਸੀ। ਐਂਡੀ ਦੀ ਬੁਕਲ ਮਾਰੀ ਸਤਿਗੁਰੂ ਜੀ ਗੱਡੀਓਂ ਉਤਰਕੇ ਅੰਦਰ ਪਧਾਰੇ। ਸਤਿਗੁਰੂ ਜੀ ਨੇ ਗੁਰਦੇਵ ਸਿੰਘ ਦੀ ਨਮਸਕਾਰ ਪਰਵਾਨ ਕਰ ਫੋਨ ਦੁਆਰਾ ਚੰਦ ਸ਼ਬਦਾਂ ਰਾਹੀਂ ਪਿਆਰ ਭੇਜਿਆ। ਸਿੱਖ ਆਪਣੇ ਸਤਿਗੁਰੂ ਜੀ ਨੂੰ ਤਰਲਾ ਮਾਰ ਰਿਹਾ ਸੀ : ਏਥੇ ਹੀ ਕੈਨੇਡਾ ਨੂੰ ਆ ਜਾਓ ! ਫਿਰ ਭਾਇਆ ਦਰਸ ਨ ਦੇਵੇ !

ਕੇਵਲ ਸਿੰਘ ਦੇ ਬੰਗਲੇ 12.30 ਵਜੇ ਹੀ ਸਤਿਗੁਰੂ ਜੀ ਕੇਵਲ ਪਹੁੰਚ ਸਕੇ। ਏਥੇ ਹੋਰ ਸੰਗਤਾਂ ਲਈ ਵੀ ਲੰਗਰ ਤਿਆਰ ਸੀ। ਸਤਿਗੁਰੂ ਜੀ ਨੇ ਪਹਿਲਾਂ ਇਕ ਸਫੇਦ ਵਿਛੇ ਹੋਏ ਸੋਫੇ ਤੇ ਬੈਠ ਕੇ ਕੇਵਲ ਸਿੰਘ ਪਰਵਾਰ ਦਾ ਸਤਿਕਾਰ ਪਰਵਾਨ ਕੀਤਾ। ਫਿਰ ਇਕ ਕਮਰੇ ਨੂੰ ਪਰਸ਼ਾਦ ਛਕਣ ਲਈ ਨਿਵਾਜਿਆ। ਅਜਿਹੇ ਸਮੇਂ ਆਪ ਜੀ ਪਾਸ ਬੈਠ ਕੇ ਪ੍ਰਸ਼ਾਦ ਛਕਣ ਵਾਲੇ ਹਨ: ਸ. ਗੁਰਚੈਨ ਸਿੰਘ ਫਲੋਰਾ, ਸ. ਹਰਚਰਨ ਸਿੰਘ ਰੰਧਾਵਾ, ਸ. ਸਰਵਣ ਸਿੰਘ ਸੇਖੀ ਪ੍ਰਧਾਨ, ਅਤੇ ਸ. ਹਰਭਜਨ ਸਿੰਘ ਸੀਰ੍ਹਾ। ਆਖਿਰ ਬਹੁਤ ਸਾਰੇ ਸਿੰਘ ਅਤੇ ਆਈਆਂ ਬੀਬੀਆਂ ਨੇ ਸ. ਕੇਵਲ ਸਿੰਘ ਦੇ ਸੁੰਦਰ ਬੰਗਲੇ ਵਿਚ ਬੈਠ ਪ੍ਰਸ਼ਾਦ ਛਕ ਕੇ ਤ੍ਰਿਪਤੀ ਪਾਈ। ਸ. ਕੇਵਲ ਸਿੰਘ ਦਾ ਵਿਕਟੋਰੀਆ ਸ਼ਹਿਰ ਹੈ।

ਪੌਣੇ ਘੰਟੇ ਪਿੱਛੋਂ ਸਤਿਗੁਰੂ ਜੀ ਸੰਗਤਾਂ ਨਾਲ ਆਪਣੇ ਡੇਰੇ ਵਿਖੇ ਪਧਾਰੇ।

- ਫਲੋਰਾ ਦੇ ਬੰਗਲੇ ਨੂੰ ਭਾਗ

ਮੈਨੂੰ ਆਪਣੇ ਡੇਰੇ ਦੇ ਕਮਰਿਆਂ ਵਿਚ ਬੈਠੇ ਚਿੱਠੀਆਂ ਲਿਖਦਿਆਂ ਨੂੰ ਫੋਨ ਆ ਗਿਆ: ਗੱਡੀ ਭੇਜੀ ਜਾ ਰਹੀ ਹੈ। ਗੁਰਚੈਨ ਸਿੰਘ ਦੇ ਬੰਗਲੇ ਆ ਜਾਓ। ਥੋੜੇ ਚਿਰ ਬਾਅਦ ਹੀ ਸ. ਹਰਪਾਲ ਸਿੰਘ, ਸ. ਦਰਸ਼ਨ ਸਿੰਘ, ਜਗਜੀਤ ਸਿੰਘ ਗੱਡੀ ਲੈਕੇ ਮੈਨੂੰ ਲੈਣ ਆ ਗਏ। ਸ. ਫਲੋਰਾ ਦੇ ਬੰਗਲੇ ਜਾਕੇ ਵੇਖਿਆ, ਕਿਸ਼ੋਰ ਸੰਗੀਤ ਕਲਾਕਾਰ ਪਾਰਕ ਵਿੱਚ ਬੈਠੇ ਹਰਮੋਨੀਅਮ ਨਾਲ ਗਾ ਰਹੇ ਸਨ। ਸ੍ਰੀ ਸਤਿਗੁਰੂ ਜੀ ਨੇ 4.45 ਤਕ ਅਗਵਾਈ ਕੀਤੀ। ਅਤੇ ਆਪ ਨੇ 5 ਵਜੇ ਸ਼ਾਮ ਤਕ ਨਿਤਨੇਮ ਦਾ ਅਰਦਾਸਾ ਕਰ ਲਿਆ ਅਤੇ ਗੱਡੀਆਂ ਧਰਮਸਾਲਾ ਨੂੰ ਚੱਲ ਪਈਆਂ। ਜਦੋਂ ਮੈਂ ਇਸ ਬੰਗਲੇ ਵਿਚ ਆਇਆ 10 ਕਾਰਾਂ ਖਲੋਤੀਆਂ ਸਨ। ਜਦੋਂ ਅਸੀਂ ਧਰਮਸਾਲਾ ਨੂੰ ਚੱਲੇ ਤਾਂ 7 ਕਾਰਾਂ ਸਨ।

ਧਰਮਸਾਲਾ ਵਿੱਚ ਇਕੱਤਰ ਸੰਗਤ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਾਮ ਸਿਮਰਨ ਕਰਦੀ ਰਹੀ। ਨਾਮਧਾਰੀ ਨਾਮ ਸਿਮਰਨ ਦੀ ਅਰਦਾਸ ਉਪਰੰਤ ਠਾਕੁਰ ਦਲੀਪ ਸਿੰਘ ਜੀ ਨੇ ਹਾਲ ਤੋਂ ਬਾਹਰ ਸਿਰਫ ਮੇਰੇ ਨਾਲ ਦੋ ਗੱਲਾਂ ਕੀਤੀਆਂ।

ਠਾਕੁਰ ਜੀ ਵਲੋਂ ਦੋ ਗੱਲਾਂ

(1) 1968 ਦੇ ਸਿਆਲ ਦੀ ਗੱਲ ਹੈ ਕਿ ਜ਼ੂਰੇ ਕੇ (ਲੁਧਿਆਣਾ) ਦੇ ਮੇਲੇ ਵਿਖੇ 5-6 ਮੇਲਿਆਂ ਸਮੇਂ ਓਦੋਂ ਵਰਤਮਾਨ ਸਤਿਗੁਰੂ ਜੀ 6-6, 7-7 ਦਿਨ ਇਕੱਠੇ ਦਰਸ਼ਨ ਦਿਆ ਕਰਦੇ ਸਨ। ਭਜਨ ਆਦੀ ਉਪਰੰਤ, ਦੀਵਾਨ ਵਿਚ ਇਕ ਦਿਨ ਸ੍ਰੀ ਮਹਾਰਾਜ ਬੀਰ ਸਿੰਘ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਨਮੁਖ ਖਲੋ ਕੇ, ਹੱਥ ਜੋੜ ਕੇ ਆਪਣੇ ਇਕ ਗੁਨਾਹ ਦੀ ਮਾਫੀ ਮੰਗੀ। ਮਹਾਰਾਜ ਜੀ ਨੇ ਦਸਿਆ ਕਿ ਛੋਟੇ ਹੁੰਦਿਆਂ, ਇਕ ਬੂਹੇ



Sri Satguru Jagjit Singh Ji Elibrary NamdhariElibrary@gmail.com

ਨੂੰ ਫੜਕੇ, ਉਹਦੀ ਪੂਛ ਨਾਲ ਲੰਮੀ ਰੱਸੀ ਬੰਨ੍ਹ ਕੇ, ਉਸਨੂੰ ਸੜਦੀ-ਬਲਦੀ ਰੇਤ ਉੱਤੇ ਫੇਰਿਆ ਸੀ। ਉਹ ਵਿਚਾਰਾ ਤੜਪ ਤੜਪ ਕੇ ਉਥੇ ਹੀ ਮਰ ਗਿਆ ਸੀ। ਮਹਾਰਾਜ ਜੀ ਨੇ ਅਰਜ਼ ਕੀਤੀ : ਮੇਰਾ ਇਹ ਪਾਪ ਮਾਫ ਕਰ ਦਿਓ। ਸੱਚੇ ਪਾਤਸ਼ਾਹ ਜੀ ਨੇ ਉਸੇ ਵੇਲੇ ਉਸ ਨਗਰ, ਅਰਥਾਤ ਕੁੱਤੇ ਕੇ, ਇਕ ਅਖੰਡ ਪਾਠ ਕਰਵਾਣ ਦਾ ਹੁਕਮ ਕੀਤਾ। ਅਖੰਡ ਪਾਠ ਕਰਕੇ ਮਹਾਰਾਜ ਜੀ ਦੀ ਔਕੜਿਆ ਖਤਮ ਕੀਤੀ।

(2) ਇਹ ਬਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 26.2.83 ਨੂੰ ਏਥੇ (ਨੈਰੋਬੀ) ਆਉਣ ਵਾਲੇ ਦਿਨ ਦੱਸਿਆ। ਕਹਿਣ ਲਗੇ, ਜਦੋਂ ਤੂੰ ਜੰਮਿਆ ਸੈਂ ਉਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਬਹੁਤ ਪ੍ਰਸੰਨ ਹੋਏ। ਉਨ੍ਹਾਂ ਦੱਸਿਆ: ਸਾਡੇ ਤੇ ਲੜਕੀ ਜਾਂ ਲੜਕਾ ਹੋਣ ਦਾ ਕੋਈ ਪ੍ਰਭਾਵ ਨਹੀਂ ਸੀ ਪੈਂਦਾ, ਪਰ ਇਹ ਗੱਲ ਚੰਗੀ ਹੋਈ ਹੈ, ਨਹੀਂ ਤਾਂ ਛੋਟੇ ਬਾਬੇ (ਮਹਾਰਾਜ ਬੀਰ ਸਿੰਘ ਜੀ) ਬਹੁਤ ਮਹਿਸੂਸ ਕਰਨਾ ਸੀ।

### ਸਤਿਗੁਰੂ ਜੀ ਦਾ ਕਥਨ

ਧਰਮਸਾਲਾ ਵਿਖੇ ਕੀਰਤਨ ਦੀ ਸਮਾਪਤੀ 7.10 ਵਜੇ ਹੋ ਗਈ। ਅੱਜ ਰਾਤ ਦਾ ਲੰਗਰ ਵੀ ਸ. ਕੇਵਲ ਸਿੰਘ ਫਲੋਰਾ ਵੱਲ ਸੀ। ਸਾਰੀ ਸੰਗਤ ਨਿਮੰਤ੍ਰਤ ਕੀਤੀ ਗਈ। ਸ. ਸੀਹ੍ਹਾ ਦੁਆਰਾ ਇਸ ਸੂਚਨਾ ਉਪ੍ਰੰਤ ਸ੍ਰੀ ਸਤਿਗੁਰੂ ਜੀ ਨੇ ਸੰਗਤ ਨੂੰ ਸੰਬੋਧਨ ਕੀਤਾ:

*ਬਿਨ ਸਿਮਰਨ ਦਿਨ ਰੈਨਿ ਬਿਰਥਾ ਬਿਹਾਇ।*

*ਮੇਘ ਬਿਨਾ ਜਿਉ ਖੇਤੀ ਜਾਇ।*

ਸਤਿਗੁਰੂ ਜੀ ਨੇ ਸਿਮਰਨ ਉੱਤੇ ਇਨਾ ਜ਼ੋਰ ਦਿਤਾ ਹੈ ਕਿ ਇਕ ਥਾਂ ਕਿਹਾ ਹੈ :

*ਬਿਨ ਸਿਮਰਨ ਨਿਹਫਲ ਸਭ ਕਾਮ।*

*ਜਿਉ ਕਿਰਪਨ ਕੇ ਨਿਰਾਰਥ ਦਾਮ।*

ਜਿਸ ਸਿਮਰਨ ਬਾਰੇ ਸਤਿਗੁਰਾਂ ਏਨਾ ਕੁਝ ਕਿਹਾ ਹੈ, ਉਸ ਵੱਲ ਹੀ ਅਸੀ ਧਿਆਨ ਨਹੀ ਦਿੰਦੇ। ਹੋਰ ਕੰਮ ਤਾਂ ਅਸੀ ਬੜੇ ਸ਼ੌਕ ਨਾਲ ਕਰਦੇ ਹਾਂ, ਘਰ ਬਾਰ ਸੁੰਦਰ ਤੋਂ ਸੁੰਦਰ ਬਣਾਣੇ, ਕਾਰੋਬਾਰ ਵਿਚ ਹੋਰ ਤੋਂ ਹੋਰ ਵਾਧਾ ਕਰਨਾ, ਪਰ ਨਾਮ ਸਿਮਰਨ ਬਾਰੇ ਸਾਡੀ ਗੱਲ ਜੇ 'ਥੱਜਰ ਪੈਣ ਵਾਲੀ' ਗੱਲ ਨਹੀ ਤਾਂ 'ਨਾਮ ਦੀ ਵੇਲਾ ਪੈ ਪੈ ਸੋਇਆਂ' ਵਾਲੀ ਅਵੱਸ਼ ਹੈ।

ਮੇਰਾ ਜੀ ਕਰਦਾ ਹੈ ਕਿ ਏਥੇ ਧਰਮਸਾਲਾ ਵਿਚ ਇਕ ਅਖੰਡ ਭਜਨ ਵਰਨੀ ਪ੍ਰਾਰੰਭ ਕੀਤੀ ਜਾਵੇ। ਮੈਨੂੰ ਆਖਣ ਤੇ ਸੰਕੋਚ ਵੀ ਹੁੰਦਾ ਹੈ ਕਿ ਪਤਾ ਨਹੀ ਤੁਸੀ ਮੰਨੋ ਜਾਂ ਨਾ ਮੰਨੋ, ਪਰ ਜੇ ਕੁਝ ਕਹੀਏ ਤਾਂ ਹੀ ਮੰਨਣ ਵਾਲੀ ਗੱਲ ਬਣ ਸਕਦੀ ਹੈ। ਏਸੇ ਲਈ ਅਰਜ਼ ਕੀਤੀ ਹੈ। ਨੌਜੁਆਨ ਤਾਂ ਭਜਨ ਵਾਲੀ ਵਰਨੀ ਵਿਚ ਸ਼ਾਮਲ ਹੋਣ, ਸਾਡੇ ਬਜ਼ੁਰਗ ਉਨ੍ਹਾਂ ਨੂੰ ਸਹਿਯੋਗ ਦੇਣ। ਕਾਈਲੋਕ ਵਾਲਿਆਂ ਚੰਗਾ ਉਦਮ ਕੀਤਾ ਹੈ। ਉਹ ਭਜਨ ਵਾਲੀ ਵਰਨੀ ਜਾਰੀ ਕਰ ਰਹੇ ਹਨ।

ਨੌਜਵਾਨ ਇਸ ਬਾਰੇ ਵਿਚਾਰ ਕਰ ਲੈਣ। ਸੱਤ ਆਦਮੀ ਨਾਮ ਸਿਮਰਨ ਲਈ। ਅਤੇ ਦੋ ਲੰਗਰ ਵਾਸਤੇ ਲੁੜੀਂਦੇ ਹਨ। 40-50 ਨੌਜੁਆਨ ਇਸ ਕੰਮ ਲਈ ਚਾਹੀਦੇ ਹਨ। ਗੱਲ ਕੋਈ ਵਡੀ ਨਹੀ। ਇਹ ਤਾਂ ਬੜਾ ਹੀ ਚੰਗਾ ਕੰਮ ਹੈ। ਇਹ ਕਰਨਾ ਹੀ



Sri Satguru Jagjit Singh Ji Elibrary NamdhariElibrary@gmail.com

ਚਾਹੀਦਾ ਹੈ। ਥੋੜੇ ਆਪਣੀ ਮਰਿਆਦਾ ਨਿਭਾਣਗੇ। ਉਨ੍ਹਾਂ ਨੂੰ ਸਾਧ ਸੰਗਤ ਵਿਚ ਬਹਿਣ ਉਠਣ ਦੀ ਜਾਚ ਆਵੇਗੀ। ਇਸ ਨਾਲ ਆਪਣਾ ਭਲਾ ਤੇ ਜਿਸ ਦੇਸ ਵਿਚ ਰਹੀਏ ਉਹਦਾ ਵੀ ਭਲਾ ਹੋਵੇਗਾ।

ਫਿਰ ਸਤਿਗੁਰੂ ਜੀ ਨੇ ਅਮਰੀਕਨ ਅਤੇ ਵਲਾਇਤ ਦੇ ਸਿੱਖਾਂ ਦੀਆਂ ਕੁਝ ਮਿਸਾਲਾਂ ਦਿਤੀਆਂ। ਅਤੇ ਅੰਤ ਕਿਹਾ: ਮੈਨੂੰ ਨਾਂ ਲਿਖਕੇ ਦਸੋ ਕਿ ਜੋ ਕੁਝ ਮੈਂ ਕਿਹਾ ਹੈ ਉਸ ਨੂੰ ਕਿਵੇਂ ਲਾਗੂ ਕੀਤਾ ਜਾਵੇ। ਸਿਆਣੇ ਸਿਆਣੇ ਬੈਠ ਕੇ ਸਲਾਹ ਕਰ ਲਉ। ਚੰਗੇ ਪਾਸੇ ਦਾ ਉਦਮ ਕਰਨ ਲਗਿਆਂ ਬਹੁਤੀਆਂ ਸੋਚਾਂ ਵਿਚ ਨਹੀਂ ਪਈਦਾ।

ਨਾ ਕਿਛੁ ਧਰਮੇ, ਕਿਲਬ ਪਾਪੇ।

ਸਲਾਹ ਕਰਕੇ ਮੈਨੂੰ ਕੱਲ ਦੱਸ ਦਿਉ।

ਹੋਰ 15 ਮਿੰਟ ਤਕ, ਸਤਿਗੁਰੂ ਜੀ ਦੇ ਜਾਣ ਉਪਰੰਤ, ਦੀਵਾਨ ਹਾਲ ਵਿਚ ਠਾਕੁਰ ਦਲੀਪ ਸਿੰਘ ਜੀ ਦੁਆਰਾ, ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਉਤਮ ਸਲਾਈਡਾਂ ਪ੍ਰੋਜੈਕਟਰ ਦੁਆਰਾ ਦਿਖਾਈਆਂ ਗਈਆਂ। ਇਹਨਾਂ ਵਿਚ ਸਵਰਗੀ ਸੂਬਾ ਦਰਸ਼ਨ ਸਿੰਘ ਜੀ ਦੇ ਬੜੇ ਉਤਮ ਚਿੱਤਰ ਸਨ।

ਠਾਕੁਰ ਜੀ ਦੇ ਉਦਮ ਅਤੇ ਕਲਾ ਦੀ ਹਰੇਕ ਨੇ ਪ੍ਰਸ਼ੰਸਾ ਕੀਤੀ।

ਹਰ ਕਿਸੇ ਨੇ ਸ. ਕੇਵਲ ਸਿੰਘ ਦੁਆਰਾ ਤਿਆਰ ਕਰਵਾਇਆ ਲੰਗਰ ਛਕਿਆ।

### 7 ਮਾਰਚ 1983, ਸੋਮਵਾਰ
### ਨੈਰੋਬੀ (ਕੀਨੀਆ)

ਅੰਮ੍ਰਿਤ ਵੇਲਾ। 4.30 ਵਜੇ ਆਸਾ ਦੀ ਵਾਰ ਦਾ ਸੰਕੀਰਤਨ ਨਾਮਧਾਰੀ ਧਰਮਸਾਲਾ ਦੇ ਹਾਲ ਵਿਚ। ਪਰਮਪੂਜ ਅਤੇ ਪਿਆਰੇ ਸਤਿਗੁਰੂ ਜੀ ਦੇ ਦਰਸ਼ਨ। ਸੰਗਤ ਦਾ ਪ੍ਰਭਾਵਸ਼ਾਲੀ ਇਕੱਠ।

**ਨਿਰੰਤਰ ਭਜਨ ਵਰਨੀ**

ਮੈਂ ਵੇਖਿਆ ਕਿ ਸ੍ਰੀ ਸਤਿਗੁਰੂ ਜੀ ਦੇ ਰਾਤੀ ਆਖੇ ਹੋਏ ਸ਼ਬਦਾਂ ਨੂੰ ਸਿਰੋਧਾਰਨ ਕਰਕੇ ਨਾਮਧਾਰੀ ਵਿਦਿਆਰਥ ਜਥਾ ਨੈਰੋਬੀ ਨੇ ਰਾਤੋ-ਰਾਤ ਨਿਤ-ਵਰਨੀ ਦੀ ਤਿਆਰੀ ਕਰ ਲਈ। ਨਿਰੰਤਰ ਭਜਨ ਦਾ ਕੱਲ ਹੀ ਆਰੰਭਕ ਦਿਨ ਸੀ। ਨਾਮਧਾਰੀ ਸੰਗਤ ਨੈਰੋਬੀ ਦੇ ਪ੍ਰਧਾਨ ਸ. [redacted] ਸਿੰਘ ਸੋਖੀ, ਸਕੱਤਰ ਸ. ਹਰਭਜਨ [redacted] ਸੀਹ੍ਰ, ਖਜ਼ਾਨਚੀ ਸੰਤ ਪ੍ਰੀਤਮ ਸਿੰਘ ਮਠਾਰੂ ਅਤੇ ਦੂਜੀ ਸੰਗਤ ਚੋਂ ਕੁਝ ਹੋਰ ਸੱਜਣ ਅੰਮ੍ਰਿਤ ਛਕ ਕੇ ਵਰਨੀ ਵਿਚ ਬੈਠੀ ਜਾਂਦੇ ਹਨ। ਪਰ ਇਹ ਆਮ ਵਰਨੀ ਹੈ। ਦੋਵੇਂ ਸੂਬੇ ਸੰਤ ਸੋਹਣ ਸਿੰਘ ਜੀ ਨੇ ਸੰਤ ਸਤਨਾਮ ਸਿੰਘ ਜੀ ਵੀ ਵਰਨੀ ਵਿਚ ਸ਼ਾਮਲ ਹਨ। ਡਾਇਏ ਨਾਲ ਬੈਠੇ, [redacted] ਲਈ ਸ਼ਮੌਗਰੀ, ਜਲ ਦਾ ਕਰਵਾ ਆਦਿ ਪ੍ਰਧਾਨ ਅਤੇ ਸਕੱਤਰ ਸਾਹਿਬ ਦੇ ਅਗੇ ਪਏ ਹਨ। ਕੋਈ 30 ਵਿਅਕਤੀ ਇਸ ਵਰਨੀ ਵਿਚ ਉਪਸਥਿਤ ਹਨ।

ਆਸਾ ਦੀ ਵਾਰ ਦੇ ਕੀਰਤਨਕਾਰ ਹਨ: ਸੰਤ ਹਰਬੰਸ ਸਿੰਘ ਘੁੱਲਾ, ਮੁਖੀ, ਰਾਗੀਸ



Sri Satguru Jagjit Singh Ji Elibrary NamdhariElibrary@gmail.com

ਨਾਲ, ਸ੍ਰੀ ਬਲਜੀਤ ਸਿੰਘ ਤਾਰ ਸ਼ਹਿਨਾਈ, ਠਾਕੁਰ ਦਲੀਪ ਸਿੰਘ ਜੀ ਹਰਮੋਨੀਅਮ ਨਾਲ, ਸੰਤ ਖਜਾਨ ਸਿੰਘ ਤੇ ਸ੍ਰੀ ਸੁਖਵਿੰਦਰ ਸਿੰਘ ਪਿੰਕੀ ਤਬਲੇ ਨਾਲ ਅਤੇ ਏਥੋਂ ਦੀ ਸੰਗਤ ਦੇ ਗਾਇਕ ਸ. ਅਜੀਤ ਸਿੰਘ ਮੁਤਲਾਸ਼ੀ, ਤਬਲਾ ਸੰਤ ਦਿਆਲ ਸਿੰਘ ਦਾ।

ਸੰਤ ਦਿਆਲ ਸਿੰਘ ਲੁਹਾਰਾਂ ਪਰਸੋਂ ਆਕੇ, ਨਮਸਕਾਰ ਕਰਕੇ ਚਲਾ ਗਿਆ ਸੀ। ਅੱਜ ਸ. ਗੁਰਚੇਨ ਸਿੰਘ ਦੇ ਬੰਗਲੇ ਸਤਿਗੁਰੂ ਜੀ ਤੇ ਸੰਤ ਦਿਆਲ ਸਿੰਘ ਤੇ ਖੁਸ਼ੀ ਬਖਸ਼ਸ਼ ਕਰ ਦਿਤੀ। ਅਤੇ ਸੰਤ ਦਿਆਲ ਸਿੰਘ ਅੰਦਰੋਂ ਬਾਹਰੋਂ ਇਕ ਸੀ ਅਤੇ ਸੂਰ ਸੀ। ਹੱਥ ਜੋੜ ਕੇ ਬੋਲਿਆ :

*ਅਜੈਬ ਘਤੇ ਕਿਨ ਬਖਸਨਹਾਰ।*

*ਨਾਨਕ ਸਾਹਿਬ ਸਦਾ ਦਇਆਲ।*

*ਜੇ ਹਉ ਭੂਲਿ ਬਿਗਾਰਤਾ ਬਹੁਰਿ ਪਿਤਾ ਕੋ ਲਾਜੁ।*

*ਬਖਸ਼ ਲਓ ਤੁਸੀਂ ਹੀ ਬਖਸ਼ਿੰਦ ਹੋ। ਅਸੀਂ ਤਾਂ ਸਦਾ ਭੁੱਲਣਹਾਰ ਹਾਂ।*

ਕੱਲ੍ਹ ਮੈਂ ਵੀ ਇਨ੍ਹਾਂ ਦੇ ਘਰ ਗਿਆ ਸਾਂ। ਸੰਤ ਦਿਆਲ ਸਿੰਘ ਦੀ ਪਤਨੀ ਬਹੁਤ ਪ੍ਰਸੰਨ ਸੀ। ਕਹਿਣ ਲਗੀ : ਮੈਂ ਤਾਂ ਕਦੀ ਜੀ, ਕੱਲ੍ਹ ਸਾਰੀ ਰਾਤ ਬੇਚੈਨ ਰਹੀ। ਇਹਨਾਂ ਨੂੰ ਕਿਹਾ, ਤੁਸੀਂ ਪਰਸੋਂ ਦੀਵਾਨ ਵਿਚੋਂ ਕਿਉਂ ਉਠਕੇ ਆ ਗਏ? ਸਾਨੂੰ ਗੁਰੂ ਘਰ ਬਿਨਾ ਕਿਤੇ ਸੁਖ ਸੁਆਦ ਨਹੀਂ। ਅਜ ਦੇਖੋ, ਮੈਂ ਸਤਿਗੁਰੂ ਜੀ ਹੇਠ ਵਿਛਾਣ ਲਈ ਕਿਨਾ-ਰਾਨਦਾਰ ਅਤੇ ਚਿੱਟਾ ਆਸਣ ਬੁਣਿਆ। ਮੈਂ ਅਗੋਂ ਚਿੱਟਾ ਬਸਤਰ ਬਦਲਦੀ ਸੀ, ਹੁਣ ਕਿਸ ਕੰਮ। ਉਧਰੋਂ ਮੇਰਾ ਲੜਕਾ (ਗੁਰਦੇਵ ਸਿੰਘ ਹਨੂਮਾਨ) ਬੁਸਕਦਾ ਫਿਰੇ! ਪਿਤਾ ਜੀ ਨੇ ਕੀ ਕੀਤਾ? ਕੁੜੀਆਂ ਰੋਂਦੀਆਂ ਕਹਿਣ, ਅਸੀਂ ਕਿਸਨੂੰ ਜਾਕੇ ਕਹੀਏ, ਕਰੀਏ, ਪਿਤਾ ਜੀ ਤਾਂ ਮੁੜ ਖਾਲੀ ਘਰ ਨੂੰ ਆ ਗਏ। ਸਤਿਗੁਰਾਂ ਨੇ ਬਹੁਤ ਕਿਰਪਾ ਕੀਤੀ ਹੈ, ਸਾਨੂੰ ਸਭ ਨੂੰ ਬਚਾ ਲਿਆ ਹੈ। ਸਤਿਗੁਰਾਂ ਦੀ ਕਿਰਪਾ ਤੋਂ ਸੰਤਾਂ ਦਾ ਸਾਰਾ ਘਰ ਹੀ ਪਰਸੰਨ ਸੀ।

ਕੱਲ੍ਹ ਸੰਤ ਦਿਆਲ ਸਿੰਘ-ਗੁਰਦੇਵ ਸਿੰਘ ਪਿਤਾ ਪੁਤਰ ਕੀਰਤਨਕਾਰਾਂ ਵਿਚ ਸ਼ਾਮਲ ਸਨ ਪਰ ਅੱਜ ਤਾਂ ਪਉੜੀਆਂ ਵੀ ਲਗਦੀਆਂ ਸਨ। ਅਤੇ ਜ਼ਿੰਦਗੀ ਫਿਰ ਤੋਂ ਰਵਾਂ ਹੋ ਗਈ।

7.00 ਵਜੇ ਸਵੇਰੇ ਪੂਰਬੇ ਦੁਆਰਾ ਕੀਤੀ ਅਰਦਾਸ ਨਾਲ ਆਸਾ ਦੀ ਵਾਰ ਦਾ ਭੋਗ ਪੈ ਗਿਆ।

### ਬਾਨਾ ਸਰਦਾਰ ਨੂੰ

ਸ੍ਰੀ ਸਤਿਗੁਰੂ ਜੀ ਡੇਰੇ ਜਾਣ ਲਈ ਉਠੇ। ਸ. ਤਾਰਾ ਸਿੰਘ ਬਾਨਾ ਦੇ ਲੜਕੇ ਜਿਸ ਦੀ ਪਗੜੀ ਕਾਲੀ ਤੇ ਦਾੜ੍ਹੀ ਕੱਟ-ਵੱਢ ਛੋਟੀ ਜਿਹੀ ਕੀਤੀ ਹੋਈ ਸੀ, ਨੂੰ ਸਾਹਮਣੇ ਹਥ ਜੋੜ ਖਲੋਤਾ ਹੋਇਆ ਵੇਖ, ਆਖਿਆ : ਕਿਉਂ ਭਈ, ਤੂੰ ਹੁਣ ਗੱਲ ਮੰਨਣੀ ਹੈ ਕਿ ਘਰ ਸਾਰੇ ਆਖੀਏ, ਦਾੜ੍ਹੀ ਕਟੱਣੀ ਬੰਦ ਕਰ ਦਿਓ। ਤਾਰਾ ਸਿੰਘ ਸਰਦਾਰ ਨੇ ਲੜਕੇ ਤੇ ਕਿਰਪਾ ਕਰਨ ਨੂੰ ਆਖਿਆ ਹੈ।

### ਕੱਲ ਨਿਤ ਕਰਨੀ ਦੀ

7.20 ਵਜੇ ਡੇਰੇ, ਸੂਬਾ ਦਰਸ਼ਨ ਸਿੰਘ ਜੀ ਦੇ ਬੰਗਲੇ, ਨਿਤ ਕਰਨੀ ਕਰਨ ਵਾਸਤੇ



Sri Satguru Jagjit Singh Ji Elibrary NamdhariElibrary@gmail.com

ਤਿਆਰ ਬੈਠੇ ਸੀ। ਨੈਰੋਬੀ ਦੇ ਨੌਜੁਆਨਾਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਮਾਂ ਦਿਤਾ। ਬਚਨ ਕੀਤਾ: ਹੁਣ ਬਰਫੀ ਜਾਰੀ ਕਰਨੀ ਹੈ। ਜੇ ਤੁਹਾਥੋਂ ਨ ਹੋ ਸਕੀ ਤਾਂ ਦੇਸ ਵਿਚੋਂ ਬੰਦੇ ਭੇਜ ਦਿਆਂਗੇ। ਪਰ ਨੌਜੁਆਨ ਸਾਰੇ ਹੀ ਤਿਆਰ ਸਨ, ਫਿਰ ਵੀ ਉਹਨਾਂ ਤਿਆਰੀ ਲਈ ਇਕ ਦਿਨ ਹੋਰ ਮੰਗਿਆ। ਕਿਸ ਤਰੀਕੇ ਨਾਲ ਕੀ ਕੁਝ ਕਰਨਾ ਹੈ, ਦੀਨ ਦਿਆਲ ਜੀ ਨੇ ਸਾਰੀ ਮਰਿਆਦਾ ਨੌਜਵਾਨਾਂ ਨੂੰ ਸਮਝਾਈ।

ਅਤੇ ਫਿਰ ਸੱਚੇ ਪਾਤਸ਼ਾਹ ਜੀ ਗਾਇਕਾਂ ਦੇ ਜਥੇ ਵਲ ਹੋਏ। "ਆਲੀ ਰੀ, ਦੇਖੋ ਤੋਰ ਡ੍ਰਗੀ" ਗਾਉਣ ਦੀ ਆਗਿਆ ਹੋਈ। ਕਿਸ਼ੋਰ ਗਾਉਣ ਲਗ ਪਏ। ਸਤਿਗੁਰੂ ਜੀ ਸੁਣਨ ਅਤੇ ਸਮਝਾਉਣ ਲਗ ਪਏ।

### ਫੋਟੋਗ੍ਰਾਫੀ ਤੇ ਕੈਮਰੇ

ਮੈਂ ਠਾਕੁਰ ਦਲੀਪ ਸਿੰਘ ਜੀ ਨੂੰ ਸ. ਗੁਰਚਰਨ ਸਿੰਘ ਫਲੋਰਾ ਦੀ ਤੀਜਾਈਨ ਕੀਤੀ ਹੋਈ ਕੀਨੀਆ ਦੀ ਪਾਰਲੀਮੈਂਟ ਦੀ ਇਕ ਫੋਟੋ ਲੈਣ ਲਈ ਆਖਿਆ। ਠਾਕੁਰ ਜੀ ਬੜੀ ਇਹਤਿਆਤ ਨਾਲ, ਸਾਰੇ ਅਪ-ਟੂ-ਡੇਟ ਫੋਟੋ ਸਾਧਨਾਂ ਦੀ ਵਰਤੋਂ ਕਰਦਿਆਂ, ਪਾਰਲੀਮੈਂਟ ਦੇ ਸਾਰੇ ਐਂਗਲ ਵਿਚਾਰ ਕੇ ਫੋਟੋਗ੍ਰਾਫੀ ਕਰਨ ਲਗੇ।

ਥੋੜੇ ਸਮੇਂ ਪਿਛੋਂ ਅਸੀਂ ਨੈਰੋਬੀ ਮਾਰਕਿਟ ਵਿਚ ਗਏ, ਜਿਥੇ ਠਾਕੁਰ ਜੀ ਨੇ ਆਪਣੀਆਂ ਲੋੜਾਂ ਦਾ ਸਾਮਾਨ ਖਰੀਦਿਆ। ਸੌਦਾ ਖਰੀਦ ਦਿਆਂ ਠਾਕੁਰ ਜੀ ਨੇ ਦੱਸਿਆ : ਸਤਿਗੁਰੂ ਜੀ ਨੇ ਹੁਕਮ ਕੀਤਾ ਹੈ, ਕਵੀ ਜੀ ਨੂੰ ਇਕ ਮੂਵੀ ਲੈ ਦਿਓ। ਮੈਂ ਤੁਹਾਡੇ ਲਈ ਵੀਡੀਓ ਕੈਮਰਾ ਚਾਂਹਦਾ ਹਾਂ।

### ਸ. ਥਾਪਾ ਦੀ ਕੋਠੀ

ਜਦੋਂ ਅਸੀਂ 11.00 ਵਜੇ ਸ. ਤਾਰਾ ਸਿੰਘ ਥਾਪਾ ਦੇ ਬੰਗਲੇ ਆਏ ਤਾਂ ਸਤਿਗੁਰੂ ਜੀ ਆਪਣੇ ਸੇਵਕਾਂ ਨਾਲ ਗੱਡੀ ਵਿਚ ਬੈਠੇ ਆਪਣੇ ਡੇਰੇ ਜਾਣ ਲਈ ਤਿਆਰ ਸਨ। ਦੋ ਸਰਦਾਰਨੀਆਂ ਮੱਥਾ ਟੇਕਣ ਆਈਆਂ ਤਾਂ ਸ. ਤਾਰਾ ਸਿੰਘ ਨੇ ਸੱਚੇ ਪਾਤਸ਼ਾਹ ਜੀ ਨੂੰ ਅਰਜ਼ ਕੀਤੀ: ਦੀਨ ਦਿਆਲ ! ਜ਼ਰਾ ਕੁ ਰੁਕੋ, ਬੀਬੀਆਂ ਨੂੰ ਮੱਥਾ ਟੇਕ ਲੈਣ ਦਿਓ। ਨਮਸਕਾਰ ਹੋਈ ਤਾਂ ਦੋ ਸਰਦਾਰਨੀਆਂ ਹੋਰ ਆ ਗਈਆਂ। ਸਤਿਗੁਰੂ ਜੀ ਦੀ ਗੱਡੀ ਅਗੇ ਨੂੰ ਤੁਰ ਪਈ।

ਸ. ਤਾਰਾ ਸਿੰਘ ਘਰ ਸਤਿਗੁਰੂ ਜੀ ਦੇ ਲੰਗਰ ਤੋਂ ਇਲਾਵਾ ਸਾਰੀ ਸੰਗਤ ਦਾ ਲੰਗਰ ਵੀ ਹੈ। ਮੈਂ ਸਰਦਾਰ ਜੀ ਪ੍ਰਸ਼ਾਦ ਛਕਣ ਵਾਲੀ ਥਾਂ ਤੇ ਬੈਠੇ ਹਰੇਕ ਆਏ ਦਾ ਗਰਮ ਜੋਸ਼ੀ ਨਾਲ ਸੁਆਗਤ ਕਰ ਰਹੇ ਸਨ। ਸਾਨੂੰ ਵੀ ਸ. ਜੀ ਨੇ 'ਜੀਉ ਆਇਆਂ' ਆਖਿਆ।

### ਮੁਹਾਰਾਂ ਦੇਸ਼ ਵਲ ਮੋੜੋ

ਕੱਲ, ਜਦੋਂ ਮੈਂ ਮਿੱਤਰ ਹਰਭਜਨ ਸਿੰਘ ਭਰਾ ਨਾਲ ਸ. ਫਲੋਰੇ ਦੇ ਬੰਗਲੇ ਵਲ ਜਾ ਰਿਹਾ ਸਾਂ ਕਿ ਮੈਂ ਪੁਛਿਆ: ਮੈਂ ਸੁਣਿਆ ਹੈ ਕਿ ਸਤਿਗੁਰੂ ਜੀ ਨੇ ਕੀਨੀਆ ਦੀ ਨਾਮਧਾਰੀ



Sri Satguru Jagjit Singh Ji Elibrary NamdhariElibrary@gmail.com

ਸੰਗਤ ਨੂੰ ਆਦੇਸ਼ ਦਿਤਾ ਹੈ ਕਿ ਉਨ੍ਹਾਂ ਦੀ ਸੁਰੱਖਿਆ, ਇਸ ਸਮੇਂ, ਇਸੇ ਹਾਲ ਵਿਚ ਹੈ ਕਿ ਉਹ ਸਹਿਜੇ ਸਹਿਜੇ ਅਫਰੀਕਾ ਵਿਚਲੀਆਂ ਜਾਇਦਾਦਾਂ ਵੇਚ ਕੇ ਭਾਰਤ ਵਿਚ ਚਲੇ ਜਾਣ। [redacted] ਰਾਨਾ ਨੇ ਮੇਰਾ ਧਿਆਨ ਪਿਛਲੀ ਸੀਟ ਵਲ ਕਰਵਾਇਆ। ਏਥੇ ਸ. ਰਣਜੀਤ ਸਿੰਘ 'ਗੋਰਾ' ਬੈਠਾ ਹੋਇਆ ਸੀ। ਇਸੇ ਨੇ 'ਹਾਂ' ਵਿਚ ਸਿਰ ਹਿਲਾਂਦਿਆਂ ਆਖਿਆ, ਹਾਂ ਭੈਣੀ ਸਾਹਿਬ ਗਿਆ ਮੈਨੂੰ ਸਤਿਗੁਰਾਂ ਹੁਕਮ ਕੀਤਾ ਸੀ: ਔਸ ਵੇਲੇ ਜੋ ਕੁਝ ਅਫਰੀਕੀ ਦੇਸ਼ਾਂ ਵਿਚ ਹੋ ਰਿਹਾ ਹੈ, ਚੋਰੀਆਂ, ਲੁਟਾਂ-ਖੋਹਾਂ ਅਤੇ ਕਤਲ, ਉਹਨਾ ਵਲ ਵੇਖਿਆ ਇਹੋ ਗੱਲ ਠੀਕ ਲਗਦੀ ਹੈ।

ਏਥੇ ਮੈਨੂੰ ਸ. ਹਰਪਾਲ ਸਿੰਘ ਤੱਲੀ ਦੀ ਆਖੀ ਹੋਈ ਇਕ ਗੱਲ ਯਾਦ ਆਈ ਹੈ। ਪਹਿਲੀ ਅਗਸਤ 1982 ਦੀ ਘਟਨਾ। ਨੈਰੋਬੀ ਵਿਚ ਪ੍ਰੈਜ਼ੀਡੈਂਟ ਮੋਈ ਦੇ ਵਿਰੋਧੀਆਂ ਨੇ ਕੂ (ਬਲਵਾ) ਕੀਤਾ। ਸ਼ਹਿਰ ਵਿਚ ਗੜਬੜੋਸ਼ਨ ਫੈਲ ਗਈ। ਵਸਨੀਕ, ਹੋਰ ਏਸ਼ੀਆਈਆਂ ਨੂੰ, ਜਿਥੇ ਕਿਤੇ ਕੋਈ ਮਿਲ ਗਿਆ ਮਾਰਨ, ਲੁੱਟਣ ਤੇ ਪਰੇਸ਼ਾਨ ਕਰਨ ਲਗ ਪਏ। ਬੀਬੀਆਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਵੀ ਵਾਪਰੀਆਂ। ਨਾਮਧਾਰੀ ਸੰਗਤ, ਧਰਮਸਾਲਾ ਦੇ ਹਾਲ ਵਿਚ,ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਹਤ ਬਹਾਲੀ ਹਿਤ ਵਰਨੀ ਕਰ ਰਹੀ ਸੀ, ਇਸ ਲਈ, ਏਸ ਦਿਨ ਨੌਜੁਆਨ, ਇਸਤਰੀਆਂ ਅਤੇ ਪੁਰਖ ਬਾਅਦ ਦੁਪਹਿਰ ਵਰਨੀ ਵਿਚ ਬੈਠੇ। ਜਦੋਂ ਇਹ ਸੰਗਤ ਅਰਦਾਸ ਕਰ ਘਰੋ ਘਰੀ ਜਾਣ ਲਗੀ ਤਦ ਤਕ ਬਲਵਾਕਾਰੀਆਂ ਨੂੰ ਸਰਕਾਰੀ ਫੌਜਾਂ ਨੇ ਪਕੜ ਕੇ ਕਬਜ਼ੇ ਵਿਚ ਕਰ ਲਿਆ ਸੀ ਜਾਂ ਉਹ ਪਾਰ ਬੁਲਾ ਦਿਤੇ ਸਨ। ਗੁੰਡੇ ਅਤੇ ਬਦਮਾਸ਼ ਮਾਰੇ ਜਾ ਚੁਕੇ ਸਨ।

ਨੌਜੁਆਨ ਲੜਕੀਆਂ ਅਤੇ ਮਾਈਆਂ ਤਾਂ ਧਰਮਸਾਲਾ ਵਿਚ ਹੀ ਰਹੀਆਂ ਅਤੇ ਬਜ਼ੁਰਗ ਵੀ ਪਰ ਸ. ਹਰਭਜਨ ਸਿੰਘ ਸੀਰ੍ਹਾ ਅਤੇ ਹਰਪਾਲ ਸਿੰਘ ਤੱਲੀ ਵਰਗੇ 15-20 ਨੌਜੁਆਨ ਠੇਢ ਠੰਢਾਰਾ ਜਾਣ ਧਰਮਸਾਲ ਤੋਂ ਨਿਕਲ ਤੁਰੇ। ਰਰਰ ਵਾਲੇ ਚੋਕ ਚੌਂਕਰ ਕੋਲ ਮਿਲਟਰੀ ਵਾਲਿਆਂ ਇਹਨਾਂ ਨੂੰ ਕਾਬੂ ਕਰ ਲਿਆ। ਧੌਣਾਂ ਤੇ ਬੰਦੂਕਾਂ ਧਰਕੇ ਕੱਲੇ-ਕੱਲੇ ਨੂੰ ਅਗੇ ਲਾ ਲਿਆ। ਸਿੰਘਾਂ ਨੂੰ ਭਜਨ ਫੁਰਨ ਲਗਾ, ਅਉਖੇ ਵੇਲੇ ਦਾ ਸਹਾਈ। ਸਤਿਗੁਰੂ ਯਾਦ ਆਉਣ ਲਗੇ। ਕਿਉਂਕਿ ਔਜ ਅਨੇਕਾ ਲੋਕ ਮੌਤ ਦੇ ਘਾਟ ਉਤਾਰੇ ਜਾ ਚੁਕੇ ਸਨ। "ਕਿਆ ਜਾਣਾ ਮਤ ਅੰਤ ਕਾ ਇਹੀ ਸਵਾਸ ਹੀ ਹੋਇ।" ਵਾਲੀ ਗੱਲ ਸੀ।

ਪੰਜ ਮਿੰਟ ਦੇ ਅੰਦਰ ਅੰਦਰ ਨਿਸ਼ਾਣਾਂ ਤੋਂ ਇਕ ਹੋਰ ਅਫਸਰ ਆ ਗਿਆ। ਉਸਨੇ ਫੌਜੀਆਂ ਨੂੰ ਤਾੜਨਾ ਕੀਤੀ : ਵੇਖਦੇ ਨਹੀ, ਸਫੇਦ ਕੱਪੜੇ, ਗਲੀ ਮਾਲਾਂ, ਪੈਰੀ ਚੱਪਲਾਂ। ਛੱਡ ਦਿਓ ਇਹਨਾਂ ਨੂੰ ਪੂਜਾ ਘਰੋਂ ਆਏ ਲਗਦੇ ਨੇ।

ਅਤੇ ਇਸ ਸਾਰੇ ਜਥੇ ਨੂੰ ਫੌਜੀ ਮਿਲਟਰੀ ਜੀਪਾਂ ਵਿਚ ਬੈਠਾਕੇ ਧਰਮਸਾਲਾ ਛੱਡ ਗਏ। ਇਹਨਾਂ ਨੂੰ ਰਾਤ ਏਥੇ ਹੀ ਕੱਟਣ ਦੀ ਪੱਕੀ ਕੀਤੀ ਗਈ।

ਅਜਿਹੇ ਵੇਲੇ ਦੇਸ਼ ਦੀ ਮਿੱਠੀ ਯਾਦ ਆਉਂਦੀ ਹੈ। ਪਰਵਾਰ ਤੇ ਰਿਸ਼ਤੇਦਾਰ ਸੱਜਣ ਮਿੱਤਰ ਅਤੇ ਹਿਤੂ-ਹਮਸਾਇਆਂ ਦਾ ਚੇਤਾ ਆਉਂਦਾ ਹੈ ਅਤੇ ਦੇਸ਼ ਪਰਤਣ ਦੇ ਤੁਣਕੇ ਵਜਦੇ ਹਨ।



Sri Satguru Jagjit Singh Ji Elibrary NamdhariElibrary@gmail.com

## ਸ. ਗੁਰਚੇਨ ਸਿੰਘ ਦੇ ਬੰਗਲੇ

ਸੰਗਤ ਨਾਲ ਮੈਨੂੰ ਅੱਜ ਫਿਰ ਸ. ਹਰਪਾਲ ਸਿੰਘ ਡੌਲੀ ਦੀ ਗੱਡੀ ਉੱਤੇ ਸ. ਫਲੋਰਾ ਦੇ ਬੰਗਲੇ ਜਾਣ ਦਾ ਮੌਕਾ ਮਿਲ ਗਿਆ। ਸਤਿਗੁਰੂ ਜੀ ਨੇ ਧਰਮਸ਼ਾਲਾ ਤੋਂ ਫੋਨ ਕਰਵਾਇਆ ਸੀ ਕਿ ਸੰਗੀਤ ਕਲਾਕਾਰ ਕਿਸ਼ੋਰ ਡੌਲੀ ਦੀ ਗੱਡੀ ਤੇ ਫਲੋਰਾ ਦੇ ਬੰਗਲੇ ਪਹੁੰਚ ਜਾਣ, ਮੈਂ ਵੀ ਨਾਲ ਹੋ ਗਿਆ।

ਸਤਿਗੁਰੂ ਜੀ ਸੇਵਕ ਗੁਰਚੇਨ ਸਿੰਘ ਦੇ ਬੰਗਲੇ ਦੀ ਹਰਿਆਲੀ ਵਿਚ ਚਿੱਟੇ ਆਸਣ ਤੇ ਬੈਠੇ ਆਪਣੇ ਸਕੱਤਰ ਸੰਤ ਤਰਸੇਮ ਸਿੰਘ ਤੋਂ ਕਿਸੇ ਪਿਆਰੇ ਨੂੰ ਪੱਤਰ ਲਿਖਵਾ ਰਹੇ ਸਨ। ਸਾਹਮਣੇ ਧਰਤੀ ਤੇ ਵਿਛੇ ਬਸਤਰ ਤੇ ਪ੍ਰੋ. ਗੋਪਾਲ ਸਿੰਘ, ਸ. ਗੁਰਚੇਨ ਸਿੰਘ ਫਲੋਰਾ, ਸ. ਐਚ. ਐਸ. ਰੰਧਾਵਾ, ਗਿਆਨੀ ਤੇ ਸ. ਕੰਵਲਜੀਤ ਸਿੰਘ ਬੈਠੇ ਸਨ।

ਪੋਸਟ ਹੋਣ ਲਈ ਜਾਂਦੇ ਪੱਤਰ, ਮਹਾਰਾਜ ਬੀਰ ਸਿੰਘ ਜੀ, ਬੇਬੇ ਦਲੀਪ ਕੌਰ ਅਤੇ ਠਾਕੁਰ ਉਦੇ ਸਿੰਘ ਜੀ ਨੂੰ ਜਾ ਰਹੇ ਸਨ। ਸਤਿਗੁਰੂ ਜੀ ਆਪਣੇ ਫ਼ਰਜ਼ਾਂ ਵਲੋਂ ਕਦੇ ਲਾਪਰਵਾਹੀ ਨਹੀਂ ਕਰਦੇ।

## ਬਿਮਾਰ ਪੁਰਸੀ ਹਸਪਤਾਲ ਵਿਚ

ਅੱਜ 10 ਤੋਂ 11 ਦੇ ਸਮੇਂ ਦਰਮਿਆਨ ਸ੍ਰੀ ਸਤਿਗੁਰੂ ਜੀ ਨੈਰੋਬੀ ਹਸਪਤਾਲ ਵਿਖੇ ਪਧਾਰੇ। ਏਥੇ ਸ. ਪ੍ਰਮਿੰਦਰ ਸਿੰਘ ਸੰਧੂ, ਪ੍ਰਧਾਨ ਸ੍ਰੀ ਗੁਰੂ ਸਿੰਘ ਸਭਾ ਨੈਰੋਬੀ . ਅਤੇ ਸ. ਅਜੀਤ ਸਿੰਘ, ਅਮਰੀਕ ਸਿੰਘ ਦਾ ਮਾਮਾ ਬਿਮਾਰ ਪਏ ਸਨ। ਉਸਦੇ ਸਰੀਰ ਦੇ ਉਪਰਲੇ ਅੱਧ ਦਾ ਇਕ ਪਾਸਾ ਮਰਨ ਵਲ ਜਾ ਰਿਹਾ ਸੀ। ਸਿਰ ਦੇ ਇਕ ਭਾਗ ਵਿਚ ਬੇਚੈਨ ਕਰਨ ਵਾਲੀਆਂ ਚੀਸਾਂ ਉਠ ਰਹੀਆਂ ਸਨ। ਉਸਨੇ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਲਾਲਸਾ ਕੀਤੀ ਸੀ। ਅੱਜ ਵੀ ਸ. ਸੰਧੂ ਨੇ ਅਰਜ਼ ਕੀਤੀ : ਕਿਰਪਾ ਕਰੋ, ਮੈਨੂੰ ਤੰਦਰੁਸਤੀ ਬਖਸ਼ੋ। ਸਰੀਰ ਇਕ ਦਮ ਨਿਸ਼ਕ੍ਰਿਯ ਹੋਈ ਜਾ ਰਿਹਾ ਹੈ। ਜੋ ਹਿੱਸਾ ਸੁਰਜੀਤ ਹੈ ਉਹ ਪੀੜਾਂ ਨਪੀੜਿਆ ਹੈ। ਰਹਿਮ ਕਰੋ ਬਖਸ਼ਸ਼ ਕਰੋ।

ਪਰਵਾਰ ਵੀ ਸਾਰਾ ਹੀ ਮੌਕੇ ਉੱਤੇ ਸੀ। ਅਰਜ਼ ਬੇਨਤੀਆਂ ਕਰਦਾ ਨਹੀਂ ਸੀ ਥਕ ਰਿਹਾ। ਬੈਡ ਤੋਂ ਸ. ਸੰਧੂ ਕੁਰਸੀ ਤੇ ਉਤਰ ਆਇਆ। ਪਰ ਇਸਤੋਂ ਹੇਠਾਂ ਸ. ਸੰਧੂ ਤੋਂ ਹੋਇਆ ਨਹੀਂ ਸੀ ਜਾਂਦਾ। ਉਸਨੇ ਅਰਜ਼ ਕੀਤੀ ਕਿ ਸਤਿਗੁਰੂ ਜੀ ਚਰਨ ਉਸਦੇ ਮੱਥੇ ਤੇ ਛੁਹਾਣ। ਸਤਿਗੁਰੂ ਜੀ ਨੇ ਇਹ ਪਰਵਾਨ ਕੀਤੀ।

ਸੰਤ ਤਰਸੇਮ ਸਿੰਘ ਸਕੱਤਰ ਨੇ ਮੈਨੂੰ ਦੱਸਿਆ ਕਿ ਸ. ਸੰਧੂ ਨੇ ਕਿਹਾ ਹੈ, ਨਾਮਧਾਰੀਆਂ ਨਾਲ ਸਲਾਹ ਕਰਕੇ ਇਕ ਪ੍ਰੋਗਰਾਮ ਸ੍ਰੀ ਗੁਰੂ ਸਿੰਘ ਸਭਾ ਵਿਚ ਵੀ ਸਤਿਗੁਰੂ ਜੀ ਦੇ ਦਰਸ਼ਨ ਪ੍ਰਾਪਤ ਕਰਨ ਹਿਤ ਰੱਖਿਆ ਜਾਵੇਗਾ।

## ਪੀੜਾ ਹਰਨ ਸਤਿਗੁਰੂ

ਗੁਰੂ ਦੇ ਸਕੱਤਰ ਤਰਸੇਮ ਸਿੰਘ ਨੇ ਮੈਨੂੰ ਦੱਸਿਆ: ਜਿਸ ਰਾਤ ਸਤਿਗੁਰੂ ਜੀ ਨੈਰੋਬੀ ਆਏ, ਉਸ ਤੋਂ ਅਗਲੀ ਸਵੇਰੇ ਹੀ ਹਸਪਤਾਲ ਵਿਚ ਕਿਸੇ ਰੋਗੀ ਦੀ ਮੱਦਦ ਕਰਨ ਹਿਤ ਪਧਾਰੇ। ਉਸਦੇ ਸਿਰ ਦਾ ਅੱਧਾ ਭਾਗ ਏਨਾ ਪੀੜਾਂ ਭਰਿਆ ਸੀ ਕਿ ਡਾਕਟਰਾਂ ਦੀ ਰਾਇ

ਅਨੁਸਾਰ ਉਹ ਉਪਰੇਸ਼ਨ ਮੰਗਦਾ ਸੀ। ਅਚਰਜ ਇਹ ਕਿ ਜਦੋਂ ਰੋਗੀ ਨੂੰ ਸਤਿਗੁਰੂ ਜੀ ਨੇ ਜਾਕੇ ਦਰਸ਼ਨ ਦਿਤੇ। ਉਸਨੇ ਨਮਸਕਾਰ ਕੀਤੀ, ਚਰਨੀ ਸਿਰ ਨਿਵਾਇਆ। ਅਤੇ ਰੋਗੀ ਵਿਅਕਤੀ ਦੀਆਂ ਪੀੜਾਂ ਖਤਮ ਹੁੰਦਿਆਂ ਪਤਾ ਨ ਲਗਾ। ਉਹ ਅਗਲੇ ਦਿਨ ਪੂਰੀ ਤਸੱਲੀ ਨਾਲ ਹਸਪਤਾਲ ਛੱਡ ਗਿਆ।

## ਸੰਗੀਤ ਸਿੱਖਿਆ ਵਿਚ

ਪਾਰਕ ਵਿਚ ਚਲਦੀ ਸੰਗੀਤ ਸਿੱਖਿਆ ਵਿਚੋਂ ਹੀ ਉਠਕੇ ਸਤਿਗੁਰੂ ਜੀ ਬੰਗਲੇ ਅੰਦਰ ਗਏ। ਫਿਰ ਇਸ਼ਨਾਨ ਕਰਕੇ 4 ਵਜੇ ਹੀ ਆਏ। ਆਉਂਦਿਆ ਹੀ ਤੌਰ ਝਾਈਂ ਵਿਚ ਸ਼ਾਮਲ ਹੋ ਗਏ। ਅੱਜ ਪਹਿਲੀ ਮਾਤਰਾ ਤੇ ਪਿੰਕੀ, ਦੂਜੀ ਤੇ ਬਲਜੀਤ, ਤੀਜੀ ਤੇ ਘੁੱਲਾ ਅਤੇ ਚੌਥੀ ਮਾਤਰ ਤੇ ਸਤਿਗੁਰੂ ਜੀ ਉਠਕੇ (ਬਾਕੀ ਗੀਤ ਦੇ ਬੋਲ ਚੁਕ ਕੇ) ਸਾਰੇ ਹੀ ਸਮ ਉਤੇ ਆ ਜੁੜਦੇ।

ਪੌਣੇ ਪੰਜ ਵਜੇ ਬਾਹਰਲੀ ਬੈਠਕ ਤਿਆਰ ਕੇ ਸਤਿਗੁਰੂ ਜੀ ਇਹ ਕਹਿਕੇ ਉਠੇ, ਜਲ ਪਾਣੀ ਛਕ ਲਓ ! ਫਿਰ ਛੇਤੀ ਹੀ ਧਰਮਸਾਲਾ ਜਾਣਾ ਹੈ।

ਸ. ਗੁਰਚਰਨ ਸਿੰਘ ਦੇ ਬੰਗਲੇ ਗਿਆਂ ਸੇਵਾ, ਸਤਿਕਾਰ ਅਤੇ ਸਨੇਹ ਮਿਲਦਾ ਹੈ। ਬੀਬੀ ਰਛਪਾਲ ਕੌਰ ਸੁਪਤਨੀ ਚਲੇਰਾ ਮੁਸਕਾਨ ਭਰੀ ਆਦਰ ਨਾਲ ਵਿਵਿਧ ਵਸਤਾਂ ਤਿਆਰ ਕਰ ਛਕਾਂਦੀ ਹੈ। ਸਤਿਗੁਰੂ ਜੀ ਵਾਸਤੇ ਤਾਂ ਸਭ ਕੁਝ ਹੋਂਦਾ ਹੀ ਹੈ, ਨਾਲ ਆਏ ਹੋਏ ਵੀ ਪ੍ਰਸੰਨ ਹੋ ਕੇ ਜਾਂਦੇ ਹਨ।

ਧਰਮਸਾਲਾ ਵਿਚ 6 ਵਜੇ ਨਿਤਨੇਮ ਹੋਣਾ ਸੀ, ਸਤਿਗੁਰੂ ਜੀ ਸਮੇ ਸਿਰ ਪੁੱਜ ਗਏ।

## ਜੈ ਸਿੰਘ ਨੂੰ ਬੁਖਾਰ ਤੇ ਛਪਾਕੀ

ਬੀਬਾ ਸਾਹਿਬ ਕੌਰ ਜੀ ਦਾ ਕਾਕਾ ਅਜੇ ਵੀ ਠੀਕ ਨਹੀ ਹੋ ਸਕਿਆ। ਮੈਂ ਇਸਦੀਆਂ ਲੱਤਾਂ ਤੇ ਵੱਡੇ-ਵੱਡੇ ਛਪਾਕੀ ਦੇ ਦਾਗ ਦੇਖੇ। ਇਸ ਨੂੰ ਬੁਖਾਰ ਵੀ ਸੀ। ਗੁਲਾਬ ਦੇ ਫੁੱਲ ਵਰਗੇ ਬੱਚੇ ਦਾ ਚਿਹਰਾ ਮੁਰਝਾਇਆ ਹੋਇਆ। ਜਦੋਂ ਸੰਤ ਜਗਤਾਰ ਸਿੰਘ ਜੀ ਤੇ ਬੀਬਾ ਜੀ ਕਿਸੇ ਡਾਕਟਰ ਤੋਂ ਦਵਾਈਆਂ ਲਿਆਏ ਤਾਂ ਕਾਕੇ ਨੂੰ 104 ਡਿਗਰੀ ਤਕ ਦਾ ਬੁਖਾਰ ਸੀ। ਜਗਤਾਰ ਸਿੰਘ ਹੁਰਾਂ ਦਾ ਕਹਿਣਾ ਸੀ : ਜਦੋਂ ਉਹ ਸਾਨੂੰ ਠੀਕ ਠਾਕ ਦਿਸਦਾ ਸੀ। ਓਦੋਂ ਵੀ ਉਹ 104 ਡਿਗਰੀ ਬੁਖਾਰ ਲਈ ਬੈਠਾ ਸੀ, ਜਦੋਂ ਉਹ ਸਾਨੂੰ ਬੁਖਾਰਿਆ ਜਾਪੇ ਪਤਾ ਨਹੀਂ ਉਦੋਂ ਕਿਸ ਡਿਗਰੀ ਤਕ ਬੁਖਾਰ ਹੋਵੇ।

## ਸੈੱਕੂ ਲਈ ਸਮੂਹਿਕ ਅਰਦਾਸ

ਨਾਮ ਸਿਮਰਨ ਸਮੇ ਸੰਤ ਤਰਸੇਮ ਸਿੰਘ ਸਕੱਤਰ ਵਲੋਂ ਇਕ ਰੁੱਕਾ ਸ. ਸੀਵ੍ਹਾ ਸਕੱਤਰ ਨਾਮਧਾਰੀ ਸੰਗਤ ਵਲ ਵਧਦਾ ਦੇਖਿਆ। ਇਸ ਉੱਤੇ ਲਿਖਿਆ ਸੀ ਕਿ ਸ. ਪਰਮਿੰਦਰ ਸਿੰਘ ਪ੍ਰਧਾਨ ਜੀ ਸ੍ਰੀ ਗੁਰੂ ਸਿੰਘ ਸਭਾ ਨੈਰੋਬੀ ਹਸਪਤਾਲ ਵਿਚੇ ਹਨ। ਸਤਿਗੁਰੂ ਜੀ ਦਰਸ਼ਨ ਦੇ ਆਏ ਹਨ, ਉਹਨਾਂ ਦੀ ਸਿਹਤ ਦਰੁਸਤੀ ਲਈ ਸਵੇਰੇ ਆਸਾ ਦੀ ਵਾਰ ਸਮੇ ਅਰਦਾਸ ਹੋਵੇ।



Sri Satguru Jagjit Singh Ji Elibrary NamdhariElibrary@gmail.com

**ਕੀਰਤਨ ਸਮੇ**

ਕੀਰਤਨ ਸਮੇ, "ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ" ਰਾਗ ਦੇਸ, ਤਾਲ ਧਮਾਰ ਵਿਚ ਗਾਇਆ ਜਾ ਰਿਹਾ ਹੈ। ਹੇਠ ਲਿਖੇ ਵਿਸ਼ੇਸ਼ ਵਿਅਕਤੀ ਉਪਸਥਿਤ ਹਨ:

1. ਸ. ਗੁਰਮੀਤ ਸਿੰਘ ਦੇਵਗੀ (ਸਪੁਤਰ ਸ. ਊਧਮ ਸਿੰਘ ਰਾਗੀ) ਮੀਤ ਪ੍ਰਧਾਨ ਰਾਮਗੜੀਆ ਸਿੱਖ ਟੈਂਪਲ, ਨੈਰੋਬੀ।
2. ਸ. ਹਰੀ ਸਿੰਘ ਬਾਹੜਾ ਪ੍ਰੋਪਰਾਈਟਰ ਹਰੀ ਸਿੰਘ ਐਂਡ ਕੰਪਨੀ।
3. ਰਾਗੀ ਐਂਬਰਸਰੀਆ ਰਾਮ (ਕੰਨ ਨੂੰ ਮਸ਼ੀਨ ਲਗੀ ਹੋਈ)।
4. ਰਾਗੀ ਸ. ਊਧਮ ਸਿੰਘ (ਸਰੰਦੂ ਪਕੜੀ)।
5. ਸ. ਸੰਤੋਖ ਸਿੰਘ ਡਮਰਾ (ਸੰਤ ਬਲਦੇਵ ਸਿੰਘ ਦਾ ਪਿਤਾ) ਆਦਿ ਹੋਰ ਕੁਝ ਸਰੀਰ।

**ਲੰਗਰ ਦੀ ਵਿਵਸਥਾ**

8.15 ਤੇ ਕੀਰਤਨ ਦੀ ਅਰਦਾਸ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਤਾਂ ਆਪਣੇ ਡੇਰੇ ਨੂੰ ਪ੍ਰਸਥਾਨ ਕੀਤਾ, ਏਥੇ ਧਰਮਸਾਲਾ ਵਿਚ ਹੀ ਸ. ਤਾਰਾ ਸਿੰਘ ਚਾਨਾ ਵਲੋਂ ਲੰਗਰ ਤਿਆਰ ਸੀ, ਜਿਸਨੂੰ ਆਈ ਸਮੁਚੀ ਸੰਗਤ ਨੇ ਭਾਗ ਲਾਏ, ਅਰਥਾਤ ਲੰਗਰ ਛਕਿਆ।

ਮੈਨੂੰ ਦੱਸਿਆ ਗਿਆ ਹੈ ਕਿ ਜਿਸ ਪਰਵਾਰ ਨੇ ਸੰਗਤ ਦਾ ਲੰਗਰ ਕਰਵਾਣਾ ਹੋਵੇ, ਉਹ ਦਾਲ ਸਬਜ਼ੀਆਂ ਅਤੇ ਪ੍ਰਸ਼ਾਦੇ ਘਰੇ ਹੀ ਤਿਆਰ ਕਰਵਾ ਲਿਆਉਂਦਾ ਹੈ। ਜਾਂ ਸੰਬੰਧਤ ਪਰਵਾਰ ਦੇ ਮੈਂਬਰ ਏਥੇ ਆਕੇ ਸਮੁਚੀ ਰਸੋਈ ਤਿਆਰ ਕਰਦੇ ਹਨ। ਏਥੇ ਸਾਰੇ ਸਾਧਨ ਮੌਜੂਦ ਰਹਿੰਦੇ ਹਨ। ਸਾਧ ਸੰਗਤ ਲੰਗਰ ਖਾਣੇ ਵਿਚ ਪ੍ਰੇਮ ਪੂਰਵਕ ਕਤਾਰਾਂ ਵਿਚ ਬੈਠ ਛਕਦੀ ਹੈ।

ਮੈਨੂੰ ਇਹ ਸਕੇਤ ਵੀ ਮਿਲੀ ਕਿ 16 ਮਾਰਚ ਨੂੰ ਭਾਰਤੋਂ ਆਏ 20 ਸਰੀਰਾਂ ਵਿਚੋਂ 10 ਵਾਪਸ ਜਾ ਰਹੇ ਹਨ। ਜਿਨ੍ਹਾਂ ਚੋਂ 1. ਪੰ: ਗੋਪਾਲ ਸਿੰਘ, 2. ਸੰਤ ਨਿਰੰਜਨ ਸਿੰਘ ਠਾਕਰ, 3. ਪ੍ਰੀਤਮ ਸਿੰਘ ਕਵੀ, 4. ਬੀਬੀ ਇੰਦਰਜੀਤ ਕੌਰ (ਜੁ ਏਥੇ ਵਿਆਹੀ ਗਈ ਹੈ ਸੁ ਇਹਦੇ ਆਉਣ ਜਾਣ ਦਾ ਸਵਾਲ ਸੰਬੰਧਤ ਪਰਵਾਰ ਦੀ ਮਰਜ਼ੀ ਮੁਤਾਬਕ ਹੋਵੇਗਾ।)

**8 ਮਾਰਚ 1983, ਮੰਗਲਵਾਰ**
**ਨੈਰੋਬੀ (ਕੀਨੀਆ)**

**ਸ. ਸੰਤੂ ਠੀਕ ਵਰਦੀ**

ਧਰਮਸਾਲਾ ਵਿਚ ਨਿਤ ਵਾਂਗ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਰਾਗੀਆਂ ਵਲੋਂ ਆਸਾ ਦੀ ਵਾਰ ਦਾ ਕੀਰਤਨ। ਭਰਪੂਰ ਸਰੋਤਾ ਗਣ। ਅੱਜ ਵੀ 30 ਨੌਜਵਾਨ ਅਤੇ ਧਰਮਸਾਲਾ ਸੰਬੰਧਤ ਵਿਅਕਤੀਆਂ ਨਾਲ ਝਲਕ ਵਰਦੀ ਦਾ ਪ੍ਰੋਗਰਾਮ। ਕੱਲ੍ਹ ਸਤਿਗੁਰੂ ਜੀ ਨੇ ਮੇਰਾ ਧਿਆਨ ਵਰਦੀ ਵਾਲਿਆਂ ਵਲ ਕਰਕੇ ਬਚਨ ਕੀਤਾ ਸੀ : ਦੇਖੋ! ਕਿਵੇਂ ਦੇਵਤੇ ਲਗਦੇ ਹਨ ! ਇਹਨਾਂ ਦੀ ਫੋਟੋ ਲਈ ਜੇ ! ਅੱਜ ਵੀ ਇਹ ਵਰਦੀ ਵਾਲੇ ਓਨੇ ਹੀ ਸੁੰਦਰ ਲਗਦੇ

Sri Satguru Jagjit Singh Ji Elibrary NamdhariElibrary@gmail.com

ਹਨ। ਅਜ ਦੀ ਇਹ ਵੰਡਨੀ ਸ. ਪ੍ਰਮਿੰਦਰ ਸਿੰਘ ਪ੍ਰਧਾਨ ਸ੍ਰੀ ਗੁਰੂ ਸਿੰਘ ਸਭਾ ਨੈਰੋਬੀ ਵਲੋਂ ਹੋ ਰਹੀ ਹੈ। ਅਤੇ ਇਸ ਮੌਕੇ ਸੌਂਦ ਸਾਹਿਬ ਦੇ ਵਡੇ ਭਾਈ ਆਸਾ ਦੀ ਵਾਰ ਦੇ ਕੀਰਤਨ ਸਮੇਂ ਤੋਂ ਹਾਜ਼ਰ ਹਨ।

## ਸ. ਤਿਰਲੋਚਨ ਸਿੰਘ ਸੌਂਦ

ਦੀਵਾਨ ਦੀ ਸਮਾਪਤੀ ਤੇ ਉਠਕੇ ਸ੍ਰੀ ਸਤਿਗੁਰੂ ਜੀ ਚੱਲੇ ਤਾਂ ਸ. ਪਰਮਿੰਦਰ ਸਿੰਘ ਸੌਂਦ ਦਾ ਵਡਾ ਭਰਾ ਸ. ਤਿਰਲੋਚਨ ਸਿੰਘ ਸੌਂਦ ਵੀ ਉਠਕੇ ਨਾਲ ਹੋ ਪਿਆ। ਬਚਨ ਬਿਲਾਸ ਕੀ ਹੋਇਆ, ਇਹ ਤਾਂ ਪਤਾ ਨਹੀਂ ਪਰ ਉਹ ਸਰਧਾ ਅਤੇ ਸਤਿਕਾਰ ਯੁਕਤ ਕਾਫ਼ੀ ਸਮਾਂ ਸਤਿਗੁਰੂ ਜੀ ਦੀ ਸੇਵਾ ਵਿਚ ਰਿਹਾ। ਉਹਦੇ ਚਿਹਰੇ ਤੋਂ ਸੰਤੋਖ ਅਤੇ ਪ੍ਰਸੰਨਤਾ ਝਲਕਦੀ ਸੀ। ਬਅਦ ਵਿਚ ਮੈਨੂੰ ਸ. ਪ੍ਰੀਤਮ ਸਿੰਘ ਮਠਾਰੂ ਨੇ ਦੱਸਿਆ ਕਿ ਸ. ਤਿਰਲੋਚਨ ਸਿੰਘ 401 ਸ਼ਲਿੰਗ ਵੰਡਨੀ ਵਾਸਤੇ ਸੰਗਤ ਨੂੰ ਦੇ ਗਿਆ ਹੈ।

## ਸਿਖ ਸੇਵਕ ਪਰਵਾਰ

ਮੈਂ ਫੇਰ ਸਤਿਗੁਰੂ ਜੀ ਦੇ ਡੇਰੇ 8.15 ਵਜੇ ਹੀ ਪੁਜ ਗਿਆ। ਇਸ ਮੌਕੇ ਇਕ ਸੇਵਿਕਾ ਬੀਬੀ ਸਤਵੰਤ ਕੌਰ ਤੇ ਉਹਦੀ ਲੜਕੀ ਕਮਲ ਅਤੇ ਕਮਲ ਦੇ ਪਤੀ ਰਾਮ (ਅਸਲ ਨਾਮ ਮੁਹੰਮਦ ਅਸਲਮ) ਸ੍ਰੀ ਸਤਿਗੁਰੂ ਜੀ ਦੇ ਦਰਸਨਾਂ ਨੂੰ ਆਏ। ਮੈਨੂੰ ਕੋਲ ਵੇਖ ਸਤਿਗੁਰੂ ਜੀ ਨੇ ਦੱਸਿਆ: ਇਹ ਬੀਬੀ ਡੁਪਾਲ ਤੋਂ ਹੈ, ਸ. ਕਿਸ਼ਨ ਸਿੰਘ ਦੀ ਸੁਪੁਤਰੀ। ਕਿਸ਼ਨ ਸਿੰਘ ਪਹਿਲੇ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਹੁਤ ਨੇੜੇ ਸੀ, ਪਰ ਪਿਛੋਂ ਜਾਕੇ, ਪਤਾ ਨਹੀਂ ਉਸਨੂੰ ਕੀ ਹੋ ਗਿਆ, ਸਾਧ ਸੰਗਤ ਵਿਚ ਆਉਣੋਂ ਹਟ ਗਿਆ। ਪਰ, ਇਸ ਬੀਬੀ ਨੇ ਸਾਧ ਸੰਗਤ ਅਤੇ ਸਤਿਗੁਰੂ ਵਾਲਾ ਪਾਸਾ ਬਿਲਕੁਲ ਨਹੀਂ ਛਡਿਆ।

ਰਾਮ ਲੰਮਾ-ਝੰਮਾ ਜੁਆਨ ਹੈ, ਸ਼ਰਮੀਲਾ ਤੇ ਜ਼ਰਾ ਕੁ ਥਥਲਾ। ਘਬਰਾਹਟ ਵਿਚ ਅਟਕ-ਅਟਕ ਬੋਲਦਾ। ਸਤਿਗੁਰੂ ਜੀ ਨੇ ਰਾਮ ਨਾਲ ਬੋਲਚਾਲ ਸਾਂਝਾ ਕੀਤਾ :

ਕੀ ਨਮਾਜ਼ ਆਦਿ ਵੀ ਕਦੇ ਪੜ੍ਹਦੇ ਹੋ?

ਨਹੀਂ ਜੀ !

ਕਦੇ ਕਦੇ ਮੰਦਰ ਜਾਂਦਾ ਹੈ, ਕਦੇ ਕਦਾਈਂ ਗੁਰਦੁਆਰੇ ਵੀ !

ਤਾਂ ਫਿਰ ਭਜਨ ਲੈ ਕੇ ਇਕ ਘੰਟਾ ਰੋਜ਼ ਕਰਿਆ ਕਰ !

ਮਹਿੰਦਰ ਸਿੰਘ ਪੁਰਬਾ ਦੇ ਕੰਨ ਵਿਚ ਸਤਿਗੁਰੂ ਜੀ ਕੁਝ ਕਿਹਾ ਤਾਂ ਪੁਰਬਾ ਨੇ ਸ੍ਰੀ ਰਾਮ ਅਰਥਾਤ ਮੁਹੰਮਦ ਅਸਲਮ ਨੂੰ ਕੰਨ ਵਿਚ ਦੁਅੱਖਰਾ ਨਾਮ ਦੇ ਦਿਤਾ। ਅਤੇ ਰਾਮ ਕਮਲ ਦੇ ਛੋਟੇ ਬੱਚੇ ਨੂੰ ਵੀ। ਰਾਮ ਨੇ ਮਜਬੂਰੀ ਦੱਸੀ ਕਿ ਇਹ ਸ਼ਬਦ ਉਸਨੂੰ ਯਾਦ ਨਹੀਂ ਰਹੇਗਾ, ਲਿਖਕੇ ਦਿਤਾ ਜਾਏ। ਉਸਨੂੰ ਅੰਗਰੇਜ਼ੀ ਅੱਖਰਾਂ ਵਿਚ ਗੁਰਮੰਤਰ ਲਿਖਕੇ ਦੇ ਦਿਤਾ ਗਿਆ।

## ਇਕ ਗੁਆਂਢੀ

ਇਕ ਸਰਦਾਰ ਜੀ ਪਹਿਲਾਂ ਹੀ ਮਥਾ ਟੇਕ ਕੇ ਸਤਿਗੁਰੂ ਜੀ ਦੇ ਪਾਸ ਖਲੋਤੇ ਹੋਏ



Sri Satguru Jagjit Singh Ji Elibrary NamdhariElibrary@gmail.com

ਸਨ। ਸਤਿਗੁਰਾਂ ਇਨ੍ਹਾਂ ਨੂੰ ਨਾਂ ਪੁਛਿਆ। ਇਹ ਬੋਲੇ :

"ਮੈਂ ਆਪ ਜੀ ਦਾ ਗੁਆਂਢੀ ਹਾਂ"।

"ਕਿਹੜੇ ਪਿੰਡ ਤੋਂ?

"ਕਟਾਣੀ ਤੋਂ ਜੀ!"

"ਕਿਦ੍ਹਾ ਲੜਕਾ?

"ਸ. (ਲੇਖਕ ਨੂੰ ਨਾਂ ਭੁੱਲ ਗਿਆ)... ਜੀ ਦਾ!"

ਕਟਾਣੀ ਭੈਣੀ ਸਾਹਿਬ ਦਾ ਬੰਨ੍ਹ ਅੜੌਂ ਹੈ। ਏਨਾ ਨੇੜੇ ਦਾ ਕੋਈ ਵਿਦੇਸ਼ ਵਿਚ ਮਿਲ ਪਵੇ! ਤਾਂਵੇਂ ਸਤਿਗੁਰੂ ਜੀ ਲਈ ਸਾਰੇ ਲੋਕ ਹੀ, ਭਾਵੇਂ ਉਹ ਕਿਸੇ ਦੇਸ ਵਿਚ ਹੋਣ, ਗੁਆਂਢੀ ਹਨ, ਫੇਰ ਵੀ ਇਲਾਕੇ ਦੇ ਬੰਦੇ ਦੀ ਮਿਲਣੀ ਨਵੀਆਂ ਤਰੰਗਾਂ ਛੇੜਦੀ ਹੈ। ਸਤਿਗੁਰੂ ਜੀ ਬੜੇ ਪ੍ਰਸੰਨ ਹੋਏ।

**ਸਰਨਾ ਜੋੜੀ**

ਇਹਨਾਂ ਨੂੰ ਤਰਕੇ ਸਤਿਗੁਰੂ ਜੀ ਬੈਠਕ ਵਿਚ ਪਧਾਰੇ। ਏਥੇ ਉਡੀਕਦੇ ਪਏ ਸਨ ਸ੍ਰੀ ਤੀਰਥ ਰਾਮ ਸਰਨਾ ਅਤੇ ਇਹਨਾਂ ਦੀ ਸੁਪਤਨੀ ਬੀਬੀ ਹਰਬੰਸ ਕੌਰ। ਦਰਸ਼ਨ ਕਰਨ ਦਾ ਤਲਬਗਾਰ ਇਸ ਵੇਲੇ ਕੇਵਲ ਇਹੋ ਜੋੜਾ ਸੀ। ਇਹਨਾਂ ਦੇ ਦੋ ਬੱਚੇ 25.2.83 ਨੂੰ ਬੰਬਈ ਵਿਚ ਇਹਨਾਂ ਦੀ ਸੇਵਾ ਵਿਚ ਆਏ ਸਨ। ਇਹ ਜੋੜਾ ਪਹਿਲਾਂ ਤੋਂ ਹੀ ਸਤਿਗੁਰੂ ਜੀ ਦਾ ਸਿਖ ਹੈ। ਇਸ ਜੋੜੇ ਨੂੰ ਨਿਵਾਜ ਆਪ ਜੀ ਆਰਾਮ ਕਮਰੇ ਵਿਚ ਪਧਾਰੇ।

ਪਰ੍ਹਾਂ, ਠਾਕੁਰ ਜੀ ਦੇ ਕਮਰੇ ਚੋਂ ਬਲਜੀਤ-ਪਿੰਕੀ ਦੇ ਗਾਉਣ ਦੀ ਝੀਣੀ-ਝੀਣੀ ਆਵਾਜ਼ ਆ ਰਹੀ ਸੀ।

**ਮਨਿਸਟਰ ਆਫ ਕਾਨਸਟੀਚਿਊਸ਼ਨ ਮਿ: ਜੋਸੇ**

ਕੀਨੀਆ ਸਰਕਾਰ ਦੇ ਇਕ ਰੁਕਨ ਸ੍ਰੀ ਚਾਰਲਸ ਜੋਸੇ ਮਨਿਸਟਰ ਆਫ ਕਾਨਸਟੀਚਿਊਸ਼ਨਲ ਅਫੇਅਰਜ਼ ਨੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਅੱਜ ਆਉਣਾ ਹੈ। ਇਸ ਲਈ ਨਾਮਧਾਰੀ ਸੰਗਤ ਵਿਚੋਂ ਚਤੁਰ ਪੁਰਸ਼, ਉਸਦੇ ਵਕਤ ਦਾ ਅਤੇ ਸਤਿਗੁਰੂ ਜੀ ਦੇ ਸਮੇਂ ਦਾ ਤਾਲਮੇਲ ਬਿਠਾ ਰਹੇ ਸਨ। ਮੈਂ ਬਲਜੀਤ-ਪਿੰਕੀ-ਸੁਖਵਿੰਦਰ ਨਾਲ ਸ. ਜਸਵੰਤ ਸਿੰਘ ਦੇ ਸਪੁੱਤਰ ਅਤੇ ਸੂਬਾ ਦਰਸ਼ਨ ਸਿੰਘ ਜੀ ਦੇ ਦਾਮਾਦ ਹਰਪਾਲ ਸਿੰਘ ਨਾਲ ਉਹਦੇ ਘਰ ਚਲਾ ਗਿਆ।

ਮਿ: ਜੋਸੇ ਨੇ ਪਹਿਲਾਂ 10 ਵਜੇ ਆਉਣਾ ਸੀ, ਹੁਣ ਪਤਾ ਲੱਗਾ ਹੈ ਕਿ ਉਹ 12 ਵਜੇ ਆ ਰਿਹਾ ਹੈ।

ਤੇਜ਼ੀ ਅਤੇ ਮੈਂ 11.15 ਵਜੇ ਹੀ ਸੂਬਾ ਦਰਸ਼ਨ ਸਿੰਘ ਜੀ ਦੇ ਬੰਗਲੇ ਅਰਥਾਤ ਸਤਿਗੁਰੂ ਜੀ ਦੇ ਡੇਰੇ ਆ ਗਏ। ਏਥੇ 11.30 ਵਜੇ ਹੀ ਸਰਗਰਮੀਆਂ ਜਾਰੀ ਹੋ ਗਈਆਂ। 'ਫਰੰਟ ਰੂਮ' ਵਿਚ ਦੋ ਸੋਫ਼ੇ ਸੈੱਟ ਕਰ ਦਿਤੇ ਗਏ। ਸਤਿਗੁਰੂ ਜੀ ਵਾਸਤੇ ਇਕ ਫੁਲਦਾਰ ਗਲੀਚਾ ਸੋਫ਼ੇ ਉਤੇ ਵਿਛਾਇਆ ਗਿਆ। ਖਾਕੀ ਰੰਗ ਦਾ ਗਲੀਚਾ ਸ੍ਰੀ ਜੋਸੇ ਲਈ, ਜਿਸਵਿਚ ਸੋਫ਼ੇ ਉਤੇ ਵਿਛਾ ਦਿਤਾ ਗਿਆ। ਠਾਕੁਰ ਦਲੀਪ ਸਿੰਘ ਜੀ ਨੇ ਕੈਮਰਿਆਂ



Sri Satguru Jagjit Singh Ji Elibrary NamdhariElibrary@gmail.com

ਦੀ ਸੈਟਿੰਗ ਕਰ ਲਈ- ਸਟਿੱਲ, ਮੂਵੀ, ਵੀਡੀਓ। ਸ. ਰਜਿੰਦਰ ਸਿੰਘ ਆਪਣੇ ਕੈਮਰੇ ਨਾਲ ਤਿਆਰ ਸੀ। ਮੈਂ ਵੀ ਚਿੱਟੀਆਂ-ਕਾਲੀਆਂ ਫੋਟੋ ਲੈਣ ਲਈ ਤਿਆਰ ਹੋ ਗਿਆ। ਸ. ਗੁਰਚੈਨ ਸਿੰਘ ਫਲੋਰਾ, ਸ. ਹਰਚਰਨ ਸਿੰਘ ਰੰਧਾਵਾ ਇਸ ਮਿਲਣੀ ਨਾਲ ਸੰਬੰਧਤ ਲੋੜੀਂਦੀਆਂ ਤਿਆਰੀਆਂ ਵਿਚ ਜੁਟੇ ਹੋਏ ਸਨ।

ਅਗਲੇ ਕੁਝ ਹੀ ਮਿੰਟਾਂ ਵਿਚ ਨੈਰੋਬੀ ਦੇ ਬਿਜ਼ਨੈਸ ਮੈਨ ਅਤੇ ਹੋਰ ਕਾਰੋਬਾਰੀ ਸਿਖ ਜੁੜ ਗਏ। ਕਮੇਟੀ ਦੇ ਨਾਮਧਾਰੀ ਮੈਂਬਰ ਵੀ ਏਧਰ ਓਧਰ ਫਿਰ ਰਹੇ ਹਨ। ਅੱਜ ਦੀ ਘੜੀ, ਸਰਕਾਰ ਵਿਚ ਉਹੋ ਹੀ ਨੰਬਰ ਇਕ ਵਿਅਕਤੀ ਹੈ। ਦੂਜੇ ਉਪਰਲੇ ਦੋਵੇਂ, ਪ੍ਰੈਜ਼ੀਡੈਂਟ ਆਰਪ ਬਿਸਪ ਮੋਈ ਅਤੇ ਕੀਨੀਆ ਦਾ ਪ੍ਰਧਾਨ ਮੰਤਰੀ ਨਿਰਪੱਖ ਦੇਸ਼ਾਂ ਦੇ ਸੰਮੇਲਨ ਵਾਸਤੇ ਦਿੱਲੀ (ਭਾਰਤ) ਗਏ ਹੋਏ ਹਨ। ਇਸ ਲਈ ਅੱਜ ਤਾਂ ਮਿ: ਜੋਜੋ ਹੀ ਸਰਵੇਸਰ ਹੈ।

ਸ. ਗੁਰਚੈਨ ਸਿੰਘ ਫਲੋਰਾ ਨੇ ਮੈਨੂੰ ਦੱਸਿਆ ਹੈ ਕਿ ਉਨ੍ਹਾਂ ਸਿੱਖ ਸਨਅਤਕਾਰਾਂ ਅਤੇ ਬਿਜ਼ਨੈਸਮੈਨਾਂ ਨੂੰ ਪੱਕੀ ਕੀਤੀ ਹੈ ਕਿ ਮੁਲਾਕਾਤ ਸ੍ਰੀ ਜੋਜੋ ਨਾਲ ਹੋ ਜਾਵੇਗੀ ਪਰ ਬੱਸ ਸਟਾਪਾਂ ਦੇ ਸ਼ੈੱਡ ਇਕ-ਇਕ ਦੋ-ਦੋ ਉਹਨਾਂ ਬਣਾ ਕੇ ਦੇਣੇ ਹਨ। ਤੁਹਾਡਾ ਕਾਰਜ ਸਾਡੇ ਨਾਮ ਤੇ ਹੋਵੇਗਾ। ਸਭ ਨੇ ਇਸ ਗੱਲ ਨੂੰ ਪਰਵਾਨ ਕੀਤਾ ਹੈ।

12.15 ਵਜੇ ਸ੍ਰੀ ਚਾਰਲਸ ਜੋਜੋ ਦੀ ਕਾਰ ਕੂਪ ਕੀਤੀ ਵਿਹੜੇ ਵਿਚ ਆਕੇ ਰੁਕ ਗਈ। ਉਸ ਨਾਲ ਦੋ ਸਕਿਉਰਿਟੀ ਅਧਿਕਾਰੀ ਵੀ ਸਨ ਅਤੇ ਮਿ: ਜੋਜੋ ਨੂੰ ਥਾਂ ਸਿਰ ਲਿਆਉਣ ਵਾਲਾ, ਸ. ਹਰਬੰਸ ਸਿੰਘ ਥੰਮੀ ਵੀ ਸੀ— ਉੱਚਾ ਲੰਮਾ, ਗੋਰਾ ਚਿੱਟਾ, ਬਲਵਾਨ।

ਬੈਠਕ ਵਿਚ ਗਿਆਂ ਸ੍ਰੀ ਜੋਜੋ ਨੇ ਸਤਿਕਾਰ ਵਿਚ ਸ੍ਰੀ ਸਤਿਗੁਰੂ ਜੀ ਵਲ ਝੁਕਦਿਆਂ ਇਹ ਆਖਿਆ : ਉਹ ਮਾਈ ਫ੍ਰੈਂਡ, ਹਉ ਆਰ ਯੂ? ਸਤਿਗੁਰੂ ਜੀ ਪਹਿਲਾਂ ਹੀ ਖਲੋਤੇ ਹੋਏ ਸਨ, ਆਪ ਨੇ ਉਸਦੇ ਗਲੇ ਸਫੈਦ ਅਠੋਤਰੀ ਮਾਲਾ ਪਹਿਨਾ ਕੇ ਮਾਣ ਦਿਤਾ। ਬੜੇ ਰੁਝੇਵੇਂ ਚੋਂ ਵਕਤ ਕਢ ਕੇ ਆਇਆ ਸੀ ਮਿ. ਜੋਜੋ। ਉਸਨੇ ਸਤਿਗੁਰੂ ਜੀ ਦੇ ਸੋਫੇ ਉੱਤੇ ਬੈਠਦਿਆਂ ਹੀ ਗੱਲ ਸ਼ੁਰੂ ਕਰ ਦਿਤੀ।

ਪ੍ਰਬੰਧ ਇਹ ਸੀ ਕਿ ਗੈਰ-ਨਾਮਧਾਰੀਆਂ ਨੂੰ ਅੰਦਰ ਆਉਂਦਿਆਂ ਤਰਜੀਹ ਦਿਤੀ ਜਾਏ। ਨਾਮਧਾਰੀਆਂ ਚੋਂ ਅਤੀ ਜ਼ਰੂਰੀ ਆਦਮੀ ਹੀ ਅੰਦਰ ਸਨ। ਪਰ ਕਮਰਾ ਥੋੜੇ ਜੁ ਆਦਮੀਆਂ ਨਾਲ ਹੀ ਭਰਪੂਰ ਹੋ ਗਿਆ।

ਅਖਬਾਰ 'ਨੇਸ਼ਨ', 'ਸਟੈਂਡਰਡ', 'ਨੈਰੋਬੀ ਟਾਈਮਜ਼' ਅਤੇ ਕੀਨੀਆ ਨਿਊਜ਼ ਏਜੰਸੀ ਦੇ ਪ੍ਰਤੀਨਿਧ ਆਏ ਹੋਏ ਸਨ। ਕੈਮਰਿਆਂ ਵਾਲੇ, ਇਕ ਮੁੰਡਾ ਅਤੇ ਇਕ ਕੁੜੀ। ਪਲ ਪਲ ਦਾ ਬਿਓਰਾ ਲੈ ਰਹੇ ਸਨ।

ਸ੍ਰੀ ਜੋਜੋ ਨੂੰ, ਨਾਲ ਲਗਦੀ ਦੀਵਾਰ ਤੇ ਪਹਿਲਾਂ ਤੋਂ ਲਗੀ, ਉਹਦੀ, ਸ੍ਰੀ ਸਤਿਗੁਰੂ ਜੀ ਅਤੇ ਪ੍ਰੈਜ਼ੀਡੈਂਟ ਆਰਪ ਮੋਈ ਦੀ ਫੋਟੋ ਦਿਖਾਈ ਗਈ। ਉਸਨੇ ਪੁਛਿਆ ਇਹ ਕਦੋਂ ਦੀ ਹੈ? (ਉਹ ਅੰਗਰੇਜ਼ੀ ਬੋਲ ਰਿਹਾ ਸੀ) "ਤਿਨ ਸਾਲ ਪੁਰਾਣੀ ਹੈ" ਦੱਸਿਆ ਗਿਆ। ਤਾਂ ਕਹਿਣ ਲਗੇ, "ਮਿਲਣੀ ਨੂੰ ਏਨੀ ਦੇਰ ਤਾਂ ਨਹੀਂ ਲਗਣੀ ਚਾਹੀਦੀ। ਇਸ ਤੋਂ ਪਹਿਲਾਂ ਵੀ ਆਉਣਾ ਚਾਹੀਦਾ ਸੀ।" ਅਤੇ ਸ੍ਰੀ ਜੋਜੋ ਨੇ ਸਤਿਗੁਰੂ ਜੀ ਪਾਸ ਇੱਛਾ ਪਰਗਟ ਕੀਤੀ ਕਿ 16.3.83 ਅਰਥਾਤ ਆਪਣੇ ਜਾਣ ਤੋਂ ਪਹਿਲਾਂ ਇਕ ਵਾਰ ਜ਼ਰੂਰ ਮਿਲਣ।

ਮਿ. ਜੋਜੋ ਨੂੰ ਅੰਗਰੇਜ਼ੀ ਵਿਚ ਸ੍ਰੀ ਸਤਿਗੁਰੂ ਜੀ ਦੀ ਭਾਵਨਾ ਸ. ਥੰਮੀ, ਸ. ਫਲੋਰਾ



Sri Satguru Jagjit Singh Ji Elibrary NamdhariElibrary@gmail.com

ਤੇ ਸ. ਸੀਰ੍ਹਾ ਦੱਸ ਰਹੇ ਸਨ। ਸਤਿਗੁਰੂ ਜੀ ਜਾਣਦਿਆਂ ਹੋਇਆਂ ਵੀ ਅੰਗਰੇਜ਼ੀ ਨਹੀਂ ਬੋਲ ਰਹੇ ਸਨ। ਇਕ ਵਾਰ ਸ੍ਰੀ ਸਤਿਗੁਰੂ ਜੀ ਨੇ ਫੋਟੋਗ੍ਰਾਫਰਾਂ ਦੀ ਇਛਾ ਦੀ ਪੂਰਤੀ ਹਿਤ ਮਿ. ਜੋਨੇ ਦੇ ਕੋਟ ਹੇਠ ਆ ਗਈ ਮਾਲਾ ਨੂੰ ਕਢ ਸਵਾਰ ਕੇ ਉਹਨਾਂ ਦੀ ਲੋੜ ਪੂਰੀ ਕੀਤੀ।

ਸ੍ਰੀ ਜੋਨੇ ਨੇ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਬੜੀ ਤਾਰੀਫ਼ ਕੀਤੀ। ਉਸ ਕਿਹਾ, ਉਹ ਸਹੀ ਦਿਸ਼ਾ ਵਲ ਭਾਰਤ ਨੂੰ ਲਈ ਜਾ ਰਹੀ ਹੈ। ਨਿਰਪਖ ਦੇਸ਼ਾਂ ਦੀ ਸਿਖਰ ਕਾਨਫ੍ਰੰਸ ਵਿਚ ਵੀ ਉਹਦਾ ਰੋਲ ਜ਼ਬਰਦਸਤ ਹੈ। ਸਾਨੂੰ ਭਾਰਤ ਨਾਲ ਦੋਸਤੀ ਉਤੇ ਮਾਣ ਹੈ।

ਸ੍ਰੀ ਜੋਨੇ ਨੇ ਦੱਸਿਆ, ਕੀਨੀਆ ਦੇ ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀ ਬੜੀ ਸਮੱਸਿਆ ਹੈ। ਆਪ ਜੀ ਕਿਰਪਾ ਕਰੋ। ਇਸ ਕੰਮ ਲਈ ਆਪਣੇ ਪੈਰੋਕਾਰਾਂ ਨੂੰ ਸਾਡੀ ਸਹਾਇਤਾ ਲਈ ਪਰੇਰੋ। ਇਹ ਸਾਰੇ ਚੰਗੇ ਸ਼ਹਿਰੀ ਹਨ ਅਤੇ ਸਦਾ ਹੀ ਸਾਡੀ ਮੱਦਦ ਕਰਦੇ ਹਨ।

ਸ੍ਰੀ ਸਤਿਗੁਰੂ ਜੀ ਨੇ ਭਰੋਸਾ ਦਿਲਾਇਆ ਅਤੇ ਨਾਲ ਹੀ 'ਨਾਮਧਾਰੀ, ਬੀਫੋਰ ਐਂਡ ਆਫਟਰ ਇੰਡੀਪੈਨਡੈਂਸ' ਦੀ ਇਕ ਕਾਪੀ ਸ੍ਰੀ ਜੋਨੇ ਨੂੰ ਦਿਤੀ, ਉਹ ਇਸ ਵਿਚਲੀਆਂ ਤਸਵੀਰਾਂ ਵੇਖਣ ਲਗਾ। ਇਸ ਵਿਚ ਨਹਿਰੂ ਪਰਵਾਰ ਦੀ ਸਤਿਗੁਰੂ ਜੀ ਵਲ ਪਹੁੰਚ ਦੀ ਝਲਕ ਮਿਲ ਰਹੀ ਸੀ। ਸ. ਬੰਸੀ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਆਪ ਜੀ ਇਕ ਕਾਪੀ ਤੇ ਸ੍ਰੀ ਕਰ ਕਮਲਾਂ ਨਾਲ ਉਸਨੂੰ ਦਸਤਖਤ ਕਰਕੇ ਦੇਣ ! ਸਤਿਗੁਰੂ ਜੀ ਨੇ ਪੰਜਾਬੀ ਵਿਚ ਦਸਤਖਤ ਕਰਕੇ, ਇਕ ਸੇਵਕ ਨੂੰ ਅੰਗਰੇਜ਼ੀ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਲਿਖਕੇ ਇਹ ਕਾਪੀ ਸ੍ਰੀ ਜੋਨੇ ਨੂੰ ਦਿਵਾਈ।

ਇਸ ਮੌਕੇ ਹੇਠ ਲਿਖੇ ਵਿਅਕਤੀ ਹਾਜ਼ਰ ਸਨ : ਸੰਤ ਤਰਸੇਮ ਸਿੰਘ ਸਤਿਗੁਰੂ ਜੀ ਦਾ ਸਕੱਤਰ, ਸੰਤ ਮਹਿੰਦਰ ਸਿੰਘ ਗੁਰੂ ਕਾ ਖਜ਼ਾਨਚੀ, ਸੰਤ ਜਗਤਾਰ ਸਿੰਘ ਜੀ ਪਨਿਹਾਰੀ, ਸੰਤ ਗੁਲਜ਼ਾਰ ਸਿੰਘ ਦਮਦਮਾ, ਪ੍ਰਧਾਨ ਸ. ਸਰਵਣ ਸਿੰਘ ਸੇਖੀ, ਸਕੱਤਰ ਸ. ਹਰਭਜਨ ਸਿੰਘ ਸੀਰ੍ਹਾ। ਖਜ਼ਾਨਚੀ ਸੰਤ ਸ੍ਰੀ ਪ੍ਰੀਤਮ ਸਿੰਘ ਮਠਾੜੂ, ਸੂਬਾ ਸੋਹਣ ਸਿੰਘ ਜੀ, ਸੂਬਾ ਸਤਨਾਮ ਸਿੰਘ ਜੀ, ਸ. ਸੁਰਿੰਦਰ ਸਿੰਘ, ਸ. ਨਰਿੰਦਰ ਸਿੰਘ, ਸ. ਤਾਰਾ ਸਿੰਘ ਰਾਣਾ, ਸ. ਦਰਸ਼ਨ ਸਿੰਘ ਰਾਣਾ, ਸ. ਹਰਬੰਸ ਸਿੰਘ ਆਰਕੀਟੈਕਟ, ਸ. ਤਾਰਾ ਸਿੰਘ ਤੇਗਰਾ, ਸ. ਹੇਮ ਸਿੰਘ ਤੇਗਰਾ, ਸ. ਊਧਮ ਸਿੰਘ ਦੇਵਸੀ, ਸ. ਪ੍ਰੀਤਮ ਸਿੰਘ, ਸ. ਹਰੀ ਸਿੰਘ ਬਾਹੜਾ, ਸ. ਸੁਰਿੰਦਰ ਸਿੰਘ ਭਮਰਾ, ਅਤੇ ਸ. ਕੁੰਦਨ ਸਿੰਘ ਉੱਭੀ।

ਮਿ. ਜੋਨੇ ਆਮ ਕਰਕੇ ਧਾਰਮਕ ਸਮਾਗਮਾਂ ਵਿਚ ਨਹੀਂ ਜਾਂਦਾ। ਸ. ਬੰਸੀ ਦੇ ਕਹਿਣ ਅਨੁਸਾਰ ਉਸ ਪਾਸ ਅੱਜ ਵੀ ਦੋਨਾ ਧੀਰਕਾਂ ਪ੍ਰੋਗਰਾਮ ਸੀ ਪਰ ਸਤਿਗੁਰੂ ਜੀ ਦੇ ਸਨੇਹ ਨੇ ਉਸ ਨੂੰ ਖਿਚ ਲਿਆ।

ਸ੍ਰੀ ਬੰਸੀ ਨੇ ਮਿ. ਜੋਨੇ ਨੂੰ ਕਿਹਾ: ਜਦੋਂ ਸਤਿਗੁਰੂ ਜੀ 16.3.83 ਵਾਲੇ ਦਿਨ ਭਾਰਤ ਨੂੰ ਪਰਤਣ, ਕੋਈ ਸਰਕਾਰੀ ਆਦਮੀ ਆਪ ਵਲੋਂ ਵਿਦਾ ਕਰਨ ਏਅਰ ਪੋਰਟ ਤਕ ਨਾਲ ਜਾਣਾ ਚਾਹੀਦਾ ਹੈ, ਸਤਿਕਾਰ ਵਜੋਂ ਉਸਨੇ ਫੇਰ ਕਿਹਾ: ਨੋ ਪ੍ਰਾਬਲਮ। ਠੀਕ ਹੈ। ਹੋ ਜਾਵੇਗਾ।

ਫਿਰ ਸਤਿਗੁਰੂ ਜੀ ਨੇ ਕਿਸੇ ਪਰਥਾਇ ਨਾਮਧਾਰੀ ਹਾਕੀ ਟੀਮ ਦੇ ਜਵਾਨਾਂ ਦਾ



Sri Satguru Jagjit Singh Ji Elibrary NamdhariElibrary@gmail.com

ਜ਼ਿਕਰ ਕੀਤਾ। ਉਨ੍ਹਾਂ ਦਾ ਮਰਿਆਦਾ ਅਨੁਸਾਰ ਹੌਲ ਕੇ ਖੇਡਣਾ ਅਤੇ ਜਿੱਤਦੇ ਜਾਣਾ ਦੱਸਿਆ। ਅਤੇ ਏਨੇ ਵਿਚ ਕਿਸੇ ਨੇ ਅੰਗਰੇਜ਼ੀ ਪੇਪਰ "ਵੀਕ ਐਂਡ" ਪੇਸ਼ ਕਰ ਦਿਤਾ। ਸ੍ਰੀ ਜੋਜੋ ਸਤਿਗੁਰੂ ਜੀ ਨਾਲ ਇਸ ਨੇਤਰਤਾ ਤੇ ਬੜਾ ਪ੍ਰਸੰਨ ਸੀ। ਜਦੋਂ ਸਤਿਗੁਰੂ ਜੀ ਨੇ ਹਾਕੀ ਖਿਡਾਰੀਆਂ ਦੇ ਖੂਹ ਦੇ ਪਾਣੀ ਪੀਣ ਦੀ ਗੱਲ ਦੱਸੀ ਤਾਂ ਮਿ. ਜੋਜੋ ਹੱਸਿਆ, ਕਹਿਣ ਲੱਗਾ - ਸਾਡੇ ਪਾਸ ਤਾਂ ਖੂਹ ਨਹੀ ਅਤੇ ਨਾ ਹੀ ਪਾਣੀ ਆਮ ਹੁੰਦਾ ਹੈ। 10 ਮਿੰਟ ਵਿਚ ਬਹੁਤ ਸਾਰੀਆਂ ਗੱਲਾਂ ਹੋ ਗਈਆਂ। ਐਉਂ ਲਗਦਾ ਸੀ, ਸੋਵਿਆਂ ਦੀ ਵਿੱਥ ਜਿਨੀ ਵੀ ਅੰਦਰ ਦੀ ਵਿੱਥ ਨਹੀਂ ਸੀ।

ਸਾਡੇ ਵਿਚ ਬੈਠੇ ਹੋਰ ਨਾਮਧਾਰੀ ਵਿਅਕਤੀਆਂ ਬਾਰੇ ਵੀ ਸ੍ਰੀ ਜੋਜੋ ਨੂੰ ਜਾਣਕਾਰੀ ਦਿਤੀ ਗਈ। ਜਦੋਂ ਜੋਜੋ ਦੀ ਨਜ਼ਰ ਘੜੀ ਵਲ ਗਈ ਤਾਂ ਸਤਿਗੁਰੂ ਜੀ ਨੇ ਉਠਣ ਦੀ ਪਹਿਲ ਕਰਕੇ ਸ੍ਰੀ ਜੋਜੋ ਨੂੰ 'ਟਾਇਮ ਸ਼ਾਰਟੇਜ' ਦੀ ਝਿਜਕ ਦਾ ਮੌਕਾ ਹੀ ਨਾ ਦਿਤਾ।

ਬਾਹਰ, ਬੰਗਲੇ ਦੇ ਵਿਹੜੇ ਵਿਚ, ਜਾਮਣ ਦੇ ਇਕ ਰੁੱਖ ਹੇਠ ਖਾਣ ਪੀਣ ਦਾ ਆਯੋਜਨ ਸੀ। ਮਿ. ਜੋਜੋ ਸਤਿਗੁਰੂ ਜੀ ਦੇ ਪਿਛੇ ਪਿਛੇ ਹੋ ਗਿਆ। ਏਥੇ ਫਰਨੀਚਰ ਦੀ ਵੀ ਨਿਕੜੀ ਜਿਹੀ ਨੁਮਾਇਸ਼ ਸੀ। ਦਿਲਚਸਪੀ ਲਈ ਮਿ. ਜੋਜੋ ਦੇ ਖੁਲ੍ਹੀ ਥਾਂ ਤੇ ਆਉਂਦਿਆਂ ਉਨ੍ਹਾਂ ਸਭਨਾਂ ਨੂੰ ਵੀ ਸ੍ਰੀ ਜੋਜੋ ਨਾਲ ਗੱਲ ਬਾਤ ਕਰਨ ਦਾ ਅਵਸਰ ਮਿਲ ਗਿਆ ਜੋ ਪਹਿਲਾਂ ਅੰਦਰ ਨਹੀ ਸਨ ਬੋਲ ਸਕੇ।

ਖਾਣ-ਮੇਜ਼ ਤੇ ਨਾਮਧਾਰੀ ਸੰਗਤ ਦੇ ਮੁਖੀਆ ਵਲੋਂ 10,000 ਸ਼ਲਿੰਗ ਦਾ ਇਕ ਚੈੱਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਸ੍ਰੀ ਜੋਜੋ ਨੂੰ ਫੜਾਇਆ ਗਿਆ। ਸੁਭਾਵਕ ਤੌਰ ਤੇ ਇਹ ਉਹਦੇ ਮਾਣ ਵਿਚ ਸੀ। ਏਥੇ ਆਏ ਦੂਜੇ ਕਾਰੋਬਾਰੀਆਂ ਨੇ, ਪਹਿਲਾਂ ਦੇ ਕਹੇ ਅਨੁਸਾਰ ਬੱਸ ਸਟਾਪਾਂ ਦੀ ਉਸਾਰੀ ਤੇ ਸੇਵਾ ਦੀ ਗੱਲ ਹੀ ਨਹੀ, ਸਗੋਂ ਲੋੜੀਂਦੀਆਂ ਸਫਾਈ ਪਾਣੀ ਦੀਆਂ ਪਾਈਪਾਂ ਵਿਛਾਣ ਲਈ ਮਿਲਵੇਂ ਜਤਨਾਂ ਦੁਆਰਾ 75,000 ਸ਼ਲਿੰਗ ਹੋਰ ਦੇਣ ਦਾ ਬਚਨ ਦੇ ਦਿਤਾ।

ਮਿ. ਜੋਜੋ ਨੂੰ ਫਰਨੀਚਰ- ਮੇਜ਼ ਕੁਰਸੀਆਂ ਆਦਿ ਤਕਾ ਕੇ ਮਨਪਸੰਦ ਵਸਤਾਂ ਚੁਣਨ ਲਈ ਕਿਹਾ ਗਿਆ। ਇਸ ਬਾਰੇ ਹੋਰ ਸੇਵਾ ਵੀ ਅਰਪਨ ਕਰਨ ਦੀ ਗੱਲ ਕੀਤੀ ਗਈ। ਕਾਲੇ ਰੰਗ ਦੇ ਲੰਮੇ-ਚੌੜੇ ਰਾਜਸੀ ਆਗੂ ਨੇ ਧਨਵਾਦ ਕਰਕੇ ਆਗਿਆ ਲੈਣੀ ਚਾਹੀ। ਜਦੋਂ ਉਸਨੂੰ ਪਰੋਸੇ ਗਏ ਪਦਾਰਥਾਂ ਨੂੰ ਚਖਣ ਦਾ ਆਗ੍ਰਹਿ ਕੀਤਾ ਗਿਆ, ਉਸਨੇ ਕਿਤੇ ਹੋਰਥੇ ਜ਼ਰੂਰੀ ਜਾਣਾ ਦੱਸਕੇ ਘੜੀ ਵੇਖੀ। ਸਤਿਗੁਰੂ ਜੀ ਨੇ ਛੁਟੀ ਦੇ ਦਿਤੀ। ਅਤੇ ਮਿ. ਜੋਜੋ ਪਲਕ ਝਮਕਦੇ ਹੀ ਸਟਾਰਟ ਹੋਈ ਕਾਰ ਵਿਚ ਬੈਠ ਅਹੁ ਗਿਆ ਅਹੁ ਗਿਆ ਹੋ ਗਿਆ।

## ਸ. ਹਰਬੰਸ ਸਿੰਘ ਬੰਸੀ

ਸਤਿਗੁਰੂ ਜੀ ਦਿਹਲੇ ਹੋ ਕੇ ਆਪਣੇ ਕਮਰੇ ਵਿਚ ਪਧਾਰੇ ਅਤੇ ਮੇਰੇ ਨਾਲ ਵਿਚਾਰ ਸਾਂਝੇ ਕਰਨ ਲਗੇ ਤਾਂ ਸ. ਬੰਸੀ ਵੀ ਕੋਲ ਹੀ ਆਣ ਬੈਠਾ। ਸਤਿਗੁਰੂ ਜੀ ਨੇ ਮੈਨੂੰ ਦੱਸਿਆ: ਇਹ ਬੰਸੀ ਸਾਡਾ ਚੁਪ ਕੀਤਾ ਪਰਤੀਨਿਧ ਹੈ। ਆਪਣੇ ਆਪ ਸਾਰੇ ਕੰਮ ਕਰ ਦੇਂਦਾ ਹੈ। ਇਹ ਇਸੇ ਦੀ ਖੂਬੀ ਹੈ ਕਿ ਮਿ. ਜੋਜੋ ਨੂੰ ਏਥੇ ਧੂਹ ਲਿਆਇਆ। ਦੋਹਾਂ ਦੇਸ਼ਾਂ ਅਤੇ ਦੋਹਾਂ ਧਰਮਾਂ ਨੂੰ ਨੇੜੇ ਨੇੜੇ ਰਖਣ ਵਿਚ, ਏਥੇ, ਇਸਦਾ ਸਹਿਯੋਗ ਹੈ। ਸ.



Sri Satguru Jagjit Singh Ji Elibrary NamdhariElibrary@gmail.com

ਹਰਬੰਸ ਸਿੰਘ ਅਟਕ ਅਟਕ ਪੰਜਾਬੀ ਬੋਲਿਆ: ਸੱਚੇ ਪਾਤਿਸ਼ਾਹ ਜੀ, ਆਪ ਜੋ ਕੁਝ ਕਰ ਜਾਂਦੇ ਹੋ, ਇਸ ਦਾ ਸਿੱਖ ਕਮਿਊਨਿਟੀ ਨੂੰ ਬੜਾ ਲਾਭ ਮਿਲਦਾ ਹੈ। ਆਪ ਜੀ ਦੇ ਸਦਕਾ ਸਿੱਖਾਂ, ਸਾਰੇ ਸਿੱਖਾਂ ਵਰਨ ਕੀਨੀਆ ਦੇ ਆਗੂਆਂ ਦੀ ਪਹੁੰਚ ਵਿਚ ਲਤਾਫਤ ਆ ਜਾਂਦੀ ਹੈ। ਦੂਜੇ ਸਿੱਖ ਇਸ ਗੱਲ ਦਾ ਲਾਭ ਤਾਂ ਪ੍ਰਾਪਤ ਕਰਦੇ ਹਨ ਪਰ ਮੰਨਣ ਨੂੰ ਉਨ੍ਹਾਂ ਦਾ ਜੀ ਨਹੀਂ ਕਰਦਾ।

ਸੰਤ ਤਰਸੇਮ ਸਿੰਘ ਨੇ ਸਤਿਗੁਰੂ ਜੀ ਨੂੰ ਦੱਸਿਆ: ਸ. ਤਾਰਾ ਸਿੰਘ ਡੋਗਰਾ ਨੇ, ਜੋਮੋ ਦੇ ਆਇਆਂ, ਕੋਲੇ ਖਲੋਤੇ ਸ. ਬੰਸੀ ਨੂੰ ਕਿਹਾ ਸੀ, Weldone boy' ਪਰ ਬੰਸੀ ਨੇ ਖਰੀ ਆਖਿਆ : ਇਹ ਮੈਂ ਨਹੀਂ ਕੀਤਾ, ਸਤਿਗੁਰੂ ਜੀ ਦਾ ਹੀ ਪੁੰਨ ਪਰਤਾਪ ਹੈ। ਸਤਿਗੁਰੂ ਜੀ ਆਪ ਹੀ ਕਰਨ ਕਰਾਵਣ ਵਾਲੇ ਹਨ। ਸ. ਬੰਸੀ ਨੇ ਅਰਜ਼ ਕੀਤੀ, ਇਹ ਸਭ ਆਪ ਜੀ ਦੀ ਕਿਰਪਾ ਹੈ। ਹੁਣ ਮੈਂ ਆਪ ਜੀ ਨੂੰ ਮਿ: ਜੋਮੋ ਦੇ ਦਫਤਰ ਜਾਂ ਘਰ ਹੀ ਜਾ ਕੇ ਮਿਲਣ ਦੀ ਖੇਚਲ ਦਿਆਂਗਾ। "ਜਿਵੇਂ ਕਹੋਗਾ ਕਰ ਲਵਾਂਗੇ।" ਸਤਿਗੁਰੂ ਜੀ ਨੇ ਗੱਲ ਮੁਕਾਈ। ਸ. ਬੰਸੀ ਨੇ ਚਰਨੀ ਹੱਥ ਲਾਕੇ ਜਾਣ ਦੀ ਆਗਿਆ ਮੰਗੀ।

### ਠਾਕੁਰ ਜੀ ਦੀ ਕਲਾ

ਅਤੇ ਛੇਤੀ ਹੀ ਠਾਕੁਰ ਦਲੀਪ ਸਿੰਘ ਜੀ ਨੇ ਆਪਣੇ ਕੈਮਰੇ ਵਿਚ ਵੀਡੀਓ ਰੀਲ ਚਲਾ ਦਿੱਤੀ। ਸ੍ਰੀ ਸਤਿਗੁਰੂ ਜੀ ਆਕੇ ਬੈਡ ਦੀ ਬਾਹੀ ਤੇ ਬੈਠ ਗਏ। ਨਿਕਟ ਵਰਤੀ ਹੇਠਾਂ ਵਿਛੇ ਫਰਸ਼ ਤੇ। 20 ਮਿੰਟ ਪਹਿਲਾਂ ਹੋਈ ਵਿਜ਼ਿਟ ਰੇਡੀਓ ਤੇ ਲਗਾ ਦਿੱਤੀ। ਪਰ ਇਹ ਕੀ? ਤਸਵੀਰਾਂ ਸਾਫ ਸੁਥਰੀਆਂ, ਬੋਲ ਬਾਣੀ ਕੋਈ ਨਹੀਂ, ਸਬੱਬ ਨਾਲ ਸਾਡੇ ਵਿਚੋਂ ਕਿਸੇ ਨੇ ਮਿਲਣੀ ਸਮੇਂ ਟੇਪ ਰੀਕਾਰਡਰ ਵੀ ਕੋਲ ਨਹੀਂ ਸੀ ਰੱਖਿਆ। ਖ਼ਾਮੋਸ਼ ਤਸਵੀਰਾਂ ਹਰਕਤਾਂ ਕਰਦੀਆਂ ਅਗੇ ਵਧੀ ਜਾ ਰਹੀਆਂ ਸਨ। ਕਿੰਨੀ ਮਜ਼ੇ ਦੀ ਗੱਲ ਸੀ ਕਿ ਅਸੀਂ 20 ਮਿੰਟ ਪਹਿਲਾ ਦੀ ਘਟਨਾ ਪਰਦੇ ਉੱਤੇ ਮੁੜ ਸਜੀਵ ਵੇਖ ਰਹੇ ਸਾਂ। ਠਾਕੁਰ ਜੀ ਨੇ ਮੇਰੀ ਪੁਛ ਦਾ ਉੱਤਰ ਦਿਤਾ: ਰਜ਼ਾ ਹੀ ਨਹੀਂ ਹੋਈ, ਨਹੀਂ ਤਾਂ ਇਸ ਵੀਡੀਓ ਤੋਂ ਪਹਿਲੋਂ ਵੀਡੀਓ ਨੇ ਸਦਾ ਹੀ ਆਵਾਜ਼ ਸਮੇਤ ਰੀਕਾਰਡ ਕੀਤਾ ਹੈ। ਤਰਸੇਮ ਸਿੰਘ ਬੋਲਿਆ : ਅੱਗੇ ਵੀ ਜਦੋਂ ਵੀਡੀਓ ਕਰਨਾ ਹੋਵੇ ਜਾਂ ਟੇਪ ਰੀਕਾਰਡ ਕਰਨਾ ਹੋਵੇ, ਉਦੋਂ ਇਹ ਕੁਝ ਵਾਪਰ ਹੀ ਜਾਂਦਾ ਹੈ।

ਸਤਿਗੁਰੂ ਜੀ ਦੇ ਨਾਰਾਜ਼ ਹੋਣ ਲਈ ਇਹ ਕਾਫੀ ਕਾਰਨ ਸੀ, ਪਰ ਆਪ ਜੀ ਚੁਪ ਅਤੇ ਅਡੋਲ ਉਸ ਨੂੰ ਵੇਖਦੇ ਰਹੇ।

### ਸੰਤ ਜਗਤਾਰ ਸਿੰਘ ਜੀ ਨਾਲ

ਮੈਂ ਅੱਜ ਨ ਤਾਂ ਫਿਰ ਸਤਿਗੁਰੂ ਜੀ ਪਾਸ ਸ. ਗੁਰਚੇਤਨ ਸਿੰਘ ਦੇ ਬੰਗਲੇ ਜਾ ਸਕਿਆ, ਨ ਦੀਵਾਨ ਵਿਚ ਹੀ। ਸੰਤ ਜਗਤਾਰ ਸਿੰਘ ਜੀ ਆਪਣੇ ਕਾਕੇ ਨੂੰ ਲੈਕੇ, ਮੇਰੇ ਕਮਰੇ ਵਿਚ ਆ ਗਏ, ਕਾਕਾ ਜੀ ਅੱਜ ਹੀ ਬੁਖਾਰ ਅਤੇ ਕਮਜ਼ੋਰੀ ਦੀ ਮਾਰ ਤੋਂ ਵਿਹਲੇ ਹੋਏ ਸਨ।

ਅੱਜ ਸੰਤ ਜਗਤਾਰ ਸਿੰਘ ਜੀ ਨਾਲ ਮਿਲਣ ਦਾ ਸਮਾਂ ਮਿਲ ਗਿਆ। ਇਹਨਾਂ ਦਾ



Sri Satguru Jagjit Singh Ji Elibrary NamdhariElibrary@gmail.com

ਵੀ ਕਿਸੇ ਮਹਿਰਮ ਰਾਜ਼ ਨੂੰ ਮਿਲਣ ਤੇ ਜੀ ਕਰਦਾ ਸੀ। ਇਹਨਾਂ ਦੌਸਿਆਂ ਮੇਰੇ ਵਿਆਹ ਦਾ ਜਦੋਂ ਬੀਬਾ ਜੀ ਨਾਲ ਪ੍ਰਸਤਾਵ ਆਇਆ ਤਾਂ ਮੇਰੇ ਪਿਤਾ ਜੀ ਨੇ ਮੈਨੂੰ ਇਹੋ ਪੱਕੀ ਪਕਾਈ ਕਿ ਇਕ ਤਾਂ ਸ੍ਰੀ ਸਤਿਗੁਰੂ ਜੀ ਦੇ ਅਨੁਸਾਰੀ ਹੋ ਕੇ ਰਹਿਣਾ, ਦਿਨ ਨੂੰ ਜੇ ਰਾਤ ਆਖਣ ਤਾਂ ਸਿਆਣਪ ਨ ਜਤਾਈ, ਸਤਿਬਚਨ ਜੀ ਕਹਿਣਾ। ਦੂਜੇ, ਸਾਧ ਸੰਗਤ ਵਿਚ ਨਿਰਮਾਣ ਭਾਵ ਨਾਲ ਹੀ ਰਹਿਣਾ, ਵੇਖੀਂ, ਕਿਤੇ ਰਿਸ਼ਤੇਦਾਰੀ ਦਾ ਮਾਣ ਨ ਕਰ ਬੈਠੀ ! ਮੈਂ ਸਤਿਗੁਰੂ ਜੀ ਦੀ ਕਿਰਪਾ ਨਾਲ ਇਹੋ ਕੁਛ ਕਰ ਰਿਹਾ ਹਾਂ, ਮੇਰਾ ਐਤਕਾਂ ਨੈਰੋਬੀ ਆਉਣ ਤੇ ਦਿਲ ਨਹੀ ਸੀ ਕਰਦਾ, ਪਰ ਹੁਕਮ ਹੋ ਗਿਆ ਤਾਂ ਚੁੱਪ ਕਰਕੇ ਆ ਗਿਆ। ਸੂਬਾ ਸਤਨਾਮ ਸਿੰਘ ਦੇ ਭਾਈ ਦਾ ਵਿਆਹ ਸੀ, ਮਾਤਾ ਜੀ ਵੀ ਨਹੀ ਆ ਸਕੇ, ਸਤਿਗੁਰਾਂ ਮੈਨੂੰ ਹੁਕਮ ਕਰ ਦਿਤਾ।

ਸਤਿਗੁਰੂ ਬਚਨਾਂਮ੍ਰਿਤ

ਕੀਰਤਨ ਦੀ ਸਮਾਪਤੀ ਤਾਂ 8.15 ਵਜੇ ਹੋ ਗਈ। ਪਰ ਸੰਗਤ ਅਤੇ ਸਤਿਗੁਰੂ ਜੀ ਫਿਰ ਵੀ ਹਾਲ ਤੋਂ ਬਾਹਰ ਨ ਆਏ, ਤਾਂ ਖਿਆਲ ਆਇਆ ਕਿ ਸਤਿਗੁਰੂ ਜੀ ਤਾਂ ਉਪਦੇਸ਼ ਕਿਰਪਾ ਕਰ ਰਹੇ ਹੋਣਗੇ। ਮੈਂ ਕਿਸੇ ਤੋਂ ਟੇਪ ਲੈਕੇ ਉਪਦੇਸ਼ ਦਾ ਸੰਖੇਪ ਲਿਖਦਾ ਹਾਂ।

"ਅਕਾਲ ਪੁਰਖ ਨੇ ਐਸੀ ਰਚਨਾ ਬਣਾ ਰਖੀ ਹੈ ਕਿ ਦੁਨੀਆਂ ਜਿਊਂਦਿਆਂ ਵਲ ਧਿਆਨ ਨਹੀ ਦਿੰਦੀ, ਮੁਇਆਂ ਦੇ ਮੂੰਹ ਮੱਖਣ ਲਾਉਂਦੀ ਹੈ। ਕਬੀਰ ਜੀ ਨੇ ਇਸੇ ਗੱਲ ਨੂੰ ਬਹੁਤ ਪਹਿਲਾਂ ਕਹਿ ਰਖਿਆ ਹੈ :

ਜੀਵਤ ਪਿਤਰ ਨ ਮਾਨੈ ਕੋਊ
ਮੂਏ ਸਰਾਧ ਕਰਾਹੀ।
ਪਰ ਸਤਿਗੁਰੂ ਜੀ ਨੇ ਆਪਣੀ ਬਾਣੀ ਵਿਚ ਆਖਿਆ ਹੈ :
ਜੀਵਦਾ ਪੁਰਖੁ ਧਿਆਇਆ
ਅਮਰਾ ਪਦੁ ਪਾਇਆ।
*ਜੀਵਦਿਆ ਨੋ ਮਿਲੈ ਸੁ ਜੀਵਦੇ*
*ਹਰਿ ਜਗ ਜੀਵਨ ਉਰਿ ਧਾਰੁ।*

ਭਗਵਾਨ ਰਾਮ, ਭਗਵਾਨ ਕ੍ਰਿਸ਼ਨ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਸਭੇ ਪਾਤਸ਼ਾਹ ਦੇ ਦਿਨ ਮਨਾਏ ਜਾਂਦੇ ਹਨ, ਪਰ ਉਨਾਂ ਦੀ ਜ਼ਿੰਦਗੀ ਵਿਚ ਉਨ੍ਹਾਂ ਨੂੰ ਸਮਝਿਆ ਨਹੀ ਗਿਆ। ਕਈ ਵਾਰ ਤਾਂ ਡਟਕੇ ਵਿਰੋਧ ਕੀਤਾ ਗਿਆ। ਅੱਜ ਦੇਹਧਾਰੀ ਵਿਅੱਕਤੀ ਦਾ ਏਨਾ ਵਿਰੋਧ ਹੋਗਿਆ ਹੈ ਕਿ ਜੇ ਗੁਰੂ ਗੋਬਿੰਦ ਸਿੰਘ ਜੀ ਵੀ ਜੀਉਂਦੇ ਪੁਰਖ ਹੋ ਕੇ ਆ ਜਾਣ ਤਾਂ ਉਨ੍ਹਾਂ ਦੀ ਵੀ ਇਕ ਨਾ ਮੰਨੀ ਜਾਵੇ।

ਸਾਰੀ ਗੁਰਬਾਣੀ, ਜਿਊਂਦੇ ਪੁਰਖ ਸਤਿਗੁਰੂ ਨੂੰ ਮਨੌਣ ਦੀ ਸਿਖਿਆ ਨਾਲ ਭਰਪੂਰ ਹੈ। ਚਰਨ ਕਵਲ, ਹਸਤ ਕਵਲ, ਮੁਖ ਕਵਲ ਕਿਸੇ ਜੀਵਤ ਵਿਅੱਕਤੀ ਦੇ ਹੀ ਹੋ ਸਕਦੇ ਹਨ, ਇਹ ਨ ਸਰਬ ਵਿਆਪਕਤਾ ਦੇ ਹਨ ਤੇ ਨ ਹੀ ਨਿਰੰਕਾਰ ਦੇ। ਐਸੀ ਚਾਲ ਤੁਰ ਪਈ ਹੈ ਕਿ ਜਿਨ੍ਹਾਂ ਨੂੰ ਮੰਨਣਾ ਹੈ, ਉਨ੍ਹਾਂ ਵੱਲ ਪਿੱਠ ਕੀਤੀ ਹੋਈ ਹੈ।

ਨਾਮ ਦੀ ਆਰਾਧਨਾ ਗੁਰ ਸਿੱਖੀ ਦਾ ਆਧਾਰ ਹੈ। ਜਿਵੇਂ,



Sri Satguru Jagjit Singh Ji Elibrary NamdhariElibrary@gmail.com

*ਸਿਮ੍ਰਿਤਿ, ਬੇਦ, ਪੁਰਾਣ, ਪੁਕਾਰਨਿ ਪੋਥੀਆ।*
*ਨਾਮ ਬਿਨਾ ਸਭਿ ਕੂੜ ਗਾਲੀ ਹੋਛੀਆ।*
*ਨਾਮ ਨਿਧਾਨ ਅਪਾਰੁ ਭਗਤਾ ਮਨਿ ਵਸੈ।*
*ਜਨਮ ਮਰਣ ਮੋਹੁ ਦੁਖੁ, ਸਾਧੂ ਸੰਗਿ ਨਸੈ।*

ਨਾਮ ਪਦਾਰਥ ਖੋਜ ਦਾ ਉਪਦੇਸ਼ ਸਤਿਗੁਰੂ ਦਿੰਦੇ ਹਨ। ਦੁਨੀਆਂ ਪੈਸੇ ਦੀ ਖੋਜ ਪਿਛੇ ਪਈ ਹੋਈ ਹੈ। ਬਹੁਤ ਖੋਜ ਹੋ ਰਹੀ ਹੈ। ਸਤਿਗੁਰੂ ਜੀ ਕਹਿੰਦੇ ਹਨ :

*ਰਾਮ ਰਾਮ ਬੋਲਿ ਬੋਲਿ, ਖੋਜਤੇ ਬਡਭਾਗੀ।*
*ਹਰਿ ਕਾ ਪੰਥੁ ਕੋਊ ਬਤਾਵੈ ਹਉ ਤਾਕੇ ਪਾਇ ਲਾਗੀ।*
*ਹਰਿ ਹਮਾਰੋ ਮੀਤੁ ਸਖਾਈ ਹਮ ਹਰਿ ਸਿਉ: ਪ੍ਰੀਤਿ ਲਾਗੀ।*
*ਹਰਿ ਹਮ ਗਾਵਹਿ, ਹਰਿ ਹਮ ਬੋਲਹਿ*
*ਅਉਰ ਦੁਨੀਆ ਪ੍ਰੀਤਿ ਹਮ ਤਿਆਗੀ।*

ਸੋ ਸਤਿਗੁਰੂ ਤਾਂ ਨਾਮ ਜਪਣ ਦਾ ਉਪਦੇਸ਼ ਤੇ ਇਸੇ ਨਾਲ ਪ੍ਰੀਤਿ ਕਰਨ ਦੀ ਸਿੱਖਿਆ ਦਿੰਦੇ ਹਨ ਜਦੋਂ ਕਿ ਸੰਸਾਰੀ ਜਨ ਪੈਸੇ ਦੀ ਪ੍ਰੀਤੀ ਵਿਚ ਖੱਚਤ ਹਨ।

ਕਿਸੇ ਬਾਦਸ਼ਾਹ ਨੇ ਸੁੰਦਰ ਉਪਵਨ ਰਚ ਉਸ ਵਿਚ ਆਪਣਾ ਆਪ ਛੁਪਾ ਕੇ ਲੋਕਾਂ ਨੂੰ ਆਖਿਆ: ਮੈਨੂੰ ਲਭ ਲਉ। ਲੋਕ ਤਾਂ ਰਾਹ ਵਿਚ ਆਉਂਦੀਆਂ ਦਿਲਚਸਪੀਆਂ ਵਿਚ ਹੀ ਗੁਆਚਦੇ ਚਲੇ ਗਏ। ਕੋਈ ਵਿਰਲਾ ਹੀ ਉਸ ਤਕ ਅਪੜਿਆ। ਜਿਸਨੇ ਇਹ ਸਮਝ ਲਿਆ ਕਿ ਮੈਨੂੰ ਕੁਝ ਹੋਰ ਨਹੀਂ ਚਾਹੀਦਾ, ਕੇਵਲ ਇਸ ਸਭ ਕਾਸੇ ਦੇ ਮਾਲਿਕ ਨੂੰ ਮਿਲਣਾ ਹੈ। ਉਹੋ ਤਲਾ ਹੈ।

ਸਾਧ ਸੰਗਤ ਬੜਾ ਉਦਮ ਕਰਦੀ ਹੈ, ਖਾਸ ਕਰ ਨੌਜੁਵਾਨਾਂ ਦਾ ਵਰਨੀ ਕਰਨ ਦਾ ਜਤਨ ਸੁੰਦਰ ਹੈ। ਪਰ ਵਰਨੀ ਦਾ ਸੁਆਦ ਤਾਂ ਹੀ ਹੈ ਜੇ ਨਿਰੰਤਰ ਚੱਲੇ। ਅਰੁਕ ਜਾਰੀ ਰਹੇ। ਨੌਜੁਆਨਾਂ ਵਲੋਂ ਹੁੰਗਾਰਾ ਉਤਸਾਹ ਵਧਾਊ ਹੈ। ਬਾਣੀ ਵਿਚ ਲਿਖਿਆ ਹੈ :

*ਨਹ ਬਿਲੰਬ ਧਰਮੰ, ਬਿਲੰਬ ਪਾਪੰ।*

ਚੰਗਾ ਕੰਮ ਕਰਨ ਲੱਗਿਆਂ ਦੇਰ ਨ ਕਰੋ। ਸੋਚ ਸੋਚਕੇ ਚੰਗਾ ਕੰਮ ਨਹੀਂ ਹੁੰਦਾ। ਸੋਚਣਾ ਚਾਹੀਦਾ ਹੈ ਮੰਦਾ ਕੰਮ ਕਰਨ ਲਗਿਆਂ।

ਤੁਹਾਡਾ ਧਿਆਨ ਇਨ ਇਕਾਗਰ ਹੋਣਾ ਚਾਹੀਦਾ ਹੈ ਕਿ ਦੇਖਣ ਅਤੇ ਜ਼ਬਾਨ ਦੀ ਕਿਰਿਆ ਗੁਆਚੀ ਰਹੇ। ਬਿਖਰੇ ਮਨ ਦੇ ਸਤਨ ਅਖ਼ਬਾਰ ਵੇਖਦੇ ਧਿਆਨ ਦੇ ਯਤਨ ਪ੍ਰਾਪਤੀ ਤਕ ਨਹੀਂ ਪਹੁੰਚ ਸਕਦੇ। ਜਦੋਂ ਅਸੀਂ ਧਿਆਨ ਮਗਨ ਹੋਕੇ ਸਿਮਰਾਂ ਗੇ, ਕੋਈ ਵਜਹ ਨਹੀਂ ਕਿ ਸਤਿਗੁਰੂ ਜੀ ਸਾਨੂੰ ਦਰਸ਼ਨ ਨਾ ਦੇਣ। (ਉਦਾਹਰਣ, ਸੰਤ ਗੁਰਮੁਖ ਸਿੰਘ ਡਰਾਈਵਰ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ)।

ਅਸਾਂ ਜੋ ਪ੍ਰਾਪਤੀਆਂ ਕੀਤੀਆਂ ਹਨ, ਉਹ ਸਤਿਗੁਰੂ ਜੀ ਦੀ ਕਿਰਪਾ ਨਾਲ ਹੀ ਹੋਈਆਂ ਹਨ। ਸਾਡੇ ਬੱਚਿਆਂ ਨੇ ਪਏ ਪੇਦਰਾਂ, ਪਏ ਛੰਦਾਂ, ਸਵਾ ਛੰਦਾਂ, ਸਾਢੇ ਛੰਦਾਂ ਆਦਿ ਬਿਕਟ ਮਾਤਰਾ ਵਿਚ ਕਲਾਇਕ ਕੀਤੀ ਹੈ। ਇਹ ਪ੍ਰਾਪਤੀ ਤਾਂ ਹੋ ਸਕੀ ਜੇ ਬੱਚਿਆਂ ਧਿਆਨ ਨੂੰ ਇਸ ਪਾਸੇ ਕੇਂਦਰਤ ਕੀਤਾ।

*ਸੁਤੜੇ ਅਸੰਖ ਮਾਇਆ ਝੂਠੀ ਕਾਰਣੇ।*



Sri Satguru Jagjit Singh Ji Elibrary NamdhariElibrary@gmail.com

*ਨਾਨਕ ਸੇ ਜਾਗੀਨਿ ਜਿ ਰਸਨਾ ਨਾਮੁ ਉਚਾਰਣੇ।*

ਸਾਨੂੰ ਜੀਉਣਾ-ਜਾਗਣਾ ਚਾਹੀਦਾ ਹੈ ਹਰੀ ਦੇ ਨਾਮ ਵਿਚ। ਚੰਗੇ ਕਰਮਾਂ ਵਲ ਵਧੀਏ। ਇਹੋ ਹੀ ਸਾਡਾ ਲਕਸ਼ ਹੋਣਾ ਚਾਹੀਦਾ ਹੈ।

**ਗੁਰੂ ਕੇ ਡੇਰੇ**

ਜਦੋਂ ਨੂੰ ਮੈਂ ਗੁਰੂ ਕੇ ਡੇਰੇ ਪੁਜਾ, ਸਤਿਗੁਰੂ ਜੀ ਦੇ ਦਰਸ਼ਨ ਠਾਕੁਰ ਦਲੀਪ ਸਿੰਘ ਜੀ ਦੇ ਕਮਰੇ ਵਿਚ ਫੋਨ ਸੁਣਦਿਆਂ ਹੋਏ। ਗੱਲ ਹੋ ਰਹੀ ਸੀ ਸ. ਹਰਵਿੰਦਰ ਸਿੰਘ ਹੰਸਪਾਲ ਨਾਲ। ਸਮਾਂ ਸੀ ਰਾਤ ਦੇ 9 ਵਜੇ। ਅੱਜ ਸ਼ਾਮਾਂ ਦਾ ਲੰਗਰ, ਸੂਬਾ ਦਰਸ਼ਨ ਸਿੰਘ ਜੀ ਦੇ ਬੰਗਲੇ ਬੀਬੀ ਹਰਜੀਤ ਕੌਰ ਅਤੇ ਪਰਵਾਰ ਵਲੋਂ ਸੀ।

**ਸੰਧੂ ਠੀਕਠਾਕ ਹੋ ਗਿਆ**

ਗੁਰੂ ਕੇ ਸਕੱਤਰ ਸੰਤ ਤਰਸੇਮ ਸਿੰਘ ਨੇ ਮੈਨੂੰ ਦੱਸਿਆ : ਸਤਿਗੁਰਾਂ ਕ੍ਰਿਪਾ ਕਰ ਦਿਤੀ ਹੈ, ਸ. ਪਰਮਿੰਦਰ ਸਿੰਘ ਸੰਧੂ ਨੂੰ ਬਹੁਤ ਸਾਰਾ ਆਰਾਮ ਆ ਗਿਆ ਹੈ। ਕੱਲ੍ਹ ਉਨ੍ਹਾਂ ਨੂੰ ਹਸਪਤਾਲੋਂ ਛੁੱਟੀ ਮਿਲ ਜਾਵੇਗੀ, ਉਹ ਆਪਣੇ ਘਰ ਚਲੇ ਜਾਣਗੇ। ਅਰਦਾਸ ਦਾ ਮਹੱਤਵ ਪਹਿਲੇ ਦਿਨ ਹੀ ਪਤਾ ਲਗ ਗਿਆ।

**9 ਮਾਰਚ 1983, ਬੁੱਧਵਾਰ**
**ਨੈਰੋਬੀ (ਕੀਨੀਆ)**

ਦਿਨ ਦਾ ਆਰੰਭ ਨਾਮਧਾਰੀ ਧਰਮਸ਼ਾਲਾ ਵਿਚ ਆਸਾ ਦੀ ਵਾਰ ਦੇ ਸੁਰੀਲੇ ਕੀਰਤਨ ਅਤੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਨਾਲ ਹੋਇਆ।

**ਅਫਸੋਸ ਕਰਨ ਗਿਆਂ**

ਵਾਰ ਦੇ ਭੋਗ ਪੈਣ ਪਿਛੋਂ, 7 ਵਜੇ ਸ੍ਰੀ ਸਤਿਗੁਰੂ ਜੀ ਕੁਝ ਸਿੰਘਾਂ ਨਾਲ ਇਲਾਕਾ ਈਸਟਲੇ ਵਿਖੇ ਸ. ਹਰਭਜਨ ਸਿੰਘ ਸਿਹਬੀ ਦੇ ਐਕਸੀਡੈਂਟ ਕਾਰਨ ਮਿਰਤੂ ਹੋਏ ਲੜਕੇ ਬਾਰੇ ਉਸਦੇ ਵਿਆਹ ਸ਼ਾਦੀ ਬਾਰੇ ਬਚਨ ਕੀਤੇ। ਛੇ ਸੱਤ ਮਹੀਨੇ ਪਹਿਲੇ ਇਸ ਹੋਣਹਾਰ ਲੜਕੇ ਦਾ ਅੰਤ ਹੋਇਆ ਸੀ।

ਲੜਕੇ ਦੀ ਮਾਂ ਸ੍ਰੀ ਚਰਨਾਂ ਤੇ ਸਿਰ ਧਰਕੇ ਰੋ ਪਈ। ਆਪਣਾ ਆਪ ਵੱਸ ਵਿਚ ਨ ਰਖ ਸਕੀ। ਮੋਹ ਅਤੇ ਮਮਤਾ ਨੇ ਹੁਲਾਰਾ ਮਾਰਿਆ। ਸਤਿਗੁਰੂ ਜੀ ਨੇ ਉਪਦੇਸ਼ ਕੀਤਾ: ਬੀਬੀ, ਭਜਨ ਬਾਣੀ ਕੀਤਾ ਕਰੋ। ਅਰਦਾਸ ਕਰਿਆ ਕਰੋ ਕਿ ਜਦੋਂ ਸਾਡਾ ਸਮਾਂ ਆਵੇ ਅਸੀਂ ਉਸਦੇ ਸਹਿਜ ਸੁਭਾ ਸਨਮੁਖ ਹੋਈਏ। ਜੇ ਇਹ ਚੇਤਾ ਰਹੇ ਕਿ ਅਸਾਂ ਇਕ ਦਿਨ ਮਰਨਾ ਹੀ ਹੈ ਤਾਂ ਮੌਤ ਦਾ ਡਰ ਨਹੀਂ ਰਹਿੰਦਾ। ਜਿਨਾਂ ਚਿਰ ਜਿਉਂਦੇ ਹਾਂ ਸੰਘਰਸ਼ ਕਰੀਏ, ਜਦੋਂ ਮਰਨਾ ਹੈ ਉਦੋਂ ਸਤਿਗੁਰਾਂ ਦੇ ਚਰਨਾਂ ਵਲ ਧਿਆਨ ਹੋਵੇ।

ਇਹ ਬੀਬੀ ਸ. ਜੋਗਾ ਸਿੰਘ ਕੋਟਰਾਣੀ (ਜਲੰਧਰ) ਦੀ ਭੈਣ ਹੈ। ਜੋਗਾ ਸਿੰਘ ਦੀ



Sri Satguru Jagjit Singh Ji Elibrary NamdhariElibrary@gmail.com

ਐਕਸੀਡੈਂਟਲ ਮੌਤ ਨਾਲ ਕਾਲ ਵਸ ਹੋਇਆ ਸੀ। ਸਤਿਗੁਰੂ ਜੀ ਨੇ ਹਰਭਜਨ ਸਿੰਘ ਪਰਵਾਰ ਵਿਚ 10 ਮਿੰਟ ਬੈਠ ਕੇ ਬਿਤਾਏ।

ਇਹ ਚਾਰ ਕਾਰਾਂ ਦਾ ਕਾਫਲਾ ਮੁੜਕੇ ਸੂਬਾ ਦਰਸ਼ਨ ਸਿੰਘ ਜੀ ਦੇ ਬੰਗਲੇ ਆ ਰੁਕਿਆ। ਏਥੇ ਹੀ ਸਭ ਨੇ ਨਾਸ਼ਤਾ ਕੀਤਾ।

8 ਵਜੇ ਮੈਂ ਸਤਿਗੁਰੂ ਜੀ ਦੇ ਕਮਰੇ ਵਿਚ ਝਾਤ ਮਾਰੀ। ਸਤਿਗੁਰੂ ਜੀ ਤਾਂ ਆਪਣੇ ਬਿਸਤਰ ਵਿਚ ਬੈਠੇ ਹੋਏ ਸਨ। ਹੇਠਾਂ ਗਲੀਚੇ ਉਤੇ ਇਕ ਪਾਸੇ ਸਵੱਤਰ ਸੰਤ ਤਰਸੇਮ ਸਿੰਘ, ਸਨਮੁਖ ਸ. ਹਰਭਜਨ ਸਿੰਘ ਸੀਰ੍ਹਾ ਅਤੇ ਸੂਬਾ ਮੋਹਣ ਸਿੰਘ ਵੀ ਸਤਿਗੁਰੂ ਜੀ ਨਾਲ ਗੱਲ ਬਾਤ ਕਰ ਰਹੇ ਸਨ। ਬਾਹਰ ਬੈਠਕ ਵਿਚ ਸੰਗੀਤਕਾਰ "ਫਾਗਨ ਮੈ ਸਖੀ ਝਾਰ ਗੁਲਾਲ" ਧਮਾਰ ਦਾ ਅਭਿਆਸ ਕਰ ਰਹੇ ਸਨ।

**ਨੈਰੋਬੀ ਨੈਸ਼ਨਲ ਪਾਰਕ**

ਨੈਰੋਬੀ ਵਿਚ ਮੌਸਮ ਸਵੇਰ ਸ਼ਾਮ ਬੜਾ ਸੁਖਾਂਵਾਂ ਹੈ। ਅਜ ਕਲ ਦੁਪਹਿਰ ਵੇਲੇ ਗਰਮੀ ਵੀ ਤੇਜ਼ ਹੁੰਦੀ ਹੈ ਤਾਂ ਭੀ ਮੁੜ੍ਹਕੇ ਵਾਲੀ ਗੱਲ ਕੋਈ ਨਹੀ। ਮੈਂ ਇਹ ਜਾਣਕੇ ਕਿ ਅੱਜ ਕਿਤੇ ਆਉਣ ਜਾਣ ਵਾਲੀ ਕੋਈ ਤਜਵੀਜ਼ ਨਹੀ ਨਾਮਧਾਰੀ ਧਰਮਸਾਲਾ ਵਿਖੇ, ਆਪਣੇ ਡੇਰੇ ਚਲਾ ਗਿਆਂ। ਪਰ 12-1 ਵੱਜ ਗਿਆ, ਕਿਧਰੇ ਕੋਈ ਆਉਣ ਜਾਣ ਦਾ ਸੁਨੇਹਾ ਨ ਮਿਲਿਆ। ਭੁਖ ਨਾਲ ਢਿੱਡ ਵਿਚ ਕਤੂਰੇ ਨਚਣ ਲਗੇ। ਵਿਰਸਾ ਸਿੰਘ ਸੇਵਾਦਾਰ ਤੋਂ ਮਦਦ ਲੈ, ਟੈਲੀਫੋਨ ਦਾ ਜਾ ਡਾਇਲ ਘੁਮਾਇਆ। ਚਿਰ ਬਾਅਦ ਠਾਕੁਰ ਦਲੀਪ ਸਿੰਘ ਜੀ ਨੇ ਫੋਨ ਦਾ ਉੱਤਰ ਦਿਤਾ। ਮੈਂ ਪੁਛਿਆ:

"ਸਤਿਗੁਰੂ ਜੀ ?"

"ਉਹ ਨੈਸ਼ਨਲ ਪਾਰਕ ਚਲੇ ਗਏ ਹਨ"।

"ਮੈਂ ਕਿਉਂ ਭੁਲਾਇਆ ਗਿਆ? ਤਰਸੇਮ ਸਿੰਘ ਕਿਥੇ ਹੈ"?

"ਉਹ ਵੀ ਨਾਲ ਹੈ !"

"ਤਾਂ ਫਿਰ ਕਿਰਪਾ ਕਰੋ, ਕੋਈ ਜਣਾ ਕਾਰ ਦੇਕੇ ਭੇਜੋ ! ਸਾਡਾ ਜੀ ਨਹੀ ਲਗਦਾ ਕੱਲਿਆਂ ਦਾ !"

"ਮੈਂ ਲਭਦਾਂ ਕਿਸੇ ਨੂੰ !" ਕਹਿ, ਫੋਨ ਰਖ, ਠਾਕੁਰ ਜੀ ਨੇ ਕਾਰ ਵਾਲਾ ਤਲਾਸ਼ਣਾ ਸ਼ੁਰੂ ਕੀਤਾ। ਮੈਂ ਫੋਨ ਕਮਰੇ ਤੋਂ ਬਾਹਰ ਆਇਆ ਹੀ ਸਾਂ ਕਿ ਸੂਬਾ ਸਤਨਾਮ ਸਿੰਘ ਜੀ ਗੱਡੀ ਲੈਕੇ ਆ ਗਏ। ਨਾਲ ਸੀ ਉਨ੍ਹਾਂ ਦਾ ਸਾਥੀ ਸ. ਦਰਸ਼ਨ ਸਿੰਘ ਰਾਣਾ। ਉਹਨਾਂ ਨੂੰ ਆਪਣੀ ਬੇਧਿਆਨੀ ਦਾ ਅਹਿਸਾਸ ਹੋ ਗਿਆ ਸੀ ਪਰ ਮੈਨੂੰ ਇਨ੍ਹਾਂ ਦੀਆਂ ਜ਼ਿਮੇਵਾਰੀਆਂ ਦੀ ਸਮਝ ਸੀ। ਘਰੇ ਜਾਕੇ ਕੁਝ ਛਕਣ ਦੀ ਥਾਂ, ਅਸੀਂ ਵੀ ਸਤਿਗੁਰੂ ਜੀ ਅਤੇ ਜਥੇ ਦਾ ਪਿੱਛਾ ਕਰਨ ਲਈ ਕਾਰ ਨੂੰ ਨੈਸ਼ਨਲ ਪਾਰਕ ਦੀ ਸੜਕੇ ਪਾ ਲਿਆ।

**ਜਾਣਕਾਰੀ ਦੀਆਂ ਗੱਲਾਂ**

ਤੁਰੇ ਤੁਰੇ ਜਾਂਦਿਆਂ ਮੈਂ ਸੂਬਾ ਸਤਨਾਮ ਸਿੰਘ ਹੁਰਾਂ ਤੋਂ ਕੁਝ ਗੱਲਾਂ ਦਰਿਆਫਤ ਕੀਤੀਆਂ। ਪਤਾ ਲਗਾ ਕਿ 1967 ਤੋਂ ਪਹਿਲਾਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਦੋਂ



Sri Satguru Jagjit Singh Ji Elibrary NamdhariElibrary@gmail.com

ਵੀ ਨੈਰੋਬੀ ਪਧਾਰੇ ਡੇਰਾ, ਸੰਗਤ ਨਾਲ ਆਏ ਜਥੇ ਦੇ ਪ੍ਰਧਾਨ ਸ. ਸਰਵਣ ਸਿੰਘ ਸੇਖੀ ਦੇ ਘਰ ਲੱਗਿਆ। ਪਰ 1967 ਦੇ ਆਰੰਭ ਵਿਚ ਸਤਿਗੁਰੂ ਜੀ ਨੇ ਸੂਬਾ ਦਰਸ਼ਨ ਸਿੰਘ ਜੀ ਨੂੰ ਬਚਨ ਕਰ ਦਿਤਾ: ਅਗਲੀ ਵਾਰ ਜਦੋਂ ਮੈਂ ਨੈਰੋਬੀ ਆਇਆ, ਰਿਹਾਇਸ਼ ਆਪ ਦੇ ਘਰ ਹੋਵੇਗੀ।

ਸੂਬਾ ਜੀ ਨੇ ਵਰਤਮਾਨ ਬੰਗਲਾ, ਪਰਯਤਨ ਕਰਕੇ 3½ ਲੱਖ ਸ਼ਲਿੰਗ ਤੇ ਖਰੀਦ ਲਿਆ। ਫੇਰ ਜਦੋਂ ਵੀ ਸੱਚੇ ਪਾਤਸ਼ਾਹ ਨੈਰੋਬੀ ਵਿਖੇ ਆਏ, ਤਾਂ ਸਾਡੇ ਘਰ ਨੂੰ ਹੀ ਨਿਵਾਜਿਆ। ਨਾਮਧਾਰੀ ਸੰਗਤ ਦਾ ਫੰਡ, ਬਾਹਰਲੇ ਸਾਰੇ ਖਰਚੇ ਤਾਂ ਕਰਦਾ ਹੀ ਹੈ, ; ਪਰ ਜੋ ਕੁਝ ਸੂਬਾ ਜੀ ਦੇ ਬੰਗਲੇ ਵਿਚ ਖਰਚ ਆਏ, ਸਾਧ ਸੰਗਤ ਜਾਂ ਸਤਿਗੁਰੂ ਜੀ ਵਾਸਤੇ, ਜਾਂ ਬਾਜ਼ਾਰ ਵਿਚ ਨਾਲ ਗਿਆਂ, ਉਸਦਾ ਆਮ ਕਰਕੇ ਕੋਈ ਕਲੇਮ ਨਹੀਂ ਹੁੰਦਾ। ਨੈਰੋਬੀ ਦੀ ਸੰਗਤ ਨੇ ਸਤਿਗੁਰੂ ਪ੍ਰਤਾਪ ਸਿੰਘ ਸਿਮਰਤੀ ਮੰਦਰ ਦੀ ਉਗਰਾਹੀ ਵਿਚ ਆਰਥਕ ਤੌਰ ਦੇ ਬਹੁਤ ਵਡਾ ਹਿੱਸਾ ਪਾਇਆ ਹੈ। ਕੱਲ, ਇਕ ਨੈਸ਼ਨਲ ਪਾਰਕ 'ਮਾਰਾਸਰੀਨਾ' ਵਿਚ ਨਾਲ ਆਏ ਜਥੇ ਨੇ ਜਾਣਾ ਹੈ। ਸੱਚੇ ਪਾਤਸ਼ਾਹ ਜੀ 12 ਵਜੇ ਹੋਰ ਸਰੀਰਾਂ ਨਾਲ ਚਾਰਟਡ ਹਵਾਈ ਜਹਾਜ਼ ਤੇ ਜਾਣਗੇ। ਕਾਰਾਂ ਵਾਲੇ ਸਰੀਰਾਂ ਨੂੰ 250 ਮੀਲ ਦਾ ਸਫ਼ਰ ਪਏਗਾ। ਹੇਠਾਂ ਲਿਖੇ ਵਿਅਕਤੀ ਸਤਿਗੁਰੂ ਜੀ ਨਾਲ ਜਾਣਗੇ: 1. ਠਾਕੁਰ ਜੀ ਵੱਡੇ, 2. ਸੰਤ ਜਗਤਾਰ ਸਿੰਘ ਜੀ, 3. ਬੀਬਾ ਸਾਹਿਬ ਕੌਰ ਜੀ, 4. ਕਾਕਾ ਜੀ, 5. ਸੇਵਕ ਬਲਦੇਵ ਸਿੰਘ, 6. ਸੂਬਾ ਸੋਹਣ ਸਿੰਘ ਜੀ, 7. ਸੂਬਾ ਸਤਨਾਮ ਸਿੰਘ ਜੀ, 8. ਪ੍ਰਧਾਨ ਸ. ਸਰਵਣ ਸਿੰਘ ਸੇਖੀ, 9. ਸਕੱਤਰ ਹਰਭਜਨ ਸਿੰਘ ਸੀਰ੍ਹਾ, 10. ਸ. ਤਾਰਾ ਸਿੰਘ ਚਧਨ, 11. ਸ. ਗੁਰਚੈਨ ਸਿੰਘ ਫਲੋਰਾ, 12. ਬੀਬੀ ਰਛਪਾਲ ਕੌਰ।

### ਸੇਤਾ ਨੈਸ਼ਨਲ ਪਾਰਕ ਦਾ

ਸਾਡਾ ਸਫ਼ਰ ਨੈਸ਼ਨਲ ਪਾਰਕ ਦੇ ਕੱਚੇ ਰਸਤੇ ਵਾਲਾ ਸੀ, ਇਹ ਪੂਰਬੀ ਰਸਤਾ ਸੀ। ਸੂਬਾ ਸਤਨਾਮ ਸਿੰਘ ਜੀ ਨੂੰ, ਕਾਰ ਸਮੇਤ, ਸਾਡੀ ਪਾਰਕ ਫੀਸ 115 ਸ਼ਲਿੰਗ ਤਾਰਨੀ ਪਈ। ਅਜਿਹੇ ਖਰਚੇ ਇਹ ਪਰਵਾਰ ਸਾਧ ਸੰਗਤ ਦੇ ਫੰਡ ਚੋਂ ਨਹੀਂ ਮੰਗਦਾ। ਸਾਨੂੰ ਰਾਹ ਵਿਚ ਸ਼ੁਤਰ ਮੁਰਗ, ਹਰਨਾਂ ਦੇ ਝੁੰਡ, ਜੰਗਲੀ ਗਾਵਾਂ, ਨੀਲੇ, ਸੂਰ, ਗਿੱਦੜ ਆਦਿ ਬਹੁਤ ਨਜ਼ਰ ਆਏ। ਮੈਂ ਭਰੋਸੇ ਨਾਲ ਤਸਵੀਰਾਂ ਵੀ ਲੈਂਦਾ ਰਿਹਾ। ਨੈਸ਼ਨਲ ਪਾਰਕ ਦੇ ਪ੍ਰਥਮ ਗੇਟ ਤੇ ਦਾਖਲ ਹੋਕੇ ਸਮੁਚੇ ਪਾਰਕ ਦੀ ਯਾਤਰਾ ਖ਼ਤਮ ਕੀਤੀ ਤੇ ਕਾਰ ਦੁੜਾਂਦੇ ਹੀ ਡੇਰੇ ਆ ਗਏ।

### ਸ. ਸੁਹਾਵਾ ਸਿੰਘ ਦੇ ਘਰ

ਕੁਝ ਵਾਹਵਾ ਰਮਕੀ ਹੋਈ ਸੀ ਪਰ ਇਹ ਜਾਣਕੇ ਕਿ ਸਤਿਗੁਰੂ ਜੀ ਸ. ਸੁਹਾਵਾ ਸਿੰਘ ਵਲ ਚਰਨ ਪਾਉਣ ਗਏ ਹਨ, ਅਸਾਂ ਵੀ ਉਧਰੇ ਧਾਈ ਕਰ ਲਈ।

ਗੱਡੀ ਪਾਰਕ ਕਰ ਜਾਂ ਸ. ਸੁਹਾਵਾ ਸਿੰਘ ਦੇ ਘਰ ਦੀਆਂ ਪੌੜੀਆਂ ਚੜ੍ਹੇ ਤਾਂ ਅਗੇ ਡਰਾਇੰਗ ਰੂਮ, ਬੀਬੀਆਂ ਤੇ ਪੁਰਸ਼-ਸੰਗਤ ਨਾਲ ਭਰਿਆ ਹੋਇਆ ਨਜ਼ਰ ਪਿਆ। ਸ੍ਰੀ ਸਤਿਗੁਰੂ ਜੀ ਇਕ ਪਾਸੇ, ਵਿਛੇ ਹੋਏ ਆਸਣ ਤੇ ਬਿਰਾਜਮਾਨ ਸਨ। ਆਪ ਜੀ ਦੇ ਸੱਜੇ



Sri Satguru Jagjit Singh Ji Elibrary NamdhariElibrary@gmail.com

ਹੋਥ ਸ. ਤਾਰਾ ਸਿੰਘ ਚਾਵਲਾ, ਸ. ਸੁਹਾਵਾ ਸਿੰਘ, ਉਸ ਦੀ ਪਤਨੀ, ਸ. ਤਾਰਾ ਸਿੰਘ ਦੀ ਪਤਨੀ ਦੇ ਨਿਜੀ ਸੇਵਕ ਸਨ। ਟੋਵੀ ਪਰਾਜ਼ੀ ਸ. ਜੀ ਦਾ ਲੜਕਾ ਆਪਣੇ ਘੋੜੇ ਨੂੰ ਕੁਦਰਤ ਲਈ ਖਲੋਤਾ ਸੀ ਕਿ ਸਤਿਗੁਰੂ ਜੀ ਨੇ ਪਾਸ ਬੁਲਾਇਆ।

ਛੇਤੀ ਹੀ "ਸਭ ਤਿਆਰ ਹੈ।" ਦਾ ਸੁਨੇਹਾ ਮਿਲ ਗਿਆ।

ਹੁਣ ਇਕ ਕਮਰੇ ਦਾ ਬੂਹਾ ਖੁਲ੍ਹਿਆ ਜਿਸ ਵਿਚ ਫਲ ਪਰੋਸੇ ਹੋਏ ਸਨ। ਸਾਮਣਾਂ, ਸੇਬ, ਕੇਲੇ, ਪਪੀਤਾ, ਆਦਿ। ਥੋੜੇ ਚਿਰ ਪਿਛੋਂ ਬਾਦਸ਼ਾਹੀ ਅਤੇ ਮੱਠੀਆਂ ਦੀਆਂ ਪਲੇਟਾਂ ਵੀ ਆ ਗਈਆਂ। ਸਿੰਘੀ ਸਿੰਘਾਂ ਨੇ ਫਲ ਅਤੇ ਬਦਾਮਾਂ ਵਾਲਾ ਦੁੱਧ ਛਕ ਕਰ ਤ੍ਰਿਪਤੀ ਪਾਈ।

ਸਤਿਗੁਰੂ ਜੀ ਨੇ ਬਹੁਤ ਘੱਟ ਛਕ ਕੇ ਨਿੱਕੇ ਨਿੱਕੇ ਬਚਨਾਂ ਨਾਲ ਸਮਾਂ ਸੁਹਾਵਣਾ ਕੀਤਾ। ਮੈਨੂੰ ਅੱਜ ਖ਼ਾਸ ਪਿਆਰੇ ਲੱਗ ਰਹੇ ਸਨ। ਦੋ ਚਾਰ ਫੋਟੋ ਮੈਂ ਵੀ ਲੈ ਲਈਆਂ।

**ਧੋਖਾ ਭਈ ਧੋਖਾ**

ਜਿਉਂ ਹੀ ਅਸੀਂ ਡੇਰੇ ਆਏ, ਮੈਂ ਕੁਝ ਫੋਟੋ ਹੋਰ ਲਈਆਂ। ਪਰ ਮੇਰਾ ਇਹ ਭਰਮ ਕਿ ਮੈਂ ਠੀਕ ਠਾਕ ਕੰਮ ਕਰ ਰਿਹਾ ਹਾਂ , ਮੈਨੂੰ ਧੋਖਾ ਦੇ ਗਿਆ। ਅਸਲ ਵਿਚ ਮੈਂ ਫਿਲਮ ਤੋਂ ਬਿਨਾਂ ਹੀ ਫੋਟੋ ਤੇ ਫੋਟੋ ਲਈ ਜਾ ਰਿਹਾ ਸਾਂ। ਕੈਮਰਾ ਨਵੀਂ ਫਿਲਮ ਭਰਨ ਲਈ ਖੋਲ੍ਹਿਆ, ਉਹ ਤਾਂ ਪਹਿਲਾਂ ਹੀ ਭਾਂ-ਭਾਂ ਕਰ ਰਿਹਾ ਸੀ ਪਰ ਅਬ ਪਛਤਾਏ ਕਿਆ ਹੋਤ ਜਬ ਚਿੜੀਆਂ ਚੁਗ ਗਈ ਖੇਤ !

**ਮੁਸਲਮਾਨਾਂ ਨੂੰ ਭਜਨ**

ਸਤਿਗੁਰੂ ਜੀ ਨੂੰ ਮੈਂ ਕਿਸੇ ਨਾਲ ਬਚਨ ਕਰਦਿਆਂ ਸੁਣਿਆਂ ਕਿ ਇਸ ਵਾਰ ਨੈਰੋਬੀ ਵਿਖੇ ਕਈ ਮੁਸਲਮਾਨਾਂ ਨੂੰ ਭਜਨ ਦਿਤਾ ਗਿਆ ਹੈ। ਮੇਰੇ ਸਾਹਵੇਂ ਵੀ ਪੂਰਬੇ ਨੇ ਇਕ ਮੁਸਲਿਮ ਸੱਜਣ ਨੂੰ ਭਜਨ ਦੇਣ ਦੀ ਕਿਰਪਾ ਕੀਤੀ।

5.00 ਵਜੇ ਇਸ਼ਨਾਨ ਕਰਕੇ ਸਤਿਗੁਰੂ ਜੀ ਕੇਸ ਹਰੇ ਕਰਨ ਲਈ ਬੰਗਲੇ ਦੇ ਵੇਹੜੇ ਵਿਚ ਘੁੰਮਦੇ ਰਹੇ ਅਤੇ ਨਾਲ ਹੀ ਆਪਣੇ ਸਕੱਤਰ ਤਰਸੇਮ ਸਿੰਘ ਅਤੇ ਸ. ਤਾਰਾ ਸਿੰਘ ਚਾਵਲਾ ਨਾਲ ਕੁਝ ਗੱਲ ਬਾਤ ਵੀ ਹੁੰਦੀ ਰਹੀ। ਅੱਜ ਲੰਮਾ ਸਮਾਂ ਆਪ ਨੇ ਧੁੱਪ ਅਤੇ ਹਵਾ ਦਾ ਲਾਭ ਲਿਆ।

6.30 ਵਜੇ ਨਾਮਧਾਰੀ ਧਰਮਸਾਲਾ ਵਿਚ ਭਰਵੀਂ ਸੰਗਤ ਨਾਲ ਨਾਮ ਸਿਮਰਨ ਵੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਇਆ।

**ਕਾਕਾ ਜੀ ਠਿੱਠੇ ਹੀ ਠਿੱਠੇ**

7.30 ਵਜੇ ਰਾਤੀ, ਮੇਰੇ ਨਿਵਾਸ ਦੇ ਨਾਲ ਲਗਦੇ ਕਮਰੇ ਵਿਚ ਸੰਤ ਜਗਤਾਰ ਸਿੰਘ ਤੇ ਬੀਬਾ ਜੀ ਦੇ ਕਾਕੇ ਨੂੰ ਡਾਕਟਰੀ ਦ੍ਰਿਸ਼ਟੀ ਤੋਂ, ਵੇਖਣ ਲਈ ਇਕ ਨਰਸ ਆਈ। ਇਹਦਾ ਨਾਮ ਹਰਜਨੀਤ ਕੌਰ ਹੈ। ਗੱਲ ਬਾਤ ਤੋਂ ਮਾਲੂਮ ਹੋਇਆ ਕਿ ਕਾਕਾ ਜੀ ਨੂੰ ਜਦੋਂ ਵੀ ਆਰਾਮ ਆਇਆ, ਆਰਜ਼ੀ ਹੀ ਆਇਆ, ਦਵਾਈ ਦਾ ਪ੍ਰਭਾਵ ਘਟਣ ਨਾਲ



Sri Satguru Jagjit Singh Ji Elibrary NamdhariElibrary@gmail.com

ਬੁਖਾਂਰ ਵੀ ਢੇਰ ਸਾਰਾ ਹੋਗਿਆ ਅਤੇ ਧੌਸਲ ਵੀ ਨਿਕਲ ਆਈ ਹੈ। ਕਾਕਾ ਮਿਜਾਜ ਦਾ ਚਿੜਚਿੜਾ ਹੋ ਗਿਆ ਹੈ। ਡਾ. ਜੁਟਲਾ ਨੇ ਸਲਾਹ ਦਿੱਤੀ ਹੈ ਕਿ ਕਾਕੇ ਨੂੰ ਹਸਪਤਾਲ ਭਰਤੀ ਕਰਵਾਇਆ ਜਾਵੇ। ਬੀਬਾ ਜੀ ਕਹਿੰਦੇ ਹਨ: ਡਾਕਟਰਾਂ ਦੀ ਲੋੜ ਹੈ, ਕਾਕਾ ਇਕੱਲਾ ਰਹੇ। ਪਰ ਕਾਕਾ ਹੈ ਕਿ ਨਾ ਮੇਰੇ ਬਿਨਾ ਰਹਿ ਸਕਦਾ ਹੈ ਤੇ ਨਾ ਹੀ ਆਪਣੇ ਪਿਤਾ ਜੀ ਬਿਨਾ ਰਹਿ ਸਕਦਾ ਹੈ। ਬੀਬੀ ਰੌਲੀ ਸ. ਸੀਰ੍ਹਾ ਨਾਲ ਫੋਨ ਤੇ ਗਈ ਹੈ ਤਾਂਕਿ ਪੁਰਖ ਡਾਕਟਰ ਨਾਲ ਸਲਾਹ ਮਸਵਰਾ ਕਰ ਲਿਆ ਜਾਵੇ।

### ਸੂਗਰ ਦਾ ਟੀਕਾ ਨ ਲੁਆਓ

8.30 ਵਜੇ ਦੀਵਾਨ ਦੀ ਸਮਾਪਤੀ ਹੋ ਗਈ। ਸੰਗਤ ਦਾ ਲੰਗਰ ਧਰਮਸਾਲਾ ਵਿਚ ਹੀ ਸੀ। ਮੈਂ 9 ਵਜੇ ਗੁਰੂ ਕੇ ਡੇਰੇ ਗਿਆ। ਸਤਿਗੁਰੂ ਜੀ ਮੰਜੇ ਤੇ ਬੈਠੇ ਹੋਏ ਸਨ। ਹੇਠਾਂ ਗਲੀਚੇ ਉਤੇ ਸ. ਰਘਬੀਰ ਸਿੰਘ ਡੌਂਟੀ ਪਰਵਾਰ ਬੈਠਾ ਸਤਿਗੁਰੂ ਜੀ ਨਾਲ ਗੱਲ ਬਾਤ ਕਰ ਰਿਹਾ ਸੀ। ਮੇਰੇ ਗਿਆਂ ਇਹਨਾਂ ਦੇ ਨਾਲ ਬੈਠੇ ਇਕ ਹੋਰ ਜਰੂਪ ਦੀ ਬੀਬੀ ਨੇ ਸਤਿਗੁਰੂ ਜੀ ਨੂੰ ਆਵਾਜ ਕੀਤੀ ਕਿ ਉਸਦੇ ਕਿਸ਼ੋਰ ਬੇਟੇ ਨੂੰ ਡਾਇਬਿਟੀਜ਼ ਹੋ ਗਈ ਹੈ। ਡਾਕਟਰ ਉਸਨੂੰ ਟੀਕਾ ਲਾਉਂਦੇ ਹਨ। ਥੋੜਾ ਚਿਰ ਆਰਾਮ ਹੋਕੇ ਮਰਜ ਫਿਰ ਵਧ ਜਾਂਦੀ ਹੈ। ਹੁਣ ਪਤਾ ਲਗਾ ਹੈ ਕਿ ਟੀਕਾ ਬੀਫ 'ਗਊ' ਦੇ ਮਾਸ ਤੋਂ ਬਣਦਾ ਹੈ, ਸੋ ਛੱਡ ਦਿਤਾ ਹੈ। ਸਤਿਗੁਰੂ ਜੀ ਹੀ ਕਿਰਪਾ ਕਰਨ।

ਸਤਿਗੁਰੂ ਜੀ ਨੇ ਇਕ ਦਵਾਈ ਭਾਰਤੋਂ ਭੇਜਣ ਦੀ ਜ਼ਿਮੇਵਾਰੀ ਉਠਾ ਲਈ। ਇਕ ਦੋ ਹਫਤੇ ਦੀ ਵਰਤੋਂ ਨਾਲ ਇਹ ਸਰੀਰ ਨੂੰ ਸ਼ੂਗਰ ਮੁਕਤ ਕਰ ਦੇਵੇਗੀ। ਟੀਕੇ ਤੋਂ ਸਤਿਗੁਰੂ ਜੀ ਨੇ ਵਰਜਿਆ: ਇਹ ਕਿਸੇ ਕੀਮਤ ਤੇ ਨਹੀਂ ਲੁਆਣਾ।

### ਸਾਧੂ ਸਿੰਘ ਜਲੰਧਰੀ ਦੀ ਯਾਦ

ਅੱਜ ਜਦੋਂ ਦੀਨ ਦਿਆਲ ਜੀ ਆਪਣੇ ਡੇਰੇ ਕੇਸ ਸੁਕਾ ਰਹੇ ਸਨ ਤਾਂ ਆਪ ਨੂੰ ਅਰਾਜਕ ਸ. ਸਾਧੂ ਸਿੰਘ ਜਲੰਧਰੀ ਆਪਣੇ ਇਕ ਚਿਰ ਵਿਛੜੇ (ਸਰੀਰ ਕਰਕੇ, ਮਨ ਕਰਕੇ ਨਹੀਂ) ਸੇਵਕ ਦੀ ਯਾਦ ਆ ਗਈ। ਪਤਾ ਨਹੀਂ ਕਿਸ ਪਰਥਾਇ ਗੱਲ ਚੱਲੀ ਕਿ ਸ੍ਰੀ ਹਜ਼ੂਰ ਨੇ ਬਚਨ ਕੀਤਾ: ਸਾਧੂ ਸਿੰਘ ਕਿਹਾ ਕਰਦਾ ਸੀ :

ਫੁਕਰਾ ਜੁ ਹੁਏ ਪੈਦਾ, ਫਿਤਰਤ ਕਹਿ ਉਠਾ
ਅਜ ਹਮ ਭੀ ਸਾਹਿਬੇ ਔਲਾਦ ਹੋ ਗਏ।

ਉਸਦੇ ਬਹੁਤ ਸਾਰੇ ਮਿੱਤਰ ਵਕੀਲ ਹਨ। ਉਨ੍ਹਾਂ ਨੂੰ ਚਿੜਾਣ ਹਿਤ ਉਹ ਇਹ ਸ਼ੇਅਰ ਪੜ੍ਹਿਆ ਕਰਦਾ ਸੀ।

### ਸਰਬ ਰੋਗ ਕਾ ਅਉਖਧੁ

ਸਤਿਗੁਰੂ ਜੀ ਨੇ ਬਿਰਾਜਣ ਤੋਂ ਪਹਿਲੋਂ ਸੰਤ ਜਗਤਾਰ ਸਿੰਘ-ਬੀਬਾ ਜੀ ਤੋਂ ਆਪਣੇ ਦੁਹਤੇ ਦੀ ਖ਼ਬਰ ਸੁਣ, ਡਾਕਟਰ ਦੀ ਰਾਇ ਜਾਣ, ਸੰਗਤ ਦੇ ਮੁਖੀਆਂ ਨੂੰ ਆਗਿਆ ਕੀਤੀ ਕਿ ਸਵੇਰੇ, ਆਸਾ ਦੀ ਵਾਰ ਦੀ ਸਮਾਪਤੀ ਦੀ ਅਰਦਾਸ ਸਮੇਂ ਕਾਕੇ ਦੇ ਨਮਿਤ ਇਕ



Sri Satguru Jagjit Singh Ji Elibrary NamdhariElibrary@gmail.com

ਵਰਨੀ ਦਾ ਤੇਗ ਵੀ ਪਾਇਆ ਜਾਏ।

**ਸਟੈਂਡਰਡ ਵਿਚ ਫੋਟੋ**

ਨੈਰੋਬੀ ਦੇ ਇਕ ਰੋਜ਼ਾਨਾ ਅਖ਼ਬਾਰ "ਦੀ ਸਟੈਂਡਰਡ" ਵਿਚ ਅੱਜ ਤੀਜੇ ਪੇਜ ਤੇ 2 ਅਤੇ 3 ਕਾਲਮ ਵਿਚਕਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਨਿਸਟਰ ਫਾਰ ਕਾਨਸਟੀਚਿਊਸ਼ਨਲ ਅਫੇਅਰਜ਼ ਮਿ: ਚਾਰਲਸ ਜੋਜੋ ਦੀ ਕੱਲ੍ਹ ਵਾਲੀ ਮਿਲਣੀ ਦੀ ਇਕ ਫੋਟੋ ਛਪੀ।

**10 ਮਾਰਚ, 1983, ਵੀਰਵਾਰ**
**ਮਾਰਾ ਸਰੀਨਾ ਲਾਜ (ਕੀਨੀਆ)**

ਨੈਰੋਬੀ ਵਿਚ ਰਾਤ ਦੀਆਂ ਹੀ, ਸਵੇਰੇ ਮਾਰਾ ਸਰੀਨਾ ਲਾਜ ਜਾਣ ਵਾਸਤੇ ਤਿਆਰੀਆਂ ਕਰਵਾਈਆਂ ਗਈਆਂ ਸਨ। ਸਤਿਗੁਰੂ ਜੀ ਨੇ ਪ੍ਰਬੰਧਕਾਂ ਨੂੰ ਕਹਿ ਰਖਿਆ ਸੀ ਕਿ ਅੱਜ ਸਵੇਰੇ ਪੂਰੇ 6 ਵਜੇ ਹੀ ਗੱਡੀਆਂ ਨੈਸ਼ਨਲ ਪਾਰਕ, ਮਾਰਾ ਸਰੀਨਾ ਨੂੰ, ਚੱਲ ਪੈਣ। ਡਰਾਈਵਰਾਂ ਨੂੰ ਰਾਤੀ ਸਵਖਤੇ ਸੌਣ ਦੀਆਂ ਹਦਾਇਤਾਂ ਸਨ।

ਨੈਰੋਬੀ ਨਾਮਧਾਰੀ ਸੰਗਤ ਦੀ ਧਰਮਸਾਲਾ ਦੇ ਹਾਲ ਵਿਚ ਨਿਤ ਵਾਂਗ ਅੰਮ੍ਰਿਤ ਵੇਲੇ ਆਸਾ ਦੀ ਵਾਰ ਲਗ ਰਹੀ ਸੀ। ਜਾਣ ਵਾਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰ, ਮੱਥਾ ਟੇਕ, ਆਪਣੇ ਲਈ ਨਿਸ਼ਚਿਤ ਸਥਾਨਾਂ ਤੇ ਬੈਠ ਰਹੇ ਸਨ। ਮੈਨੂੰ ਧਰਮਸਾਲਾ ਵਿਚੋਂ 6 ਵਜੇ ਸ. ਅਮਰਜੀਤ ਸਿੰਘ ਨੇ ਆ ਲਿਆ। ਸਤਿਗੁਰੂ ਜੀ ਦੇ ਡੇਰੇ ਸਭ ਮੇਲਾਪੀਆਂ ਲਈ ਪਰਾਉਂਠੇ ਤਿਆਰ ਸਨ। ਸਵਰਗਵਾਸੀ ਸੂਬਾ ਦਰਸ਼ਨ ਸਿੰਘ ਜੀ ਦੀ ਸੁਪਤਨੀ ਬੀਬੀ ਹਰਜੀਤ ਕੌਰ ਨੇ ਨੂੰਹਾਂ ਧੀਆਂ ਨੂੰ ਨਾਲ ਲੈ ਪਰਾਉਂਠੇ, ਦਾਲ ਸਬਜ਼ੀ, ਦੁੱਧ ਦਾ ਨਾਸ਼ਤਾ ਤਿਆਰ ਕਰ ਰਖਿਆ ਸੀ।

ਛਕ ਛਕਾ ਵਿਹਲਾ ਹੋਇਆ ਹੀ ਸਾਂ ਕਿ ਮੈਂ ਤੇ ਸੰਤ ਮਹਿੰਦਰ ਸਿੰਘ ਪੂਰਬਾ ਸ. ਰਣਜੀਤ ਸਿੰਘ ਰੌਰੇ ਦੀ ਮਰਸੀਡੀਜ਼ ਵਿਚ ਬੈਠ ਗਏ। ਸ. ਸੁਰਿੰਦਰ ਸਿੰਘ ਲੁਧਿਆਣਾ ਅਗੇ ਹੀ ਮੇਰੇ ਨਾਲ ਬੈਠਾ ਹੋਇਆ ਸੀ। ਅਸੀਂ 6.30 ਵਜੇ ਹੀ ਤੁਰ ਸਕੇ। ਰਣਜੀਤ ਸਿੰਘ ਰੌਰੇ ਵਲ ਤਰਸੇਮ ਸਿੰਘ ਸਵੱਤਲ ਦੀ ਭਾਣਜੀ ਅਮਰਜੀਤ ਕੌਰ ਵਿਆਹੀ ਹੋਈ ਹੈ।

**250 ਮੀਲ ਸਫਰ ਕਟੀ ਕਾਰਾਂ**

ਢਾਈ ਸੌ ਮੀਲ ਦੀ ਦੂਰੀ ਤੈਹ ਕਰਨ ਲਈ, ਮਾਰਾ ਸਰੀਨਾ ਲਾਜ ਵਾਸਤੇ ਹੇਠ ਲਿਖੀਆਂ ਕਾਰਾਂ ਚਲੀਆਂ।

1. ਸ. ਕੁਲਵੰਤ ਸਿੰਘ-ਬੀਬੀ ਇੰਦਰ ਜੀਤ ਕੌਰ ਪਿੰਕੀ ਦੀ ਜੋੜੀ।
2 ਸ. ਜਸਪਾਲ ਸਿੰਘ-ਸੰਤ ਨਿਰਮਲ ਸਿੰਘ ਸੀਰ੍ਹਾ, ਸ. ਹਰਭਜਨ ਸਿੰਘ ਸੀਰ੍ਹਾ ਦਾ ਪਿਤਾ।
3 ਸ. ਬਲਜਿੰਦਰ ਸਿੰਘ ਉੱਭੀ ਤੇ ਸੰਤ ਗੁਲਜ਼ਾਰ ਸਿੰਘ ਦਮਦਮਾ।
4 ਸ. ਕਮਲਜੀਤ ਸਿੰਘ, ਸ. ਪ੍ਰਿਤਪਾਲ ਸਿੰਘ ਕਿਲੋ, ਸ. ਹਰਵਿੰਦਰ ਸਿੰਘ ਸੰਧੂ।



Sri Satguru Jagjit Singh Ji Elibrary NamdhariElibrary@gmail.com

5. ਸ. ਰਜਿੰਦਰ ਸਿੰਘ ਸੁਕਲਾ, ਬੀਬੀ ਮਨਪ੍ਰੀਤ, ਸ. ਨਰਿੰਦਰ ਸਿੰਘ ਰਾਇ ਤੇ ਸਿਰਿਤੀ।

6. ਸੰਤ ਪ੍ਰੀਤਮ ਸਿੰਘ ਮਠਾੜੂ, ਬੀਬੀ ਰੰਜਨ ਕੌਰ ਮਠਾੜੂ, ਬੀਬੀ ਹਰਜੀਤ ਕੌਰ ਤੇ ਬੀਬੀ ਸਵਰਨ ਕੌਰ ਦਿੱਲੀ।

7. ਸ. ਰਣਜੀਤ ਸਿੰਘ ਰੋਰਾ, ਸ. ਸੁਰਿੰਦਰ ਸਿੰਘ ਲੁਧਿਆਣਾ, ਸੰਤ ਮਹਿੰਦਰ ਸਿੰਘ ਪੁਰਬਾ ਤੇ ਪ੍ਰੀਤਮ ਸਿੰਘ ਰਵੀ।

8. ਸ. ਮਹਿੰਦਰ ਸਿੰਘ ਰਾਨਾ, ਬੀਬੀ ਸਾਤੀ ਸੁਪਤਨੀ ਸ. ਤਾਰਾ ਸਿੰਘ ਰਾਨਾ ਅਤੇ ਦੋ ਬੱਚੇ ਨਰਿੰਦਰਪਾਲ ਸਿੰਘ- ਹਰਮੀਤ ਸਿੰਘ।

ਮਾਰਗ ਪੰਥ ਨ ਜਾਨਉ ਬਿਖੜਾ

ਸਾਡੀ ਗੱਡੀ ਤੇ ਦੋ ਹੋਰ ਕਾਰਾਂ 'ਨਾਰਕ' ਨਾਂ ਦੇ ਇਕ ਸ਼ਹਿਰ ਵਿਚ ਪਹੁੰਚ ਗਈਆਂ। ਨਾਰਕ ਤਕ ਦੀ ਸੜਕ ਪੱਕੀ, ਧਰਤੀ ਵਧੇਰੇ ਕਰਕੇ ਉਪਜਾਊ, ਪਰ ਨੈਰੋਬੀ ਦੇ ਨੇੜੇ ਤੇੜੇ ਹੀ। ਅਗੇ ਪਹਾੜੀ ਪਠਾਰਾਂ ਦੀ ਉਤਰਾਈ-ਚੜ੍ਹਾਈ, ਫਿਰ ਰਿਫਟ ਵੈਲੀ, ਅਗੇ 100 ਮੀਲ ਦੇ ਫਾਸਲੇ ਤੇ ਛੋਟਾ ਜਿਹਾ ਪਰ ਸਭ ਸਹੂਲਤਾਂ ਵਾਲਾ ਸ਼ਹਿਰ 'ਨਾਰਕ'।

ਅਸਾਂ ਇਥੇ ਕਾਰਾਂ ਨੂੰ ਪੈਟਰੋਲ ਪਿਆਲ ਅਤੇ ਆਪ ਵੀ ਕੁਝ ਖਾ ਪੀ, ਅੱਗੇ ਦਾ ਰਾਹ ਫੜਿਆ। ਰਿਫਟ ਵੈਲੀ ਵਿਚ ਕਚੀਆਂ ਸੜਕਾਂ, ਕਿਤੇ ਪਠਾਰ, ਕਿਤੇ ਮੈਦਾਨ, ਦੁਪਾਸੀਂ ਛੋਟੇ ਛੋਟੇ ਰੁੱਖਾਂ ਦਾ ਜੰਗਲ ਅਤੇ ਫਿਰ ਕੁਝ ਮੀਲਾਂ ਬਾਦ ਘਾਹਦਾਰ ਜੰਗਲਾਂ ਦੀ ਬੇਅੰਤਤਾ। ਜ਼ੈਬਰੇ, ਜੀਰਾਫ, ਬੀਸਟ (ਦਰਿਆਈ ਜਾਨਵਰ), ਹਰਨ, ਰੋਝ ਆਦਿ ਜੰਗਲੀ ਉਪਲਬਧੀਆਂ ਨੂੰ ਵੇਖਦੇ, ਫੋਟੋ ਉਤਾਰਦੇ 4 ਘੰਟਿਆਂ ਵਾਲੇ 12 ਵਜੇ ਦੁਪਹਿਰੇ (327 ਕਿਲੋਮੀਟਰ) ਉਚੇ ਲੰਮੇ ਘਾਹਾਂ ਦੇ ਜੰਗਲਾਂ ਦੇ ਵਿਚ, ਪਰ ਉਚੀ ਪਠਾਰ ਤੇ ਬਣੇ, ਮਾਰਾ ਸਰੀਨਾ ਲਾਜ ਵਿਚ ਪਹੁੰਚ ਗਏ। ਇਸ ਹੋਟਲ ਪਾਸ ਇਕ ਹਵਾਈ ਅੱਡਾ ਹੈ, ਜਿਸ ਤੇ ਸਤਿਗੁਰੂ ਜੀ 1 ਵਜੇ ਤਕ ਜਥੇ ਸਮੇਤ ਉਤਰਨ ਵਾਲੇ ਸਨ।

ਮਾਰਾ ਸਰੀਨਾ ਲਾਜ

ਦੂਰ ਦਿਸਹੱਦੇ ਤਕ ਨਜ਼ਰ ਦੁੜਾਇਆਂ ਜੋ ਕੁਝ ਦਿਸਦਾ ਹੈ ਉਹ ਧੁੱਪੇ ਸੁਕਿਆ ਸੁਨਹਿਰੀ ਘਾਹ ਹੈ। ਇਹ ਉਚਾਈ ਵਿਚ ਇਕ ਤੋਂ 4 ਫੁਟ ਤਕ ਹੈ ਤੇ ਦਿਸਦਾ ਸੋਖ ਰੰਗਾ ਪ੍ਰਭਾਵ ਕੁਝ ਐਸਾ ਹੈ ਜਿਵੇਂ ਵੈਸਾਖ ਦੇ ਮਹੀਨੇ ਪੰਜਾਬ ਵਿਚ ਦੂਰ ਦੂਰ ਤਕ ਪੱਕੀਆ ਕਣਕਾਂ ਦੇ ਖੇਤ ਦਿਸਦੇ ਹਨ। ਇਹਨਾਂ ਘਾਹ ਜੰਗਲਾਂ ਵਿਚ ਕਿਤੇ ਕਿਤੇ ਹੀ ਕੋਈ ਛੋਟੇ ਕੱਦ ਦਾ ਬੂਟਾ ਮਿਲਦਾ ਹੈ। ਰੁੱਖਾਂ ਵਲੋਂ ਨਿਤਾਂਤ ਅਣਹੋਂਦ, ਰੰਗ-ਰੰਗ ਕਿਸਮਾਂ ਦੇ ਜਾਨਵਰਾਂ ਦੇ ਸਮੂਹ ਥਾਂ ਪਰ ਥਾਂ ਦਿਸਦੇ। ਮਸਾਈ ਕਬੀਲੇ ਦੇ ਗ੍ਰਹਿ ਵੀ ਮਿਲਦੇ ਰਹੇ। ਰੱਜੀਆਂ ਪੁੱਜੀਆਂ ਗਊਆਂ, ਪੁਖਤਾ ਪੱਠਿਆਂ ਵਾਲੇ ਚਰਵਾਹੇ।

ਸੰਤ ਹਰਭਜਨ ਸਿੰਘ ਰਾਣਾ ਦੇ ਦੱਸਣ ਅਨੁਸਾਰ ਮਾਰਾ ਸਰੀਨਾ ਲਾਜ, ਜੋ ਇਕ ਪਹਾੜੀ ਉਤੇ ਵਿਦਮਾਨ ਹੈ, ਸਾਰੀ ਦੀ ਸਾਰੀ ਕਿਸੇ ਖੋਜੇ ਦੀ ਮਲਕੀਅਤ ਹੈ। ਏਥੇ ਪੈਟਰੋਲ ਪੰਪ ਹੈ, ਕਾਰ ਮੁਰੰਮਤ ਸਟੇਸ਼ਨ ਹੈ, ਬਿਜਲੀ ਦਾ ਪਾਵਰ ਫੁਲ ਜੈਨਰੇਟਰ ਹੈ। ਲਾਂਡਰੀ ਹੈ, ਦੁਕਾਨ ਹੈ, ਹੋਟਲ ਹੈ, ਰੈਸਟੋਰੈਂਟ ਹੈ, ਤਰਨਤਾਲ ਹੈ। ਸਭ ਕੁਝ ਹੀ ਸੁੰਦਰ ਵਿਉਂਤ



Sri Satguru Jagjit Singh Ji Elibrary NamdhariElibrary@gmail.com

ਵਿਚ। ਪੰਜਾਬ ਦੇ ਕੋਠੇ ਜਿਹਾਂ ਵਰਗੇ ਕੋਠਿਆਂ ਦੀ ਸ਼ਕਲ ਵਿਚ ਸ਼ਹਿਰਾਂ ਵਿਚ ਸਥਿਤ 5 ਤਾਰਾ ਹੋਟਲਾਂ ਦੀਆਂ ਸਾਰੀਆਂ ਸਹੂਲਤਾਂ।

ਸਤਿਗੁਰਾਂ ਦੀ ਕਿਰਪਾ ਹੀ ਸਾਨੂੰ ਅਜਿਹੀਆਂ, ਦੂਰ ਦਰਾਜ ਦੀਆਂ ਥਾਵਾਂ ਦੇ ਦਰਸ਼ਨ ਮੇਲੇ ਕਰਵਾਂਦੀ ਫਿਰਦੀ ਹੈ।

ਮਾਹਣਬ ਸਿਰਜਿਆ ਪੰਛੀ

ਸਾਡੇ ਲਈ ਨੀਯਤ ਕਮਰਿਆਂ ਵਿਚ ਆਪਣਾ-ਆਪਣਾ ਸਾਮਾਨ ਉਤਾਰ, ਸਾਰੀਆਂ ਸੰਗਤਾਂ ਹੀ ਖਾਲੀ ਹੋ, ਹਵਾਈ ਪਟੜੀ ਤੇ ਪਹੁੰਚ ਗਈਆਂ। ਇਹ ਮੂਲ ਹੋਟਲ ਤੋਂ ਪੌਣੇ ਮੀਲ ਦੇ ਫਾਸਲੇ ਤੇ ਸੀ। ਅਜੇ 10 ਮਿੰਟ ਹੀ ਹੋਏ ਸਨ ਕਿ ਆਕਾਸ਼ ਵਿਚ ਗੂੰਜ ਆ ਗਈ। ਕੋਈ ਚਮਕੀਲਾ ਪਦਾਰਥ ਆਕਾਸ਼ ਮਾਰਗ ਤੇ ਆਉਂਦਾ ਦਿੱਸਿਆ। ਇਕ ਦੋ ਮਿੰਟਾਂ ਵਿਚ ਹੀ ਇਕ ਵਡ-ਆਕਾਰਾ ਪੰਛੀ, 13 ਸਵਾਰੀਆਂ ਵਾਲਾ ਜਹਾਜ਼, ਸਾਡੇ ਕੋਲ ਦੀ ਸ਼ੂੰਅ ਕਰਕੇ ਲੰਘ ਗਿਆ। ਕਰੀਬ 10-15 ਮੀਲ ਦੀ ਦੂਰਾਈ ਤੇ, ਤਨਜ਼ਾਨੀਆ (ਦੇਸ਼ ਵਿਸ਼ੇਸ਼) ਦੀਆਂ ਸਰਹੱਦਾਂ ਨੂੰ ਦਰਸਾਂਦੀਆਂ ਪਹਾੜੀਆਂ ਕੋਲੋਂ ਦੀ ਹੋਕੇ ਪਰਤ ਆਇਆ, ਹੌਲੀ-ਹੌਲੀ ਉਤਰਾਈ ਨਾਲ ਅਗੇ ਵਧਦਾ, ਫਿਰ ਪਟੜੀ ਤੇ ਟਾਇਰ ਲਾਕੇ ਰਿੜ੍ਹਨ ਲਗ ਪਿਆ।

ਸਾਡੀ ਸਭਨਾਂ ਦੀ ਖੁਸ਼ੀ ਦੀ ਕੋਈ ਹੱਦ ਨਹੀ ਸੀ। ਸਾਡੇ ਹਿਰਦੇ ਸਮਰਾਟ ਪਲਕ ਭਰ ਨੂੰ ਸਾਡੇ ਦਰਮਿਆਨ ਹੋਣਗੇ। ਕੋਠੇ ਨੇ ਆਪਣੀ ਕਾਰ ਸੇਵਾ ਲਈ ਹਾਜ਼ਰ ਰਖੀ ਸੀ।

ਜਹਾਜ਼ 1.06 ਤੇ ਸਾਡੇ ਪਾਸ ਆ ਰੁਕਿਆ। ਪਾਇਲਟ ਨੇ ਤਾਕੀ ਖੋਲ੍ਹੀ ਤਾਂ ਨਾਲ ਹੀ ਫਿਰ ਪੌੜੀ ਵੀ ਹੇਠਾਂ ਨੂੰ ਉਤਰ ਆਈ। ਪਹਿਲਾਂ ਠਾਕੁਰ ਜੀ ਕੈਮਰਿਆਂ ਲੈਂਦੇ ਉਤਰੇ, ਫਿਰ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਅਤੇ ਫਿਰ ਬਾਕੀ ਜਥਾ ਹੇਠਾਂ ਉਤਰਿਆ।

ਇਹ ਜਹਾਜ਼ ਨੈਰੋਬੀ ਤੇ 12.15 ਤੇ ਉੜਿਆ ਅਤੇ 45-46 ਮਿੰਟ ਬਾਦ ਹੀ ਸਾਡੇ ਪਾਸ ਆ ਰੁਕਿਆ। ਜਹਾਜ਼ ਦਾ ਚਾਲਕ ਸਵਾਰੀਆਂ ਦਾ ਸਾਮਾਨ ਜਹਾਜ਼ ਤੋਂ ਲਾਹਕੇ ਆਪ ਮੁੜ ਨੈਰੋਬੀ ਵਲ ਉਡ ਗਿਆ।

ਸਤਿਗੁਰੂ ਜੀ ਦਾ ਜਥਾ ਸਮੇਤ, ਜਹਾਜ਼ ਨਾਲ ਇਕ ਵੱਟੇ ਗਰਾਵ ਹੋਇਆ। ਹੇਠ ਲਿਖੇ ਸੱਜਣ ਹੋਰ, ਜਿਹਾ ਵਿਚ ਸਨ:

1. ਮੇਜਰ ਬਲਦੇਵ ਸਿੰਘ
2. ਸਕੱਤਰ ਪ੍ਰਕਾਸ਼ ਸਿੰਘ
3. ਸ. ਹਰਚਰਨ ਸਿੰਘ ਜੈਰਾਵਾ
4. ਸ. ਗੁਰਬਚਨ ਸਿੰਘ ਫਲੇਰਾ
5. ਬੀਬੀ ਰਸ਼ਪਾਲ ਕੌਰ, ਫਲੇਰਾ-ਪਤਨੀ
6. ਸੂਬਾ ਮੋਹਣ ਸਿੰਘ ਜੀ
7. ਬੀਬੀ ਕਮਲ ਕੌਰ, ਸੂਬਾ-ਪਤਨੀ
8. ਸ. ਤਾਰਾ ਸਿੰਘ ਰਾਣਾ



Sri Satguru Jagjit Singh Ji Elibrary NamdhariElibrary@gmail.com

9. ਸ. ਅਮਰ ਸਿੰਘ ਲਾਲੀ
10. ਸ. ਹਰਭਜਨ ਸਿੰਘ ਸੀਰ੍ਹਾ, ਨੈਰੋਬੀ ਦੀ ਸੰਗਤ ਦਾ ਸਕੱਤਰ।
11. ਸੰਤ ਦਰਸ਼ਨ ਸਿੰਘ ਚਾਨਾ।

### ਮਾਰਾ ਸਰੀਨਾ ਲਾਜ ਵਿਚ

ਮਿੰਟਾਂ ਵਿਚ ਕਾਰਾਂ ਸਤਿਗੁਰੂ ਜੀ ਦੇ ਨਾਲ ਆਏ ਜਥੇ ਨੂੰ ਲੈ ਕੇ ਮਾਰਾ ਸਰੀਨਾ ਲਾਜ ਵਿਖੇ ਪਹੁੰਚ ਗਈਆਂ। ਕਮਰੇ ਪਰਸੋਂ ਦੇ ਹੀ ਸਾਡੇ ਨਾਂ ਤੇ ਬੁਕ ਸਨ। ਪ੍ਰਤੀ ਕਮਰਾ 1100 ਸ਼ਿਲਿੰਗ। ਰਾਤ ਤਕ ਜੁੜਦਿਆਂ ਜੁੜਦਿਆਂ 45 ਵਿਅਕਤੀ ਹੋ ਗਏ। ਪੰਦਰਾਂ ਕਮਰਿਆਂ ਵਿਚ ਇਕ-ਇਕ ਬਿਸਤਰ ਹੋਰ ਵਧਾਇਆਂ ਸਾਰਿਆਂ ਜੋਗਾ ਥਾਂ ਬਣ ਗਈ। ਪ੍ਰਤੀ ਬਿਸਤਰ 400 ਸ਼ਿਲਿੰਗ। 22 ਨੰ: ਕਮਰੇ ਵਿਚ ਸਤਿਗੁਰੂ ਜੀ ਦਾ ਨਿਵਾਸ ਸੀ। ਸੇਵਕਾਂ ਤੋਂ ਬਿਨਾ ਬਾਕੀ ਸਭ ਨੇ ਆਪਣਾ ਖਰਚਾ ਕੀਤਾ।

ਇਹ ਆਗਿਆ ਸੀ ਕਿ 3 ਵਜੇ ਤਕ ਸਾਰੇ ਸਰੀਰ ਆਪਣੀਆਂ ਆਪਣੀਆਂ ਗੱਡੀਆਂ ਕੋਲ ਹੋਣ। ਦਿਨ ਬੜਾ ਟਿਕਵਾਂ ਲਗਾ ਹੋਇਆ ਸੀ। ਹੋਟਲ ਵਿਚ ਹੋਰ ਵੀ ਬਹੁਤ ਸਾਰੇ ਸੈਲਾਨੀ ਸਨ। ਹੋਟਲ ਦੇ ਕੁਲ ਕਮਰੇ 50 ਸਨ ਪਰ ਸਾਰੇ ਹੀ ਵਾਧੂ ਬਿਸਤਰਿਆਂ ਨਾਲ ਬੁਕ ਸਨ। ਮੈਨੂੰ ਸੰਤ ਨਿਰੰਜਨ ਸਿੰਘ ਸੀਰ੍ਹਾ ਤੇ ਮਹਿੰਦਰ ਸਿੰਘ ਚਾਨਾ ਨੂੰ ਕਮਰਾ ਨੰ: 28 ਅਲਾਟ ਹੋਗਿਆ।

ਇਸ ਹੋਟਲ ਦੁਆਲੇ 700 ਮੁਰਬਾ ਮੀਲ ਘਾਹ ਭਰੇ ਮੈਦਾਨ, ਵਿਚ ਕਿਤੇ ਕਿਤੇ ਪਠਾਰ ਅਤੇ ਮਸਾਈ ਕਬੀਲੇ ਦਾ ਬਹੁਤਾ ਵਸੇਬਾ ਵੀ ਇਸੇ ਦਰਿਆ ਕੰਢੇ ਦੇ ਨਾਲ ਨਾਲ ਹੈ, ਜਿਵੇਂ ਭਾਰਤ ਦੇ ਦਰਿਆ ਦੁਆਲੇ ਵਸਣ ਵਾਲੇ ਪਹਿਲਾਂ ਸਿੰਧ ਤੇ ਫਿਰ ਹਿੰਦੂ ਨਾਂ ਨਾਲ ਪ੍ਰਚਲਤ ਹੋਏ। ਮਸਾਈ ਦਰਿਆ ਵਿਚ ਦਰਿਆਈ ਘੋੜੇ ਟੁੱਭੀਆਂ ਲਾਈ ਪਏ ਰਹਿੰਦੇ ਹਨ। ਇਸ ਵਿਚ ਮਗਰਮੱਛਾਂ ਦੀ ਵੀ ਭਰਮਾਰ ਹੈ। ਮਸਾਈ ਮਾਰਾ ਗੇਮ ਦੇ ਇਲਾਕੇ ਵਿਚ ਹਰ ਪਰਕਾਰ ਦੇ ਜੰਗਲੀ ਜਾਨਵਰ ਆ ਜਾਂਦੇ ਹਨ।

### ਜੰਗਲੀ ਸ਼ੇਰਾਂ ਵਿਚਕਾਰ

ਅਸੀਂ ਸਤਿਗੁਰੂ ਜੀ ਵਾਲੀ ਰੇਂਜ ਰੋਵਰ (ਮਾਲਿਕ ਤੇ ਚਾਲਕ ਸ. ਮਹਿੰਦਰ ਸਿੰਘ ਚਾਨਾ) ਦੇ ਪਿਛੇ ਦੋ ਹੋਰ ਕਾਰਾਂ ਲਗਾ ਕੇ, ਇਕ ਪੁਰਸ਼ ਅਤੇ ਇਕ ਇਸਤਰੀ ਗਾਈਡ ਲੈ ਕੇ, ਹੋਟਲ ਮਾਰਾ ਸਰੀਨਾ ਤੋਂ 3.45 ਵਜੇ ਨਿਕਲੇ। ਅਸੀਂ ਤਾਂ ਕੇਵਲ ਦਰਸ਼ਕ ਸਾਂ।

ਦੁਪਹਿਰ ਤਾਈਂ ਧੁੱਪ ਵਿਚ ਬੜੀ ਤਿੱਖੜ ਸੀ ਪਰ ਛੇਤੀ ਹੀ ਅਸਮਾਨ ਬੇ-ਬਰਸਾਤ ਬਦਲਾਂ ਨਾਲ ਢੱਕਿਆ ਗਿਆ।

ਇਸ ਲੰਮੇ ਲੰਮੇ ਘਾਹ ਵਾਲੇ ਜੰਗਲ ਵਿਚ 13-14 ਕਿਲੋ ਮੀਟਰ ਸਫ਼ਰ ਉਪਰੰਤ, ਇਕ ਥਾਂ ਤਨਜ਼ਾਨੀਆ ਬਾਰਡਰ ਵਲ ਝਾਕਿਆਂ, ਏਥੇ 3-4 ਸਵਾਰੀ ਲੈਂਡ ਰੋਵਰ ਗੱਡੀਆਂ ਖਲੋਤੀਆਂ ਸਨ। ਇਹ ਇਕ ਸੁੱਕੇ ਜਿਹੇ ਰੁਖ ਨੂੰ ਘੇਰੀ ਖੜੀਆਂ ਸਨ। ਸੁਨਹਿਰੀ ਘਾਹ ਦੇ ਕਈ ਮੀਲਾਂ ਵਿਚਾਲੇ ਕੇਵਲ ਇਹੋ ਰੁਖ ਸੀ।

ਅਸੀਂ ਨੇੜੇ ਪਹੁੰਚੇ। ਵੇਖਿਆ: 4 ਬੱਬਰ ਸ਼ੇਰ, 4 ਸ਼ੇਰਨੀਆਂ, 3 ਉਨ੍ਹਾਂ ਦੇ ਬੱਚੇ ਬੜੀ



Sri Satguru Jagjit Singh Ji Elibrary NamdhariElibrary@gmail.com

ਸ਼ੇਰ ਵਿਚ ਵਿਹਲੀ ਥਾਂ ਤੇ ਲੇਟੇ ਹੋਏ ਸਨ। ਰੁੱਖ ਦੇ ਇੱਕ ਅੱਧ-ਵਿੰਗੇ ਮੁੱਢ ਅਤੇ ਇਕ ਸਾਬਤ ਮੁੱਢ ਵਿਚਾਲੇ ਇਕ ਸ਼ੇਰਨੀ ਆ ਖਲੋਤੀ, ਜਿਵੇਂ ਫੋਟੋ ਖਿਚਾਣ ਦੇ ਮੂਡ ਵਿਚ ਹੋਵੇ। ਬਾਕੀ ਦਾ ਪਰਵਾਰ ਸ਼ੇਰ ਨਾਲ ਲੇਟਿਆ ਰਿਹਾ। ਗੱਡੀਆਂ ਦਾ ਘੇਰਾ ਤਕੜਾ ਸੀ। ਸਾਡੀ ਇਸ ਜੰਗਲ ਦੇ ਬਾਦਸ਼ਾਹ ਤੋਂ ਦੂਰਾਈ ਠੀਕ 2 ਤੋਂ 5 ਮੀਟਰ ਤਕ ਦੀ ਸੀ।

ਦਰਅਸਲ ਤਾਂ ਦਰਅਸਲ ਹੀ ਸਨ ਪਰ ਸ੍ਰੀ ਸਤਿਗੁਰੂ ਜੀ ਨੇ ਮੂਵੀ ਕੈਮਰੇ, ਠਾਕੁਰ ਜੀ ਦੇ ਸਟਿਲ ਕੈਮਰੇ ਨਾਲ, ਸ. ਰਾਜਿੰਦਰ ਸਿੰਘ ਵੀਡੀਓ ਕੈਮਰੇ, ਸ. ਉੱਤੀ ਤੇ ਸ. ਸੁਰਚੇਨ ਸਿੰਘ, ਸਮੇਤ ਮੇਰੇ, ਕੋਈ ਅਧਾ ਘੰਟਾ ਅਸਲੋਂ ਨੇੜਿਓਂ ਫੋਟੋਗਰਾਫੀ ਵਿਚ ਲਾਇਆ।

ਸ਼ੇਰਾਂ ਵਿਚੋਂ ਇਕ ਮਨਚਲੀ ਸ਼ੇਰਨੀ ਉਠੀ, ਜਿਵੇਂ ਉਸਨੇ ਸਾਨੂੰ ਜਤਾਣਾ ਚਾਹਿਆ ਹੋਵੇ ਕਿ ਫੋਟੋਗਰਾਫੀ ਕਰਨੀ ਜੇ ਤਾਂ ਸਾਡੀ ਬਰਾਬਰੀ ਦਾ ਅਹਿਸਾਸ ਵੀ ਲੈਂਦੇ ਜਾਓ, ਉਹ ਪਿਠ ਪਰਨੇ ਪਏ ਬੱਬਰ ਸ਼ੇਰ ਉਤੇ ਜਾਕੇ ਲੇਟ ਗਈ। ਸ਼ੇਰ ਪੂਰਾ ਜਬਾੜਾ ਖੋਲ੍ਹ ਉਬਾਸੀਆਂ ਲੈਣ ਲਗਾ, ਸ਼ਾਇਦ ਸਾਨੂੰ ਵੀ ਆਪਣੀ ਹੋਣੀ ਚੇਤੇ ਕਰਦਾ ਰਿਹਾ ਹੋਵੇ। ਮਹਾ ਕਾਲ ਸਾਡੇ ਕੋਲ ਹੀ ਖਲੋਤਾ ਸੀ। ਸ਼ੇਰਾਂ ਦੀਆਂ ਅੰਗੜਾਈਆਂ ਬੜੀਆਂ ਖੂਬਸੂਰਤ ਸਨ। ਭਾਵੇਂ ਡਰਾਉਣੀਆਂ ਸੀ।

ਗੱਲ ਕੀ 11 ਸ਼ੇਰ ਇਕੋ ਥਾਂ ਇਸ ਤਰਾ ਮਿਲਣੇ ਤਾਂ ਸੁਭਾਗ ਹੀ ਸੀ। ਸਭਨਾ ਦੇ ਧਿਆਨ ਦਾ ਕੇਂਦਰੀ ਬਿੰਦੂ ਇਹ ਸ਼ੇਰ-ਮੰਡਲ ਹੀ ਸੀ। ਵੱਖ ਵੱਖ ਪਾਸਿਆਂ ਤੋਂ ਫੋਟੋਗ੍ਰਾਫੀ ਕਰਦਿਆਂ ਅੰਤ, ਸ਼ੇਰਾਂ ਨੂੰ ਉਠਾਲ ਹੀ ਲਿਆ। ਏਥੇ ਇਸ ਗੱਲੋਂ ਵੀ ਸਮਾਨਤਾ ਸੀ। ਨਾ ਡਰ ਸ਼ੇਰਾਂ ਨੂੰ ਸੀ ਮਨੁੱਖਾਂ ਤੋਂ ਅਤੇ ਨਾ ਹੀ ਮਨੁੱਖਾਂ ਕੋਲ ਖਲੋਤੀ ਸ਼ੇਰ ਦੀ ਮਹਾ ਸ਼ਕਤੀ ਨੂੰ ਅਤੇ ਇਕ ਗੱਲ ਤੋਂ ਡਰ ਲਗ ਰਿਹਾ ਸੀ। ਸ਼ੇਰ ਤਾਂ ਵੈਸੇ ਹੀ ਆਪਣੀ ਰਿਆਸਤ ਵਿਚ ਸਨ। ਅਸੀਂ ਆਪਣੀਆ ਸ਼ੀਸ਼ੇ ਬੰਦ ਗੱਡੀਆਂ ਵਿਚ ਸੁਤੰਤਰ ਸਾਂ। ਇਕ ਵਾਰ ਤਾਂ ਬਲਵਿੰਦਰ ਸਿੰਘ ਆਪਣੀ ਜੀਪ ਆਪ ਨੂੰ, ਗਾਈਡ ਦੀ ਹਦਾਇਤ ਤੇ, ਉਨ੍ਹਾਂ ਹੀ ਸ਼ੇਰਾਂ ਵਿਚਾਲੇ ਲੈ ਗਿਆ। ਗਾਈਡ ਕੋਲ ਬੰਦੂਕ ਸੀ। ਸਾਡੇ ਪਾਸ ਵੀ ਬੇਹਥਿਆਰੀ ਸੀ।

ਇਕ ਤਮਾਸ਼ਾ ਹੋਰ ਹੋ ਗਿਆ। ਗੋਰੇ (ਸ਼ਾਇਦ ਵਲਾਇਤੀ) ਦਰਸ਼ਕਾਂ ਦੀ ਅਸਾਵਧਾਨੀ ਕਾਰਨ ਜਲਦੀ ਹੋਈ ਸਿਗਰਿਟ ਦਾ ਟੁਕੜਾ ਡਿੱਗਣ ਨਾਲ ਸੁੱਕੇ ਹੋਏ ਘਾਹ ਨੂੰ ਅੱਗ ਲਗ ਗਈ। ਇਹ ਵੇਖ ਸਾਰਾ ਸ਼ੇਰ ਕੁਨਬਾ ਉਠ ਖਲੋਤਾ ਅਤੇ ਆਹਿਸਤਾ ਆਹਿਸਤਾ ਚਲਕੇ 15-20 ਮੀਟਰ ਦੀ ਦੂਰੀ ਤੇ ਜਾ ਬੈਠਾ, ਏਥੇ ਘਾਹ ਅਸਲੋਂ ਨਹੀਂ ਸੀ। ਏਨੇ ਚਿਰ ਵਿਚ ਸ਼ੇਰਾਂ ਨੇ ਰੌਂਗ ਮੂੜ ਵੀ ਲਿਆ। ਮੂਵੀ ਤੇ ਵੀਡੀਓ ਕੈਮਰੇ ਚਲਦੇ ਰਹੇ, ਅਸੀਂ ਵੀ ਕਲਿਕ ਕਲਿਕ ਕਰਦੇ ਰਹੇ। ਜੀ ਭਰਕੇ ਸ਼ੇਰਾਂ ਨਾਲ ਨੇੜਤਾ ਮਾਣੀ ਗਈ। ਗਾਈਡ ਨੇ ਜਾਕੇ ਅੱਗ ਬੁਝਾਈ। ਸ਼ੇਰ ਆਪਣੀ ਨਿਰਾਲੀ ਤਰ੍ਹਾਂ ਦਾ ਮੁਜ਼ਾਹਰਾ ਕਰਦੇ ਰਹੇ। ਲਗਦਾ ਸੀ ਸ਼ੇਰ ਪਰਵਾਰ ਭੋਜਨ ਪਾਣੀ ਵਲੋਂ ਪੂਰੀ ਤਰਾਂ ਸੰਤੁਸ਼ਟ ਹੋਇਆ ਪਿਆ ਸੀ।

ਮੈਨੂੰ ਇਕੋ ਗੱਲ ਦਾ ਪਛਤਾਵਾ ਸੀ ਕਿ ਮੇਰੇ ਪਾਸ ਰੰਗੀਨ ਫਿਲਮ ਕੋਈ ਨਹੀਂ ਸੀ ਤਾਂ ਵੀ ਮੈਂ ਤੇਜ਼ ਫਿਲਮ ਕਾਲੀ ਚਿਟੀ, ਸ਼ੇਰਾਂ ਉਤੇ ਖਿੱਚ ਲਈ।



Sri Satguru Jagjit Singh Ji Elibrary NamdhariElibrary@gmail.com

### ਮਾਰਾ ਮਸਾਈ ਨਦੀ ਕੰਢੇ

ਪੌਣੇ ਘੰਟੇ ਦਾ ਇਹ ਚੱਕਰ ਸਮਾਪਤ ਕਰਕੇ ਸਾਡਾ ਕਾਰ ਕਾਫਲਾ ਸੈਰ ਵੇਖਣ ਦਾ ਮੋਹ ਤਿਆਗ ਤੁਰਿਆ। ਹੁਣ ਅਸੀ ਮਾਰਾ ਦਰਿਆ ਨੂੰ ਹੋ ਤੁਰੇ। ਹਿਰਨ, ਦਰਿਆਈ ਘੋੜੇ, ਸ਼ੇਰ ਤੇ ਜ਼ੈਬਰੇ ਆਦਿ ਦੇ ਝੁੰਡਾਂ ਨੂੰ ਵੇਖਦੇ ਦਰਿਆ ਕੰਢੇ ਦੇ ਹਰੇ ਰੁਖਾਂ ਵਿਚਾਲੇ ਜਾ ਰੁਕੇ। ਗਾਈਡ ਨੇ ਸਾਡੀ ਜ਼ਬਾਨਬੰਦੀ ਕਰ ਦਿਤੀ। ਗੱਡੀਆਂ ਤੋਂ ਉਤਰ, ਕੋਈ 40 ਪੈਰ, ਸਹਿਜੇ ਸਹਿਜੇ, ਰੁੱਖਾਂ ਵਿਚਦੀ ਲੰਘਦੇ, ਨਾਲੇ ਦੀ ਸ਼ਕਲ ਵਰਗੇ ਦਰਿਆ ਪਾਸ ਆ ਅਟਕੇ।

ਆਮ ਕਰਕੇ ਦਰਿਆ ਸੁੱਕਾ, ਪਰ ਉਸਦੇ ਇਕ ਬਹੁਤ ਡੂੰਘੇ ਡੁੰਮ੍ਹ ਵਿਚ ਪਾਣੀ ਦੀ ਬਹੁਤਾਤ। ਇਸੇ ਵਿਚ ਮਗਰ ਮੱਛ ਅਤੇ ਦਰਿਆਈ ਘੋੜੇ ਵਿਸਰਾਮ ਫਰਮਾ ਰਹੇ ਸਨ। ਅਸਲ ਵਿਚ ਘੋੜੇ ਨਹੀ ਦਰਿਆਈ ਮਝਾਂ ਵਧੇਰੇ ਢੁਕਵਾਂ ਸ਼ਬਦ ਜਾਪਦਾ ਹੈ। ਪਰਲੇ ਪਾਰ ਇਕ ਜ਼ੀਰਾਫ ਇੰਜ ਅਹਿਲ ਖਲੋਤਾ ਹੋਇਆ ਸੀ ਕਿ ਜਿਵੇਂ ਬਿਜਲੀ ਦਾ ਤਾਰ ਲੱਗਾ ਖੰਭਾ ਗੱਡਿਆ ਹੋਵੇ ਤੇ ਜਾਂ ਉਹ ਇਹਨਾਂ ਜਲ ਜੀਵਾਂ ਦਾ ਸੰਤਰੀ ਹੋਵੇ। ਏਥੇ ਨਾਲ ਹੀ ਗਬਰੂਨ ਕਿਸਮ ਦੇ ਬਾਂਦਰਾਂ ਦੀ ਇਕ ਟੋਲੀ ਸ਼ਰਾਰਤਾਂ ਵਿਚ ਮਸਤ ਸੀ। ਅਸੀ ਇਸ ਸਮੇ ਪੂਰੇ ਸਾਊਆਂ ਵਾਂਗ ਉਰਲੇ ਕੰਢੇ (ਪੱਛਮੀ ਬਾਹੀ) ਖਲੋਤੇ ਜੀਵ ਦਰਸ਼ਨ ਤੇ ਫੋਟੋਗ੍ਰਾਫੀ ਵਿਚ ਮਗਨ ਸਾਂ।

### ਮੁੜ ਮਾਰਾ ਸਰੀਨਾ ਲਾਜ ਵਿਚ

ਸੂਰਜ ਡੁਬਣ ਦੇ ਨੇੜੇ ਸੀ। 6.30 ਵਜੇ ਗਾਈਡਾਂ ਨੂੰ ਪਿੱਛੇ ਜਾਣ ਦੀ ਪੈ ਗਈ, ਪਰ ਅਸੀ ਮਸਾਂ ਬਾਹਰ ਨਿਕਲੇ ਸਾਂ, ਆਪਣੀਆਂ ਹੀ ਗੱਡੀਆਂ ਤੇ ਇਸ ਧੂੰ ਧੂੰ ਦਾ ਸ਼ਿਕਾਰ ਕਿਉਂ ਹੁੰਦੇ। ਮੌਜ ਨਾਲ, ਅਨ੍ਹੇਰੇ ਹੋਏ, ਹੋਟਲ ਪਹੁੰਚੇ।

ਦੁਪਹਿਰ ਤੇ ਸ਼ਾਮ ਦੀ ਰੋਟੀ, ਅਰਥਾਤ ਲੰਚ ਤੇ ਡਿਨਰ ਹੋਟਲ ਵਿਚ ਹੀ ਸੀ।ਹੋਟਲ ਵਾਲਿਆਂ ਨੂੰ ਵਿਸ਼ੇਸ਼ ਸ਼ਾਕਾਹਾਰ ਲਈ ਪਹਿਲਾਂ ਤੋਂ ਸੂਚਿਤ ਕੀਤਾ ਗਿਆ ਸੀ। ਸਿੰਘੀਆਂ ਵਾਸਤੇ ਬੀਬੀ ਹਰਜੀਤ ਕੌਰ ਅਤੇ ਬੀਬੀ ਰੌਸ਼ਨ ਕੌਰ ਆਦਿ ਨੇ ਸੁੱਚਾ ਲੰਗਰ ਤਿਆਰ ਕਰ ਲਿਆ। ਗੈਸ ਸਟੋਵ, ਆਟਾ, ਦਾਣਾ, ਦਾਲ, ਸਬਜ਼ੀਆਂ ਨਾਲ ਲਿਆਂਦੀਆਂ ਹੋਈਆਂ ਸਨ।

ਤਰਸੇਮ ਸਿੰਘ ਵਿਚਾਰਾ ਸਵੇਰੇ ਤੋਂ ਹੁਣ ਤਕ ਡੁੱਖਣ ਤਾਣਾ ਹੀ ਸਕੱਤਰੀ ਕਾਰਜ ਕਰ ਰਿਹਾ ਸੀ। ਨੋਟ ਲੈਂਦੇ, ਚਿੱਠੀਆਂ ਲਿਖਦੀਆਂ। ਮੈਂ ਪੁਛਿਆ : ਕੁਝ ਛਕਿਆ ਛਕਾਇਆ ਸੀ? "ਨਹੀ ਜੀ, ਅਜੇ ਕਿਥੇ, ਫੁਰਸਤ ਹੀ ਨਹੀ ਮਿਲੀ। ਠਾਕੁਰ ਜੀ ਮੇਰਾ ਧਿਆਨ ਰਖਦੇ ਹੋਏ, ਮੇਰਾ ਕਮਰਾ ਟੋਲਦੇ, ਅੰਗਰੇਜ਼ੀ ਪੁਸਤਕ 'ਮਾਰਾ ਸਰੀਨਾ ਗੇਮ ਏਰੀਆ' ਮੇਰੇ ਕਮਰੇ ਵਿਚ ਰੱਖ ਗਏ।

### ਸੰਘਣੇ ਅਨ੍ਹੇਰੇ ਵਿਚ ਚਾਨਣ ਰਿਸ਼ਮਾਂ

ਕੁਦਰਤ ਦੀ ਗੋਦ ਵਿਚ ਆਏ, ਸਤਿਗੁਰੂ ਜੀ, ਬਲਿਹਾਰੀ ਕੁਦਰਤ ਵੱਸਣ ਦੀ ਹਾਲਤ ਵਿਚ ਹੁੰਦੇ ਹਨ। ਅਸੀ ਜਦੋ ਰਾਤ ਦੀ ਰੋਟੀ ਦੇ ਆਹਰ ਵਿਚ ਸਾਂ ਸ੍ਰੀ ਸਤਿਗੁਰੂ ਜੀ, ਠਾਕੁਰ ਜੀ, ਸਕੱਤਰ, ਪੁਰਖਾ ਤੇ ਬਲਦੇਵ ਸਿੰਘ ਨੂੰ ਨਾਲ ਲੈ ਤਰਨਤਾਲ ਦੇ ਕੋਲ



Sri Satguru Jagjit Singh Ji Elibrary NamdhariElibrary@gmail.com

ਆਕੇ ਬੈਠ ਗਏ। ਦੁਆਲੇ ਜਗਦੀਆਂ ਬਿਜਲੀ-ਬੱਤੀਆਂ, ਵਗ ਰਹੀ ਠੰਢੀ ਹਵਾ ਨਵੀ ਹਵਾ, ਸਾਰੇ ਜੰਗਲੀ ਇਲਾਕੇ ਵਿਚ ਪਸਰਿਆ ਘੋਰ ਅਨ੍ਹੇਰਾ ਪਰ ਹੋਟਲ ਦੀਆਂ ਬੱਤੀਆਂ ਦੁਆਲੇ ਚਿੱਤੀਆਂ ਜਿਹੇ ਪਤੰਗਿਆਂ ਦਾ ਘੇਰਾ, ਇਕਾਂਤ, ਨਿਤਾਂਤ ਸਭ ਕੁਝ ਹੀ ਰੱਬ ਦੇ ਪਿਆਰਿਆਂ ਅਤੇ ਪਿਆਰੀਆਂ ਲਈ ਮਨ ਮੋਹਣਾ ਸੀ।

ਸੱਚੇ ਪਾਤਸ਼ਾਹ ਇਸ ਸਥਿਤੀ ਵਿਚ ਆਪਣੇ ਸਹਿਯੋਗੀਆਂ ਨਾਲ ਬਚਨ ਬਿਲਾਸ ਕਰ ਰਹੇ ਸਨ। ਮਾਲੂਮ ਹੁੰਦਾ ਸੀ ਜਿਵੇਂ ਉਨ੍ਹਾਂ ਨੇ ਆਪਣੇ ਨਿਤ ਦੇ ਕਾਰਜ ਕਰ ਲਏ ਸਨ। ਹੁਣ ਮਨ ਕਰਕੇ ਵੇਹਲੇ ਸਨ। ਅਸੀਂ ਵੀ ਫੁਰਨ-ਫੁਰਾਣ ਕਰ, ਸਾਰੇ ਹੀ ਹੌਲੀ ਹੌਲੀ ਸਤਿਗੁਰੂ ਜੀ ਪਾਸ ਆ ਬੈਠੇ। ਆਪ ਜੀ ਰੁੱਝੇ ਹੀ ਬੈਠੇ ਸਨ। ਅਸੀਂ ਵੀ ਕੋਈ 3. ਦਰਜਨ ਵਿਅਕਤੀ ਆਪ ਜੀ ਦੇ ਗਿਰਦ ਜਾ ਚੌਕੜੇ ਮਾਰ ਲਏ। ਐਉਂ ਜਾਪਿਆ ਜਿਵੇਂ ਮਹਾ ਭਾਰਤ ਦਾ ਸਮਾਂ ਉਪਸਥਿਤ ਹੋ ਗਿਆ ਹੋਵੇ। ਪੌਰਾਣਿਕ ਸੂਦ ਜੀ ਦੁਆਲੇ ਬੈਠੇ ਰਿਸ਼ੀ ਮੁਨੀ ਸੰਸਾਰ ਦੀ ਉਤਪਤੀ, ਵਿਨਾਸ਼ ਅਤੇ ਵਿਕਾਸ ਦੀ ਚਰਚਾ ਕਰ ਰਹੇ ਹੋਣ।

## ਯਾਦ ਮਹਾਰਾਜ ਬੀਰ ਸਿੰਘ ਜੀ ਦੀ

ਇਸ ਇਕੱਤਰਤਾ ਤੋਂ ਪਹਿਲਾਂ ਮੈਂ ਅਨੇਕਾਂ ਵਾਰ ਇਸ ਉੱਤਮ ਸਤਾ ਵਿਚ ਸੰਮਿਲਤ ਹੋਇਆ ਸਾਂ। ਮਹਾਰਾਜ ਬੀਰ ਸਿੰਘ ਜੀ ਦੀ ਯਾਦ ਹੋ ਆਈ। ਸਤਿਗੁਰੂ ਜੀ ਨੇ ਕੋਈ ਜ਼ਿਕਰ ਕੀਤਾ ਤਾਂ ਠਾਕੁਰ ਦਲੀਪ ਸਿੰਘ ਜੀ ਨੇ ਦੱਸਿਆ: ਮਹਾਰਾਜ ਬੀਰ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਤਿਕਾਰ ਦਾ ਏਨਾ ਖਿਆਲ ਰਖਦੇ ਹਨ ਕਿ ਚਿੱਠੀ ਦੇ ਐਡਰੈਸ ਉੱਤੇ ਵੀ "ਪਰਮ ਸਤਿਕਾਰਯੋਗ" ਵਿਸ਼ੇਸ਼ਣ ਲਿਖਦੇ ਸਨ। ਸਤਿਗੁਰੂ ਜੀ ਬਚਨ ਕੀਤਾ : ਮੈਨੂੰ ਸੰਬੋਧਨ ਵੀ "ਸਰਬ ਸ੍ਰੇਸ਼ਟ" ਵਿਸ਼ੇਸ਼ਣ ਨਾਲ ਕਰਦੇ ਹਨ। ਅੱਜ ਕਲ ਵੀ ਤੁਸੀਂ ਜੀਵਨ ਨਗਰ ਚੱਲੋ। ਮੈਂ ਜਦੋਂ ਬੰਗਲੌਰ ਵਿਚ ਇਕ ਵਾਰ ਕਿਹਾ: "ਮਹਾਰਾਜ ! ਮੈਂ ਅਰਜ਼ ਕਰਦਾ ਹਾਂ ਕਿ ਤੁਸੀਂ ਜੀਵਨ ਨਗਰ ਚੱਲੋ ਤਾਂ ਮਹਾਰਾਜ ਜੀ ਦਾ ਉੱਤਰ ਸੀ: ਅਰਜ਼ ਨਹੀਂ, ਆਪ ਜੀ ਹੁਕਮ ਕਰੋ, ਪਰ ਅਜੇ ਮੇਰਾ ਮਨ ਨਹੀਂ ਮੰਨਦਾ ਜੀਵਨ ਨਗਰ ਜਾਣ ਨੂੰ। ਮੈਨੂੰ ਆਪਣਾ ਹੁਕਮ ਮੰਨਣ ਦੇ ਯੋਗ ਬਣਾਈ ਰਖੋ।

## ਯਾਦਾਂ ਬਹੁਤ ਬੀਤੇ ਦੀਆਂ

ਬੈਠੇ ਬੈਠੇ ਸਤਿਗੁਰੂ ਜੀ ਨੂੰ ਆਪਣੀ ਇਕ ਚਿੱਠੀ ਮੇਰੇ ਦੁਆਰਾ "ਸਤਿਜੁਗ" (ਮੇਰੀ ਪਹਿਲੀ ਸੰਪਾਦਕੀ ਸਮੇਂ) ਵਿਚ ਛਾਪੇ ਜਾਣ ਦਾ ਖਿਆਲ ਆਇਆ। ਆਪ ਨੇ ਸਾਲ 1938 ਦੀ ਰੋਹਤਾਂਗ ਯਾਤਰਾ ਇਕ-ਇਕ ਅੱਖਰ ਕਰਕੇ ਦੁਹਰਾ ਦਿਤੀ। ਏਸੇ ਯਾਤਰਾ ਨਾਲ ਸੰਬੰਧਤ ਮੈਨੂੰ ਲਿਖੀ ਚਿੱਠੀ ਮੈਂ ਸਤਿਜੁਗ ਵਿਚ ਛਾਪ ਦਿਤੀ ਸੀ। ਰੋਹਤਾਂਗ ਯਾਤਰਾ ਵਿਚ ਨਾਲ ਗਏ ਵਿਅਕਤੀਆਂ ਦੇ ਨਾਮ ਯਾਦ ਸਨ। ਕਿਸ ਮੋੜ ਤੇ ਕੀ ਕੁਝ ਕੀਤਾ, ਇਹ ਵੀ ਕੱਲ੍ਹ ਦੀ ਗੱਲ ਵਾਂਗ ਯਾਦ ਸੀ।

ਇਸਤਰਾਂ ਬਚਨ ਬਿਲਾਸ ਕਰਦਿਆਂ, ਏਥੇ ਹੀ, ਕਥਾ ਵਾਰਤਾ ਸ਼ੁਰੂ ਹੋ ਗਈ। ਸਤਿਗੁਰੂ ਜੀ ਨੇ ਮੈਨੂੰ ਕੁਝ ਨ ਕੁਝ ਸੁਣਾਉਣ ਦਾ ਹੁਕਮ ਦਿਤਾ। ਮੈਂ ਕੱਚ ਅਤੇ ਦੇਵਿਯਾਨੀ ਦਾ ਇਕ ਪੌਰਾਣਿਕ ਪ੍ਰਸੰਗ ਇਸ ਸੰਦਰਭ ਵਿਚ ਸੁਣਾਇਆ ਕਿ ਮਨੋਰਥ ਸਿੱਧੀ ਲਈ 100



Sri Satguru Jagjit Singh Ji Elibrary NamdhariElibrary@gmail.com

ਸਾਲ ਲੰਮੀ ਉਡੀਕ, ਪ੍ਰਾਪਤੀ ਲਈ ਸਬਰ, ਇਸਤਕਲਾਲ ਅਤੇ ਮਨੋਵੇਗਾਂ ਦੀ ਕੁਰਬਾਨੀ ਕਰਨੀ ਪੈਂਦੀ ਹੈ।

ਠਾਕੁਰ ਦਲੀਪ ਸਿੰਘ ਹੋਰਾਂ ਵੀ ਵਾਰੀ ਦਿਤੀ। ਸ. ਗੁਰਚੈਨ ਸਿੰਘ ਨੇ ਆਪਣੇ ਨਾਨਾ ਜੀ ਨਾਲ ਵਾਪਰੇ ਆਧਿਆਤਮਕ ਅਨੁਭਵ ਨੂੰ ਸੁਣਾਇਆ।

10 ਵਜੇ ਅਸੀਂ ਏਥੋਂ ਆਪਣੇ ਟਿਕਾਣਿਆਂ ਨੂੰ ਤੁਰੇ।

## 11 ਮਾਰਚ 1983, ਸ਼ੁੱਕਰਵਾਰ
## ਮਾਹਾ ਸਰੀਨਾ ਲਾਜ (ਕੀਨੀਆ)

### ਬੈਲੂਨ ਸਵਾਰੀ

ਆਸਾ ਦੀ ਵਾਰ ਬਹੁਤ ਸਵੇਰੇ ਹੋ ਗਈ। ਇਹ ਕੱਲ੍ਹ ਤੋਂ ਹੀ ਨਿਸ਼ਚਿਤ ਸੀ ਕਿ ਸੱਚੇ ਪਾਤਸ਼ਾਹ ਜੀ ਨੇ ਅੱਜ ਸਵੇਰੇ 5 ਤੋਂ 6 ਵਜੇ ਤਕ ਗੈਸ-ਗੁਬਾਰੇ (ਬੈਲੂਨ) ਤੇ ਜੰਗਲ ਅਤੇ ਜੰਗਲੀ ਜੀਵਾਂ ਦਾ ਅਵਲੋਕਨ ਕਰਨਾ ਹੈ। ਇਸ ਸੰਦਰਭ ਵਿਚ ਸ. ਗੁਰਚੈਨ ਸਿੰਘ ਫਲੋਰਾ, ਸ. ਹਰਭਜਨ ਸਿੰਘ ਸੀਰ੍ਹਾ, ਅਤੇ ਸੂਬਾ ਸੋਹਣ ਸਿੰਘ ਜੀ ਨੇ ਕੱਲ੍ਹ ਹੀ ਸਾਰਾ ਪ੍ਰਬੰਧ ਕਰ ਲਿਆ ਸੀ। ਬੈਲੂਨ ਸਵਾਰੀ ਲਈ ਪ੍ਰਤੀ ਘੰਟਾ 2500 ਸ਼ਲਿੰਗ ਕਰਾਇਆ ਪ੍ਰਤੀ ਸਵਾਰੀ ਅਦਾ ਕਰਨਾ ਹੁੰਦਾ ਹੈ। ਇਸ ਦੇ ਉਡਣ ਕਮਰੇ ਵਿਚ ਇਕ ਵਾਰੀ ਕੇਵਲ ਤਿੰਨ ਜਣੇ ਬੈਠ ਸਕਦੇ ਹਨ।

ਅੱਜ ਸਵੇਰੇ 4 ਵਜੇ ਤੋਂ ਹੀ ਕੁਝ ਵਿਅੱਕਤੀ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋ ਗਏ, ਆਪ ਜੀ ਨੂੰ ਠੀਕ ਠਾਕ ਹੋਟਲ ਵਿਖੇ ਲੈ ਗਏ। ਬੈਲੂਨ ਸਵਾਰੀ ਦਾ ਏਥੇ ਹੀ ਪ੍ਰਬੰਧ ਸੀ। ਪ੍ਰੋਗਰਾਮ ਅਨੁਸਾਰ ਸ੍ਰੀ ਸਤਿਗੁਰੂ ਜੀ ਨਾਲ ਠਾਕੁਰ ਦਲੀਪ ਸਿੰਘ ਜੀ ਅਤੇ ਸ. ਨਿਰੰਜਨ ਸਿੰਘ ਸੀਰ੍ਹਾ ਨੇ ਹੀ ਗੈਸ ਗੁਬਾਰੇ ਤੇ ਸੈਰ ਕਰਨੀ ਸੀ। ਮੈਂ 3.30 ਵਜੇ ਅੰਮ੍ਰਿਤ ਵੇਲੇ ਇਸ਼ਨਾਨ ਕਰ ਆਪਣਾ ਕੰਮ ਕਰਨ ਲਈ ਤਿਆਰ ਬੈਠਾ ਸਾਂ।

ਸ. ਤਾਰਾ ਸਿੰਘ ਰਾਣਾ ਦਾ ਦੂਜਾ ਲੜਕਾ ਸ. ਮਹਿੰਦਰ ਸਿੰਘ ਰਾਣਾ ਆਪਣੀ ਰੇਂਜ ਰੋਵਰ ਲੈਕੇ ਆ ਗਿਆ। ਰਣਜੀਤ ਸਿੰਘ ਫਲੋਰੇ ਅਰਥਾਤ ਗੋਰੇ ਦੀ ਮਰਸਡੀ ਵਿਚ ਸ੍ਰੀ ਸਤਿਗੁਰੂ ਜੀ ਆਪ, ਆਪ ਦਾ ਸਕੱਤਰ ਸੰਤ ਤਰਸੇਮ ਸਿੰਘ, ਸੇਵਕ ਬਲਦੇਵ ਸਿੰਘ, ਸੰਤ ਨਿਰੰਜਨ ਸਿੰਘ ਸੀਰ੍ਹਾ, ਅਤੇ ਠਾਕੁਰ ਦਲੀਪ ਸਿੰਘ ਜੀ ਠੀਕ ਠਾਕ ਹੋਟਲ ਤੇ ਪ੍ਰਸਥਾਨ ਕਰ ਗਏ। ਅਸੀਂ ਬਾਕੀ ਸਾਰੇ ਸਵੇਰੇ 6 ਵਜੇ ਆਪਣੀਆਂ ਕਾਰਾਂ ਗੱਡੀਆਂ ਤੇ 'ਗੇਮ' ਲਈ ਨਿਕਲ ਤੁਰੇ।

### ਬੈਰੰਗ ? ਨਹੀਂ ਨਹੀਂ ??

ਸ. ਕੰਵਲਜੀਤ ਸਿੰਘ ਨੇ ਸਾਡੀ ਸਭ ਦੀ ਅਗਵਾਈ ਕੀਤੀ। ਅਸੀਂ ਕਾਹਲੀ ਕਾਹਲੀ 30 ਕਿਲੋਮੀਟਰ ਦਾ ਸਫਰ ਘੁੰਮੇ ਫਿਰੇ ਪਰ ਅੱਜ ਸਾਡੇ ਭਾਗਾਂ ਵਿਚ ਕੁਝ ਵੀ ਨਹੀਂ ਸੀ ਅਤੇ ਅਸੀਂ ਬੈਰੰਗ ਹੀ ਵਾਪਸ ਪਰਤ ਆਏ। ਪਰ ਸਾਡੇ ਹੀ ਨਾਲ ਗਈਆਂ ਕੁਝ ਗੱਡੀਆਂ



Sri Satguru Jagjit Singh Ji Elibrary NamdhariElibrary@gmail.com

ਨੇ ਕੱਲ੍ਹ ਵਾਲੇ ਸ਼ੇਰਾਂ ਨੂੰ ਲੱਭ ਲਿਆ। ਕਿਉਂਕਿ 9 ਵਜੇ ਨਾਸ਼ਤਾ ਕਰਨਾ ਜ਼ਰੂਰੀ ਸੀ ਸੁ ਸਾਰੇ ਸਾਥੀਆਂ ਨੇ ਸ਼ੇਰਾਂ ਨੂੰ ਵੀ ਨਾਸ਼ਤੇ ਵਾਸਤੇ ਵਿਹਲਿਆਂ ਕਰ ਦਿਤਾ।

ਸੋਢੀ ਸਿੰਘਾਂ ਨਾਲ ਲਿਆਂਦਾ ਨਾਸ਼ਤਾ ਹੋਟਲ ਵਿਚ ਵਾਪਸ ਆ ਕੇ ਕਰ ਲਿਆ। ਅਸਾਂ ਬਾਕੀ ਦਿਆਂ ਹੋਟਲ ਦੇ ਖਾਣੇ ਨੂੰ ਹੀ ਨਿਵਾਜਿਆ। ਅਤੇ ਫਿਰ ਅਨਮਨੇ ਮਨ ਨਾਲ ਸਤਿਗੁਰੂ ਜੀ ਦੀ ਇੰਤਜ਼ਾਰ ਹੋਣ ਲਗੀ। ਪਹਿਲੇ ਮਿਥੇ ਅਨੁਸਾਰ ਸਤਿਗੁਰੂ ਜੀ ਨੇ 8 ਵਜੇ ਵਾਪਸ ਆ ਜਾਣਾ ਸੀ ਪਰ ਆਪ ਜੀ ਸੇਵਕਾਂ ਨਾਲ 12 ਵਜੇ ਹੀ ਪਰਤੇ ਅਤੇ ਆਉਂਦੇ ਆਉਂਦੇ ਸਭ ਦੀਆਂ ਨਮਸਕਾਰਾਂ ਪਰਵਾਨ ਕਰਦੇ ਹੋਏ, ਆਪਣੇ ਕਮਰਾ ਨੰ 22 ਵਿਚ ਪਹੁੰਚ ਗਏ, ਜਿਥੇ ਆਪ ਨੇ ਵਿਸ਼ਰਾਮ ਕਰ ਪ੍ਰਸ਼ਾਦ ਛਕਣਾ ਸੀ।

## ਵਾਪਸੀ ਨੂੰ ਚਲਾਣੇ

ਅਸਾਂ 10 ਵਜੇ ਕਮਰੇ ਖਾਲੀ ਕਰ ਦਿਤੇ ਸਨ। ਸਾਮਾਨ ਹੋਟਲ ਦੇ ਪਰਵੇਸ਼ ਹਾਲ ਦੇ ਕੇਂਦਰ ਵਿਚ ਧਰਿਆ ਪਿਆ ਸੀ। ਸਾਡੀ ਮੁਸ਼ਕਲ ਇਹ ਸੀ ਕਿ ਭੋਜਨ ਦਾ ਆਰੰਭ ਦਿੰਦੇ ਤਾਂ 3 ਵਜ ਜਾਣੇ ਸਨ। ਸੁ ਅਸੀ ਸਾਰੇ ਹੀ ਮਾਰਾ ਸਰੀਨਾ ਹੋਟਲ ਨੂੰ ਛੱਡਣ ਲਈ ਉਤਾਵਲੇ ਹੋ ਗਏ।

7 ਗੱਡੀਆਂ ਤਿਆਰ ਹੋਕੇ ਹੋਟਲ ਵਿਚੋਂ ਬਾਹਰ ਨਿਕਲੀਆਂ। ਮਾਰਾ ਸਰੀਨਾ ਤੋਂ ਬਾਹਰ ਆ ਸੰਤ ਪੂਰਨਾ ਦੁਆਰਾ ਅਰਦਾਸ ਹੋ ਗਈ, ਸਫਰ ਦੀ ਵੀ, ਨਾਮ ਸਿਮਰਨ ਦੀ ਵੀ। ਸੰਤਾਂ ਦੀਆਂ ਊਨੀ ਮਾਲਾਵਾਂ ਨਿਕਲ ਆਈਆਂ, ਭਜਨ ਹੋਣ ਲਗਾ। ਗੱਡੀਆਂ ਦੇ ਚਾਲਕ ਮੁਹਤਾਤਰੀ ਨਾਲ ਗੱਡੀਆਂ ਚਲਾਣ ਲਗੇ। ਦੋ ਵਜਦੇ ਨੂੰ ਅਸੀ ਕੀਕਰਾਕ ਹੋਟਲ ਵਿਚ ਆ ਪਹੁੰਚੇ। ਛਕਣ ਛਕਾਣ ਕਰਦਿਆਂ ਏਥੇ ਹੀ 3 ਵਜ ਗਏ।

ਕੀਕਰਾਕ ਹੋਟਲ ਜਿਥੇ ਅਸੀ ਆਏ, ਜੰਗਲੀ ਇਲਾਕੇ ਵਿਚ, ਪੱਧਰੀ ਥਾਂ ਉਤੇ, ਆਮ ਕਰਕੇ ਲਕੜੀ ਨਾਲ ਬਣਿਆ ਫੁੱਲਾਂ ਦੀ ਭਰਮਾਰ ਨਾਲ ਸ਼ਿੰਗਾਰਿਆ ਗਿਆ ਹੈ। ਵਖ ਵਖ ਕਮਰਿਆਂ, ਝੌਂਪੜਾਂ ਹੇਠ, ਤੰਬੂਆਂ ਤੰਬੋਟੀਆਂ ਆਦਿ ਵਿਵਿਧ ਸੁਆਦਾਂ ਵਾਲਾ ਹੈ। ਸੈਲਾਨੀ ਵੀ ਕਾਫੀ ਸਨ ਅਤੇ ਜੰਗਲੀ ਜਨਵਰਾਂ ਦੀ ਇਸ ਇਲਾਕੇ ਵਿਚ ਭਰਪੂਰਤਾ ਵੀ ਹੈ। ਹਿਰਨ, ਸ਼ੇਰ, ਸੂਰ, ਗੈਂਡਾ, ਹਾਥੀ, ਜੰਗਲੀ ਝੋਟੇ ਆਦਿ ਕਾਫੀ ਮਾਤਰਾ ਵਿਚ ਮਿਲਦੇ ਹਨ। ਸਾਰਸਾਂ ਦੀਆਂ ਅਨੇਕਾਂ ਕਿਸਮ ਦੀਆਂ ਟੋਲੀਆਂ ਇਕ ਟੰਗ ਤੇ ਖਲੋਤੀਆਂ ਤਪ ਸਾਧਦੀਆਂ ਹਨ। –

ਅਤੇ ਅਸੀ 3 ਵਜੇ ਏਥੋਂ ਤੁਰ ਪਏ ਹਾਂ। 'ਨਾਰੋਕ' ਨੂੰ ਪੱਕੀ ਸੜਕੀ ਚੌਕੀ 'ਦੇ ਕੋਲ ਆਕੇ ਸਾਡੀਆਂ ਤਿਨ ਕਾਰਾਂ ਨੂੰ ਉਡੀਕਾਂ ਲਗ ਗਈਆਂ। ਕਦੋਂ ਪਿਛਲੀਆਂ ਗੱਡੀਆਂ ਆਉਣ ਅਤੇ ਅਸੀਂ ਅਗਲਾ ਸਫਰ ਸ਼ੁਰੂ ਕਰੀਏ। ਉਡੀਕਦਿਆਂ ਹੀ 4.30 ਵਜ ਗਏ।

ਰਾਤ ਸਾਹਮਣੇ ਹੈ, ਸਫਰ ਲੰਮਾ ਹੈ। ਨਾਲ ਬੀਬੀਆਂ ਵੀ ਹਨ। ਰਾਹ ਜੰਗਲੀ ਹੈ। ਅਜੇ ਪੰਧ ਚੌਥਾ ਹਿੱਸਾ ਹੀ ਹੋਇਆ ਹੈ। ਨੌਜੁਆਨ ਕਾਰ ਚਾਲਕ ਇਸ ਫਿਕਰ ਵਿਚ ਹਨ ਕਿ ਸਾਰੀਆਂ ਗੱਡੀਆਂ ਇਕੱਠਾ ਸਫਰ ਕਰਨ ਤਾਕਿ ਕਿਸੇ ਵੀ ਵਿਪਤਾ ਦਾ ਮਿਲਕੇ ਟਾਕਰਾ ਕੀਤਾ ਜਾ ਸਕੇ।



Sri Satguru Jagjit Singh Ji Elibrary NamdhariElibrary@gmail.com

**ਸੁਰਿੰਦਰ ਸਿੰਘ ਲੁਧਿਆਣਾ**

ਮੈਂ ਆਪਣੀ ਵਿਹਲ ਨੂੰ ਕੁਝ ਗੱਲਾਂ ਸੰਭਾਲਣ ਹਿਤ ਸਰਫ਼ ਕਰਦਾ ਹਾਂ। ਕੱਲ ਮੇਰੇ ਸਫ਼ਰ ਵਿਚ ਸੰਤ ਮਹਿੰਦਰ ਸਿੰਘ ਪੁਰਬਾ ਤੋਂ ਇਲਾਵਾ ਸੰਤ ਸੁਰਿੰਦਰ ਸਿੰਘ ਲੁਧਿਆਣਾ ਵੀ ਸੀ। ਆਮ ਆਦਮੀਆਂ ਤੋਂ ਉੱਚਾ ਉੱਚਾ, ਕਦ 6 ਫੁਟ। ਉਹ ਬਹੁਤਾ ਸਮਾਂ ਮਾਲਾ ਫੇਰਨ ਜਾਂ ਨਿਤਨੇਮ ਦੀਆਂ ਬਾਣੀਆਂ ਪੜ੍ਹਨ ਵਿਚ ਬਿਤਾਂਦਾ ਹੈ। ਇਸ ਦਾ ਮਤਲਬ ਹੈ ਕਿ ਉਹ ਸਤਿਗੁਰੂ ਜੀ ਦਾ ਕਾਫ਼ੀ ਹੁਕਮ ਮੰਨਦਾ ਹੈ। ਲੁਧਿਆਣੇ ਦਾ ਇਹ ਸਨਅਤਕਾਰ ਵੀ ਸਤਿਗੁਰੂ ਜੀ ਦੀਆਂ ਨੇੜੇ ਦੀਆਂ ਹਸਤੀਆਂ 'ਚੋਂ ਹੈ। ਏਥੇ ਮੈਂ ਕਹਿ ਬੈਠਾ, ਤੂੰ ਵੀ ਮਨਚੰਦਾ (ਸੁਰਿੰਦਰ ਸਿੰਘ) ਵਾਂਗ ਭਜਨ ਬਾਣੀ ਤੇ ਜ਼ੋਰ ਦੇ ਰਿਹਾ ਹੈਂ, ਗੱਲ ਚੰਗੀ ਹੈ। ਉਸੇ ਰਾਹੇ ਪੈ ਗਿਆ ਏਂ। ਇਹ ਤਰਿਹ ਗਿਆ। ਕਹਿਣ ਲਗਾ : ਇੰਜ ਨ ਕਹੋ, ਇਹ ਨਹੀਂ ਚੰਗਾ।

**ਆਓ ਫਿਰ ਯਾਤਰਾ ਕਰੀਏ**

ਸਤਿਗੁਰੂ ਜੀ ਨੂੰ ਮਾਰਾ ਸਰੀਨਾ ਲਾਜ ਵਿਚ ਲੈ ਜਾਣ ਵਾਲਾ ਜਹਾਜ਼ ਅੱਜ ਮੁੜ ਵਾਪਸ ਲਿਜਾਣ ਲਈ ਮਾਰਾ ਸਰੀਨਾ ਗਿਆ ਅਤੇ ਉਹ ਸਾਡੇ ਠੀਕ ਠਾਕ ਹੋਣ ਤਕ ਹੋਟਲ 'ਚ ਰੁਕਿਆ। ਸਤਿਗੁਰੂ ਜੀ ਨੂੰ ਲੈਕੇ ਸਾਡੇ ਸਿਰਾਂ ਉਤਦੀ ਨੈਰੋਬੀ ਨੂੰ ਲੰਘ ਗਿਆ।

ਸਾਡਾ ਕਾਰ ਕਾਫ਼ਲਾ 7.30 ਵਜੇ ਨਾਰਕ ਤਕ ਪਹੁੰਚ ਗਿਆ। ਕੱਚਾ ਰਸਤਾ ਤੈਹ ਕਰ ਆਏ ਸਾਂ। ਹੁਣ 100 ਮੀਲ ਪੱਕੀ ਤਾਰਕੋਲ ਦੀ ਸੜਕ ਤੇ ਜਾਣਾ ਸੀ। ਸ. ਨਰਿੰਦਰ ਸਿੰਘ ਦੀ ਗੱਡੀ ਦਾ ਟਾਇਰ ਪੰਕਚਰ ਹੋ ਗਿਆ। ਖੁਲ੍ਹਵਾਇਆ ਤਾਂ 5 ਪੰਕਚਰ ਲਗੇ। 1125 ਸ਼ਿਲਿੰਗ ਪੂਜੇ। ਨਾਰਕ ਵਿਚ ਹੀ ਸਤਿਗੁਰੂ ਜੀ ਨੇ ਫੋਨ ਸੰਪਰਕ ਕੀਤਾ। ਆਪਣਾ ਫ਼ਿਕਰ ਪਰਗਟ ਕੀਤਾ ਕਿ ਅਜੇ ਤਕ ਅਸੀਂ ਨੈਰੋਬੀ ਕਿਉਂ ਨਹੀਂ ਆਏ।

ਪੰਕਚਰ ਲਗਾ ਕੇ ਚੱਲੇ ਤਾਂ ਰਾਹ ਵਿਚ ਫਿਰ ਭਾਣਾ ਵਰਤ ਗਿਆ। ਪੰਕਚਰ ਲਗਾ ਟਾਇਰ ਫਿਰ ਹਵਾ ਹੀਣ ਹੋ ਗਿਆ। ਇਹ ਮਸਾਂ ਮਸਾਂ ਦਰੁਸਤ ਕੀਤਾ ਤਾਂ ਸਾਡੀ ਮਰਸਡੀ ਦੇ ਪਹੀਏ ਦੀ ਹਵਾ ਘਟ ਗਈ। ਇਹ ਗੋਰੇ ਦੀ ਗੱਡੀ ਉਹਦੇ ਹੀ ਹੇਠਾਂ ਸੀ। ਉਹ ਅਰਦਾਸ ਕਰਦਾ ਹੀ ਗੱਡੀ ਤੋਰੀ ਲਿਆਇਆ। ਸਤਿਗੁਰਾਂ ਹੀ ਉਸਦੀ ਸਹਾਇਤਾ ਕੀਤੀ।

**ਮੁਖ ਫਲੋਰੇ ਦਾ ਬੰਗਲਾ**

ਅਸੀਂ ਰਾਤੀਂ 10 ਵਜੇ ਨੈਰੋਬੀ ਦੇ ਵੈਸਟ ਲੈਂਡ ਇਲਾਕੇ ਵਿਚ ਸ. ਪ੍ਰਤਾਪ ਸਿੰਘ ਫਲੋਰਾ ਅਤੇ ਉਹਦੇ ਬੱਚਿਆਂ ਸ. ਜਗਜੀਤ ਸਿੰਘ, ਸ. ਸੁਰਜੀਤ ਸਿੰਘ ਤੇ ਸ. ਰਣਜੀਤ ਸਿੰਘ ਫਲੋਰਾ ਗੋਰੇ ਹੁਰਾਂ ਦੇ ਹੀ ਵਿਸ਼ਾਲ ਬੰਗਲੇ ਵਿਚ ਆਪੜ ਗਏ।

ਏਥੇ ਸਤਿਗੁਰੂ ਜੀ ਪਹਿਲਾਂ ਹੀ ਇਕ ਕਮਰੇ ਵਿਚ ਬਿਰਾਜੇ ਹੋਏ ਸਨ। ਖੁਲ੍ਹੇ ਆਕਾਰ ਪ੍ਰਕਾਰ ਦੇ ਡਰਾਇੰਗ ਰੂਮ ਵਿਚ ਸਵੇਰ ਦੇ ਕੀਰਤਨ ਲਈ ਅਤੇ ਸ਼ਾਮੀ ਹੋ ਚੁਕੇ ਦੀਵਾਨ ਦੀਆਂ ਫੋਮ ਗਦੇਲਿਆਂ ਤੇ ਚਿੱਟੀਆਂ ਚੱਦਰਾਂ ਵਿਛੀਆਂ ਹੋਈਆਂ ਸਨ ਅਤੇ ਅਜੇ ਵੀ ਸੰਗਤਾਂ ਝਟ ਝਟਾ ਰਹੀਆਂ ਸਨ। ਪ੍ਰਸ਼ਾਦ ਛਕਣ ਵਾਲਿਆਂ ਵਿਚ ਅਰੂਸ਼ਾ (ਤਨਜ਼ਾਨੀਆਂ) ਦੇ ਸ੍ਰੀ ਤਰਸੇਮ ਲਾਲ ਅਤੇ ਸ੍ਰੀ ਨੰਦੂ ਰਾਮ ਜੀ ਸਨ ਜਿਹੜੇ ਖਾਸ ਦੇ ਹੀ ਗੁਰੂ ਦਰਸ਼ਨਾਂ ਲਈ ਆਏ ਹੋਏ ਸਨ।



Sri Satguru Jagjit Singh Ji Elibrary NamdhariElibrary@gmail.com

ਇਹ ਸਿੱਖਾਂ ਤੇ ਸਤਿਗੁਰੂ ਦੇ ਸਨੇਹ ਦਾ ਹੀ ਕ੍ਰਿਸ਼ਮਾ ਹੈ ਕਿ ਅਜੇ 6 ਦਿਨ ਪਹਿਲਾਂ ਉਹਨਾਂ ਦੇ ਸ਼ਹਿਰ ਵਿਖੇ ਪਤਿਤ ਪਾਵਨ ਜੀ ਦੇ ਦਰਸ਼ਨ ਹੋਏ ਸਨ ਪਰ ਇਹ ਅਫਰੀਕਾ ਵਿੱਚ ਆਏ ਆਪਣੇ ਹਿਰਦੇ ਸਮਰਾਟ ਦੇ ਦਰਸ਼ਨ ਕਰਕੇ ਹੋਰ ਅਨੰਦ ਉਪਾਰਜਨ ਕਰ ਰਹੇ ਸਨ। ਠੀਕ ਹੈ :

ਅੰਤਰ ਪਿਆਸ ਉਠੀ ਪ੍ਰਭ ਕੇਰੀ
ਸੁਣਿ ਗੁਰਬਚਨੀ ਮਨਿ ਤੀਰ ਲਗਾਈਆ।
ਮਨ ਕੀ ਬਿਰਥਾ ਮਨ ਹੀ ਜਾਣੈ
ਅਵਰੁ ਕਿ ਜਾਣੈ ਕੋ ਪੀਰ ਪਰਾਈਆ। ਆਦਿ ਗ੍ਰੰਥ

12 ਮਾਰਚ 1983, ਸ਼ਨੀਵਾਰ
ਨੈਰੋਬੀ (ਕੀਨੀਆ)

**ਵਾਰ ਵੱਡੇ ਫਲੋਰਾ ਦੇ ਘਰ**

ਸੰਤ ਪ੍ਰਤਾਪ ਸਿੰਘ ਫਲੋਰਿਆਂ ਦੇ ਪਰਵਾਰ- ਪਿਤਾ ਦੇ ਖੁਲ੍ਹੀ ਥਾਂ ਅਤੇ ਸੁੰਦਰ ਹਰਿਆਲੀ ਵਿਚ ਉਸਰੇ ਵਿਸ਼ਾਲ ਬੰਗਲੇ ਵਿਚ, ਜਿਸਦਾ ਸਟਾਈਲ ਯੂਰੋਪੀਅਨ ਜਾਪਦਾ ਹੈ, ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਹੋਇਆ। ਦੂਰ-ਦੂਰ ਦੇ ਇਲਾਕਿਆਂ ਵਿਚੋਂ ਸੰਗਤ ਕੀਰਤਨ ਦਾ ਲਾਹਾ ਲੈਣ ਤੇ ਗੁਰੂ ਦਰਸਨ ਦਾ ਅਨੰਦ ਲੁਟਣ ਆਈ। ਸੰਤ ਪ੍ਰਤਾਪ ਸਿੰਘ ਦੀਆਂ, ਨੈਰੋਬੀ ਵਸਦੀਆਂ ਸਾਰੀਆਂ ਨੂੰਹਾਂ ਸੇਵਾ ਕਾਰਜਾਂ ਵਿਚ ਜੁੱਟੀਆਂ ਰਹੀਆਂ। ਵਾਰ ਸੁਣਦਿਆਂ ਲੰਗਰ ਤਿਆਰ ਹੋ ਰਿਹਾ ਸੀ। 6.30 ਵਜੇ ਅਰਦਾਸ ਉਪਰੰਤ ਦੁੱਧ ਅਤੇ ਪਰਾਉਠਿਆਂ ਦਾ ਨਾਸ਼ਤਾ ਪਰੋਸ ਦਿਤਾ ਗਿਆ।

ਸਤਿਗੁਰੂ ਜੀ ਜਲ ਪਾਣੀ ਛਕ ਸਵਾਈ ਡੇਰੇ ਪਹੁੰਚ ਗਏ।

ਸੰਤ ਪਰਤਾਪ ਸਿੰਘ ਦੇ ਇਕ ਲੜਕੇ ਸ. ਰਣਜੀਤ ਸਿੰਘ ਗੋਰਾ ਨਾਲ ਸਤਿਗੁਰਾਂ ਦੇ ਸਕੱਤਰ ਸੰਤ ਤਰਸੇਮ ਸਿੰਘ ਦੀ ਭਣੇਵੀ ਬੀਬੀ ਅਮਰਜੀਤ ਕੌਰ ਵਿਵਾਹਿਤ ਹੈ। ਮੈਂ ਤੱਕਿਆ, ਉਸ ਨਿਪਟ ਦਿਹਾਤਣ ਕੁੜੀ ਅਮਰਜੀਤ ਕੌਰ ਨੇ ਆਪਣੀਆਂ ਦਰਾਣੀਆਂ ਜਠਾਣੀਆਂ ਨਾਲ ਨ ਸਿਰਫ ਪਿਆਰ ਹੀ ਬਣਾ ਲਿਆ ਹੈ, ਸਗੋਂ ਉਸ ਨੇ ਨੈਰੋਬੀ ਵਾਸੀ ਬੀਬੀਆਂ ਵਾਲਾ ਰੰਗ ਢੰਗ ਵੀ ਅਪਣਾ ਲਿਆ ਹੈ ਕਿ ਉਸ ਵਿਚ ਪੇਂਡੂਪਣ ਦੀ ਲੇਸ ਮਾਤਰ ਨਹੀਂ, ਸਗੋਂ ਕਾਫੀਆਂ ਨੈਰੋਬਣ ਹੈ।

**ਨੈਰੋਬੀ ਦੇ ਬਾਜ਼ਾਰ ਵਿਚ**

ਏਥੋਂ ਵਿਹਲੇ ਹੋਕੇ ਮੈਂ ਠਾਕੁਰ ਦਲੀਪ ਸਿੰਘ ਜੀ ਨਾਲ ਸ. ਹਰਭਜਨ ਸਿੰਘ ਸੀਰ੍ਹਾ ਦੇ ਦਫ਼ਤਰ 'ਮਿਲਟਨ ਹਾਊਸ' ਵਿਖੇ ਗਿਆ। ਏਥੇ ਸੀਰ੍ਹਾ ਨੇ ਆਪਣੇ ਕੰਮਕਾਜ ਤੋਂ ਜਾਣੂ ਕਰਵਾਇਆ। ਫੇਰ ਫੋਟੋਆਂ ਜੋ ਨੈਰੋਬੀ ਸੈਂਟਰ ਵਿਚ ਆਏ ਜਿਥੇ ਸ੍ਰੀ ਸ਼ੁਕਲਾ ਨੇ ਪ੍ਰਿੰਟਿਡ ਫੋਟੋ ਲੈਣੀਆਂ ਸਨ। ਠਾਕੁਰ ਜੀ ਦੀ ਆਕਾਰ ਤੇ ਪੰਜ ਫੋਟੋ ਸਾਈਜ਼ 20"×50" ਦੀਆਂ ਬਣਵਾਈਆਂ, ਪ੍ਰਤੀ: ਫੋਟੋ 1665 ਸ਼ਿਲਿੰਗ ਖਰਚਾ। ਇਹ ਫੋਟੋ ਠਾਕੁਰ ਜੀ ਦੀ ਫੋਟੋ ਗ੍ਰਾਫੀ



Sri Satguru Jagjit Singh Ji Elibrary NamdhariElibrary@gmail.com

ਦਾ ਕਮਾਲ ਸਨ। ਸਵੀਡਨ ਦੇ ਦੌਰੇ ਸਮੇਂ ਸ੍ਰੀ ਮਾਤਾ ਚੰਦ ਕੌਰ ਜੀ ਦੀ ਇਕ ਫੋਟੋ ਸੈਲਾਬ ਦੇ ਸਭ ਤੋਂ ਉਚੇ ਫੁਹਾਰੇ ਨਾਲ ਹੈ। ਦੂਜੀ ਸ੍ਰੀ ਸਤਿਗੁਰੂ ਜੀ ਬਰਫ ਲੱਦੀਆਂ ਚੋਟੀਆਂ ਤੇ, ਤੀਜੀ, ਸਤਿਗੁਰੂ ਜੀ ਫੁੱਲਾਂ ਦੀਆਂ ਕਿਆਰੀਆਂ ਪਾਸ, ਚੌਥੀ ਸੰਤ ਮਹਿੰਦਰ ਸਿੰਘ ਪੂਰਬਾ ਦੇ ਹੁੰਦਿਆਂ ਸਤਿਗੁਰੂ ਜੀ ਹਰੇ ਬੂਟਿਆਂ ਦੀ ਬੈਕ ਗਰਾਊਂਡ ਨਾਲ। ਫੋਟੋ ਸੈਂਟਰ ਵਿਚ ਮੇਰੀਆਂ ਚਾਰ ਫਿਲਮਾਂ ਦੀ ਪ੍ਰਿੰਟ ਕਰਵਾਈ ਦੀ 900 ਸ਼ਲਿੰਗ ਲਗ ਗਏ।

ਇਸਤਰਾਂ ਬਾਜ਼ਾਰ ਵਿਚ ਘੁੰਮ ਫਿਰਕੇ ਡੇਰੇ ਆਏ ਤਾਂ ਸਤਿਗੁਰੂ ਜੀ ਸ. ਪ੍ਰਤਾਪ ਸਿੰਘ ਦੇ ਬੰਗਲੇ ਜਾ ਚੁਕੇ ਸਨ।

### ਧਨਵੰਤ ਕੌਰ ਜੀ ਦੀ ਅਰਜ਼

ਸ੍ਰੀ ਸਤਿਗੁਰੂ ਜੀ ਦੇ ਡੇਰੇ ਵਾਪਸ ਆਇਆਂ ਬੀਬੀ ਧਨਵੰਤ ਕੌਰ ਆਪਣੀ ਪੋਤਰੀ ਕਮਲ ਅਤੇ ਦਾਮਾਦ ਸ੍ਰੀ ਰਾਮ ਨਾਲ ਸਾਧ ਸੰਗਤ ਵਾਸਤੇ ਇਕ ਸੁੰਦਰ ਗੈਲਨ ਭਰ ਕੇ ਦੁੱਧ ਲਿਆਈ ਸੀ. ਗੁਰੂ ਚਰਨਾਂ ਵਿਚ ਹਾਜ਼ਰ ਹੋਣ ਦਾ ਅਵਸਰ ਪ੍ਰਾਪਤ ਹੋਇਆ ਤਾਂ ਉਸ ਆਪਣੀ ਦੁਹਤੀ ਵਾਸਤੇ ਅਰਜ਼ ਕੀਤੀ - ਸੱਚੇ ਪਾਤਸ਼ਾਹ ਕੁਝ ਖਾਂਦੀ ਨਹੀਂ। ਡਾਕਟਰ ਕੋਈ ਕਾਰਨ ਵੀ ਨਹੀਂ ਦੱਸਦੇ। ਬਚੀ ਦਿਨ ਬਦਿਨ ਨਿਘਰਦੀ ਜਾ ਰਹੀ ਹੈ, ਕਿਰਪਾ ਕਰੋ। ਸਤਿਗੁਰੂ ਜੀ ਨੇ ਲੜਕੀ, ਜਿਸਦੀ ਉਮਰ ਛੇ ਕੁ ਸਾਲ ਦੀ ਸੀ, ਦੀ ਮਾਂ ਨੂੰ ਆਗਿਆ ਕੀਤੀ ਕਿ ਉਹ ਰੋਜ਼ਾਨਾ ਬੱਚੀ ਨੂੰ ਗੋਦ ਵਿਚ ਲੈਕੇ ਅਧਾ ਘੰਟਾ ਭਜਨ ਕਰਿਆ ਕਰੇ।

### ਸਿਖਾਂ ਦੇ ਘਰੀਂ ਚਰਨ

ਦੀਨ ਦਿਆਲ ਆਰਾਮ ਉਪਰੰਤ ਇਸ਼ਨਾਨ ਕਰ, ਤਿਆਰ ਹੋ, ਨੈਰੋਬੀ ਵਿਚਲੇ, ਸਿਖਾਂ ਦੀਆਂ ਕੀਤੀਆਂ ਹੋਈਆਂ ਅਰਜ਼ਾਂ ਅਨੁਸਾਰ, ਉਨ੍ਹਾਂ ਦੇ ਘਰੀਂ ਚਰਨ ਪਾਉਣ ਲਈ ਕਾਰ ਸਵਾਰ ਹੋਏ ਤਾਂ ਪਿਛੇ ਤਿਨ ਕਾਰਾਂ ਹੋਰ ਵੀ ਲੈਂਕ ਤੁਰੀਆਂ। ਠਾਕੁਰ ਜੀ ਤੇ ਸੁਕਲਾ ਫੋਟੋਗ੍ਰਾਫੀ ਵਾਸਤੇ, ਸਕੱਤਰ ਤਰਸੇਮ ਸਿੰਘ, ਖਜ਼ਾਨਚੀ ਮਹਿੰਦਰ ਸਿੰਘ ਤੇ ਬਲਦੇਵ ਸਿੰਘ ਹਜ਼ੂਰੀ ਸੇਵਕ, ਪ੍ਰਬੰਧਕ ਕਮੇਟੀ ਵਿਚੋਂ ਸੂਬਾ ਸੋਹਣ ਸਿੰਘ ਜੀ, ਸ. ਸੀਕ੍ਰਾ, ਸ੍ਰੀ ਛਾਬਾ, ਸ੍ਰੀ ਗੇਰਾ, ਸ. ਸੁਰਿੰਦਰ ਸਿੰਘ ਲੁਧਿਆਣਾ ਤੇ ਕੁਝ ਹੋਰ ਸਿੰਘ।

ਅੰਤ ਸਤਿਗੁਰੂ ਜੀ ਨੇ ਕਵਲਜੀਤ ਸਿੰਘ ਜੀ ਦੀ ਕਾਰ ਨੂੰ ਨਿਵਾਜਿਆ। ਜਿਸ-ਜਿਸ ਘਰ ਵਿਚ ਵੀ ਦੀਨ ਦਿਆਲ ਚਰਨ ਪਾਉਣ ਗਏ ਉਥੇ ਹੀ ਨਵੇਂ ਸਿਖਾਂ ਨੂੰ ਭਜਨ ਦੂਆ ਮਾਸ ਸ਼ਰਾਬ ਛੁਡਵਾਇਆ, ਪੁਰਾਣੇ ਸਿਖਾਂ ਦੀ ਪੁਛ ਤਾਣ ਕੀਤੀ। ਹਰੇਕ ਨੇ ਦਸਤਾਰ, ਬਾਦਾਮ ਮਿਸ਼ਰੀ ਆਦਿ ਪਦਾਰਥਾਂ ਨਾਲ ਨਕਦ ਭੇਟਾ ਧਰ ਜ਼ਰੂਰ ਮੱਥਾ ਟੇਕਿਆ। ਅੰਤ ਹੇਠ ਲਿਖੇ ਘਰੀਂ ਚਰਨ ਪਾਏ :

1. ਸ. ਹਰਭਜਨ ਸਿੰਘ ਸੈਹਬੀ (6-7 ਮਹੀਨੇ ਪਹਿਲਾਂ ਇਹਨਾਂ ਦਾ ਲੜਕਾ ਨੈਰੋਬੀ ਕਾਰ ਰੈਲੀ ਸਮੇਂ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ।)
2 ਸ. ਸੁਹਾਵਾ ਸਿੰਘ
3 ਸ. ਦਰਸ਼ਨ ਸਿੰਘ ਰਾਹੀਰ



Sri Satguru Jagjit Singh Ji Elibrary NamdhariElibrary@gmail.com

4. ਸ. ਚਰਨ ਸਿੰਘ ਭੁੱਲਰ
5. ਸ. ਊਧਮ ਸਿੰਘ ਰਾਗੀ
6. ਸ. ਬਾਵਾ ਸਿੰਘ ਦੀ ਵਰਕਸ਼ਾਪ
7. ਉਪਰੋਕਤ ਵਰਕਸ਼ਾਪ ਦੇ ਭਾਈਵਾਲ ਸ. ਕਿਰਪਾਲ ਸਿੰਘ ਤੇ ਇਸਦੇ ਸਪੁੱਤਰ ਸ. ਜਸਵਿੰਦਰ ਸਿੰਘ ਹੁਰਾਂ ਨੇ ਦਫਤਰ ਵਿਚ ਚਰਨ ਪੁਆਏ ਅਤੇ ਮਧ ਸਰਾਬ ਛਡਵਾਇਆ।
8. ਸ. ਸਤਵੰਤ ਸਿੰਘ ਭੁੱਲਰ
9. ਸ. ਜਸਵੰਤ ਸਿੰਘ, ਮੀਤ ਪ੍ਰਧਾਨ ਨਾਮਧਾਰੀ ਸੰਗਤ ਨੈਰੋਬੀ
10. ਸੰਤ ਦਿਆਲ ਸਿੰਘ ਲੁਹਾਰ ਪ੍ਰਤਾਪ ਪੁਰਾ
11. ਸ. ਹਰਪ੍ਰੀਤ ਸਿੰਘ ਭੁੱਲਰ

3.30 ਵਜੇ ਡੇਰੇ ਜਾ, 4 ਵਜੇ ਧਰਮਸ਼ਾਲਾ ਵਿਖੇ ਪਹੁੰਚ 5 ਵਜੇ ਨਾਮ ਸਿਮਰਨ ਵਿਚ ਸ਼ਾਮਲ ਹੋਏ। 5 ਵਜੇ ਤੋਂ ਦੋ ਸ਼ਬਦਾਂ ਦਾ ਕੀਰਤਨ ਕੀਤਾ ਗਿਆ। ਸਾਧ ਸੰਗਤ ਦਾ ਲੰਗਰ ਧਰਮਸ਼ਾਲਾ ਵਿਖੇ ਹੀ ਤਿਆਰ ਸੀ। ਹਰੇਕ ਨੇ ਸੰਤੁਸ਼ਟ ਹੋ ਕੇ ਛਕਿਆ।

6.30 ਵਜੇ ਮੈਂ ਡੇਰੇ ਗਿਆ ਤਾਂ ਸ੍ਰੀ ਸਤਿਗੁਰੂ ਜੀ ਨੇ ਮੈਨੂੰ ਅਤੇ ਸ. ਰਾਜਿੰਦਰ ਸਿੰਘ ਸੁਖਲਾ ਨੂੰ ਆਪਣੀ ਭੋਜਨਸ਼ਾਲਾ ਵਿਖੇ ਬੁਲਾਇਆ। ਓਥੇ ਸਕੱਤਰ ਤਰਸੇਮ ਸਿੰਘ ਤੇ ਹੋਰ ਸੇਵਕ ਵੀ ਸਨ। ਮੈਨੂੰ ਆਗਿਆ ਕੀਤੀ ਗਈ ਕਿ ਰਾਤ ਦੀ ਸੰਗੀਤ ਸਭਾ ਵਿਚ ਮੈਂ ਮੰਚ ਸਕੱਤਰੀ ਦੀ ਜ਼ਿੰਮੇਵਾਰੀ ਸੰਭਾਲਾਂ। ਸੱਚੇ ਪਾਤਸ਼ਾਹ ਜੀ ਨੇ ਆਪ ਮੈਨੂੰ ਗਾਉਣ ਤੇ ਵਜਾਉਣ ਵਾਲਿਆਂ ਦੇ ਨਾਮ, ਸਾਜ਼, ਰਾਗ ਅਤੇ ਤਾਲ ਆਦਿਕ ਨੋਟ ਕਰਵਾਏ।

**ਕੀਨੀਆ ਨੈਸ਼ਨਲ ਥੀਏਟਰ ਵਿਖੇ**

ਨੈਰੋਬੀ ਦੇ ਨਾਮਧਾਰੀ ਜੁਆਨਾਂ, ਜਿਹੜੇ ਵਿਦਿਅਕ ਜਥੇ ਦੇ ਨਾਂ ਨਾਲ ਇਕਜੁਟ ਸਨ, ਦੇ ਉੱਦਮ ਨਾਲ ਅੱਜ ਦਾ ਸੰਗੀਤ ਸਮੇਲਨ ਸੀ। ਸਤਿਗੁਰੂ ਜੀ ਦੇ ਰਾਗ ਪ੍ਰਤੀ ਅਨੁਰਾਗ ਨੂੰ ਦੇਖਦਿਆਂ ਅਜ ਸ਼ਾਮ ਲਈ ਸੰਗੀਤ ਸਭਾ ਦਾ ਪ੍ਰੋਗਰਾਮ ਇਨ੍ਹਾਂ ਬਣਾ ਲਿਆ ਸੀ। ਮੈਂ ਮਸਾਂ ਹੀ 6.30 ਵਜੇ ਕੀਨੀਆ ਨੈਸ਼ਨਲ ਥੀਏਟਰ ਵਿਖੇ ਪਹੁੰਚ ਸਕਿਆ। ਥੀਏਟਰ ਦਾ ਸਾਰਾ ਹਾਲ ਬੜੇ ਜਤਨ ਨਾਲ ਸਵਾਰਿਆ ਸ਼ਿੰਗਾਰਿਆ ਗਿਆ ਸੀ। 450 ਦੇ ਬੈਠਣ ਦੀਆਂ ਕੁਰਸੀਆਂ। ਮੰਚ ਪਰਦੇ ਤੇ ਫੁੱਲਾਂ ਨਾਲ ਬਣਾਏ Welcome ਅਰਥਾਤ ਜੀਉ ਆਇਆਂ। ਹਰ ਅਉਣ ਵਾਲੇ ਦਾ ਸੁਆਗਤ। ਬੈਕਗ੍ਰਾਉਂਡ ਪਰਦੇ ਨੂੰ ਵਿਚਕਾਰੋਂ ਪੂਰੀ ਤਰ੍ਹਾਂ ਸਫੈਦ ਬਣਾ, ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਇਕ ਰੰਗੀਨ ਤੇ ਸੁੰਦਰ ਪੋਰਟਰੇਟ ਫੁੱਲਾਂ ਨਾਲ ਸਜਾਇਆ ਗਿਆ ਸੀ। ਉਤੋਂ ਤਕੜੀ ਚਮਕਦੇ ਕਾਗਜ਼ਾਂ ਦੀਆਂ ਰੰਗੀਨ ਕਾਤਰਾਂ ਵਲਦਾਰ ਰੇਖਾਵਾਂ ਦੇ ਰੂਪ ਵਿਚ ਹੇਠਾਂ ਉਤਰਦੀਆਂ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਆਸਣ ਉਪਰ ਜਲੌਅਦਾਰ ਚੰਦੋਆ, ਚਾਰ ਸੂਖਮ ਪਰ ਮਜ਼ਬੂਤ ਤੌਰ ਨਾਲ ਬਣਿਆਂ ਲਗਾ ਰਿਹਾ ਸੀ। ਉਹ ਤਾਂ ਇਕ ਪ੍ਰਕਾਰ ਦਾ ਦਰਬਾਰੀ ਛੱਤਰ ਸੀ। ਵਿਵਿਧ ਰੰਗੀ ਫੁੱਲਾਂ ਦੇ ਗੁਲਦਸਤੇ ਮੰਚ ਦੀ ਸੋਭਾ ਨੂੰ ਚਾਰ ਚੰਨ ਲਾ ਰਹੇ ਸਨ। ਮੰਚ ਦੀ ਵਿਛਾਈ ਉਤੇ ਸੱਜੇ ਪਾਸੇ ਸ੍ਰੀ ਸਤਿਗੁਰੂ ਜੀ ਤੇ ਖੱਬੇ ਪਾਸੇ ਕਲਾਕਾਰਾਂ ਲਈ ਉੱਚੇ ਮੰਚ ਸਥਾਪਤ ਸਨ।

ਸ੍ਰੀ ਸਤਿਗੁਰੂ ਜੀ 7 ਵਜੇ ਰਾਤੀ ਆਸਣ ਉਤੇ ਆ ਬਿਰਾਜਮਾਨ ਹੋਏ। ਬਾਹਰ ਜਦੋਂ



Sri Satguru Jagjit Singh Ji Elibrary NamdhariElibrary@gmail.com

ਵਾਲਿਆਂ, ਸ. ਹਰਪਾਲ ਸਿੰਘ ਭੌਂਸੀ, ਸੂਬਾ ਸਤਨਾਮ ਸਿੰਘ ਜੀ ਅਤੇ ਹੋਰ ਜਵਾਨਾਂ ਅਤੇ ਨਾਮਧਾਰੀ ਸੰਗਤ ਸਮੇਤ ਆਗੂਆਂ ਦੇ ਹਾਰ ਪਹਿਨਾਅ ਕੇ ਪਬਲਿਕ ਤੌਰ ਤੇ ਸਤਿਗੁਰੂ ਜੀ ਦਾ ਸੁਆਗਤ ਕੀਤਾ ਗਿਆ ਸੀ।

## ਪ੍ਰਥਮ ਗਾਇਕ

12 ਮਾਰਚ 1983 ਨੂੰ ਰਾਤ ਦੇ ਪੂਰੇ 7 ਵਜੇ ਹੀ ਮੈਂ ਆ ਮੰਚ ਸੰਭਾਲਿਆ। ਸੰਖੇਪ ਜਿਹੀ ਭੂਮਿਕਾ ਬੰਨ੍ਹ ਕੇ ਅਤੇ ਠਾਕੁਰ ਦਲੀਪ ਸਿੰਘ ਜੀ ਬਾਰੇ ਦੱਸਕੇ, ਉਨ੍ਹਾਂ ਤੋਂ ਮੰਗ ਕੀਤੀ ਕਿ ਉਹ ਦਰਬਾਰੀ ਕਾਨੜਾ, ਤਾਰ ਧਮਾਰ ਵਿਚ ਹੋਲੀ ਸੁਣਾਨ। ਠਾਕੁਰ ਜੀ ਵਾਸਤੇ, ਮੰਚ ਉੱਤੇ, ਸਤਿਗੁਰੂ ਜੀ ਤੇ ਸੰਗਤ ਸਾਹਮਣੇ, ਇਸ ਤਰਾਂ ਪੇਸ਼ ਹੋਣ ਦਾ ਇਹ ਪਹਿਲਾ ਹੀ ਅਵਸਰ ਸੀ। ਪਰ ਇਨ੍ਹਾਂ ਹਿੰਮਤ ਕੀਤੀ, ਅਤੇ ਸੁਖਵਿੰਦਰ ਸਿੰਘ ਪਿੰਕੀ ਦੀ ਤਬਲਾ ਸੰਗਤ ਨਾਲ ਗਾਉਣਾ ਸ਼ੁਰੂ ਕੀਤਾ।

*ਚਲੋ ਰੀ ਸਭ ਬਨ ਠਨ,*
*ਹੋਰੀ ਖੇਲਤ ਨੰਦ ਲਾਲ।*
*ਅਬੀਰ, ਗੁਲਾਲ ਕੇ ਬਾਦਲ ਛਾਏ*
*ਕੁਮਕੁਮ ਕੀ ਝਰੀ ਲਾਏ।*

*ਤਿਨ ਤਾਲ ਵਿਚ :*

*ਬਾਤ ਨ ਕਰ ਰਸੀਆ ਹਮ ਸੰਗ।*
*ਹਮ ਪਰਾਏ ਘਰ ਕੀ ਨਾਰੀਆਂ*
*ਦੇਖਤ ਹੰਸਤ ਲੋਗ ਲੁਗਾਈਆਂ।*
*ਅੰਤਰਾ: ਸਾਸ ਨਨਦ ਮੋਰੀ ਅਤਿ ਹੀ ਹਠੀਲੀ*
*ਜਾਇ ਕਹੇਗੀ ਕਹਿ ਸਭੇ ਸਹੇਲੀ*
*ਛੋਡੋ ਛੋਡੋ, ਤੋਰੇ ਲਾਗੂੰ ਪਈਆਂ।*
*ਬਾਤ ਨ ਕਰ...........................*

ਠਾਕੁਰ ਜੀ ਨੇ ਸੋਹਣਾ ਗਾਇਆ।

## ਸ੍ਰੀ ਬਲਜੀਤ ਸਿੰਘ

ਫਿਰ ਸ੍ਰੀ ਬਲਜੀਤ ਸਿੰਘ ਜਿਸ ਨੂੰ ਹਜ਼ੂਰੀ ਕਲਾਕਾਰ ਹੋਣ ਦਾ ਵੀ ਮਾਣ ਪ੍ਰਾਪਤ ਹੈ, ਨੇ, ਛੋਟੇ ਖਿਆਲ ਨੂੰ ਰਾਗ ਪਟਦੀਪ ਅਤੇ ਤਾਲ ਤਿਨ ਵਿਚ ਗੀਵਿਆ। ਬੋਲ :

*ਪੰਨ ਪੰਨ ਭਾਗ ਜਾਗੇ।*
*ਅੰਤਰਾ: ਸਾਸ ਸਖੀ ਮਿਲ ਦਿਓ ਰੀ ਮੁਬਾਰਕ*
*ਸੁੰਦਰ, ਸੁਘੜ, ਪਿਆਰੇ ਕੇ ਘਰ ਆਏ।*

ਪਿੰਕੀ ਦੇ ਤਬਲੇ ਨਾਲ ਭਾਵੇਂ ਇਹ ਰਚਨਾ ਜਚ ਸਕਦੀ ਸੀ, ਪਰ ਅੰਗ ਬਹੁਤਾ ਨਹੀਂ ਸਿੰਮਿਆ। ਸੁਰਾਂ ਕਮਜ਼ੋਰ ਲਗਾਈਆਂ ਰਹੀਆਂ।



Sri Satguru Jagjit Singh Ji Elibrary NamdhariElibrary@gmail.com

### ਪਿੰਕੀ ਦਾ ਤਬਲਾ

ਤੀਜੀ ਆਈਟਮ ਸ੍ਰੀ ਸੁਖਵਿੰਦਰ ਸਿੰਘ ਪਿੰਕੀ ਦਾ ਸੋਲੋ ਤਬਲਾ ਵਾਦਨ। ਪਿੰਕੀ ਵੀ ਹਜ਼ੂਰੀ ਕਲਾਕਾਰ ਹੈ। ਇਸ ਨੇ ਤਿੰਨ ਤਾਲ ਨੂੰ ਅੱਧਾ ਘੰਟਾ ਭਟਕੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ। ਸਰੋਤਿਆਂ ਨੇ ਬਾਰ ਬਾਰ ਤਾਲੀਆਂ ਵਜਾਕੇ ਕਿਸ਼ੋਰ ਪਿੰਕੀ ਨੂੰ ਸਲਾਹਿਆ। ਸਤਿਗੁਰੂ ਜੀ ਨੂੰ ਹਰ ਪ੍ਰੋਗਰਾਮ ਤੇ ਪ੍ਰਸੰਨਤਾ ਹੋ ਰਹੀ ਹੈ।

### ਤਾਰ ਸ਼ਹਿਨਾਈ

ਬਲਜੀਤ ਸਿੰਘ (18) ਦੀ ਫਿਰ ਵਾਰੀ ਆਈ। ਹੁਣ ਇਸਨੇ ਤਾਰ ਸ਼ਹਿਨਾਈ ਤੇ ਰਾਗ ਕਿਰਵਾਣੀ, ਤਿੰਨ ਤਾਲ ਵਿਚ ਵਿਲੰਬਤ, ਮੱਧ ਅਤੇ ਦ੍ਰੁਤ ਲੈਅ ਵਿਚ ਸੁਣਾਇਆ। ਇਸਨੇ ਸ੍ਰੋਤਿਆਂ ਮਨ ਮੋਹਣਾ ਕੰਮ ਕੀਤਾ। ਬਹੁਤ ਸਾਰੇ ਲੋਕਾਂ ਨੇ 100-100 ਦੇ ਨੋਟ ਮੰਚ ਉੱਤੇ ਆਕੇ ਭੇਟਾ ਕੀਤੇ ਪਿੰਕੀ ਤੇ ਬਲਜੀਤ ਨੂੰ। ਅੰਤ ਉੱਤੇ ਬਲਜੀਤ ਸਿੰਘ ਨੇ ਮਿਸਰਤ ਪੀਲੂ ਨਾਲ ਸਰੋਤਿਆਂ ਨੂੰ ਪ੍ਰਸੰਨ ਕੀਤਾ।

### ਸਤਿਗੁਰੂ ਜੀ ਵਲੋਂ

ਸ੍ਰੋਤਿਆ ਦੀ ਤਵੱਕੋ ਤੋਂ ਬਾਹਰ, ਅਚਾਨਕ, ਸਤਿਗੁਰੂ ਜੀ ਨੇ ਸੰਬੋਧਨ ਕਰਨਾ ਸ਼ੁਰੂ ਕਰ ਦਿਤਾ।

*ਸੰਗੀਤ ਪ੍ਰੇਮੀਓ !*

ਆਪ ਨੇ ਗਾਇਨ ਵਾਦਨ ਸੁਣਿਆ ਹੈ। ਵਡਿਆਂ ਦਾ ਇਹ ਕੰਮ ਹੀ ਬਣਦਾ ਹੈ ਕਿ ਉਹ ਆਪਣੇ ਛੋਟਿਆਂ ਨੂੰ ਏਨਾ ਪਿਆਰ ਤੇ ਸਤਿਕਾਰ ਦੇਣ ਜਿਵੇਂ ਅੱਜ ਆਪ ਨੇ ਨਿਵਾਜਿਆ ਹੈ।

ਕਵੀ ਜੀ ਦੇ ਵਿਚਾਰ ਤੁਸਾਂ ਸੁਣੇ ਨੇ। ਉਨ੍ਹਾਂ ਨੇ ਕੁਛ ਹੋਰ ਵੀ ਆਖਿਆ ਹੈ, ਉਹ ਪਤਾ ਨਹੀਂ ਕਿਸਦੀ ਤੇ ਕਿਦੋਂ ਵਾਰੀ ਆਵੇਗੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਤਬਲੇ ਉੱਤੇ ਪੰਜਾਬੀ ਠੇਕੇ ਦੇ ਚੰਗੇ ਵਾਦਕ ਸਨ। ਉਹਨਾਂ ਨੇ ਭਾਈ ਕਾਲੂ, ਵਿਰੂ ਆਦਿ ਰਾਗੀਆਂ ਰਬਾਬੀਆਂ ਨੂੰ ਸੁਣ ਮੰਨ ਕੇ ਸੰਗੀਤ ਦੀ ਪ੍ਰਫੁਲਤਾ ਵਲ ਧਿਆਨ ਦਿਤਾ।

ਭਾਰਤ ਨੂੰ ਮਾਣ ਹੈ ਕਿ ਉਸਨੇ ਕਿੰਨੀ ਤੇਜ਼ੀ ਨਾਲ ਬਹੁ ਪਾਸਤ ਪ੍ਰਗਤੀ ਕੀਤੀ ਹੈ। ਬਾਕੀ ਦੇਸ਼ਾਂ ਤੋਂ ਇਲਾਵਾ ਉਸਨੇ ਰੂਹਾਨੀਅਤ ਵਿਚ ਵੀ ਸਦਾ ਅਗਵਾਈ ਕੀਤੀ ਏ। ਖੇਡਾਂ ਵਿਚ, ਸਾਡੇ ਬੱਚੇ ਮਿਹਨਤ ਕਰਕੇ ਨਹਿਰੂ ਜੂਨੀਅਰ ਹਾਕੀ ਚੈਂਪੀਅਨਸ਼ਿਪ ਰੰਨਰ ਅੱਪ ਤਕ ਜਾਂਦੇ ਸਨ। ਇਸ ਸਭ ਕੁਝ ਦਾ ਤੁਹਾਨੂੰ ਹੀ ਮਾਣ ਹੈ। ਮੈਂ ਨੈਰੋਬੀ ਵਾਲਿਆਂ ਨੂੰ ਕਹਾਂਗਾ ਕਿ ਉਹ ਵੀ ਆਪਣੇ ਬੱਚਿਆਂ ਨੂੰ ਅੱਗੇ ਲਿਆਉਣ। ਸਾਨੂੰ ਉਨ੍ਹਾਂ ਦੇ ਧਿਆਨ ਭਿੜਾਉਣ ਵਾਲੀਆਂ ਪਰਵਿਰਤੀਆਂ ਵਲ ਨਹੀਂ ਪੈਣ ਦੇਣਾ ਚਾਹੀਦਾ। ਇਹ ਬੱਚੇ ਤੁਹਾਡੇ ਸਨੇਹ ਤੇ ਬਰਕਾਇਆ ਦੇ ਚਾਹਵਾਨ ਹਨ। ਸਤਿਗੁਰੂ ਜੀ ਦੇ ਉਪ੍ਰੋਕਤ ਸੰਖੇਪ ਬਚਨਾਂ ਉਪਰੰਤ 10 ਮਿੰਟ ਦਾ ਮੱਧਿਆਂਤਰ ਹੋ ਗਿਆ।



Sri Satguru Jagjit Singh Ji Elibrary NamdhariElibrary@gmail.com

### ਉਸਤਾਦ ਬਸ਼ਾਰਤ ਖ਼ਾਨ

ਦੂਜੀ ਬੈਠਕ ਦਾ ਆਰੰਭ ਅਤੇ ਅੰਤ ਉਸਤਾਦ ਬਸ਼ਾਰਤ ਖ਼ਾਨ ਨੈਰੋਬੀ ਦੀ ਸਿਤਾਰ ਨਾਲ ਹੋਇਆ। ਉਸਤਾਦ ਬਸ਼ਾਰਤ ਖ਼ਾਨ ਨੈਰੋਬੀ ਵਿਖੇ ਸ਼ਾਸਤਰੀ ਸੰਗੀਤ ਦੇ ਮੁਸ਼ਤਾਕ ਲੋਕਾਂ ਵਿਚ ਚੰਗੀ ਥਾਂ ਰਖਦਾ ਹੈ। ਇਸਦੇ ਨਾਲ ਤਬਲੇ ਤੇ ਸੰਗਤ ਨਾਮਧਾਰੀ ਕਲਾਕਾਰ ਸ. ਹਰਪਾਲ ਸਿੰਘ ਭੁੱਲੀ ਨੇ ਕੀਤੀ। ਉਸਤਾਦ ਬਸ਼ਾਰਤ ਨੇ ਯਮਨ ਕਲਿਆਣ ਵਿਚ ਆਲਾਪ ਜੋੜ, ਝਾਲਾ, 45 ਮਿੰਟ ਤਕ ਬੜਾ ਔਖਾ ਵਜਾਇਆ। ਪਰ ਇਹ ਸਾਰੇ [illegible] ਵਾਲੇ ਬੱਚਿਆਂ ਤੇ ਬਹੁਤਾ. ਪ੍ਰਭਾਵ ਨਹੀ ਪੈਦਾ ਕਰ ਸਕਿਆ। ਸ. ਭੁੱਲੀ [illegible] ਕਲਾਪੂਰਣ ਢੰਗ ਨਾਲ ਹੀ ਉਸਤਾਦ ਦਾ ਸਾਥ ਕਰਦਾ ਰਿਹਾ।

ਸੰਗੀਤ ਸਭਾ ਰਾਤ ਦੇ 10.55 ਤਕ ਚਲੀ।

### ਮੇਰੀਆਂ ਗ਼ਲਤੀਆਂ

ਮੰਚ ਉੱਤੇ ਅੱਜ ਮੇਰਾ ਰਵੱਈਆ ਵੀ ਅਸਤ ਵਿਅਸਤ ਰਿਹਾ। ਹੋਰ ਤਾਂ ਸਭ ਕੁਝ ਠੀਕ ਠਾਕ ਬੋਲਿਆ ਪਰ ਠਾਕੁਰ ਜੀ ਦੀ ਪੇਸ਼ਕਾਰੀ ਸਮੇ ਮੈ ਕੁਝ ਵਾਧੂ ਹੀ ਬੋਲ ਗਿਆ। ਕੇਵਲ ਠਾਕੁਰ ਜੀ ਨੂੰ ਪੇਸ਼ ਕਰਦਿਆਂ ਹੀ ਮੈ ਇਹ ਗ਼ਲਤੀਆਂ ਕੀਤੀਆਂ। ਜਿਸ ਬਾਰੇ ਸਤਿਗੁਰੂ ਜੀ ਨੇ ਮੈਨੂੰ ਸੁਚੇਤ ਕੀਤਾ ਅਤੇ ਪਬਲਿਕ ਵਿਚ ਉਨ੍ਹਾਂ ਬਾਰੇ ਇਸ਼ਾਰਾ ਕੀਤਾ।

ਪਹਿਲੀ ਗ਼ਲਤੀ ਤਾਂ ਮੈ ਇਹ ਕੀਤੀ ਕਿ ਵਰਤਮਾਨ ਸੰਬੰਧਾਂ ਨੂੰ ਵੇਖਦਿਆਂ ਕਹਿ ਬੈਠਾ : ਠਾਕੁਰ ਦਲੀਪ ਸਿੰਘ ਜੀ ਸ੍ਰੀ ਸਤਿਗੁਰੂ ਜੀ ਦੇ ਸੁਯੋਗ ਸਪੁੱਤਰ ਹਨ। ਸਤਿਗੁਰੂ ਜੀ ਨੇ ਮੈਨੂੰ ਆਪਣੇ ਪਾਸ ਬੁਲਾਕੇ ਆਗਿਆ ਕੀਤੀ ਕਿ ਮੈ ਲੋਕਾਂ ਨੂੰ ਦੱਸਾਂ ਕਿ ਠਾਕੁਰ ਜੀ ਮਹਾਰਾਜ ਬੀਰ ਸਿੰਘ ਜੀ ਦੇ ਲੜਕੇ ਹਨ।

ਦੂਜੀ ਗਲਤੀ ਸੀ ਕਿ ਮੈ ਕਹਿ ਬੈਠਾ, ਸਤਿਗੁਰੂ ਜੀ ਠਾਕੁਰ ਦਲੀਪ ਸਿੰਘ ਜੀ ਨੂੰ ਆਪਣੇ ਜਾਨਸ਼ੀਨ ਦੇ ਤੌਰ ਤੇ ਤਿਆਰ ਕਰ ਰਹੇ ਹਨ। ਮੇਰੀਆਂ ਇਹਨਾ ਗੱਲਾਂ ਤੋਂ ਇਕ ਗੱਲ ਤਾਂ ਸਪਸ਼ਟ ਹੋ ਗਈ ਕਿ ਇਹ ਜ਼ਰੂਰੀ ਨਹੀ ਕਿ ਠਾਕੁਰ ਦਲੀਪ ਸਿੰਘ ਜੀ ਹੀ ਸਤਿਗੁਰੂ ਜੀ ਦੇ ਜਾ ਨਸ਼ੀਨ ਹੋਣ।

### ਮਾਣਯੋਗ ਹਸਤੀਆਂ

ਜਿਨ੍ਹਾਂ ਵਿਅਕਤੀਆਂ ਨੂੰ ਇਸ ਸਮੇ ਸਤਿਗੁਰੂ ਜੀ ਦੇ ਪਾਸ ਬੈਠਣ ਦਾ ਮਾਣ ਪ੍ਰਾਪਤ ਹੋਇਆ ਉਨ੍ਹਾਂ ਦੇ ਨਾਮ ਹਨ: ਸੰਤ ਤਰਸੇਮ ਸਿੰਘ, ਸੰਤ ਮਹਿੰਦਰ ਸਿੰਘ ਪ੍ਰਬਾ, ਸੂਬਾ ਸੋਹਣ ਸਿੰਘ ਜੀ, ਸ. ਹਰਭਜਨ ਸਿੰਘ ਸੀਹਾਂ, ਸੂਬਾ ਸਤਨਾਮ ਸਿੰਘ ਜੀ, ਸ. ਸਤਪਾਲ ਸਿੰਘ ਭੱਟੀ, ਸ. ਕਵਲਜੀਤ ਸਿੰਘ ਵਿਦਿਅਕ ਸਭੇ ਦਾ ਪ੍ਰਧਾਨ ਸ. ਸੁਰਜੀਤ ਸਿੰਘ ਫਲੌਰਾ, ਸ. ਬਲਵਿੰਦਰ ਸਿੰਘ ਉੜੀ, ਸੰਤ ਖਜ਼ਾਨ ਸਿੰਘ - ਸੰਤ ਹਰਬੰਸ ਸਿੰਘ ਘੁੱਲਾ ਤੇ ਸ. ਬਿਕਰਮਪਾਲ ਸਿੰਘ ਸੰਤੂਰਵਾਦਕ। ਅੱਜ ਦੇ ਸਰੋਤਿਆਂ ਵਿਚ ਨੈਰੋਬੀ ਦੇ ਨਾਮਧਾਰੀਆਂ, ਕਲਾਪ੍ਰੇਮੀਆਂ ਅਤੇ ਹੋਰ ਪ੍ਰਤਿਸ਼ਠਤ ਹਸਤੀਆਂ ਤੋਂ ਇਲਾਵਾ ਗੁਆਂਢੀ ਦੇਸ਼ ਤਨਜ਼ਾਨੀਆ ਦੇ ਸਿਖ ਸ੍ਰੀ ਵੀਰ ਚੰਦ, ਇਨਾਂ ਦੇ ਸਪੁੱਤਰ ਸ੍ਰੀ ਧਰਮਪਾਲ ਤੇ ਸ੍ਰੀ ਅੰਮ੍ਰਿਤ ਪਾਲ, ਸ੍ਰੀ ਵੀਰ ਚੰਦ ਦੇ ਵਡੇ ਭਾਈ ਸ੍ਰੀ ਬੁੱਧ ਰਾਮ ਦੇ ਦਾਮਾਦ ਸ੍ਰੀ ਨੰਦੂ ਰਾਮ ਅਤੇ ਸ੍ਰੀ ਤਰਸੇਮ ਚੰਦ



Sri Satguru Jagjit Singh Ji Elibrary NamdhariElibrary@gmail.com

ਵੀ ਬੈਠੇ ਹੋਏ ਸਨ। ਪਤਾ ਲਗਾ ਹੈ ਕਿ ਉਪਰਲੇ ਸਭੇ ਸਤਿਗੁਰੂ ਜੀ ਦੇ ਵਿਦਾ ਹੋਣ ਤਕ ਨੈਰੋਬੀ ਹੀ ਅਟਕਣਗੇ।

### 13 ਮਾਰਚ 1983, ਐਤਵਾਰ
### ਨੈਰੋਬੀ (ਕੀਨੀਆ)

**ਸਰਬਜੀਤ ਸਿੰਘ ਦਾ ਅਨੰਦ ਕਾਰਜ**

ਨਿਤ ਵਾਂਗ, ਨਾਮਧਾਰੀ ਧਰਮਸਾਲਾ ਵਿਖੇ ਆਸਾ ਦੀ ਵਾਰ ਦਾ ਕੀਰਤਨ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ 4.30 ਤੋਂ 6.30 ਤਕ ਹਜ਼ੂਰੀ ਰਾਗੀਆਂ ਨੇ ਕੀਤਾ। ਇਸ ਵਿਚ ਸ. ਅਜੀਤ ਸਿੰਘ ਮੁਤਲਾਸੀ ਡਾਈਵਾਲ ਸਨ। ਬਸੰਤ ਤੇ ਸ਼ਬਦ ਨਾਲ ਵਾਰ ਦੀ ਸਮਾਪਤੀ ਹੋਈ ਤਾਂ ਆਦਿ ਗ੍ਰੰਥ ਸਾਹਿਬ ਅਤੇ ਕੜਾਹ ਪ੍ਰਸ਼ਾਦ ਲੈ ਆਂਦੇ ਗਏ। ਹਵਨ ਹੋ ਚੁਕਾ ਸੀ ਅਤੇ ਕੇਲਿਆਂ ਦੇ ਸੁੰਦਰ ਥੰਮ੍ਹਿਆਂ ਨਾਲ ਵੇਦੀ ਵੀ ਸੁਸ਼ੋਭਿਤ ਹੋ ਰਹੀ ਸੀ।

ਅੱਜ ਸ. ਅਮਰਜੀਤ ਸਿੰਘ ਦੇ ਸਪੁੱਤਰ ਸ੍ਰੀ ਸਰਬਜੀਤ ਸਿੰਘ ਪੱਪੂ ਦਾ ਅਨੰਦ ਕਾਰਜ ਸ. ਮੋਹਣ ਸਿੰਘ ਇੰਗਲੈਂਡ ਵਾਲਿਆਂ ਦੀ ਸਪੁੱਤਰੀ ਪ੍ਰੇਮ ਜੀਤ ਨਾਲ ਵਿਧੀਵਤ ਸੰਪੰਨ ਹੋ ਗਿਆ। ਪਹਿਲਾਂ ਇਹੋ ਜੋੜਾ ਕੋਰਟ ਮੈਰਿਜ ਕਰਵਾ ਚੁਕਾ ਹੈ। ਲਾਵਾਂ ਦੇ ਪਾਠੀ ਸਤਿਗੁਰੂ ਜੀ ਦੇ ਖ਼ਜ਼ਾਨਚੀ ਸੰਤ ਮਹਿੰਦਰ ਸਿੰਘ ਪੁਰਬਾ ਅਤੇ ਜਥੇਦਾਰ ਸੇਵਾ ਸਿੰਘ ਜਮਨਾ ਨਗਰ ਵਾਲੇ ਸਨ। ਹਵਨ ਕਰਨ ਵਾਲੇ ਵੀ ਖਾਸੁਲਖਾਸ ਸਨ, ਜਿਵੇਂ ਤਰਸੇਮ ਸਿੰਘ ਸਕੱਤਰ, ਸੰਤ ਬਲਦੇਵ ਸਿੰਘ ਹਜ਼ੂਰੀ ਸੇਵਕ, ਸੂਬਾ ਮੋਹਣ ਸਿੰਘ ਜੀ, ਸੰਤ ਗੁਲਜ਼ਾਰ ਸਿੰਘ ਦਮਦਮਾ, ਨਾਮਧਾਰੀ ਸੰਗਤ ਦੇ ਖਜ਼ਾਨਚੀ ਸੰਤ ਪ੍ਰੀਤਮ ਸਿੰਘ ਮਠਾੜੂ, ਜਥੇਦਾਰ ਸੇਵਾ ਸਿੰਘ ਦੇ ਸੰਤ ਵਿਰਸਾ ਸਿੰਘ।

ਸੰਗਤ ਅਜ ਹਮੇਸ਼ਾ ਤੋਂ ਵਧੇਰੇ ਸੀ। ਬੀਬੀਆਂ ਦਾ ਪਾਸਾ ਖਾਸ ਕਰ ਭਾਰੂ ਸੀ। ਕੇਟਕ ਵਿਚ ਵਿਸ਼ੇਸ਼ ਵਾਧਾ ਇਸ ਸੁਭਾਗ ਜੋੜੇ ਦਾ ਅਨੰਦ ਕਾਰਜ ਹੀ ਸੀ। ਪੁਰਬਾ ਦੀ ਅਰਦਾਸ ਤੋਂ ਮਾਲੂਮ ਹੋਇਆ ਕਿ ਦੋ ਪਾਠਾਂ ਦੇ ਭੋਗ ਵਿਆਹੇ ਗਏ ਜੋੜੇ ਦੇ ਪਰਵਾਰ ਵਲੋਂ ਸਨ। ਅਰਦਾਸ ਵਿਚ ਸ. ਕਰਨ ਸਿੰਘ ਤੇ ਸ੍ਰੀ ਨਥੂ ਰਾਮ ਅਰੂਸ਼ੇ ਵਾਲਿਆਂ ਦੇ ਕਾਰੋਬਾਰ ਵਿਚ ਵਧੀ ਦੀ ਅਰਜ਼ ਵੀ ਸੀ।

ਸ. ਹਰਭਜਨ ਸਿੰਘ ਸੰਧੂ ਦੇ ਦਸਣ ਅਨੁਸਾਰ ਅੱਜ ਦੁਪਹਿਰ ਦਾ ਲੰਗਰ ਸਰਬਣ ਸਿੰਘ ਸੈਣੀ, ਪ੍ਰਧਾਨ ਨਾਮਧਾਰੀ ਸੰਗਤ ਵਲੋਂ, ਸ਼ਾਮ ਦਾ ਦੀਵਾਨ ਜਗਾਧਰੀ ਵਾਲੇ ਜਥੇਦਾਰ ਸੇਵਾ ਸਿੰਘ ਅਤੇ ਰਾਤ ਦਾ ਸਹੇਲੀਆਂ ਦਾ ਲੰਗਰ ਸ. ਤਾਰਾ ਸਿੰਘ ਚਾਨਾ ਵਲੋਂ ਸੀ।

ਬੱਚਿਆਂ ਨੇ ਅਨੰਦ ਕਾਰਜ ਉਪਰੰਤ ਸ੍ਰੀ ਗੁਰ ਚਰਨਾਂ ਵਿਚ ਸੀਸ ਝੁਕਾਇਆ। ਸਤਿਗੁਰੂ ਜੀ ਨੇ ਦੋਹਾਂ ਦੇ ਮਾਪਿਆਂ ਨੂੰ ਪਾਸ ਬੁਲਾਕੇ ਕਿਸੇ ਤਰਾਂ ਦਾ ਲੈਣ ਦੇਣ ਤੇ ਪਾਰਟੀ ਵਾਰਟੀ ਨ ਕਰਣ ਦੀ ਤਾਕੀਦ ਕੀਤੀ।



Sri Satguru Jagjit Singh Ji Elibrary NamdhariElibrary@gmail.com

**ਘਰੀ ਚਰਨ ਪਾਉਣ ਜਾਣਾ**

ਅੱਜ ਵੀ ਸਿੱਖਾਂ ਦੀਆਂ ਬੇਨਤੀਆਂ ਤੇ ਸ੍ਰੀ ਸਤਿਗੁਰੂ ਜੀ ਨੇ ਘਰੀਂ ਚਰਨ ਪਾਉਣ ਜਾਣਾ ਸੀ। ਇਸ ਬਾਰੇ ਹੇਠ ਲਿਖੇ ਘਰਾਂ ਨੂੰ ਨਿਵਾਜਿਆ ਗਿਆ।

1. ਸੰਤ ਹਰਭਜਨ ਸਿੰਘ ਰਾਣਾ
2. ਸ. ਚਰਨ ਸਿੰਘ
3. ਸ੍ਰੀ ਰਹਿਮਤੁੱਲਾ(ਰਾਮ ਜੀ) ਦੇ ਘਰ
4. ਸ੍ਰੀ ਬਲਦੇਵ ਸਿੰਘ ਇਹਨਾਂ ਦੇ ਸਮੁੱਚੇ ਪਰਵਾਰ ਨੇ ਭਜਨ ਪੁਛਿਆ।
5. ਸ. ਸਾਧੂ ਸਿੰਘ-ਕੰਵਲਜੀਤ ਸਿੰਘ
6. ਮਿਸਤਰੀ ਗੁਰਬਖਸ਼ ਸਿੰਘ
7. ਸ੍ਰੀ ਮਨ ਮੋਹਨ ਸਿੰਘ, ਸ. ਸਾਧੂ ਸਿੰਘ ਦਾ ਦਾਮਾਦ।

10.30 ਵਜੇ ਤਕ ਡੇਰੇ ਵਾਪਸੀ ਹੋ ਗਈ।

ਅੱਜ ਪ੍ਰਸ਼ਾਦ ਸ. ਸਰਵਣ ਸਿੰਘ ਸੇਖੀ ਪ੍ਰਧਾਨ ਦੇ ਘਰੋਂ ਛਕਕੇ ਸਤਿਗੁਰੂ ਜੀ ਨੇ ਘੰਟੇ ਭੇਰ ਲਈ ਵਿਸ਼ਰਾਮ ਕੀਤਾ।

ਅੱਜ ਬਾਅਦ ਦੁਪਹਿਰ ਦਾ ਨਾਮ ਸਿਮਰਨ ਵੀ ਸ. ਸੇਖੀ ਪ੍ਰਧਾਨ ਦੇ ਘਰੇ ਹੋਇਆ। ਏਥੇ ਹੀ ਸੰਗਤ ਨੂੰ ਰਵੀ ਦਰਬਾਰ ਦੀ ਵੀਡੀਓ ਫਿਲਮ ਵੀ ਵਖਾਈ ਗਈ।

4.30 ਵਜੇ ਲਵੇਰੇ ਪਹਿਰ ਚਰਨ ਪਾਉਣ ਦਾ ਦੂਜਾ ਭਾਗ ਸ਼ੁਰੂ ਹੋਇਆ। ਹੇਠ ਲਿਖੇ ਸਰੀਰਾਂ ਦੇ ਘਰ ਸਤਿਗੁਰੂ ਜੀ ਨੇ ਚਰਨ ਪਾਉਣ ਦੀ ਕਿਰਪਾ ਕੀਤੀ :

1. ਸੰਤ ਗਿਆਨ ਸਿੰਘ ਮਠਾੜੂ
2. ਬੀਬੀ ਊਧਮ ਕੌਰ
3. ਸ. ਪਾਲ ਸਿੰਘ
4. ਸ. ਟਹਿਲ ਸਿੰਘ ਕੂਪਰਾਇ
5. ਸ. ਹਰਭਜਨ ਸਿੰਘ ਸੀਰ੍ਹਾ
6. ਸ. ਜਸਪਾਲ ਸਿੰਘ ਸੰਧੂ
7. ਸ. ਕਰਤਾਰ ਸਿੰਘ ਸਪੁੱਤਰ ਸ. ਰਾਮ ਸਿੰਘ ਫੋਟੋਗ੍ਰਾਫਰ। ਸ. ਰਾਮ ਸਿੰਘ ਨੈਰੋਬੀ ਵਿਖੇ ਮੁਢਲਾ ਫੋਟੋਗ੍ਰਾਫਰ ਸੀ, ਜਿਸਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨੇਕਾਂ ਚਿਤਰ ਲਏ ਸਨ। ਸ. ਕਰਤਾਰ ਸਿੰਘ 3 ਮਹੀਨਿਆਂ ਦਾ ਰੋਗੀ ਸੀ। ਸਤਿਗੁਰਾਂ ਦੇ ਚਰਨਾਂ ਵਿਚ ਗਿਰ ਕੇ ਰੋ ਪਿਆ ਕਿ ਉਸ ਨੂੰ ਏਨਾ ਦੁਖ ਕਿਵੇਂ ਦਿਤਾ ਜਾ ਰਿਹਾ ਹੈ, ਮਸਾਂ ਕਿਤੇ ਦਰਸ਼ਨ ਹੋਏ ਹਨ।

ਅੱਜ ਜਿਨ੍ਹਾਂ ਘਰਾਂ ਵਿਚ ਚਰਨ ਪਾਏ ਗਏ, ਉਨ੍ਹਾਂ ਬਾਦਾਮ ਮਿਸਰੀ ਆਦਿ ਸੁੱਕੇ ਮੇਵਿਆਂ ਨਾਲ ਨਕਦ ਨਾਵਾਂ ਰਖਕੇ ਸ੍ਰੀ ਚਰਨਾਂ ਵਿਚ ਭੇਟ ਕੀਤਾ। ਸਤਿਗੁਰੂ ਜੀ ਅਤੇ ਸਮੂਹੀ ਸੰਗਤ ਦਾ ਜਲ ਪਾਨ ਦਾ ਪ੍ਰਬੰਧ ਸ. ਸੀਰ੍ਹਾ ਦੇ ਘਰ ਸੀ।

6.40 ਵਜੇ ਵਾਪਸ ਡੇਰੇ ਪੁੱਜੇ ਤਾਂ ਸ੍ਰੀ ਸਤਿਗੁਰੂ ਜੀ ਥੋੜਾ ਆਰਾਮ ਕਰ ਧਰਮਸ਼ਾਲਾ ਜਾਣ ਲੱਗੇ। ਏਨੇ ਵਿਚ ਥਾਈਲੈਂਡ ਦੀ ਰਾਜਧਾਨੀ ਬੈਂਕਾਕ ਵਿਚੋਂ ਸੇਠ ਤਰਲੋਕ ਸਿੰਘ ਹੁਰਾਂ ਦਾ ਫੋਨ ਆ ਗਿਆ। ਕੁਝ ਮਿੰਟ ਉਨ੍ਹਾਂ ਨੂੰ ਬਚਨ-ਦਰਸ਼ਨ ਦੇ ਆਪ ਜੀ ਧਰਮਸਾਲਾ ਨੂੰ



Sri Satguru Jagjit Singh Ji Elibrary NamdhariElibrary@gmail.com

ਪਧਾਰੇ।

ਏਥੇ 5.30 ਵਜੇ ਤੋਂ ਜਥੇਦਾਰ ਸੇਵਾ ਸਿੰਘ ਦਾ ਹੱਲੇ ਦਾ ਕੀਰਤਨ ਜਾਰੀ ਸੀ। ਸਾਰੀ ਸੰਗਤ ਨੂੰ ਦਰਸ਼ਨ ਦੇ ਕੇ ਨਿਵਾਜਣਾ ਵੀ ਸੀ ਅਤੇ ਰਾਤ ਨੂੰ, ਸ. ਤਾਰਾ ਸਿੰਘ ਚਾਨਾ ਵਲੋਂ ਜਲੇਬੀਆਂ ਦੇ ਲੰਗਰ ਨੂੰ ਵੀ ਆਪ ਜੀ ਨੇ ਹੀ ਵਰਤਾਣਾ ਸੀ।

### ਨੇਰੀ ਵਿਚ ਨੁਮਾਇੰਦੇ

ਸ੍ਰੀ ਸਤਿਗੁਰੂ ਜੀ ਨੇ ਸੁਣਿਆ ਕਿ 87 ਸਾਲਾ ਬਿਰਧ ਸ. ਦਲੀਪ ਸਿੰਘ ਤੇ ਉਨ੍ਹਾਂ ਦੀ ਪਤਨੀ ਬੀਬੀ ਗੁਰਬਚਨ ਕੌਰ (Nyire) ਨੇਰੀ ਵਿਚ, (ਨੈਰੋਬੀ ਤੋਂ 160 ਕਿਲੋਮੀਟਰ ਦੇ ਫਾਸਲੇ ਤੇ ਸ਼ਹਿਰ) ਬੀਮਾਰ ਪਏ ਹਨ ਤਾਂ ਜਾਕੇ ਦਰਸ਼ਨ ਦੇਣ ਦਾ ਮਨ ਬਣਾ ਲਿਆ ਪਰ ਕਈ ਖੇਚਲ ਦੇ ਖਿਆਲ ਆਪਜੀ ਨੇ ਵਡੇ ਠਾਕੁਰ ਜੀ, ਸਰੰਤਰ ਤਰਸੇਮ ਸਿੰਘ ਅਤੇ ਮੈਨੂੰ (ਪ੍ਰੀਤਮ ਸਿੰਘ ਕਵੀ) ਰਾਤੋਰਾਤ ਜਾਕੇ ਸ. ਦਲੀਪ ਸਿੰਘ ਤੇ ਪਤਨੀ ਦਾ ਪਤਾ ਲਿਆਉਣ ਭੇਜਿਆ। ਠਾਕੁਰ ਸੇਵਕ ਸੰਤ ਗੁਲਜ਼ਾਰ ਸਿੰਘ ਵੀ ਨਾਲ ਸੀ। ਅਸੀ ਰਾਤੀ 7 ਵਜੇ ਸ. ਰਣਜੀਤ ਸਿੰਘ ਕੋਹਲਾ ਦੀ ਮਰਸਡੀ ਵਿਚ ਬੈਠ ਐਸੇ ਉਡੇ ਕਿ ਸਵਾ ਘੰਟੇ ਵਿਚ ਹੀ ਨੇਰੀਂ ਅੱਪੜ ਗਏ। ਜੋੜੇ ਦੇ ਚਾਵਾਂ ਦਾ ਕੋਈ ਅੰਤ ਨ ਰਿਹਾ, ਜਦੋਂ ਅਸਾਂ ਦੱਸਿਆ ਕਿ ਸਾਨੂੰ ਸਤਿਗੁਰੂ ਜੀ ਨੇ ਉਚੇਚਿਆਂ ਭੇਜਿਆ ਹੈ।

ਸ. ਦਲੀਪ ਸਿੰਘ ਜ਼ਰਾ ਪੈਰ ਘਸੀਟ ਕੇ ਚਲ ਰਹੇ ਸਨ। ਇਹੋ ਉਨ੍ਹਾਂ ਦੀ ਤਕਲੀਫ਼ ਸੀ। ਬੀਬੀ ਗੁਰਬਚਨ ਕੌਰ ਵੀ ਢਿੱਲੀ ਹੀ ਸੀ। ਪਰ ਇਹ ਜੋੜਾ ਅਜਿਹੀ ਮੁਸ਼ਕਲ ਵਿਚ ਵੀ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਜਾਣ ਲਈ ਤਿਆਰ ਸੀ।

ਬਾਬਾ ਜੀ ਨੇ ਠਾਕੁਰ ਦਲੀਪ ਸਿੰਘ ਜੀ ਦੇ ਗਲ ਵਿਚ ਫੁਲਹਾਰ-ਫੁੱਲਾਂ ਦੀ ਮਾਲਾ -ਪਹਿਨਾਅ ਕੇ ਸੁਆਗਤ ਕੀਤਾ। ਫਿਰ ਖੇਤਾਂ ਬਾਰੇ, ਜ਼ਿੰਦਗੀ ਬਾਰੇ ਬਹੁਤ ਸਾਰੀਆਂ ਗੱਲਾਂ ਕਰਕੇ ਸੁਖ-ਦੁਖ ਦਾ ਅਨੁਭਵ ਕੀਤਾ।

ਸਾਡੇ ਪ੍ਰਸ਼ਾਦ ਛਕਣ ਸਮੇ ਸ. ਦਲੀਪ ਸਿੰਘ-ਗੁਰਬਚਨ ਕੌਰ ਨੇ ਸਤਿਗੁਰੂ ਜੀ ਨੂੰ ਮੱਥਾ ਟੇਕਣ ਹਿਤ ਕੁਝ ਮਾਇਆ ਠਾਕੁਰ ਜੀ ਨੂੰ ਦਿੱਤੀ। ਠਾਕੁਰ ਜੀ ਦੀ ਰੌਂਤੀ ਵਾਸਤੇ ਵੀ ਇਕ ਸਵੈਟਰ ਅਤੇ 100 ਸ਼ਿਲਿੰਗ ਪਿਆਰ ਵਜੋਂ ਦਿਤਾ ਪਰ ਠਾਕੁਰ ਜੀ ਨੇ ਇਸ ਨੂੰ ਰਸਮ ਨ ਬਣਨ ਦੇਣ ਵਾਸਤੇ ਪ੍ਰੇਮ ਪੂਰਵਕ ਅਸਵੀਕਾਰ ਕਰ ਦਿਤਾ। ਅਸੀ ਰਾਤ ਏਥੇ ਹੀ ਕੱਟਾਂ ਕੀ।

#### 14 ਮਾਰਚ 1983, ਸੋਮਵਾਰ
#### ਨੈਰੋਬੀ (ਕੀਨੀਆ)

### ਸੰਗਰਾਂਦ ਦਾ ਸਮਾਂ

ਅਸੀ ਨੇਰੀ ਵਾਲੇ ਸਵੇਰੇ 4 ਵਜੇ ਇਸ਼ਨਾਨ ਪਾਣੀ ਕਰ, ਸ. ਦਲੀਪ ਸਿੰਘ ਪਰਵਾਰ ਤੋਂ ਵਿਦਾ ਹੋ,5 ਵਜੇ ਸ. ਕੋਹਲੇ ਦੀ ਕਾਰ ਅਤੇ ਡਰਾਈਵਿੰਗ ਦੁਆਰਾ, ਸਫ਼ਰ ਜਾਰੀ ਕਰ, 160 ਕਿਲੋਮੀਟਰ ਦਾ ਫਾਸਲਾ ਤੈ ਕਰ 6.20 ਵਜੇ ਨੈਰੋਬੀ ਦੀ ਨਾਮਧਾਰੀ ਧਰਮਸਾਲਾ ਪੁੱਜ



Sri Satguru Jagjit Singh Ji Elibrary NamdhariElibrary@gmail.com

ਗਏ। ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਸਾ ਦੀ ਵਾਰ ਅੰਤਮ ਛੱਕੇ ਤੇ ਪਹੁੰਚ ਚੁਕੀ ਸੀ।

ਅੱਜ ਚੇਤ ਦੀ ਸੰਗਰਾਂਦ ਸੀ। ਸਤਿਗੁਰੂ ਜੀ ਨੇ ਰਾਗੀਆਂ ਨੂੰ ਇਸ਼ਾਰਾ ਕੀਤਾ ਕਿ ਉਹ ਬਾਰਾਮਾਂਹਾ ਵਿਚੋਂ ਇਸ ਮਹੀਨੇ ਦਾ ਸ਼ਬਦ ਗਾਉਣ। ਹਰਬੰਸ ਸਿੰਘ ਘੁੱਲਾ ਨੇ ਅਰਜ਼ ਕੀਤੀ: ਆਪ ਜੀ ਕਿਰਪਾ ਕਰੋ ਜੀ ! ਸਤਿਗੁਰੂ ਜੀ ਨੇ ਬੋਲਣਾ ਨਹੀਂ ਸੀ। "ਆਪ ਜੀ ਕਿਰਪਾ ਕਰੋ ਜੀ" ਘੁੱਲੇ ਵਾਲੇ ਸ਼ਬਦ ਹੀ ਮੋਟੇ ਮੋਟੇ ਲਿਖਕੇ ਸ੍ਰੀ ਘੁੱਲਾ ਨੂੰ ਵਿਖਾ ਦਿਤੇ ਅਤੇ ਘੁੱਲੇ ਨੇ ਸ਼ਬਦ ਛੋਹ ਲਿਆ. ਚੇਤਿ ਗੋਬਿੰਦੁ ਅਰਾਧੀਐ ਹੋਵੈ ਅਨੰਦੁ ਘਣਾ !

ਏਥੇ ਅੰਦਰ ਵੜਦਿਆਂ ਖੱਬੇ ਪਾਸੇ ਦੀ ਦੀਵਾਰ ਤੇ ਇਕ ਵਡ ਆਕਾਰੀ ਫੋਟੋ, ਵਰਤਮਾਨ ਸਤਿਗੁਰੂ ਜੀ ਦੀ ਭਜਨ ਕਰਦਿਆਂ ਦੀ ਲੱਗੀ ਹੋਈ ਵੇਖੀ। ਇਹ ਕੱਲ੍ਹ ਹੀ ਲਾਈ ਗਈ ਹੈ। ਫਿਰ ਬਸੰਤ ਦੀ ਵਾਰੀ ਆਈ। ਟੇਕ ਸੀ: ਤੁਮ ਰਵਹੁ ਗੋਬਿੰਦੈ ਰਵਣ ਜੋਗ। 6.55 ਵਜੇ ਇਸ ਦੀਵਾਨ ਦੀ ਅਰਦਾਸ ਹੋ ਗਈ।

### ਸ. ਕਸ਼ਮੀਰ ਸਿੰਘ ਨਾਲ

ਹਾਲ ਕਮਰੇ ਚੋਂ ਬਾਹਰ ਆ ਸਤਿਗੁਰੂ ਜੀ ਰਿਹਾਇਸ਼ੀ ਕਮਰਿਆਂ ਵਲ ਪਧਾਰੇ ਤਾਂ ਸ. ਕਸ਼ਮੀਰ ਸਿੰਘ, ਜਿਸ ਦੀ ਇਕ ਸੁੰਦਰ ਕਾਰ ਦਾ, ਸ. ਕਵਲਜੀਤ ਸਿੰਘ ਚਾਲਕ ਰੂਪ ਵਿਚ ਹੈ, ਸਤਿਗੁਰੂ ਜੀ ਦੀ ਸੇਵਾ ਵਿਚ ਰਖਦੇ ਹਨ, ਇੰਤਜ਼ਾਰ ਵਿਚ ਸੀ। ਸਤਿਗੁਰੂ ਜੀ ਸ. ਕਸ਼ਮੀਰ ਸਿੰਘ ਨਾਲ ਬਚਨ ਕਰਕੇ ਆਏ, ਤਾਂ ਮੈਂ ਸਰਦਾਰ ਜੀ ਨੂੰ ਇਹ ਕਹਿੰਦਿਆਂ ਸੁਣਿਆ, 'ਹੁਣ ਤਾਂ ਉਸ ਨਾਲ ਕੋਈ ਲੈਣ ਦੇਣ ਨਹੀਂ ਰਹਿ ਗਿਆ। ਪਰਸਪਰ ਬੋਲਚਾਲ ਤਾਂ ਰਖਣਾ ਹੀ ਚਾਹੀਦਾ ਹੈ।'

ਏਨੇ ਨੂੰ ਮੈਂ ਕੋਲ ਆ ਗਿਆ। ਸਤਿਗੁਰੂ ਜੀ ਮੈਨੂੰ ਕਿਹਾ: ਇਹ ਕਸ਼ਮੀਰ ਸਿੰਘ ਹੈ। ਬੋਲਦਾ ਬੜਾ ਘੱਟ ਹੈ। ਇਸਦਾ ਸੰਬੰਧੀ ਕਵਲਜੀਤ ਸਿੰਘ ਵੀ ਘੱਟ ਬੋਲਣ ਵਾਲਿਆਂ ਵਿਚੋਂ ਹੈ।

### ਅਰਦਾਸ ਉਤੇ ਵਿਸ਼ਵਾਸ

ਪ੍ਰਧਾਨ ਸੇਖੀ ਦਾ ਨਵਾਂ ਮਕਾਨ, ਜਿਥੇ ਕੱਲ ਸਤਿਗੁਰੂ ਜੀ ਦਾ ਲੰਗਰ ਹੋਇਆ, ਸਤਿਗੁਰੂ ਜੀ ਤੇ ਸੰਗਤ ਦੇ ਚਰਨ ਪਏ ਸਨ, ਮੈਨੂੰ ਸ. ਸੇਖੀ ਦਾ ਲੜਕਾ ਸ. ਨਾਰਾਇਣ ਸਿੰਘ ਮਿਲਿਆ। ਉਸਨੇ ਦੱਸਿਆ ਕਿ ਉਹ ਜਦੋਂ ਵੀ ਕਿਸੇ ਜਮਾਤ ਦਾ ਇਮਤਿਹਾਨ ਦੇਣ ਜਾਂਦਾ ਹੈ ਤਾਂ ਅਰਦਾਸ ਕਰਕੇ ਹੀ ਜਾਂਦਾ ਹੈ। ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਐਸੀ ਕਿਰਪਾ ਰਖੀ ਹੈ ਕਿ ਉਹ ਸਦਾ ਹੀ ਉਸਨੂੰ ਜਮਾਤ ਚੋਂ ਅੱਵਲ ਰਖ ਕੇ ਪਾਸ ਕਰਵਾਂਦੇ ਹਨ। ਇਸ ਵੇਲੇ ਸ੍ਰੀ ਨਾਰਾਇਣ ਸਿੰਘ Form Four ਅਰਥਾਤ 10 ਵੀ ਪਾਸ ਕਰ ਬੈਠਾ ਹੈ।

### ਘਰੀਂ ਚਰਨ

7.15 ਵਜਦੇ ਨੂੰ ਸਤਿਗੁਰੂ ਜੀ ਸਟੇਟ ਹਾਊਸ ਵਲ ਸ. ਰਤਨ ਸਿੰਘ ਚੋਹਲਾ ਦੇ ਘਰ ਚਰਨ ਪਾਉਣ ਲਈ ਪਧਾਰੇ। ਚਾਰ ਕਾਰਾਂ ਤੇ ਇਨਾਂ ਦੇ ਸਵਾਰ ਇਨ੍ਹਾਂ ਦੀ ਅਰਦਲ ਵਿਚ



Sri Satguru Jagjit Singh Ji Elibrary NamdhariElibrary@gmail.com

ਸਨ। ਸ. ਢੇਡਾ ਨੇ ਫੁਲ ਮਾਲਾ ਪਹਿਨਾਅ ਸਤਿਗੁਰੂ ਜੀ ਦਾ ਸੁਆਗਤ ਕੀਤਾ, 5-7 ਮਿੰਟ ਦਰਸ਼ਨ ਦੇ, ਪਰਵਾਰ ਨਾਲ ਫੋਟੋ ਲੁਹਾਅ, ਸੰਤ ਬਲਦੇਵ ਸਿੰਘ ਮੰਡੀ ਦੇ ਘਰ ਪਧਾਰੇ. ਏਥੇ ਸਵੇਰ ਦਾ ਨਾਸ਼ਤਾ ਤਿਆਰ ਸੀ। ਨਾਲ ਗਈ ਸੰਗਤ ਨੂੰ ਵੀ ਦੁਧ ਪਰਾਉਠੇ ਉਡੀਕ ਰਹੇ ਸਨ।

### ਕੰਜੂਸ ਸ਼ਾਹ

ਏਥੇ ਦਰਸ਼ਨ ਕਰਨ, ਨਾਮਧਾਰੀ ਲਿਬਾਸ ਵਿਚ ਇਕ ਸੱਜਣ, ਨਾਮ ਦਰਸ਼ਨ ਸਿੰਘ ਸ਼ਾਹ ਆਇਆ। ਉਸ ਨਮਸਕਾਰ ਕੀਤੀ ਤਾਂ ਦੀਨ ਦਿਆਲ ਵਿਨੋਦ ਨਾਲ ਕਹਿਣ ਲਗੇ : ਔਗਾ, ਦਰਸ਼ਨ ਸਿੰਘ ਤੂੰ ਵੀ ਆ ਗਿਆ। ਸਤਿਗੁਰਾਂ ਹਾਸੇ ਵਿਚ ਆਖਿਆ। ਐਤਕਾਂ ਫਿਰ 5.00.000 ਸ਼ਲਿੰਗ ਦਾ ਪ੍ਰਬੰਧ ਕਰੀਂ। ਏਦੂੰ ਘੱਟ ਤੇਥੋਂ ਕੀ ਲੈਣਾ ਹੋਇਆ।

ਮੇਰੇ ਪੁੱਛਣ ਤੇ ਇਕ ਸੱਜਣ ਬੋਲਿਆ : ਦਰਸ਼ਨ ਸਿੰਘ ਬਹੁਤ ਸ਼ੂਮ ਹੈ। ਇਸ ਦੀ ਪਤਨੀ ਬੜੀ ਉਦਾਰ ਹੈ ਅਤੇ ਸਾਧ ਸੰਗਤ ਦੀ ਸੇਵਿਕਾ ਹੈ ਪਰ ਦਰਸ਼ਨ ਸਿੰਘ ਦੀ ਕੰਜੂਸੀ ਕਰਕੇ ਹੀ ਇਸ ਨੂੰ ਸ਼ਾਹ ਕਿਹਾ ਜਾਂਦਾ ਹੈ। ਇਹ ਜਾਇਦਾਦ ਵਲੋਂ ਬੜਾ ਤਕੜਾ ਵਿਅੱਕਤੀ ਹੈ।

ਏਥੇ ਛਕਣ ਛਕਾਣ ਕਰ ਡੇਰੇ ਆਏ ਤਾਂ ਪ੍ਰਧਾਨ ਸੋਧੀ ਨਾਲ ਲੰਮਾ ਸਮਾ ਸਤਿਗੁਰੂ ਜੀ ਨੇ ਗੱਲ ਬਾਤ ਕੀਤੀ। ਆਪ ਨੇ ਸਾਰੀ ਗੱਲ ਬਾਤ ਤੁਰਦੇ ਫਿਰਦਿਆਂ ਹੀ ਕੀਤੀ।

### ਸ੍ਰੀ ਜੁਮਾ

ਸ. ਨਰਿੰਦਰ ਸਿੰਘ ਰੂਪ ਰਾਇ ਨੇ ਇਕ ਕੀਨੀਆ ਵਾਸੀ ਨੂੰ ਗੋਰੇ ਦੀ ਕਾਲੀ ਮਰਸੀਡੀਜ਼ ਸਾਫ ਕਰਦਿਆਂ ਵੇਖ, ਮੈਨੂੰ ਦੱਸਿਆ : ਇਸਦਾ ਨਾਮ ਜੁਮਾ ਹੈ। 32 ਸਾਲ ਤੋਂ ਸਾਡੀ ਫਰਮ ਵਿਚ ਡਰਾਇਵਿੰਗ ਕਰਦਾ ਆ ਰਿਹਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਦੋਂ ਵੀ ਨੈਰੋਬੀ ਦਰਸ਼ਨ ਦਿਤੇ ਜੁਮੇ ਨੇ ਹੀ ਆਪ ਦੀ ਡਰਾਇਵਿੰਗ ਕੀਤੀ। ਇਕ ਵਾਰ ਸਤਿਗੁਰੂ ਜੀ ਨੇ ਪ੍ਰਸੰਨ ਹੋਕੇ ਇਸਨੂੰ ਆਪਣਾ ਕੜਾ ਬਖਸ਼ਿਆ। ਉਹ ਕੜਾ ਅੱਜ ਤੱਕ ਇਨ੍ਹਾਂ ਦੇ ਘਰ ਦੀ ਸ਼ੋਭਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਾਫੀ ਲੰਮਾਂ ਸਮਾ ਸ. ਤਾਰਾ ਸਿੰਘ ਚਾਨਾ ਅਤੇ ਸ. ਦਰਸ਼ਨ ਸਿੰਘ ਜ਼ਹੀਰ ਨਾਲ ਗੱਲ ਬਾਤ ਕੀਤੀ।

### ਅਨੁਮਾਨ

ਸੂਬਾ ਦਰਸ਼ਨ ਸਿੰਘ ਜੀ ਦੇ ਗਿਣਤੀਓਂ ਦੂਜੇ ਸਪੁੱਤਰ ਸ. ਨਰਿੰਦਰ ਸਿੰਘ ਨੂੰ ਸ. ਗੁਰਚੇਤਨ ਸਿੰਘ ਦੇ ਬੰਗਲੇ ਵਲ ਕਾਰ ਤੇ ਜਾਂਦਿਆਂ ਵੇਖ, ਮੈਂ ਪੁੱਛਿਆ: ਤੁਹਾਡਾ ਕਾਰੋਬਾਰ ਕੀ ਹੈ? ਤਾਂ ਸ. ਨਰਿੰਦਰ ਸਿੰਘ ਬੋਲਿਆ : ਅਸੀਂ ਠੇਕੇ ਤੇ ਲੈਕੇ ਸੜਕਾਂ ਬਣਾਉਂਦੇ ਹਾਂ। ਅੱਜ ਕੱਲ ਕੀਨੀਆਂ ਸਰਕਾਰ ਪਾਸ ਪੈਸੇ ਨਹੀਂ। ਵਡੇ ਕੰਮ ਨਿਕਲਦੇ ਨਹੀਂ। ਛੋਟੇ ਕੰਮਾਂ ਦਾ ਸੁਆਦ ਨਹੀਂ। ਪਰ ਕਰਨੂੰ ਦੀ ਮਜਬੂਰੀ ਹੈ। ਇਕ ਛੋਟੇ ਜਿਹੇ ਸਰਕਾਰੀ ਕੰਮ ਦੇ ਅਜੇ ਪੈਸੇ ਨਹੀਂ ਮਿਲੇ। ਕੰਮ ਦਾ ਕੋਈ ਸੁਆਦ ਨਹੀਂ ਰਿਹਾ।



Sri Satguru Jagjit Singh Ji Elibrary NamdhariElibrary@gmail.com

## ਸ੍ਰੀ ਜੋਜੋ ਨਾਲ ਮੁੜ ਮਿਲਣੀ

10 ਵਜਣ ਦੇ ਕਰੀਬ ਸਨ ਕਿ ਸਤਿਗੁਰੂ ਜੀ ਦੇ ਡੇਰੇ, ਸੂਬਾ ਦਰਸ਼ਨ ਸਿੰਘ ਜੀ ਦੇ ਬੰਗਲੇ ਮਿਨਿਸਟਰ ਜੋਜੋ ਨੂੰ ਮਿਲਣ ਵਾਸਤੇ ਸਰਗਰਮੀ ਜਾਰੀ ਹੋ ਗਈ। ਠਾਕੁਰ ਜੀ, ਪੂਰਬਾ, ਸ਼ੁਕਲਾ ਅਤੇ ਮੈਂ ਸ. ਰਣਜੀਤ ਸਿੰਘ ਜੌਹਰੇ ਦੀ ਕਾਰ ਤੇ ਬੈਠੇ ਅਤੇ ਡੇਰਿਓਂ 10 ਕਿਲੋ ਮੀਟਰ ਦੇ ਫਾਸਲੇ ਤਕ ਦੂਰ ਨਿਕਲ ਗਏ। ਇਥੇ ਕਿਕਿਊ ਕਾਨਸਟੀਚਿਊਐਂਸੀ ਮਿਸ਼ਨ ਹਾਲ ਦੀ ਬਿਲਡਿੰਗ ਸੀ। 10.15 ਵਜੇ ਹਾਲ ਦੇ ਦੁਆਲੇ ਬਹੁਤ ਸਾਰੇ ਨੇਟਿਵ (ਏਧਰਲੇ ਲੋਕ) ਅਤੇ ਸ੍ਰੀ ਜੋਜੋ ਕੁਝ ਭਾਰਤੀਆਂ ਨਾਲ ਖਲੋਤੇ ਗੱਲਾਂ ਕਰਦੇ ਨਜ਼ਰ ਆਏ। ਖੱਬੇ ਹੱਥ ਲਗਭਗ ਦੋ ਕੁ ਦਰਜਨ ਅਫਰੀਕਨ ਔਰਤਾਂ, ਹਲਕਾ ਹਲਕਾ ਨਚਦੀਆਂ ਦੇ ਪੈਰਾਂ ਦੀ ਤਾਲ ਦੇ ਨਾਲ ਮਿੱਠਾ-ਮਿੱਠਾ ਗਾ ਰਹੀਆਂ ਸਨ। ਵੱਖ-ਵੱਖ ਕੱਦ, ਵੱਖ-ਵੱਖ ਕਪੜਿਆਂ ਨਾਲ ਇਕੋ ਚੀਜ਼ ਸਾਂਝੀ, ਸਭਨਾਂ ਦੇ ਰੰਗ ਰੱਜਵੇਂ ਕਾਲੇ। ਸ੍ਰੀ ਚਾਰਲਸ ਜੋਜੋ ਨੂੰ ਠਾਕੁਰ ਜੀ ਮਿਲੇ ਤਾਂ ਬਹੁਤ ਖੁਸ਼ ਹੋਇਆ। ਹੱਥ ਮਿਲਾਇਆ। ਜਦੋਂ ਉਸਨੂੰ ਪਤਾ ਲਗਾ ਕਿ ਸਤਿਗੁਰੂ ਜਗਜੀਤ ਸਿੰਘ ਜੀ ਵੀ ਏਥੇ ਆ ਰਹੇ ਹਨ, ਤਾਂ ਉਹ ਖੁਸ਼ੀ ਦੇ ਨਾਲ ਹੈਰਾਨ ਵੀ ਹੋਇਆ: ਔਹੋ ! ਏਥੇ !!

ਜਾਪਦਾ ਸੀ ਉਹਨੂੰ ਅਗਾਊਂ ਸੂਚਿਤ ਨਹੀਂ ਕੀਤਾ ਗਿਆ ਸੀ। ਮਿ. ਜੋਜੋ ਇਸ ਹਾਲ ਦਾ ਉਦਘਾਟਨ ਕਰਨ ਆਇਆ ਸੀ। 10.20 ਹੋਏ ਤਾਂ ਸਤਿਗੁਰੂ ਜੀ ਦੀ ਕਾਰ ਅਤੇ ਸ. ਗੁਰਚੈਨ ਸਿੰਘ ਫਲੋਰਾ ਦੀ ਕਾਰ ਵੀ ਹਾਲ ਵਿਚ ਆ ਖਲੋਤੀਆਂ।

ਮਿ. ਜੋਜੋ ਮਨਿਸਟਰ ਫਾਰ ਕਾਂਸਟੀਚਿਊਸ਼ਨਲ ਅਫੇਅਰ (ਸੰਵਿਧਾਨਕ ਮਸਲਿਆਂ ਦੇ ਵਜ਼ੀਰ) ਅਗੇ ਵਧਿਆ ਤੇ ਉਸਦੇ ਆਦਮੀ ਨੇ ਸਤਿਗੁਰੂ ਜੀ ਦੀ ਕਾਰ ਦੀ ਤਾਕੀ ਖੋਲ੍ਹੀ ਅਤੇ ਦੋਬਾਰਾ ਮਿਲਣ ਤੇ ਖੁਸ਼ੀ ਪਰਗਟ ਕੀਤੀ।

ਸ੍ਰੀ ਜੋਜੋ ਨੇ ਦੂਜੇ ਅਧਿਕਾਰਿਆਂ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਦੀ ਜਾਣਕਾਰੀ ਕਰਵਾਈ। ਅਤੇ ਸਤਿਗੁਰੂ ਜੀ ਨਿਕੇ ਨਿਕੇ ਚਰਨ ਕਰਕੇ ਮਿ. ਜੋਜੋ ਨਾਲ ਹੋ ਗਏ। ਇਸ ਮੌਕੇ ਤੇ 18-20 ਜਣੇ ਨਾਮਧਾਰੀ ਵੀ ਏਥੇ ਖਲੋਤੇ ਸਨ। ਕਾਲੇ ਤੇ ਹੋਰ ਰੰਗਾਂ ਦੀਆਂ ਪੁਸ਼ਾਕਾਂ ਪਾਈ ਖਲੋਤੇ ਨਰ ਨਾਰਾਂ ਵਿਚ ਨਾਮਧਾਰੀ ਆਪਣੇ ਜ਼ਰਾ ਸਭ ਰੰਗਾਂ, ਚਿੱਟੇ ਕਪੜਿਆਂ ਨਾਲ ਚਟਕ ਪਏ।

ਅੱਜ ਫਿਰ ਸ੍ਰੀ ਜੋਜੋ ਤੇ ਸਤਵੀਂ ਸੌਂਮਿਟ ਕਾਨਫਰੰਸ ਦਿੱਲੀ ਦੀ ਸਫਲਤਾ ਅਤੇ ਪ੍ਰਸੰਨਤਾ ਤੇ ਤਸੱਲੀ ਦਾ ਜ਼ਿਕਰ ਕੀਤਾ। ਸਤਿਗੁਰੂ ਜੀ ਨੇ ਇਸ ਬਾਰੇ ਵੀ ਬਚਨ ਕੀਤੇ ਅਤੇ ਸ੍ਰੀ ਮਤੀ ਇੰਦਰਾਂ ਗਾਂਧੀ ਦੀ ਭਾਰਤ ਨੂੰ ਅਗਵਾਈ ਦੀ ਪ੍ਰਸੰਸਾ ਕੀਤੀ।

ਪਰ੍ਹਾਂ, ਦੂਰ ਨੱਚਦੀਆਂ-ਗਾਉਂਦੀਆਂ ਮੂਲ ਕੀਨੀਅਨ ਬੀਬੀਆਂ ਦਾ ਹਲਕਾ ਹਲਕਾ ਗੀਤ ਅਤੇ ਸਿੱਧਾ ਕੰਨੀ ਪੈ ਰਿਹਾ ਸੀ।

## ਮਿਲਾਣੀ ਸਿਖਾਣੀ ਸੈਂਟਰ

ਸਫੈਦ ਬਸਤਰਾਂ ਵਿਚ ਸ੍ਰੀ ਸਤਿਗੁਰੂ ਜੀ, ਨੀਲੇ ਗੂੜ੍ਹੇ ਰੰਗ ਦੀ ਕੋਟ ਪੈਂਟ ਵਿਚ ਸ੍ਰੀ ਚਾਰਲਸ ਜੋਜੋ, ਨਾਲ ਜਾਂਦਾ ਕਿਕਿਊ ਕਬੀਲੇ ਦੇ ਗਰੀਬ ਲੋਕਾਂ ਦੀ ਮਦਦ ਲਈ ਉਸਾਰੇ ਗਏ ਇਸ ਹਾਲ ਵਿਚ ਫਿਰਦਾ ਅਤੇ ਇਹਦੇ ਬਾਰੇ ਸਮਝਾਂਦਾ। ਥੋੜ੍ਹੀ ਦੇਰ ਬਾਅਦ



Sri Satguru Jagjit Singh Ji Elibrary NamdhariElibrary@gmail.com

ਕਮਾਰਿਓ-ਕਮਰੀ ਹੋ ਤੁਰਿਆ। ਇਸ ਸੈਂਟਰ ਵਿਚ ਬੀਬੀਆਂ ਨੂੰ ਕਪੜੇ ਕਟਾਈ ਦੀ ਸਿੱਖਿਆ ਦਿਤੀ ਜਾਣੀ ਸੀ ਅਤੇ ਫਿਰ ਇਸ ਨੇ ਮਿਲਟਰੀ ਪੁਸ਼ਾਕਾਂ ਦਾ ਸਿਲਾਈ ਸੈਂਟਰ ਬਣਨਾ ਸੀ।

ਇਸ ਬਾਰੇ ਸ੍ਰੀ ਸਤਿਗੁਰੂ ਜੀ-ਸ੍ਰੀ ਜੋਜ਼ੇ ਜਾਂ ਸ. ਗੁਰਚਰਨ ਸਿੰਘ ਕਲੇਰਾ ਦੁਆਰਾ ਪੂਰੀ ਪੂਰੀ ਦਿਲਚਸਪੀ ਲੈ ਰਹੇ ਸਨ। ਸੱਚੇ ਪਾਤਸ਼ਾਹ ਜੀ ਦਾ ਮਨ ਕਰਦਾ ਸੀ ਕਿ ਇਸ ਹੌਲ ਵਾਸਤੇ ਲੋੜੀਂਦੀਆਂ ਕੁਝ ਬਾਕੀ ਚੀਜ਼ਾਂ ਦਾ ਪ੍ਰਬੰਧ ਆਪ ਕਰਵਾ ਦਿੰਦੇ। ਸ੍ਰੀ ਜੋਜ਼ੇ ਨੇ ਬੂਹੇ ਅਤੇ ਬਾਰੀਆਂ ਬਣਾ ਕੇ ਦੇਣ ਲਈ ਆਖਿਆ। ਇਸ ਹੌਲ ਦੀ ਜ਼ਿਮੇਵਾਰੀ ਨੈਰੋਬੀ ਦੇ ਮੁਖੀ ਨਾਮਧਾਰੀਆਂ ਨੇ ਆਪਣੇ ਜ਼ਿਮੇ ਲੈ ਲਈ।

ਸ੍ਰੀ ਸਤਿਗੁਰੂ ਜੀ ਨੇ ਸਿਲਾਈ ਮਸ਼ੀਨਾਂ ਬਾਰੇ ਪੁੱਛਿਆ। ਸ੍ਰੀ ਜੋਜ਼ੇ ਨੇ ਕਿਹਾ: ਬਾਕੀਆਂ ਦਾ ਪ੍ਰਬੰਧ ਹੋ ਚੁਕਾ ਹੈ। ਹੁਣ ਤਾਂ 3 ਮਸ਼ੀਨਾਂ ਹੀ ਹੋਰ ਚਾਹੀਦੀਆਂ ਹਨ। ਇਸ ਦਾ ਸਮਾਧਾਨ ਕੋਲ ਖਲੋਤੇ ਨੌਜਵਾਨ ਸੂਬਾ ਸਤਨਾਮ ਸਿੰਘ ਜੀ ਨੇ ਨਾਮਧਾਰੀ ਵਿਦਿਅਕ ਜਥੇ ਵਲੋਂ ਭੇਟਾ ਕਰਨ ਦਾ ਬਚਨ ਦੇ ਦਿਤਾ।

## ਨ੍ਰਿਤਕਾਰਾਂ ਅਤੇ ਗਾਇਕਾਂ ਨੂੰ ਦਾਨ

ਏਧਰੋਂ ਵੇਹਲੇ ਹੋ ਸ੍ਰੀ ਜੋਜ਼ੇ ਸਤਿਗੁਰੂ ਜੀ ਨੂੰ ਨੱਚਣ-ਗਾਉਣ ਵਾਲਿਆਂ ਜੋੜੀਆਂ ਕੋਲ ਲੈ ਗਏ। ਉਨ੍ਹਾਂ ਸਜਣਾਂ ਨੇ ਮੁਖਤਲਿਫ਼ ਕਿਸਮ ਦੀਆ ਪੁਸ਼ਾਕਾ ਪਹਿਨੀਆਂ ਹੋਣ ਕਾਰਨ ਉਹਨਾਂ ਦਾ ਨਜ਼ਾਰਾ ਏਨਾ ਉਘੜਵਾਂ ਨਹੀ ਸੀ। ਉਹਨਾਂ ਲਈ ਇਕੋ ਡ੍ਰੈਸ ਬਣਾਉਣ ਲਈ ਹੀ ਸ੍ਰੀ ਜੋਜ਼ੇ ਨੇ 5 ਥਾਨ ਕਪੜਾ ਲਿਆਂਦਾ ਹੋਇਆ ਸੀ, ਉਹ ਸਤਿਗੁਰੂ ਜੀ ਦੁਆਰਾ ਇਹਨਾਂ ਔਰਤਾਂ ਨੂੰ ਦਿਵਾਣਾ ਚਾਹੁੰਦਾ ਸੀ।

ਇਹਨਾਂ ਔਰਤਾਂ ਦੀ ਮੁਖੀ ਚਲਦੇ ਗੀਤ ਦੀ ਲੈਅ ਤਾਲ ਨੂੰ ਜਿਉਂ ਕੀ ਤਿਉਂ ਰਖਦਿਆਂ ਸ੍ਰੀ ਸਤਿਗੁਰੂ ਜੀ ਵਲ ਵਧੀ। ਸਤਿਗੁਰੂ ਜੀ ਦੇ ਪਾਵਨ ਕਰ ਕਮਲਾਂ ਦੁਆਰਾ ਉਹ ਪੰਜੇ ਥਾਨ ਦੇ ਦਿਤੇ। ਦਰਮਿਆਨੀ ਉਮਰ ਦੀ ਇਸ ਡੇਲੀਗੇਸ਼ਨ ਮੁਖੀ ਨੇ ਖਿੜੇ ਮੱਥੇ ਸਵੀਕਾਰ ਕਰ ਲਏ।

ਪਰ ਹੁਣ ਇਹ ਕਿਵੇਂ ਹੁੰਦਾ ਕਿ ਕਿਸੇ ਦੂਜੇ ਦੇ ਦਾਨ ਨੂੰ ਸਤਿਗੁਰੂ ਜੀ ਦੇਣ ਅਤੇ ਆਪ ਕੁਝ ਨਾ ਕਰਨ ? ਸਤਿਗੁਰੂ ਜੀ ਨੇ ਸੰਗਤ ਮੁਖੀਆਂ ਨੂੰ ਇਹਨਾਂ ਥਾਨਾਂ ਦੀ ਰਕਮ ਅਦਾ ਕਰਨ ਦਾ ਆਦੇਸ਼ ਦਿੱਤਾ। ਚੈਕ ਬੁਕ ਨਾਲ ਹੀ ਚੁਕੀ ਆਏ ਪ੍ਰਧਾਨ ਅਤੇ ਸਕੱਤਰ ਨੇ 5550/- ਦਾ ਚੈਕ ਕੱਟ ਕੇ ਦਸਤਖ਼ਤ ਕਰ, ਸਤਿਗੁਰੂ ਜੀ ਦੀ ਭੇਟਾ ਕੀਤਾ। ਆਪ ਜੀ ਨੇ ਉਹੋ ਆਪਣੇ ਕਰ ਕਮਲਾਂ ਦੁਆਰਾ ਸ੍ਰੀ ਜੋਜ਼ੇ ਦੇ ਸਪੁਰਦ ਕੀਤਾ।

ਅੱਧੇ ਘੰਟੇ ਬਾਦ ਸਤਿਗੁਰੂ ਜੀ ਵਿਦਾ ਹੋਣ ਲਗੇ ਤਾਂ ਵੀ ਸ੍ਰੀ ਜੋਜ਼ੇ ਨਾਲ ਹੋਕੇ ਵਿਦਾ ਕਰਨ ਆਇਆ।

## ਸੂਬਾ ਸੋਹਣ ਸਿੰਘ ਜੀ ਦੇ ਘਰ

ਡੇਰੇ ਆ, ਇਸ਼ਨਾਨ ਕਰ, ਪ੍ਰਸ਼ਾਦ ਪਾਣੀ ਛਕਣ ਲਈ ਸਤਿਗੁਰੂ ਜੀ ਐਨ ਸੂਬਾ ਸੋਹਣ ਸਿੰਘ ਜੀ ਦੇ ਘਰ ਪਧਾਰੇ। ਸਤਿਗੁਰੂ ਜੀ ਅਤੇ ਸਮੁਚੀ ਸੰਗਤ ਦਾ ਲੰਗਰ ਅੱਜ ਸੂਬਾ ਸੋਹਣ ਸਿੰਘ ਜੀ ਦੇ ਘਰ ਸੀ। ਬੜੇ ਸੁੰਦਰ ਘਰ ਦੇ ਮਾਲਿਕ ਸੂਬਾ ਜੀ ਦੇ ਪਰਵਾਰ

ਦੇ ਜੀਆਂ ਨੇ ਰੱਜ-ਰੱਜ ਅਤੇ ਤੱਜ-ਤੱਜ ਸਾਧ ਸੰਗਤ ਦੀ ਸੇਵਾ ਕੀਤੀ। ਸੂਬਾ ਜੀ ਨੇ ਇਕੱਲੇ ਇਕੱਲੇ ਜੀ ਦੀ ਸੰਤੁਸ਼ਟਤਾ ਦਾ ਧਿਆਨ ਰਖਿਆ।

## ਘਰੀਂ ਚਰਨ ਪਾਉਣੇ

2 ਵਜੇ ਤੋ ਸਾਧ ਸੰਗਤ ਦੇ ਘਰੀਂ ਚਰਨ ਪਾਉਣ ਦਾ ਪ੍ਰੋਗਰਾਮ ਜਾਰੀ ਹੋਇਆ। ਸਭ ਤੋ ਪਹਿਲਾਂ ਸ. ਸਤਪਾਲ ਸਿੰਘ ਭੱਟੀ, ਸ. ਗੁਰਬਖਸ਼ ਸਿੰਘ ਉਭੀ ਅਤੇ ਸ. ਹਰਮਿੰਦਰ ਸਿੰਘ ਫਲੋਰਾ ਨੂੰ ਨਿਵਾਜਿਆ। ਫਿਰ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਤੇ ਬੀਬੀ ਕਿਰਪਾਲ ਕੌਰ ਦੇ ਭਾਈ ਸ. ਪਰਮਿੰਦਰ ਸਿੰਘ ਦੇ ਘਰ ਉਨ੍ਹਾਂ ਦੀ ਬੇਨਤੀ ਤੇ ਚਰਨ ਪਾਉਣ ਪਧਾਰੇ।

## ਸ. ਪਰਮਿੰਦਰ ਸਿੰਘ ਪ੍ਰਧਾਨ

ਸ. ਪਰਮਿੰਦਰ ਸਿੰਘ ਇਕ ਫੋਮਜ਼ ਬੈਡ, ਲੱਕ ਥੱਲੇ ਕੋਈ ਸਿਰਹਾਣੇ ਵਰਗੀ ਚੀਜ਼ ਰਖੀ, ਪਲੱਸਤਰ ਲਪੇਟੀ ਕਮਰ ਨਾਲ, ਲੱਤਾਂ ਖਿਲਾਰੀ ਪਏ ਸਨ। ਨੌਜਆਨ ਨੇ ਸਤਿਗੁਰੂ ਜੀ ਨੂੰ ਕੋਲ ਆਇਆ ਤਕ, ਹੱਥ ਜੋੜ ਬੇਨਤੀ ਕੀਤੀ : ਸਤਿਗੁਰੂ ਜੀ ਆਪ ਜੀ ਦੀ ਕਿਰਪਾ ਹੋ ਗਈ। ਦਰਸ਼ਨ ਦੇ ਕੇ ਬੜੀ ਕਿਰਪਾ ਕਰ ਚਲੇ ਓ ਕਿ 20 ਸਾਲ ਦਾ ਪਿਆ ਹੋਇਆ ਕੁੱਬ ਸਰੀਰੋ ਨਿਕਲ ਗਿਆ ਹੈ। ਸਰੀਰ ਦੀਆਂ ਦਰਦਾਂ ਪੀੜਾਂ ਸਭ ਸ਼ਾਂਤ ਹੋ ਗਈਆਂ ਹਨ। ਹੱਡੀਆ ਦਾ ਜੁੜਨਾ ਬਾਕੀ ਹੈ। ਉਹ ਵੀ ਆਪ ਦੀ ਕਿਰਪਾ ਹੋ ਜਾਵੇਗੀ। ਸ਼ਰਮਸਾਰ ਹਾਂ, ਉਠਕੇ ਮੱਥਾ ਨਹੀਂ ਟੇਕ ਸਕਦਾ।

ਸਤਿਗੁਰੂ ਜੀ ਨੇ ਧੀਰਜ ਦਿਤਾ, ਸਾਂਤਵਨਾ ਦਿਤੀ। ਸਾਰੇ ਪਰਿਵਾਰ ਨੇ ਭੇਟਾ ਰਖਕੇ ਮਥਾ ਟੇਕਿਆ ਅਤੇ ਤਸਵੀਰ ਲੁਹਾਈ।

ਸ. ਰਘੁਬੀਰ ਸਿੰਘ ਅਤੇ ਬੀਬੀ ਕਿਰਪਾਲ ਕੌਰ ਨੂੰ ਖਾਸ ਕਰ ਖੁਸ਼ੀ ਹੋਈ। ਇਸ ਪਰਵਾਰ ਦਾ ਨਾਮਧਾਰੀ ਪੁਣੇ ਤੋ ਪਰ੍ਹਾ ਰਹਿਣਾ ਇਹਨਾਂ ਨੂੰ ਖਟਕਦਾ ਸੀ। ਸਾਰੇ ਪਰਵਾਰ ਨੂੰ ਭਜਨ ਦਿਤਾ ਗਿਆ। ਅੰਦਰ ਬਾਹਰ ਸਿੱਖਾਂ ਨਾਲ ਭਰਿਆ ਪਿਆ ਸੀ।

ਸ. ਪਰਮਿੰਦਰ ਸਿੰਘ ਨੇ ਫਿਰ ਦੀਨ ਦਿਆਲ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਮੈਹਰ ਦੀ ਨਜ਼ਰ ਰਖਣੀ। ਆਪ ਜੀ ਨੇ ਮਹਾ ਭਿਆਨਕ ਹਾਦਸੇ ਵਿਚੋ ਜਾਨ ਤਾਂ ਬਚਾਈ ਹੈ, ਫਿਰ ਪੁਰਾਣੇ ਰੋਗ ਵੀ ਖ਼ਤਮ ਕਰ ਦਿਤੇ ਹਨ। ਫੇਰ ਵੀ ਦਰਸ਼ਨ ਦਿੰਦੇ ਰਹਿਣ ਦੀ ਕਿਰਪਾ ਕਰਨੀ।

ਪਰਵਾਰ ਨੂੰ ਭਜਨ ਬਾਣੀ ਕਰਨ, ਮਾਸ ਸ਼ਰਾਬ ਦੀ ਵਰਤੋ ਤਿਆਗਣ ਦੀ ਪੱਕੀ ਕਰ, ਪਰਵਾਰ ਦਾ ਪਿਆਰ ਸਤਿਕਾਰ ਲੈ ਸੱਚੇ ਪਾਤਸ਼ਾਹ ਵਿਦਾ ਹੋਏ।

## ਪ੍ਰਿਤਪਾਲ ਸਿੰਘ ਸੰਧੂ

ਫਿਰ ਸ. ਪ੍ਰਿਤਪਾਲ ਸਿੰਘ ਸੰਧੂ ਦੇ ਘਰ ਜਲ ਪਾਣੀ ਜਾ ਛਕਿਆ। ਸ. ਗੁਰਚੈਨ ਸਿੰਘ ਤੋ ਸੱਚੇ ਪਾਤਸ਼ਾਹ ਜੀ ਨੇ ਪਤਾ ਕੀਤਾ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਨਿਰਪੱਖ ਚੋਟੀ ਕਾਨਫਰੰਸ ਦੀ ਚਿੱਠੀ ਲਿਖੀ ਗਈ ਹੈ ਜਾਂ ਨਹੀਂ। ਤਾਰਾਂ ਗਈਆਂ ਹਨ ਕਿ ਓਹ



Sri Satguru Jagjit Singh Ji Elibrary NamdhariElibrary@gmail.com

ਹੋ ਗਈ ਹੈ। ਸਿੱਖ ਨੇ ਆਗਿਆ ਦਾ ਪਾਲਨ ਹੋਇਆ ਦੱਸਿਆ।

ਸ. ਪ੍ਰਿਤਪਾਲ ਸਿੰਘ ਟੋਪੀ ਪੱਗ ਬੰਨ੍ਹਦਾ ਹੈ ਪਰ ਉਸਦੇ ਬੱਚਿਆਂ ਨੇ ਸਿੱਧੀਆਂ ਦਸਤਾਰਾਂ ਸਜਾਈਆਂ ਹੋਈਆਂ ਹਨ। ਸ. ਪ੍ਰਿਤਪਾਲ ਸਿੰਘ ਬਾਰੇ ਮੇਰੇ ਨਾਲ ਵਚਨ ਕੀਤਾ ਇਹ ਇਤਿਹਾਸ ਤਾਂ ਭਾਵੇਂ ਨਹੀਂ ਜਾਣਦਾ ਪਰ ਕਿਸੇ ਨੂੰ ਸਾਂਝੇ ਮਸਲਿਆਂ ਤੇ ਰੁਸਵਟ ਨਹੀਂ ਦਿੰਦਾ।

ਸ. ਪ੍ਰਿਤਪਾਲ ਸਿੰਘ ਦੇ ਘਰ ਸ੍ਰੀ ਭੀਮ ਸੈਨ ਸੂਦ ਦੇ ਸਾਰੇ ਪਰਵਾਰ ਨੇ ਭਜਨ ਪੁੱਛਿਆ। ਸ. ਪ੍ਰਿਤਪਾਲ ਸਿੰਘ ਦਾ ਛੋਟਾ ਜਿਹਾ ਬੰਗਲਾ ਬਸ ਖੂਬਸੂਰਤੀ ਹੀ ਹੈ। ਜਿਸ ਚੀਜ਼ ਵਲ ਧਿਆਨ ਮਾਰੋ, ਉਹ ਵੀ ਨਿਆਰੀ ਅਤੇ ਆਰਟਿਸਟਕ ਹੋਵੇਗੀ।

## ਸ. ਜਸਵਿੰਦਰ ਸਿੰਘ ਤੌਂਟੀ ਤੇ ਸ. ਅਜੀਤ ਸਿੰਘ ਤੌਂਟੀ

ਸ. ਸੈਪੂ ਨੂੰ ਨਿਵਾਜ ਸਤਿਗੁਰੂ ਜੀ ਨੇ ਆਪਣੇ ਪਿਆਰੇ ਸ. ਜਸਵਿੰਦਰ ਸਿੰਘ ਤੌਂਟੀ ਦੇ ਘਰ ਚਰਨ ਪਾਏ। ਇਸ ਦੇ ਘਰ ਨਾਮਧਾਰੀ ਸੰਗਤ ਦੇ ਖਜ਼ਾਨਚੀ ਸੰਤ ਪ੍ਰੀਤਮ ਸਿੰਘ ਮਠਾੜੂ ਦੀ ਸਪੁੱਤਰੀ ਹੈ। 4.58 ਸ਼ਾਮੀ ਸ. ਅਜੀਤ ਸਿੰਘ ਤੌਂਟੀ ਦੇ ਘਰ ਜਾ ਕਿਰਪਾ ਕੀਤੀ। ਇਹਨਾਂ ਦੇ ਘਰ ਸੰਤਾਨ ਨਹੀਂ ਪਰ ਇਹਨੀ ਦਿਨੀ ਹੀ ਇਹਨਾਂ ਨੇ ਆਪਣੇ ਭਰਾ ਦਾ ਇਕ ਬੱਚਾ ਗੋਦ ਲੈ ਲਿਆ ਹੈ। ਸਤਿਗੁਰੂ ਜੀ ਨੇ ਇਸ ਜੋੜੇ ਨੂੰ ਇਸ ਜਤਨ ਲਈ ਖੁਸ਼ੀਆਂ ਬਖਸ਼ੀਆਂ। ਅਰੂਸ਼ਾ ਤੇ ਆਈ ਇਕ ਬੀਬੀ ਸਵਰਨ ਕੌਰ ਅਤੇ ਦੋ ਹੋਰ ਬੀਬੀਆਂ ਨੇ ਭਜਨ ਪੁਛ ਮਾਸ ਸ਼ਰਾਬ ਦਾ ਤਿਆਗ ਕਿਤਾ। -

## ਚਰਨ ਪਾਉਣ ਦੀ ਕਿਰਪਾ

ਸ. ਕਿਰਪਾਲ ਸਿੰਘ, ਸ. ਅਮਰਜੀਤ ਸਿੰਘ ਲਾਲੀ ਤੇ ਸ. ਜਸਵੰਤ ਸਿੰਘ ਦੇ ਘਰੀ ਚਰਨ ਪਾਏ। ਜਿਨ੍ਹਾਂ ਹੋਰ ਪਰਵਾਰਾਂ ਨਾਮ, ਗੁਰ ਮੰਤਰ ਲੈਣ ਦੀ ਬੇਨਤੀ ਕੀਤੀ, ਉਨ੍ਹਾਂ ਨੂੰ ਕਿਰਤਾਰਥ ਕੀਤਾ।

5.43 ਸ਼ਾਮੀ ਸਤਿਗੁਰੂ ਜੀ ਨੇ ਸਮੇਤ ਆਪਣੇ ਜਥੇ ਦੇ ਸ. ਕਸ਼ਮੀਰ ਸਿੰਘ ਦਾ ਘਰ ਪਵਿੱਤਰ ਕੀਤਾ। ਸ. ਕਸ਼ਮੀਰ ਸਿੰਘ ਦੀ ਕਾਰ, ਜਦੋਂ ਤੋਂ ਆਪ ਨੈਰੋਬੀ ਆਏ ਹਨ ਆਪ ਜੀ ਦੀ ਸੇਵਾ ਵਿਚ ਹੈ। ਇਸ ਦਾ ਸਪੁੱਤਰ ਕਵਲਜੀਤ ਸਿੰਘ ਹੈ ਜੁ ਸਦਾ ਸੇਵਾ ਵਿਚ ਹਾਜ਼ਰ ਰਹਿੰਦਾ ਹੈ, ਸਤਿਗੁਰੂ ਜੀ ਨੇ ਇਸਦੇ ਘਰ ਚਰਨ ਪਾਏ । ਕਵਲਜੀਤ ਸਿੰਘ ਦੇ ਬਾਕੀ ਪਰਵਾਰ ਅਤੇ ਦੋਹਾਂ ਲੜਕਿਆਂ ਨੂੰ ਭਜਨ ਦਿਤਾ, ਗੁਰ ਸਿੱਖੀ ਦੀ ਦਾਤ ਬਖਸ਼ੀ।

ਸ. ਜਸਵੰਤ ਸਿੰਘ ਝੰਡੂ (ਢੁਪਾਲਾਂ, ਜ਼ਿ ਲੁਧਿਆਣਾ ਤੋਂ) ਦੇ ਘਰ ਨੂੰ ਕਿਰਤਾਰਥ ਕੀਤਾ ਅਤੇ ਘਰ ਵਿਚਲੇ ਹੋਰ ਸਾਰੇ ਜੀਆਂ ਨੂੰ ਨਾਮ ਦਾਨ ਬਖਸ਼ਿਆ। ਏਥੋਂ ਚਲਕੇ ਸ਼ਾਮੀ 6.15 ਤੇ ਇਸਮਾਇਲੀ ਕਾਲੋਨੀ ਪਧਾਰੇ। ਏਥੇ ਸ. ਅਰਜਨ ਸਿੰਘ ਦਾ ਗ੍ਰਹਿ ਪਵਿੱਤਰ ਕੀਤਾ। ਉਸਦੇ ਮਾਂ-ਬਾਪ ਹੀ ਘਰ ਸਨ। ਸ. ਹਰਭਜਨ ਸਿੰਘ ਸੀਹਰਾ ਨੇ ਮੈਨੂੰ ਦੱਸਿਆ ਕਿ ਜਦੋਂ ਪਹਿਲੀ ਅਗਸਤ 1982 ਵਾਲੇ ਦਿਨ ਨੈਰੋਬੀ ਵਿਚੇ ਰਾਜ ਪਲਟਾ ਹੋਇਆ ਤਾਂ ਲੁਟੇਰੇ, ਇਹਨਾਂ ਦੀ ਕੋਠੀ ਵੱਲ ਵੀ ਵਧੇ। ਤਦੋਂ ਘਰ ਵਾਲੀ ਬੀਬੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਫੋਟੋ ਅਗੇ ਅਰਦਾਸ ਕਰ ਰਹੀ ਸੀ ਕਿ ਰੱਖਿਆ ਹੋਵੇ। ਉਸ ਵੇਲੇ ਦੀ ਕੀਤੀ ਹੋਈ ਬੇਨਤੀ ਨੇ 9-10 ਘਰ ਹੋਰ ਵੀ ਬਚਾ ਲਏ। ਐਸੀ ਕਿਰਪਾ ਹੋਈ ਕਿ ਉਸੇ



Sri Satguru Jagjit Singh Ji Elibrary NamdhariElibrary@gmail.com

ਵੇਲੇ ਸ਼ਾਂਤੀ ਵਰਤ ਗਈ।

ਦੀਨ ਦਿਆਲ ਜੀ ਨੇ ਇਸ ਬਸਤੀ ਦੇ ਸਿੱਖਾਂ ਦੇ ਘਰੀਂ ਚਰਨ ਪਾਏ, ਅਨੇਕਾਂ ਨੂੰ ਭਜਨ ਨੇਮ, ਮਾਸ ਸ਼ਰਾਬ ਤੋਂ ਵਰਜ ਅਗੋਂ ਲਈ ਚੰਗਾ ਜੀਵਨ ਜਿਉਣ ਦੀ ਪ੍ਰੇਰਨਾ ਦਿਤੀ।

### ਨਾਮਧਾਰੀ ਧਰਮਸਾਲਾ ਵਿਖੇ

5.30 ਸ਼ਾਮ ਤੋਂ ਰਾਤ 8 ਵਜੇ ਤਕ ਨਾਮਧਾਰੀ ਧਰਮਸਾਲਾ ਵਿਖੇ ਸੰਤ ਸੇਵਾ ਸਿੰਘ ਜਗਾਧਰੀ ਵਾਲਿਆਂ ਹੌਲੇ ਦਾ ਦੀਵਾਨ ਲਾਇਆ। 7.30 ਤੋਂ ਦੀਨ ਦਿਆਲ ਜੀ ਨੇ ਦੀਵਾਨ ਵਿਚ ਦਰਸ਼ਨ ਦਿਤੇ। ਸੇਵਾ ਸਿੰਘ ਜੀ ਦਾ ਵਿਸ਼ਾ ਸੀ: ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤ।

### ਗਿਆਨੀ ਤੇਜਾ ਸਿੰਘ ਨੂੰ ਖਿਮਾ

ਪੁਰਬਾ ਰਾਹੀ ਅਰਦਾਸ ਹੋਈ ਤਾਂ ਗਿਆਨੀ ਤੇਜਾ ਸਿੰਘ ਮੰਚ ਤੇ ਮਾਈਕ ਸੋਹੇ ਆਏ। ਉਨ੍ਹਾਂ ਕੁਝ ਜ਼ਿਕਰ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਕੀਤਾ ਜੁ ਗਲਤ ਗਲਾਂ ਤੇ ਆਧਾਰਿਤ ਸੀ। ਗਿਆਨੀ ਤੇਜਾ ਸਿੰਘ (70) ਨੂੰ ਜਿਉਂ ਹੀ ਇਸ ਦਾ ਪਤਾ ਲਗਾ ਅਤੇ ਅਹਿਸਾਸ ਹੋਇਆ . ਉਨ੍ਹਾਂ ਉਠਕੇ ਸ੍ਰੀ ਸਤਿਗੁਰੂ ਜੀ ਅਗੇ ਅਤੇ ਸੰਗਤ ਤੋਂ, ਪਸ਼ਚਾਤਾਪ ਕਰ, ਖਿਮਾ ਮੰਗੀ।

ਸਤਿਗੁਰੂ ਜੀ ਨੇ ਗਿਆਨੀ ਜੀ ਨੂੰ, ਰੋਜ਼ਾਨਾ ਇਕ ਮਾਲਾ ਭਜਨ ਭਗਉਤੀ ਦੀ ਗਿਆਰਾਂ ਦਿਨਾਂ ਤਕ ਫੇਰਕੇ ਗਲਤੀ ਬਖਸ਼ਣ ਲਈ ਸ੍ਰੀ ਗੁਰੂ ਚਰਨਾਂ ਵਿਚ ਅਰਦਾਸ ਕੀਤੀ : "ਬੇਨਤੀ ਕਰੋ ਕਿ ਅਗੋਂ ਤੋਂ ਸਾਡੇ ਮਨ ਵਿਚ ਕਦੇ ਐਸੀ ਗੱਲ ਆਏ ਹੀ ਨਾ।" ਸਿੰਘ ਨੇ ਸੱਚੇ ਮਨੋਂ "ਸਤਿ ਬਚਨ" ਆਖਿਆ।

### ਸੰਬੋਧਨ ਠਾਕੁਰ ਦਲੀਪ ਸਿੰਘ ਜੀ ਦਾ

7.50 ਹੋਏ ਤਾਂ ਠਾਕੁਰ ਦਲੀਪ ਸਿੰਘ ਜੀ ਨੇ ਸੰਗਤ ਪ੍ਰਤੀ ਵਿਚਾਰ ਪਰਗਟ ਕੀਤੇ। ਆਪ ਨੇ ਕਿਹਾ: ਆਖੋ ਧੰਨ ਗੁਰੂ ਨਾਨਕ ਦੇਵ ਜੀ (ਹਾਲ ਗੂੰਜ ਉਠਿਆ ਜਵਾਬ ਵਿਚ) ਧੰਨ ਤਾਂ ਸਾਰੇ ਹੀ ਸਤਿਗੁਰੂ ਜੀ ਹੁੰਦੇ ਹਨ ਪਰ ਮੈਂ ਗੁਰੂ ਨਾਨਕ ਦੇਵ ਜੀ ਨੂੰ ਵਿਸ਼ੇਸ਼ ਰੂਪ ਵਿਚ ਧੰਨ ਇਸ ਲਈ ਕਿਹਾ ਹੈ ਕਿ ਇਹਨਾਂ ਨੇ ਗੁਰ ਗੱਦੀ ਨੂੰ ਦੇਹ ਧਾਰੀ ਰੂਪ ਵਿਚ ਚਲਾ, ਇਸ ਦੀ ਪਰੰਪਰਾ ਕਾਇਮ ਕੀਤੀ। ਐਸਾ ਚਮਤਕਾਰ ਕਿ ਅੱਜ ਵੀ ਅਸੀ ਸਤਿਗੁਰੂ ਸਰੂਪ ਦਾ, ਵਰਤਮਾਨ ਸਤਿਗੁਰੂ ਜੀ ਦੇ ਦਰਸ਼ਨ ਬਾਰ ਬਾਰ ਕਰਕੇ, ਲਾਭ ਉਠਾ ਰਹੇ ਹਾਂ।

ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਨੈਰੋਬੀ ਵਿਖੇ ਪਹਿਲੀ ਵਾਰ ਚਰਨ ਪਾਏ ਤਾਂ ਸੇਵਾ ਲਈ ਸੱਚੇ ਪਾਤਸ਼ਾਹ ਜੀ ਨੂੰ ਇਕੋ ਮਾਈ ਨਾਮਧਾਰੀ ਮਿਲੀ ਅਤੇ ਅੱਜ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਅਨੇਕਾਂ ਪਰਿਵਾਰ ਮਾਸ ਸ਼ਰਾਬ ਤਿਆਗ ਕੇ ਭਜਨ ਲੈ, ਨਾਮਧਾਰੀ ਰੂਪ ਵਿਚ ਦਰਸ਼ਨ ਦੇ ਰਹੇ ਹਨ।



Sri Satguru Jagjit Singh Ji Elibrary NamdhariElibrary@gmail.com

### ਦਸਤਾਰ ਕੈਸੀ ?

ਦਸਤਾਰਾਂ ਬਾਰੇ ਜ਼ਿਕਰ ਕਰਦਿਆ ਠਾਕੁਰ ਜੀ ਨੇ ਦੋ ਸੱਜਣਾਂ, ਸ. ਬਲਦੇਵ ਸਿੰਘ ਅਤੇ ਸ. ਪ੍ਰਿਥੀਪਾਲ ਸਿੰਘ ਦਿਲੀ ਨੂੰ ਮੰਚ ਤੇ ਖੜਾ ਕਰਕੇ ਪ੍ਰਿਥੀਪਾਲ ਸਿੰਘ ਦੀ ਦਸਤਾਰ ਨੂੰ ਸਹੀ ਨਾਮਧਾਰੀ ਢੰਗ ਦੀ ਦਸਤਾਰ ਦੱਸਿਆ। ਠਾਕੁਰ ਜੀ ਕਿਹਾ ਸਾਡੀ ਪੱਗ ਨੂੰ ਮਾਇਆ ਨਹੀ ਲਗਣੀ ਚਾਹੀਦੀ। ਪੱਟੀਆ ਬਣਾਕੇ ਬੰਨ੍ਹੀ ਦਸਤਾਰ ਦੋ ਨੰਬਰ ਵਿਚ ਆਉਂਦੀ ਹੈ। ਸਾਨੂੰ ਸਤਿਗੁਰੂ ਜੀ ਦੀ ਦਸਤਾਰ ਨੂੰ ਹੀ ਮਾਟੋ ਸਮਝਣਾ ਚਾਹੀਦਾ ਹੈ। ਸਾਰੇ ਸਿੱਖ ਐਸੀ ਹੀ ਦਸਤਾਰ ਸਜਾਇਆ ਕਰਨ।

### ਹਰ ਘਰ ਫੋਟੋ ਸਤਿਗੁਰਾਂ ਦੀ

ਠਾਕੁਰ ਜੀ ਕਿਹਾ: ਮੈ ਬਹੁਤ ਪ੍ਰੇਮੀ ਸਿੱਖਾਂ ਦੇ ਘਰਾਂ ਵਿਚ ਜਾਕੇ ਵੇਖਿਆ ਹੈ। ਉਨ੍ਹਾਂ ਦੇ ਮੁਕਾਬਲੇ ਮੈ ਤੁਛ ਜਿਹਾ ਹਾਂ। ਸਤਿਗੁਰੂ ਸੱਚੇ ਪਾਤਸ਼ਾਹ ਦੀਆਂ ਤਸਵੀਰਾਂ ਸਾਡਾ ਮਨ ਟਿਕਾਣ ਲਈ ਸਹਾਇਕ ਹੁੰਦੀਆਂ ਹਨ। ਸਾਡੇ ਸੌਣ ਬਹਿਣ ਤੇ ਦੂਜੇ ਕਮਰਿਆਂ ਵਿਚ ਸਤਿਗੁਰੂ ਜੀ ਦੀਆਂ ਤਸਵੀਰਾਂ ਲਗੀਆਂ ਹੋਣ। ਕੋਸ਼ਸ਼ ਕਰੋ ਕਿ ਵਡ ਆਕਾਰੀਆਂ ਫੋਟੋ ਜਾਂ ਤਸਵੀਰਾਂ ਤੁਹਾਡੇ ਕਮਰਿਆਂ ਅਤੇ ਖਾਸ ਕਰ ਡਰਾਇੰਗ ਰੂਮਾਂ ਤੇ ਸੌਣ ਕਮਰਿਆਂ ਵਿਚ ਲਗੀਆਂ ਹੋਣ। ਕਾਰਾਂ ਵਿਚ ਵੀ ਛੋਟੀ ਫੋਟੋ ਹੋਵੇ। ਥਾਂ ਥਾਂ ਸਤਿਗੁਰੂ ਜੀ ਦੀ ਫੋਟੋ ਵੇਖ ਅਸੀ ਉਸ ਨਾਲ ਜੁੜੇ ਰਹਿਣ ਦੀ ਕੋਸ਼ਸ਼ ਕਰਦੇ ਹਾਂ। ਸਤਿਗੁਰਾ ਦੀ ਫੋਟੋ ਦਫਤਰਾਂ ਵਿਚ ਵੀ ਜ਼ਰੂਰ ਸੁਭਾਇਮਾਨ ਹੋਵੇ। ਸ਼ਾਇਦ ਸ. ਅਰਜਨ ਸਿੰਘ ਵਿਰਦੀ ਦੇ ਘਰ ਫੋਟੋ ਹੀ ਹੋਰ 9 ਘਰਾਂ ਲਈ ਸਹਾਇਕ ਹੋ ਗਈ।

### ਨਾਮ ਕਿਵੇਂ ਰਖੋ

ਫਾਰਮ ਦੇ ਨਾਮ ਕੇਵਲ ਗੁਰੂਆਂ ਦੇ ਨਾਂ ਤੇ ਨਹੀ ਰਖਣੇ ਚਾਹੀਦੇ। ਇਹਨਾਂ ਨਾਲ ਸਤਿਗੁਰੂ ਜੀ ਲਈ ਥੋੜਾ ਆਦਰ ਵੀ ਹੋਣਾ ਚਾਹੀਦਾ ਹੈ ਜਿਵੇ ਪ੍ਰਤਾਪ ਸਾ ਮਿਲਜ਼ ਦੀ ਥਾਂ ਸਤਿਗੁਰੂ ਪ੍ਰਤਾਪ ਸਿੰਘ ਜਾ ਮਿਲਜ਼ ਵੀ ਹੋ ਸਕਦਾ ਹੈ। ਜੇ ਨਾਮ ਵੱਡਾ ਨ ਰਖਣਾ ਹੋਵੇ ਤਾਂ ਸ੍ਰੀ ਸ਼ਬਦ ਦੀ ਵਰਤੋ ਜ਼ਰੂ ਨਾਮ ਅਗੇਰ ਜ਼ਰੂਰੀ ਹੋਣਾ ਚਾਹੀਦਾ ਹੈ।

### ਜੁਰਾਬਾਂ ਨਾਲ ਨਿਤਨੇਮ ਹੋ ਸਕਦਾ ਹੈ

ਭੂਪ ਰਾਮ ਜੀ 8 ਘੰਟੇ ਰੋਜ਼ਾਨਾ, ਬੀਰ ਚੰਦ ਜੀ 5 ਘੰਟੇ, ਲੇਖ ਰਾਮ ਜੀ 3 ਘੰਟੇ ਰੋਜ਼ ਨਾਮ ਸਿਮਰਨ ਕਰਦੇ ਹਨ। ਇਹ ਤ੍ਰਾਣੀ ਹਨ ਅਤੇ ਅਰੂਸਾ (ਤਨਜਾਨੀਆਂ) ਦੇ ਸਹਿਜਧਾਰੀ ਸਿਖ ਹਨ। ਤੁਸੀ ਵੀ ਸਤਿਗੁਰੂ ਜੀ ਦੀ ਕਿਰਪਾ ਦੇ ਪਾਤਰ ਹੋ ਜਿਨ੍ਹਾ ਸਿੱਖੀ ਧਾਰਨ ਕਰਕੇ ਦੇਵਤਿਆਂ ਜੈਸੇ ਜੀਵਨ ਵਿਚ ਪਰਵੇਸ਼ ਕੀਤਾ ਹੋਇਆ ਹੈ। ਤੁਹਾਡੀ ਸਹੂਲਤ ਲਈ ਦਸਦਾ ਹਾਂ ਕਿ ਤੁਸੀ ਜੁਰਾਬਾਂ ਪਾਕੇ ਜੋੜਾ ਪਾਈ ਵੀ ਭਜਨ ਕਰਦੇ ਰਹਿ ਸਕਦੇ ਹੋ। ਹਾਂ, ਜੋੜਾ ਪਹਿਨ ਕੇ ਅਰਦਾਸ ਨਹੀ ਕਰਨੀ।

ਗਲਾਸਾਂ ਵਿਚ ਜਾਂ ਪੈਕਾਂ ਵਿਚ ਸੁਧ ਦੁਧ ਪੀਣ ਦਾ ਸੋਧੀਆਂ ਵਾਸਤੇ ਵਿਧਾਨ ਹੈ ਪਰ ਜੇ ਨਲਕੀਆਂ ਵਰਤਣੀਆਂ ਹੋਣ ਤਾਂ ਲੱਕੜ ਦੀਆਂ ਅਤੇ ਸਦਾ ਹੀ ਧੋਕੇ ਵਰਤਣੀਆਂ



Sri Satguru Jagjit Singh Ji Elibrary NamdhariElibrary@gmail.com

ਚਾਹੀਦੀਆ ਹਨ।

**ਘਰਾਂ ਵਿਚ ਜਲ ਟੈਂਕੀਆਂ**

ਕੋਸਸ ਕਰੋ ਕਿ ਘਰਾ ਵਿਚ ਪਾਣੀ ਦੀਆ ਟੈਂਕੀਆਂ ਉਸਾਰੀਆਂ ਜਾਣ। ਇਸ ਨਾਲ ਸੇਧੀ ਸਿੱਘਾਂ ਲਈ ਸਹੂਲਤ ਹੋ ਜਾਵੇਗੀ। ਜਲ ਹਮੇਸ਼ਾ ਅਤੇ ਸੁਧ ਮਿਲਦਾ ਰਹਿ ਸਕਦਾ ਹੈ।

**ਬੀਬੀਆਂ ਦੇ ਬਸਤਰ**

ਬੀਬੀਆ ਦੇ ਕਪੜਿਆਂ ਦਾ ਰੰਗ ਨਰਮ ਅਤੇ ਅਨਪ੍ਰਿੰਟਡ ਹੋਵੇ। ਫੈਸ਼ਨ ਤੋਂ ਪਰਹੇਜ਼ ਰੱਖਕੇ ਸਾਦਗੀ ਵਲ ਹੀ ਧਿਆਨ ਦਿਤਾ ਜਾਵੇ। ਕੁਰਤੇ ਭਾਵੇਂ ਸਫੈਦ ਹੀ ਹੋਣ ਪਰ ਜੇ ਉਹ ਫੈਸਨੇਬਲ ਤਰੀਕੇ ਨਾਲ ਤਿਆਰ ਹੋਏ ਹੋਣ ਤਾਂ ਸਤਿਗੁਰੂ ਜੀ ਨੂੰ ਪਰਵਾਨ ਨਹੀ ਹੋਣਗੇ। ਆਪ ਜੀ ਸਾਦਗੀ ਵਲ ਧਿਆਨ ਦਿਓ। ਬੀਬੀਆਂ ਨੂੰ ਆਪਣਾ ਵਿਦਿਅਕ ਜਥਾ ਤਿਆਰ ਕਰਨਾ ਚਾਹੀਦਾ ਹੈ।

ਸਾਨੂੰ ਸਤਿਗੁਰਾਂ ਦੇ ਹੁਕਮਾਂ ਦੀ ਅਦੂਲੀ ਨਹੀ ਕਰਨੀ ਚਾਹੀਦੀ। ਅਸੀ ਦੇਹਧਾਰੀ ਗੁਰੂ ਦੀ ਮਾਨਤਾ ਕਰਦੇ ਹਾਂ। ਸਾਨੂੰ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਹੀ ਚਲਣਾ ਚਾਹੀਦਾ ਹੈ। ਇਸ ਤਰਾਂ ਕਰਨ ਨਾਲ ਹੀ ਗੁਰੂ ਰਾਮ ਸਿੰਘ ਸਤਿਗੁਰੂ ਹਰੀ ਸਿੰਘ ਜੀ ਦੀ ਮਾਨਤਾ ਹੋ ਸਕਦੀ ਹੈ। ਇਹੋ ਸਤਿਗੁਰੂ ਹਨ ਜੋ ਸਾਨੂੰ ਔਝੜ ਜਾਂਦਿਆਂ ਨੂੰ ਮਾਰਗ ਪਾਉਂਦੇ ਹਨ ਤੇ ਕਿਰਪਾ ਕਰਕੇ ਦਰਸ਼ਨ ਦਿੰਦੇ ਹਨ।

**ਨਾਮ ਸਿਮਰਨ**

ਅੰਤਮ ਗੱਲ ਹੈ ਸਤਿਗੁਰੂ ਜੀ ਦੇ ਨਿਤ ਕਰਮ ਦੀ ਅਤੇ ਉਹ ਹੈ ਇਕ ਘੰਟਾ ਨਾਮ ਸਿਮਰਨ। ਪਰ ਜੇ ਉਠਤ, ਬੈਠਤ ਸੋਵਤ, ਧਿਆਈਐ। ਮਾਰਗ ਚਲਤ ਹਰੇ ਹਰਿ ਗਾਈਐ। ਵਾਲੀ ਗੱਲ ਹੋ ਜਾਵੇ ਫਿਰ ਤਾਂ ਕਿਆ ਬਾਤ ਹੈ। ਸੰਤ ਸੁਰਿੰਦਰ ਸਿੰਘ ਲੁਧਿਆਣੇ ਵਾਲੇ ਨੂੰ ਤੁਸਾਂ ਵੇਖਿਆ ਹੈ। ਉਹ ਉਠਦੇ ਬੈਠਦੇ ਭਜਨ ਕਰਦੇ ਰਹਿੰਦੇ ਹਨ। ਉਹਨਾਂ ਤੋ ਬਿਨਾ ਦਿੱਲੀ ਦੇ ਰਾਮ ਰਤਨ ਸਿੰਘ ਪਰਵਾਰ ਨੂੰ ਵੀ ਇੰਜ ਹੀ ਵੇਖਿਆ ਹੈ। ਸਾਨੂੰ ਸਦਾ ਹੀ ਭਜਨ ਕਰਦੇ ਰਹਿਣਾ ਚਾਹੀਦਾ ਹੈ।

ਮੈ ਇਹ ਸਾਰੀਆਂ ਗੱਲਾ ਕਰਦਾ ਨਹੀ, ਤੁਹਾਡੇ ਨਾਲ ਹੀ ਕੀਤੀਆਂ ਹਨ ਤਾਕਿ ਮੈ ਵੀ ਸ਼ਰਮਸਾਰੀ ਮਹਿਸੂਸ ਕਰਾਂ ਅਤੇ ਆਪਣੇ ਆਪ ਨੂੰ ਕਥਨ ਕੀਤੇ ਅਨੁਸਾਰ ਢਾਲ ਸਕਾਂ। ਠਾਕੁਰ ਜੀ ਨੇ ਏਨਾ ਕੁਝ ਆਖ ਸਮਾਪਤੀ ਕਰ ਦਿਤੀ।

ਰਾਤ ਦੇ 8.20 ਹੋ ਚੁਕੇ ਸਨ। ਫਿਰ ਸਤਿਗੁਰੂ ਜੀ ਨੇ ਮਾਈਕ ਨਜ਼ਦੀਕ ਕਰਵਾ ਕੇ ਸਾਧ ਸੰਗਤ ਵਾਸਤੇ ਕਿਰਪਾ ਕੀਤੀ। ਤਿਸਦਾ ਸੰਖੇਪ:

**ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਵਚਨ:**

ਤੁਸਾਂ ਸੰਤ ਮੇਵਾ ਸਿੰਘ ਹੁਰਾਂ ਤੋ ਦੀਵਾਨ ਸੁਣਿਆਂ ਹੈ। ਉਹਦਾ ਮਨੋਰਥ ਇਹੋ



Sri Satguru Jagjit Singh Ji Elibrary NamdhariElibrary@gmail.com

ਜਾਂਦਾ ਹੈ ਕਿ ਮਨੁਖਾ ਜੀਵਨ ਦੀ ਸਫਲਤਾ, ਗੁਰੂ ਆਗਿਆ ਅਧੀਨ ਨਾਮ ਸਿਮਰਨ ਦੁਆਰਾ ਹੈ। ਫੇਰ ਆਪ ਨੇ ਮਰਿਆਦਾ ਬਾਰੇ ਵੀ ਕੁਝ ਗੱਲਾਂ ਸੁਣੀਆਂ ਹਨ। ਵਾਦ ਵਿਵਾਦ ਵਾਲਾ ਨਹੀਂ, ਸਗੋਂ, 'ਮਨ ਖੋਜਿ ਮਾਰਗਾਂ' ਵਾਲਾ ਰਸਤਾ ਹੀ ਠੀਕ ਹੈ। ਸਤਿਗੁਰਾਂ ਦਾ ਕਥਨ ਹੈ: 'ਖੋਜੀ ਉਪਜੈ ਬਾਦੀ ਬਿਨਸੈ' ਜਗਤਾ ਤਾਂ ਨਾਸ ਹੋਣ ਦਾ ਹੀ ਕਾਰਨ ਹੈ। ਗੁਰਬਾਣੀ ਵਿਚ ਇਕ ਕਥਨ ਹੈ, 'ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ'। ਜੇ ਇਹ ਗੱਲ ਕਰ ਲਵਾਂਗੇ ਤਾਂ ਦੂਜੀ ਆਪੇ ਆ ਜਾਵੇਗੀ। ਦੂਜੀ ਤੁਕ ਹੈ, 'ਰਸਨਾ ਰਾਮ ਰਸਾਇਣੁ ਪੀਜੈ।'

ਮਰਿਆਦਾ ਤਾਂਵੇਂ ਬੜੀ ਚੰਗੀ ਚੀਜ਼ ਹੈ, ਪਰ ਉਹੋ ਠੀਕ ਗੱਲ ਹੈ, ਜਿਸਨੂੰ ਸਤਿਗੁਰੂ ਜੀ ਪਰਵਾਨ ਕਰਨ। ਗੁਰੂ ਗੋਬਿੰਦ ਸਿੰਘ ਜੀ ਦੇ ਸਿਖ ਭਾਈ ਰਾਮ ਕੁਇਰ ਦੇ ਸਿਰ ਤੇ ਕੇਸ ਨਹੀਂ ਸਨ ਪਰ ਉਹ ਸਤਿਗੁਰੂ ਜੀ ਦੇ ਅਸਲੀ ਕੋਲ ਬੈਠਿਆ ਕਰਦੇ ਸਨ। ਇਹ ਸਤਿਗੁਰੂ ਜੀ ਹੀ ਜਾਣਦੇ ਸਨ ਕਿ ਉਨ੍ਹਾਂ ਦੇ ਕੇਸ ਅੰਦਰ ਵਲ ਕਿਨੇ ਵਧੇ ਹੋਏ ਸਨ। ਬਾਣੀ ਵਿਚ ਲਿਖ ਦਿਤਾ ਗਿਆ ਹੈ: 'ਸਤਿਗੁਰਿ ਮੂਰਤਿ ਕਉ ਬਲਿ ਜਾਉ' ਸਰੀਰਧਾਰੀ ਦੀ ਮੂਰਤੀ ਹੀ ਬਣਦੀ ਹੈ। ਮੂਰਤੀ ਮਾਧਿਅਮ ਹੈ ਕੇਵਲ ਸਤਿਗੁਰੂ ਵਲ ਪਹੁੰਚਣ ਲਈ। ਸਾਰੀ ਗੁਰਬਾਣੀ ਦੇਹਧਾਰੀ ਸਤਿਗੁਰੂ ਦੀ ਪੈਰਵੀ ਅਤੇ ਪ੍ਰਾਪਤੀ ਲਈ ਲਿਖੀ ਗਈ ਹੈ।

ਤਰਕ ਨੂੰ ਛਡਕੇ ਸਤਿਗੁਰੂਆਂ ਦੇ ਬਚਨਾਂ ਵਲ ਧਿਆਨ ਦੇਣਾ ਚਾਹੀਦਾ ਹੈ। ਰਸਮੀ ਰੂਪ ਵਿਚ ਧਿਆਨ ਦੇਣਾ ਯੋਗ ਨਹੀਂ। ਵਿਦਵਾਨ ਦੀ ਵਿਆਖਿਆ ਅਤੇ ਅਨਪੜ੍ਹ, ਸਾਧੂ ਦਾ ਕਥਨ ਅਮਲੀ ਜੀਵਨ ਜਿਉਣ ਲਈ ਪਹਿਲੇ (ਵਿਦਵਾਨ) ਤੋਂ ਵੱਧ ਪ੍ਰੇਰਿਤ ਕਰਦਾ ਹੈ।

ਇਕੋ ਗੱਲ ਵਲ ਧਿਆਨ ਦੇਣ ਦੀ ਲੋੜ ਨਹੀਂ, ਸਾਰੀਆਂ ਗੱਲਾਂ ਵਲ ਧਿਆਨ ਦੇਣਾ ਬਣਦਾ ਹੈ। ਜਿਵੇਂ ਮਕਾਨ ਉਸਾਰੀ ਲਈ ਇਕੋ ਚੀਜ਼ ਦਰਕਾਰ ਨਹੀਂ, ਮਕਾਨ ਨੂੰ ਉਸਾਰਨ ਵਾਲੀਆਂ ਸਾਰੀਆਂ ਚੀਜ਼ਾਂ ਦੀ ਜ਼ਰੂਰਤ ਹੈ।

ਤੁਸੀਂ ਜੋ ਕੁਝ ਵੀ ਕਰਦੇ ਹੋ, ਧਿਆਨ ਨਾਲ ਹੀ ਕਰਦੇ ਹੋ। ਬੇਧਿਆਨੀ ਸਦਾ ਹੀ ਅਤੇ ਹਰ ਖੇਤਰ ਵਿਚ ਨੁਕਸਾਨ ਕਰਦੀ ਹੈ। ਧਿਆਨ ਅਤੇ ਅੱਖਾਂ ਦੋ ਵੱਖ ਵੱਖ ਚੀਜ਼ਾਂ ਹਨ। ਧਿਆਨ ਅਤੇ ਸਾਡੇ ਕੰਮ ਓਤ ਪੋਤ ਹਨ। ਇਂਜ ਹੀ ਜ਼ਬਾਨ ਦੀ ਪਹੁੰਚ ਧਿਆਨ ਤੋਂ ਵੱਖਰੀ ਹੈ। ਸਾਰੀ ਗੱਲ ਤੁਹਾਡੇ ਧਿਆਨ ਦੀ ਇਕਾਗਰਤਾ ਤੇ ਨਿਰਭਰ ਕਰਦੀ ਹੈ। ਅੱਠੇ ਪਹਿਰ ਧਿਆਨ ਕੇਂਦਰਤ ਰਹੇ।

ਚੰਗੇ ਪਾਸੇ ਤੁਰਨ ਲਈ ਜਤਨ ਕਰੋ। ਜਿਨਾ ਕਰੋਗੇ ਉਨਾਂ ਹੀ ਔਖਾ ਹੈ। ਓਨੀ ਹੀ ਪ੍ਰਾਪਤੀ ਦੀ ਸੰਭਾਵਨਾ ਹੈ। ਜੋ ਕੋਈ ਆਸਾ ਦੀ ਵਾਰ ਵਿਚ ਆਕੇ ਸਉਂ ਵੀ ਜਾਵੇ ਉਹ ਉਸ ਨਾਲੋਂ ਜ਼ਰੂਰ ਔਖਾ ਹੈ ਜੁ ਬਿਸਤਰ ਦੇ ਵਿਚ ਪਿਆ, ਘੁਰਾੜੇ ਮਾਰਦਾ ਹੈ। ਏਥੇ ਆਕੇ ਸੌਣਾ ਮਨੋਰਥ ਨਹੀਂ ਪਰ ਜੇ ਨੀਂਦ ਦਾ ਝੋਕਾ ਆ ਹੀ ਜਾਵੇ ਤਾਂ ਉਹ ਬਿਸਤਰੇ ਵਿਚ ਸੁੱਤੇ ਮਨੁਖ ਨਾਲੋਂ ਚੰਗਾ ਹੈ।

ਕਿਸੇ ਦੇ ਮਜ਼ਹਬ ਤੇ ਤਰਕ ਨਾ ਕਰੋ। ਸਾਰੇ ਮਜ਼ਹਬਾਂ ਦੀ ਜਾਣਕਾਰੀ ਹੋਣੀ ਚੰਗੀ ਹੈ, ਮਾੜੀ ਗੱਲ ਨਹੀਂ। ਲੋੜ ਹੈ ਆਪਣੇ ਬਾਰੇ ਵੀ ਵਧੇਰੇ ਗਿਆਨ ਹੋਵੇ ਅਤੇ ਇਸ ਵਿਚ ਪਰਪਕਤਾ ਦਾ ਮਾਣ ਹੋਵੇ।

• ਈਰਖਾ ਕਿਸੇ ਨਾਲ ਨਾ ਕਰੋ। ਇਸ ਨੂੰ ਮਹਾਂ ਪੁਰਖਾਂ ਨੇ ਕਿਹੜ ਨਾਲੋਂ ਵੀ ਮਾੜੀ

Sri Satguru Jagjit Singh Ji Elibrary NamdhariElibrary@gmail.com

ਗਿਣਿਆ ਹੈ। ਇਹਦੇ ਤੋਂ ਬਚੋ। ਪ੍ਰੇਮ ਪਿਆਰ ਨਾਲ, ਆਪਣੇ ਚੰਗੇ ਵਤੀਰੇ ਨਾਲ ਦੂਜਿਆਂ ਨੂੰ ਆਪਣੇ ਨੇੜੇ ਲਿਆਓ।

ਨਾਮਧਾਰੀ ਸੰਗਤ ਅਤੇ ਪ੍ਰਬੰਧਕ ਕਮੇਟੀ ਵਾਲਿਆਂ ਨੂੰ ਅਰਜ਼ ਕਰਾਂਗਾ ਕਿ ਸਵੇਰੇ ਉਦਮ ਨਾਲ ਆਸਾ ਦੀ ਵਾਰ ਵਿਚ ਵੇਲੇ ਸਿਰ ਆਓ। ਸ਼ਾਮ ਨੂੰ ਨਿਤਨੇਮ ਸਮੇਂ ਮੁਕਰਰ ਵਕਤ ਤੇ ਦਰਸ਼ਨ ਦਿਓ। ਸਾਡੀ ਤੜਕੇ ਉਠਣ ਦੀ ਆਦਤ ਘਟਦੀ ਜਾਂਦੀ ਹੈ। ਇਸ ਨੂੰ ਰੋਕੋ।

ਨਾਮਧਾਰੀ ਜਵਾਨਾ ਨੇ ਬੜਾ ਔਖਾ ਕੰਮ ਕੀਤਾ ਹੈ। ਸੰਗੀਤ ਬਾਰੇ ਜਤਨ ਕੀਤਾ ਹੈ। ਦੀਵਾਨਾਂ ਸਮੇਂ ਸੇਵਾ ਕੀਤੀ ਹੈ। ਇਹ ਉਦਮ ਸਲਾਹੁਣ ਯੋਗ ਹੈ। ਚੰਗੀਆਂ ਗੱਲਾਂ ਵਿਚ ਸਾਰੇ ਇਕ ਦੂਜੇ ਦੀ ਮਿਲਵਰਤੋਂ ਕਰੋ।

ਜੋ ਸੱਜਣ ਕੇਸਾਂ ਦੀ ਬੇਅਦਬੀ ਕਰਦੇ ਹਨ, ਉਹ ਇਸ ਅਮਲ ਤੋਂ ਪਰਹੇਜ਼ ਕਰਨ। ਰਵੀਆਂ ਸਿਖੀ ਤਾਂ ਕੇਸਾਂ ਸਵਾਸਾਂ ਨਾਲ ਨਿਭਣਾ ਮੰਗਦੀ ਹੈ।

ਬੀਬੀਆਂ ਫੈਸ਼ਨ ਵਲੋਂ ਰੁਕਣ। ਚੌੜਾ ਨਹੀ, ਜੂੜੇ ਕਰਨ। ਬੁਲ੍ਹ ਨਹੁੰ ਨਾ ਰੰਗਣ, ਸਾਦਗੀ ਵਿਚ ਸੁਹਜ ਅਤੇ ਸੁਆਦ ਰਹਿ ਸਕਦਾ ਹੈ। ਇਹਦਾ ਇਕ ਆਪਣਾ ਹੀ ਸੁਆਦ ਹੈ।

ਬੱਚਿਆਂ ਨੂੰ ਪੜ੍ਹਾਓ, ਗੁਰਬਾਣੀ ਪੜ੍ਹਾਓ। ਸਾਡੇ ਤੇ ਗਿਆਨੀ ਗਿਆਨ ਸਿੰਘ ਵਾਲੀ ਗੱਲ ਨ ਹੋਵੇ। ਹਾਇ ਵੇ ! ਕਸਾਈ ਰਹੇ ਸਿਖੀ ਜਾਉ ਆਇ ਹੈ।

ਭਾਰਤ ਨੇ ਸਦਾ ਹੀ ਦੁਨੀਆਂ ਨੂੰ ਸਹੀ ਪਾਸੇ ਲਈ ਅਗਵਾਈ ਦਿਤੀ ਹੈ। ਹੁਣ 100 ਨਿਰਪਖ ਦੇਸ਼ਾ ਦੀ ਚੋਟੀ ਕਾਨਫਰੰਸ ਵਿਚ ਰੋਟੀ ਨਾਲ ਗਊ ਜਾਂ ਸੂਰ ਦਾ ਮਾਸ ਨਹੀ ਦਿਤਾ ਗਿਆ। ਅਸੀ ਇਸ ਗੱਲ ਦੇ ਤਰਫਦਾਰ ਹਾਂ।

ਸਾਨੂੰ ਪਹਿਰਾਵੇ ਵਿਚ ਭਾਰਤੀ ਸਭਿਅਤਾ ਲਿਆਉਣੀ ਚਾਹੀਦੀ ਹੈ। ਮਾਂਗਵੇਂ ਢੰਗ ਅਤੇ ਫੈਸ਼ਨ ਅਸੀ ਕਿਉ ਵਰਤੀਏ।

ਸ਼ਰਾਬ ਵਲ ਜੇ ਕੋਈ ਰੁਚਿਤ ਹੈ ਤਾਂ ਉਹ ਆਪਣੇ ਆਪ ਛੱਡ ਦੇਵੇ। ਜੇ ਕੋਈ ਬਹੁਤ ਪੀਂਦਾ ਹੈ, ਉਹ ਘਟਾਵੇ, ਜੇ ਕੋਈ ਘੱਟ ਪੀਂਦਾ ਹੈ ਤਾਂ ਉਹ ਛੱਡੇ ! ਇਹ ਗੱਲ ਨਵੇ ਸਿੱਖਾਂ ਲਈ ਹੈ। ਨਾਮਧਾਰੀ ਤਾਂ ਇਸ ਦੀ ਵਰਤੋਂ ਕਰਦੇ ਹੀ ਨਹੀ।

ਹਰਪਾਲ ਸਿੰਘ ਤੱਗੜੀ ਦੇ ਛੋਟੇ ਜਿਹੇ ਲੜਕੇ ਨੇ 7 ਪਉੜੀਆਂ ਕਿਸੇ ਮਿੱਤਰ ਦੀ ਮਾਂ ਤੋ ਸਿਖੀਆਂ ਹਨ। ਬੱਚੇ ਦੂਜਿਆਂ ਤੋਂ ਬੂ ਜਾਵੇ ਸਿਖਦੇ ਹਨ ਜੇ ਘਰੋਂ ਮਾਵਾਂ ਹੀ ਸਿਖਾਂਦੀਆਂ ਹੋਣ ਤਾਂ ਕਿਉ ਨ ਸਾਰੇ ਬੱਚੇ ਜਪੁਜੀ ਦੀਆਂ ਪਉੜੀਆਂ ਯਾਦ ਕਰਨ। ਉਸ ਬੱਚੇ ਤੇ ਉਸ ਬੀਬੀ ਨੇ ਵੀ ਬਹੁਤ ਚੰਗਾ ਕੀਤਾ ਹੈ ਜੋ ਪੜ੍ਹਕੇ ਬੱਚਿਆਂ ਨੂੰ ਸਿਖਾਂਦੀ ਹੈ ਅਤੇ ਉਹ ਸਿਖਦੇ ਹਨ।

ਸਤਿਗੁਰੂ ਕਿਰਪਾ ਕਰਨ ਸਾਨੂੰ ਦਇਆ, ਧਰਮ, ਖਿਮਾ, ਸੀਤਲਤਾ, ਭਜਨ ਬਾਣੀ ਵਲ ਰੁਚਿਤ ਹੋਣ ਦਾ ਬਲ ਮਿਲੇ।

ਸ੍ਰੀ ਸਤਿਗੁਰੂ ਜੀ ਦੇ ਉਪਰੋਕਤ ਬਚਨ ਦੇ ਨਾਲ ਹੀ 9 ਵਜੇ ਦੀਵਾਨ ਦੀ ਸਮਾਪਤੀ ਹੋ ਗਈ। ਅੱਜ ਸਾਧ ਸੰਗਤ ਸਦਾ ਨਾਲੋਂ ਵਧੇਰੇ ਸੀ, ਸਤਿਗੁਰੂ ਜੀ ਦਾ ਉਪਦੇਸ਼ ਗ੍ਰਿਹਦੇਅੰਗਮ ਕਰਨ ਲਈ ਜਤਨ ਵੀ ਸਤਨਾਂ ਵਿਚ ਪ੍ਰਤੱਖ ਦਿਸਦਾ ਸੀ।

ਇਕ ਛੋਟੇ ਬੱਚੇ ਨੇ ਆਪਣੇ ਹਾਣ ਪਰਮਾਣ ਦਾ ਚਿੱਤਰ ਸਤਿਗੁਰੂ ਜੀ ਦੇ ਪੇਸ਼ ਕਰਕੇ ਉਹਨੂੰ ਭਜਨ ਦੇਣ ਦੀ ਬੇਨਤੀ ਕੀਤੀ। ਇਕ ਛੋਟੀ ਲੜਕੀ ਵੀ ਭਜਨ ਪੁਛਣ ਆਈ। ਹੁਕਮ ਅਨੁਸਾਰ ਦੋਹਾਂ ਬੱਚਿਆਂ ਨੂੰ ਸੂਬਾ ਸਤਨਾਮ ਸਿੰਘ ਜੀ ਨੇ ਭਜਨ ਦਿਤਾ।

ਅੱਜ ਦਾ ਲੰਗਰ ਸਾਰੀ ਸੰਗਤ ਪੇਸ਼ਾ ਨਾਮਧਾਰੀ ਧਰਮਸਾਲਾ ਵਲੋਂ ਹੀ ਸੀ।

ਪਿੰਕੀ ਪਿਛਲੇ ਚਾਰ ਦਿਨਾਂ ਤੋਂ ਮਲੇਰੀਏ ਦੇ ਕਾਬੂ ਆਇਆ ਹੋਇਆ ਹੈ। ਇਲਾਜ ਮੁਆਲਜਾ ਚਲ ਰਿਹਾ ਹੈ। ਉਸਦੇ ਤਬਲੇ ਦੀ ਥਾਪ ਕਈ ਦਿਨਾਂ ਤੋਂ ਕੰਨੀ ਨਹੀਂ ਪਈ।

### 16 ਮਾਰਚ 1983, ਮੰਗਲਵਾਰ
### ਨੈਰੋਬੀ (ਕੀਨੀਆ)

**ਸ਼ੇਰਾਂ ਨੂੰ ਦਰਸ਼ਨ**

ਨਿਤ ਵਾਂਗ ਨਾਮਧਾਰੀ ਧਰਮਸਾਲਾ ਵਿਚ ਆਸਾ ਦੀ ਵਾਰ ਦਾ ਕੀਰਤਨ ਗੁਰੂ ਕੀ ਹਜ਼ੂਰੀ ਵਿਚ ਹੋਇਆ। ਅੱਜ ਸ੍ਰੀ ਸਤਿਗੁਰੂ ਜੀ ਦਾ ਸ਼ੇਰਾਂ ਨੂੰ ਦਰਸ਼ਨ ਦੇਣ ਜਾਣ ਦਾ ਪ੍ਰੋਗਰਾਮ ਹੈ। ਦੋ ਜਾਂ ਵੱਧ ਵਾਰ ਨੈਰੋਬੀ ਨੈਸ਼ਨਲ ਪਾਰਕ ਜਾਇਆ ਗਿਆ ਪਰ ਜੰਗਲ ਦਾ ਰਾਜਨ ਰਾਜ ਪੇਸ਼ ਨਾ ਹੋਇਆ। ਪਰਸੋਂ ਇਕ ਸੱਜਣ ਕਹਿ ਰਿਹਾ ਸੀ, ਭਲਾ ਸ਼ੇਰ ਇਹਨ ਕੋਹੜੇ ਵੇਖੇ ਨਹੀਂ ਹੋਏ, ਅਤੇ ਇਹਨਾਂ ਪਸ਼ੂਆਂ ਵਿਚ ਕੇਹੜੀ ਕਲਾ ਕੁਦਰਤ ਹੈ। ਇਹ ਤਾਂ ਸਤਿਗੁਰੂ ਜੀਆਂ ਦਾ ਉਧਾਰ ਕਰਨ ਹੀ ਬਾਰ ਬਾਰ ਪਾਰਕਾਂ ਵਿਚ ਪਹੁੰਚਦੇ ਹਨ।

ਕੱਲ ਸੰਗਤ ਦੇ ਮੁਖੀਆਂ ਨੂੰ ਆਖਿਆ ਗਿਆ ਸੀ ਕਿ ਸਵੇਰੇ ਰੇਂਜ ਰੋਵਰ ਗੱਡੀ, ਜੋ ਉਪਰੋਂ ਛਤ ਤੋਂ ਖੁੱਲ੍ਹ ਸਕਦੀ ਹੋਵੇ, ਕਰਾਏ ਤੇ ਕੀਤੀ ਜਾਵੇ ਅਤੇ ਨਾਲ ਹੀ ਗਾਈਡ ਲੈ ਜਾਣ ਦਾ ਪ੍ਰਬੰਧ ਵੀ ਹੋਵੇ। ਸੋ ਅੱਜ ਸ. ਅਜੀਤ ਸਿੰਘ ਤੱਤੀ ਗੱਡੀ ਲੈ ਕੇ ਆ ਗਿਆ। ਮੈਨੂੰ ਸੰਤ ਮਹਿੰਦਰ ਸਿੰਘ ਪੂਰਬਾ ਅਤੇ ਸੰਤ ਤਰਸੇਮ ਸਿੰਘ ਨੇ ਆਪਣੇ ਨਾਲ ਬੈਠਾ ਲਿਆ। ਇਸੇ ਗੱਡੀ ਵਿਚ ਸ. ਸੁਰਿੰਦਰ ਸਿੰਘ ਲੁਧਿਆਣਾ ਵੀ ਆ ਬੈਠਾ। ਗੱਡੀ ਦਾ ਮਾਲਕ ਤੇ ਚਾਲਕ ਸ. ਰਣਜੀਤ ਸਿੰਘ ਹੀਰਾ ਸਦਾ ਹੀ ਅਜਿਹੀ ਸੇਵਾ ਲਈ ਤਿਆਰ ਰਹਿੰਦਾ ਹੈ।

ਸ. ਅਜੀਤ ਸਿੰਘ ਵਾਲੀ ਰੇਂਜ ਰੋਵਰ ਵਿਚ ਸ੍ਰੀ ਸਤਿਗੁਰੂ ਜੀ ਅਤੇ ਆਪ ਦੀ ਸੇਵਾ ਵਿਚ ਠਾਕੁਰ ਦਲੀਪ ਸਿੰਘ ਜੀ, ਸੰਤ ਜਗਤਾਰ ਸਿੰਘ ਪਨਿਹਾਰੀ, ਬੀਬਾ ਜੀ, ਬੀਬੀ ਨਰਿੰਦਰ ਅਤੇ ਸੰਤ ਬਲਦੇਵ ਸਿੰਘ ਸੇਵਕ ਸਨ।

**ਨੈਰੋਬੀ ਨੈਸ਼ਨਲ ਪਾਰਕ**

6.30 ਤਕ ਅਸੀਂ ਨੈਰੋਬੀ ਦੇ ਨੈਸ਼ਨਲ ਪਾਰਕ ਦੇ ਫਾਟਕ ਮੂਹਰੇ ਖਲੋਤੇ ਸਾਂ। ਟਿਕਟਾਂ ਆਦਿ ਦਾ ਇੰਤਜ਼ਾਮ ਕਰ ਅਤੇ ਗਾਈਡ ਨੂੰ ਨਾਲ ਲੈ ਕੇ ਚਲੇ। ਜਦੋਂ ਸਤਿਗੁਰੂ ਜੀ ਦੀ ਗੱਡੀ ਪਿੱਛੇ ਸਾਡੀ ਮਰਸੀਡੀਜ਼ ਲਗਾ ਕੇ ਤੁਰੀ ਤਾਂ ਯਕੀਨ ਸੀ ਕਿ ਅੱਜ ਸ਼ੇਰਾਂ ਨੂੰ ਸ਼ੇਰ ਮਿਲਣਗੇ ਹੀ।

ਉਜੇਰ ਹੋਣ ਤੇ ਸਾਰੇ ਜਾਨਵਰ ਸੜਕ ਉਤੇ ਜਾਂ ਸੜਕ ਦੇ ਨਾਲ ਕਰਕੇ ਖਲੋਤੇ



Sri Satguru Jagjit Singh Ji Elibrary NamdhariElibrary@gmail.com

ਹੁੰਦੇ ਹਨ। ਸਾਡੀ ਪਹਿਲ ਪਹਿਲਾ ਮੁਲਾਕਾਤ ਇਕ ਜੀਰਾਫ ਨਾਲ ਹੋਈ। ਵਿਚਾਰਾ 2500 ਵੋਲਟ ਦੇ ਖੰਭੇ ਵਾਂਗ ਲੱਤਾਂ ਖਿਲਾਰੀ ਖਲੋਤਾ ਸੀ। ਉਹਦਾ ਘੋਤ-ਬੂਥਾ ਬੁੱਲ੍ਹਾਂ ਵਿਚ ਤਾਜ਼ਾ ਟਾਹਣੀਆਂ ਅਤੇ ਪਤਰਾਂ ਨੂੰ ਪਘੋਲਦਾ ਦੀਨ ਦੁਨੀਆ ਭੁੱਲੀ ਖਲੋਤਾ ਸੀ।

ਜ਼ਰਾ ਅਗੇ ਵਧੇ ਤਾਂ ਜੰਗਲੀ ਭੈਂਸਿਆਂ ਦਾ ਅਭਿਮਾਨੀ ਵੱਗ, ਸੜਕ ਦੇ ਪਾਸ ਪਹਿਰਾ ਦਿੰਦਾ, ਸਾਡੇ ਅਮਨ ਭੰਗ ਕਰਨ ਨੂੰ, ਜ਼ਰਾ ਵਧੇਰੇ ਹੀ ਨੋਟ ਫਰਮਾ ਰਿਹਾ ਸੀ। ਪਰ ਕੁਝ ਦੂਰ ਦੀ ਸੋਚ ਉਹ ਵੀ ਰਾਹੋਂ ਹਟ ਗਿਆ।

ਅਗੇ ਵਧਿਆਂ ਕਈ ਮਿਰਗਾਂ ਦੀਆਂ ਕਿਸਮਾਂ ਦੇ ਗਰੋਹ ਅਤੇ ਚਕੋਰ ਵੇਖੇ। ਬਹੁਤ ਘੱਟ ਨਜ਼ਰ ਪੈਣ ਵਾਲੀ ਗੈਂਡਾ ਦੰਪਤੀ, ਸੜਕੋਂ ਜ਼ਰਾ ਹਟਵੇਂ ਪੇਟ ਦੇ ਤੰਦੂਰ ਨੂੰ ਘਾਹ ਦਾ ਬੁਲਕਾ ਦੇ ਰਹੇ ਸਨ। ਸਤਿਗੁਰੂ ਜੀ ਨੇ ਇਹਨਾਂ ਨੂੰ ਸਮਾਂ ਨ ਦਿਤਾ ਅਤੇ ਹੋਰ ਅਗੇ ਨੂੰ ਨਿਕਲ ਗਏ। ਸਾਡੇ ਮੋੜ ਕਟਦਿਆਂ ਨੂੰ ਇਕ ਗੋਰਿਆਂ ਦਾ ਜੋੜਾ ਜਿਉ ਭੱਜਾ, ਜਿਉ ਭੱਜਾ, ਜਾਪਦਾ ਸੀ ਨੇਰੋਬੀ ਤੇ ਉਰ੍ਹਾਂ ਇਸ ਨਹੀਂ ਖਲੋਣਾ।

ਸ੍ਰੀ ਸਤਿਗੁਰੂ ਜੀ ਇਨਾਂ ਸਾਰੇ ਪਸ਼ੂ ਪੰਛੀਆਂ ਨੂੰ ਮੂਵੀ ਦੁਆਰਾ ਸੰਭਾਲਦੇ ਚਲੇ ਜਾ ਰਹੇ ਸਨ ਅਤੇ ਇਹਨਾਂ ਦੀਆਂ ਵੱਖ-ਵੱਖ ਆਵਾਜ਼ਾਂ ਨੂੰ ਕਲਾਮਈ ਢੋਹਾਂ ਦਿੰਦੇ, ਇਕੱਤਰ ਕਰੀ ਜਾਏ ਸਨ।

**ਅਹੁ ਵੇਖੋ ਸ਼ੇਰ !**

ਗਾਈਡ ਘੇਰ ਘੁਮਿਤਰੀਆਂ ਲੁਆਕੇ, ਇਕ ਨੀਵਾਂ ਜਲ ਨਾਲਾ ਪਾਰ ਕਰਵਾ, ਔਗੇ ਵੱਲ ਲੈ ਗਿਆ। ਸਾਥੋਂ ਵੀ ਕੋਈ ਕਾਹਲੇ ਦੋ ਕਾਰਾਂ ਵਾਲੇ ਸ਼ੇਰਾਂ ਨੂੰ ਲੱਭੀ ਖਲੇ ਸਨ। ਸਾਡੇ ਗਿਆਂ ਉਹਨਾਂ ਦੀ ਵਾਪਸੀ ਦਾ ਸਮਾਂ ਆ ਗਿਆ। ਹੁਣ ਜਾਂ ਅਸੀ ਸਿਖ ਸਾਂ ਜਾਂ ਸ਼ੇਰ ! ਨਾਲੇ ਦੇ ਨਾਲ ਕਰਕੇ ਇਕ ਵੱਡੀ ਝਾੜੀ ਦੇ ਨਾਲ, ਉਚੇ ਉਚੇ ਸੁਨਹਿਰੀ ਘਾਹ ਦੇ ਵਿਚਾਲੇ ਜੰਗਲ ਦਾ ਰਾਜਾ, ਬਬਰ ਸ਼ੇਰ ਬੈਠਾ ਸੀ, ਟੰਗਾਂ ਪਸਾਰੀ ਬੇਫਿਕਰੀ ਮਾਣ ਰਿਹਾ ਸੀ।

ਜ਼ਰਾ ਕੁ ਨਜ਼ਰ ਉਪਰ ਉਠਾਈ ਤਾਂ ਪਰ੍ਹੇ ਇਕ ਹੋਰ ਬਬਰ ਸ਼ੇਰ ਜੀ ਬਿਰਾਜਮਾਨ ਸਨ। ਕੌਣ ਕਹਿੰਦਾ ਹੈ, ਜੰਗਲ ਵਿਚ ਇਕੋ ਸ਼ੇਰ ਰਹਿੰਦਾ ਹੈ ! ਅਸੀ ਤਾਂ ਸਦਾ ਹੀ ਏਦੂੰ ਉਲਟ ਗੱਲ ਵੇਖੀ ਹੈ ! ਥੋੜਾ ਕੁ ਨਜ਼ਰ ਘੇਰਾ ਹੋਰ ਵਧਾਣ ਨਾਲ ਹੌਲੀ ਹੌਲੀ ਸ਼ੇਰਨੀਆਂ ਦੀਆਂ ਸ਼ਕਲਾਂ ਦਿਸਣ ਲੱਗੀਆਂ। ਇਕ, ਦੋ, ਤਿਨ, ਚਾਰ ! ਪਰ ਇਹ ਕੀ? ਇਸ [illegible] ਕੋਲ ਤਾਂ ਸ਼ੇਰ ਦੇ ਬੱਚੇ ਵੀ ਮੌਜੂਦ ਸਨ। ਮਤਲਬ ਇਹ ਕਿ ਔਸ ਸਾਡੇ ਸਨਮੁਖ ਪੂਰਾ ਸ਼ੇਰ ਪਰਵਾਰ ਸੀ।

ਬੱਚੇ, ਸ਼ੇਰਨੀ ਮਾਂ ਨਾਲ ਘਸਰਕੇ, ਸ਼ਰਾਰਤੀਆਂ ਕਰਦੇ, ਕਦੇ ਲੁਕਦੇ, ਕਦੇ ਦਿਸਦੇ। ਇਹਨਾਂ ਨੂੰ ਸਾਡੀ ਹੋਂਦ ਦੀ ਕੋਈ ਪਰਵਾਹ ਨਹੀਂ ਸੀ। ਸੱਚੇ ਪਾਤਸ਼ਾਹ ਉਹਨਾਂ ਤੋਂ 5-6 ਫੁਟ ਦੇ ਫਾਸਲੇ ਤੇ ਮੂਵੀ ਕੈਮਰੇ ਫਿਰਦੀ ਵੇਖਕੇ ਉਨ੍ਹਾਂ ਦੀ ਹਰ ਹਰਕਤ ਨੋਟ ਫਰਮਾ ਰਹੇ ਸਨ। ਅਸੀ ਵੀ ਬਬਰ ਸ਼ੇਰਾਂ ਨਾਲ ਕੁਇਕ ਕੁਇਕ ਦੀ ਖੇਡ ਖੇਡਦੇ ਰਹੇ।

ਦੋਹਾਂ ਬਬਰ ਸ਼ੇਰਾਂ ਵਿਚੋਂ ਇਕ ਤਾਂ ਮਾਡਲਿੰਗ ਦਾ ਆਦੀ ਜਾਪਦਾ ਸੀ। ਉਸਨੇ ਅਨੇਕਾਂ ਪ੍ਰਕਾਰ ਦੀਆਂ ਅਦਾਵਾਂ ਕੀਤੀਆਂ ਅਤੇ ਸਾਨੂੰ ਸ਼ਰੀਕਾਂ ਵਾਂਗ ਫੋਟੋਗ੍ਰਾਫੀ ਕਰਨ ਦਾ



Sri Satguru Jagjit Singh Ji Elibrary NamdhariElibrary@gmail.com

ਮੌਕਾ ਮੁਹਈਆ ਕੀਤਾ। ਸਿਰ ਤੇ ਰੰਗੀ ਤਕੜੀ ਜੱਤ, ਮੂੰਹ ਮਸਤਕ ਅਸਲੋਂ ਅ-ਕੇਸ਼ ਲੋਕਾਂ ਵਾਂਗ ਰੋਮ ਰਹਿਤ। ਲਟ ਲਟ ਕਰਦੀਆਂ ਤੇਜ ਤੇ ਨਿਰਭਉ ਅੱਖਾਂ। ਸ਼ੇਰ ਤਾਂ ਸਚਮੁਚ ਉਕਾ ਹੀ ਨਿਡਰ ਜਾਨਵਰ ਹੈ। ਸਾਡੀਆਂ ਗੱਡੀਆਂ ਤਾਂ ਇਹਨਾ ਤੇ ਚੜ੍ਹੀਆਂ ਹੀ ਖਲੋਤੀਆਂ ਸਨ। ਖੁੱਲੀਆਂ ਸ਼ੀਸ਼ੇ ਬਾਰੀਆਂ ਵਿਚਦੀ ਕੈਮਰਾ ਗੰਨਾਂ ਉਨ੍ਹਾਂ ਵਲ ਸੇਧਤ। ਪਰ ਉਨ੍ਹਾਂ ਨੂੰ ਜਿਵੇਂ ਯਕੀਨ ਸੀ ਕਿ ਕਾਰਾਂ ਤੇ ਰੇਜ਼ ਰੋਵਰਾਂ ਤੇ ਆਏ ਇਹ ਸ਼ਰੀਫਜ਼ਾਦੇ ਉਨ੍ਹਾਂ ਦਾ ਕੁਝ ਨਹੀ ਵਿਗਾੜ ਸਕਦੇ।

ਇਕ ਕੁਹ ਤਰਕੀ ਅੰਗੜਾਈ ਲੈਕੇ ਦੂਜਾ ਬਬਰ ਸ਼ੇਰ ਵੀ ਉਠਿਆ ਅਤੇ ਪਹਿਲੇ ਨਾਲ ਔਊ ਆ ਘਸਰਣ ਲਗਾ ਜਿਵੇਂ ਪਤੀ ਪਤਨੀ ਹੋਣ। ਜਰਾ ਕੁ ਹਟਵੇਂ ਫਾਸਲੇ ਤੇ ਚਾਰੇ ਸ਼ੇਰਨੀਆਂ ਵੱਖ ਵੱਖ ਪੋਜ਼ੀਸ਼ਨਾਂ ਵਿਚ ਬੈਠੀਆਂ। ਇਕ ਤਾ ਆਪਣੇ ਬੱਚਿਆਂ ਦੇ ਨਾਲ ਪਿਆਰ ਵਿਚ ਪੂਰੀ ਤਾਈਵਾਲ ! ਕੋਈ ਔਧਾ ਘੰਟਾ ਇਨ੍ਹਾਂ ਵਿਚ ਬਿਤਾਇਆਂ, ਆਪਣੇ ਵਲੋਂ ਉਨ੍ਹਾਂ ਦੀਆਂ ਉਬਾਸੀਆਂ, ਅੰਗੜਾਈਆ, ਮੂੰਹੋ ਨਿਕਲਦੀ 6-7 ਇੰਚ ਲੰਮੀ ਜ਼ਬਾਨ ਆਦਿ ਦੀਆਂ ਰੱਜ ਰੱਜ ਫੋਟੋ ਲਾਹ ਲਈਆਂ। ਅਜਿਹੇ ਸਮੇ ਸ਼ੌਕ ਰਹਿ ਨਹੀ ਹੁੰਦਾ। ਸੰਜਮ ਅਸੰਜਮ ਵਿਚ ਬਦਲ ਜਾਂਦਾ ਹੈ, ਕਿਸੇ ਅਗਲੇ ਜ਼ਰੂਰੀ ਵਾਕਿਆ ਲਈ ਸਨੈਪ ਨਹੀ ਬਚਦਾ !

**ਵਾਪਸੀ ਨੈਰੋਬੀ ਨੂੰ**

ਆਖਰ ਅਸੀ ਮਨੁਖ ਕਿਨਾ ਕੁ ਸਮਾਂ ਸ਼ੇਰਾਂ ਵਿਚ ਬਿਤਾ ਸਕਦੇ ਸਾਂ। ਗੱਡੀਆਂ ਨੂੰ ਘਾਹ ਦੇ ਜੰਗਲੋਂ ਕਢ ਕੱਚੀ ਸੜਕ ਤੇ ਪਾਇਆ ਅਤੇ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਅਗੇ ਪਿਛੇ ਜਾਂਦੇ 10 ਵਜੇ ਨੂੰ ਪਾਰਕ ਨੂੰ ਖੈਰਬਾਦ ਕਹਿ ਕੇ ਪੱਕੀ ਸੜਕੇ ਚੜ੍ਹ ਘਰਾਂ ਨੂੰ ਆ ਗਏ। ਹਰ ਕੋਈ ਰੱਜਿਆ ਬੈਠਾ ਸੀ, ਹਰੇਕ ਨੂੰ ਸੰਤੁਸ਼ਟੀ ਮਿਲ ਗਈ ਸੀ। ਜੰਗਲ ਦੀ ਯਾਤਰਾ ਅਧੂਰੀ ਰਹਿੰਦੀ ਹੈ ਜੇ ਸ਼ੇਰ ਨਾਲ ਮੁਲਾਕਾਤ ਨਾ ਹੋਵੇ ਤਾਂ ! ਪਰ ਜੇ ਕਿਤੇ, ਸਚਮੁਚ ਹੀ, ਪੈਦਲ ਚਲਦਿਆਂ ਜੰਗਲ ਵਿਚ ਸਬੱਬ ਨਾਲ ਸ਼ੇਰ ਨਾਲ ਮੁਲਾਕਾਤ ਹੋ ਜਾਵੇ, ਫੇਰ ਪਤਾ ਲਗੇ ਆਪਣੀ ਬਹਾਦਰੀ ਦਾ ! ਫੇਰ ਤਾਂ ਭਾਈ ਰਾਇ ਸਿੰਘ ਵਾਂਗ ਅਰਦਾਸ ਹੋਵੇ, ਸ. ਏਕਮ ਸਿੰਘ ਵਾਂਗ ਏਸ ਘੜੀ ਰੱਖਿਆ ਰਿਆਇਤ ਹੋਣ ਦਾ ਤਰਲਾ ਲਿਆ ਜਾਵੇ।

**ਖਜ਼ਾਨਚੀ ਸੰਤ ਪ੍ਰੀਤਮ ਸਿੰਘ ਮਠਾੜੂ ਘਰ ਹਜ਼ੂਰ ਨੇ ਚਰਨ ਪਾਏ**

ਆਪਣੇ ਡੇਰੇ ਆ, ਕੁਝ ਵਿਸਰਾਮ ਪਾ, ਫਿਰ ਇਸ਼ਨਾਨ ਕਰ ਸਤਿਗੁਰੂ ਜਗਜੀਤ ਸਿੰਘ ਜੀ ਸੰਤ ਪ੍ਰੀਤਮ ਸਿੰਘ ਦੇ ਘਰ ਪਧਾਰੇ। ਇਹ ਮਠਾੜੂ ਸਾਹਿਬ ਹੀ ਸਾਧ ਸੰਗਤ ਨੈਰੋਬੀ ਦੇ ਖ਼ਜ਼ਾਨਚੀ ਹਨ। ਏਥੇ ਸ੍ਰੀ ਸਤਿਗੁਰੂ ਜੀ ਅਤੇ ਨਾਲ ਦੀ ਸੰਗਤ ਦੇ ਲੰਗਰ ਦਾ ਇੰਤਜ਼ਾਮ ਸੀ। ਅਰੂਸ਼ਾ ਦੇ ਸੱਜਣਾਂ, ਸਰਵ ਸ੍ਰੀ ਬੁਧ ਰਾਮ, ਧੀਰ ਚੰਦ ਅਤੇ ਲੇਖ ਰਾਮ ਨੂੰ ਵੀ ਦਰਸ਼ਨਾਂ ਲਈ ਕੋਈ ਬਹਾਨਾ ਚਾਹੀਦਾ ਸੀ। ਇਹ ਵੀ ਲੰਗਰ ਛਕਣ ਵਾਲੀ ਸੰਗਤ ਨਾਲ ਏਕਾਕਾਰ ਹੋਈ ਬੈਠੇ ਸਨ।

ਨੈਰੋਬੀ ਵਾਲਿਆਂ ਨੂੰ ਅੱਜ ਇਹ ਸਾਰਾ ਦਿਨ ਦਰਸ਼ਨਾਂ ਲਈ ਮਿਲ ਰਿਹਾ ਹੈ। ਕੱਲ ਸ੍ਰੀ



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਅਤੇ ਤਾਬਿਆ ਵਿਚ ਆਪਣੇ ਜਥੇ ਨੇ ਭਾਰਤ, ਆਪਣੇ ਦੇਸ਼, ਪਰਤ ਜਾਣਾ ਸੀ।

## ਨੈਰੋਬੀ ਤੇ ਪੰਛੀ ਝਾਤ

ਠਾਕੁਰ ਦਲੀਪ ਸਿੰਘ ਜੀ ਨੇ ਮੈਨੂੰ ਇਕ ਹੋਰ ਸੁਅਵਸਰ ਪੈਦਾ ਕਰ ਦਿਤਾ। ਉਨ੍ਹਾਂ ਕੋਲ ਦਾ ਸਕੱਤਰ ਸੀਤੂ ਨੂੰ ਕਹਿ ਰਖਿਆ ਸੀ ਕਿ ਉਹ ਕਿਸੇ ਛੋਟੇ ਜਹਾਜ਼ ਨੂੰ ਇਕ ਘੰਟੇ ਲਈ ਕਰਾਏ ਤੇ ਲੈ ਰੱਖਣ ਏਰੀਅਲ ਫੋਟੋ ਗ੍ਰਾਫੀ ਕਰਨ ਲਈ। ਜਦੋਂ ਪ੍ਰਬੰਧ ਹੋ ਗਿਆ ਤਾਂ ਅੱਜ 3 ਵਜੇ ਅਸੀਂ ਠਾਕੁਰ ਜੀ, ਸੀਤੂ ਜੀ, ਸੁਰਿੰਦਰ ਸਿੰਘ ਲੁਧਿਆਣਾ ਅਤੇ ਮੈਂ ਐਵਰੋ ਏਅਰ ਦੇ ਹਵਾਈ ਅੱਡੇ ਤੇ ਪਹੁੰਚੇ।

ਏਥੇ ਇਕ ਜਹਾਜ਼ 6 ਸੀਟਰ, 1175 ਸ਼ਿਲਿੰਗ ਪ੍ਰਤੀ ਘੰਟਾ ਕਰਾਏ ਤੇ ਲੈ ਕੇ, ਗੋਰੇ ਪਾਇਲਟ ਦੀ ਸਹਾਇਤਾ ਨਾਲ ਅਸਾਂ ਨੈਰੋਬੀ ਦੇ ਆਕਾਸ਼ ਦੀ ਯਾਤਰਾ ਕੀਤੀ। ਦੂਰ ਦੂਰ ਦੇ ਦ੍ਰਿਸ਼, ਨਦੀਆ ਨਾਲਿਆਂ ਦੇ ਵਿੰਗ-ਤੜਿੰਗ, ਪੇਂਡੂ ਲੋਕਾਂ ਦੇ ਸਧਾਰਨ ਘਰ, ਅਮੀਰ ਕਾਲੋਨੀਆਂ ਦੀ ਬਾਦਸ਼ਾਹੀ, ਚਾਹ ਕਾਫੀ ਦੇ ਖੇਤਾਂ ਦੇ ਵੱਡੇ ਵੱਡੇ ਪੈਟਰਨਾਂ ਤੇ, ਪਤਾ ਨਹੀਂ ਹੋਰ ਕੀ ਕੀ ਵੇਖਿਆ ਅਤੇ ਸੰਭਾਲਿਆ।

ਠਾਕੁਰ ਜੀ ਪੂਰੀ ਸਮਝ ਨਾਲ ਫੋਟੋਗ੍ਰਾਫੀ ਕਰਦੇ ਹਨ। ਉਨ੍ਹਾਂ ਨੇ ਆਪਣੀ ਲੋੜ ਦੀ ਵਧੀਆ ਸਮੱਗਰੀ ਇਕੱਤਰ ਕਰ ਰੱਖੀ ਹੈ। ਉਹਨਾਂ ਦੇ ਨਿਕਟ, ਵਾਈਡ ਐਂਗਲ, ਵੀਡੀਓ ਤੇ ਮੂਵੀ ਕੈਮਰੇ ਸਦਾ ਅੰਗ ਸੰਗ ਰਹਿੰਦੇ ਹਨ। ਇਹ ਅਤੇ ਅਜਿਹੇ ਹੋਰ ਕੈਮਰਿਆਂ ਦਾ ਬੜੇ ਫ਼ਖਰ ਨਾਲ ਭਾਰ ਚੁਕੀ ਚਲਦੇ ਹਨ। ਬਾਰ ਬਾਰ ਉਨ੍ਹਾਂ ਨੂੰ ਸਤਿਗੁਰੂ ਜੀ ਦਾ ਚੇਤਾ ਆ ਰਿਹਾ ਸੀ ਕਿ ਨੈਰੋਬੀ ਨੂੰ ਉਪਰੋਂ ਹੋਕੇ ਤੱਕਿਆਂ ਸਤਿਗੁਰੂ ਜੀ ਇਹਦੀ ਖੂਬਸੂਰਤੀ ਨੂੰ ਹੋਰ ਵੀ ਮਾਣ ਸਕਣਗੇ।

ਅਸੀਂ ਆਕਾਸ਼ ਰਾਹੀ ਹੁੰਦਿਆਂ ਪਹਾੜੀ ਪਠਾਰਾਂ ਉਤੇ, ਵਧੀਆ ਖੇਤ, ਸੜਕਾਂ, ਬੰਗਲੇ ਅਤੇ ਸ਼ਾਹੀ ਕਾਲੋਨੀਆਂ ਵੇਖੀਆਂ। ਪ੍ਰੰਤੂ ਅਜ ਸਤਿਗੁਰੂ ਜੀ ਦਾ ਨੈਰੋਬੀ ਵਿਚ ਅੰਤਮ ਦਿਨ ਹੋਣ ਕਰਕੇ ਆਪ ਦਾ ਸਮਾ ਨਹੀਂ ਸੀ ਲਿਆ ਜਾ ਸਕਦਾ। ਉ ਠਾਕੁਰ ਦਲੀਪ ਸਿੰਘ ਨੇ ਨੈਰੋਬੀ ਦਾ ਏਰੀਅਲ ਵਿਊ ਵਖਾਣਾ ਨੋਟ ਕਰ ਲਿਆ।

## ਪਿਆਰ ਵਾਲੇ ਸਤਿਗੁਰੂ

ਅੱਜ ਸੁਖਵਿੰਦਰ ਸਿੰਘ ਪਿੰਕੀ ਦੀ ਸਰੀਰਕ ਹਾਲਤ ਬਹੁਤ ਪਤਲੀ ਹੋ ਗਈ ਹੈ। ਬਾਥਰੂਮ ਚੋਂ ਨਿਕਲਦਿਆਂ ਨਾਲਾ ਵੀ ਨ ਬੰਨ੍ਹ ਸਕਿਆ ਅਤੇ ਧਬੀ ਕਰਦਾ ਡਿਗ ਪਿਆ।

ਸ੍ਰੀ ਸਤਿਗੁਰੂ ਜੀ ਅਤੇ ਸੂਬਾ ਸਤਨਾਮ ਸਿੰਘ ਪਰਵਾਰ ਨੇ, ਬਹੁਤ ਪਿਆਰ ਦੇਕੇ, ਟੀਕਾ ਆਦਿ ਲੁਆਕੇ ਪਿੰਕੀ ਨੂੰ ਫਾਰਿਗ ਕਰ ਦਿਤਾ।

7 ਵਜੇ ਨਾਮਧਾਰੀ ਧਰਮਸਾਲਾ ਵਿਚ ਦੀਵਾਨ ਸਮੇ ਪੁੱਜਾ ਤਾਂ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਾਮ ਸਿਮਰਨ ਸਮਾਪਤੀ ਦੀ ਅਰਦਾਸ ਹੋ ਰਹੀ ਸੀ। ਨਮਸਕਾਰ ਕਰਕੇ ਮਿਤ ਤਰਸੇਮ ਸਿੰਘ ਸਕੱਤਰ ਨਾਲ ਥੋੜੀ ਗੱਲ ਕਰਨ ਲਗਾ ਤਾਂ ਅਚਾਨਕ, ਆਪਣਾ ਨਾਮ ਇਕ ਰੁੱਕੇ ਤੇ ਵੇਖ, ਮੇਰਾ ਧਿਆਨ ਰੁਕੇ ਤੇ ਚਲਾ ਗਿਆ। ਇਹ ਸਤਿਗੁਰਾਂ ਦੀ ਨੋਟ ਬੁਕ ਸੀ। ਕੁਝ ਤਰਸੇਮ ਸਿੰਘ ਨੂੰ ਆਦੇਸ਼ ਸੀ।



Sri Satguru Jagjit Singh Ji Elibrary NamdhariElibrary@gmail.com

## ਸ. ਹਰਜੀਤ ਸਿੰਘ ਦੇ ਘਰ ਲੰਗਰ

ਦੀਵਾਨ ਵਿਚ ਰਾਗੀ ਗਾਇ ਰਹੇ ਸਨ 'ਜਉ ਰਾਜੁ ਦੇਹਿ ਤ ਕਵਨ ਬਡਾਈ?' ਸ਼ਬਦ ਸਮਾਪਤੀ ਤੇ ਸ. ਹਰਭਜਨ ਸਿੰਘ ਸੀਹਰਾ ਵਲੋਂ ਇਸ ਸੂਚਨਾ ਉਪਰੰਤ ਦੀਵਾਨ ਦਾ ਭੋਗ ਪੈ ਗਿਆ ਕਿ ਸੱਚੇ ਪਾਤਸ਼ਾਹ ਜੀ ਅਤੇ ਉਨ੍ਹਾਂ ਦੀ ਤਾਬਿਆ ਵਿਚ ਆਇਆ ਜਥਾ ਕੱਲ੍ਹ 12.30 ਵਜੇ ਦੀ ਫਲਾਈਟ ਉਤੇ ਭਾਰਤ ਨੂੰ ਰਵਾਨਾ ਹੋ ਜਾਵੇਗਾ। ਸਾਧ ਸੰਗਤ ਸਵੇਰੇ ਵਾਰ ਵਿਚ ਵੱਧ ਤੋਂ ਵੱਧ ਗਿਣਤੀ ਵਿਚ ਆਵੇ।

ਸ੍ਰੀ ਸਤਿਗੁਰੂ ਜੀ ਅਤੇ ਨਾਲ ਦੇ ਜਥੇ ਦਾ ਸ਼ਾਮ ਦਾ ਜਲ ਪਾਨ ਅਤੇ ਲੰਗਰ ਗਿਆਨੀ ਤੇਜਾ ਸਿੰਘ ਦੇ ਲੜਕੇ ਅਤੇ ਸ. ਸਰਵਣ ਸਿੰਘ ਸੇਖੀ ਦੇ ਦਾਮਾਦ ਸ. ਹਰਜੀਤ ਸਿੰਘ ਢਿੱਲੋਂ ਦੇ ਘਰ ਸੀ। ਸੋ ਅਨੇਕਾਂ ਸੱਜਣ ਸਤਿਗੁਰੂ ਜੀ ਦੇ ਪਿਛੇ ਪਿਛੇ ਹਰਜੀਤ ਸਿੰਘ ਦੇ ਬੰਗਲੇ ਨੂੰ ਹੋ ਲਏ ! ਅਤੇ ਸ਼ਿਸ਼ਾ ਨਾਲ ਪ੍ਰਸ਼ਾਦ ਪਾਣੀ ਛਕ ਪ੍ਰਸੰਨ ਹੋਏ।

ਇਸ ਘਰ ਗੁਰੂ ਕੇ ਦਰਸ਼ਨਾਂ ਨੂੰ ਆਇਰਲੈਂਡ ਦਾ ਇਕ ਜੋੜਾ, ਸ੍ਰੀ ਮਾਨ ਅਤੇ ਸ੍ਰੀ ਮਤੀ ਆਰਮੰਡ ਆਏ। ਸਿੱਖਾਂ ਦੇ ਧਾਰਮਿਕ ਰਹਨੁਮਾ ਦੀ ਨਿਕਟਤਾ ਦਾ ਇਹ ਚਾਹਵਾਨ ਜੋੜਾ ਸੀ। ਮੈਂ ਕੋਲ ਨ ਹੋਣ ਕਰਕੇ ਇਹਨਾਂ ਦੀ ਗੱਲ-ਬਾਤ ਨਹੀ ਸੁਣ ਸਕਿਆ।

## ਸਤਿਗੁਰੂ ਜੀ ਦਾ ਬਦਲਵਾਂ ਡੇਰਾ

ਅੱਜ ਤਕ ਤਾਂ ਸਵਰਗਵਾਸੀ ਸੂਬਾ ਦਰਸ਼ਨ ਸਿੰਘ ਜੀ ਦਾ ਬੰਗਲਾ ਹੀ ਸਤਿਗੁਰੂ ਜਗਜੀਤ ਸਿੰਘ ਦਾ ਸਥਾਈ ਨਿਵਾਸ ਸਥਾਨ ਸੀ। ਪਰ, ਸੂਬਾ ਸਤਨਾਮ ਸਿੰਘ ਜੀ ਤੋਂ ਪਤਾ ਲਗਾ ਕਿ ਅੱਜ ਰਾਤ ਦਾ ਵਿਸ਼ਰਾਮ ਸ. ਗੁਰਚੈਨ ਸਿੰਘ ਫਲੋਰਾ ਵਲ ਕਰਨਾ ਹੈ।

ਸਤਿਗੁਰੂ ਜੀ ਹਰਜੀਤ ਸਿੰਘ ਦੇ ਘਰੋਂ ਸਿੱਧਾ ਹੀ ਫਲੋਰਾ ਹੁਰਾਂ ਦੇ ਬੰਗਲੇ ਨੂੰ ਹੋ ਤੁਰੇ ਪਰ ਰਾਤੀ 10 ਵਜਣ ਵਿਚ 5-7 ਮਿੰਟ ਰਹਿੰਦੇ ਸਤਿਗੁਰੂ ਜੀ ਫਿਰ ਪਹਿਲੇ ਡੇਰੇ ਆ ਗਏ।

ਏਥੇ ਸਤਿਗੁਰੂ ਜੀ ਦਾ ਇਕ ਪਰਮ ਪ੍ਰੇਮੀ ਸ. ਮਨਜੀਤ ਸਿੰਘ ਬੈਠਾ ਹੋਇਆ ਸੀ। ਬੀਬਾ ਜੀ ਤੇ ਸੰਤ ਜਗਤਾਰ ਸਿੰਘ ਉਠਣ ਦੀ ਤਿਆਰੀ ਵਿਚ ਵਿਅਸਤ ਸਨ। ਸਤਿਗੁਰੂ ਜੀ ਦੇ ਆਉਂਦਿਆਂ ਹੀ ਆਪਣੇ ਕਮਰੇ ਵਿਚ ਪਹੁੰਚ ਗਏ ਤੇ ਸ. ਮਨਜੀਤ ਸਿੰਘ ਨੂੰ ਅੰਦਰ ਬੁਲਾ ਲਿਆ ਗਿਆ।

## ਧਰਮਸਾਲਾ ਵਿਚ ਨਿਰੰਤਰ ਵਰਨੀ

ਜਾਂ ਮੈਂ ਆਪਣੇ ਡੇਰੇ ਆਇਆ ਜੋ ਕਿ ਨਾਮਧਾਰੀ ਧਰਮਸਾਲਾ ਵਿਚ ਹੀ ਹੈ, ਤਾਂ ਵੇਖਿਆ ਕਿ ਨੈਰੋਬੀ ਦੇ ਜੁਆਨ, ਧਰਮਸਾਲਾ ਦੇ ਹਾਲ ਵਿਚ ਨਿਰੰਤਰ ਵਰਨੀ ਦਾ ਆਰੰਭ ਕਰਨ ਹਿਤ ਸਫਾਈ ਆਦਿ ਕਰ ਰਹੇ ਹਨ। ਕੱਲ ਸਵੇਰੇ ਤੋਂ ਵਰਨੀ ਆਰੰਭ ਹੋ ਜਾਵੇਗੀ। ਪੰਜ ਪੰਜ ਜੁਆਨ ਹਫਤਾ ਹਫਤਾ ਭਰ ਰੋਜ਼ਾਨਾ ਦੋ-ਦੋ ਘੰਟੇ ਵਾਰੀ ਵਾਰੀ ਨਾਲ ਜਪ ਕਰਨ ਬੈਠਿਆ ਕਰਨਗੇ। ਜੁਆਨਾਂ ਵਲੋਂ ਇਹ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਨਾਂ ਦੀ ਪੂਰਤੀ ਹੈ।



Sri Satguru Jagjit Singh Ji Elibrary NamdhariElibrary@gmail.com

### ਹਾਕੀ ਟੀਮ ਲਈ ਕੰਬਲ

ਏਥੇ ਮੈਂ ਇਕ ਢਪੀਆ ਕੰਬਲਾਂ ਦਾ ਢੇਰ ਵੀ ਵੇਖਿਆ। ਪੁਛਣ ਤੇ ਮਾਲੂਮ ਹੋਇਆ ਕਿ ਇਹ ਕੰਬਲ ਸਤਿਗੁਰੂ ਜੀ ਦੀ ਆਗਿਆ ਨਾਲ ਨਾਮਧਾਰੀ ਹਾਕੀ ਟੀਮ ਦੇ ਜੁਆਨਾਂ ਲਈ ਖਰੀਦੇ ਗਏ ਹਨ। ਪ੍ਰਤੀ ਕੰਬਲ 160 ਸ਼ਿਲਿੰਗ ਕੀਮਤ ਹੈ ਅਤੇ ਇਹ ਕੰਬਲ 30 ਕੁ ਤਾਂ ਹੋਣਗੇ ਹੀ।

ਸ੍ਰੀ ਬਲਜੀਤ ਸਿੰਘ ਤਾਰ ਸ਼ਹਿਨਾਈ ਤੇ ਉਹਦੇ ਉਸਤਾਦ ਸ. ਪਿਆਰਾ ਸਿੰਘ ਵਾਸਤੇ ਇਕ ਇਕ ਕੰਬਲ ਤੇ ਕੁਝ ਹੋਰ ਸਾਮਾਨ ਖਰੀਦ ਕੇ ਦਿਤਾ ਗਿਆ।

**16 ਮਾਰਚ 1983, ਬੁੱਧਵਾਰ**
**ਨੈਰੋਬੀ (ਕੀਨੀਆ)**

### ਅੰਤਮ ਦਿਨ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਤਾਬਿਆ ਵਿਚ ਆਏ ਜਥੇ ਦਾ ਨੈਰੋਬੀ ਵਿਖੇ ਅੱਜ ਅੰਤਮ ਦਿਨ ਹੈ। ਅਤੇ ਉਹ ਵੀ ਔਧਾ ਦਿਨ। ਕਿਉਂਕਿ 12.30 ਵਜੇ ਦੁਪਹਿਰੇ ਏਅਰ ਇੰਡੀਆ ਦੇ ਜਹਾਜ਼ ਤੇ ਦੇਸ ਨੂੰ ਉਡਣਾ ਹੈ।

ਸਤਿਗੁਰੂ ਜੀ ਦੇ ਸਨਮੁਖ ਅੱਜ ਆਸਾ ਦੀ ਵਾਰ ਦਾ ਕੀਰਤਨ ਸੰਤ ਹਰਬੰਸ ਸਿੰਘ ਘੁੱਲਾ, ਅਤੇ ਸੰਤ ਖਜ਼ਾਨ ਸਿੰਘ, ਸ੍ਰੀ ਬਲਜੀਤ ਸਿੰਘ, ਕਲ੍ਹ ਦੇ ਬੁਖਾਰ ਦਾ ਤੰਜਾ, ਇਸ਼ਨਾਨ ਕਰਨ ਆਇਆ ਸੁਖਵਿੰਦਰ ਸਿੰਘ ਪਿੰਕੀ ਵੀ ਬੈਠਾ ਹੈ, ਸੰਤ ਦਿਆਲ ਸਿੰਘ ਲੁਹਾਰਾ, ਸ. ਅਜੀਤ ਸਿੰਘ ਮੁਤਲਾਸ਼ੀ ਅਤੇ ਸ. ਹਰਪਾਲ ਸਿੰਘ ਤੱਲੀ, ਪ੍ਰੇਮ ਪੂਰਵਕ ਕਰ ਰਹੇ ਹਨ। ਮੇਰੇ ਆਇਆ ਸ਼ਬਦ ਚਲ ਰਿਹਾ ਹੈ, ਮੈ ਬਉਰੀ ਮੇਰਾ ਰਾਮ ਭਤਾਰੁ। ਏ ਮਸਤਾਨੇ ਹੋ ਗਏ ਹਨ। ਇਕ ਬੀਬੀਆਂ ਵਲੋਂ, ਦੂਜਾ ਪੁਰਸ਼ਾਂ ਵਲੋਂ। 6.45 ਵਜੇ "ਤੁਮ ਘਰਿ ਆਵਹੁ ਮੇਰੇ ਮੀਤ" ਜਾਰੀ ਹੋ ਗਿਆ। ਅੱਜ ਸੰਗਤ ਸਚਮੁਚ ਬਹੁਤ ਵਡੇਰੀ ਗਿਣਤੀ ਵਿਚ ਹੈ।

ਬਸੰਤ ਕੀ ਵਾਰ ਉਪਰੰਤ ਸਵੇਰ ਦੇ ਕੀਰਤਨ ਦੀ ਸਮਾਪਤੀ ਹੋ ਗਈ ਹੈ।

### ਉਪਦੇਸ਼ਾਂਮ੍ਰਿਤ

ਅੱਜ ਸਾਧ ਸੰਗਤ ਪ੍ਰਤੀ ਉਪਦੇਸ਼ ਦਿੰਦਿਆਂ ਸੱਚੇ ਪਾਤਸ਼ਾਹ ਜੀ ਨੇ ਏ ਬਚਨ ਵਿਸ਼ੇਸ਼ ਕਰ ਕੀਤੇ, ਉਨ੍ਹਾਂ ਦਾ ਸੰਖੇਪ

ਪੁਰਾਣੇ ਸਿੰਘ ਜ਼ਬਾਨੀ ਸ਼ਬਦ ਪੜ੍ਹਿਆ ਕਰਦੇ ਸਨ, ਅਜ ਕੱਲ ਵਾਂਗੂ ਗੁਟਕਿਆਂ ਉਤੇ ਨਹੀ:...................... ਸਿੱਖੀ ਦੇ ਰਖਿਅਕ ਜੇ ਉਹ ਹੀ ਹੋਣ ਜਿਹੜੇ ਚਿਤ ਕੇ ਗਊਆਂ ਦੇ ਹੱਡ ਮੰਦਰਾਂ ਵਿਚ ਰਖਣ ਲਗ ਪੈਣ ਤਾਂ ਉਨਾਂ ਤੇ ਕਿਸੇ ਵੀ ਭਲੇ ਦੀ ਆਸ ਨਹੀ ਕੀਤੀ ਜਾ ਸਕਦੀ।

ਮੇਰੇ ਨਾਲ ਇਕ ਵਾਰ ਮਹਾਰਾਜਾ ਪਟਿਆਲਾ, ਸ. ਗੁਰਨਾਮ ਸਿੰਘ ਅਤੇ ਇਕ ਹੋਰ ਸਿੰਘ, ਅੰਦਰ ਬੈਠੇ ਗੱਲਾਂ ਬਾਤਾਂ ਕਰ ਰਹੇ ਸਨ। ਓਦੋਂ ਜਸਟਿਸ ਗੁਰਨਾਮ ਸਿੰਘ ਨੇ ਕਿਹਾ

Sri Satguru Jagjit Singh Ji Elibrary NamdhariElibrary@gmail.com

ਸੀ, ਸਾਨੂੰ ਤਾਂ ਚੋਣਾਂ ਹੀ ਲੈਕੇ ਬਹਿ ਗਈਆਂ ਹਨ, ਫਿਰ ਗੁਰਦੁਆਰਾ ਚੋਣਾ। ਪਰ ਉਹ ਇਹੋ ਗੱਲ ਬਾਹਰ ਖਲੋ ਕੇ ਨਹੀ ਕਰ ਸਕਦੇ। ਗੁਰਦੁਆਰੇ ਚੋਣ ਸਿਸਟਮ ਨਾਲ ਪਵਿੱਤਰ ਨਹੀ ਰਹਿ ਸਕਦੇ !

ਸਤਿਗੁਰੂ ਨੇ ਕਿਰਪਾ ਕੀਤੀ ਹੈ ਕਿ ਨੌਜੁਆਨ ਚੰਗੇ ਵਰਨੀ ਕਰਨ ਲਗੇ ਹਨ। ਐਂਗੇ ਪਤਾ ਨਹੀ ਕੀ ਹੋਵੇ, ਪਰ ਹੱਟੀ ਪਾਉਣ ਤੇ ਲਾਭ ਦੀ ਆਸ ਹੀ ਰਖੀ ਦੀ ਹੈ।

ਪ੍ਰਬੰਧਕਾਂ ਨੂੰ ਅਰਜ਼ ਕਰਾਂਗਾ ਕਿ ਉਹ ਏਥੇ ਆਕੇ ਰੋਜ਼ਾਨਾ ਇਕ ਵਾਰ ਜ਼ਰੂਰ ਦਰਸ਼ਨ ਦਿਆ ਕਰਨ। ਆਸਾ ਦੀ ਵਾਰ ਸਮੇ ਜਾਂ ਨਾਮ ਸਿਮਰਨ ਵੇਲੇ ਆਕੇ ਬਚਿਆਂ ਨੂੰ ਹੌਂਸਲਾ ਦੇ ਜਾਏ।

ਈਰਖਾ, ਚੁਗਲੀ, ਕਲ ਕਲੇਸ਼ ਦਾ ਜੁਗ ਸਾਡੇ ਅੰਦਰ ਘਰ ਨ ਕਰੇ। ਵਰਨੀ ਵਿਚ ਸਾਰੇ ਹੀ ਮਦਦ ਕਰੋ।

ਨਾਮ ਜਪਣ ਦੀ ਮਹੱਤਤਾ ਬਾਰੇ ਭਾਈ ਗੁਰਦਾਸ ਸਿੰਘ ਜੀ ਕਹਿੰਦੇ ਹਨ :

ਰੇਤ ਅੱਕ ਆਹਾਰ ਕਰ, ਰੋੜਾਂ ਦੀ ਗੁਰ ਕਰੀ ਵਿਛਾਈ।<br>
ਭਾਰੀ ਕਰੀ ਤਪਸਿਆ ਵਡੇ ਭਾਗ ਹਰਿ ਸਿਉ ਬਣਿ ਆਈ।

ਪ੍ਰੋਗਰਾਮ ਅਨੁਸਾਰ ਤਾਂ ਅੱਜ ਜਾਣਾ ਹੈ, ਅਗੇ ਸਤਿਗੁਰੂ ਦੀ ਰਜ਼ਾ।

## ਨਿਰੰਤਰ ਭਜਨ ਵਰਨੀ ਆਰੰਭ

7.15 ਤਕ ਦੀਵਾਨ ਦੀ ਸਮਾਪਤੀ ਹੋ ਗਈ ਅਤੇ ਉਠਦਿਆਂ ਹੀ ਦੀਨ ਦਿਆਲ ਜੀ ਨਾਮਧਾਰੀ ਸੰਗਤ ਨੈਰੋਬੀ ਦੇ ਦਫਤਰ ਕਮਰੇ ਪਾਸ ਪਧਾਰੇ ਜਿਸਦੇ ਸਾਹਮਣੇ ਦੇ ਕਮਰੇ ਵਿਚ ਵਿਦਿਅਕ ਜਥੇ ਦਾ ਪ੍ਰਧਾਨ ਸ. ਸੁਰਜੀਤ ਸਿੰਘ ਵਰਨੀ ਦੀ ਰੇਲ ਲਈ ਖਲੋਤੇ ਅਤੇ ਕੜਾਹ ਪ੍ਰਸ਼ਾਦ ਦੀ ਤਾਬਿਆ ਜਥੇਦਾਰ ਸੇਵਾ ਸਿੰਘ ਜਗਾਧਰੀ ਬੈਠੇ ਹੋਏ ਸਨ। ਸੰਤ ਮਹਿੰਦਰ ਸਿੰਘ ਪੁਰਬਾ ਨੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅਰਦਾਸ ਕੀਤੀ ਅਤੇ ਪੂਰਬੀ ਅਫਰੀਕਾ ਦੇ ਦੇਸ਼ ਕੀਨੀਆਂ ਦੀ ਰਾਜਧਾਨੀ ਨੈਰੋਬੀ ਵਿਚ ਅੱਜ ਤੋਂ ਨਿਰੰਤਰ ਭਜਨ ਵਰਨੀ ਆਰੰਭ ਹੋ ਗਈ। ਨਾਮਧਾਰੀ ਵਿਦਿਅਕ ਜਥਾ ਕੀਨੀਆ ਦੇ ਜਵਾਨਾਂ ਨੂੰ ਸੇਵਾ ਅਤੇ ਸਿਮਰਨ ਦਾ ਸੁਅਵਸਰ ਪ੍ਰਾਪਤ ਹੋ ਗਿਆ ਅਤੇ ਸਭ ਤੋਂ ਵੱਡੀ ਗੱਲ, ਇਸ ਕਾਰਜ ਨਾਲ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਮਿਲ ਗਈਆਂ।

## ਕੀਨੀਆ ਹਾਕੀ ਮੁਖੀ ਦੇ ਦਫਤਰ ਵਿਚ

ਸ੍ਰੀ ਸਤਿਗੁਰੂ ਜੀ ਡੇਰੇ ਆਕੇ ਸਫਰ ਦੀ ਤਿਆਰੀ ਹਿਤ ਬਿਰਾਜ ਗਏ। ਜਾਣ ਵਾਲਿਆਂ, ਸਭ ਨੇ ਆਪਣਾ ਸਾਮਾਨ ਪੈਕ ਕਰਨਾ ਸ਼ੁਰੂ ਕਰ ਦਿਤਾ। ਬਹੁਤੀ ਖਰੀਦੋ ਫਰੋਖਤ ਨਹੀ ਜਾਪੀ। 10.30 ਤਕ ਕਾਰਾਂ ਅਤੇ ਪਿਕ ਅੱਪ ਗਡੀਆਂ ਵਿਚ ਸਾਮਾਨ ਟਿਕਾਅ ਦਿਤਾ ਗਿਆ।

ਮੈਂ ਠਾਕੁਰ ਦਲੀਪ ਸਿੰਘ ਜੀ ਨਾਲ ਪਹਿਲਾਂ ਹੀ ਸ. ਰਣਜੀਤ ਸਿੰਘ ਸੋਗਾ ਦੀ ਗੱਡੀ ਤੇ ਚੱਲ ਪਿਆ। ਠਾਕੁਰ ਜੀ ਨੇ ਕੀਨੀਅਨ ਹਾਕੀ ਯੂਨੀਅਨ ਦੇ ਸੈਕਟਰੀ ਨੂੰ ਮਿਲਣ ਜਾਣਾ ਸੀ। ਕਾਰ ਵਿਚ ਜਾਂਦਿਆਂ ਠਾਕੁਰ ਦਲੀਪ ਸਿੰਘ ਜੀ ਨੇ ਦੱਸਿਆ ਕਿ ਹਰਿਆਣਾ ਦੇ ਹਾਕੀ ਆਗੂ ਸ੍ਰੀ ਮਹਾਜਨ ਵਾਸਤੇ ਇਕ ਘੜੀ ਲੈ ਲਈ ਹੈ (ਦੀਵਾਲੀ) ਅਤੇ ਦੂਜੇ ਇਹ ਚਿਠੀ



Sri Satguru Jagjit Singh Ji Elibrary NamdhariElibrary@gmail.com

ਸ. ਹਰਦੇਵ ਸਿੰਘ ਤੋਂ ਲੈ ਚਲਿਆ ਹਾਂ। ਲਾਜ਼ਮੀ ਤੌਰ ਤੇ ਸ੍ਰੀ ਮਹਾਜਨ ਨੂੰ ਖੁਸ਼ੀ ਹੋਵੇਗੀ।

ਥੋੜੇ ਚਿਰ ਵਿਚ ਹੀ ਅਸੀਂ ਸ਼ਹਿਰ ਦੇ ਕਾਰੋਬਾਰੀ ਖੇਤਰ ਵਿਚ ਆ ਗਏ। ਏਥੇ ਸ. ਹਰਦੇਵ ਸਿੰਘ ਦਾ ਦਫਤਰ ਸੀ। ਹਰਦੇਵ ਸਿੰਘ ਹਾਕੀ ਦੇ ਖੇਡ ਸਾਮਾਨ ਦੀ ਵਿਕਰੀ ਦਾ ਪ੍ਰਬੰਧ ਵੀ ਰਖਦੇ ਹਨ। ਇਹ ਧੰਧਾ ਉਨ੍ਹਾਂ ਦਾ ਲੜਕਾ ਚਲਾ ਰਿਹਾ ਹੈ। 'ਪੋਮਾ' ਨਾਮ ਦੀ ਇਕ ਏਜੰਸੀ ਵੀ ਇਨ੍ਹਾਂ ਦੇ ਕੋਲ ਹੈ। ਠਾਕੁਰ ਜੀ ਨੂੰ ਇਕ ਜੇਤੂ ਹਾਕੀ ਟੀਮ ਦਾ ਆਗੂ ਹੋਣ ਕਰਕੇ ਕਿਸੇ ਨਾਲ ਵੀ ਗੱਲ ਕਰਨੀ ਆਸਾਨ ਹੈ। ਏਥੇ ਇਕ ਯੂ.ਕੇ. ਤਿਰੋਂ ਆਏ ਕੁਲਦੀਪ ਸਿੰਘ ਨਾਂ ਦੇ ਵਿਅਕਤੀ ਨਾਲ ਵੀ ਠਾਕੁਰ ਜੀ ਦਾ ਮੇਲ ਹੋ ਗਿਆ। ਠਾਕੁਰ ਜੀ ਨਾਮਧਾਰੀ ਹਾਕੀ ਟੀਮ ਨੂੰ ਕੀਨੀਆ ਲਿਆਣਾ ਚਾਹੁੰਦੇ ਹਨ ਅਤੇ ਯੂ.ਕੇ. ਵਿਚ ਵੀ ਲੈ ਜਾਣਾ ਚਾਹੁੰਦੇ ਹਨ। ਇਸ ਬਾਰੇ ਸੰਬੰਧਤ ਆਦਮੀ ਨਾਲ ਕੁਝ ਗੱਲ ਬਾਤ ਕਰ, ਸ. ਹਰਦੇਵ ਸਿੰਘ ਤੋਂ ਛੁੱਟੀ ਲੈ, ਅਸੀਂ ਜੋਮੋ ਕਨਿਆਟਾ ਇੰਟਰ ਨੈਸ਼ਨਲ ਏਅਰ ਪੋਰਟ ਨੈਰੋਬੀ ਲਈ ਚਲ ਪਏ।

## ਜੋਮੋ ਕਨਿਆਟਾ ਇੰਟਰਨੈਸ਼ਨਲ ਏਅਰ ਪੋਰਟ ਤੇ

ਸਾਡੇ ਪਹੁੰਚਦਿਆਂ ਨੂੰ 11.30 ਹੋ ਗਏ। ਏਅਰ ਪੋਰਟ ਤੇ ਨਾਮਧਾਰੀ ਵੀਰ ਭੈਣਾਂ ਦੀ ਭਰਪੂਰ ਇਕੱਤਰਤਾ ਸੀ। ਹਿਰਦੇ ਸਮਰਾਟ ਸਤਿਗੁਰੂ ਜੀ ਨੂੰ ਵਿਦਾ ਜੁ ਕਰਨਾ ਸੀ। 10 ਮਿੰਟ ਬਾਅਦ ਸੱਚੇ ਪਾਤਸ਼ਾਹ ਵੀ ਆ ਗਏ। ਝਮ ਝਮ ਕਰਦੀ ਪੋਰਟ ਹੋਰ ਵੀ ਚਮਕ ਉਠੀ। ਸ੍ਰੀ ਸਤਿਗੁਰੂ ਜੀ ਦੇ ਸਨਮਾਨ ਵਿਚ ਆਪ ਜੀ ਨੂੰ ਕੁਰਸੀ ਲਿਆਕੇ ਬੈਠਾ ਦਿਤਾ ਗਿਆ ਅਤੇ ਵਿਦਾਈ ਲਈ ਮਸਤਕ ਨਿਵਾਣ ਵਾਲਿਆਂ ਦੀਆਂ ਲਾਈਨਾਂ ਲਗ ਗਈਆਂ। ਸਾਮਾਨ ਤੋਲਿਆ ਜਾਣ ਲਗਾ।

ਏਥੇ ਬੈਠੇ ਬੈਠੇ ਬਹੁਤ ਸਾਰੇ ਸਿੰਘਾਂ ਨੇ ਸਤਿਗੁਰੂ ਜੀ ਨਾਲ ਆਪਣੇ ਮਨ ਦੀਆਂ ਗੁੰਝਲਾਂ ਸਾਂਝੀਆਂ ਕੀਤੀਆਂ। ਸ. ਸੋਖੀ, ਸ.ਸੀਰ੍ਹਾ, ਸ. ਚਾਵਲਾ, ਸ. ਗੋਰਾ, ਸ. ਅਮਰਜੀਤ ਸਿੰਘ, ਸ. ਗੁਰਚੇਨ ਸਿੰਘ ਆਦਿ ਨੂੰ ਸਤਿਗੁਰੂ ਜੀ ਨੇ ਸਮਾਂ ਦਿਤਾ। ਸ. ਹਰਚਰਨ ਸਿੰਘ ਸੰਧਾਵਾਂ ਨੇ ਵਾਪਸ ਯੂ.ਕੇ. ਜਾਣ ਦੀ ਆਗਿਆ ਪ੍ਰਾਪਤ ਕੀਤੀ। ਸਰਬ ਸ੍ਰੀ ਬੀਰ ਚੰਦ, ਲਭੂ ਰਾਮ, ਤਰਸੇਮ ਚੰਦ, ਧਰਮਪਾਲ ਆਦਿ ਨੂੰ ਕੋਲ ਬੈਠਾਲ ਕੇ ਸਤਿਗੁਰੂ ਜੀ ਨੇ ਕੀਨੀਆ ਵਾਲੇ ਸਿੰਘਾਂ ਨੂੰ ਦੱਸਿਆ ਕਿ ਇਹ ਗਿਣਤੀ ਵਿਚ ਥੋੜੇ ਹੁੰਦਿਆਂ ਵੀ (ਅਰੂਸ਼ਾ, ਤਨਜ਼ਾਨੀਆ) ਚਾਲ ਚੰਗੀ ਮਾਰਦੇ ਹਨ ਅਤੇ ਜਲ ਪਾਣੀ ਵੀ ਸਾਰੇ ਪਰਵਾਰ ਚੌਂਕ ਚ ਕਰਦੇ ਹਨ। ਇਹਨਾਂ ਨੂੰ ਪਕੀ ਕੀਤੀ ਕਿ ਇਹ ਅਰੂਸ਼ਾ ਪਹੁੰਚ ਕੇ ਸੁਖਸਾਂਦ ਦੀ ਚਿੱਠੀ ਭੈਣੀ ਸਾਹਿਬ ਨੂੰ ਲਿਖਣ।

ਇਕ ਅਰਜ਼ ਮੈ ਵੀ ਕੀਤੀ ਕਿ ਨਾਮਧਾਰੀ ਸੰਗਤ ਕੀਨੀਆ ਦੇ ਅਜੋਕੇ ਮੁਖੀਆਂ ਅਤੇ ਵਿਦਿਅਕ ਜੱਥੇ ਦੇ ਦਰਮਿਆਨ ਦਰਾੜ ਪੈਦਾ ਹੋ ਗਈ ਹੈ। ਦੋਹਾਂ ਧਿਰਾਂ ਤੇ ਆਪ ਜੀ ਕਿਰਪਾ ਕਰਨ। ਸਤਿਗੁਰੂ ਜੀ ਨੇ ਵਿਦਿਅਕ ਜੱਥੇ ਦੀ ਪ੍ਰਤੀਨਿਧਤਾ ਕਰਦੇ ਸੂਬਾ ਸਤਨਾਮ ਸਿੰਘ ਜੀ ਨੂੰ ਕੋਲ ਬੁਲਾਕੇ ਸਮਝਾਇਆ ਕਿ ਸਭਨਾਂ ਨਾਲ ਰਲ ਕੇ ਚਲਣਾ ਹੈ। ਆਪ ਨੇ ਪ੍ਰਧਾਨ ਸੋਖੀ, ਸਕੱਤਰ ਸੀਰ੍ਹਾ ਅਤੇ ਸੂਬਾ ਸੋਹਣ ਸਿੰਘ ਜੀ ਨਾਲ ਇਸ ਸਮੱਸਿਆ ਬਾਰੇ



Sri Satguru Jagjit Singh Ji Elibrary NamdhariElibrary@gmail.com

ਵੱਖ ਵੱਖ ਬਚਨ ਕੀਤੇ ਤਾਂਕਿ ਸੰਗਤ ਵਿਚ ਕਿਸੇ ਪ੍ਰਕਾਰ ਦੀ ਵਿਘਨ ਨਾ ਵਧੇ। ਸ. ਹਰਭਜਨ ਸਿੰਘ ਸੀਰ੍ਹਾ, ਸੰਤ ਹਰਭਜਨ ਸਿੰਘ ਭਾਨਾ, ਵੀ.ਆਈ.ਪੀ. ਲਾਂਜ ਵਿਚ ਸੂਬਾ ਸੋਹਣ ਸਿੰਘ ਜੀ ਆਦਿ ਹੋਰ ਸਜਣ ਵੀ ਸਤਤਰਾ ਦੀਆਂ ਸਹੂਲਤਾ ਪ੍ਰਾਪਤ ਕਰਕੇ 12 ਵਜੇ ਸ੍ਰੀ ਸਤਿਗੁਰੂ ਜੀ ਅਤੇ ਸੇਵਾ ਵਿਚ ਨਾਲ ਜਾਣ ਵਾਲੇ ਜਥੇ ਨੂੰ, ਬਿਨਾ ਕਿਸੇ ਪਰਕਾਰ ਦੀ ਚੈਕਿੰਗ ਦੇ ਏਅਰ ਤੇ ਐਰੋ ਲੈ ਗਏ। ਮੈਂ ਵੀ ਨਾਲ ਸਾਂ।

ਇਥੇ ਵੀ.ਆਈ.ਪੀ. ਲਾਂਜ ਵਿਚ ਥੋੜਾ ਸਮਾਂ ਸਤਿਗੁਰੂ ਜੀ ਸੋਫੇ ਉੱਤੇ ਬੈਠ ਕੇ ਦਰਸ਼ਨ ਦਿਤੇ। ਏਥੇ ਸਾਰੇ ਹੀ ਕਮੇਟੀ ਮੁਖੀ, ਸ. ਰੰਧਾਵਾ, ਸ. ਫਲੋਰਾ, ਅਰੂਸ਼ਾ ਵਾਲੇ ਪਿਆਰੇ ਅਤੇ ਕੁਝ ਹੋਰ ਨੈਰੋਬੀ ਵਾਲੇ ਵੀ ਬੈਠੇ। ਕੁਝ ਫੋਟੋਗ੍ਰਾਫੀ ਵੀ ਹੋਈ। ਇਕ ਕੀਨੀਅਨ ਅਧਿਕਾਰੀ ਮਿ. ਵੀਰੇਰ (ਸਕਿਊਰਿਟੀ ਅਧਿਕਾਰੀ) ਨੇ ਵੀ ਕਹਿਕੇ, ਸਤਿਗੁਰੂ ਜੀ ਨਾਲ ਤਸਵੀਰ ਕਢਾਈ। ਸਮਾ ਪੁਜੱਣ ਤੇ ਉਸਨੇ ਜਹਾਜ਼ ਵਿਚ ਚੱਲਣ ਦੀ ਬੇਨਤੀ ਕੀਤੀ। ਅਸੀ ਵੀ ਪਰਵੇਸ਼ ਗਲੀ ਤਕ ਨਾਲ ਨਾਲ ਗਏ।

### ਅਹੁ ਗਏ ! ਅਹੁ ਗਏ !!

ਅਸੀ ਵੇਟਿੰਗ ਹਾਲ ਵਿਚ ਜਾ ਬੈਠੇ। ਏਅਰ ਇੰਡੀਆ ਦਾ "ਐਨ ਪੂਰਨਾ" 12.40 ਤੇ ਨੈਰੋਬੀ ਨਾਲੋਂ ਮੋਹ ਤੋੜਕੇ ਅਗੇ ਨੂੰ ਸਰਕ ਗਿਆ ਤੇ ਛੇਤੀ ਹੀ ਆਕਾਸ਼ਚਾਰੀ ਹੋ ਗਿਆ। ਨਾਮਧਾਰੀਆਂ ਦਾ ਹੁਲਾਸ ਭਰਿਆ ਸਮਾ ਜਿਵੇ ਸਤਿਗੁਰੂ ਜੀ ਨਾਲ ਹੀ ਲੈ ਗਏ ! ਵਾਪਸੀ ਤੇ ਹਰ ਕੋਈ ਮਹਿਸੂਸ ਕਰ ਰਿਹਾ ਸੀ।

ਭਾਵੇਂ ਸੂਬਾ ਸਤਨਾਮ ਸਿੰਘ ਪਰਵਾਰ ਨੇ ਏਅਰ ਪੋਰਟ ਤੋਂ ਮੁੜਦੇ ਬਹੁਤ ਸਾਰੇ ਜਵਾਨਾਂ ਤੇ ਹੋਰ ਮੇਰੇ ਵਰਗਿਆਂ ਦੀ ਜਲ ਪ੍ਰਸਾਦ ਨਾਲ ਭਰਪੂਰ ਸੇਵਾ ਕੀਤੀ ਪਰ ਹਰ ਕਿਸੇ ਨੂੰ ਪ੍ਰਤੀਤ ਹੋ ਰਿਹਾ ਸੀ ਕਿ ਹੁਣ ਕਿਸੇ ਨੂੰ ਕੋਈ ਕੰਮ ਨਹੀ।

ਸ. ਦਰਸ਼ਨ ਸਿੰਘ ਚਾਨਾ ਨੇ ਦੱਸਿਆ ਕਿ ਡਿਊਟੀ ਫ੍ਰੀ ਦੁਕਾਨ ਤੋਂ ਭਾਰਤ ਨੂੰ ਜਾਣ ਵਾਲਿਆਂ ਲਈ 14,000 ਦੀਆਂ ਘੜੀਆਂ ਖਰੀਦ ਕੇ ਹਾਕੀ ਵਾਲਿਆਂ ਜਵਾਨ ਲਈ ਭੇਜੀਆਂ ਹਨ।

### ਅਸੀ ਨਹੀ ਗਏ

20 ਜਣਿਆਂ ਦੀ ਭਾਰਤੀ ਪਾਰਟੀ ਚੋਂ ਅਸੀ ਹੇਠ ਲਿਖੇ ਸਰੀਰ ਸਤਿਗੁਰੂ ਜੀ ਨਾਲ ਨਹੀ ਗਏ: 1. ਪੈ. ਗੋਪਾਲ ਸਿੰਘ, 2. ਪ੍ਰੀਤਮ ਸਿੰਘ ਕਵੀ, ਅਸੀ ਦੋਵੇਂ (23.3.83 ਨੂੰ ਉਡਾਂਗੇ), 3. ਸੰਤ ਨਿਰੰਜਨ ਸਿੰਘ ਸੀਰ੍ਹਾ, ਸ. ਹਰਭਜਨ ਸਿੰਘ ਸੀਰ੍ਹਾ ਦੇ ਪਿਤਾ, ਇਹ ਅਜੇ ਆਪਣੇ ਪੋਤੇ ਪੋਤੀਆਂ ਵਿਚ ਸਮਾ ਬਤੀਤ ਕਰਨਗੇ। 4. ਬੀਬੀ ਇੰਦਰ ਜੀਤ ਪਿੰਕੀ (ਵਿਆਹੀ ਜਾਣ ਕਰਕੇ ਇਹ ਤਾਂ ਨੈਰੋਬੀ ਦੀ ਹੀ ਹੋ ਗਈ।)

### ਸਵਰਗਵਾਸੀ ਸੂਬਾ ਜੀ ਦਾ ਪਰਵਾਰ

ਹੁਣ ਜ਼ਰਾ ਸਤਿਗੁਰੂ ਜੀ ਦੇ ਸਿੱਖਾਂ ਦੀ ਭਾਵਨਾ ਅਤੇ ਸੁਹਿਰਦਤਾ ਦੀ ਗੱਲ ਕਰ ਲਈਏ। ਸਵਰਗਵਾਸੀ ਸੂਬਾ ਦਰਸ਼ਨ ਸਿੰਘ ਜੀ ਦੇ ਘਰ ਏਨਾ ਸਮਾ ਸਤਿਗੁਰੂ ਜਗਜੀਤ



Sri Satguru Jagjit Singh Ji Elibrary NamdhariElibrary@gmail.com

ਸਿੰਘ ਜੀ ਦਾ ਡੇਰਾ ਕਿਹਾ ਹੈ। ਦੇਸ਼ਾਂ ਵਿਦੇਸ਼ਾਂ ਨੂੰ ਫੋਨ ਇਸ ਘਰੋਂ ਹੋਏ ਹਨ। ਜਦੋਂ ਵੀ ਗੁਰੂ ਪਰਵਾਰ ਦੇ ਕਿਸੇ ਮੈਂਬਰ ਨੂੰ ਕਿਸੇ ਚੀਜ਼ ਦੀ ਲੋੜ ਪਈ, ਚਾਹੇ ਉਹ ਸ਼ੌਕ ਦੀ ਹੈ ਜਾਂ ਜ਼ਰੂਰਤ ਦੀ, ਸੂਬਾ ਜੀ ਦੇ ਬੱਚਿਆਂ ਤੁਰੰਤ ਕਾਰ ਚੁਕੀ ਤੇ ਨਿਕਲ ਪਏ ਬਾਜ਼ਾਰ ਨੂੰ ! ਨੂੰਹਾਂ ਧੀਆਂ ਅੱਠੇ ਪਹਿਰ ਲੰਗਰ ਵਿਚ ਜੁੱਟੀਆਂ ਰਹੀਆਂ। ਦਰਜਨਾਂ ਵਿਅਕਤੀਆਂ ਦੇ ਪਹਿਰਾਵੇ ਦੀ ਪ੍ਰੈਸਿੰਗ ਅਤੇ ਖਾਣ ਪੀਣ ਦੀ ਹਰੇਕ ਲੋੜ ਪੂਰੀ ਕੀਤੀ। ਜਦੋਂ ਅੱਜ ਸਤਿਗੁਰੂ ਜੀ ਜਾਣ ਲਗੇ ਤੇ ਸੂਬਾ ਜੀ ਦੀ ਵਿਧਵਾ ਬੀਬੀ ਹਰਜੀਤ ਕੌਰ ਨੇ ਸਤਿਗੁਰੂ ਜੀ ਨਾਲ ਆਏ ਹਰੇਕ ਵਿਅਕਤੀ ਨੂੰ 250-250 ਸ਼ਿਲਿੰਗ ਤੇ ਬਸਤਰ ਦਿਤੇ। ਬੀਬਾ ਜੀ, ਠਾਕੁਰ ਜੀ ਆਦਿ ਲਈ ਉਚੇਚਾ ਵਖਰਾ।

ਕੱਲ ਮੈਂ ਸ. ਨਰਿੰਦਰ ਸਿੰਘ, ਸੂਬਾ ਜੀ ਦੇ ਦੂਜੇ ਲੜਕੇ ਨੂੰ, ਸਹਿਜ ਭਾ ਪੁਛ ਬੈਠਾ, ਏਨੇ ਕੁ ਦਿਨਾਂ ਦਾ, ਸਤਿਗੁਰੂ ਜੀ ਦੀ ਰਿਹਾਇਸ਼ ਦਾ ਕਿਨਾ ਕੁ ਖਰਚ ਪੈ ਜਾਂਦਾ ਹੋਵੇਗਾ। ਨਰਿੰਦਰ ਸਿੰਘ ਨੇ ਦਸੱਣ ਤੋ ਸੰਕੋਚ ਕੀਤਾ। ਅੰਤ ਨੂੰ ਕਿਹਾ: ਕੀ ਦੱਸੀਏ, ਸਭ ਕੁਝ ਸਤਿਗੁਰੂ ਜੀ ਦਾ ਹੀ ਹੈ ਤੇ ਸਤਿਗੁਰੂ ਜੀ ਨੂੰ ਹੀ ਚਲਾ ਜਾਂਦਾ ਹੈ। ਸਤਿਗੁਰੂ ਦਿੰਦੇ ਹਨ ਤੇ ਅਸੀ ਖਰਚ ਕਰਦੇ ਹਾਂ।

ਬੀਬੀ ਹਰਜੀਤ ਕੌਰ ਦੇ ਹੇਠ ਲਿਖੇ ਪਰਵਾਰ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ, ਥੋੜੀ ਹੈ। ਸਤਿਗੁਰੂ ਜੀ ਦੀਆਂ ਅਨੇਕਾਂ ਖੁਸ਼ੀਆਂ ਹਨ ਇਹਨਾਂ ਲਈ।

ਸੂਬਾ ਦਰਸ਼ਨ ਸਿੰਘ (ਸਵ:) ਅਤੇ ਬੀਬੀ ਹਰਜੀਤ ਕੌਰ ਦੀ ਹੇਠ ਲਿਖੇ ਅਨੁਸਾਰ ਸੰਤਾਨ ਹੈ:

1. ਸ. ਸੁਰਿੰਦਰ ਸਿੰਘ ਅਤੇ ਸੁਪਤਨੀ ਬੀਬੀ ਕੁਲਜੀਤ ਕੌਰ (ਫਗਵਾੜਾ)
2. ਸ. ਨਰਿੰਦਰ ਸਿੰਘ ਅਤੇ ਸੁਪਤਨੀ ਬੀਬੀ ਜਿਓਤੀ
3. ਸੂਬਾ ਸਤਨਾਮ ਸਿੰਘ ਜੀ
4. ਸ. ਕੁਲਵੰਤ ਸਿੰਘ ਅਤੇ ਸੁਪਤਨੀ ਬੀਬੀ ਇੰਦਰਜੀਤ ਕੌਰ ਪਿੰਕੀ
5. ਬੀਬੀ ਹਰਦਿਆਲ ਕੌਰ 'ਕੁੱਕੀ' ਸੁਪਤਨੀ ਸ. ਰਤਨ ਸਿੰਘ ਚੋਢਾ(ਦਿੱਲੀ)
6. ਬੀਬੀ ਜਸਬੀਰ ਕੌਰ ਸੁਪਤਨੀ ਸ. ਹਰਪਾਲ ਸਿੰਘ ਡੌਲੀ
7. ਬੀਬੀ ਗੁਰਸ਼ਰਨ ਕੌਰ, ਗੁੱਡੀ
8. ਬੀਬੀ ਤੇਜਿੰਦਰ ਕੌਰ, ਤੇਜੀ
9. ਸਭ ਤੋਂ ਵੱਡੀ ਬੀਬੀ ਤ੍ਰਵਿੰਦਰ ਕੌਰ ਸੁਪਤਨੀ ਸ. ਸੰਤਪਾਲ ਸਿੰਘ ਨੈਰੋਬੀ
10. ਬੀਬੀ ਹਰਦਿਆਲ ਤੋਂ ਛੋਟੀ ਬੀਬੀ ਰਾਜਿੰਦਰ ਕੌਰ ਸੁਪਤਨੀ ਸ. ਦਲਜੀਤ ਸਿੰਘ (ਲੰਡਨ)

**17 ਮਾਰਚ 1983, ਵੀਰਵਾਰ**
**ਨੈਰੋਬੀ (ਕੀਨੀਆ)**

ਅੱਜ ਸੂਬਾ ਦਰਸ਼ਨ ਸਿੰਘ ਜੀ ਦੇ ਪਰਵਾਰ ਵਿਚ ਪੂਰਨ ਖਾਮੋਸ਼ੀ ਹੈ, ਕੱਲ ਤਕ ਏਸੇ ਘਰ ਗਹਿਮਾ ਗਹਿਮ ਸੀ। ਕੋਈ ਗੁਰੂ ਕੇ ਦਰਸ਼ਨਾਂ ਨੂੰ ਆ ਰਿਹਾ, ਕੋਈ ਸੇਵਾ ਲਈ

ਬਾਜ਼ਾਰ ਜਾ ਰਿਹਾ ਸੀ। ਤਿਆਰੀਆਂ, ਦੁੜਕੀਆਂ, ਸੇਵਾ ਤੇ ਸਰਧਾ ਦਾ ਅਦਭੁਤ ਸੰਜੋਗ ! ਪਰ ਅੱਜ ਪਰਵਾਰ ਦੇ ਸਾਰੇ ਮੈਂਬਰ ਕੱਲ ਤਕ ਦੀਆਂ ਸਾਰੀਆਂ ਥਕਾਵਟਾਂ ਲਾਹ ਕੇ, ਸੂਰਜ ਦੇ ਚੜ੍ਹਾ ਤੋਂ ਇਕ ਘੰਟਾ ਪਹਿਲਾਂ ਉਠੇ, ਨਹਾਤੇ ਅਤੇ ਸਿਮਰਨ ਕਰਦਿਆਂ ਆਪਣੇ ਕੰਮੀ ਜੁਟ ਪਏ। ਬੀਬੀਆਂ ਗਦੀਲੇ ਬਿਸਤਰੇ ਸਾਫ ਕਰਦੀਆਂ, ਵੱਡੀ ਬੀਬੀ ਹਰਜੀਤ ਕੌਰ ਸੋਧ ਦਾ ਲੰਗਰ ਤਿਆਰ ਕਰਨ ਲਗੀ। ਈ.ਏ ਨਾਮਧਾਰੀ ਸੰਗਤ ਨੈਰੋਬੀ ਦੀ ਵੱਡੀ ਬਿਲਡਿੰਗ ਵਿਚ ਨਿਰੰਤਰ ਭਜਨ ਵਰਕਸ਼ੀ ਵਿਚ ਤਿੰਨੇ ਨੂੰਹਾਂ ਸਾਮਲ ਹਨ।

### ਕਾਰੋਬਾਰ ਦਾ ਜੁਗਾੜ

ਦਿਨ ਗੁਜ਼ਾਰਨ ਦੇ ਖਿਆਲ ਨਾਲ ਮੈਂ 9.30 ਤੇ ਸ. ਕੁਲਵੰਤ ਸਿੰਘ ਨਾਲ ਇਸ ਪਰਵਾਰ ਦੇ ਕਾਰੋਬਾਰ ਤੇ ਗਿਆ। 12 ਵਜੇ ਤਕ ਸਮਾਂ ਓਥੇ ਹੀ ਬਤੀਤ ਕੀਤਾ। ਘਰੋਂ 15 ਮੀਲ ਦੇ ਫਾਸਲੇ ਤੇ, ਬੁਰੂ ਬੁਰੂ ਐਸਟੇਟ ਵਿਚ 600 ਬਣੇ ਨਵੇਂ ਮਕਾਨਾਂ ਦੀਆਂ ਸੜਕਾਂ, ਫੁਟਪਾਥ, ਸੀਵਰੇਜ, ਆਦਿ ਬਣਾਉਣ ਦਾ ਠੇਕਾ ਇਹਨਾ ਲਿਆ ਸੀ। ਹੁਣ ਇਹ ਕਾਰਜ ਮੁਕਣ ਦੇ ਕਰੀਬ ਹੈ।

ਇਹਨਾਂ ਪਾਸ ਆਪਣੇ ਠੇਕਿਆਂ ਨੂੰ ਭੁਗਤਾਣ ਲਈ 6 ਲਾਰੀਆਂ, ਕਾਰਾਂ, ਪਿਕ ਅਪਸ ਰੋਲਰ, ਕੈਟਰ ਪਿਲਰ ਅਤੇ ਐਕਸੇਵੇਟਰ ਆਦਿ ਕੁਲ 50 ਵਡੀਆਂ ਮਸ਼ੀਨਰੀਆਂ ਦਾ ਜੁਗਾੜ ਹੈ। ਏਸੇ ਕਾਰਨ ਇਹਨਾਂ ਦਾ ਸੜਕ ਉਸਾਰੀ ਉਤੇ ਕਾਬੂ ਹੈ।

### ਭਾਵਨਾਵਾਂ ਵਿਚ ਸਤਿਗੁਰੂ

ਸ਼ਾਮ ਨੂੰ ਮੈਨੂੰ ਸੂਬਾ ਦਰਸ਼ਨ ਸਿੰਘ ਜੀ ਦੇ ਸਪੁਤਰਾਂ ਦੀ ਸੰਗਤ ਦਾ ਅਵਸਰ ਮਿਲਿਆ। ਸੂਬਾ ਸਤਨਾਮ ਸਿੰਘ ਨੇ ਭਰਾਵਾਂ ਨਾਲ ਗੱਲ ਕੀਤੀ ਕਿ ਉਨ੍ਹਾਂ ਦੀ ਮਾਤਾ (ਹਰਜੀਤ ਕੌਰ) ਅਤੇ ਉਨ੍ਹਾਂ ਦੀ ਆਪਣੀ ਇਛਾ ਹੈ ਕਿ ਜਿਸ ਕਮਰੇ ਵਿਚ, ਸਤਿਗੁਰੂ ਜੀ ਹਰ ਦੌਰੇ ਸਮੇ, ਆਰਾਮ ਫੁਰਮਾਂਦੇ ਹਨ ਉਸ ਨੂੰ ਕਿਉਂ ਨ ਸਤਿਗੁਰੂ ਜੀ ਲਈ ਰਾਖਵਾਂ ਕਰ ਦਿਤਾ ਜਾਵੇ। ਜਦੋਂ ਅਸਾਂ ਕੱਲੇ ਕੱਲੇ ਆਪਣਾ ਨਾਮ ਸਿਮਰਨ ਕਰਨਾ ਹੋਵੇ ਜਾਂ ਸਮੂਹਿਕ ਨਾਮ ਸਿਮਰਨ ਕਰਨਾ ਹੋਵੇ, ਏਸੇ ਕਮਰੇ ਵਿਚ ਆਵੇ ਕਰ ਲਿਆ ਜਾਵੇ। ਸਾਰੇ ਭਰਾਵਾਂ ਹੀ ਇਸ ਸ਼ੁਭ ਸਲਾਹ ਨੂੰ ਸਿਰ ਨਿਵਾਇਆ ਅਤੇ ਕੱਲ ਤੋਂ ਇਹ ਕਮਰਾ ਸਤਿਗੁਰੂ ਜੀ ਦੀ ਯਾਦ ਨੂੰ ਸਮਰਪਿਤ ਕਰ ਦਿਤਾ ਜਾਵੇਗਾ। ਭਾਵੇ ਇਹਦੀ ਨਿੱਜੀ ਵਰਤੋਂ ਅੱਜ ਅਤੇ ਕੱਲ ਵੀ ਨਹੀਂ ਕੀਤੀ ਗਈ।

### ਨਾਮਧਾਰੀ ਧਰਮਸਾਲਾ ਵਿਚ

ਸ਼ਾਮੀ 6.30 ਤੋਂ 7.30 ਤਕ ਨਾਮ ਸਿਮਰਨ ਉਪਰੰਤ ਨਾਮਧਾਰੀ ਧਰਮਸਾਲਾ ਵਿਖੇ ਜਥੇਦਾਰ ਸੇਵਾ ਸਿੰਘ ਜੀ ਜਲੰਧਰੀ ਨੇ ਹਲੇ ਦਾ ਦੀਵਾਨ ਸਜਾਇਆ। 8.45 ਵਜ ਗਏ। ਫਿਰ ਨਾਮਧਾਰੀ ਸੰਗਤ ਦੇ ਸਕੱਤਰ ਸ. ਹਰਭਜਨ ਸਿੰਘ ਸੀਂਹ੍ਰਾ ਨੇ ਇਕ ਇਕ ਕਰਕੇ ਉਨ੍ਹਾਂ ਸਭ ਸੱਜਣਾਂ ਦਾ ਪਬਲਿਕ ਵਿਚ ਧਨਵਾਦ ਕੀਤਾ ਜਿਨ੍ਹਾਂ ਨੇ ਸਤਿਗੁਰੂ ਜੀ ਦੇ ਇਸ ਦੌਰੇ ਸਮੇ ਕਿਸੇ ਪਰਕਾਰ ਦੀ ਵੀ ਸਹਾਇਤਾ ਕੀਤੀ।



Sri Satguru Jagjit Singh Ji Elibrary NamdhariElibrary@gmail.com

ਮੈਂ ਵੀ ਚੰਦ ਮਿੰਟ ਅਰਜ਼ ਕੀਤੀ, ਜਿਸ ਦਾ ਭਾਵ ਸੀ ਕਿ ਸੂਬਾ ਦਰਸ਼ਨ ਸਿੰਘ ਪਰਵਾਰ ਵਲੋਂ ਕਮੇਟੀ ਦਾ ਧਨਵਾਦ, ਸੰਗਤ ਦੀ ਮਿਲ ਵਰਤੋਂ ਲਈ ਕਿਰਤਗਤਾ। ਪਰਸਪਰ ਪ੍ਰੇਮ ਅਤੇ ਕੁਦਰਤੀ ਨਜ਼ਾਰਿਆਂ ਦਾ ਜ਼ਿਕਰ ਵੀ ਕੀਤਾ।

## ਰੰਧਾਵਾ ਜੀ ਨੂੰ ਵਿਦਾਇਗੀ

ਇੰਗਲੈਂਡ ਵਿਚ ਗੁਰੂ ਕੇ ਪਿਆਰੇ, ਸ. ਹਰਚਰਨ ਸਿੰਘ ਰੰਧਾਵਾ ਦਾ ਨੈਰੋਬੀ ਦੀ ਸੰਗਤ ਵੀ ਚੰਗਾ ਮਾਣ ਕਰਦੀ ਹੈ। ਅੱਜ ਰਾਤੀ ਇਹਨਾਂ ਵੀ ਵਿਦਾ ਹੋਣਾ ਹੈ। ਸ. ਗੁਰਚੈਨ ਸਿੰਘ ਕਲੇਰ, ਇਹਨਾ ਦੀ ਪਤਨੀ ਬੀਬੀ ਰਛਪਾਲ ਕੌਰ, ਸ. ਹਰਭਜਨ ਸਿੰਘ ਸੀਹਰਾ, ਇਹਨਾਂ ਦੀ ਸੁਪਤਨੀ ਬੀਬੀ ਕੁਲਦਰਸ਼ਨ ਕੌਰ, ਸੰਗਤ ਦੇ ਪ੍ਰਧਾਨ ਸ. ਸਰਵਣ ਸਿੰਘ ਸੋਖੀ, ਸੂਬਾ ਸੋਹਣ ਸਿੰਘ ਜੀ, ਸੂਬਾ ਸਤਨਾਮ ਸਿੰਘ ਜੀ, ਸ. ਦਰਸ਼ਨ ਸਿੰਘ ਚਾਨਾ ਅਤੇ ਪ੍ਰੀਤਮ ਸਿੰਘ ਕਵੀ ਵਿਦਾ ਕਰਨ ਏਅਰ ਪੋਰਟ ਤਕ ਆਏ।

ਸ. ਰੰਧਾਵਾ ਨੇ ਸਤਿਗੁਰੂ ਜੀ ਦੇ ਪ੍ਰੇਮ ਨੂੰ ਮੁਖ ਰਖ ਕੇ 13 ਦਿਨ ਕੰਮਕਾਰ ਤੋਂ ਛੁਟੀਆਂ ਕੀਤੀ ਰਖੀਆਂ। ਏਨਾ ਸਮਾ ਗੁਰੂ ਚਰਨਾਂ ਵਿਚ ਬਿਤਾਇਆ। ਇਨ੍ਹਾਂ ਦਾ ਡੇਰਾ ਸ. ਗੁਰਚੈਨ ਸਿੰਘ ਰਛਪਾਲ ਕੌਰ ਵਲ ਰਿਹਾ। ਸ. ਰੰਧਾਵਾ 11.30 ਵਜੇ ਇੰਗਲੈਂਡ ਨੂੰ ਉਡ ਗਏ।

19 ਮਾਰਚ 1983, ਸ਼ਨੀਵਾਰ
ਨੈਰੋਬੀ (ਕੀਨੀਆ)

## ਪ੍ਰਸ਼ਾਦ ਸੰਤ ਚਾਨਿਆਂ ਦੇ ਘਰ

ਪਰਸੋਂ ਦਾ, ਸੰਤ ਹਰਭਜਨ ਸਿੰਘ ਚਾਨਾ ਦਾ ਆਗ੍ਰਹਿ ਸੀ ਕਿ ਅੱਜ ਮੈਂ ਇਹਨਾਂ ਦੇ ਘਰੇ ਪ੍ਰਸ਼ਾਦ ਛਕਾਂ ਅਤੇ 12.45 ਤੇ ਸੰਤ ਦਰਸ਼ਨ ਸਿੰਘ ਚਾਨਾ ਸਪੁਤਰ ਸ. ਹਰਭਜਨ ਸਿੰਘ ਚਾਨਾ ਆਇਆ ਤੇ ਮੈਨੂੰ ਸੂਬਾ ਦਰਸ਼ਨ ਸਿੰਘ ਜੀ ਦੇ ਘਰੋਂ ਲੈ ਗਿਆ। ਇਹਨਾਂ ਦੇ ਘਰ ਜਾਕੇ ਮੈਂ ਵੇਖਿਆ ਕਿ ਸਤਿਗੁਰੂ ਜੀ ਦੇ ਹੁਕਮਾਂ ਤੇ ਫੁਲ ਚੜ੍ਹਾਂਦਿਆਂ ਜੋ ਨਿਰੰਤਰ ਵਰਨੀ ਧਰਮਸਾਲਾ ਵਿਖੇ ਕੀਤੀ ਗਈ ਉਸਦੀ ਪਹਿਲੀ ਟੀਮ ਨੂੰ ਕਲ੍ਹ ਤੋਂ ਛੁੱਟੀ ਹੋਈ ਪਰ ਕੱਲ ਤੋਂ ਦੂਜੀ ਟੀਮ ਨੂੰ ਤਿਆਰ ਅਤੇ ਮੁਹਾਰਤ ਹਾਸਲ ਕਰਨ ਲਈ ਸੰਤ ਦਰਸ਼ਨ ਸਿੰਘ ਆਪਣੀ ਵਰਕਸ਼ਾਪ ਦੇ ਦਫਤਰ ਰੌਨ ਤੇ ਰੌਨ ਪਕੜਿਆ ਰਿਹਾ ਹੈ। ਅੱਜ ਸ਼ਾਮੀ 4 ਵਜੇ ਉਨ੍ਹਾਂ ਦੀ ਇਕਸਾਰਤਾ ਅਤੇ ਉਤਸ਼ਾਹ ਨਾਲ ਕੀਤੀ ਜਾ ਰਹੀ ਹੈ।

ਇਸ ਵਰਨੀ ਦੇ ਮੁੱਢ ਮੂਲ ਇਹ ਸੱਜਣ ਹਨ: 1. ਸੂਬਾ ਸਤਨਾਮ ਸਿੰਘ ਜੀ, 2. ਸ. ਨਰਿੰਦਰ ਸਿੰਘ ਕੂਪਰਾਇ, 3. ਸ. ਕੁਲਵੰਤ ਸਿੰਘ (ਤਿੰਨੇ ਹੀ ਸੂਬਾ ਦਰਸ਼ਨ ਸਿੰਘ ਜੀ ਦੇ ਸਪੁਤਰ), 4. ਸ. ਰਣਜੀਤ ਸਿੰਘ ਕੌਰਾ, 5. ਸ. ਹਰਪਾਲ ਸਿੰਘ ਭੌਲੀ, 6. ਸ. ਜਸਵੰਤ ਸਿੰਘ, 7. ਸ. ਰਾਜਿੰਦਰ ਸਿੰਘ ਸੁਖਲਾ, 8. ਸ. ਪ੍ਰਤਾਪ ਸਿੰਘ ਕਲੇਰਾ, 9. ਸ. ਸੁਰਜੀਤ ਸਿੰਘ ਕਲੇਰਾ, 10. ਸੰਤ ਬਲਦੇਵ ਸਿੰਘ ਸੋਢੀ, 11. ਸ. ਰਤਨ ਸਿੰਘ ਸੱਗੂ।



Sri Satguru Jagjit Singh Ji Elibrary NamdhariElibrary@gmail.com

### ਚਾਨਿਆਂ ਦੀ ਵਰਕਸ਼ਾਪ

ਪਰਸੋਂ ਮੈਂ ਸ. ਕੁਲਜੀਤ ਸਿੰਘ ਨਾਲ ਇਸੇ ਵਰਕਸ਼ਾਪ ਵਿਚ ਆਇਆ ਸਾਂ। ਇਹ ਵਰਕਸ਼ਾਪ 50'×150' ਫੁਟ ਦੀ ਲੰਬ-ਚੌੜ ਵਿਚ ਹੈ। ਇਸ ਵਿਚ ਲੋਹੇ ਦੇ ਸਰੀਏ, ਛੜਾਂ, ਪਲੇਟਾਂ, ਟੀ ਆਇਰਨ, ਇੰਗਲੈਂਗਲ ਆਦਿ ਦੇ ਢੇਰਾਂ ਦੇ ਢੇਰ ਹਨ। ਏਥੇ ਕੁਝ ਗੇਟੀਆਂ, ਛੱਤਾਂ ਤੇ ਪਾਣ ਲਈ ਤਿਆਰ ਕੀਤੀਆਂ ਜਾ ਰਹੀਆਂ ਹਨ।

ਮੈਨੂੰ ਦੱਸਿਆ ਗਿਆ ਕਿ ਚਾਨਾ ਪਰਵਾਰ ਨੂੰ ਦੇਸ ਵਲ ਮੁਹਾਰਾਂ ਮੋੜਨ ਦੀ ਆਗਿਆ ਹੋਈ ਹੈ। ਸੋ ਇਹ ਕੰਮ ਦਾ ਸੰਕੋਚ ਕਰਨਗੇ।

### ਧਰਮਸਾਲਾ ਵਿਖੇ

ਸੰਤ ਹਰਭਜਨ ਸਿੰਘ ਚਾਨਾ ਦੇ ਘਰ ਪ੍ਰਸ਼ਾਦ ਛਕ ਕੇ 4.30 ਤਕ ਨਾਮਧਾਰੀ ਧਰਮਸਾਲਾ ਪਹੁੰਚ ਗਿਆ। ਏਥੇ ਇਕ ਤਾਂ ਵਰਨੀ ਦੇ ਅਗਲੇ ਗਰੁਪ ਦੀ ਤਸਕੀਲ ਹੋਣੀ ਸੀ, ਦੂਜੇ ਅੱਜ ਇਕ ਮੀਟਿੰਗ ਬੀਬੀਆਂ ਦੀ ਵੀ ਸੀ।

ਵਰਨੀ ਜਥੇ ਦੀ ਮੀਟਿੰਗ ਵਿਚ ਸ਼ਾਮਲ ਹੋਇਆ। ਏਥੇ 20 ਨੌਜੁਆਨ ਉਪਸਥਿਤ ਸਨ। ਸ. ਨਰਿੰਦਰ ਸਿੰਘ ਕੂਪਰਾਇ ਤੇ ਸੰਤ ਦਰਸ਼ਨ ਸਿੰਘ ਚਾਨਾ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਸ. ਸੋਖੀ ਪ੍ਰਧਾਨ ਤੇ ਸੂਬਾ ਸੋਹਣ ਸਿੰਘ ਜੀ ਵੀ ਮੀਟਿੰਗ ਵਿਚ ਸ਼ਾਮਲ ਸਨ। ਕਿਸੇ ਨੇ ਸੁਝਾਉ ਰਖਿਆ ਕਿ ਵਰਨੀ ਦਾ ਸੋਧ ਦਾ ਲੰਗਰ ਵੀ ਵਰਨੀ ਕਰਨ ਵਾਲਿਆਂ ਵਲੋਂ ਹੋਵੇ। ਤੁਰਤ ਪਰਵਾਨ ਹੋਕੇ ਫੈਸਲਾ ਹੋਇਆ ਕਿ ਸਾਰੇ ਸੱਜਣ 100-100 ਸ਼ਲਿੰਗ ਦੇਣ। ਇਸ ਸਮੁਚੀ ਸੇਵਾ ਵਿਚ 50 ਜਣਿਆਂ ਦੀ ਸ਼ਮੂਲੀਅਤ ਸੀ। ਅਤੇ ਇਜ ਤੁਰੰਤ ਹੀ 5000 ਸ਼ਲਿੰਗ ਇਕੱਠਾ ਹੋ ਗਿਆ। ਜਥੇਦਾਰ ਸੇਵਾ ਸਿੰਘ ਜਗਾਧਰੀ ਨੇ ਸਭ ਨੂੰ ਵਰੀ ਸੋਧ ਦੀ ਮਰਿਆਦਾ ਸਮਝਾਈ, ਜਿਦ੍ਹੇ ਬਿਨਾ ਵਰਨੀ ਪਰਵਾਨ ਨਹੀਂ ਸੀ ਹੋਣੀ।

### ਧਰਮਸਾਲਾ ਦੀ ਬਾਊਂਡਰੀ.

ਸ. ਸੁਰਿੰਦਰ ਸਿੰਘ ਕੂਪਰਾਇ ਦੀ ਸਾਈਟ (ਬਾਂ, ਮੋਕਿਆ) ਤੇ ਗਿਆਂ, ਉਨ੍ਹਾਂ ਦੱਸਿਆ ਕਿ ਨੈਰੋਬੀ ਦੀ ਸੰਗਤ ਦਾ ਵਿਚਾਰ ਸੀ ਕਿ ਸੱਚੇ ਪਾਤਸ਼ਾਹ ਜੀ ਦੇ ਕੀਨੀਆਂ ਦੌਰੇ ਤੋਂ ਪਹਿਲੋਂ ਪਹਿਲੋਂ ਨਾਮਧਾਰੀ ਸੰਗਤ ਦੀ ਧਰਮਸਾਲਾ ਤੇ ਦਫਤਰ ਦੀ ਬਿਲਡਿੰਗ ਅਤੇ ਪਾਰਕਿੰਗ ਦੁਆਲੇ ਬਾਊਂਡਰੀ ਪੱਕੀ ਕਰ ਦਿਤੀ ਜਾਵੇ ਅਤੇ ਧਰਮਸਾਲਾ ਅੰਦਰ ਤਕ ਦੀ ਸੜਕ ਪੱਕੀ ਕੀਤੀ ਜਾਇ। ਸੜਕ ਦੀ ਸੇਵਾ ਤਾਂ ਇਨ੍ਹਾਂ ਦੇ ਪਰਵਾਰ ਨੇ ਕਰ ਦਿਤੀ ਹੈ ਪਰ ਬਾਊਂਡਰੀ ਦੇ ਉੱਤਰੀ ਪਾਸੇ ਦੀ ਉਸਾਰੀ ਨਹੀਂ ਹੋ ਸਕੀ। ਹਾਂ ਦਖਣੀ ਪਾਸਾ ਅਤੇ ਗੇਟ ਤਾਂ ਉਸਰ ਹੀ ਗਿਆ ਹੈ। ਬਾਕੀ ਦਾ ਕੰਮ ਹੁਣ ਹੌਲੀ ਸਹਿਜੇ ਹੋ ਜਾਵੇਗਾ।

### ਸ. ਗੁਰਚੇਨ ਸਿੰਘ ਦੇ ਬੰਗਲੇ

ਰਾਤੀ 7.30 ਦੇ ਕਰੀਬ ਸੂਬਾ ਸਤਨਾਮ ਸਿੰਘ ਜੀ, ਸ. ਸੁਰਿੰਦਰ ਸਿੰਘ, ਸ. ਨਰਿੰਦਰ ਸਿੰਘ ਤਿੰਨੇ ਭਰਾ ਸ. ਗੁਰਚੇਨ ਸਿੰਘ ਦੇ ਬੰਗਲੇ ਜਾਣ ਲਗੇ ਤਾਂ ਮੈਂ ਵੀ ਨਾਲ ਹੋ ਗਿਆ। ਕਾਰ ਦੁਆਰਾ 15-20 ਮਿੰਟ ਵਿਚ ਪਹੁੰਚ ਗਏ ਹੋਵਾਂਗੇ। ਅਗੋਂ ਸ.



Sri Satguru Jagjit Singh Ji Elibrary NamdhariElibrary@gmail.com

ਸੋਖੀ, ਸ. ਸੀਰ੍ਹਾ ਤੇ ਸੂਬਾ ਸੋਹਣ ਸਿੰਘ ਜੀ ਵੀ ਆਏ ਹੋਏ ਸਨ। ਸ. ਜਗਜੀਤ ਸਿੰਘ ਫਲੋਰਾ ਤੇ ਪੰ. ਗੋਪਾਲ ਸਿੰਘ ਵੀ ਏਥੇ ਸਨ। ਉਪਰਲੀ ਛੱਤ ਦੇ ਤਰਾਇਕਾ ਰੂਮ ਵਿਚ ਫਿਰ ਜੋੜ ਮੇਲ ਹੋ ਗਿਆ।

ਜਦੋਂ ਸੰਗਤ ਦੇ ਮੁਖੀਆਂ ਨੂੰ ਵਿਦਿਅਕ ਜਥੇ ਦੇ ਸਦੈ-ਲੰਗਰ ਦਾ ਪਤਾ ਚਲਿਆ ਤਾਂ ਸੂਬਾ ਸੋਹਣ ਸਿੰਘ ਜੀ ਨੇ ਪ੍ਰਬੰਧਕਾਂ ਨੂੰ ਕਿਹਾ ਕਿ ਵਰਨੀ ਵਾਲਿਆਂ ਨੂੰ ਲੰਗਰ ਖਰਚ ਨਹੀਂ ਪੈਣਾ ਚਾਹੀਦਾ, ਇਹ ਖਰਚ ਸੰਗਤ ਕਰੇ। ਸੂਬਾ ਜੀ ਦੇ ਮੂੰਹੋਂ ਗੱਲ ਨਿਕਲਦੀ ਹੀ ਪ੍ਰਧਾਨ ਸੋਖੀ ਨੇ ਬੋਚ ਲਈ, ਐਲਾਨ ਕੀਤਾ ਕਿ ਇਕ ਮਹੀਨੇ ਦਾ ਲੰਗਰ ਉਨ੍ਹਾਂ ਵਲੋਂ ਹੋਵੇ। ਜੈਕਾਰੇ ਛੁਟ ਗਏ।

## 21 ਮਾਰਚ, 1963
## ਨੈਰੋਬੀ (ਕੀਨੀਆ)

ਮੈਂ ਕੱਲ੍ਹ ਦੀ ਸੂਬਾ ਸੋਹਣ ਸਿੰਘ ਜੀ ਨੂੰ ਪੱਕੀ ਕੀਤੀ ਹੋਈ ਸੀ ਕਿ ਅੱਜ ਉਹ ਮੈਨੂੰ ਦੇਸ ਦਾ ਪਿਛਵਾੜਾ ਵਿਖਾ ਕੇ ਲਿਆਉਣ। ਕਿਸੇ ਸਾਦਾ ਪਿੰਡ ਵਿਚ ਜਾਕੇ ਉਥੋਂ ਦਾ ਰਹਿਣ ਸਹਿਣ ਦੇਖਿਆ ਜਾਵੇ। ਸੂਬਾ ਜੀ 10 ਵਜੇ ਆ ਗਏ। ਅਤੇ ਮੈਂ ਸੂਬਾ ਸਿੰਘ ਜੀ ਦੀ ਕਾਰ ਵਿਚ ਬੈਠ ਕੇ ਚੱਲ ਪਿਆ।

ਸੂਬਾ ਜੀ ਨੇ ਦੱਸਿਆ ਕਿ ਸ. ਤਾਰਾ ਸਿੰਘ ਚਾਨਾ ਨੇ ਹਰ ਉਸਾਰੀ ਸਮੇਂ ਸਾਨੂੰ ਹੋਰ ਹਰ ਕਿਸੇ ਤੋਂ ਵੱਧ ਪੈਸਾ ਉਗਰਾਹ ਕੇ ਦਿਤਾ। ਉਹ ਬਹੁਤ ਰਸੂਖ ਵਾਲਾ ਵਿਅਕਤੀ ਹੈ। ਉਸਦੇ ਘਰੋਂ ਬੀਬੀ ਸ਼ਾਂਤੀ 400 ਸ਼ਲਿੰਗ ਮਹੀਨਾ ਦਸਵੰਧ ਦਿੰਦੀ ਹੈ।

### ਨੈਰੋਬੀ ਤੋਂ ਦੂਰ ਇਕ ਪਿੰਡ

ਗੱਲਾਂ [illegible] ਕਰਦੇ ਅਸੀ ਨੈਰੋਬੀ ਤੋਂ ਦੱਖਣ ਪੱਛਮ ਨੂੰ ਨਿਕਲ ਗਏ। ਕਰੀਬ 30 ਮੀਲ ਤਕ ਚਲੇ। ਸਭ ਥਾਈਂ ਪਿੰਡਾਂ ਵਿਚ ਨਵੀਂ ਤਰਜ਼ ਦੇ ਮਕਾਨ, ਪੈਂਟ ਬੁਸ਼ਰਟ ਧਾਰੀ ਲੋਕ। ਪਿੰਡਾਂ ਦੇ ਮਕਾਨ ਟੀਨ ਦੀਆਂ ਚਾਦਰਦੀਆਂ ਛੱਤਾਂ ਦੇ ਅਤੇ ਅੰਦਰ ਚਾਰ ਔਖੀਆਂ ਸਹੂਲਤਾਂ !

ਪਿੰਡਾਂ ਦੀ ਅਸਲ ਸ਼ਕਲ ਵੇਖਣ ਲਈ ਸਾਨੂੰ ਹੋਰ 45-50 ਮੀਲ ਚਲਣਾ ਪੈਣਾ ਸੀ। ਪੁਰਾਣੀ ਤਰਜ਼ ਦੇ ਮਕਾਨ ਅਰਥਾਤ ਝੁੱਗੀਆਂ, ਅਜਾਂ ਪਿੰਡ ਅਜਾਇਬਘਰਾਂ ਵਿਚ ਇਕ ਦੋ ਵੇਖੀਆਂ, ਇਸਦਾ ਜ਼ਿਲਾ ਨਾਕੁਰੂ ਹੈ। ਏਸ ਪਿੰਡ ਦਾ ਇਕ ਦਸਵੀਂ ਪਾਸ ਮੁੰਡਾ, ਫਰਾਂਸਿਸ ਕਾਮਾਊ, ਸਾਨੂੰ ਆਪਣੇ ਘਰ ਲੈ ਗਿਆ। ਕਮਰੇ ਵਿਚ ਦੋ ਚਾਰ ਕਾਲੇ ਕਾਲੇ ਬਰਤਨ। ਪਰ ਉਹ ਤਸੱਲੀ ਵਿਚ ਸੀ ਕਿ ਉਹ ਸਾਈਕਲ (ਕਿਉਂਤੇ) ਦੀਆਂ ਚੰਗੇਰਾਂ ਬਣਾ ਕੇ ਵੇਚ ਲੈਂਦਾ ਹੈ। ਇਸ ਵੇਲੇ ਉਸ ਪਾਸ 3 ਚੰਗੇਰਾਂ ਸਨ ਜਿਨ੍ਹਾਂ ਦੇ ਉਹ 30 ਸ਼ਲਿੰਗ ਮੰਗਦਾ ਸੀ। ਮੈਨੂੰ ਇਕ ਬਾਟੀ ਕੁ ਜਿਹੀ ਚੰਗੇਰ 10 ਸ਼ਲਿੰਗ ਤੇ ਸੂਬਾ ਜੀ ਨੇ ਲੈ ਦਿਤੀ।

ਸੂਬਾ ਸੋਹਣ ਸਿੰਘ ਜੀ ਨੇ ਪ੍ਰੇਮ ਨਾਲ ਮੇਰੇ ਸ਼ੌਕ ਨੂੰ ਪੂਰਣ ਕੀਤਾ। ਉਨ੍ਹਾਂ ਦੀ ਕਾਰ ਤੇ ਉਨ੍ਹਾਂ ਦੀ ਸੰਗਤ ਤਾਂ ਕੀਤੀ ਹੀ, ਅੱਜ ਦੁਪਹਿਰ ਦਾ ਭੋਜਨ ਵੀ ਉਨ੍ਹਾਂ ਦੇ ਪਰਵਾਰ



Sri Satguru Jagjit Singh Ji Elibrary NamdhariElibrary@gmail.com

ਵਿਚ ਬੈਠ ਕੇ ਕੀਤਾ। ਭੋਜਨ ਨਿਤ ਉੱਚੀ ਕੁਆਲਿਟੀ ਦਾ ਬਣਦਾ ਹੈ, ਜਿਵੇਂ ਫੁਲਕਿਆਂ ਨਾਲ ਦਾਲ, ਚਾਵਲ, ਦਹੀ, ਸਬਜ਼ੀ, ਕਰੇਲੇ, ਗਾਜਰ ਦਾ ਜੂਸ, ਸੋਡਾ ਅਤੇ ਮਿੱਠੀ ਪਲੇਟ ਆਦਿ।

**23 ਮਾਰਚ 1983, ਬੁਧਵਾਰ**
**ਨੈਰੋਬੀ-ਬੰਬਈ**

ਸ੍ਰੀ ਸਤਿਗੁਰੂ ਜੀ ਨੂੰ ਭਾਰਤ ਪ੍ਰਸਥਾਨ ਕੀਤਿਆਂ ਇਕ ਹਫਤਾ ਹੋ ਗਿਆ ਸੀ। ਪੰ. ਗੋਪਾਲ ਸਿੰਘ ਸ. ਗੁਰਚੈਨ ਸਿੰਘ ਫਲੋਰਾ ਤੋਂ ਆਪਣਾ ਇਲਾਜ ਕਰਵਾਂਦੇ ਰਹੇ। ਮੈਂ ਸੂਬਾ ਦਰਸ਼ਨ ਸਿੰਘ ਜੀ ਬਾਰੇ ਕੁਝ ਤੱਥ ਅਤੇ ਤਸਵੀਰਾਂ ਇਕੱਤਰ ਕਰਦਾ ਰਿਹਾ। ਇਹਨਾਂ ਦਿਨਾਂ ਵਿਚ ਸ. ਗੁਰਚੈਨ ਸਿੰਘ, ਸ. ਹਰਭਜਨ ਸਿੰਘ ਸੀਰ੍ਹਾ, ਅਤੇ ਸੂਬਾ ਸੋਹਣ ਸਿੰਘ ਜੀ ਵਲੋਂ ਭੋਜਨ ਪ੍ਰਾਪਤ ਹੁੰਦਾ ਰਿਹਾ। ਸਿਆਣੀਆਂ ਸੁਆਣੀਆਂ ਪ੍ਰੇਮ ਨਾਲ ਭੋਜਨ ਬਣਾ ਪਰੋਸਦੀਆਂ।

**ਸੁਖਦਾਈ ਪਰਵਾਰ**

ਸਵਰਗਵਾਸੀ ਸੂਬਾ ਦਰਸ਼ਨ ਸਿੰਘ ਜੀ ਦੇ ਘਰ ਡੇਰਾ ਰਹਿਣ ਕਰਕੇ ਇਸ ਪਰਵਾਰ ਬਾਰੇ ਇਕ ਸੁਖਾਵਾਂ ਅਨੁਭਵ ਦੱਸਣ ਤੇ ਜੀ ਕਰਦਾ ਹੈ। 4 ਗੁਸਲ ਖਾਨੇ ਤੇ ਫਲੱਸ਼ ਸਵੇਰੇ 4.30 ਤੋਂ ਹੀ ਰੁਝ ਜਾਂਦੇ ਹਨ। ਹਰ ਕੋਈ ਦਾਹੜੀ ਸਿਰ ਪੈਰ ਇਸ਼ਨਾਨ ਕਰਦਾ ਹੈ। ਫਿਰ ਸਵਾਈਆਂ, ਸੈਂਤਾਲੀਆਂ ਅਤੇ ਨਾਲ ਨਾਲ ਚੁਪ ਕੀਤਾ ਨਾਮ ਸਿਮਰਨ।

ਦਿਨ ਚੜ੍ਹੇ ਅਫਰੀਕਨ ਨੌਕਰ ਚਾਕਰ ਘਰ ਦੇ ਕੰਮ ਸੰਭਾਲਣ ਆ ਜਾਂਦੇ ਹਨ। ਭਾਂਡੇ ਮਾਂਜਣੇ, ਕੱਪੜੇ ਧੋਣੇ, ਮੋਟਰਾਂ ਸਾਫ ਕਰਨਾ ਆਦਿ ਕੰਮ। ਕੋਈ ਕਿਸੇ ਨੂੰ ਆਦੇਸ਼ ਨਹੀ ਦਿੰਦਾ, ਕੋਈ ਕਿਸੇ ਨੂੰ ਤਾੜਦਾ ਤਪਾੜਦਾ ਨਹੀ, ਜਿਵੇਂ ਅਸੀ ਨਿਤ ਵੇਖਦੇ ਹਾਂ ਕਿ ਸੂਰਜ ਵਕਤ ਸਿਰ ਚੜ੍ਹਦਾ ਹੈ। ਉਸਤੋ ਪਹਿਲੇ ਅਸਮਾਨ ਲਾਲ ਹੋ ਜਾਂਦਾ ਹੈ, ਸਾਰੀ ਪਰਕਿਰਤੀ ਜਾਗ ਉਠਦੀ ਤੇ ਦਿਨ ਚਰਯਾ ਜਾਰੀ ਹੋ ਜਾਂਦੀ ਹੈ। ਇਸ ਘਰ ਦਾ ਇੰਤਜ਼ਾਮ ਵੀ ਕੁਝ ਏਸੇ ਤਰਾਂ ਦਾ ਹੀ ਸਵੈ-ਚਾਲਿਤ ਹੈ।

**ਸਾਂਝੀ ਵਾਪਸੀ**

ਸੂਬਾ ਸੋਹਣ ਸਿੰਘ ਜੀ ਨੂੰ ਸਾਡੀਆਂ ਟਿਕਟਾਂ ਦਾ ਫਿਕਰ ਸੀ। ਉਹਨਾਂ ਭੱਜ ਨੱਠ ਕਰ, ਕੁਝ ਫੋਨ ਖੜਕਾ, ਟਿਕਟਾਂ 'ਓ.ਕੇ.' ਕਰਵਾ ਕੇ ਸਾਡੇ ਹਵਾਲੇ ਕੀਤੀਆਂ।

ਮੈਂ ਅਤੇ ਪੰਡਿਤ ਜੀ 10 ਵਜੇ ਤਕ ਨੈਰੋਬੀ ਦੀ ਜੋਮੋ ਕੇਨਿਆਟਾ ਇੰਟਰਨੈਸ਼ਨਲ ਏਅਰ ਪੋਰਟ ਤੇ ਪਹੁੰਚ ਗਏ। ਸਾਡੀ ਸਹਾਇਤਾ ਲਈ ਸੰਤ ਹਰਭਜਨ ਸਿੰਘ ਜੀ ਢਾਕਾ ਨਾਮਧਾਰੀ ਸੰਗਤ ਵਲੋਂ ਆਏ ਹੋਏ ਸਨ। ਵਿਦਾਕਾਰੀਆਂ ਵਿਚ ਸੂਬਾ ਸੋਹਣ ਸਿੰਘ ਜੀ, ਸ. ਗੁਰਚੈਨ ਸਿੰਘ-ਕਰਮਪਾਲ ਕੌਰ ਦੀ ਜੋੜੀ, ਸ. ਸੁਰਿੰਦਰ ਸਿੰਘ - ਕੁਲਦੀਪ ਕੌਰ, ਸ. ਨਰਿੰਦਰ ਸਿੰਘ, ਸ. ਕੁਲਵੰਤ ਸਿੰਘ ਅਤੇ ਸੂਬਾ ਸਤਨਾਮ ਸਿੰਘ ਜੀ ਸਨ। 12 ਵਜੇ ਦੁਪਹਿਰ ਤਕ ਆਪਣੇ ਪ੍ਰਸੰਸਕਾਂ, ਪ੍ਰੇਮੀਆਂ ਅਤੇ ਮੇਜ਼ਬਾਨਾਂ ਤੋਂ ਸਨੇਹ ਭਰੀ ਵਿਦਾਇਗੀ ਲੈ



Sri Satguru Jagjit Singh Ji Elibrary NamdhariElibrary@gmail.com

'ਅੰਨਪੂਰਨਾ' ਜਹਾਜ ਤੇ ਜਾ ਸਵਾਰ ਹੋਏ। ਇਹ ਸਾਨੂੰ ਅੱਧੇ ਘੰਟੇ ਵਿਚ ਧਰਤੀਓਂ ਉੱਚ ਬੱਦਲਾਂ ਦੇ ਉਪਰਵਾਰ ਲੈ ਗਿਆ। ਅਤੇ 6.30 ਘੰਟੇ ਸਫਰ ਕਰਕੇ ਭਾਰਤੀ ਸਮੇਂ ਦੇ 1.00 ਵਜੇ ਬੰਬਈ ਹਵਾਈ ਅੱਡੇ ਤੇ ਲੈ ਆਇਆ। ਰਾਹ ਵਿਚ ਪੌਣੇ ਦੋ ਘੰਟੇ ਦਾ ਅਟਕਾਅ ਅਦਨ ਏਅਰ ਪੋਰਟ ਤੇ ਕਿਹਾ।

**ਪੰਡਿਤ ਜੀ ਨੇ ਦੱਸਿਆ**

ਹਵਾਈ ਸਫਰ ਦੌਰਾਨ ਪੰ: ਗੋਪਾਲ ਸਿੰਘ ਹੁਰਾਂ ਦੱਸਿਆ ਕਿ : ਸ. ਗੁਰਚਰਨ ਸਿੰਘ ਦੇ ਖਿਆਲ ਅਨੁਸਾਰ ਸ੍ਰੀ ਸਤਿਗੁਰੂ ਜੀ ਦੀ ਸਿਹਤ ਅਜੇ ਬਹਾਲ ਨਹੀਂ ਹੋਈ। ਦੋ ਮਹੀਨੇ ਦੀ ਦਵਾਈ ਅਜੇ ਉਨ੍ਹਾਂ ਸਤਿਗੁਰਾਂ ਵਾਸਤੇ ਭੇਜੀ ਹੈ। ਦੋ ਮਹੀਨੇ ਦੀ ਹੀ ਦਵਾ ਸਰਦਾਰ ਸਾਹਿਬ ਨੇ ਮੈਨੂੰ ਦਿਤੀ ਹੈ। ਮੇਰੀ ਛਾਤੀ ਅਤੇ ਮੌਰਾਂ ਦੀ ਪੀੜ ਅਜੇ ਵੀ ਪਰੇਸ਼ਾਨ ਕਰਦੀ ਹੈ।

**ਬੰਬਈ ਹਵਾਈ ਅੱਡੇ ਤੇ**

ਅਧੀ ਰਾਤੀ ਸਾਨੂੰ ਹਵਾਈ ਅੱਡਿਓਂ ਲੈਣ, ਬੰਬਈ ਦੇ ਠੇਕੇਦਾਰ ਸ. ਬਚਨ ਸਿੰਘ ਕਲਸੀ ਦਾ ਲੜਕਾ ਸ. ਜਸਬੀਰ ਸਿੰਘ ਪਹੁੰਚ ਗਿਆ। ਘਰ ਆਇਆਂ ਸਾਰੇ ਪਰਵਾਰ ਨੇ ਸਾਡਾ ਧਿਆਨ ਤੇ ਸੇਵਾ ਮੁਨਾਸਬ ਤਰੀਕੇ ਨਾਲ ਕਰ, ਵਾਪਸੀ ਲਈ ਵੀ ਮੱਦਦ ਕੀਤੀ, ਸ. ਜਸਬੀਰ ਸਿੰਘ ਆਪਣੀ ਕਾਰ ਤੇ ਸਾਨੂੰ 7.30 ਵਜੇ ਸਵੇਰੇ ਫੇਰ ਏਅਰ ਪੋਰਟ ਤੇ ਲੈ ਗਿਆ, ਜਿਥੋਂ ਅਸੀਂ 9.30 ਦੇ ਚੱਲੇ ਹੋਏ, ਜੰਬੋ ਜੈਟ ਤੇ 11 ਵਜੇ ਤਕ ਦਿੱਲੀ ਪਹੁੰਚ ਗਏ।

**24 ਮਾਰਚ 1983, ਵੀਰਵਾਰ**
**ਨਵੀਂ ਦਿੱਲੀ**

ਜੇ-3/199 ਏ ਰਜੌਰੀ ਗਾਰਡਨ, ਘਰ ਆਇਆਂ, ਪਤਾ ਲੱਗਾ ਕਿ ਸੱਚੇ ਪਾਤਸ਼ਾਹ 22.3.83 ਨੂੰ ਦਿੱਲੀ ਵਿਖੇ ਪਧਾਰੇ ਸਨ ਅਤੇ 23.3.83 ਨੂੰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸ਼ਹੀਦ ਕਿਸ਼ਨ ਸਿੰਘ ਮੈਮੋਰੀਅਲ ਸਕੂਲ ਵਾਸਤੇ ਖਰੀਦੇ ਗਏ 2000 ਗਜ਼ ਦੇ ਪਲਾਟ ਵਿਚ ਸੁਣਕੇ ਸ੍ਰੀ ਭੈਣੀ ਸਾਹਿਬ ਨੂੰ ਚਲੇ ਗਏ। ਅਰਥਾਤ ਬੀਤੇ ਕੱਲ ਸਤਿਗੁਰੂ ਜੀ ਸਵੇਰੇ ਦਿੱਲੀ ਵਿਖੇ ਸਨ।

**ਮੀਟਰੋ ਪਾਲਿਟਨ ਕਾਉਂਸਲਰ**

ਸ੍ਰੀ ਗੁਰਦੇਵ ਸਿੰਘ ਸਰੋਦ ਪਾਸੋਂ ਸੁਣਨ ਨੂੰ ਮਿਲਿਆ ਕਿ ਸ. ਸੁਲੱਖਣ ਸਿੰਘ ਵਾਈਸ ਪ੍ਰੈਜ਼ੀਡੈਂਟ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਨਗਰ ਨੂੰ ਮੀਟਰੋ ਪਾਲੀਟਿਕ ਕੌਂਸਲ ਦਿੱਲੀ ਵਾਸਤੇ ਨਾਮਜ਼ਦ ਕਰ ਲਿਆ ਗਿਆ ਹੈ। ਇਹ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਹੁੰਚ ਦਾ ਸਿੱਟਾ ਹੈ।



Sri Satguru Jagjit Singh Ji Elibrary NamdhariElibrary@gmail.com

**ਪੰਜਾਬੀ ਟ੍ਰਿਬਿਊਨ ਵਿਚ ਚਰਚਾ**

ਮੇਰੀ ਸਭ ਤੋਂ ਛੋਟੀ ਪੋਤਰੀ ਜਸ ਕਿਰਨ ਨੇ 11.3.83 ਦੇ ਪੰਜਾਬੀ ਟ੍ਰਿਬਿਊਨ ਚੰਡੀਗੜ੍ਹ ਦੇ ਵਿਸ਼ੇਸ਼ ਸਪਲੀਮੈਂਟ ਦੀ ਇਕ ਕੱਟਿੰਗ ਦਿਤੀ। ਪਿਛਲੇ ਪੇਜ ਦੇ 8ਵੇਂ ਕਾਲਮ ਵਿਚ ਹੀ ਕਿਲਾ ਰਾਇਪੁਰ ਗੋਲਡਨ ਜੁਬਲੀ ਖੇਡ ਮੇਲੇ ਦੀ ਕਾਰਵਾਈ ਨਾਲ ਭਰੇ ਹੋਏ ਸਨ। ਇਸ ਵਿਚ 10 ਨਾਮਧਾਰੀਆਂ, ਦੋ ਤਿਨ ਪ੍ਰਬੰਧਕਾਂ ਅਤੇ ਇਕ ਕੋਚ ਦੀ ਫੋਟੋ ਸੀ। ਹੇਠ ਲਿਖਿਆ ਸੀ, ਰੱਸਾਕਸ਼ੀ ਵਿਚ ਜੇਤੂ ਬਾਜ਼ੇ ਅਤੇ ਖਬਰ ਦੇ ਸ਼ਬਦ ਏਨੇ ਕੁ ਹੀ, ਰੱਸਾ ਕਸ਼ੀ ਵਿਚ ਜ਼ਿਲਾ ਸਰਸਾ (ਹਰਿਆਣਾ) ਦੇ ਬਲਾਕ ਰਾਣੀਆਂ ਤੇ ਆਏ ਮਿਰਜ਼ਾ ਪੁਰ ਪਿੰਡ ਦੇ ਕੂਕਿਆਂ ਦੀ ਟੀਮ ਨੇ ਮੋਹੀ (ਲੁਧਿਆਣਾ) ਵਾਲਿਆਂ ਨੂੰ ਹਰਾ ਦਿੱਤਾ। ਇਸ ਮੈਦਾਨ ਵਿਚ ਮੋਹੀ ਵਾਲੇ ਪਹਿਲੀ ਵਾਰ ਹਾਰੇ।

**29 ਮਾਰਚ 1983, ਮੰਗਲਵਾਰ**
**ਅੰਮ੍ਰਿਤਸਰ ਕਲਾਂ (ਸਰਸਾ) ਹੋਲਾ**

**ਪ੍ਰਥਮ ਦਿਨ**

ਦਿੱਲੀ ਦੀ ਨਾਮਧਾਰੀ ਸੰਗਤ ਅੰਮ੍ਰਿਤਸਰ ਕਲਾਂ, ਜ਼ਿਲਾ ਸਰਸਾ ਵਿਚ, ਹੋ ਰਹੇ ਹੋਲੇ ਮੇਲੇ ਵਿਚ ਭਾਗ ਲੈਣ ਲਈ 5 ਬੱਸਾਂ ਤੇ ਸਵਾਰ ਹੋ ਰਾਤੀ 1 ਵਜੇ ਨਾਮਧਾਰੀ ਧਰਮਸਾਲਾ, ਨਾਮਧਾਰੀ ਕਾਲੋਨੀ ਰਮੇਸ਼ ਨਗਰ ਤੋਂ ਚਲੀ। ਹੋਲਾ ਕੱਲ ਤੋਂ ਹੀ ਸ਼ੁਰੂ ਹੈ। ਕਾਰਾਂ ਵਾਲੇ ਤਾਂ ਕੱਲ ਸਵੇਰ ਦੇ ਚਲੇ, ਹੋਏ ਹੋਲੇ ਦਾ ਸ਼ਾਮ ਦਾ ਦੀਵਾਨ ਸੁਣ ਸਕੇ। ਕਿਰਤੀ ਸ਼੍ਰੇਣੀ ਦੇ ਇਸਤਰੀ ਪੁਰਖ ਨਾਮਧਾਰੀ ਵਿਦਿਅਕ ਜਥੇ ਦਿੱਲੀ ਦੇ ਇਸ ਉਦਮ ਦੀ ਸਲਾਘਾ ਕਰ ਰਹੇ ਸਨ ਜੋ ਉਸ ਨੇ ਦਿੱਲੀ ਤੋਂ ਹੋਲਾ ਮੇਲਾ ਤੇ ਹੋਲੇ ਮੇਲੇ ਤੋਂ ਦਿੱਲੀ ਤਕ ਦਾ ਕਰਾਇਆ 65 ਰੁ: ਪ੍ਰਤੀ ਵਿਅਕਤੀ ਨਾਲ ਗੁਰੂ ਕੇ ਦਰਸ਼ਨ ਸੁਖਾਲੇ ਕਰ ਦਿਤੇ।

ਮੈਂ ਅਤੇ ਗੁਰਦੇਵ ਸਿੰਘ ਸਰੋਦ 27-28 ਮਾਰਚ ਦੇ ਦਿਨ ਸ. ਏਕਮ ਸਿੰਘ ਬਰਮਿੰਘਮ (ਯੂ.ਕੇ.) ਦੀ ਉਡੀਕ ਲਈ ਆਏ। ਪਰ ਸਮਾਂ ਤਾਲ ਮੇਲ ਠੀਕ ਨ ਬੈਠ ਸਕਣ ਕਰਕੇ ਉਹ ਕਲ ਸਵੇਰ ਦੇ ਬਸ ਜਾਤਰਾ ਦੁਆਰਾ ਮੇਲੇ ਵਿਚ ਪਹੁੰਚ ਗਏ।

**ਹੋਲਾ ਦੂਜਾ ਦਿਨ**

ਪਿੰਡ ਅੰਮ੍ਰਿਤਸਰ ਕਲਾਂ ਵਿਚ ਦਾਖਲ ਹੁੰਦਿਆਂ ਹੀ ਪਤਾ ਲਗ ਗਿਆ ਕਿ ਦੁਨੀਆਂ ਹੁੰਮ ਹੁਮਾਕੇ ਹੋਲੇ ਵਿਚ ਪੁੱਜੀ ਹੋਈ ਹੈ। ਦਿੱਲੀ ਦੀਆਂ ਸੰਗਤਾਂ ਬਸਾਂ ਦੁਆਰਾ 8 ਵਜੇ ਪਹੁੰਚੀਆਂ। ਪਾਰਕਿੰਗ ਵਾਲੇ ਸਥਾਨ ਤੇ ਝੰਡੀਆਂ ਮੁਤਾਬਕ ਤੰਬੂਆਂ ਅਤੇ ਡੇਰਿਆਂ ਦੇ ਪ੍ਰਬੰਧ ਵਲ ਹੋਏ।

ਡੇਰਿਆਂ ਦੇ ਪ੍ਰਬੰਧ ਕਰਤਾ ਮੁਖ ਤੌਰ ਤੇ ਸੰਤ ਦਿਆਲ ਸਿੰਘ ਫਰਵਾਹਾ, ਸੰਤ ਗੁਰਦਿਆਲ ਸਿੰਘ ਡੇਟੀ ਸਾਹਿਬ ਅਤੇ ਥਾਈਲੈਂਡ ਤੋਂ ਵਿਸ਼ੇਸ਼ ਕਰ ਆਏ ਸੰਤ ਵਿਨੋਦ ਸਿੰਘ ਸ਼ੇਖਲ ਸਨ। ਇਹਨਾਂ ਦੇ ਸਹਾਇਕ ਸੰਤ ਮੁਖਤਾਰ ਸਿੰਘ ਖਾਰਾ ਅਤੇ ਸੰਤ ਹਰਭਜਨ ਸਿੰਘ ਢਾਣਾ ਆਦਿ ਹੋਰ ਵੀ ਪਿੰਡ ਅਤੇ ਇਲਾਕੇ ਦੇ ਲੋਕ ਸਨ।



Sri Satguru Jagjit Singh Ji Elibrary NamdhariElibrary@gmail.com

### ਡੇਰੇ ਮੇਰੇ ਤੇਰੇ

ਸਾਨੂੰ ਮਾ: ਅਮਰੀਕ ਸਿੰਘ ਘਰ ਪਨਾਹ ਮਿਲੀ। ਏਥੇ ਅੱਗੇ ਹੀ ਸ. ਜਗਦੀਸ਼ ਸਿੰਘ 'ਵਰਿਆਮ', ਬੀਬੀ ਬਖਸ਼ੀਸ਼ ਕੌਰ ਸੁਪੱਤਨੀ ਸ. ਜਗਦੀਸ਼ ਸਿੰਘ ਅਤੇ ਸ੍ਰੀ ਫਕੀਰ ਚੰਦ ਤ੍ਰੈਲੀ ਅਤੇ ਅੰਮ੍ਰਿਤਸਰ ਸ਼ਹਿਰ ਦੀ ਕਵੀ ਮੰਡਲੀ, ਸ. ਪਿਆਰਾ ਸਿੰਘ ਰੋਸ਼ਨ, ਸ. ਵਿਧਾਤਾ ਸਿੰਘ ਕਾਮਲ, ਸ੍ਰੀ ਸੁਰਿੰਦਰ ਪਾਲ ਸੇਵਕ ਡੇਰਾ ਫ਼ਰਮਾ ਸਨ।

ਸਾਡੇ ਮਿੱਤਰ ਅਮਰੀਕ ਸਿੰਘ ਅੱਜ ਹੀ ਕਿਸੇ ਪ੍ਰਤਾਪ ਨਗਰ ਦੇ ਸੰਬੰਧੀ ਪਰਵਾਰ ਨੂੰ ਸਾਂਤਵਨਾ ਦੇਣ ਗਏ ਹੋਏ ਸੀ, ਜਿਸਦਾ ਕੋਲ ਡੇਰਾ ਪਿਆ ਸੀ।

ਖਾਣ ਪੀਣ ਤੇ ਨਹਾਣ ਸੌਣ ਵਿਚ ਸਭ ਰੁਝ ਗਏ। ਮੇਰੇ ਨਾਲ ਗੁਰਦੇਵ ਸਿੰਘ ਸਰੋਦ ਅਤੇ ਇਸਦਾ ਪਰਵਾਰ ਅਤੇ ਸੰਤ ਹਰਭਜਨ ਸਿੰਘ ਸਿਤਾਰ ਪਰਵਾਰ ਵੀ ਇਸੇ ਘਰ ਰਿਹਾਇਸ਼ੀ ਸਨ।

### ਕੇਂਦਰੀ ਲੰਗਰ

ਪਿੰਡ ਵਿਚ ਨਿਕਲੇ ਤਾਂ ਘਰ ਘਰ ਰੌਣਕਾਂ ਬਣੀਆਂ ਹੋਈਆਂ ਸਨ। ਚੁਲ੍ਹੇ ਮਘਦੇ, ਦੁਧ ਚਾਹਟੇ ਤਿਆਰ ਹੁੰਦੇ ਅਤੇ ਦਰਸ਼ਕਾਂ ਨਰ ਨਾਰ ਪੀ ਪੀ ਕੇ ਉਠਦੇ ਸਨ। ਕੇਂਦਰੀ ਲੰਗਰ ਸੰਘ ਦਾ ਸੀ। ਏਥੇ ਪ੍ਰਸਾਦੇ ਪੱਕਦੇ ਤੇ ਦਾਲੇ ਗੜ੍ਹਕਦੇ ਸਨ। ਲੋਕਲ ਸਕੂਲ ਦੇ ਇਹਾਤੇ ਵਿਚ ਸੈਂਕੜੇ ਇਸਤਰੀ ਪੁਰਸ਼ ਬੈਠੇ ਪ੍ਰਸ਼ਾਦ ਪਾਣੀ ਛਕ ਰਹੇ, ਸੈਂਕੜੇ ਉਠ ਰਹੇ ਸਨ, ਸੈਂਕੜੇ ਬੈਠ ਰਹੇ ਸਨ।

ਪਿੰਡ ਦੀ ਪਛਮੀ ਬਾਹੀ ਵਲ ਇਕ ਵਿਸ਼ਾਲ ਪੰਡਾਲ ਦੋ ਵੇਲੇ ਦੇ ਕੀਰਤਨ ਦੀਵਾਨਾਂ ਵਾਸਤੇ ਅਤੇ ਸਾਰੇ ਦਿਨ ਦੇ ਹੌਲੇ ਦੇ ਦੀਵਾਨਾਂ ਵਾਸਤੇ ਸੀ ਅਤੇ ਇਕ ਤੰਬੂ ਤੰਬੋਟੀਆਂ ਦਾ ਨਗਰ ਉਸਰਿਆ ਪਿਆ ਸੀ।

ਪੰਡਾਲ ਦੇ ਅੰਦਰ ਸੰਤ ਆਤਮਾ ਸਿੰਘ ਸਨਅਤਕਾਰ ਦੀ ਜ਼ਿੰਮੇਵਾਰੀ ਹੇਠ ਹੌਲੇ ਦੇ ਦੀਵਾਨ ਚੱਲ ਰਹੇ ਸਨ।

ਖਾਸੀ ਰੌਣਕ ਹੈ ਸਭ ਪਾਸੇ। ਦੁਕਾਨਾਂ ਦੀਆਂ ਕਤਾਰਾਂ ਲਗੀਆਂ ਹੋਈਆਂ ਹਨ ਉਨ੍ਹਾਂ ਤੇ ਪਊਏ, ਆਸਣ, ਮਾਲਾ, ਪੁਸਤਕਾਂ ਆਦਿ ਵਿਕ ਰਹੇ ਹਨ। ਦੁਕਾਨਾਂ ਤੇ ਗਹਿਮਾਂ ਗਹਿਮ ਹੈ।

ਇਸ ਵੇਲੇ ਪੰਡਾਲ ਵਿਚ ਜਥੇਦਾਰ ਅਮਰ ਸਿੰਘ ਨਕੋਦਾ ਦਾ ਕੀਰਤਨ ਜਾਰੀ ਹੈ। ਲਗਭਗ ਦੇ ਵੇਲੇ ਪੰਡਾਲ ਭਰਪੂਰ ਲੋਕ ਜਥੇਦਾਰਾਂ ਦੁਆਰਾ ਸਤਿਗੁਰੂ ਮਹਿਮਾ ਸੁਣ ਰਹੇ ਹਨ। ਉਹ ਵਾਹਵਾ ਸੁਰ ਵਿਚ ਗਾ ਰਿਹਾ ਹੈ।

### ਮਾਂ, ਗੁਜ਼ਰ ਗਈ

ਤੁਰੇ ਤੁਰੇ ਜਾਂਦਿਆਂ ਮੈਨੂੰ ਕਿਸੇ ਦਿੱਲੀ ਦੇ ਸਜੱਣ ਨੇ ਦੱਸਿਆ ਕਿ ਮੇਰਾ ਮਿੱਤਰ ਸੰਤ ਅਵਤਾਰ ਸਿੰਘ ਨਾਮਧਾਰੀ ਪ੍ਰਿੰਟਿੰਗ ਵਰਕਸ, ਸਦਰ ਬਾਜ਼ਾਰ ਵਾਲਾ ਕੱਲ੍ਹ ਹੋਲੇ ਵਿਚੋਂ ਸਮੇਤ ਪਰਵਾਰ ਦਿੱਲੀ ਨੂੰ ਪਰਤ ਗਿਆ ਹੈ ਕਿਉਂਕਿ ਉਸਦੇ ਮਾਤਾ ਜੀ, ਬੀਬੀ ਕਰਤਾਰ ਕੌਰ ਸਵੇਰੇ ਸਰੀਰ ਤਿਆਗ ਗਏ ਹਨ।



Sri Satguru Jagjit Singh Ji Elibrary NamdhariElibrary@gmail.com

### ਨਵਾਂ ਮਸਤਾਨਾ ਲੰਗਰ ਵਿਚ

ਸੰਤ ਮਲਾਗਰ ਸਿੰਘ ਮੇਰੇ ਨਾਲ ਹੀ ਤੁਰਿਆ ਤਾਂ ਉਸ ਦੱਸਿਆ ਕਿ ਉਸਦੇ ਨਾਲ ਇਕ ਬੁਢਾ ਸਰੀਰ ਆਇਆ ਸੀ। ਉਹ ਇਸ ਨੂੰ ਇਸ ਨਗਰ ਦੇ ਮਹਾਨ ਸੰਤ ਗੋਪਾਲ ਸਿੰਘ ਹੁਰਾਂ ਤੋਂ ਭਜਨ ਦਿਵਾਨ ਲਈ ਲੈ ਗਿਆ। ਗੋਪਾਲ ਸਿੰਘ ਜੀ ਦੇ ਕਹਿਣ ਤੇ ਸੰਤ ਸੰਘਰ ਸਿੰਘ ਖਾਰਾ (ਸੰਤ ਨਗਰ) ਨੇ ਉਹਦੇ ਕੰਨ ਵਿਚ ਗੁਰ ਮੰਤਰ ਦੀ ਫੂਕ ਮਾਰ ਦਿਤੀ। ਸਿੰਘ ਮਸਤਾਨਾ ਹੋ ਗਿਆ, ਕਹੇ ਮੈਨੂੰ ਛੇਤੀ ਛੇਤੀ ਅੰਮ੍ਰਿਤ ਛਕਾਓ, ਕੰਠ ਪੁਆਓ ਮੇਰੀ ਸੇਵਾ ਬਿਨਾ ਅਉਧ ਪਈ ਬੀਤਦੀ ਹੈ। ਅਤੇ ਉਹ ਬਿਨਾ ਅੰਮ੍ਰਿਤ ਛਕੇ ਛਕਾਏ, ਵਡੇ ਲੰਗਰ ਵਿਚ ਆ ਵੜਿਆ ਅਤੇ ਸੇਵੀਆਂ ਵਾਲੀ ਆਟੇ ਦੀ ਪਰਾਤ ਵਿਚ ਆਟਾ ਗੁੰਨ੍ਹਣ ਲਗ ਪਿਆ।

### ਦੀਵਾਨ ਵਿਚ ਦਰਸ਼ਨ

ਮੈਨੂੰ ਗੁਰੂ ਕੇ ਦਰਸ਼ਨਾਂ ਦਾ ਅਵਸਰ 6.40 ਵਜੇ ਸ਼ਾਮੀਂ ਪ੍ਰਾਪਤ ਹੋਇਆ। ਪੰਡਾਲੋਂ ਬਾਹਰ ਤਕ ਬੇਅੰਤ ਸੰਗਤ ਬੈਠੇ ਨਾਮ ਸਿਮਰਨ ਵਿਚ ਮਗਨ ਸਨ। ਕਿਤਨੇ ਸਿੱਖ ਸਿੱਖਣੀਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਰਦੀ ਬਣਦੀ ਭੇਟਾ ਰਖ ਮੱਥਾ ਟੇਕ ਕੇ ਥਾਓ ਥਾਈਂ ਬੈਠਦੇ ਜਾ ਰਹੇ ਹਨ। ਸਾਰਾ ਮੈਦਾਨ ਸੰਗਤ ਨਾਲ ਭਰਪੂਰ ਹੈ। ਸਤਿਗੁਰੂ ਜੀ ਉਚੇ ਮੰਚ ਉਤੇ ਅਨੇਕਾਂ ਸਤਿਕਾਰੇ ਪਿਆਰੇ ਅਤੇ ਸਮਰੱਥ ਵਿਅਕਤੀਆਂ ਵਿਚ ਘਿਰੇ ਬੈਠੇ ਸਨ। ਮਹਾਰਾਜ ਬੀਰ ਸਿੰਘ ਜੀ, ਸੰਤ ਜਗਤਾਰ ਸਿੰਘ ਜੀ, ਪੰ: ਗੋਪਾਲ ਸਿੰਘ, ਸੰਤ ਤਰਸੇਮ ਸਿੰਘ ਸਕੱਤਰ, ਸੰਤ ਮਹਿੰਦਰ ਸਿੰਘ ਪੂਰਬਾ, ਸੰਤ ਬਲਦੇਵ ਸਿੰਘ ਸੇਵਕ, ਸੰਤ ਕਰਨੈਲ ਸਿੰਘ ਅੰਗ ਰੱਖਿਅਕ ਸ. ਹਰਵਿੰਦਰ ਸਿੰਘ ਹੰਸਪਾਲ ਐਮ. ਪੀ., ਸ. ਸੇਵਾ ਸਿੰਘ ਨਾਮਧਾਰੀ ਏਜੰਸੀ ਥੋੜਾ ਪ੍ਰਾਪਤ ਸਨ। ਸੇਠ ਤਰਲੋਕ ਸਿੰਘ ਸਿੱਧੇ ਥਾਈਲੈਂਡ ਤੋਂ ਆਏ ਹਨ। ਜਗਦੀਸ਼ ਸਿੰਘ ਵਰਿਆਮ ਵੀ ਮੰਚ ਉਤੇ ਬੈਠਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਆਸਣ ਤੇ ਬੈਠੇ, ਸਿਮਰਨ ਮਗਨ ਹਨ। ਉਪਰ ਸਾਦਾ, ਸਫੈਦ ਚੰਦੋਆ ਝਬ ਰਿਹਾ ਸੀ। ਏਨੇ ਜ਼ਬਰਦਸਤ ਇਕੱਠ ਵਿਚ, ਏਨੀ ਚੁਪ ਚਾਪ, ਇਕ ਜਾਦੂ ਹੀ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਬਚਨ ਹਿਰਦੇ ਵਿਚ ਉਤਰ ਰਹੇ ਸਨ। 7 ਵਜੇ ਪੂਰਬੇ ਰਾਹੀਂ ਨਿਤਨੇਮ ਸਮਾਪਤੀ ਦੀ ਅਰਦਾਸ ਹੋ ਗਈ।

### ਕੀਰਤਨ ਨਿਰਮੋਲਕ ਹੀਰਾ

ਉਪਰੰਤ ਭਾਈ ਭਜਨ ਸਿੰਘ ਭੈਣੀ ਸਾਹਿਬ ਨੇ ਇਕ ਸ਼ਬਦ ਸੁਣਾਇਆ। ਫਿਰ, ਸੰਤ ਹਜ਼ੂਰ ਸਿੰਘ ਚੰਦਰਹਾਂਸ ਦੇ ਸਿਖਾਏ, ਜੀਵਨ ਨਗਰ ਦੇ ਬੱਚਿਆਂ ਨੇ ਇਕ ਸ਼ਬਦ ਦਾ ਕੀਰਤਨ ਕੀਤਾ। ਇਹ ਨਾਹਮੇ ਹੋਏ ਤਾਂ ਠਾਕੁਰ ਦਲੀਪ ਸਿੰਘ ਜੀ ਨੇ ਹਰਮੋਨੀਅਮ ਤੇ ਰਾਗ ਦੁਰਗਾ ਵਿਚ "ਸਵੇਤ ਧਰੇ ਸਾਰੀ ਬ੍ਰਿਖਭਾਨ ਕੀ ਕੁਮਾਰੀ" ਦਸਮੇਸ਼ ਜੀ ਦੇ ਸਵੈਯੇ ਦਾ 10 ਮਾਤਰਾ ਵਿਚ ਧਰੁਪਦ ਗਾਇਨ ਕੀਤਾ। ਫਿਰ ਵਾਰੀ ਆਈ ਪ੍ਰੋ. ਕੇ. ਵਿਚ ਪਹੁੰਚੇ ਸੰਤ ਤ੍ਰਿਲੋਚਨ ਸਿੰਘ ਦੀ, ਜਿਸ ਨੇ 'ਮੇਰੀ ਸਭੀ ਪ੍ਰਾਪਤਾਂ' ਸ਼ਬਦ ਰਾਗ ਬਰਵੇ ਵਿਚ ਗੀਵਿਆ।

8 ਵਜ ਗਏ ਰਾਤ ਦੇ। ਹੁਣ ਸਤਿਗੁਰੂ ਜੀ ਦੇ ਵਿਸ਼ੇਸ਼ ਗਾਇਕ ਸਾਜ਼ ਸੁਰ ਕਰਕੇ ਮੰਚ ਤੇ ਉਪਸਥਿਤ ਹੋਏ। ਸਤਿਗੁਰੂ ਜੀ ਵਾਲੇ ਪਾਸੇ ਸ੍ਰੀ ਕੁਲਦੇਵ ਸਿੰਘ ਸਰੋਦ ਲੈਕੇ, ਸ. ਅਵਤਾਰ



Sri Satguru Jagjit Singh Ji Elibrary NamdhariElibrary@gmail.com

ਸਿੰਘ ਤਬਲੇ ਨਾਲ, ਬੰਸਰੀ ਤੇ ਸੰਤ ਸਤਪਾਲ ਸਿੰਘ ਜੋਮੂ, ਤਾਰ ਸ਼ਹਿਨਾਈ ਬਲਜੀਤ ਸਿੰਘ, ਮੋਹਣ-ਸੁਖਦੇਵ ਸਿੰਘ ਅਤੇ ਹੋਰ ਕਲਾਕਾਰ ਵੀ। ਉਧਰ ਰਾਗੀਆਂ ਦੇ ਮੰਚ ਤੇ ਸੰਤ ਦਰਸ਼ਨ ਸਿੰਘ, ਸੰਤ ਹਰਬੰਸ ਸਿੰਘ, ਸੰਤ ਖਜਾਨ ਸਿੰਘ, ਸੰਤ ਸੁਖਵਿੰਦਰ ਸਿੰਘ ਪਿੰਕੀ ਤਕੇ ਬੈਠੇ, ਸਨ। ਸਤਿਗੁਰੂ ਜੀ ਨੇ ਮੋਢੇ ਨਾਲ ਲਗੀ ਦਿਲਰੁਬਾ ਦਾ ਗਜ਼ ਖਿਚਕੇ ਹਿਰਦਿਆਂ ਨੂੰ ਧੂਹਾਂ ਪਉਣ ਵਾਲਾ ਸ਼ਬਦ, ਹਉ ਫਿਰਉ ਦੀਵਾਨੀ ਆਵਲ ਬਾਵਲ, ਆਰੰਭ ਕੀਤਾ।

ਮੇਰੇ ਠੀਕ ਅਨੁਮਾਨ ਅਨੁਸਾਰ ਇਸ ਵੇਲੇ 8000 ਤੋ ਵਧੇਰੇ ਨਰ ਨਾਰ ਇਸ ਬੈਕੁੰਠੀ ਕੀਰਤਨ ਦਾ ਅਨੰਦ ਲੁਟ ਰਹੇ ਹਨ। ਇਸ ਸਮੇ ਨੂੰ ਸੰਭਾਲਣ ਲਈ ਠਾਕੁਰ ਦਲੀਪ ਸਿੰਘ ਜੀ ਸੰਤ ਗੁਰਮੁਖ ਸਿੰਘ ਲੁਹਾਰਾਂ ਦੀ ਮਦਦ ਨਾਲ ਵੀਡੀਓ, ਮੂਵੀ ਤੇ ਸਟਿਲ ਕੈਮਰਿਆਂ ਦੀ ਵਰਤੋ ਕਰ ਰਹੇ ਹਨ।

## ਕਵੀ ਦਰਬਾਰ

ਸ਼ਬਦ ਸਮਾਪਤੀ ਤੇ ਠਾਕੁਰ ਜੀ ਦੀਆਂ ਕੁਝ ਸੂਚਨਾਵਾਂ ਉਪਰੰਤ ਸੰਤ ਜਗਦੀਸ਼ ਸਿੰਘ 'ਵਰਿਆਮ' ਨੇ ਮਾਈਕ ਸੰਭਾਲਦਿਆਂ ਅਤੇ ਹੁਣੇ ਹੋਣ ਵਾਲੇ ਕਵੀ ਦਰਬਾਰ ਦੀ ਮੰਚ ਸਕੱਤਰੀ ਕਰਦਿਆਂ, ਸੋਹਣੇ, ਚੁਣਵੇ ਤੇ ਢੁਕਵੇ ਸ਼ਬਦਾਂ ਦੀ ਵਰਤੋ ਕਰਕੇ ਸਮਾਗਮ ਨੂੰ ਬੰਨ੍ਹ ਲਿਆ। ਸ੍ਰੀ ਸਤਿਗੁਰੂ ਜੀ ਆਹਿਸਤਾ ਜਿਹੇ ਉਠਕੇ ਜਲਪਾਨ ਲਈ ਚਲੇ ਗਏ।

ਸਭ ਤੋ ਪਹਿਲਾਂ ਸ. ਪਿਆਰਾ ਸਿੰਘ ਕਾਮਲ ਨੂੰ ਸਮਾਂ ਮਿਲਿਆ, ਉਨ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਿਫਤ ਵਿਚ ਇਕ ਤਾਜ਼ ਲਿਖੀ ਕਵਿਤਾ ਪੜ੍ਹੀ। ਅੰਮ੍ਰਿਤਸਰ ਦੇ ਇਸ ਕਵੀ ਨੇ ਸੰਗਤ ਨੂੰ ਨਿਹਾਲ ਕਰ ਦਿਤਾ। ਦੂਜੇ ਕਵੀ ਸ੍ਰੀ ਦਿਆਲ ਚੰਦ ਮਿਗਲਾਣੀ ਸਨ, ਜਿਨ੍ਹਾਂ ਇਕ ਸੋਹਣੀ ਗ਼ਜ਼ਲ ਅਰਥਾਂ ਭਰੀ ਨੂੰ ਤਰੰਨਮ ਵਿਚ ਗਾਉਂਕੇ ਪੇਸ਼ ਕੀਤਾ। ਗ਼ਜ਼ਲ ਠੇਠ ਪੰਜਾਬੀ ਵਿਚ ਸਰਲ ਤੇ ਸੰਗੀਤਮਈ ਸੀ। ਫਿਰ ਇਕ ਵਧੀਆ ਕਵਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਕਬਿੱਤ ਦੇ ਛੰਦ ਵਿਚ ਬੰਨ੍ਹ ਕੇ ਜਲੰਧਰ ਦੇ ਕਵੀ ਸ੍ਰੀ ਫਕੀਰ ਚੰਦ ਤੁਲੀ ਨੇ ਪੇਸ਼ ਕੀਤੀ। ਬਹੁਤ ਪ੍ਰਭਾਵਸ਼ਾਲੀ ਰਹੀ।

ਸਤਿਗੁਰੂ ਜਗਜੀਤ ਸਿੰਘ ਜੀ ਜਲਪਾਨਉਂ ਹੀ ਪਿਛਵਾੜਿਉਂ ਨਿਕਲ ਆਸਣ ਸਸ਼ੋਭਤ ਆਣ ਹੋਏ। ਇਹ ਸਮਾਂ ਸ. ਚੇਤਨ ਸਿੰਘ ਹਰਿ ਗੋਬਿੰਦ ਪੁਰੀ ਨੂੰ ਮਿਲਿਆ। ਇਹ ਕਵੀ ਹਾਸ ਰਸ ਭਰਪੂਰ ਤੰਬ ਵਸਤੂ ਪੇਸ਼ ਕਰ ਰਿਹਾ ਸੀ। ਉਸਦਾ ਵਿਸ਼ੇ ਵਸਤੂ ਸੀ 'ਨਾਮਧਾਰੀ ਹੋਲਾਂ ਪਰ ਕਿਆ ਬਾਤ ਹੈ, ਸਾਰਾ ਪੰਡਾਲ ਖਚਾਖਚ ਭਰਪੂਰ ਸੀ। ਮੁਕੰਮਲ ਸ਼ਾਂਤੀ ਸੀ। ਕਵੀਆਂ ਨੂੰ ਸੰਗਤ ਵਲੋ ਖੁਲ੍ਹੇ ਗੱਫੇ ਆ ਰਹੇ ਸਨ। 'ਵਰਿਆਮ' ਦੀ ਨਖ਼ਰੇਦਾਰ ਪੇਸ਼ਕਾਰੀ ਕਰ ਰਿਹਾ ਸੀ।

ਹੁਣ ਅਹੀਆ ਪੁਰ, ਜ਼ਿਲਾ ਹੁਸ਼ਿਆਰ ਪੁਰ ਦਾ ਸੰਤ ਸਨਖਤਰਾ ਨਹੀਂ, ਸਗੋਂ ਈਸ਼ਵਰ ਸਿੰਘ ਅਰਸ਼ੀ, ਅੰਮ੍ਰਿਤਸਰ ਦੇ ਸ਼ਹੀਦੀ ਸਾਕੇ ਨੂੰ ਢੁਕਵਿਂ ਸ਼ਬਦਾਂ ਅਲੰਕਾਰਾਂ ਨਾਲ ਪੇਸ਼ ਕਰ ਸਕਿਆ। ਜਿਵੇ ਘਟਨਾਂ ਦੇ ਛੱਟੇ ਇਸਤੇ ਵੀ ਪਏ ਹੋਣ। ਛੇਵਾਂ ਕਵੀ ਸ. ਸੁਰਿੰਦਰ ਪਾਲ ਸੇਵਕ ਸੀ, ਜਿਸਨੇ ਸ੍ਰੀ ਭੈਣੀ ਸਾਹਿਬ ਦੇ ਮਹੱਤਵ ਨੂੰ ਉਭਾਰ ਕੇ ਖੂਬਸੂਰਤੀ ਨਾਲ ਪੇਸ਼ ਕੀਤਾ। ਸ. ਪਿਆਰਾ ਸਿੰਘ ਰੋਸ਼ਨ ਦੀ ਇਕ ਸੁੰਦਰ ਕਵਿਤਾ ਪਿਛੋਂ, ਇਕ ਪਿਆਰਾ ਸਿੰਘ 'ਆਜ਼ਾਦ' ਲੁਧਿਆਣੇ ਦਾ ਕਵੀ ਜਿਸ ਨੇ 'ਨਾਰੀ ਰਾਣੀਂ ਨਾਮ ਤੇ ਨਾਰੀ



Sri Satguru Jagjit Singh Ji Elibrary NamdhariElibrary@gmail.com

ਜੀਵਨ ਤੇ ਅਪਣਾ ਕਮਾਲ ਸੁਣਾਇਆ ਕਿ ਦਾਜ ਦੇ ਲੋਭੀ ਕਿਵੇਂ ਅਨ੍ਹਤ ਕੁੜੀਆਂ ਸਾੜਦੇ ਹਨ।

ਸ੍ਰੀ ਹਰਗੋਬਿੰਦ ਪੁਰੀ ਨੂੰ ਫਿਰ ਮੌਕਾ ਦਿਤਾ ਗਿਆ। 'ਫੈਮਿਲੀ ਪਲੈਨਿੰਗ' ਤੇ ਇਕ ਕਵਿਤਾ ਸੁਣਾ ਸੰਗਤ ਲੋਟ ਪੋਟ ਕਰ ਦਿਤੀ। ਅਤੇ ਇਕ ਹੋਰ ਕਵਿਤਾ 'ਕਿਸੇ ਕੁੜੀ ਦੇ ਚਰਿੱਤਰ' ਉਤੇ ਸੁਣਾ ਕੇ ਸਭ ਨੂੰ ਹਸਾਇਆ।

ਰਾਤ ਦੇ 11 ਵਜ ਗਏ ਤੇ ਕਵੀ ਦਰਬਾਰ ਦਾ ਅੰਤ ਹੋ ਗਿਆ।

ਮੇਰਾ ਹੋਲਾ ਹੋਰ ਵੀ ਰੰਗੀਨ ਹੋ ਗਿਆ ਜਦੋ ਮੇਰੀਆ ਤਿੰਨ ਪੁਤਰੀਆਂ ਉਪਮੇਸ਼, ਅਵਿਨਾਸ਼ ਤੇ ਕੁਲਵੰਤ ਮਿਲ ਪਈਆਂ। ਸਾਡੇ ਦੋਵੇ ਨਾਮਧਾਰੀ ਦਾਮਾਦ ਸ. ਬਲਬੀਰ ਸਿੰਘ ਦਿਲੋਂ ਅਤੇ ਸ. ਕੇਹਰ ਸਿੰਘ ਬੱਚਿਆਂ ਸਮੇਤ ਮਿਲ ਪਏ।

ਅੱਧੀ ਰਾਤ ਤਕ ਸੰਗਤ ਅੱਧੀ ਰਹਿ ਗਈ ਕਿਉਂਕਿ ਨੇੜੇ ਦੇ ਪਿੰਡਾਂ ਦੇ ਲੋਕ ਟ੍ਰੈਕਟਰਾਂ ਟ੍ਰਾਲੀਆਂ, ਕਾਰਾਂ, ਜੀਪਾਂ, ਤੇ ਘਰੋ ਘਰੀ ਪਹੁੰਚ ਗਏ। ਅਜ ਦਾ ਦਿਨ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸਮਰਪਿਤ ਸੀ।

## 30 ਮਾਰਚ 1983, ਬੁੱਧਵਾਰ
## ਅੰਮ੍ਰਿਤਸਰ ਕਲਾਂ (ਹੋਲਾ ਤੀਜਾ ਦਿਨ)

### ਹਾਕੀ ਵਾਲਿਆਂ ਨੂੰ ਇਨਾਮ

ਰਾਤ ਬੁੱਢੀ ਮਾਤੀ, ਸ. ਸਾਧੂ ਸਿੰਘ ਕਿਸਾਨ-ਕਲੀ ਸਿੰਘ ਹੋਰਾਂ ਵਲ ਆ ਟਿਕਣ ਨਾਲ ਸਵੇਰੇ ਆਸਾ ਦੀ ਵਾਰ ਵਿਚ ਨਹੀ ਪਹੁੰਚਿਆ ਗਿਆ। ਦਿਨੇ, ਅੰਮ੍ਰਿਤਸਰ ਕਲਾ ਆਇਆਂ, ਪਤਾ ਲਗਾ ਕਿ ਅੱਜ ਆਸਾ ਦੀ ਵਾਰ ਪਿਛੋਂ, ਠਾਕੁਰ ਦਲੀਪ ਸਿੰਘ ਜੀ ਵਲੋਂ ਹਾਕੀ ਟੀਮ ਦੇ ਬੱਚਿਆਂ, ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅਫਰੀਕਾ ਤੋਂ ਲਿਆਂਦੀਆਂ ਗਈਆਂ ਘੜੀਆਂ ਅਤੇ ਕੰਬਲ ਇਨਾਮ ਦੇ ਤੌਰ ਤੇ ਦਿਤੇ ਗਏ।

### ਕਵੀ ਲੁਟ ਕੇ ਲੈ ਗਏ

ਮਾ. ਅਮਰੀਕ ਸਿੰਘ ਨੇ ਸਾਡੇ ਨਾਲ ਹੈਰਾਨੀ ਪਰਗਟ ਕੀਤੀ ਕਿ ਰਾਤ ਵਾਲੇ ਕਵੀਆਂ ਨੂੰ ਸਵੇਰੇ ਵਿਦਾ ਕਰਨ ਲਗਿਆਂ, ਉਨ੍ਹਾਂ ਨੂੰ ਮਿਲੇ ਇਨਾਮ-ਕਰਾਮ ਤੋਂ ਵੱਖਰਾ 5000/— ਹੋਰ ਭੇਟ ਕੀਤਾ ਗਿਆ। ਇਹ ਰਕਮ 6 ਕਵੀਆਂ ਵਿਚ ਵੰਡੀ ਗਈ। ਇਹ ਵੀ ਪਤਾ ਲਗਾ ਕਿ ਰਾਤੀ ਕਵੀਆਂ ਨੂੰ ਹੋਈ ਕੁਲ ਆਮਦਨ ਨੂੰ ਕੱਠਿਆਂ ਕਰ 250/-, 250/— ਸਾਰਿਆਂ ਵਿਚ ਵੰਡਿਆ ਗਿਆ। ਇਹ ਕਵੀ ਬਰਾਬਰ ਦੀ ਟੱਕਰ ਦੇ ਸਨ। ਔਖਾ ਕੀਤਾ ਨੇ।

### ਮਸਤਾਨ ਗੜ੍ਹ ਕੋਠੀ ਵਿਖੇ

ਸੰਗੀਤਕਾਰ ਬੱਚਿਆਂ ਨੂੰ ਸਤਿਗੁਰੂ ਜੀ ਨੇ ਮਸਤਾਨ ਗੜ੍ਹ ਬੁਲਵਾਇਆ। ਮੈਂ ਵੀ ਇਹਨਾਂ ਬੱਚਿਆਂ ਨਾਲ ਮਸਤਾਨ ਗੜ੍ਹ ਪਹੁੰਚਾ। ਓਥੇ ਮੰਡੀ ਵਾਲੇ ਸੰਤ ਤਜਨੀਕ ਸਿੰਘ ਅਤੇ ਉਨ੍ਹਾਂ ਦਾ ਪਰਵਾਰ ਸਤਿਗੁਰੂ ਜੀ ਦੀ ਇੰਤਜ਼ਾਰ ਵਿਚ ਸਨ। ਸ. ਤਜਨੀਕ ਸਿੰਘ



Sri Satguru Jagjit Singh Ji Elibrary NamdhariElibrary@gmail.com

ਆਪਣੀ ਨਵੀ ਕਾਰ ਗੁਰੂ ਕੇ ਚਰਨ ਪਰਵੇਸ਼ ਲਈ ਲਿਆਏ ਹੋਏ ਸਨ ਜਾਂ ਦੀਨ ਦਿਆਲ ਜੀ ਨੇ, ਐਂਬੈਸੇਡਰ ਵਿਚ ਬੈਠ, ਉਸ ਦੀ ਚਾਬੀ ਘੁਮਾਈ। ਏਥੇ ਹੀ ਕਾਰ ਮਾਲਕ ਨੇ ਮੱਥਾ ਟੇਕਿਆ ਤੇ ਤਨ ਮਨ ਦੀਆ ਖੁਸ਼ੀਆਂ ਹਾਸਲ ਕੀਤੀਆਂ। ਸਤਿਗੁਰੂ ਜੀ ਨੇ ਮੇਰੀ ਦੋ-ਦੋ ਰੁਪੈ ਦੇ ਨਵੇਂ ਨੋਟਾ ਦੀ ਨਮਸਕਾਰ ਤੇ ਨੋਟਿਸ ਲਿਆ : ਕਵੀ ਜੀ ਨਵੇਂ-ਨਵੇਂ ਨੋਟ ਮੱਥਾ ਟੇਕਦੇ ਹਨ, ਨਵੇਂ-ਨਵੇਂ ਨੋਟ ਲਿਖਦੇ ਹਨ ਅਤੇ ਨਿਤ ਨਵੇਂ ਰਹਿੰਦੇ ਹਨ। ਸਤਿਗੁਰੂ ਜੀ ਨੇ ਫਿਕਰਿਆਂ ਦੀ ਝਿਹਾਈ ਲਗਾ ਦਿਤੀ।

**ਸਤਿਗੁਰੂ ਸਿਰਜਿਆ ਆਰਕੈਸਟਰਾ**

ਗਲਾ ਸੌਰੇ ਪਾਤਸ਼ਾਹ ਦਾ ਬੈਠਾ ਹੋਇਆ ਸੀ, ਤਾਂ ਵੀ, ਸਾਰੇ ਸੰਗੀਤਕਾਰਾਂ ਨੂੰ ਬੁਲਾਕੇ ਇਕ ਆਰਕੈਸਟਰਾ ਸੈੱਟ ਕੀਤਾ (ਕੇਵਲ ਵਿਵਿਧ ਸਾਜ਼ਾਂ ਜਾਂ ਅਵਾਜ਼ ਦਾ ਤਾਲ ਮੇਲ) ਜਦੋਂ ਮੈ ਕੋਠੀ ਉਪਰ ਹੇਠਾਂ ਨੂੰ ਝਾਤ ਮਾਰੀ ਤਾਂ ਦਰਜਨਾਂ ਨਰ ਨਾਰ ਦਰਸ਼ਨ ਮੁਤਲਾਸ਼ੀ ਲਗੇ। ਸਤਿਗੁਰੂ ਜੀ ਪਾਸ ਤਿਨ ਅਪਰਚਿਤ, ਵਾਈਲੈਤ ਤੋਂ ਆਏ ਸਜਣ ਬੈਠੇ ਸਨ। ਕਲ ਦੀਵਾਨ ਵਿਚ ਸੇਠ ਕਰਤਾਰ ਸਿੰਘ ਚਾਵਲਾ ਨੂੰ ਸੇਠ ਤਰਲੋਕ ਸਿੰਘ ਹੁਰਾਂ ਆਪਣੇ ਪਾਸ ਬੈਠਾਲ ਲਿਆ।

ਇਸ ਵੇਲੇ ਸਤਿਗੁਰੂ ਜੀ ਨੇ ਹਰਭਜਨ ਸਿੰਘ ਸਿਤਾਰ ਨੂੰ [redacted] ਕੁਝ ਸਮਝਾ ਦਿਤਾ ਹੈ। ਆਰਕੈਸਟਰਾ ਵਿਚ ਸ਼ਾਮਲ ਕਲਾਕਾਰਾਂ, 1. ਖੁਦ ਸ੍ਰੀ ਸਤਿਗੁਰੂ ਜੀ ਤਰਬਖਾਨੀ, 2. ਸ੍ਰੀ ਗੁਰਦੇਵ ਸਿੰਘ (ਸਰੋਦ), 3. ਸਤਪਾਲ ਸਿੰਘ ਜੈਮੂ (ਬੰਸਰੀ), 4. ਸੁਖਦੇਵ ਸਿੰਘ (ਹਰਮੋਨੀਅਮ) 5. ਸੁਰਜੀਤ ਸਿੰਘ ਦਿੱਲੀ (ਸਾਰੰਗੀ), 6. ਬਲਜੀਤ ਸਿੰਘ (ਤਾਰਸ਼ਹਿਨਾਈ), 7. ਸੁਖਵਿੰਦਰ ਸਿੰਘ ਪਿੰਕੀ (ਤਬਲਾ), 8. ਅਵਤਾਰ ਸਿੰਘ ਅੰਮ੍ਰਿਤਸਰੀ (ਤਬਲਾ), : ਦਰਸ਼ਕਾ ਵਿਚ ਮੋਹਣ ਸਿੰਘ ਰਾਇਕ, ਸੁਰਿੰਦਰ ਸਿੰਘ ਸਿਤਾਰ ਡੋ: ਸਾ: ਅਤੇ ਭਾਈ ਨਿਹਾਲ ਸਿੰਘ ਤੇ ਕੁਝ ਹੋਰ ਸੰਗੀਤ ਪ੍ਰੇਮੀ। ਸਾਰੀ ਤਿਆਰੀ ਹਰਭਜਨ ਸਿੰਘ ਦੇ ਨਿਰਦੇਸ਼ਨ ਵਿਚ ਚਲ ਰਹੀ ਸੀ। ਅੰਥੇ ਨੂੰ ਘੁੰਘਰੂ ਬੰਨ੍ਹਣ ਦਾ ਆਦੇਸ਼ ਹੋ ਗਿਆ। ਆਰਕੈਸਟਰਾ ਰਾਗ ਪੀਲੂ ਵਿਚ। ਟੋਅ ਵਜੋਂ 8 ਮਾਤਰਾ, 7 ਮਾਤਰਾਂ ਅਤੇ 10 ਮਾਤਰਾਂ ਦੀ ਵੰਡ।

ਜਥਿਆਂ ਦੇ ਜਥੇ ਸਤਿਗੁਰੂ ਜੀ ਦਾ ਨਿਵਾਸ ਮਸਤਾਨ ਗੜ੍ਹ ਵੇਖਣ ਆ ਰਹੇ ਹਨ।

**ਸ. ਏਕਮ ਸਿੰਘ ਦੀ ਖੁਸ਼ੀ**

ਏਨੇ ਵਿਚ ਅਸੀ ਚਾਰ ਕੁ ਵਜੇ ਜੀਵਨ ਨਗਰ, ਸੰਤ ਨਗਰ ਘੁੰਮਦੇ ਹੋਏ ਦੋ ਘੰਟੇ ਬਾਅਦ ਹੋਲਾ ਸਥਾਨ ਤੇ ਪੁਜੇ।

ਡੇਰੇ ਆਇਆਂ ਸ. ਏਕਮ ਸਿੰਘ ਬਰਮਿੰਘਮ ਨੇ ਇਸ ਗੱਲ ਤੇ ਖੁਸ਼ੀ ਪਰਗਟ ਕੀਤੀ ਕਿ ਸਤਿਗੁਰੂ ਜੀ ਵਲੋਂ ਬਰਮਿੰਘਮ (ਯੂ.ਕੇ.) ਵਿਖੇ ਹੋਲਾ ਕਰਵਾਣ ਦੀ ਆਗਿਆ ਹੋ ਗਈ ਹੈ। ਬਰਮਿੰਘਮ ਹੋਲੇ ਬਾਰੇ ਜਾਂ ਸਤਿਗੁਰੂ ਜੀ ਦੇ ਸਕੱਤਰ ਸੰਤ ਤਰਸੇਮ ਸਿੰਘ ਨੇ ਪੁਛਿਆ ਤਾਂ ਸ. ਏਕਮ ਸਿੰਘ ਨੇ ਕਹਿ ਦਿਤਾ ਕਿ ਬਰਮਿੰਘਮ ਦੀ ਸਾਰੀ ਸੰਗਤ ਵਲੋਂ ਹੋਲੇ ਦੀ



Sri Satguru Jagjit Singh Ji Elibrary NamdhariElibrary@gmail.com

ਬੇਨਤੀ ਕੀਤੀ ਗਈ ਹੈ ਤਾਂ ਸਭ ਤਰਾਂ ਦੇ ਖਰਚਾਂ ਲਈ ਸੰਗਤ ਦਾ ਪ੍ਰਧਾਨ ਹੋਣ ਦੇ ਨਾਤੇ ਉਹ ਖੁਦ ਹੀ ਜ਼ਿਮੇਵਾਰ ਹੈ। ਸ. ਏਕਮ ਸਿੰਘ ਅਤੇ ਸ. ਤਾਰਾ ਸਿੰਘ ਦੇ ਦਸਖਤਾਂ ਨਾਲ ਹੀ ਹੋਲੇ ਦੀ ਬੇਨਤੀ ਕੀਤੀ ਗਈ।

## ਹੋਲੇ ਸਮੇ ਗੁਰੂ ਕਾ ਲੰਗਰ

ਤੜ੍ਹਕੇ ਪਹਿਰ ਜਾਂ ਮੈ ਲੰਗਰ ਵਿਚ ਗਿਆ, ਵੇਖਿਆ ਕਿ ਪ੍ਰਸਾਦ ਵਾਲੇ ਹਜ਼ਾਰਾਂ ਇਸਤਰੀ ਪੁਰਸ਼ ਪੰਗਤਾਂ ਵਿਚ ਬੈਠੇ ਲੰਗਰ ਛਕ ਰਹੇ ਹਨ। ਸੈਂਕੜੇ ਸੱਜਣ ਲੰਗਰ ਵਰਤਾਉਣ ਦੀ ਸੇਵਾ ਕਰ ਰਹੇ ਹਨ। ਤਿਆਰੀ ਵਾਲੀ ਥਾਂ ਜਾਕੇ ਵੇਖਿਆ 7 ਤੌਆਂ ਉਤੇ ਦਰਜਨਾਂ ਬੀਬੀਆਂ ਪ੍ਰਸਾਦੇ ਪਕਾ ਰਹੀਆਂ ਹਨ। ਵਧੀਆ ਗੱਲ ਇਹ ਕਿ ਪ੍ਰਸਾਦੇ ਪੂਰੇ ਪਕੇ ਹੋਏ, ਗਰਮ, ਇਕ ਸਾਰ, ਚੋਪੜੇ ਹੋਏ ਹਨ। ਲੰਗਰ ਪੂਰੇ ਧਿਆਨ ਅਤੇ ਪ੍ਰੇਮ ਨਾਲ ਪਕਾਇਆ ਜਾ ਰਿਹਾ ਹੈ। 10 ਦੇਗਚੇ ਦਾਲਾ ਤਿਆਰ ਕਰਨ ਤੇ ਲਗੇ ਹੋਏ ਹਨ। ਅੰਦਰ ਬੇਬੇ ਦਲੀਪ ਕੌਰ ਜੀ ਤਿੰਨ ਕੜਾਹੇ ਕੜ੍ਹੇ ਹੋਏ ਦੁਧ ਵਿਚੋਂ ਲੋੜਵੰਦਾਂ ਨੂੰ ਦੁਧ ਦੇ ਰਹੇ ਹਨ। ਮਾਤਾ ਚੰਦ ਕੌਰ ਜੀ ਸਮੁਚੇ ਤੌਰ ਤੇ ਲੰਗਰ ਦੀ ਦੇਖ ਰੇਖ ਕਰਦੇ ਹਨ।

ਲੰਗਰ ਵਿਚ ਫਿਰਦਿਆਂ ਸੰਤ ਪਿਆਰਾ ਸਿੰਘ ਨਾਥ ਨਜ਼ਰ ਪਏ। ਇਹ ਆਮ ਕਰਕੇ ਹੋਲੇ ਮੇਲਿਆਂ ਵਿਚ ਰਾਸ਼ਨ ਇਨਚਾਰਜ ਹੁੰਦੇ ਹਨ। ਇਹਨਾਂ ਦੱਸਿਆ ਕਿ ਅੱਜ ਸਵੇਰੇ 80 ਮਣ ਕੜਾਹ ਪ੍ਰਸ਼ਾਦ ਸੰਗਤ ਨੂੰ ਵਰਤਾਇਆ ਗਿਆ। ਮੇਰੇ ਪੁੱਛਣ ਤੇ ਨਾਥ ਜੀ ਨੇ ਦੱਸਿਆ ਕਿ ਹੋਲੇ ਦਾ ਲੰਗਰ ਮੁਖ ਰੂਪ ਵਿਚ ਸੰਤ ਨਗਰ ਅਤੇ ਕਸਬਾ ਰਾਣੀਆਂ ਵਾਲੇ ਸਿੰਘਾਂ ਦੇ ਉਦਮ ਨਾਲ ਤਿਆਰ ਹੁੰਦਾ ਅਤੇ ਵਰਤੀਦਾ ਹੈ। ਉਜ ਹਲਕਾ ਜੀਵਨ ਨਗਰ ਦੇ ਸਾਰੇ ਪਿੰਡਾਂ ਚੋਂ ਰੋਜ਼ਾਨਾ ਲੰਗਰ ਦੀ ਸੇਵਾ ਲਈ 10-10 ਸਰੀਰ ਹਾਜ਼ਰ ਰਹਿੰਦੇ ਹਨ।

ਲੰਗਰ ਬਾਰੇ ਕਿਸੇ ਦੀ ਨਿੱਕੀ ਮੋਟੀ ਸ਼ਕਾਇਤ ਵੀ ਨਹੀ ਮਿਲੀ।

## ਹੋਲੇ ਦੇ ਦੀਵਾਨ

ਸਵੇਰ ਵੇਲੇ ਤੋ ਹੀ ਪੰਡਾਲ ਵਿਚ ਵਖ ਵਖ ਜਥੇਦਾਰੀ ਦੇ ਹੋਲੇ ਦੇ ਦੀਵਾਨ ਲਗੇ ਹੋਏ ਹਨ। ਪਰ ਜਦੋਂ ਮੈ ਸ਼ਾਮੀ 5.30 ਵਜੇ ਸਪੀਕਰ ਵਲ ਧਿਆਨ ਦਿਤਾ ਤਾਂ ਇਹ ਦਿੱਲੀ ਦੇ ਮਾਣ ਅਤੇ ਵਿਦਵਾਨ ਸੇਵਾ ਸਿੰਘ ਜਥੇਦਾਰ ਦਾ ਦਿਲ-ਖਿਚਵਾਂ ਕੀਰਤਨ ਮਗਨ ਸੀ। ਜਥੇਦਾਰ ਸੇਵਾ ਸਿੰਘ ਰੁਤਬੇਦਾਰ ਅਤੇ ਕਦਰਦਾਰ ਵਿਆਖਿਆਕਾਰ ਹਨ। ਐਉਂ ਲਗਾ ਜਿਵੇ ਸਤਿਗੁਰੂ ਜੀ ਨੇ ਵੀ ਆਪਣੇ ਇਸ ਜਥੇਦਾਰ ਨੂੰ 20 ਕੁ ਮਿੰਟ ਦਰਸ਼ਨ ਦੇ ਕੇ ਨਿਵਾਜਿਆ।

## ਸ਼ਾਮ ਦਾ ਦੀਵਾਨ

6 ਤੋ 7 ਤਕ ਸ਼ਾਮੀ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਦਿਆਂ, ਉਹਨਾਂ ਵਲ ਧਿਆਨ ਕਰਦਿਆਂ, ਦਿਵੰਗਤ ਸਤਿਗੁਰੂ ਜੀ ਦੇ ਟੇਪ ਬਚਨ ਸੁਣਦਿਆਂ, 8000 ਤੋਂ ਵੱਧ ਸੰਗਤ ਨੇ ਨਾਮ ਸਿਮਰਨ ਕੀਤਾ। ਇਸ ਤੋ ਵੱਧ ਏਕੀ ਦ੍ਰਿਸ਼ ਕੀ ਹੋ ਸਕਦਾ ਹੈ। ਇਹੋ 'ਕਲਿ ਕੀਰਤਨ ਨਾਮੁ ਅਧਾਰ' ਦਾ ਸਬੂਤ ਹੈ।



Sri Satguru Jagjit Singh Ji Elibrary NamdhariElibrary@gmail.com

### ਅਰਜ਼ ਅਗਲੇ ਹੋਲੇ ਦੀ

ਪੁਰਬਾ ਦੁਆਰਾ ਅਰਦਾਸ ਹੋਈ ਸੀ ਕਿ ਮੰਚ ਉੱਤੇ, ਸਤਿਗੁਰੂ ਜੀ ਦੇ ਸਨਮੁਖ ਜੀਵਨ ਨਗਰ ਦੇ ਇਕ ਨਾਮਧਾਰੀ ਦੁਕਾਨਦਾਰ ਨੇ ਮਾਈਕ ਅਗੇ ਕਰਕੇ ਇਕ ਲਿਖਤੀ ਅਰਦਾਸ ਪੜ੍ਹੀ। ਵਕਤਾ ਕੱਦੋਂ ਘਣਾ ਛੋਟਾ, ਦਾੜ੍ਹੇ-ਕੇਸਾਂ ਦੇ ਭਾਰੇ ਦੀਦਾਰੇ, ਚੋਖਾ ਹਿੱਸਾ ਖੁਲ੍ਹਦੀਆਂ ਦੇਵੇ ਅੱਖਾਂ। ਅਜਿਹੇ, ਪਹਿਲੀ ਨਜ਼ਰੇ ਅਲੋਕਾਰਤਾ ਪੇਸ਼ ਕਰਨ ਵਾਲੇ ਸਿੱਖ ਨੇ ਆਖਿਆ ਕਿ ਮਹਾਰਾਜ ਬੀਰ ਸਿੰਘ ਜੀ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕਰਨ ਕਿ ਜੀਵਨ ਨਗਰ ਅਤੇ ਸੰਤਾਂ ਵਾਲੀ ਪਿੰਡ ਵਾਲੇ ਅਗਲਾ ਹੋਲਾ ਕਰਵਾਣਗੇ, ਆਗਿਆ ਬਖਸ਼ੀ ਜਾਵੇ।

ਇਸ ਰਚਨੀ ਪੜ੍ਹਨ ਵਾਲੇ ਨੂੰ ਚੀਕਾ ਸੇਠ ਕਿਹਾ ਜਾਂਦਾ ਹੈ। ਸੰਤ ਇੰਦਰ ਸਿੰਘ ਰੋੜਿਆਂ ਵਾਲਿਆਂ ਦਾ ਇਹ ਚੰਗਾ ਐਸ ਪੋਲ ਸਿਰਾ ਹੈ। ਚੀਕਾ ਸਿੰਘ ਸਤਿਗੁਰੂ ਜੀ ਦਾ ਬੜਾ ਸਿਦਕੀ ਸਿੱਖ ਹੈ। ਆਪਣੇ ਕਥਨ ਵਿਚ ਇਸ ਨੇ ਕਿਹਾ: ਇਹ ਗੁਰੂ ਘਰ ਹੀ ਹੈ ਜਿਥੇ ਮੇਰੇ ਵਰਗੇ ਬੰਦੇ ਦੂਹਰੀ ਸਾਕ ਵਿਆਹੇ ਜਾਂਦੇ ਹਨ। ਚੀਕਾ ਸੇਠ ਨੇ ਆਪਣੀ ਪ੍ਰਭਾਵਸ਼ਾਲੀ ਪਤਨੀ ਬੀਬੀ ਬੇਅੰਤ ਕੌਰ ਨੂੰ ਵੀ ਯਾਦ ਕੀਤਾ ਜਿਸ ਨੇ ਉਹਦੇ ਘਰ ਸਿੱਖੀ ਦਾ ਬੂਟਾ ਸੁਰਜੀਤ ਰੱਖਿਆ। ਸਿੰਘ ਤੋਂ ਅਰਦਾਸ ਦੇ ਅੱਖਰ ਚੰਗੀ ਤਰਾਂ ਨਹੀਂ ਸਨ ਉਠਦੇ। ਮਹਾਰਾਜ ਜੀ ਰਹੀਆਂ ਤੁਕਾਂ ਪੜ੍ਹਨ ਨੂੰ ਕਹਿੰਦੇ ਜਿਵੇਂ ਉਹਨਾਂ ਇਹ ਅਰਦਾਸ ਆਪ ਲਿਖੀ ਹੋਏ ਜਾਂ ਵਾਚੀ ਹੋਵੇ।

### ਮਹੱਤਵ ਪੂਰਣ ਸੂਚਨਾਵਾਂ

ਕੀਰਤਨਕਾਰਾਂ ਦੇ ਸਾਜ਼ ਸੁਰ ਕਰਦਿਆਂ ਠਾਕੁਰ ਦਲੀਪ ਸਿੰਘ ਜੀ ਨੇ ਕੁਝ ਸੂਚਨਾਵਾਂ ਸੰਗਤ ਪ੍ਰਤੀ ਸੰਬੋਧਨ ਕੀਤੀਆਂ। ਜਿਨ੍ਹਾਂ ਚੋਂ ਇੱਕ ਤਾਂ ਅਤੀ ਮਹੱਤਵ ਪੂਰਨ ਸੀ। ਸਤਿਗੁਰੂ ਜੀ ਨੇ ਜੀਵਨ ਨਗਰ ਵਿਖੇ ਇਕ ਨਾਮਧਾਰੀ ਕਾਲਿਜ ਦੀ ਸਥਾਪਨਾ ਦੀ ਆਗਿਆ ਦੇ ਦਿਤੀ ਹੈ। ਦੇਸੀ-ਵਿਦੇਸ਼ੀ ਧਨਾਢ ਇਸ ਵਿਚ ਖੁਲ੍ਹ ਕੇ ਦਾਨ ਕਰਨ ਤਾਂਕਿ ਨਾਮਧਾਰੀ ਸੰਸਥਾ ਦਾ ਇਕ ਕਾਲਿਜ ਵਜੂਦ ਵਿਚ ਆ ਸਕੇ !

ਦੂਜੀ ਇਹ ਸੂਚਨਾ ਵੀ ਮਹੱਤਵਭਰੀ ਸੀ ਕਿ ਨਾਮਧਾਰੀਆਂ ਦੇ ਜੋ ਬੱਚੇ ਡੇਹਰਾਦੂਨ ਮਸੂਰੀ, ਸ਼ਿਮਲਾ, ਚੰਡੀਗੜ੍ਹ ਜਾਂ ਹੋਰ ਥਾਵਾਂ ਤੇ ਪੜ੍ਹਨ ਲਈ ਮਜਬੂਰ ਹੁੰਦੇ ਹਨ ਉਹਨਾਂ ਲਈ ਛੇਤੀ ਹੀ ਸ੍ਰੀ ਭੈਣੀ ਸਾਹਿਬ ਵਿਚ ਮਾਡਲ ਸਕੂਲ ਦਾ ਪ੍ਰਬੰਧ ਹੋ ਜਾਵੇਗਾ। ਸਤਿਗੁਰੂ ਜੀ ਦੀ ਐਸੀ ਹੀ ਇੱਛਾ ਹੈ।

### ਸਤਿਗੁਰੂ ਜੀ ਦਾ ਮਿੱਠੀ ਸੰਬੋਧਨ

ਸਤਿਗੁਰੂ ਜੀ ਦੇ ਮੰਚ ਦੇ ਪੱਚੇ ਹੱਥ, ਨਾਲ ਲਗਦਾ ਇਕ ਹੋਰ ਮੰਚ ਐਸ ਤਿਆਰ ਸੀ। ਆਰਕੇਸਟਰਾ ਸੰਗਤ ਦੇ ਪੇਸ਼ ਕੀਤਾ ਜਾਣਾ ਸੀ, ਇਸ ਲਈ ਭੂਮਿਕਾ ਸ੍ਰੀ ਸਤਿਗੁਰੂ ਜੀ ਨੇ ਆਪ ਬੰਨ੍ਹੀ। ਬੈਠੇ ਹੋਏ ਗਲੇ ਨਾਲ ਵੀ ਆਪ ਜੀ ਨੇ ਦੋ ਮਿੰਟ ਸੰਗਤ ਨਾਲ ਸਾਂਝੇ ਕੀਤੇ। ਕਥਨ ਦਾ ਭਾਵ ਸੀ : ਕੱਲ ਸੰਗਤ ਨੇ ਸ਼ਾਨਦਾਰ ਕਵੀ ਦਰਬਾਰ ਸੁਣਿਆ ਸੀ, ਅੱਜ ਨਾਮਧਾਰੀ ਆਰਕੇਸਟਰਾ ਸੁਣਨ। ਕੇਵਲ ਸਾਜ਼ਾਂ ਦੀ ਆਵਾਜ਼ ! ਕਿਵੇਂ ਉਸਤਾਦ

Sri Satguru Jagjit Singh Ji Elibrary NamdhariElibrary@gmail.com

ਕਲਾਕਾਰਾਂ ਦੇ ਸਿਖਾਏ ਹੋਏ ਥੋੜੇ ਸੰਗਤ ਸੋਹੇ ਵਖ ਵਖ ਸਾਜ਼ਾਂ ਉਤੇ ਸੁਰ ਦੀ ਦੁਨੀਆਂ ਸਿਰਜਦੇ ਹਨ ਅਤੇ ਇਸੇ ਆਰਕੈਸਟਰਾ ਦਾ ਭਾਗ ਨ੍ਰਿਤ ਵੀ ਹੋਵੇਗਾ, ਜਿਸ ਬਾਰੇ ਸਤਿਗੁਰਾਂ ਨੇ ਲਿਖਿਆ ਹੈ : ਐਸੀ ਨਿਰਤ ਨਰਕ ਨਿਵਾਰੇ।

ਅਤੇ ਉਸ ਤੋਂ ਪਹਿਲੋ ਸਤਿਗੁਰੂ ਜੀ ਨੇ ਨਿਕੇ ਬੀਬੀ ਸੁਰਿੰਦਰ ਸਿੰਘ (ਸਪੁਤਰ ਸ੍ਰੀ ਸੰਤ ਸੰਤੋਖ ਸਿੰਘ ਭੈਣੀ ਸਾਹਿਬ) ਨੂੰ ਸੁਣਨ ਲਈ ਸੰਗਤ ਨੂੰ ਆਗ੍ਰਹਿ ਕੀਤਾ। ਇਹ ਦੀ ਉਪਮਾ ਸਤਿਗੁਰਾਂ ਨੇ ਮੇਲੇ ਵਿਚ ਚੱਕੀਰਾਹ ਦੀ ਕੀ ਵੱਟੀ ਦੀਂ ਨਾਲ ਦੇ ਕੇ ਫਰਮਾਇਆ : ਮੇਲੇ ਵਿਚ ਵੱਟੀ ਜਾਵੇ ਭਾਵੇਂ ਨਾ ਵੱਟੀ ਜਾਵੇ ਪਰ ਉਹ ਵੱਡੇ-ਵੱਡੇ ਬੂੰਆਂ ਵਿਚ ਡੇਕ ਪਾਣ, ਘੁੱਗਾ ਬੋਲਣ ਨੂੰ ਸਮਰਥ ਤਾਂ ਹੁੰਦਾ ਹੀ ਹੈ।

## ਨਾਮਧਾਰੀ ਆਰਕੈਸਟਰਾ

ਸੋ ਪਹਿਲਾਂ ਸੁਖਦੇਵ ਸਿੰਘ ਸੁਖਵਿੰਦਰ ਸਿੰਘ ਘਿਕੀ ਦੇ ਛੋਟੇ ਭਰਾ ਤੋਂ ਦੋ ਸ਼ਬਦ ਸੁਣੇ ਫਿਰ ਅਤੀ ਸੁਰੀਲਾ ਆਰਕੈਸਟਰਾ ਵੱਜਿਆ। ਉਪ੍ਰੰਤ ਦਸਮ ਪਾਤਸ਼ਾਹ ਜੀ ਦਾ ਸਵੱਯਾ ਹੋਲੀ ਰੂਪ ਵਿਚ ਰੂਪਮਾਨ ਹੋਇਆ। ਸੋਚ ਲਈ ਰਾਤ ਨੂੰ 9.20 ਦਾ ਸਮਾਂ ਹੋਗਿਆ। ਸਾਧ ਸੰਗਤ ਨੇ ਪ੍ਰੇਮ ਪੂਰਵਕ ਇਕ ਚਿਤ ਹੋਕੇ ਸਾਰਾ ਪ੍ਰੋਗਰਾਮ ਸੁਣਿਆ।

ਅੱਜ ਰਾਤ ਦੇ ਦੀਵਾਨਾਂ ਵਿਚ ਜਥੇਦਾਰ ਅਜੀਤ ਸਿੰਘ ਬਟਾਲਾ, ਜਥੇਦਾਰ ਕੁਲਦੀਪ ਸਿੰਘ ਦਿੱਲੀ, ਜਥੇਦਾਰ ਧਰਮ ਸਿੰਘ ਦਿੱਲੀ ਅਤੇ ਬਾਬਾ ਛਿੰਦਾ ਜੀ ਨੇ ਰਸ ਬੰਨਿਆ।

ਸਤਿਗੁਰੂ ਜੀ ਦੀ ਇੱਛਾ ਸੀ ਕਿ ਕਈ ਰੋਲ ਜ਼ੂਮ ਲੈਨਜ਼ ਵੀ ਹੋਣਾ ਚਾਹੀਦਾ ਹੈ, ਸੁ ਠਾਕੁਰ ਜੀ ਨੇ ਇਕ ਟੈਲੀ ਜ਼ੂਮ ਲੈਨਜ਼ 30mm ਦਾ ਮੇਰੇ ਹਵਾਲੇ ਕੀਤਾ।

### 31 ਮਾਰਚ 1983, ਵੀਰਵਾਰ
### ਸ੍ਰੀ ਅੰਮ੍ਰਿਤਸਰ ਕਲਾਂ (ਸਰਸਾ) ਹੋਲਾ

## ਅੰਤਮ ਦਿਨ

4 ਵਜੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੰਤ ਨਗਰ ਦੇ, ਸੰਤ ਦਲੀਪ ਸਿੰਘ ਜਥੇਦਾਰ ਦੇ ਜਥੇ ਨੇ ਕੀਤਾ, ਜੁ ਸਤਿਗੁਰੂ ਜੀ ਦੀ ਹਜ਼ੂਰੀ ਵਿਚ 7 ਵਜੇ ਤਕ ਕਿਹਾ। ਸੰਤ ਬਲੀ ਸਿੰਘ ਦਾ ਵਾਜਾ, ਸੰਤ ਗੁਰਮੁਖ ਸਿੰਘ ਖਾਰਾ ਦੀ ਢੋਲਕੀ ਅਤੇ ਭੈਣਿਆਂ ਵਾਲੇ ਹੋਰ ਸਿੰਘਾਂ ਨੇ ਰਸ ਭਰਪੂਰ ਕੀਰਤਨ ਕੀਤਾ। ਨਾਲ ਵਜਦੀ ਬਲਜੀਤ ਸਿੰਘ ਜੀ ਦੀ ਤਾਰ ਸ਼ਹਿਨਾਈ ਨੇ ਇਸ ਰੰਗ ਨੂੰ ਹੋਰ ਵੀ ਨਿਖਾਰਿਆ।

ਅੱਜ ਅੰਮ੍ਰਿਤਸਰ ਕਲਾਂ ਦੇ ਹੋਲੇ ਦੀ ਸਮਾਪਤੀ ਦਾ ਦਿਨ ਹੈ।

ਮੰਚ ਦੇ ਸਾਹਮਣੇ, ਜਥਾ ਜੁ ਰਾਜਲੇ ਤੇ, ਹਵਨ ਹੋ ਚੁਕਾ ਹੈ: ਹਵਨ ਕੁੰਡ ਪਰਜਵਲਤ ਹੈ। ਇਸਦੇ ਨਾਲ ਕਰਕੇ, ਸਤਿਗੁਰੂ ਜੀ ਦੇ ਸਨਮੁਖ, ਵਿਆਹ ਜੋੜੇ ਫੇਰਾਏ ਜਾਏ ਹਨ। ਬੀਜ ਵਰਤਾਏ ਕਰ ਦਿਤੇ ਗਏ, ਅੰਮ੍ਰਿਤ ਪਾਨ ਆਦਿ ਕਿਰਿਆਵਾਂ ਨਾਲ ਨਾਲ ਚਲਦੀਆਂ ਰਹੀਆਂ।

ਮਹਾਰਾਜਾ ਬੀਰ ਸਿੰਘ ਜੀ ਵਲੋਂ ਨਾਮਧਾਰੀ ਦਰਬਾਰ ਦੁਆਰਾ ਤਿਆਰ ਕੀਤੇ



Sri Satguru Jagjit Singh Ji Elibrary NamdhariElibrary@gmail.com

ਮਤੇ, ਜਿਨ੍ਹਾ ਨੂੰ ਸ਼ਬਦਾਵਲੀ ਸ. 'ਦਰਿਆਮ' ਨੇ ਦਿਤੀ, ਆਪ ਪੜ੍ਹੇ ਗਏ। ਇਹਨਾਂ ਵਿਚ ਸ੍ਰੀ ਮਤੀ ਇੰਦਰਾ ਗਾਂਧੀ, ਰਾਜੀਵ ਗਾਂਧੀ, ਆਦਿ ਦਾ ਨਿਰਪੱਖ ਦੇਸ਼ਾਂ ਦਾ ਚੋਟੀ ਦਾ ਸੰਮੇਲਨ [illegible] ਬਸਤੀਵਾਦ ਤੇ ਉਭਰੇ ਦੇਸ਼ਾਂ ਦੀ ਸਹਿਮਤੀ ਨੂੰ ਵਿਕਸਿਤ ਕਰਨ ਦੀ ਸਫਲਤਾ ਦੀ ਪ੍ਰਸ਼ੰਸਾ, ਨਿਸ਼ਸਤਰੀ ਕਰਣ ਦੇ ਹੱਕ ਵਿਚ, ਪ੍ਰਧਾਨ ਮੰਤਰੀ ਦਾ ਅਕਾਲੀ ਦਲ ਦੀਆ ਧਾਰਮਿਕ ਮੰਗਾਂ ਨੂੰ ਮੰਨਣਾ, ਦਿੱਲੀ ਗੁਰਦੁਆਰਾ ਕਮੇਟੀ ਨੂੰ ਦਿੱਲੀ ਕੋਤਵਾਲੀ ਦਾ ਹਵਾਲੇ ਕੀਤਾ ਜਾਣਾ, ਦੇਸੀ ਗਊਆਂ ਦੀ ਨਸਲ ਪਾਲਣਾ, ਸੰਭਾਲਣਾ, ਦੇਸ਼ ਦੇ ਸਾਰੇ ਪ੍ਰਾਂਤਾਂ ਵਿਚ, ਪੰਜਾਬ ਅਤੇ ਹਰਿਆਣਾ ਵਿਚੋ ਗਊਆਂ ਬਾਹਰ ਨ ਭੇਜਣ ਦੀ ਪ੍ਰਸ਼ੰਸਾ, ਬਸੰਤ ਪੰਚਮੀ ਦੀ ਲਾਜ਼ਮੀ ਛੁਟੀ, ਆਦਿ ਦੀ ਮੰਗ ਕੀਤੀ ਗਈ।

**ਹੋਲਾ ਅਗਲੇ ਸਾਲ ਦਾ**

ਅਤੇ ਫਿਰ ਮਹਾਰਾਜ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋ ਦਿਤੇ ਗਏ ਹੁਕਮ ਨਾਲ, ਅਗਲੇ ਸਾਲ ਦਾ ਹੋਲਾ ਸ੍ਰੀ ਜੀਵਨ ਨਗਰ ਨੂੰ ਬਖ਼ਸ਼ਣ ਦਾ ਐਲਾਨ ਕੀਤਾ। ਅਗਲੇ ਸਾਲ ਦੇ ਹੋਲੇ ਬਾਰੇ ਕਰੀਵਾਲਾ, ਖੂਹ ਐਥਰਸਰੀਆਂ, ਐਲਾਨ ਬਾਦ, ਔਰੰਗਾ ਬਾਦ ਅਤੇ ਦਿੱਲੀ ਤੋ ਵੀ ਦਰਖ਼ਾਸਤਾਂ ਆ ਗਈਆਂ ਸਨ। ਮਹਾਰਾਜ ਜੀ ਨੇ ਐਲਾਨ ਕੀਤਾ ਕਿ ਹੋਲੇ ਦੀ ਸਫਲਤਾ ਵਾਸਤੇ ਭਜਨ ਕਰੋ। ਕਰੀਵਾਲੇ ਦੇ ਸਿੰਘਾਂ ਨੇ ਇਸ ਵਾਰ ਤਕੜਾ ਸਹਿਯੋਗ ਦਿਤਾ ਹੈ ਅਤੇ ਨਾਲ ਹੀ ਕਲਿਜੁਗ ਦੇ ਪ੍ਰਭਾਵ ਤੋਂ ਮੁਕਤ ਹੋਣ ਲਈ ਅਖੰਡ ਪਾਠ ਕਰਵਾਏ ਹਨ।

ਮਹਾਰਾਜ ਜੀ ਦਾ ਕਥਨ ਵਾਹਵਾ ਹੀ ਲੰਮੇਰਾ ਸੀ। ਆਪ ਜੀ ਨੇ ਸੰਤ ਨਗਰ ਅਤੇ ਜੀਵਨ ਨਗਰ ਵਾਸੀ ਸੰਗਤ ਨੂੰ ਪ੍ਰੇਰਨਾ ਦਿਤੀ ਕਿ ਹੋਲੇ ਵਾਸਤੇ ਵਰਨੀ ਚਾਲੂ ਕਰਨ ਅਤੇ ਦੋਵੇਂ ਪਿੰਡ ਭਜਨ ਵਲ ਵਿਸ਼ੇਸ਼ ਧਿਆਨ ਦੇਣ।

**ਹੋਲਾ ਵਲਾਇਤ ਵਿਚ ਵੀ**

ਮਹਾਰਾਜ ਜੀ ਨੇ ਆਖਿਆ: ਸੰਤ ਏਕਮ ਸਿੰਘ ਨੇ ਆਪਣੀ ਦਰਖ਼ਾਸਤ ਵਿਚ ਯੂ.ਕੇ. ਵਿਚ ਹੋਲੇ ਦੀ ਮੰਗ ਕੀਤੀ ਹੈ। ਹੋਲਾ ਬਰਮਿੰਘਮ ਲਈ ਪਰਵਾਨ ਕੀਤਾ ਗਿਆ ਹੈ। ਇਹ ਤਾਰੀਖ਼ਾਂ ਦੂਜੀਆਂ ਤੋ ਹੋਵੇਗਾ। ਇਕ ਹੋਲਾ ਸੰਤ ਏਕਮ ਸਿੰਘ ਦੇ ਉਦਮ ਨਾਲ ਪੁਰਾਣਾ ਅਫਰੀਕਾ ਦੇ ਸ਼ਹਿਰ ਕੰਪਾਲੇ ਵਿਚ ਹੋਇਆ ਸੀ। ਹੁਣ ਏਕਮ ਸਿੰਘ ਬਰਮਿੰਘਮ ਦੀ ਦੁਨੀਆਂ ਨੂੰ ਨਾਮਧਾਰੀਆਂ ਦੇ ਦਰਸ਼ਨ ਕਰਵਾਣਗੇ। ਨਾਮਧਾਰੀਆਂ ਦਾ ਧਰਮ ਕਰਮ, ਰਸਮ ਰਿਵਾਜ ਉਨ੍ਹਾਂ ਦੇ ਧਿਆਨ ਵਿਚ ਆਵੇਗਾ।

**ਵਿਦਿਆਰਥੀ ਸੰਮੇਲਨ ਮੰਡੀ**

ਮੰਡੀ ਵਾਲਿਆਂ (ਹਿਮਾਚਲ) ਪਹਿਲਾਂ ਵੀ ਦੋ ਵਿਦਿਅਕ ਸੰਮੇਲਨ ਕਰਵਾਏ ਹਨ, ਹੁਣ ਫੇਰ ਉਨ੍ਹਾਂ ਦੀ ਬੇਨਤੀ ਪਰਵਾਨ ਕੀਤੀ ਗਈ ਹੈ। ਤਾਰੀਖਾਂ 'ਸਤਿਜੁਗ' ਵਿਚ ਐਲਾਨੀਆਂ ਜਾਣਗੀਆਂ। ਬਰਮਿੰਘਮ ਹੋਲੇ ਦੀਆਂ ਵੀ ਅਤੇ ਵਿਦਿਅਕ ਸੰਮੇਲਨ ਦੀਆਂ ਵੀ।

**ਬਿੱਲੀ ਮਰੀ ਦਾ ਪ੍ਰਾਸਚਿਤ**

ਇਕ ਬੀਬੀ ਤੇਜ ਕੌਰ ਸੁਪਤਨੀ ਸੰਤ ਜਿਊਣ ਸਿੰਘ ਸਪੁਤਰ ਸੂਬਾ ਮੀਹਾਂ ਸਿੰਘ



Sri Satguru Jagjit Singh Ji Elibrary NamdhariElibrary@gmail.com

ਗਏ। ਤੇਜ ਨੇ ਗੁਰੂ ਕੇ ਹਜ਼ੂਰ ਅਰਜ਼ ਕੀਤੀ ਕਿ ਉਸ ਤੋਂ ਇਕ ਬਿੱਲੀ ਮਰ ਗਈ ਹੈ, ਉਸ ਵਾਸਤੇ ਕੀ ਪ੍ਰਾਸਚਿਤ ਹੈ। ਸੱਚੇ ਪਾਤਸ਼ਾਹ ਜੀ ਨੇ ਇਕ ਅੱਖੰਡ ਪਾਠ ਕਰਵਾਣ ਦੀ ਆਗਿਆ ਕੀਤੀ। ਬੀਬੀ ਨੇ ਅਰਜ਼ ਕੀਤੀ : ਜੀ ਘਰ ਦੇ ਇਹ ਖਰਚ ਕਰਨਾ ਮੰਨਣਗੇ ਨਹੀਂ। ਸਤਿਗੁਰੂ ਜੀ ਨੇ ਆਪਣੇ ਪਾਠ ਪ੍ਰਬੰਧਕਾਂ ਤੋਂ ਪਾਠ ਤੇ ਆਉਂਦੇ ਖਰਚੇ ਦਾ ਪਤਾ ਕਰਕੇ ਬੀਬੀ ਤੇਜ ਕੌਰ ਨੂੰ 700/– ਗੁਰੂ ਕੇ ਖਜ਼ਾਨਿਓਂ ਦੇ ਦਿਤਾ।

**ਅਨੰਦ ਕਾਰਜ ਹੋ ਗਏ**

8.05 ਤੇ ਅਨੰਦ ਕਾਰਜ ਹੋਣੇ ਸ਼ੁਰੂ ਹੋਏ। 17-17 ਜੋੜੇ 3 ਵਾਰੀਆਂ ਵਿਚ ਕੁਲ 51 ਜੋੜਿਆਂ ਨੂੰ ਵਿਵਾਹਿਤ ਹੋਕੇ, ਗ੍ਰਹਿ ਪਰਵੇਸ਼ ਦਾ ਸਮਾਜਿਕ ਅਧਿਕਾਰ ਮਿਲ ਗਿਆ। ਲਾਵਾਂ ਦੇ ਪਾਠੀ ਸਨ: ਸੰਤ ਰਾਮ ਰਾਮ ਜੀ, ਸੰਤ ਇਕਬਾਲ ਸਿੰਘ ਸੰਤ ਨਗਰ, ਸੰਤ ਬਲਕਾਰ ਸਿੰਘ ਮਾਛੀਵਾੜਾ, ਸੰਤ ਦਰਸ਼ਨ ਸਿੰਘ ਛੇਟਾ ਅੰਮ੍ਰਿਤਸਰ, ਸੰਤ ਕਿਅੰਤ ਸਿੰਘ ਸੇਖਲ ਅਤੇ ਸੂਬਾ ਧਰਮ ਸਿੰਘ ਜੀ ਮੁਕਤਾ।

**ਸਾਧਾਰਨ ਪਾਠਾਂ ਦੇ ਭੋਗ**

ਫਿਰ ਉਪ੍ਰੋਕਤ ਪਾਠੀਆਂ ਨਾਲ ਮਿਲਕੇ ਹੋਰ ਵੀ ਸਿੰਘ ਬਹੁਤ ਸਾਰੇ ਪਾਠਾਂ ਦੇ ਭੋਗ ਪਾਉਣ ਲਗੇ। ਇਹਨਾਂ ਦੀ ਸਮਾਪਤੀ 8.55 ਤਕ ਹੋ ਗਈ ਅਤੇ ਫਿਰ ਸੰਤ ਬਲਕਾਰ ਸਿੰਘ ਤੇ ਹੋਰ ਸਾਥੀਆਂ ਨੇ ਮਿਲਕੇ 3 ਦਸਮ ਗ੍ਰੰਥਾਂ ਦੇ ਭੋਗ ਪਾਉਣ ਲਈ ਹਕਾਇਤਾਂ ਦਾ ਪਾਠ ਕੀਤਾ।

**ਬੱਚਿਆਂ ਨੂੰ ਇਨਾਮ**

ਸੰਤ ਬਲਵੰਤ ਸਿੰਘ ਐਲਨਾਬਾਦ ਨੇ ਇਸ ਹੋਲੇ ਵਿਚ ਇਕ ਸ਼ੁਧ ਪਾਠ ਦਾ ਮੁਕਾਬਲਾ ਕਰਵਾਇਆ। ਇਹ ਪਾਠ ਬੱਚਿਆਂ ਨੇ ਕਰਨੇ ਸਨ, ਜਿਹੜੇ ਬੱਚੇ ਇਸ ਪਾਠ ਮੁਕਾਬਲੇ ਵਿਚ ਜੇਤੂ ਰਹੇ ਉਨ੍ਹਾਂ ਨੂੰ ਸੰਤ ਬਲਵੰਤ ਸਿੰਘ ਵਲੋਂ ਸਟੀਲ ਬਰਤਨ ਦਿਤੇ ਗਏ। ਪਰ ਇਹ ਬਖਸ਼ਿਸ਼ ਸ੍ਰੀ ਸਤਿਗੁਰੂ ਜੀ ਦੁਆਰਾ ਹੋਈ।

**ਸਵਰਨ ਸਿੰਘ ਨੂੰ ਖਿਮਾ**

ਇਸੇ ਸਮੇ ਹੀ ਮੰਚ ਉਪਰ ਸਥਿਤ ਸਤਿਗੁਰੂ ਜੀ ਦੇ ਸਨਮੁਖ, ਬਾਬਾ ਨਿਰੰਜਨ ਸਿੰਘ ਕਰੀਵਾਲਾ ਦਾ ਲੜਕਾ ਸਵਰਨ ਸਿੰਘ ਜਿਸ ਨੇ ਦਾੜ੍ਹੀ ਮੁੰਨੀ ਹੋਈ ਸੀ, ਹੱਥ ਜੋੜ ਕੇ, ਆਪਣੇ ਸਹਿਯੋਗੀਆਂ ਨਾਲ ਮਿਲਕੇ ਅੱਗੇ ਆਇਆ ਅਤੇ ਪਿਛਲੇ ਕੀਤੇ ਕੁਕਰਮਾਂ ਦੀ ਖਿਮਾ ਮੰਗੀ। ਸਤਿਗੁਰੂ ਜੀ ਨੇ ਕਿਰਪਾ ਕੀਤੀ। ਬਾਬਾ ਨਿਰੰਜਨ ਸਿੰਘ ਲੰਮੇ ਸਮੇ ਤੋਂ ਗੁਰੂ ਨਿੰਦਕ ਰਿਹਾ ਹੈ, ਸਤਿਗੁਰੂ ਜੀ ਨੇ ਉਹਦੀ ਵਾਪਸੀ ਦੀ ਕਾਮਨਾ ਵੀ ਕੀਤੀ।

**ਸੂਬੇਦਾਰੀ ਬਖਸ਼ੀ**

ਅੰਤ ਇਸ ਗੱਲ ਦਾ ਵੀ, ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ, ਐਲਾਨ ਕੀਤਾ ਗਿਆ ਕਿ ਪਿੰਡ ਉਰੀ (ਅੰਬਾਲਾ) ਵਾਲੇ ਸੰਤ ਉਦੇ ਸਿੰਘ ਜੀ ਨੂੰ ਅੰਬਾਲਾ ਜ਼ਿਲੇ ਦਾ ਸੂਬਾ ਸਥਾਪਿਤ ਕੀਤਾ ਗਿਆ ਹੈ।

ਇਕ ਹੋਰ ਸੂਬਾ ਸਥਾਪਤ ਕੀਤਾ ਗਿਆ : 1. ਸ. ਕਰਤਾਰ ਸਿੰਘ ਚੌਹਲ ਵਾਲੇ ਬੜੇ ਪ੍ਰਤਾਪਸ਼ਾਲੀ ਪੁਰਸ਼ ਹਨ ਅਤੇ ਸੱਚੇ ਪਾਤਸ਼ਾਹ ਜੀ ਦੇ ਪਰਮ ਸੇਵਕ ਹਨ। ਇਹ ਸਾਲ ਵਿਚ ਔਖੇ ਦਿਨ ਤਾਂ ਬਾਡੀਗਾਰਡ ਦੀ ਸੇਵਾ ਵੀ ਕਰਦੇ ਰਹੇ। ਅੱਜ ਇਹਨਾਂ ਨੂੰ ਪਟਿਆਲਾ ਜ਼ਿਲੇ ਦਾ ਸੂਬਾ ਸਥਾਪਤ ਕੀਤਾ ਗਿਆ।

### ਬਖਸ਼ੇ ਗਏ

ਅਨੇਕਾਂ ਲੋਕ ਆਪਣੀਆਂ ਗਲਤੀਆਂ, ਮਾਸ ਸ਼ਰਾਬ ਦੀ ਵਰਤੋਂ ਆਦਿ ਦੀ ਖਿਮਾਂ ਮੰਗਣ ਲਈ ਸ੍ਰੀ ਸਤਿਗੁਰੂ ਜੀ ਦੇ ਸਾਹਵੇਂ ਹੱਥ ਜੋੜ ਕੇ ਆ ਖਲੋਤੇ। ਸਤਿਗੁਰੂ ਜੀ ਨੇ ਸਭ ਤੇ ਕਿਰਪਾ ਕੀਤੀ, ਬਖਸ਼ ਦਿਤੇ। ਅਤੇ ਨਾਲ ਹੀ ਪੱਕੀ ਕੀਤੀ ਕਿ ਮੁੜ ਕੇ ਨ ਕੁਕਰਮਾਂ ਵਲ ਰੁਚਿਤ ਹੋਇਆ ਜਾਵੇ।

### ਸਤਿਗੁਰੂ ਜੀ ਦਾ ਕਥਨ

ਪਤਾ ਨਹੀ ਇਹ ਗੱਲ ਐਤਕਾਂ ਕਿਵੇਂ ਏਜੰਡੇ ਉਤੇ ਆ ਗਈ। ਸ੍ਰੀ ਸਤਿਗੁਰੂ ਜੀ ਨੇ ਮੰਗਲਾਚਾਰ ਕਰਕੇ ਅਤੇ ਸਤਿਗੁਰੂਆਂ ਦੀ ਪੰਗਤ ਯਾਦ ਕਰਵਾ ਕੇ ਜੁ ਪਹਿਲਾ ਬਚਨ ਕੀਤਾ ਉਹ ਕਾਫ਼ੀ ਸਖ਼ਤ ਸੀ, ਪਰ ਨਾਮਧਾਰੀ ਮਰਿਆਦਾ ਦੇ ਐਨ ਅਨੁਕੂਲ ! ਸਤਿਗੁਰੂ ਜੀ ਨੇ ਬਚਨ ਕੀਤਾ: ਸੰਤ ਸੇਵਾ ਸਿੰਘ (ਨਾਮਧਾਰੀ ਏਜੰਸੀ) ਹੁਰਾਂ ਦਾ ਲੜਕਾ ਅਤੇ ਮਾ: ਨਿਹਾਲ ਸਿੰਘ ਪ੍ਰਧਾਨ ਨਾਮਧਾਰੀ ਦਰਬਾਰ ਦੀ ਲੜਕੀ ਨੇ, ਜਿਵੇਂ ਮਾਮੇ-ਭਣੇਵੇਂ ਦੇ ਬੱਚਿਆਂ, ਦੂਹਾਂ ਭੈਣ ਭਰਾਵਾਂ ਨੇ ਵਿਆਹ ਦੀ ਗਲਤੀ ਕੀਤੀ ਹੈ ਅਤੇ ਸੁਖਚੈਨ ਸਿੰਘ (ਮੁੱਖ ਅੰਮ੍ਰਿਤਸਰ ਕਲਾਂ ਤੇ ਔਰੋ ਰੇਲਾ ਗੋਕਰਨ ਨਾਥ ਯੂ. ਪੀ.) ਹੁਰਾਂ ਦੇ ਬੱਚਿਆਂ ਨੇ ਗਲਤੀ ਕੀਤੀ ਹੈ, ਉਹ ਨਹੀ ਬਖਸ਼ੇ ਜਾਣਗੇ। ਨਾਮਧਾਰੀਆਂ ਵਿਚ ਮਾਮੇ, ਮਾਮੀ, ਚਾਚੇ, ਤਾਏ, ਭੂਆ, ਆਦਿ ਦੇ ਬੱਚਿਆਂ ਦੀ ਪਰਸਪਰ ਸ਼ਾਦੀ ਨਹੀ ਹੋ ਸਕਦੀ, ਅਸੀ ਇਸ ਦੇ ਡਟ ਕੇ ਵਿਰੋਧੀ ਹਾਂ।

ਸਤਿਗੁਰੂ ਜੀ ਨੇ ਵਿਆਹਾਂ ਬਾਰੇ ਹੋਰ ਸੁਝਾਵਾਂ ਲਈ ਸੰਗਤ ਨੂੰ ਆਖਿਆ ਕਿ ਉਹ ਪ੍ਰਬੰਧਕਾਂ ਨੂੰ ਲਿਖ ਕੇ ਭੇਜਣ ! ਮਾਸ ਸ਼ਰਾਬ ਦੇ ਤਿਆਗਣ ਵਾਲਿਆਂ ਨੂੰ ਹੋਰ ਨਸ਼ੀਲੀਆਂ ਗੋਲੀਆਂ ਦਾ ਆਸਰਾ ਵੀ ਨਾ ਭਾਲਣ ਦਾ ਆਦੇਸ਼ ਦਿਤਾ।

### ਨਾਮਧਾਰੀ ਕਾਲਿਜ ਦੀ ਉਗਰਾਹੀ

ਸਤਿਗੁਰੂ ਜੀ ਦੇ ਉਪ੍ਰੋਕਤ ਸੰਖੇਪ ਕਥਨ ਬਾਅਦ ਨਾਮਧਾਰੀ ਕਾਲਿਜ ਜੀਵਨ ਨਗਰ ਦੀ ਉਗਰਾਹੀ ਦਾ ਐਲਾਨ ਕੀਤਾ ਗਿਆ। ਅਤੇ ਸਾਰੀ ਸੰਗਤ ਵਿਚੋਂ ਉਠ ਉਠ ਰਕਮਾਂ ਆਉਣ ਲਗੀਆਂ। ਸਭ ਤੋ ਪਹਿਲਾਂ ਸੰਤ ਤਰਲੋਕ ਸਿੰਘ ਮੰਡੀ ਲਾਪੂ ਵੇ (ਫੀਰੋਜ਼ਪੁਰ) ਤੇ ਸ. ਮਹਿੰਦਰ ਸਿੰਘ ਬਲ ਨੇ ਨਵੇਂਕਾ ਵਡੀ ਢਾਲ ਮਕਨ ਦਾ ਖ਼ਤਮ ਕੀਤਾ। ਫਿਰ ਸਤਿਗੁਰਾਂ ਦੇ ਇਕ ਹੋਰ ਪ੍ਰੇਮੀ ਸੰਤ ਮਨੋਹਰ ਸਿੰਘ ਭੌਂਠੇ ਵਾਲੇ ਨੇ ਵੀ ਤਕੜੀ ਰਕਮ ਦੇਣ ਦਾ ਐਲਾਨ ਕੀਤਾ। ਫਿਰ ਤਾਂ ਜਿਵੇਂ ਮਾਇਆ ਦਾ ਪਰਵਾਹ ਹੀ ਚਲ ਪਿਆ। ਮੈਨੂੰ ਇਹ ਨਹੀ ਪਤਾ ਲਗ ਸਕਿਆ ਕਿ ਕੁਲ ਕਿੰਨੀ ਉਗਰਾਹੀ ਹੋਈ। ਪਰ ਇਸ ਗੱਲ ਦੀ ਜ਼ਰੂਰ ਤਸੱਲੀ ਸੀ ਕਿ 45 ਮਿੰਟਾਂ ਵਿਚ ਸਭ ਕੁਝ ਹੋ ਗਿਆ।



Sri Satguru Jagjit Singh Ji Elibrary NamdhariElibrary@gmail.com

ਇਸ ਉਗਰਾਹੀ ਵਿਚ ਦੇਸ਼ ਵਿਦੇਸ਼ ਦੇ ਬਹੁਤ ਸਾਰੇ ਸਿੱਖਾਂ ਹਿਸਾ ਪਾਇਆ।

ਬੜਾ ਤਕੜਾ ਪੰਡਾਲ੍ਹ ਵੀ ਅਜ ਦੀ ਹਾਜ਼ਰੀ ਸਾਹਵੇਂ ਛੋਟਾ ਸੀ। ਦੁਆਲੇ ਦੇ ਪਰਦੇ ਲਾਹ ਦਿਤੇ ਗਏ। ਦੁਨੀਆਂ ਫਿਰ ਵੀ ਅੰਤ ਬਹੁਤ ਜਾਪਦੀ ਸੀ। ਹਾਜ਼ਰੀ ਕੁਝ ਵੀ ਨ ਹੋਵੇ ਤਾਂ ਪੰਡਾਲ ਵਿਚ 15,000 ਤੋਂ 20,000 ਦੇ ਵਿਚਾਲੇ ਸੀ।

### ਬੈਂਕਾਕ ਤੋਂ ਆਏ

ਐਤਕਾਂ ਦੇ ਇਸ ਹੋਲੇ ਵਿਚ ਬੈਂਕਾਕ ਤੋਂ ਹੇਠ ਲਿਖੇ ਸਰੀਰ ਆਏ . 1. ਸੇਠ ਤਰਲੋਕ ਸਿੰਘ ਚਾਵਲਾ, 2. ਸੇਠ ਕਰਤਾਰ ਸਿੰਘ ਚਾਵਲਾ, 3. ਸ. ਅਜੀਤ ਸਿੰਘ ਸੇਠੀ, 4. ਸ. ਜਵੰਦ ਸਿੰਘ ਤੇ ਉਹਨਾਂ ਦਾ ਪਰਵਾਰ, 5. ਬੀਬੀ ਸੁਰਜੀਤ ਕੌਰ ਪ੍ਰਧਾਨ ਨਾਮਧਾਰੀ ਇਸਤਰੀ ਸੰਗਤ ਬੈਂਕਾਕ।

### ਯੂ. ਕੇ. ਵਿਚੋਂ ਆਏ

ਹੇਠ ਲਿਖੇ ਸਰੀਰਾਂ ਨੇ ਯੂ.ਕੇ. ਵਿਚੋਂ ਇਸ ਹੋਲੇ ਵਿਚ ਸ਼ਰਕਤ ਕੀਤੀ 1. ਸ. ਪ੍ਰੀਤਮ ਸਿੰਘ ਰੀਹਲ ਪ੍ਰਧਾਨ ਨਾਮਧਾਰੀ ਸੰਗਤ. 2. ਸੰਤ ਏਕਮ ਸਿੰਘ ਪ੍ਰਧਾਨ ਹੋਲਾ ਕਮੇਟੀ ਬਰਮਿੰਘਮ, 3. ਸੰਤ ਤਾਰਾ ਸਿੰਘ ਬਰਮਿੰਘਮ, 4. ਬੀਬੀ ਧਿਆਨ ਕੌਰ ਸਲੋਹ, 5. ਬੀਬੀ ਚਰਨ ਕੌਰ, 6. ਸੰਤ ਵਾਸਦੇਵ ਸਿੰਘ ਵੁਲਵਰਹੈਂਪਟਨ, 7. ਸੰਤ ਭਗਤ ਸਿੰਘ ਲੀਡਜ਼, 8. ਸੰਤ ਤਰਲੋਚਨ ਸਿੰਘ ਈਸਟਹੈਮ, 9. ਬੀਬੀ ਕਰਤਾਰ ਕੌਰ, 10. ਸੰਤ ਨਿਰੰਜਨ ਸਿੰਘ ਆਦਿ।

### ਹੋਲਾ ਦੋਹਾਂ ਨਗਰਾਂ ਦਾ

10 ਵਜੇ ਤਕ ਹੋਲੇ ਦੀ ਅੰਤਮ ਅਰਦਾਸ ਸੰਤ ਮਹਿੰਦਰ ਸਿੰਘ ਪੁਰਬਾ ਨੇ ਕੀਤੀ। ਇਸ ਤੋਂ ਪਤਾ ਲਗਾ ਕਿ ਇਸ ਹੋਲੇ ਦੇ ਪ੍ਰਬੰਧ ਅਤੇ ਖਰਚਿਆਂ ਵਿਚ ਅੰਮ੍ਰਿਤਸਰ ਕਲਾਂ ਤੇ ਖੁਰਦ ਅਤੇ ਪ੍ਰਤਾਪ ਨਗਰ, ਬੁੱਢੀਮਾੜੀ ਆਦਿ ਪਿੰਡਾਂ ਨੇ ਸਾਥ ਦਿਤਾ।

ਅਰਦਾਸ ਤੋਂ ਪਹਿਲਾਂ ਹੋਲੇ ਦੇ ਮੁਖੀਆਂ ਸੰਤਾਂ ਮਹੰਤਾਂ ਨੇ, ਜਿਵੇਂ ਸੰਤ ਗੋਪਾਲ ਸਿੰਘ ਜੀ ਦੀ ਅਗਵਾਈ ਵਿਚ ਫਲ, ਬਸਤਰ, ਮਾਇਆ ਆਦਿ ਗੁਰੂ ਚਰਨਾਂ ਵਿਚ ਰਖਕੇ ਸਨਮੁਖ ਖਿਮਾ ਯਾਚਨਾ ਕੀਤੀ ਕਿ ਜੇ ਸਤਿਗੁਰੂ ਜੀ ਵਾਸਤੇ ਜਾਂ ਸਾਧ ਸੰਗਤ ਲਈ ਕਿਸੇ ਤਰਾਂ ਦਾ ਮੁਨਾਸਬ ਪ੍ਰਬੰਧ ਨ ਹੋ ਸਕਿਆ ਹੋਵੇ ਜਾਂ ਪ੍ਰਬੰਧ ਲੜਖੜਾ ਗਿਆ ਹੋਵੇ ਤਾਂ ਮਾਫ ਕੀਤਾ ਜਾਵੇ। ਸਤਿਗੁਰੂ ਜੀ ਨੇ ਸਭ ਵਲ ਕ੍ਰਿਪਾ ਦ੍ਰਿਸ਼ਟੀ ਕਰਕੇ ਮੁਸਕਾ ਕੇ ਆਖਿਆ : ਤੁਸਾਂ ਜੋ ਕੀਤਾ ਹੈ, ਚੰਗਾ ਹੀ ਕੀਤਾ ਹੈ ਭਲਾ ਹੀ ਕੀਤਾ ਜੇ, ਏਨੀ ਸੰਗਤ ਨੂੰ ਦਰਸ਼ਨ ਕਰਵਾਏ ਨੇ।

### ਵਿਆਹੇ ਜੋੜੇ ਗੁਰੂ ਚਰਨਾਂ ਵਿਚ

ਉਪ੍ਰੋਕਤ ਵਿਆਹੇ ਹੋਏ ਜੋੜੇ ਸਭ ਤੋਂ ਪਹਿਲੇ ਕੜਾਹ ਪ੍ਰਸ਼ਾਦ ਲੈਕੇ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਹਿਤ ਆਏ। ਸਤਿਗੁਰੂ ਜੀ ਨੇ ਸਭ ਨੂੰ ਦਾਜ ਦਹੇਜ ਵਲੋਂ ਬਚਕੇ ਏ ਰਸਮ ਛਡਣ ਦਾ ਉਪਦੇਸ਼ ਕੀਤਾ।



Sri Satguru Jagjit Singh Ji Elibrary NamdhariElibrary@gmail.com

### ਚਲੋ ਚਲੀ

ਹੋਲੇ ਮੇਲੇ ਦੀ ਸਮਾਪਤੀ ਹੋ ਚੁਕੀ ਸੀ। ਹਰ ਕਿਸੇ ਨੂੰ ਕਾਹਲੀਆਂ ਪੈ ਗਈਆਂ। ਲੰਗਰ ਤਿਆਰ ਸੀ। ਤੇਜ਼ੀ ਨਾਲ ਛਕ ਛਕਾ ਕਾਰਾਂ, ਟ੍ਰਕਾਂ, ਟਰੈਕਟਰ, ਟਰਾਲੀਆਂ, ਬਸਾਂ, ਮੋਟਰਾਂ ਤੇ ਸਾਧ ਸੰਗਤ ਘਰਾਂ ਵਲ ਨੂੰ ਧਾਈਆਂ ਕਰ ਗਈ।

12 ਵਜੇ ਮੈਂ ਪਿੰਡ ਵਿਚ ਫੇਰਾ ਮਾਰਨ ਨਿਕਲਿਆ। ਕੋਈ ਵਿਰਲਾ ਟਾਵਾਂ ਹੀ ਮੇਲੇ ਦਾ ਦਰਸ਼ਕ ਨਜ਼ਰ ਪਿਆ। ਹੋਰ ਥੋੜੇ ਬਹੁਤ ਪਿੰਡ ਵਾਲੇ ਹੀ ਏਥੇ ਹੋਣਗੇ।

### ਸੇਵਾ ਦਾ ਕੁੰਭ

ਅਸਲ ਵਿਚ ਮੇਲੇ ਹੋਲੇ ਕਦੇ ਵੀ ਨ ਹੋ ਸਕਣ ਜੇ ਇਹਨਾਂ ਦਾ ਪ੍ਰਬੰਧ ਨ ਹੋ ਸਕੇ। ਵੀਹ ਹਜ਼ਾਰ ਲੋਕਾਂ ਦਾ ਇਕੱਠ ਤੇ ਪ੍ਰਬੰਧ ਕਰਨਾ ਖਾਲਾ ਜੀ ਦਾ ਵਾੜਾ ਨਹੀਂ। ਇਸ ਵਿਚ ਅਨੇਕਾਂ ਸਿਖ ਸਿਖਣੀਆਂ ਦਾ ਸਹਿਯੋਗ ਵੀ ਸਹਾਇਕ ਹੈ। ਲਕੜ ਬਾਲਣ ਇਕੱਠਾ ਕਰਨਾ, ਲਿਆਉਣਾ, ਲੰਗਰ ਤਿਆਰ ਕਰਨਾ, ਰਸਤ ਬਸਤ ਦਾ ਪ੍ਰਬੰਧ ਕਰਨਾ, ਡੇਰੇ ਲਗਾਣੇ, ਪਹਿਰਾ ਰਖਣਾ, ਦੀਵਾਨ ਦੀ ਮਰਿਆਦਾ ਬਣਾਈ ਰਖਣੀ। ਜੋੜਿਆਂ ਅਤੇ ਸਵਾਰੀਆਂ ਦਾ ਪ੍ਰਬੰਧ ਕਰਨਾ, ਫੋਟੋ, ਵੀਡੀਓ, ਮੂਵੀ ਨਾਲ ਵਾਕਿਆਤ ਨੂੰ ਸੰਭਾਲਣਾ; ਇਹ ਐਸੇ ਕਾਰਜ ਹਨ ਜਿਨ੍ਹਾਂ ਵਿਚ ਹਰ ਪਰਵਾਰ ਦੇ ਲੋਕਾਂ ਦਾ ਸਹਿਯੋਗ ਮਿਲੇ, ਤਾਂ ਹੀ ਗੱਲ ਬਣਦੀ ਹੈ।

ਮੈਨੂੰ ਜੋੜਿਆਂ ਦੀ ਸੇਵਾ ਕਰਨ ਵਾਲੇ ਸਦਾ ਹੀ ਚੰਗੇ ਲਗਦੇ ਹਨ। ਇਸ ਵਾਰ ਇਹ ਸੇਵਾ ਗੁਰੂ ਹਰੀ ਸਿੰਘ ਮਹਾ ਵਿਦਿਆਲਾ ਦੇ ਮੁਖ ਅਧਿਆਪਕ ਮਾ: ਇਕਬਾਲ ਸਿੰਘ ਅਤੇ ਸਕੂਲ ਦੇ ਵਿਦਿਆਰਥੀਆਂ ਨੇ ਨੇਪਰੇ ਚੜ੍ਹਾਈ। ਬੀਬੀਆਂ ਲਈ ਜੋੜਿਆਂ ਦਾ ਵਖਰਾ ਪ੍ਰਬੰਧ ਸੀ। ਏਥੇ ਵਿਦਿਆਰਥਣਾਂ ਵੀ ਸੇਵਾ ਕਰ ਰਹੀਆਂ ਸਨ।

ਨਕੋੜੇ ਦੇ ਸ. ਕੁਲਦੀਪ ਸਿੰਘ, ਸੰਤ ਟਹਿਲ ਸਿੰਘ ਅਤੇ ਪੌਣੀ ਦਰਜਨ ਜਵਾਨ ਸਾਈਕਲਾਂ, ਮੋਟਰ ਸਾਈਕਲਾਂ, ਮੋਪਿਡਾਂ, ਸਕੂਟਰਾਂ ਆਦਿ ਦੀ ਸੰਭਾਲ ਤੇ ਤਾਈਨਾਤ ਸਨ।

### ਮਸਤਾਨ ਗੜ੍ਹ ਵਿਖੇ

ਸੰਤ ਦਿਆਲ ਸਿੰਘ ਨਾਲ ਮੇਰਾ ਮੇਲ ਸੰਜੋਗੀ ਹੋ ਗਿਆ। ਉਨ੍ਹਾਂ ਨਾਲ ਮੈਨੂੰ ਮਸਤਾਨ ਗੜ੍ਹ ਦੀ ਸਵਾਰੀ ਮਿਲ ਗਈ ਸੀ। ਅਸੀਂ 12.45 ਵਜੇ ਮਸਤਾਨ ਗੜ੍ਹ ਪੁਜੇ।

ਸ੍ਰੀ ਸਤਿਗੁਰੂ ਜੀ ਆਰਾਮ ਫਰਮਾ ਰਹੇ ਸਨ। ਸਕੱਤਰ ਤਰਸੇਮ ਸਿੰਘ ਏਥੇ ਪੁਜੇ ਸਿੰਘਾਂ ਨਾਲ ਬਿਹਾਰ ਬਾਰ ਬਾਰੇ ਗੱਲ ਬਾਤ ਵਿਚ ਰੁਝਿਆ ਹੋਇਆ ਸੀ। ਗੱਡੀਆਂ ਤਿਆਰ ਖੜੀਆਂ ਸਨ। ਸਤਿਗੁਰੂ ਜੀ ਨੇ ਉਠਦਿਆਂ ਹੀ ਕਿਸੇ ਪਿੰਡ ਚਰਨ ਪਾਉਣ ਜਾਣਾ ਹੈ।

ਉਸ ਵੇਲੇ ਮੈਂ ਸੰਤ ਨਗਰ ਪਹੁੰਚ ਚੁਕਾ ਸਾਂ, ਜਦੋਂ 2.30 ਵਜੇ ਸਪੀਕਰ ਤੋਂ ਐਲਾਨ ਸੁਣਿਆਂ ਕਿ ਸੱਚੇ ਪਾਤਸ਼ਾਹ ਜੀ ਸੰਤ ਤਾਰਾ ਸਿੰਘ ਦੇ ਘਰ ਉਨ੍ਹਾਂ ਦੀ ਸੁਪਤਨੀ, ਬੀਬੀ ਈਸ਼ਰ ਕੌਰ ਨਮਿਤ ਭੋਗ ਦੇ ਸਮੇਂ ਦਰਸ਼ਨ ਦੇਣ ਦੀ ਕਿਰਪਾ ਕਰ ਰਹੇ ਹਨ। ਸਾਧ ਸੰਗਤ ਹੁੰਮ ਹੁੰਮਾ ਕੇ ਦਰਸ਼ਨ ਦੇਵੇ। ਨਾਮ ਸਿਮਰਨ ਵੀ ਸੰਤ ਤਾਰਾ ਸਿੰਘ ਘਰ ਹੋਵੇਗਾ।



Sri Satguru Jagjit Singh Ji Elibrary NamdhariElibrary@gmail.com

1 ਅਪਰੈਲ 1983, ਸ਼ੁਕਰਵਾਰ
ਸਫ਼ਰ ਦਿਹਾੜਾ

**ਅਸੋਚੇ ਦਰਸ਼ਨ**

ਸੰਤ ਨਗਰ, ਖਾਲਸਾ ਗ੍ਰਿਹਿ ਵਿਖੇ, ਆਸਾ ਦੀ ਵਾਰ ਦੀਆਂ ਧੁਨਾਂ ਨੇ ਮੇਰੀ ਨੀਂਦ ਖੋਲ੍ਹੀ। ਪ੍ਰਤੀਤ ਹੁੰਦਾ ਸੀ ਜਿਵੇਂ ਸਤਿਗੁਰੂ ਜੀ ਆਸਾ ਦੀ ਵਾਰ ਸਮੇ ਦਰਸ਼ਨ ਦੇ ਰਹੇ ਹੋਣ। ਪਰ ਮੈਂ ਤਾਂ ਸਵੇਰੇ ਸਵੇਰੇ ਬਸ ਫੜਨੀ ਸੀ ਫੀਰੋਜ਼ਪੁਰ ਜਾਣ ਲਈ।

ਸੰਤ ਨਗਰ ਬਸ ਸਟੈਂਡ ਤੇ ਖਲੋਤਾ 7 ਵਜੇ ਬਸ ਉਡੀਕ ਰਿਹਾ ਸਾਂ ਕਿ ਚਿੱਟੀ ਝੰਡੀ ਵਾਲੀ ਕਾਰ ਜਿਵੇਂ ਸੜਕ ਤੇ ਤਰਦੀ ਆ ਗਈ। ਸ੍ਰੀ ਸਤਿਗੁਰੂ ਜੀ ਨੇ ਗੱਡੀ ਵਿਚ ਜਾਂਦਿਆਂ ਹੀ ਮੇਰੇ ਅਭਿਵਾਦਨ ਦਾ ਜਵਾਬ, ਹੱਥ ਜੋੜ, ਮੁਸਕਾਨਾਂ ਬਖੇਰਦਿਆਂ ਦਿਤਾ। ਮੈਂ ਤਾਂ ਅੰਦਰ ਦੀਆਂ ਤਾਰਾਂ ਨਾਲ ਹੀ ਆਗਿਆ ਲੈ ਤੁਰਿਆ ਸਾਂ ਪਰ ਇਨ੍ਹਾਂ ਅਸੋਚੇ ਦਰਸ਼ਨਾਂ ਨੇ ਮੇਰੇ ਲਈ ਸੁਖਦ ਘੜੀਆਂ ਦੇ ਦਰਵਾਜ਼ੇ ਖੋਲ੍ਹ ਦਿਤੇ। ਬਹੁਤ ਅੱਛਾ ਸ਼ਗਨ ਹੋਇਆ।

**ਗੁਰਬਚਨ ਸਿੰਘ ਪਟਿਆਲਾ**

ਬੱਸ ਦੀ ਉਡੀਕ ਵਿਚ ਹੀ, ਇਕ ਸੰਤ ਗੁਰਬਚਨ ਸਿੰਘ ਪਟਿਆਲਾ ਵਾਲੇ ਮਿਲ ਪਏ। ਇਹ ਸੱਜਣ ਮੇਰੇ ਪਾਕਿਸਤਾਨੀ ਪਿੰਡ ਝਬਰਕੇ (ਲਾਹੌਰ) ਦੇ ਸੁਨਿਆਰੇ ਸਿੰਘ ਬਾਬਾ ਗੰਡਾ ਸਿੰਘ ਡੈਂਟੀ ਸਾਹਿਬ ਦਾ ਭਣੇਵਾਂ ਸੀ। ਪਟਿਆਲੇ ਦੀ ਪੈਪਸੂ ਰੋਡਵੇਜ਼ ਦਾ ਸਾਊ ਡਰਾਈਵਰ। ਕਰਪਾਲੂ ਅਤੇ ਕਿਰਤੀ ਸਿੱਖ ਸਤਿਗੁਰਾਂ ਤੋਂ ਵਾਰੇ ਸਦਕੇ ਜਾ ਰਿਹਾ ਸੀ। ਜਿਨ੍ਹਾਂ ਦੀ ਕਿਰਪਾ ਨਾਲ ਆਪਣੇ ਪਰਵਾਰ ਵਿਚ ਹਰ ਤਰਾਂ ਖੁਸ਼ੀ ਸੀ। ਲੜਕੀਆਂ ਲੜਕੇ ਨਾਮਧਾਰੀਆਂ ਵਲ ਵਿਆਹੇ ਹੋਏ ਸਨ। ਆਪਣੇ ਪਿੰਡ ਦੇ ਸੰਤ ਗੰਡਾ ਸਿੰਘ ਨੂੰ ਯਾਦ ਕਰ ਤੇ ਇਸ ਨੂੰ ਵੇਖ, ਫਿਰ ਇਸਦੇ ਕੁੜਮ ਮਾ: ਕਪੂਰ ਸਿੰਘ ਨੂੰ ਜਾਣ ਕੇ ਸਿਖ ਇਤਿਹਾਸ ਦੀ ਇਹ ਕਹਾਵਤ ਝੂਠੀ ਲਗੀ ਕਿ ਰਿਉੜੀ ਪ੍ਰਸਾਦ ਨਹੀ ਅਤੇ ਸੁਨਿਆਰਾ ਸਿਖ ਨਹੀਂ। ਸਤਿਗੁਰੂ ਰਾਮ ਸਿੰਘ ਨੇ ਜਿਨ੍ਹਾਂ ਨੂੰ ਪਾਹੁਲ ਦਿਤੀ, ਉਹ ਸੁਨਿਆਰੇ, ਸੁਨਿਆਰੇ ਨਹੀਂ ਰਹੇ, ਦੇਵਤੇ ਹੋ ਗਏ। ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇ ਦੇ ਸੁਨਿਆਰੇ ਸਿਖ ਵੀ ਜਿਉਂ ਕੇ ਤਿਉਂ ਸਿਖੀ ਭਾਵਨਾ ਵਿਚ ਭਰਪੂਰ ਹਨ।

**ਬਹਾਨੇ ਬੱਸ ਦੇ**

ਬੱਸ ਤਾਂ 7.30 ਵਜੇ ਤਕ ਵੀ ਨਾ ਆਈ। ਸਬੱਬ ਨਾਲ ਗੁਰੂ ਕੇ ਪਿਆਰੇ ਅਵਤਾਰ ਸਿੰਘ ਘੁੰਮਣ ਅਤੇ ਹਰਪਾਲ ਸਿੰਘ ([illegible]) ਮੋਟਰ ਸਾਈਕਲ ਤੇ ਆ ਰਹੇ ਸਨ ਕਿ ਮੈਨੂੰ ਰੋਕ ਕੇ, ਜੀਵਨ ਨਗਰ ਬੱਸ ਸਟਾਪ ਤੇ ਛੱਡ ਗਏ। ਬੱਸ ਮਿਲੀ ਤਾਂ ਇਸ ਵਿਚ 8-10 ਸਰੀਰ ਬਟਾਲੇ ਜਾਣ ਵਾਲੇ ਸਵਾਰ ਹੋਏ। ਗੱਲਾਂ ਕਰਦਿਆਂ ਪਤਾ ਲਗਾ ਕਿ ਬਟਾਲੇ ਜਾਣ ਦਾ 30/–, 30/– ਕਰਾਇਆ ਹੈ। ਮੈਂ ਕਿਹਾ: ਇਹ ਤਾਂ ਭਾਈ ਜ਼ਬਰਦਸਤ ਕਰਾਇਆ ਹੈ, ਬਟਾਲੇ ਦਾ ! ਇਹਨਾਂ ਚੋਂ ਬੁੱਧ ਸਿੰਘ ਨਾਮ ਦਾ ਸੱਜਣ ਬੋਲਿਆ: ਜੇ ਕਰਾਇਆਂ ਦੀ ਘਾਟ ਵਾਧ ਵੇਖੀਏ ਤਾਂ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਚਾਹ ਨਹੀ ਘਟੀ



Sri Satguru Jagjit Singh Ji Elibrary NamdhariElibrary@gmail.com

ਰਹਿੰਦੀ, ਉਹਦੇ ਭਾਗ ਅਜੇ ਜਾਗੇ ਨਹੀਂ— ਜਿਨ੍ਹ ਕਰਾਇਆ ਰੜਕਦਾ ਹੋਵੇ।

ਸਿਖਾਂ ਦੀ ਭਾਵਨਾ ਦੇਖ ਮੇਰੀ ਸੁਰਤ ਵੀ ਪ੍ਰਸੰਨਤਾ ਵਿਚ ਤਾਰੀਆਂ ਲਾਉਣ ਲਗੀ।

**ਬਾਬਾ ਅਰਜਨ ਸਿੰਘ ਠੀਗ**

ਮੈਂ ਬੱਸ ਦੁਆਰਾ 1 ਵਜੇ ਦੁਪਹਿਰੇ ਫੀਰੋਜ਼ ਪੁਰ ਪਹੁੰਚ ਗਿਆ। ਏਥੋਂ ਮੋਗਾਂ ਵਾਲੇ ਕੋਲ ਦੀ ਲੰਘਦੀ ਅੰਮ੍ਰਿਤਸਰ ਨੂੰ ਜਾਂਦੀ ਬੱਸ ਤੇ ਸਵਾਰ ਹੋ, ਡੰਦੂ ਵਾਲੀ ਸਟਾਪ ਤੇ ਜਾ ਉਤਰਿਆ। ਪਿੰਡ ਨੂੰ ਲੰਘ ਕੇ ਕਿਸੇ ਵਾਹੀਵਾਨ ਨੂੰ ਬਾਬੇ ਅਰਜਨ ਸਿੰਘ ਦਾ ਪਤਾ ਪੁਛਿਆ। ਉਹ ਕਹਿਣ ਲਗਾ ਅਰਜਨ ਸਿੰਘ ਕੂਕੇ ਦੀ ਗੱਲ ਕਰਦਾ ਏ ? ਉਹਨੂੰ ਕੌਣ ਨਹੀਂ ਜਾਣਦਾ। ਉਹਦਾ ਅਹੁ ਪਿੰਡ ਈ ਠੱਠੀ ਵਾਲਾ, ਤੂੰ ਸ਼ਹਿਰ ਵਿਚ ਕਿਸੇ ਨੂੰ ਵੀ ਪੁਛ ਲੈਂਦਾ, ਉਹਨੂੰ ਹਰ ਕੋਈ ਜਾਣਦਾ ਹੈ।

ਸੋਹਣੇ, ਲਹਿਰਦੇ, ਤਾਂਬੇ ਰੰਗੇ ਕਣਕ ਦੇ ਖੇਤਾਂ ਵਿਚਦੀ ਕੱਚੇ ਰਾਹ ਤੇ ਸਫਰ ਕਰਦਿਆਂ, ਇਕ ਹੋਰ ਜਣੇ ਨੂੰ ਪੁਛਿਆ ਤਾਂ ਕਹਿਣ ਲਗਾ: ਅਰਜਨ ਸਿੰਘ ਕੂਕੇ ਕੋਲ ਜਾਣਾ ਈ, ਤਾਂ ਪਹਿਲਾ ਸਾਡੇ ਪਾਸੋਂ ਚਾਹ ਪਾਣੀ ਪੀ ਲੈ। ਨੇੜੇ ਈ ਪਿੰਡ ਹੈ, ਚਲਾ ਜਾਵੇਂਗਾ।

ਰੱਬ ਕੀ ਹਰ ਕੋਈ ਉਹਨੂੰ ਜਾਣਦਾ ਸੀ ਅਤੇ ਉਹਦੀਆਂ ਚੰਗੀਆਂ ਗੱਲਾਂ ਕਰਦਾ ਸੀ। ਪਰ ਜਾਂ ਮੈਂ ਪਿੰਡ ਠੱਠੀ ਵਾਲ ਪੁੱਜਾ ਤਾਂ ਇਕ ਪੀਲੀ ਬਿੰਦੀ ਵਾਲੀ ਪੱਗ ਤੇ ਗਲੇ ਵਿਚ ਛੋਟੀ ਕਿਰਪਾਨ ਵਾਲੇ ਪਾਣੀ ਲਾਉਂਦੇ ਸਿੰਘ ਨੂੰ ਪੁਛਿਆ: ਇਹ ਰਾਹ ਸਿੱਧਾ ਕਿਉਂ ਨਹੀਂ, ਬੜਾ ਵਲ ਪਾਕੇ ਆਇਐ ? ਬਜ਼ੁਰਗ ਤੁਰਤ ਬੋਲਿਆ: ਇਹ ਨਾਮਧਾਰੀਏ ਅਰਜਨ ਸਿੰਘ ਦੀ ਕਰਪਾ ਈ। ਜਦੋਂ ਮੁਰੱਬੇਬੰਦੀ ਹੋਈ, ਉਹਨੇ ਜ਼ੋਰ ਨਹੀਂ ਲਾਇਆ।

ਦੂਰ ਦੂਰ ਦੇ ਖੁਲ੍ਹੇ ਕਣਕ ਦੇ ਖੇਤਾਂ ਵਿਚ ਵੱਸਿਆ ਪਿੰਡ ਠੱਠੀ ਵਾਲਾ ਅਤੇ ਇਸ ਵਿਚ ਕੱਚੇ ਕੋਠਿਆਂ ਵਾਲੇ ਘਰ ਵਿਚ ਬਾਬਾ ਅਰਜਨ ਸਿੰਘ (89) ਮੰਜੇ ਤੇ ਪਿਆ ਸੀ। ਉਹਦੇ ਘਰੋਂ ਬੀਬੀ ਲਾਭ ਕੌਰ ਵੀ ਚੁਲ੍ਹੇ ਕੋਲ ਮੰਜਾ ਡਾਹੀ ਪਈ ਸੀ। ਮੈਂ ਦੂਰ ਦੇ ਕਮਰੇ ਵਿਚ ਵੇਖਿਆ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਦੂਜੇ ਸਤਿਗੁਰਾਂ ਦੀਆਂ ਤਸਵੀਰਾਂ ਕੰਧ ਨਾਲ ਲਗੀਆਂ ਵੇਖ, ਚੁਪ ਕਰਕੇ ਅੰਦਰ ਜਾ ਵੜਿਆ। ਹੌਲੀ ਹੌਲੀ ਘਰ ਵਾਲੇ ਜਾਗੇ।

ਬਾਬਾ ਅਰਜਨ ਸਿੰਘ ਨੂੰ ਵਾਹਵਾ ਘੱਟ ਸੁਣਦਾ ਸੀ। ਅੱਖਾਂ ਦੀ ਲੋਅ ਵੀ ਪੂਰੀ ਨਹੀਂ ਸੀ। ਮੇਰੇ ਬਾਰੇ ਜਾਣ ਕੇ ਬਾਬਾ ਬਹੁਤ ਖੁਸ਼ ਹੋਇਆ। ਪਰਵਾਰਕ ਸੁਖ ਅਨੰਦ ਜਾਣ ਕੇ ਕਹਿਣ ਲਗਾ:

ਮੈਂ 1911-12 ਵਿਚ ਨਾਮਧਾਰੀਆਂ ਦਾ ਤਕੜਾ ਵਿਰੋਧੀ ਸਾਂ। ਪੰਜਾ ਸਿੰਘ ਸਭੀਆ ਅਤੇ ਮੂਲਾ ਸਿੰਘ – ਇੰਦ੍ਰ ਸਿੰਘ ਹੁਰਾਂ ਦਾ ਕੂਹਣਾ ਬੇਲੀ। ਮੇਰਾ ਯਾਰ ਮੰਗਲ ਸਿੰਘ ਜਮਸ਼ੇਰੀਆ (ਜ਼ਿ: ਲਾਹੌਰ) ਵੀ ਪਹਿਲਾਂ ਸਿੰਘ ਸਭੀਆ ਸੀ। ਦੇਵਾ ਸਿੰਘ ਜੈਮਲ ਸਿੰਘ ਦੇ ਪੁੱਤਰ ਮੰਗਲ ਸਿੰਘ ਨੂੰ ਪਰੇਰ ਲਿਆ ਅਤੇ ਨਾਮਧਾਰੀਆ ਬਣਾ ਲਿਆ। ਮੰਗਲ ਸਿੰਘ ਨੇ ਮੇਰੇ ਤੇ ਆ ਡੋਰੇ ਪਾਏ। ਮੈਂ ਸਿੰਘ ਸਭੀਆਂ ਦੇ ਤਿੰਨ ਕੁ ਮੇਲੇ ਵੀ ਕਰਵਾਏ ਸਨ ਜਿਨ੍ਹਾਂ ਵਿਚ ਪ੍ਰੋ: ਗੰਗਾ ਸਿੰਘ ਤੇ ਗੁਰਮੁਖ ਸਿੰਘ ਵੀ ਆਉਂਦੇ ਰਹੇ। ਬੜੇ ਚੰਗੇ ਲੈਕਚਰਾਰ ਸਨ ਪਰ ਜਦੋਂ ਬੇਲੀਪਣ ਦਾ ਜ਼ੋਰ ਪਾਕੇ ਮੰਗਲ ਸਿੰਘ ਨੇ ਮੈਨੂੰ ਵੀ ਨਾਮਧਾਰੀ ਬਣਾ ਲਿਆ ਤਾਂ ਮੇਰੀਆਂ ਅੱਖਾਂ ਖੁਲ੍ਹੀਆਂ ਕਿ ਕੁੱਲ ਸਮਾਜ ਵਿਚ ਸਿੱਖੀ ਸਿੱਖੀ ਤਾਂ ਕੇਵਲ ਨਾਮਧਾਰੀਆਂ ਪਾਸ



Sri Satguru Jagjit Singh Ji Elibrary NamdhariElibrary@gmail.com

ਹੀ ਹੈ।........ 'ਆਗਿਆ ਭਈ ਅਕਾਲ ਕੀ .....' ਵਾਲੇ ਦੋਹਰੇ ਬਾਬਤ ਮੂਲ ਸਿੰਘ ਦੱਸਿਆ ਕਰਦਾ ਸੀ ਕਿ ਇਹ ਦਿੱਤ ਸਿੰਘ ਦੀ ਰਚਨਾ ਹੈ। ਉਹ ਅੰਗਰੇਜ਼ਾਂ ਦਾ ਬੇਲੀ ਸੀ। ਮੂਲ ਸਿੰਘ ਗੁਰਮੁਖੀਆ ਆਹਦਾ ਹੁੰਦਾ ਸੀ ਮੈਂ ਦਿੱਤ ਸਿੰਘ ਦਾ ਬਣਾਇਆ ਹੋਇਆ ਦੋਹਰਾ ਨਹੀਂ ਪੜ੍ਹਨਾ। ਉਸਨੇ ਇਕ ਵਾਰ ਭਾਈਕੋਟ (ਲਾਹੌਰ) ਦੀਵਾਨ ਵਿਚ ਵੀ ਇਹੋ ਗੱਲ ਕਹੀ।

ਅੱਜ ਵੀ ਬਾਬਾ ਅਰਜਨ ਸਿੰਘ, ਸਿੰਘ ਸਭੀਆਂ ਦੇ ਏਨਾ ਖ਼ਿਲਾਫ਼ ਹੈ ਕਿ ਤੁਰਤ ਗਰਮ ਹੋ ਜਾਂਦਾ ਹੈ। ਕਹਿੰਦਾ ਹੈ: ਇਹ ਅੰਗਰੇਜ਼ਾਂ ਦੇ ਯਾਰ ਅਤੇ ਸਿੱਖੀ ਦੇ ਦੁਸ਼ਮਣ ਹਨ।

ਬਾਬਾ, ਪਿਛਲੇ ਸਾਲ, ਇਕ ਵਾਰ ਮਰਨੇ ਪੈ ਗਿਆ ਅਤੇ ਇਸ ਵੱਡੇ ਕਬੀਲਦਾਰ ਦੇ ਸਾਰੇ ਸਾਕ ਸੰਬੰਧੀ ਆਣ ਜੁੜੇ। ਪਰ ਇਸਨੇ ਮਰਦਿਆਂ-ਮਰਦਿਆਂ ਮੁੜ ਜੀਵਨ ਪਾ ਲਿਆ। ਦਸ ਦਿਨ ਘਰ ਵਿਚ ਮੇਲਾ ਲਗਾ ਰਿਹਾ। 4000/- ਇਸਨੇ ਧੀਆਂ ਭੈਣਾਂ ਤੇ ਗਰੀਬ ਗੁਰਬੇ ਵਿਚ ਵੰਡਿਆ।

ਬਾਬੇ ਨੇ ਦੱਸਿਆ ਕਿ ਉਸਦੇ ਘਰ ਦੇ ਜੀਅ ਪੂਰੇ 40 ਹਨ। 7 ਪੁੱਤਰ ਤੇ 6 ਧੀਆਂ ਹਨ। ਖੁਸ਼ੀ ਦੀ ਗੱਲ ਹੈ ਕਿ ਪੁੱਤਰ ਧੀਆਂ ਸਾਰੇ ਹੀ ਨਾਮਧਾਰੀ ਹਨ। ਗੁਰੂ ਕੇ ਲੰਗਰ ਨੂੰ ਸਾਰੇ ਹੀ ਚਾਹ ਨਾਲ ਉਗਰਾਹੀ ਦਿੰਦੇ ਹਨ।

ਬਾਬਾ ਅਰਜਨ ਸਿੰਘ ਪਰਵਾਰ ਨਾਲ ਸਮਾਂ ਲੰਘਦਿਆਂ ਪਤਾ ਨ ਲਗਾ, ਰਾਤ ਬਾਬਾ ਜੀ ਪਾਸ ਹੀ ਬਿਤਾਈ।

### 2 ਅਪਰੈਲ 1983, ਸ਼ਨੀਵਾਰ
### ਫੀਰੋਜ਼ਪੁਰ — ਦਿੱਲੀ

**ਪੁਰਾਤਨ ਜਨਮ ਸਾਖੀ**

ਬਾਬਾ ਅਰਜਨ ਸਿੰਘ ਭਾਵੇਂ 89 ਸਾਲ ਦਾ ਸੀ ਪਰ ਉਹਦੀ ਚੇਤਨਾ, ਉਤਸਾਹ ਅਤੇ ਹਿੰਮਤ ਅਜਿਹੇ ਸਨ ਕਿ ਉਹ ਮੈਨੂੰ ਇਕ ਹਥ ਲਿਖਤ ਜਨਮ ਸਾਖੀ ਜਿਸ ਵਿਚ ਪੁਰਾਣੇ ਕਲਮੀ ਚਿੱਤਰ ਵੀ ਸਨ, ਵਿਖਾਣ ਲਈ ਮੇਰੇ (73) ਵਾਂਗ ਹੀ ਆਪਣੇ ਪੋਤਰਿਆਂ ਦੇ ਸਾਈਕਲ ਪਿਛੇ ਬੈਠ, ਸ. ਕੰਧਾਰਾ ਸਿੰਘ ਰਈਸ ਫੀਰੋਜ਼ਪੁਰ ਦੀ ਕੋਠੀ, ਰੇਲਵੇ ਪੁਲ ਦੇ ਨੇੜੇ, ਆਣ ਉਤਰਿਆ। ਅਸਾਂ ਦੋਹਾਂ ਨੇ ਸ. ਗੁਰਬਚਨ ਸਿੰਘ ਦੇ ਲੜਕਿਆਂ ਦੇ ਸਾਈਕਲ ਤੇ, ਪਿਛੇ ਬੈਠਕੇ, 6 ਕਿਲੋਮੀਟਰ ਸਫ਼ਰ ਕੀਤਾ।

ਸਬੱਬ ਨਾਲ ਸ. ਕੰਧਾਰਾ ਸਿੰਘ ਨਕਸੀਰ ਫੁਟਣ ਦੇ ਕਾਰਨ, ਉਠਣੋਂ ਬਹਿਣੋਂ ਲਾਚਾਰ, ਮੰਜੇ ਤੇ ਪਿਆ ਸੀ ਅਤੇ ਉਸ ਵਿਚਾਰੇ ਕੋਲ ਇਸ ਵੇਲੇ ਸੁਪਤਨੀ ਵੀ ਨਹੀਂ ਸੀ। ਉਹ ਪੁਰਾਤਨ ਜਨਮ ਸਾਖੀ ਵੇਖਣੀ ਨ ਨਸੀਬ ਹੋਣੀ ਜਿਸਦਾ ਮਾਲਿਕ ਤਾਂ ਬਾਬਾ ਅਰਜਨ ਸਿੰਘ ਠੀਕ ਹੀ ਸੀ ਜੁ ਸਰਦਾਰ ਜੀ ਨੇ ਪਾਠ ਕਰਨ ਹਿਤ ਲਿਆਂਦੀ ਹੋਈ ਸੀ।

ਇਸ, ਅਣਦੇਖੀ, ਪੁਰਾਤਨ ਜਨਮ ਸਾਖੀ ਦੀ ਮਹਾਨਤਾ ਇਹ ਹੈ ਕਿ ਇਸ ਵਿਚ ਪੂਰੀ ਪੂਰੀ ਅਜਿਤੇ ਰੰਧਾਵੇ ਦੀ ਗੋਸਟ ਹੈ। ਅਜਿਤੇ ਰੰਧਾਵੇ ਨਾਲ ਬਚਨ ਕਰਦਿਆਂ ਗੁਰੂ



Sri Satguru Jagjit Singh Ji Elibrary NamdhariElibrary@gmail.com

ਨਾਨਕ ਦੇਵ ਜੀ ਨੇ ਕਈ ਐਸੇ ਭਵਿਖਤ ਵਾਕ ਕੀਤੇ ਹਨ, ਜਿਨ੍ਹਾਂ ਚੋਂ ਸਤਿਗੁਰੂ ਰਾਮ ਸਿੰਘ ਜੀ ਬਾਰੇ ਕੁਝ ਸੂਤਰ ਮਿਲਦੇ ਹਨ। ਮੈਂ ਉਹ ਜਨਮਸਾਖੀ ਦੇਖਣ ਦਾ ਮੁਸਤਾਕ ਸਾਂ, ਪਰ ਗੱਲ ਨ ਬਣੀ।

### ਬਾਬੇ ਦਾ ਮਨੋ ਬਲ

ਬਾਬਾ ਅਰਜਨ ਸਿੰਘ ਮਨੋ ਬਲ ਵਲੋਂ ਏਨਾ ਤਿਆਰ ਬਰ ਤਿਆਰ ਸੀ ਕਿ ਮੈਨੂੰ ਕਹਿਣ ਲਗਾ, ਪ੍ਰੀਤਮ ਸਿੰਘਾ ! ਮੈਂ ਰਾਜੌਰੀ ਗਾਰਡਨ ਆਪ ਜਨਮ ਸਾਖੀ ਲੈਕੇ ਆਵਾਂਗਾ। ਨਾਲੇ ਆਪਣੀ ਮੱਝ ਦੇ ਘਿਉ ਦਾ ਗੜਵਾ ਭਰਕੇ ਲਿਆਵਾਂਗਾ ਤੇ ਪਾਕਿਸਤਾਨੀ ਬਾਸਮਤੀ ਦੇ ਚੌਲ ਭੀ। ਫਿਰ ਦੋ ਦਿਨ ਕੱਠੇ ਰਹਿ ਕੇ ਤੜਕੇ ਲਾ ਲਾ ਕੇ ਤੇ ਭੁੰਨ ਭੁੰਨ ਖਾਵਾਂਗੇ।

(ਮਿਨੂੰ ਅਫਸੋਸ ਹੈ ਕਿ ਫਿਰ ਬਾਬੇ ਦੇ ਦਰਸ਼ਨ ਨਹੀ ਹੋਏ। ਹੁਣ ਮੈਂ 80 ਸਾਲ ਦਾ ਹੋ ਗਿਆ ਹਾਂ।)

### ਦਿੱਲੀ ਵਿਖੇ

ਅਤੇ 10 ਵਜੇ ਦੀ ਬੱਸ ਫੜਕੇ 1 ਵਜੇ ਲੁਧਿਆਣੇ ਅਤੇ 8.15 ਤਕ ਰਾਤੀ ਦਿੱਲੀ ਘਰ ਪੁੱਜ ਗਿਆ। ਜਾਂਦਿਆ ਨੂੰ ਦਾਮਾਦ ਸ. ਕੇਹਰ ਸਿੰਘ ਹਮਰਾਹੀ ਅਤੇ ਲੜਕੀ ਕੁਲਵੰਤ ਕੌਰ ਤੇ ਉਨ੍ਹਾਂ ਦੇ ਬੱਚੇ ਆਏ ਹੋਏ ਸਨ। ਸਤਿਗੁਰੂ ਜੀ ਵੀ ਕੱਲ ਦੇ ਦਿੱਲੀ ਵਿਖੇ ਦਰਸ਼ਨ ਦੇ ਰਹੇ ਸਨ।

ਅੱਜ ਆਸਾ ਦੀ ਵਾਰ ਸਵੇਰੇ ਸ. ਸੁਰਿੰਦਰ ਸਿੰਘ ਮੰਜੂਵਾਲੀ ਦੇ ਲਗੀ। ਅਤੇ ਸ਼ਾਮ ਦਾ ਦੀਵਾਨ ਰਮੇਸ਼ ਨਗਰ ਨਾਮਧਾਰੀ ਧਰਮਸਾਲਾ ਵਿਖੇ। ਮੇਰੇ ਹਿਸਾਬ ਵਿਚ ਸਤਿਗੁਰਾਂ ਦਿੱਲੀ ਵਿਖੇ 4.4.83 ਨੂੰ ਆਉਣਾ ਸੀ।

### ਪਹੁੰਚ ਸਤਿਗੁਰਾਂ ਦੀ

ਮੇਰੇ ਛੋਟੇ ਲੜਕੇ ਸੁਖਬੀਰ ਸਿੰਘ ਨੇ ਦੱਸਿਆ: ਉਦੋਂ ਮਾਤਾ ਚੰਦ ਕੌਰ ਜੀ, ਮਹਾਰਾਜ ਬੀਰ ਸਿੰਘ ਜੀ ਅਤੇ ਖਾਸੁਲਖਾਸ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਪਾਸ ਬੈਠੇ ਸਨ, ਜਦੋਂ ਮੈਂ ਜਾਕੇ ਨਮਸਕਾਰ ਕੀਤੀ, ਸਤਿਗੁਰੂ ਜੀ ਨੇ ਉਹਨਾਂ ਨੂੰ ਮੁਖਾਤਿਬ ਕਰਕੇ ਕਿਹਾ: ਅਸੀ ਤਕ ਮੈਂ ਉੱਨਾਂ ਕੁਝ ਕਰ ਨਹੀ ਸਕਿਆ ਜਿਨਾ ਹੁਣ ਇਹਨਾਂ (ਕਵੀ ਪਰਵਾਰ) ਨੇ ਸਾਡੇ ਲਈ ਕੀਤਾ ਹੈ। ਸਮਾਜ ਲਈ ਕੀਤਾ ਹੈ।

ਇਹ ਸੁਣਕੇ ਸੁਖਬੀਰ ਨੂੰ ਸੁਭਾਵਕ ਹੀ ਖੁਸ਼ੀ ਹੋਣੀ ਸੀ।

**3 ਅਪਰੈਲ 1983, ਐਤਵਾਰ**

**ਨਵੀਂ ਦਿੱਲੀ**

ਗੁਰੂ ਜੀ ਹਜ਼ੂਰੀ ਵਿਚ ਆਸਾ ਦੀ ਵਾਰ ਦਾ ਕੀਰਤਨ ਸੰਤ ਗੁਰਬਖਸ਼ ਸਿੰਘ-ਮੋਹਣ ਸਿੰਘ ਮਾਨਸਰੋਵਰ ਗਾਰਡਨ ਵਾਲਿਆਂ ਦੇ ਮਕਾਨ ਤੇ ਸੀ। ਮੇਰਾ ਸਾਰਾ ਪਰਵਾਰ ਦਰਸ਼ਨਾਂ



Sri Satguru Jagjit Singh Ji Elibrary NamdhariElibrary@gmail.com

ਨੂੰ ਗਿਆ। ਐੱਸ ਸਾਧ ਸੰਗਤ ਦਾ ਲੰਗਰ ਵੀ ਮੋਹਣ ਸਿੰਘ ਗੁਰਬਖਸ਼ ਸਿੰਘ ਵੱਲ ਸੀ।

ਮੈਂ 10 ਵਜੇ ਆਪਣੇ ਛੋਟੇ ਬੇਟੇ ਸੁਖਬੀਰ ਸਿੰਘ ਨਾਲ ਕੋਠੀ ਪੂਸਾ ਰੋਡ ਗਿਆ। ਸ੍ਰੀ ਸਤਿਗੁਰੂ ਜੀ ਪਟਨੇ ਵਾਲੇ ਸੂਬਾ ਸੇਵਾ ਸਿੰਘ ਜੀ ਦੇ ਦਿੱਲੀ ਵਾਲੇ ਘਰ ਕਰੋਲ ਬਾਗ ਚਰਨ ਪਾ ਕੇ ਸ. ਸੁਰਿੰਦਰ ਸਿੰਘ ਹੁਰਾਂ ਨੂੰ ਨਿਵਾਜਣ ਗਏ ਹੋਏ ਸਨ।

### ਮਹਾਰਾਜ ਜੀ ਬਿਮਾਰ ਹੋ ਗਏ

ਪਤਾ ਲਗਾ ਕਿ ਸੱਚੇ ਪਾਤਸ਼ਾਹ ਜੀ ਤੋਂ ਪਿਛੋਂ ਮਹਾਰਾਜ ਬੀਰ ਸਿੰਘ ਜੀ ਵੀ ਦਿੱਲੀ ਆਏ ਸਨ। ਉਹਨਾਂ ਨੂੰ ਬੁਖਾਰ ਹੋ ਜਾਣ ਕਾਰਨ ਰੇਲ ਕਾਰ ਦੁਆਰਾ ਜੀਵਨ ਨਗਰ ਜਾਣ ਦੀ ਥਾਂ ਐੱਸ ਹਵਾਈ ਜਹਾਜ਼ ਰਾਹੀ ਭੈਣੀ ਸਾਹਿਬ ਭੇਜਿਆ ਗਿਆ। ਮਾਤਾ ਜੀ ਵੀ ਨਾਲ ਹੀ ਪਧਾਰੇ। ਸੰਤ ਤਰਸੇਮ ਸਿੰਘ ਨੇ ਦੱਸਿਆ ਕਿ ਹੋਲੇ ਵਿਚ ਗਏ ਬਹੁਤਿਆਂ ਤੇ 'ਆਫਟਰ ਇਫੈਕਟ' ਪਿਆ ਹੈ। ਸਤਿਗੁਰੂ ਜੀ ਦੀ ਬੇਪਰਵਾਹੀ ਕਾਰਨ ਤੁਰੇ ਫਿਰਦੇ ਹਨ, ਟੁੱਟ ਭੱਜ ਉਨ੍ਹਾਂ ਦੇ ਅੰਦਰ ਵੀ ਹੈ। ਮਹਿੰਦਰ ਸਿੰਘ ਪੂਰਬਾ ਵੀ ਜ਼ੁਕਾਮ ਬੁਖਾਰ ਨਾਲ ਪਿਆ ਹੈ ਅਤੇ ਤਰਸੇਮ ਸਿੰਘ ਦੱਸਿਆ, ਉਹ ਵੀ ਏਸੇ ਚੀਜ਼ ਦਾ ਸ਼ਿਕਾਰ ਹੈ।

### ਪ੍ਰਸ਼ਾਦ ਕਮਰੇ ਵਿਚ

ਜਦੋਂ ਮੈਂ ਵਿਚ ਤੁਰਕੇ, ਉਪਰਲੀ ਕੋਠੇ ਗੁਰੂ ਕੇ ਨਿਵਾਸ ਤੇ ਗਿਆ, ਸਤਿਗੁਰੂ ਜੀ ਪ੍ਰਸ਼ਾਦ ਕਮਰੇ ਵਿਚ ਭੋਜਨ ਛਕ ਰਹੇ ਸਨ। ਸੇਵਾ ਕਰ ਰਹੇ ਸਨ, ਸੰਤ ਸਤਨਾਮ ਸਿੰਘ ਹਜ਼ੂਰੀ ਲਾਂਗਰੀ, ਬੀਬੀ ਗੁਰਜੀਤ ਕੌਰ, ਬੀਬੀ ਰਜ ਰੂਪ, ਸੁਪਤਨੀ ਸੰਤੋਖ ਸਿੰਘ ਲਾਲ ਜੀ ਕੋਲ ਬੈਠੇ ਸਨ : ਸਕੱਤਰ ਤਰਸੇਮ ਸਿੰਘ, ਹਜ਼ੂਰੀ ਸੇਵਕ ਬਲਦੇਵ ਸਿੰਘ, ਸ. ਸ਼ੇਰ ਸਿੰਘ ਛਾਵਲਾ ਤੇ ਇਸ ਦੀ ਪਤਨੀ।

ਮੈਂ ਬਾਬਾ ਅਰਜਨ ਸਿੰਘ ਠੀਕਾ ਦੀ ਮਿਲਣੀ ਦੀ ਰਿਪੋਰਟ ਕੀਤੀ।

ਇਸੇ ਦੌਰਾਨ, ਬੀਤੀ ਰਾਤ ਦਾ ਸੁਪਨਾ ਸੰਤ ਤਰਸੇਮ ਸਿੰਘ ਸੁਣਾਇਆ ਕਿ ਉਹਦੀ ਬੁਨਾਇਣ ਵਿਚ ਇਕ ਸੱਪ ਵੜ ਗਿਆ, ਇਹ ਜਿਉਂ ਕਢਣ ਲਗੇ, ਉਹਦਾ ਅੰਤ ਹੀ ਨ ਆਏ। ਡਰ ਕੇ ਜਾਗ ਆ ਗਈ। ਘੜੀ ਵੇਖੀ ਤਾਂ ਅਜੇ ਰਾਤ ਦੇ 1.30 ਹੀ ਹੋਏ ਸਨ।

ਸਤਿਗੁਰੂ ਜੀ ਨੇ ਟਿਪਣੀ ਕੀਤੀ: ਕਈ ਵਾਰ ਲੋਕ ਇਸੇ ਗੱਲ ਨੂੰ ਜਾਗ੍ਰਤੀ ਵਿਚ ਵੇਖ ਓਨੀ ਮਹਾਨਤਾ ਨਹੀਂ ਦਿੰਦੇ ਜਿੰਨੀ ਸੁਪਨੇ ਨੂੰ ਚਾ ਚਾ ਸੁਣਾਕੇ। ਮਾ: ਬਲਵੰਤ ਸਿੰਘ (ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਚਕਾਰਲੀ ਉਮਰ ਦੇ ਖਜ਼ਾਨਚੀ) ਨੂੰ ਇਕ ਦਿਨ ਆਪਣੇ ਬਿਸਤਰੇ ਤੇ ਪਿਆਂ ਕੁਝ ਮਹਿਸੂਸ ਹੋਇਆ, ਜਿਵੇਂ ਉਪਰਲੀ ਚੱਦਰ ਵਿਚ ਰੱਸੀ ਪਈ ਹੋਵੇ। ਉਹਨਾਂ ਸਹਿਜ ਜਾ ਚੱਦਰ ਹੇਠ ਕਰਕੇ ਜਦੋਂ ਉਹ ਰੱਸੀ ਬਾਹਰ ਚਲਾਕੇ ਮਾਰੀ ਤਾਂ ਉਹ ਸੱਪ ਸੀ। ਉਹਨਾਂ ਇਸ ਗੱਲ ਨੂੰ ਕੋਈ ਮਹੱਤਵ ਨ ਦਿਤਾ। ਇਹ ਘਟਨਾ ਚਰਚਾ ਦਾ ਵਿਸ਼ਾ ਨਾ ਬਣੀ।



Sri Satguru Jagjit Singh Ji Elibrary NamdhariElibrary@gmail.com

### ਇਕ ਸੁਪਨਾ ਮੇਰਾ ਵੀ

ਇਕ ਸੁਪਨਾ ਮੈਨੂੰ ਵੀ ਯਾਦ ਆ ਗਿਆ। ਮੈਂ ਉਹਨੀਂ ਦਿਨੀਂ ਅਖ਼ਬਾਰ 'ਸਤਿਜੁਗ' ਦਾ ਸੰਪਾਦਕ ਸਾਂ। ਰਾਤੀਂ ਸੁਪਨਾ ਆਇਆ ਕਿ ਮੈਂ ਵਰਤਮਾਨ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਹੈ। ਆਪ ਜੀ ਨੇ 100/– ਦਾ ਨੋਟ ਚੁਕ ਕੇ ਮੇਰੇ ਮੂੰਹ ਵਿਚ ਦੇ ਦਿਤਾ। ਮੈਂ ਘਬੇਰਾ ਪਿਛੇ ਹਟਿਆ, ਪਰ ਸਤਿਗੁਰੂ ਜੀ ਨੇ ਨੋਟ ਨੂੰ ਉਂਗਲੀ ਨਾਲ ਮੇਰੇ ਮੂੰਹ ਵਿਚ ਹੋਰ ਵੀ ਅਗੇਰੇ ਕਰ ਦਿਤਾ। ਤਾਲੂ ਨੂੰ ਉਂਗਲੀ ਲੱਗਣ ਨਾਲ ਮੇਰੀ ਜਾਗ ਖੁਲ੍ਹ ਗਈ। ਸੁਪਨੇ ਨੂੰ ਤਰਜੀਹ ਨ ਦੇ ਕੇ ਮੈਂ ਫਿਰ ਸੌਂ ਗਿਆ।

ਸਵੇਰੇ ਉਠ ਜਦੋਂ ਮੈਂ ਖੂਹੋਂ ਉਤਲੇ ਬਗੀਚੇ ਵਿਚ ਜਾਕੇ ਸਤਿਗੁਰਾਂ ਦੇ ਦਰਸਨ ਕੀਤੇ ਤਾਂ ਉਨ੍ਹਾਂ ਦੇ ਪਾਸ 100/– ਦਾ ਨੋਟ ਪਿਆ ਸੀ। ਹੁਕਮ ਕੀਤੇ ਨੇ :

"ਚੁਕ ਲੈ ?"

"ਕੀ ਕਰਨਾ ਏ ਜੀ !"

"ਕੋਲ ਰੱਖ !"

"ਕਿਨੂੰ ਦੇਣਾ ਏ ?"

"ਬਸ ਤੂੰ ਜੇਬ ਵਿਚ ਪਾ ਲੈ !"

ਇਸਰਾਰ ਬਾਅਦ ਜੇਬ ਵਿਚ ਪਾ ਲਿਆ। ਸੁਪਨੇ ਦਾ ਏਹੋ ਅਰਥ ਸੀ।

ਸਤਿਗੁਰੂ ਜੀ ਨੇ ਆਪਣੇ ਸਕੱਤਰ ਤਰਸੇਮ ਸਿੰਘ ਨੂੰ ਆਗਿਆ ਕੀਤੀ ਕਿ ਬਾਬਾ ਅਰਜਨ ਸਿੰਘ ਦਾ ਵੀਡੀਓ ਲੈ ਲਿਆ ਜਾਏ, ਫੇਰ ਪੁਰਾਣੇ ਸਿੰਘ ਨਹੀਂ ਮਿਲਣੇ।

### ਸ. ਹਰਭਜਨ ਸਿੰਘ ਠੇਕੇਦਾਰ

ਸਤਿਗੁਰੂ ਜੀ ਪ੍ਰਸਾਦ ਛਕਣਿਓਂ ਉਠ ਆਰਾਮ ਕਮਰੇ ਵਿਚ ਪਧਾਰੇ। ਸ. ਹਰਭਜਨ ਸਿੰਘ ਲਖਨਊ ਵਾਲੇ ਤੇ ਸ. ਹਰਜਿੰਦਰ ਸਿੰਘ ਅੰਦਰ ਲੰਘ ਆਏ। ਸਤਿਗੁਰੂ ਜੀ ਨੇ ਲੰਮਾ ਸਮਾ ਕੇਵਲ ਹਰਭਜਨ ਸਿੰਘ ਹੁਰਾਂ ਨਾਲ ਬਚਨ ਕੀਤੇ।

ਹਮਰਾਹੀ, ਸੁਖਬੀਰ ਸਿੰਘ ਅਤੇ ਮੈਂ ਬੈਠਣ ਕਮਰੇ ਵਿਚ ਸਾਂ ਕਿ ਸਤਿਗੁਰੂ ਜੀ ਨੂੰ ਆਰਾਮ ਲਈ ਸਮਾਂ ਦੇ ਕੇ ਠੇਕੇਦਾਰ ਹਰਭਜਨ ਸਿੰਘ ਸਾਡੇ ਪਾਸ ਆ ਗਿਆ। ਉਸਨੇ ਬੈਠਦਿਆਂ ਹੀ ਕਿਹਾ: ਐਤਕਾਂ ਜਦੋਂ ਹੈਦਰਾਬਾਦ ਸਤਿਗੁਰੂ ਜੀ ਗਏ ਤਾਂ ਮੈਂ ਵੀ ਜਾ ਦਰਸਨ ਕੀਤੇ। ਅਗਲੇ ਸਾਲ ਦੇ ਹੋਲੇ ਮਹੱਲੇ ਅਤੇ ਸੰਗੀਤ ਸੰਮੇਲਨ ਵਾਸਤੇ ਬੇਨਤੀ ਕੀਤੀ। ਇਹ ਦੋਵੇਂ ਫੰਕਸ਼ਨ ਭਾਵੇਂ ਨੰਦੇੜ ਕੀਤੇ ਜਾਣ, ਭਾਵੇਂ ਔਰੰਗਾਬਾਦ। ਸਤਿਗੁਰੂ ਜੀ ਨੇ ਸਲਾਹ ਕਰਕੇ ਦੱਸਣ ਲਈ ਬਚਨ ਕੀਤਾ।

ਹਰਭਜਨ ਸਿੰਘ ਹੁਰਾਂ ਇਹ ਵੀ ਦੱਸਿਆ ਕਿ ਸ.ਰਾਜਿੰਦਰ ਸਿੰਘ ਅਜੰਤਾ ਬਿਸਕੁਟ ਹੈਦਰਾਬਾਦ ਵਾਲਿਆਂ ਦੇ ਘਰ ਦੂਜੇ ਵਿਆਹ ਵਿਚੋਂ ਵੀ ਲੜਕੀ ਹੀ ਜੰਮੀ ਹੈ।

ਠੇਕੇਦਾਰ ਜੀ ਨੇ ਹਸਦੇ ਹਸਦੇ ਇਹ ਵੀ ਕਿਹਾ : ਮੈਂ ਦੋਹਾਂ ਬਿਸਕੁਟ ਫੈਕਟਰੀਆਂ ਵਾਲਿਆਂ (ਸ. ਸੰਤੋਖ ਸਿੰਘ ਪਰਵਾਰ ਸ.ਕਰਤਾਰ ਸਿੰਘ -ਸ. ਰਾਜਿੰਦਰ ਸਿੰਘ ਪਰਵਾਰ) ਨੂੰ ਕਿਹਾ ਸੀ, ਕਿਉਂ ਨ ਤੁਸੀ ਹੈਦਰਾਬਾਦ ਵਾਲੇ ਸੰਗੀਤ ਸੰਮੇਲਨ ਜਾਂ ਹੋਲੇ ਦਾ ਫੰਕਸ਼ਨ ਕਰੋ। ਪਰ ਉਹ ਸਲਾਹੀ ਪੈਣ ਵਾਲਿਆਂ ਵਿਚੋਂ ਸਨ। ਗੱਲ ਏਥੇ ਨਿਬੜੀ ਕਿ ਅਗਲੀ ਵਾਰ



Sri Satguru Jagjit Singh Ji Elibrary NamdhariElibrary@gmail.com

ਰਾਜਿੰਦਰ ਸਿੰਘ ਘਰ ਲੜਕਾ ਹੋਇਆ ਤਾਂ ਹੋਲਾ ਜਾਂ ਸੰਮੇਲਨ ਇਹ ਕਰਵਾਏਗਾ ਪਰ ਜੇ ਲਛਮੀ ਜਨਮ ਪਈ ਤਾਂ ਹਰਭਜਨ ਸਿੰਘ ਹੁਰੀ ਕਰਵਾਣਗੇ। ਹਰਭਜਨ ਸਿੰਘ ਹੁਰੀ ਖਿੜ ਖਿੜਾਕੇ ਹੱਸੇ . ਮੇਰਾ ਨਿਸਚਾ ਹੈ ਕਿ ਅਗਲੀ ਵਾਰ ਰਾਜਿੰਦਰ ਸਿੰਘ ਦੇ ਘਰ ਲੜਕਾ ਹੀ ਹੋਵੇਗਾ। ਉਸਨੂੰ ਹੋਲੇ ਜਾਂ ਸੰਗੀਤ ਸੰਮੇਲਨ ਦਾ ਖਰਚਾ ਕਰਨਾ ਹੀ ਪਵੇਗਾ।

### ਖੁਰਾਣਾ ਪਰਵਾਰ

ਪਤਾ ਨਹੀ ਗੱਲ ਘਰ ਚਰਨ ਪਾਉਣ ਦੀ ਹੈ ਜਾਂ ਕੋਈ ਹੋਰ। ਖੁਰਾਣਾ ਪਰਵਾਰ ਸ. ਨਰਿੰਦਰ ਸਿੰਘ ਖੁਰਾਣਾ ਨੂੰ ਨਾਲ ਲੈ ਕੇ ਆਇਆ ਹੈ। ਸੰਤ ਗੁਰਬਖਸ਼ ਸਿੰਘ ਖੁਰਾਣਾ ਦੀ ਪਤਨੀ ਦਾ ਪਰਸੋਂ ਨੂੰ ਅੱਖਾਂ ਦਾ ਉਪਰੇਸ਼ਨ ਹੈ। ਉਸਨੂੰ ਵੀ ਉਚੇਚਿਆਂ ਜਾਕੇ ਲਿਆਂਦਾ ਗਿਆ ਹੈ। ਸੰਤ ਬਲਵੰਤ ਸਿੰਘ ਡਾਲਟਨ ਗੰਜ ਅਤੇ ਉਨ੍ਹਾਂ ਦੇ ਘਰੋ ਬੀਬੀ ਮਹਿੰਦਰ ਕੌਰ ਵੀ ਗੁਰੂ ਚਰਨਾਂ ਵਿਚ ਹਾਜ਼ਰ ਹੋਣ ਲਈ ਆਏ ਹਨ।

### ਨਾਮ ਸਿਮਰਨ

ਉਠ ਕੇ ਬਾਹਰ ਗਿਆ ਤਾਂ ਡਿੱਠਾ ਕਿ ਵਡੇ ਹਾਲ ਵਿਚ ਬਸਤਰ ਵਿਛੇ ਹੋਏ ਹਨ ਅਤੇ ਨਿਤਨੇਮ ਦੀ ਅਰਦਾਸ ਹੋ ਗਈ ਹੈ। ਜਿਨੇ ਪਰਵਾਰ ਵੀ ਗੁਰੂ ਕੇ ਦਰਸ਼ਨਾ ਨੂੰ ਆਏ ਹੋਏ ਸਨ, ਸਭ ਨਾਮ ਸਿਮਰਨ ਵਿਚ ਮਗਨ ਹਨ। ਸਤਿਗੁਰੂ ਜੀ ਦਰਸ਼ਨ ਦੇ ਰਹੇ ਹਨ। ਸਮਾ 1.45 ਦਾ ਏ।

### ਸਾਡੇ ਮੁੰਡਿਆ ਚੋਂ ਹੋਰ

ਸੰਤ ਤਰਸੇਮ ਸਿੰਘ ਸਕੱਤਰ ਨੇ ਦੱਸਿਆ: ਨੈਸ਼ਨਲ ਜੂਨੀਅਰ ਹਾਕੀ ਟੀਮ ਵਾਸਤੇ, ਨਾਮਧਾਰੀ ਹਾਕੀ ਟੀਮ ਦੇ ਖਿਡਾਰੀਆਂ ਵਿਚੋਂ ਸੰਤ ਹਰਨਾਮ ਸਿੰਘ ਚੂਸਲੇਵੜੀਏ ਜੀਵਨ ਨਗਰ ਦੇ ਲੜਕੇ 'ਬੀਨਾਂ' (ਸੁਖਵਿੰਦਰ ਸਿੰਘ) ਨੂੰ ਇੰਡੀਅਨ ਨੈਸ਼ਨਲ ਟੀਮ ਵਾਸਤੇ ਚੁਣ ਲਿਆ ਗਿਆ ਹੈ।

### ਕਿਰਪਾਲ ਸਿੰਘ ਤੇ ਕਿਰਪਾ

ਅੱਜ ਇਕ ਸਮੇ ਸੰਤ ਕਿਰਪਾਲ ਸਿੰਘ ਸੋਢੀ ਅਤੇ ਉਸਦਾ ਪਰਵਾਰ ਹੱਥ ਜੋੜੀ, ਸਤਿਗੁਰੂ ਜੀ ਦੇ ਚਰਨ ਪਰਸਣ ਲਈ ਖੜਾ ਸੀ। ਉਨ੍ਹਾਂ ਦਾ ਅਭਿਵਾਦਨ ਸਵੀਕਾਰ ਕਰਦਿਆਂ ਹਜ਼ੂਰ ਨੇ ਮੈਨੂੰ ਸੰਤ ਕਿਰਪਾਲ ਸਿੰਘ ਦੇ ਲੜਕੇ ਵਲ ਤਕਾ ਦੇ ਬਚਨ ਕੀਤਾ: ਇਹ ਲੜਕਾ ਨਾ ਸਿਰਫ ਨਾਮ ਸਿਮਰਨ ਅਤੇ ਭਜਨ ਬਾਣੀ ਵੱਲ ਹੀ ਰੁਚਿਤ ਹੈ ਅਤੇ ਪੱਕਾ ਨਿਤਨੇਮੀ ਹੈ, ਇਸ ਨੇ ਸੋਧ ਵੀ ਰਖੀ ਹੋਈ ਹੈ। ਕੋਲੋਂ ਸਕੱਤਰ ਬੋਲ ਪਿਆ: ਇਸਦੀ ਭੈਣ ਨੇ ਵੀ ਸੋਧ ਵਿਚ ਸਾਰੀ ਸੇਵਾ ਦਾ ਵ੍ਰਤ ਲੈ ਰਖਿਆ ਹੈ। ਸਤਿਗੁਰੂ ਜੀ ਬਚਨ ਕੀਤਾ: ਜਿਸ ਪਰਵਾਰ ਤੇ ਸਤਿਗੁਰੂ ਦੀ ਕਿਰਪਾ ਹੋਵੇ ਉਸੇ ਦੇ ਘਰ ਭਜਨ ਬਾਣੀ ਕਰਨ ਵਾਲੇ ਅਤੇ ਉਚ ਵਿਚਾਰਾਂ ਵਾਲੇ ਬੱਚੇ ਪੈਦਾ ਹੁੰਦੇ ਹਨ।



Sri Satguru Jagjit Singh Ji Elibrary NamdhariElibrary@gmail.com

**ਸਮਰਪਿਆ ਹੋਇਆ ਪਰਵਾਰ**

ਸਤਿਗੁਰੂ ਜੀ ਨੂੰ, ਇਸ ਸਮੇਂ ਇਕ ਹੋਰ ਪਰਵਾਰ ਦੀ ਯਾਦ ਆਇਆ। ਉਸ ਬਾਰੇ ਸਵੰਤਰ ਤਰਸੇਮ ਸਿੰਘ ਨੂੰ ਸਤਿਗੁਰੂ ਜੀ ਨੇ ਇੰਗਤ ਕੀਤਾ। ਥੋੜ੍ਹੇ ਚਿਰ ਪਿਛੋਂ ਤਰਸੇਮ ਸਿੰਘ ਨੇ ਇਕ ਕਾਪੀ ਮੈਨੂੰ ਲਿਆ ਦਿਤੀ। ਜਿਸ ਵਿਚ ਮਹੀਨੇ ਦੀਆਂ ਤਾਰੀਖਾਂ ਪਾਕੇ ਸਾਰੇ ਪਰਵਾਰ ਦੇ ਨਾਮ ਸਿਮਰਨ ਦਾ ਵੇਰਵਾ ਦਿਤਾ ਹੋਇਆ ਸੀ। ਇਹ ਪਰਵਾਰ ਪਾਲਮ ਕਾਲੋਨੀ ਦੇ ਇਕ ਨਾਮੀ ਸਿਖ ਸੰਤ ਮੋਹਣ ਸਿੰਘ ਹੁਰਾਂ ਦਾ ਸੀ। ਜਿਸ ਵਿਚ ਇਕ ਲੜਕੀ ਉਸਤਾਦ ਨਥਾ ਸਿੰਘ ਜੀ ਦੀ ਪੋਤਰੀ ਬੀਬੀ ਕੁਲਮੀਤ ਕੌਰ ਹੈ। ਇਸ ਕਾਪੀ ਵਿਚ ਹੇਠ ਲਿਖੇ ਸਰੀਰਾਂ ਦੇ ਨਾਮ ਦਰਜ ਹਨ, ਜਿਹੜੇ ਨਿਤਨੇਮ ਵਿਚ ਪੱਕੇ, ਸਭ ਤੋਂ ਵੱਧ ਸਮਾ ਨਾਮ ਸਿਮਰਨ ਨੂੰ ਦਿੰਦੇ ਹਨ :

| | | | |
|---|---|---|---|
| 1. | ਸੰਤ ਮੋਹਣ ਸਿੰਘ | 2 | ਬੀਬੀ ਜਸਮਤ ਕੌਰ |
| 3. | ਬੀਬੀ ਭਗਵਾਨ ਕੌਰ | 4. | ਸ੍ਰੀ ਰਤਨ ਸਿੰਘ |
| 5. | ਬੀਬੀ ਮਨਜੀਤ ਕੌਰ | 6. | ਬੀਬੀ ਕੁਲਮੀਤ ਕੌਰ |
| 7. | ਸ੍ਰੀ ਸੇਵਾ ਸਿੰਘ | 8. | ਸ੍ਰੀ ਹਰਦਿਆਲ ਸਿੰਘ |
| 9. | ਸ੍ਰੀ ਬਿਕ੍ਰਮ ਸਿੰਘ | 10. | ਬੀਬੀ ਜਸਮੀਤ ਕੌਰ |
| 11. | ਬੀਬੀ ਗੁਰਮੀਤ ਕੌਰ | 12. | ਬੀਬੀ ਕਲਵਿੰਦਰ ਕੌਰ |
| 13. | ਸ੍ਰੀ ਅਮਰੀਕ ਸਿੰਘ | 14. | ਸ੍ਰੀ ਅਜੀਤ ਸਿੰਘ |

**ਲਉਢੇ ਪਹਿਰ ਦਾ ਦੀਵਾਨ**

ਨਾਮ ਸਿਮਰਨ ਦੀ ਸਮਾਪਤੀ ਹਜ਼ੂਰੀ ਵਿਚ ਹੋ ਗਈ। 2.45 ਵਜੇ ਅਰਦਾਸ ਕਰਨ ਵਾਲਾ ਸੰਤ ਪੂਰਨ ਸਿੰਘ ਭੈਣੀ ਸਾਹਿਬ ਵਾਲਿਆਂ ਦਾ ਲੜਕਾ ਮੋਹਣ ਸਿੰਘ ਸੀ। ਬਿਨਾ ਕਿਸੇ ਸ਼ਬਦ ਦੇ ਦੁਹਰਾਉ ਤੇ ਸਾਫ਼, ਸਪਸ਼ਟ ਅਤੇ ਮੁਨਾਸਬ ਸੁਰ ਵਿਚ ਅਰਦਾਸ ਹੋ ਗਈ। ਅੱਜ ਕੀਰਤਨ ਰਾਗ ਦੁਰਗਾ ਵਿਚ ਹੋਇਆ। ਅੱਜ ਦੇ ਕੀਰਤਨਕਾਰ ਲਗ ਭਗ ਨਵੇਂ ਸਨ। ਸ. ਸ਼ੇਰ ਸਿੰਘ ਚਾਵਲਾ ਸਿਤਾਰ ਨਾਲ, ਸ੍ਰੀ ਮੋਹਣ ਸਿੰਘ ਹਰਮੋਨੀਅਮ ਨਾਲ, ਸ੍ਰੀ ਸੁਖਦੇਵ ਸਿੰਘ, ਸ੍ਰੀ ਸੁਖਵਿੰਦਰ ਸਿੰਘ ਪਿੰਕੀ ਤਬਲਾ, ਅਤੇ ਲਾਲ ਜੀ (ਸੰਤੋਖ ਸਿੰਘ) ਸਰੋਦ ਲੈ ਕੇ। ਇਹਨਾਂ ਦੀ ਅਗਵਾਈ ਦਿਲਰੁਬਾ ਨਾਲ ਖੁਦ ਸ੍ਰੀ ਸਤਿਗੁਰੂ ਜੀ ਕਰਦੇ ਰਹੇ। 3.30 ਤਕ ਪੂਰਬੇ ਨੇ ਕੀਰਤਨ ਸਮਾਪਤੀ ਦੀ ਅਰਦਾਸ ਕਰ ਦਿਤੀ।

ਏਥੋਂ ਸੱਚੇ ਪਾਤਸ਼ਾਹ ਬੀਬੀ ਕਰਤਾਰ ਕੌਰ ਯੂ. ਕੇ. ਵਾਲੀ ਦੇ ਭਾਈ ਦੇ ਘਰ, ਕਸ਼ਮੀਰੀ ਗੇਟ [illegible] ਪਧਾਉਣ ਲਈ ਪਧਾਰੇ। ਮੈਂ ਆਪਣੇ ਘਰ ਚਲਾ ਗਿਆ।

**4 ਅਪਰੈਲ 1983, ਸੋਮਵਾਰ**
**ਨਵੀਂ ਦਿੱਲੀ**

ਅੱਜ ਦੀ ਆਸਾ ਦੀ ਵਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਤ ਬਾਲ ਸਿੰਘ ਧਾਰੀਵਾਲ ਦੇ ਘਰ ਰਮੇਸ਼ ਨਗਰ ਸੁਣਨ ਦੀ ਕਿਰਪਾ ਕੀਤੀ। ਕੀਰਤਨ ਕਾਰ ਸਨ :



Sri Satguru Jagjit Singh Ji Elibrary NamdhariElibrary@gmail.com

ਹਰਭਜਨ ਸਿੰਘ, ਮੋਹਣ ਸਿੰਘ, ਸੁਖਦੇਵ ਸਿੰਘ ਅਤੇ ਪਿੰਕੀ। ਸਾਰੀ ਸੰਗਤ ਨੇ ਸੰਤ ਬਾਲ ਸਿੰਘ ਦਾ ਘਰ-ਬਾਹਰ ਸਤਿਗੁਰੂ ਜੀ ਦੇ ਦਰਸ਼ਨ ਕਰਨ ਹਿਤ ਨਿਵਾਜਿਆ।

**ਏਕਮ ਸਿੰਘ ਵਿਦਾ**

ਸਵੇਰੇ 7 ਵਜੇ ਨਾਮਧਾਰੀ ਸੰਗਤ ਬਰਮਿੰਘਮ (ਯੂ.ਕੇ.) ਦਾ ਪ੍ਰਧਾਨ ਸੰਤ ਏਕਮ ਸਿੰਘ ਅਤੇ ਉਹਦੀ ਪਤਨੀ ਈਸ਼ਰ ਕੌਰ ਬਰਮਿੰਘਮ ਵਾਪਸੀ ਲਈ ਏਅਰ ਪੋਰਟ ਪਾਲਮ ਤੇ ਪਹੁੰਚੇ। ਏਕਮ ਸਿੰਘ ਬਹੁਤ ਚਾਵਾਂ ਵਿਚ ਸੀ ਕਿ ਬਰਮਿੰਘਮ ਨਿਵਾਸੀਆਂ ਨੂੰ ਹੋਲਾ ਕਰਵਾਣ ਦਾ ਅਵਸਰ ਮਿਲਿਆ ਹੈ। ਸੰਤ ਦਿਆਲ ਸਿੰਘ, ਮੇਰਾ ਲੜਕਾ ਮਨਧੀਰ ਸਿੰਘ, ਦਾਮਾਦ ਬਲਬੀਰ ਸਿੰਘ ਵਿੱਲੋਂ ਤੇ ਸ. ਕੇਹਰ ਸਿੰਘ ਹਮਰਾਹੀ ਏਅਰ ਪੋਰਟ ਤਕ ਜਾਕੇ ਵਿਦਾ ਕਰਨ ਵਾਲਿਆਂ ਵਿਚ ਸਨ।

**ਪੂਸਾ ਰੋਡ ਕੋਠੀ ਵਿਖੇ**

ਮੈਂ ਗੁਰੂ ਦਰਸ਼ਨ ਕਰਨ ਕੋਠੀ 1/5 ਬੀ ਪੂਸਾ ਰੋਡ 11 ਵਜੇ ਪਹੁੰਚ ਸਕਿਆ। ਸਤਿਗੁਰੂ ਜੀ ਪ੍ਰਸ਼ਾਦਾ ਛਕਣ ਦੇ ਰਉਂ ਵਿਚ ਸਨ। ਪਰ ਇਸ ਦੌਰਾਨ ਦਰਸ਼ਨ ਕਰਨ ਆਈ ਸੰਗਤ ਨੇ ਲਾਹਾ ਲੈ ਲਿਆ। ਥੋੜੇ ਸਮੇ ਪਿਛੋਂ ਨੈਰੋਬੀ ਤੇ ਨਾਮਧਾਰੀ ਸੰਗਤ ਦੇ ਪ੍ਰਧਾਨ ਸ. ਸਰਵਣ ਸਿੰਘ ਸੋਖੀ ਦੀ ਕਾਲ ਆ ਗਈ। ਸਚੇ ਪਾਤਸ਼ਾਹ ਆਪਣੇ ਕਮਰੇ ਵਿਚ ਪਹੁੰਚ ਗਏ।

11-30 ਵਜੇ ਤਾਂ ਆਪ ਜੀ ਮੁੜ ਇਸ਼ਨਾਨ ਕਰਕੇ, ਤਿਆਰ ਹੋ, ਬੈਠਣ ਕਮਰੇ ਵਿਚ ਵਿਛੇ ਪਲੰਘ ਤੇ ਆ ਸੁਸ਼ੋਭਤ ਹੋਏ। ਏਥੇ ਅਨੇਕਾ ਸਰੀਰ ਆਪ ਜੀ ਦੀ ਇੰਤਜ਼ਾਰ ਵਿਚ ਸਨ। ਚਰਨ ਪਰਸ, ਗੱਲ ਬਾਤ ਕਰ, ਹਰ ਕੋਈ ਵਿਦਾ ਹੁੰਦਾ ਰਿਹਾ।

**ਜੋੜੇ ਦਾ ਦੁਖ**

ਇਕ ਬੀਬੀ ਹਲਦੀ ਰੰਗੀ ਸਾੜ੍ਹੀ ਪੈਹਨੀ ਸ੍ਰੀ ਹਜ਼ੂਰ ਦੀ ਸੇਵਾ ਵਿਚ ਕੋਈ ਅਰਜ਼ ਕਰਨ ਆਈ। ਥੋੜੇ ਚਿਰ ਪਿਛੋਂ ਇਕ ਨੌਜਵਾਨ ਨੂੰ ਵੀ ਅੰਦਰ ਬੁਲਾਇਆ ਗਿਆ। 3-4 ਮਿੰਟ ਪਿਛੋਂ ਮੈਨੂੰ ਵੀ ਆਵਾਜ਼ ਪੈ ਗਈ। ਅੰਦਰ ਜਾਕੇ ਡਿਠਾ ਕਿ ਸਤਿਗੁਰੂ ਜੀ ਸੁਖੈਨ ਅਵਸਥਾ ਵਿਚ ਮੰਜੇ ਤੇ ਬੈਠੇ ਦਮਕਦੇ ਸਨ। ਆਪ ਜੀ ਦੇ ਕੋਲ ਫਰਸ਼ ਤੇ ਥੱਲੇ ਹੇਠ ਆਪ ਦਾ ਨਿਜੀ ਸਕੱਤਰ ਤਰਸੇਮ ਸਿੰਘ, ਇਸਦੇ ਨਾਲ ਕਸਬਾ ਘਰੌਂਡਾ (ਜੀ.ਟੀ. ਰੋਡ ਕਰਨਾਲ) ਦਾ ਜਵਾਨ ਸ੍ਰੀ ਗੁਰ ਦਰਸ਼ਨ ਸਿੰਘ ਅਤੇ ਨਾਲ ਹੀ ਸਾੜ੍ਹੀਵਾਲੀ ਇਹਦੀ ਇਸਤਰੀ ਬੈਠੇ ਸਨ। ਸ਼ਕਾਇਤ ਪਤੀ ਵਲੋਂ ਸੀ ਕਿ ਉਹ ਇਸ ਕੋਲ ਘਰੌਂਡੇ ਨਹੀਂ ਜਾਂਦੀ, ਦਿੱਲੀ ਹੀ ਰਹਿੰਦੀ ਹੈ। ਪਤਨੀ ਦੀ ਅਰਜ਼ ਸੀ ਕਿ ਉਹ ਸਕੂਲ ਟੀਚਰ ਹੈ, ਰੋਟੀ ਕਮਾ ਰਹੀ ਹੈ। ਇਹਦੇ ਦੋ ਨਰ ਬੱਚੇ ਪਾਲਦੀ ਹੈ। ਪਤੀ ਨੂੰ ਗਿਲਾ ਸੀ ਕਿ ਇਹਦੇ ਹੁੰਦੇ ਲੜਕੀ ਉਸਨੂੰ ਸੰਭਾਲਣੀ ਪੈ ਰਹੀ ਹੈ। ਸਾਰੀ ਗੱਲ ਬਾਤ ਤੋਂ ਸਮਝ ਇਹ ਬਣੀ ਕਿ ਦੁਹਾਂ ਕੁੜਮਣੀਆਂ ਦੀ ਅਜੋੜਤਾ ਹੀ ਇਕ ਸੁੰਦਰ ਜੋੜੇ ਦੇ ਸੁਖ ਦੀ ਖੁਲਣ ਹੈ। ਦੋਵੇਂ ਧਿਰਾਂ ਹੀ ਮਾਂ ਭਗਤ ਹਨ। ਮਾਂ ਭਗਤੀ ਵੀ ਜੇ ਅੱਖੀ ਮੀਟੀ ਕੀਤੀ ਜਾਵੇ ਤਾਂ ਨੁਕਸਾਨ ਕਰਦੀ ਹੈ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਦਾ ਸਾਰਾ ਜ਼ੋਰ ਲੜਕੇ ਉੱਤੇ ਸੀ ਕਿਉਂਕਿ ਲੜਕੀ ਦੇ ਸ਼ਕਾਇਤ ਤੇ ਬੇਸਬਰ ਮਿਲਕੇ ਚਲਣਾ ਚਾਹ ਰਹੀ ਸੀ। ਅੰਤ ਨੂੰ ਲੜਕੇ ਦੀ ਇਹ ਸ਼ਰਤ ਮੰਨੀ ਗਈ ਕਿ ਲੜਕੀ ਆਪਣੀ ਮਾਂ ਅਤੇ ਭਰਾਵਾਂ ਨੂੰ ਸ਼ਾਮ ਦੇ ਦੀਵਾਨ ਵਿਚ ਗੁਰੂ ਕੀ ਹਜ਼ੂਰੀ ਵਿਚ ਲਿਆਵੇ।

ਲੜਕੀ ਵਾਲਾ ਪਰਵਾਰ ਗ਼ੈਰ ਨਾਮਧਾਰੀ ਜਾਪਦਾ ਹੈ। ਸਤਿਗੁਰੂ ਜੀ ਨੇ ਸ੍ਰੀ ਗੁਰ ਦਰਸ਼ਨ ਸਿੰਘ ਨੂੰ ਫੈਸਲਾ ਦਿਤਾ ਕਿ ਉਹ ਘਰੌਂਡਾ ਛੱਡ ਦੇਵੇ। ਘਰੌਂਡੇ ਵਿਚ ਲੜਕਾ ਫਰਿਜਾਂ ਦਾ ਕੰਮ ਕਰਦਾ ਹੈ। ਇਹ ਦਿੱਲੀ ਵਿਚ ਆਪਣੇ ਦੁਕਾਨ ਕਰ ਲਵੇ। ਕਾਰੋਬਾਰੀ ਯੂਨਿਟ ਦਿੱਲੀ ਜਾਂ ਸ਼ਾਹਦਰੇ ਵਿਚ ਹੋਵੇ ਤਾਂ ਕਿ ਇਸਤਰੀ ਆਪਣੀ ਨੌਕਰੀ ਵੀ ਬਖੂਬੀ ਜਾਰੀ ਰਖ ਸਕੇ ਅਤੇ ਪਰਸਪਰ ਜੀਵਨ ਵੀ ਮਿਲਕੇ ਜੀਵਿਆ ਜਾਏ। ਲੜਕੇ ਦਾ ਜੀ ਇਹ ਫੈਸਲਾ ਮੰਨਣ ਤੇ ਕਰਦਾ ਨਹੀ ਸੀ। ਪਰ ਦੋਹਾਂ ਜੀਆਂ ਹੀ 'ਸਤਿਬਚਨ' ਕਿਹਾ। ਜਾਂਦੇ ਹੋਏ ਜਦੋ ਲੜਕੀ ਨੇ ਸਤਿਗੁਰੂ ਜੀ ਨੂੰ ਮੱਥਾ ਟੇਕਿਆ ਤਾਂ ਆਪ ਨੇ ਉਸਤਾਨੀ ਦੇ ਸਿਰ ਤੇ ਟੰਗੇ ਫੁੱਲਾਂ ਵਾਂਗ ਹੀ ਆਪਣਾ ਆਦੇਸ਼ ਅੜੁੰਗ ਦਿਤਾ : ਇਕ ਨਾਮਧਾਰੀ ਸੂਟ ਵੀ ਸਿਲਵਾ ਲੈ. ਜਦੋਂ ਸੰਗਤ ਵਿਚ ਆਵੇਂ. ਪਹਿਨ ਕੇ ਆਓ।

## ਅਨੰਦ ਦੇ ਆਨੰਦ

ਸ੍ਰੀ ਸਤਿਗੁਰੂ ਜੀ ਕਾਮਰੇਡ ਜਗਜੀਤ ਸਿੰਘ ਅਨੰਦ ਨੂੰ ਯਾਦ ਕਰ ਰਹੇ ਸਨ। ਉਸਨੇ ਦੋ ਦਿਨ ਤਲਾਸ਼ ਕਰਦਿਆ ਸਤਿਗੁਰਾਂ ਨੂੰ, ਉਨ੍ਹਾਂ ਤੋ ਫੋਨ ਤੇ ਵਕਤ ਮੰਗਿਆ ਸੀ। 2 ਵਜੇ ਉਸਨੇ ਮਿਲਣ ਆਉਣਾ ਸੀ। ਪਰ ਉਹ 2.30 ਵਜੇ ਹੀ ਪਹੁੰਚ ਸਕਿਆ। ਮੇਰਾ ਪੁਰਾਣਾ ਸਾਥੀ ਹੋਣ ਦੇ ਨਾਤੇ ਉਹਦੇ ਏਥੇ ਆਉਣ ਤੇ ਮੈਨੂੰ ਖੁਸ਼ੀ ਹੋਈ। ਪਰ ਉਹ ਲੰਘਦੇ ਜਾਂਦੇ ਫਿੱਕੀ ਮੁਸਕਾਨ ਸੁਟਕੇ ਅੰਦਰ ਵੜ ਗਿਆ। ਸਤਿਗੁਰੂ ਜੀ ਨਾਲ ਉਸਨੇ ਕਾਫ਼ੀ ਸਮਾਂ ਇਕਾਂਤ ਵਿਚ ਗਲਬਾਤ ਕੀਤੀ। ਵਿਸ਼ੇ ਦੀ ਸੰਭਾਵਨਾ ਹੈ : ਪੰਜਾਬ ਵਿਚ ਅਕਾਲੀ ਮੋਰਚੇ ਦੀ ਸਥਿਤੀ, ਕੌਮਾਂਤਰੀ ਹਾਲਾਤ ਅਤੇ ਉਹਦੀਆਂ ਨਿਜੀ ਉਲਝਣਾਂ। ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ ਦਾ ਜ਼ਿਕਰ ਵੀ ਹੋ ਸਕਦਾ ਹੈ।

ਅਨੰਦ ਮੈਨੂੰ ਕਾਫ਼ੀ ਕਮਜ਼ੋਰ ਜਾਪਿਆ। ਭਾਵੇ ਉਹ ਦਾਹੜੀ ਨੂੰ ਖੂਬ ਰੰਗਾ ਅਤੇ ਤਕੜੀ ਤਰਾਂ ਸਜ ਕੇ ਆਇਆ ਹੈ। ਥੋੜੇ ਚਿਰ ਪਿਛੋਂ ਅੰਦਰਲੀ ਗਲਬਾਤ ਵਿਚ ਸ. ਹੰਸਪਾਲ ਵੀ ਸ਼ਾਮਲ ਹੋਏ। [redacted] ਹੰਸਪਾਲ ਨੇ ਪੁਰਕਾ ਨੂੰ ਅਵਾਜ਼ ਮਾਰੀ। ਅੱਧੇ ਪੌਣੇ ਘੰਟੇ ਦੀ ਮੀਟਿੰਗ ਬਾਅਦ ਬਾਹਰ ਨਿਕਲਿਆ ਤਾਂ ਮੈ ਸਿਹਤ ਦਾ ਹਾਲਚਾਲ ਪੁਛਿਆ। ਸਚਮੁਚ ਉਹ ਢਿੱਲਾ ਸੀ।

ਕਾਮਰੇਡ ਅਨੰਦ ਤੋ ਪਹਿਲੇ ਸ. ਹਰਭਜਨ ਸਿੰਘ ਲਖਨਊ ਆਏ। ਬਾਬਾ ਮੋਹਣ ਸਿੰਘ ਅਤੇ ਸੰਤ ਬਲਵੰਤ ਸਿੰਘ, ਸੁਖਦੇਵ ਸਿੰਘ ਚਾਵਲਾ ਨਗਾਂਰ ਕਾਫੀ ਸਮਾ ਸਤਿਗੁਰੂ ਜੀ ਪਾਸ ਰਹੇ। ਗੱਲ ਬਾਤ ਦਾ ਆਧਾਰ ਮਾਲੂਮ ਨਹੀ।

## ਜ਼ੈਲ ਸਿੰਘ ਦਾ ਪੋਤਰਾ

ਏਸੇ ਸਮੇ ਸ. ਨਿਰਮਲ ਸਿੰਘ ਸਾਹਿਬਾਬਾਦ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ



Sri Satguru Jagjit Singh Ji Elibrary NamdhariElibrary@gmail.com

ਸਿੰਘ ਦੇ ਜੁਆਨ ਪੋਤਰੇ ਅਤੇ ਇਕ ਹਿੰਦੂ ਜੈਂਟਲਮੈਨ ਨੂੰ ਲੈ ਕੇ ਸਤਿਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ। ਸ. ਗੁਰਿੰਦਰ ਸਿੰਘ ਖੂਬਸੂਰਤ, ਰੰਗ ਗੋਰਾ, ਮੋਟੀਆਂ ਅੱਖਾਂ ਅਤੇ ਕਤਰਵੀਂ ਦਾੜ੍ਹੀ ਵਾਲਾ ਜਵਾਨ ਸੀ। ਨਿਰਮਲ ਸਿੰਘ ਨੇ ਦੱਸਿਆ ਕਿ ਸ. ਗੁਰਿੰਦਰ ਸਿੰਘ ਦਾ ਕਈ ਵਾਰ ਗੁਰੂ ਕੇ ਦਰਸ਼ਨਾਂ ਨੂੰ ਜੀਅ ਕੀਤਾ। ਅੱਜ ਹਜ਼ੂਰ ਦੀ ਆਮਦ ਦਾ ਪਤਾ ਲੱਗਾ ਤਾਂ ਮਿੱਤਰਚਾਰੇ ਨਾਲ ਆ ਗਿਆ।

ਇਹ ਅਗੋਂ ਆਉਣ ਵਾਲੀਆਂ ਮਿਲਣੀਆਂ ਦਾ ਅਰੰਭ ਹੀ ਜਾਪਦਾ ਹੈ।

## ਪਿਆਰ ਕੌਰ ਦਾ ਪਿਆਰ

ਬੀਬੀ ਪਿਆਰ ਕੌਰ ਸੁਪਤਨੀ ਸ. ਕੁਲਭੂਸ਼ਨ ਸਿੰਘ ਸੇਠ ਯੂ.ਕੇ. ਵਾਲੀ ਨੇ ਉਹਦੇ ਸਵਰਗਵਾਸੀ ਪਤੀ ਦੀ ਕਾਇ ਪੁਸਤਕ ਛਪਵਾਣ ਦੀ ਸਹਾਇਤਾ ਵਜੋਂ ਮੈਨੂੰ ਪਹਿਲੇ ਸਮੇਂ 2000/ ਦਿਤੇ ਸਨ ਜੁ ਮੈਂ ਅੱਜ ਸਤਿਗੁਰੂ ਜੀ ਦੀ ਹਾਜ਼ਰੀ ਵਿਚ ਸ. ਹਰਵਿੰਦਰ ਸਿੰਘ ਹੰਸਪਾਲ ਦੇ ਹਵਾਲੇ ਕਰ ਦਿਤੇ। ਸ. ਗੁਰਿੰਦਰ ਸਿੰਘ ਨਾਲ ਗੱਲ ਬਾਤ ਅਜੇ ਚਲ ਰਹੀ ਸੀ।

## ਸ. ਸੁਰਿੰਦਰ ਸਿੰਘ ਡਾਲਟਨ ਗੰਜ ਦੇ ਘਰ

ਸ੍ਰੀ ਸਤਿਗੁਰੂ ਜੀ ਨੇ ਤਾਵਲੀ ਨਾਲ ਹੀ ਸ. ਗੁਰਿੰਦਰ ਸਿੰਘ ਤੋਂ ਅਲਹਿਦਗੀ ਲਈ। ਹੁਣ ਗੁਰੂ ਕੇ ਪ੍ਰੇਮੀ ਸ. ਸੁਰਿੰਦਰ ਸਿੰਘ ਘਰ ਜਾਣਾ ਸੀ। ਮੈਨੂੰ ਅਤੇ ਮੇਰੇ ਦੁਹਾਂ ਦਾਮਾਦਾਂ ਨੂੰ ਵੀ ਨਾਲ ਚਲਣ ਦੀ ਆਗਿਆ ਹੋਈ। ਇਸ ਵੇਲੇ ਡਾਲਟਨ ਗੰਜ ਦੇ ਵਡੇ ਪਰਵਾਰ ਚੋਂ ਸ. ਸੁਰਿੰਦਰ ਸਿੰਘ ਹੀ ਸਤਿਗੁਰੂ ਜੀ ਦੀ ਨੇਤਤਾ ਵਾਲਾ ਹੈ, ਦੂਜੇ ਦੂਰ ਦੇ ਮਿਤਰੇ ਹਨ।

ਸ. ਸੁਰਿੰਦਰ ਸਿੰਘ ਘਰ ਜਲਪਾਨ ਸੀ। ਬਹੁਤ ਸਾਰੇ ਹੋਰ ਪਰਵਾਰ ਵੀ ਘਰ ਦੀ ਬੈਠਕ ਵਿਚ ਦਰਸ਼ਨਾਂ ਦੇ ਤਲਬਗਾਰ ਸਨ। ਸਤਿਗੁਰੂ ਜੀ ਨੇ ਗ੍ਰਹਿ ਪਰਵੇਸ਼ ਸਮੇਂ ਸਭਨਾਂ ਦਾ ਅਭਿਵਾਦਨ ਅਤੇ ਭੇਟਾ ਸਵੀਕਾਰ ਕੀਤੀ। ਅਤੇ ਫਿਰ ਜਲ-ਆਹਾਰ ਲਈ ਕੁਝ ਸੇਵਕਾਂ ਨਾਲ ਇਕਾਂਤ-ਕਮਰੇ ਵਿਚ ਹੋ ਗਏ। ਨਾਲ ਆਇਆ ਸੇਰ ਰਖਿਅਕ ਜਵਾ, ਸੰਗੀਤਕਾਰ ਬੱਚੇ ਅਤੇ ਅਸੀਂ ਕਚੌਰੀ, ਫਲ ਅਤੇ ਦੁਧ ਛਕੇ। ਘਰ ਦੀ ਮਲਿਕਾ ਸੇਵਾ ਸਤਿਕਾਰ ਦਾ ਰੂਪ ਬਣੀ ਖੁਸ਼ੀਆਂ ਦੀਆਂ ਤਾੜੀਆਂ ਕਟ ਕਟ ਵਜਾਣ ਲਗੀ।

ਫੇਰ ਉਹ ਉਠੀ, ਦੋ ਥਾਨ ਕਪੜਾ ਅਤੇ ਕੁਝ ਨਕਦੀ ਲੈਕੇ ਗੁਰੂ ਕੇ ਕਮਰੇ ਵਿਚ ਗਈ।

## ਸ. ਹਰਭਜਨ ਸਿੰਘ ਦੂਆ

ਅਜੇ ਅੱਧਾ ਘੰਟਾ ਹੀ ਏਥੇ ਆਇਆਂ ਹੋਏਗਾ ਕਿ ਸ. ਹਰਭਜਨ ਸਿੰਘ ਦੂਆ ਆਪਣੇ ਨਵੇਂ ਮਕਾਨ, ਵਿਕਾਸ ਪੁਰੀ ਵਿਚ ਚਰਨ ਪੁਆਣ ਲਈ ਸਤਿਗੁਰੂ ਜੀ ਨੂੰ ਅਰਜ਼ ਕਰਕੇ ਨਾਲ ਲੈ ਤੁਰਿਆ। ਪੰਧ ਕਾਫੀ ਸੀ। ਸਤਿਗੁਰੂ ਜੀ ਨੇ 4 ਵਜੇ ਨਾਮ ਸਿਮਰਨ ਦੀ ਅਰਦਾਸ ਕਰ ਲਈ। ਸਵੱਤਰ, ਪੁਰਥਾ, ਬਲਦੇਵ ਸਿੰਘ ਤਾਂ ਨਾਲ ਹੋਣੇ ਹੀ ਸਨ,



Sri Satguru Jagjit Singh Ji Elibrary NamdhariElibrary@gmail.com

ਸ. ਮਨਰੰਦਾ ਤੇ ਸ. ਹੰਸਪਾਲ ਵੀ ਨਾਲ ਹੀ ਸਨ। ਬਾਕੀ ਦੀਆਂ ਗੱਡੀਆਂ ਵੀ ਪਿਛੇ ਪਿਛੇ।

### ਧਰਮਸਾਲਾ ਰਮੇਸ਼ ਨਗਰ

ਪੰਜ ਕੁ ਮਿੰਟ ਵਿਚ ਵਿਕਾਸ ਪੁਰੀ ਦਾ ਵਿਕਾਸ ਵੇਖ, ਚਰਨ ਪਾ, ਸਿਖ ਦੀਆਂ ਖੁਸ਼ੀਆਂ ਲੈ, ਗੱਡੀਆਂ ਰਮੇਸ਼ ਨਗਰ ਨਾਮਧਾਰੀ ਧਰਮਸਾਲਾ ਨੂੰ ਮੁੜ ਪਈਆਂ। ਇਕ ਘੰਟੇ ਵਿਚ ਕੁਝ ਹੀ ਮਿੰਟ ਰਹਿੰਦੇ ਸਨ। ਸਮਾ ਪੂਰਣ ਤੇ ਭੋਗ ਪੈ ਗਿਆ ਉਪਰੰਤ ਪੌਣਾ ਘੰਟਾ ਕੀਰਤਨ ਨੂੰ ਲਗ ਗਿਆ।

### ਕੰਨਿਆ ਕੁਮਾਰੀ ਵਾਸਤੇ

ਫਿਰ ਸ. ਹਰਵਿੰਦਰ ਸਿੰਘ ਹੰਸਪਾਲ ਹੁਰਾਂ ਮੋਰ ਸੰਭਾਲਿਆ। ਸਵੇਰ ਦਾ ਆਪਣਾ ਭਾਸ਼ਣ ਚੇਤੇ ਕਰਵਾਕੇ ਉਨ੍ਹਾਂ ਸੱਜਣਾਂ ਨੂੰ ਸਤਿਗੁਰੂ ਜੀ ਦੇ ਸਨਮੁਖ ਆਕੇ ਬੈਠਣ ਲਈ ਕਿਹਾ ਜਿਨ੍ਹਾਂ ਹਵਨ ਯੱਗ ਕਰਨ ਵਾਸਤੇ ਕੰਨਿਆ ਕੁਮਾਰੀ ਜਾਣਾ ਸੀ। ਅਤੇ 25-30 ਜਣੇ ਅੱਗੇ ਆ ਬੈਠੇ। 500/- ਰੇਲ ਤੇ ਔਣ ਜਾਣ ਦਾ ਕਰਾਇਆ ਅਤੇ 1200/- ਹਵਾਈ ਜਹਾਜ਼ ਦਾ ਖਰਚਾ ਦੱਸਿਆ ਗਿਆ। ਇਹ ਕਰਾਇਆ ਇਕੋ ਪਾਸੇ ਦਾ ਸੀ।

ਸਾਧ ਸੰਗਤ ਨੂੰ ਦੱਸਿਆ ਗਿਆ ਕਿ ਕੰਨਿਆ ਕੁਮਾਰੀ ਵਿਖੇ ਨਾਮਧਾਰੀ ਮਰਿਆਦਾ ਅਨੁਸਾਰ ਹਵਨ ਯੱਗ ਤੇ ਖਾਨ ਪਾਨ ਕਰਨਾ ਹੈ। ਕੰਨਿਆ ਕੁਮਾਰੀ ਜਾਕੇ ਅੰਮ੍ਰਿਤ ਛਕਿਆ ਛਕਾਇਆ ਜਾਵੇਗਾ। 14.4.83 ਨੂੰ ਕੰਨਿਆ ਕੁਮਾਰੀ ਲਈ ਰੇਲ ਫੜਨੀ ਸੀ। ਸੰਤ ਗੁਰਦੀਪ ਸਿੰਘ ਚੇਤਾ ਅਤੇ ਸ. ਸੁਖਦੇਵ ਸਿੰਘ ਬਾਲੀ ਨਗਰ ਲੀਡਰ ਤੈਨਾਤ ਕੀਤੇ ਗਏ। ...ਪਤਾ ਨਹੀ ਓਥੇ ਕਿੰਨੇ ਦਿਨ ਲੱਗਣ !

### ਸ਼ਹੀਦ ਬਿਸ਼ਨ ਸਿੰਘ ਸਕੂਲ

ਕੰਨਿਆ ਕੁਮਾਰੀ ਦੀ ਗੱਲ ਬਾਤ ਮੁਕਦਿਆਂ ਹੀ ਸ. ਹੰਸਪਾਲ ਨੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਆਲ ਸਕੂਲ ਦੇ ਮਾਨ ਸਰੋਵਰ ਗਾਰਡਨ ਵਾਲੇ ਦੋ ਹਜ਼ਾਰ ਗਜ਼ੇ ਪਲਾਟ ਸਕੂਲ ਵਾਸਤੇ ਸਵਿਸਥਾਰ ਦੱਸ ਕੇ ਉਗਰਾਹੀ ਲਈ ਅਪੀਲ ਕੀਤੀ।

ਸਤਿਗੁਰੂ ਜੀ ਨੇ ਸਮਾ ਦਿਤਾ। ਰਕਮਾਂ ਉਗਰਾਹੀਆਂ ਜਾਣ ਲਗੀਆਂ। ਸਭ ਤੋਂ ਵਧ ਕੇ ਸ. ਹਰਭਜਨ ਸਿੰਘ ਲਖਨਊ ਤੇ ਨਾਮਧਾਰੀ ਏਜੰਸੀਸ ਦੇ ਸ. ਸੇਵਾ ਸਿੰਘ ਤੇ ਸਾਬਕਾ ਸਕੱਤਰ ਗੁਰਭਜਨ ਸਿੰਘ ਅਤੇ ਸੇਠ ਤਰਲੋਕ ਸਿੰਘ ਹੁਰਾਂ ਦੇ ਕੇ ਅਸੀਸ ਪ੍ਰਾਪਤ ਕਰ ਲਈ। ਸ. ਬਖਸ਼ੀਸ਼ ਸਿੰਘ ਸਰਾਜ ਅਤੇ ਸ. ਸੁਲਖਣ ਸਿੰਘ ਸ੍ਰੀ ਨਗਰ ਨੇ ਵੀ ਪੇਸ਼ ਅਦਾਇਗੀ ਕੀਤੀ।

### ਕੰਨਿਆ ਕੁਮਾਰੀ ਬਾਰੇ ਹੋਰ

ਦਿੱਲੀ ਦੇ 50 ਸਰੀਰਾਂ ਨੇ ਆਸਣ, ਗੜਵੇ, ਪਰ੍ਹੋਦੇ, ਮਾਲਾਵਾਂ ਆਦਿ ਨਾਲ 4 ਦਿਨਾਂ ਵਾਸਤੇ ਕੰਨਿਆ ਕੁਮਾਰੀ ਜਾਣਾ ਹੈ। ਸ੍ਰੀ ਸਤਿਗੁਰੂ ਜੀ ਅਤੇ ਹਜ਼ੂਰੀ ਜਥੇ ਦੀ ਗਿਣਤੀ ਇਸ ਤੋਂ ਵਖਰੀ ਹੋਵੇਗੀ। ਸਤਿਗੁਰੂ ਜੀ 17.4.83 ਨੂੰ ਹਵਾਈ ਜਹਾਜ਼ ਰਾਹੀ ਜਾਣਗੇ।



Sri Satguru Jagjit Singh Ji Elibrary NamdhariElibrary@gmail.com

ਸੰਤ ਬਲਵੰਤ ਸਿੰਘ ਬਾਲੀ ਨਗਰ ਵਲੋਂ ਐਲਾਨ ਹੋਇਆ ਕਿ ਉਹ ਕੰਨਿਆਂ ਕੁਮਾਰੀ ਦੇ ਲੰਗਰ ਵਾਸਤੇ ਦੇਸੀ ਘਿਉ ਅਰਦਾਸ ਕਰਵਾਣਗੇ। ਬਾਲੀ ਨਗਰ ਦੇ ਹੀ ਸੰਤ ਮਹਿੰਦਰ ਸਿੰਘ ਨੇ ਬੇਨਤੀ ਕੀਤੀ ਕਿ ਉਹ ਲੰਗਰ ਦੀ ਦਾਲ ਸਬਜ਼ੀ ਦਾ ਪ੍ਰਬੰਧ ਆਪਣੇ ਪੈਸੇ ਨਾਲ ਕਰਨਗੇ।

**ਸ. ਸੁੱਲਖਣ ਸਿੰਘ ਸੂਰ**

ਸ. ਹੰਸਪਾਲ ਨੇ ਐਲਾਨ ਕੀਤਾ ਕਿ ਸ. ਸੁਲੱਖਣ ਸਿੰਘ ਵਾਈਸ ਪ੍ਰੈਜ਼ੀਡੈਂਟ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਮੈਟਰੋਪਾਲਿਟਿਨ ਕੌਂਸਲਰ ਅਗੋਂ ਤੋਂ ਨਾਮਧਾਰੀ ਦਸਤਾਰ ਸਜਾਇਆ ਕਰਨਗੇ।

ਪਰ ਸਤਿਗੁਰੂ ਜੀ ਨੂੰ ਦੂਜੇ ਪਹਿਰਾਵੇ ਲਈ ਵੀ ਮਨਾ ਲਿਆ। ਅਰਥਾਤ ਸੂਰ ਸਾਹਿਬ ਹੁਣ ਨਾਮਧਾਰੀ ਸਰੂਪ ਵਿਚ ਦਰਸ਼ਨ ਦਿਆ ਕਰਨਗੇ।

ਸਤਿਗੁਰੂ ਜੀ ਨੇ ਲਗਭਗ 9 ਵਜੇ ਰਾਤ ਤਕ ਬੈਠ ਕੇ ਦਰਸ਼ਨ ਦਿਤੇ। ਆਪ ਜੀ ਨੇ ਸਵੇਰੇ 5 ਵਜੇ, ਲੁਧਿਆਣਾ ਦੀ ਫਲਾਈਟ ਲਈ ਏਅਰ ਪੋਰਟ ਤੇ ਜਾਣਾ ਹੈ।

**5 ਅਪਰੈਲ 1983, ਮੰਗਲਵਾਰ**
**ਨਵੀਂ ਦਿੱਲੀ**

ਪੂਸਾ ਰੋਡ ਉਤਰਿਆ ਤਾਂ ਪਤਾ ਲਗਾ ਕਿ ਸੇਠ ਤਰਲੋਕ ਸਿੰਘ ਬਿਮਾਰ ਹਨ। ਇਹ ਵੀ ਹੋਲੇ ਤੋਂ ਹੀ ਬੁਖ਼ਾਰੇ ਰਹੇ ਹਨ। ਮੈਂ ਇਹਨਾ ਨਾਲ ਥਾਈਲੈਂਡ ਬਾਰੇ ਵਾਰਤਾ ਕਰਨਾ ਚਾਹੁੰਦਾ ਸਾਂ।

ਫੇਰ ਸਬਬ ਬਣ ਗਿਆ ਜਮਨਾਪਾਰ ਕ੍ਰਿਸ਼ਨਾ ਨਗਰ ਜਾਣ ਦਾ। ਏਥੇ ਮੈਨੂੰ ਸ. ਸੇਵਾ ਸਿੰਘ ਨਾਮਧਾਰੀ ਏਜੰਸੀਜ਼ ਅਤੇ ਨਾਮਧਾਰੀ ਦਰਬਾਰ ਦੇ ਪ੍ਰਧਾਨ ਮਾ: ਨਿਹਾਲ ਸਿੰਘ ਮਿਲ ਪਏ। ਪੌਣੇ ਘੰਟੇ ਦੀ ਮੁਲਾਕਾਤ ਵਿਚ ਗੱਲਾਂ ਸੰਭਾਲਣ ਯੋਗ ਹੋਈਆਂ।

**ਮੋਤੀ ਵਾਲਾ ਜੋਤਸ਼ੀ**

ਮਾਸਟਰ ਜੀ ਨੇ ਦੱਸਿਆ : ਇਕ ਦਿਨ ਮੇਰੀ ਪਤਨੀ ਦੇ ਮਨ ਵਿਚ ਪਤਾ ਨਹੀਂ ਕੀ ਆਇਆ ਕਿ ਉਹ ਮੈਨੂੰ ਦਿੱਲੀ ਦੇ ਇਕ ਪ੍ਰਸਿਧ ਜੋਤਸ਼ੀ ਪਾਸ ਲੈ ਗਈ। ਉਹਨੇ ਜੋਤਸ਼ੀ ਨੂੰ ਪੁਛਿਆ : ਮੇਰੇ ਪਤੀ ਜੀ ਜਿਥੇ ਕੰਮ ਕਰਦੇ ਹਨ, ਓਥੇ ਉਹਨਾਂ ਨੂੰ ਛੁੱਟੀ ਨਹੀਂ ਮਿਲੇਗੀ ? ਜੋਤਸ਼ੀ ਨੇ ਆਪਣਾ ਹਿਸਾਬ ਕਿਤਾਬ ਲਾਕੇ ਮੇਰੇ ਵਲ ਗਹੁ ਨਾਲ ਵੇਖਕੇ ਆਖਿਆ: ਜਿਸ ਪਾਸ ਇਹ ਕੰਮ ਕਰਦੇ ਹਨ, ਉਹ ਅਨੰਤ ਸ਼ਕਤੀਆਂ ਦਾ ਮਾਲਕ ਹੈ। ਉਹਦੀ ਮਹਾਨਤਾ ਗਿਣਤੀਓਂ ਮਿਣਤੀਓਂ ਬਾਹਰੀ ਹੈ। ਉਸ ਪਾਸੋਂ ਦੂਰ ਜਾਉਣਾ ਇਹਨਾਂ ਲਈ ਨੁਕਸਾਨ ਵਿਚ ਹੈ। ਇਹਨਾਂ ਨੂੰ ਉਸੇ ਦੇ ਪਾਸ ਰਹਿਣ ਦਿਓ। ਉਹਨਾਂ ਦੀਆਂ ਖੁਸ਼ੀਆਂ ਲੈਣੇ ਆਉਣਾ ਹੀ ਠੀਕ ਹੈ।

ਜੋਤਸ਼ੀ ਦਾ ਕਹਿਣਾ ਕਿੰਨਾ ਸਾਰਥਕ ਸੀ।



Sri Satguru Jagjit Singh Ji Elibrary NamdhariElibrary@gmail.com

**ਸੇਵਾ ਸਿੰਘ ਹੁਰਾਂ ਦਸਿਆ**

ਮੈਂ ਸ. ਸੇਵਾ ਸਿੰਘ ਹੁਰਾਂ ਨੂੰ ਹੋਲਾ ਸ੍ਰੀ ਅੰਮ੍ਰਿਤਸਰ ਕਲਾਂ ਦੇ ਪੰਡਾਲ ਦੇ ਆਕਾਰ ਬਾਰੇ ਪੁਛਿਆ। ਸ. ਜੀ ਨੇ ਦੱਸਿਆ : ਇਸ ਵਾਰ ਪੰਡਾਲ ਦੋ ਏਕੜ ਥਾਂ ਵਿਚ ਸੀ। ਸੰਗਤ ਇਸ ਵਾਰ ਪਹਿਲੇ ਹੋਲਿਆਂ ਤੋਂ ਕਿਤੇ ਬਹੁਤੀ ਸੀ। 18-20 ਹਜ਼ਾਰ ਦਾ ਇਕਠ ਸਹਿਜ ਸੁਭਾ ਸੀ। ਹੋਲੇ ਵਿਚ ਕਿਸੇ ਨੂੰ ਵੀ, ਕਿਸੇ ਪਰਕਾਰ ਦੀ ਤੰਗੀ ਨਹੀਂ ਹੋਈ। 100 ਛੋਲਦਾਰੀਆਂ ਵੀ ਸਨ।

ਸੇਵਾ ਸਿੰਘ ਹੁਰਾਂ ਦਸਿਆ : ਪੰਡਾਲ ਦਾ ਪ੍ਰਬੰਧ ਮੇਰਾ ਹੀ ਹੁੰਦਾ ਹੈ। ਮੈਂ ਆਪਣੇ ਨਾਲ ਸੰਬੰਧਤ ਦੁਕਾਨਦਾਰਾਂ ਦੀ ਡਿਊਟੀ ਲਗਾਂਦਾ ਹਾਂ ਕਿ ਉਹ ਸਾਡੇ ਹੋਲੇ ਜਾਂ ਮੇਲੇ ਵਿਚ ਪੰਡਾਲ ਦੀ ਵਿਵਸਥਾ ਕਰਨ। ਉਹਨਾਂ ਨੂੰ ਸਿਰਫ਼ ਘਸਾਈ (ਡੈਪ੍ਰੀਸੀਏਸ਼ਨ) ਆਦਿ ਦਾ ਖਰਚ ਅਦਾ ਕਰਦੇ ਹਾਂ, 50,000/- ਤੋਂ ਕੁਛ ਵੱਧ ਹੀ ਖਰਚ ਹੋਣਾ ਸੀ, ਪਰ ਅਸਾਂ ਹੋਲੇ ਵਾਲਿਆਂ ਤੋਂ ਕੇਵਲ 10,000/- ਲਿਆ ਹੈ। ਇਸ ਵਾਰ ਛੀ ਦੁਕਾਨਦਾਰਾਂ ਦਾ ਮਾਲ ਸੀ। ਉਹਨਾਂ ਨੂੰ ਵੰਡ ਕੇ ਰਕਮ ਦਿਤੀ ਹੈ। ਇਕ ਦੀ ਰਕਮ 4000/- ਬਣਦੀ ਸੀ, ਉਸ ਨਾਲ ਗੱਲ ਕੀਤੀ ਤਾਂ ਉਸ ਇਹ ਰਕਮ ਦਾਨ ਕਰ ਦਿਤੀ। ਮੈਂ ਇਹ ਰਕਮ ਦੁਕਾਨਦਾਰ ਵਲੋਂ ਗੁਰੂ ਚਰਨਾਂ ਵਿਚ ਭੇਟ ਕੀਤੀ ਜਾਵੇਗੀ।

ਇਸ ਤਰਾਂ ਪਿਛਲੇ ਅਨੇਕਾਂ ਸਾਲਾਂ ਤੋਂ ਇਹ ਸੇਵਾ ਸ. ਸੇਵਾ ਸਿੰਘ ਕਰਦੇ ਆ ਰਹੇ ਹਨ। ਉਹਨਾਂ ਪਿਛਲੇ ਸਮਿਆਂ ਦੀ ਯਾਦ ਪਟਾਰੀ ਖੋਲ੍ਹ ਧਰੀ। ਮੈਨੂੰ ਦੱਸਿਆ : ਸਤਿਗੁਰੂ ਪ੍ਰਤਾਪ ਸਿੰਘ ਜੀ ਮੈਨੂੰ ਸੇਵਾ ਸਿੰਘ ਤੰਬੂਆਂ ਵਾਲਾ ਸੱਦਿਆ ਕਰਦੇ ਸਨ। ਉਹ ਪੰਡਾਲ ਛੋਲਦਾਰੀਆਂ ਦਾ ਕੰਮ ਮੈਥੋਂ ਹੀ ਕਰਵਾਇਆ ਕਰਦੇ ਸਨ। ਮੈਂ ਪੰਡਾਲ ਛੋਲਦਾਰੀਆਂ ਦਾ ਮਾਲਕ ਨਹੀਂ ਸਾਂ ਕੇਵਲ ਪ੍ਰਬੰਧ ਕਰਦਾ ਸਾਂ।

ਇਕ ਵਾਰ ਮੇਰੇ ਮਨ ਵਿਚ ਆਈ ਕਿ ਜੇ ਇਸ ਕਾਰਨ ਮੈਨੂੰ ਕੁਝ ਲਾਭ ਹੋਵੇ ਤਾਂ ਮੈਂ ਹੀ ਸੇਵਾ ਸੰਭਾਲ ਲਵਾਂ। ਮੈਂ ਕੰਮ ਕਰਦਾ ਰਿਹਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕੀਤੀ ਕਿ ਜੇ ਆਪ ਜੀ ਦੀ ਬਖਸ਼ਿਸ਼ ਹੋਵੇ ਤਾਂ ਵਾਧੂ ਲਾਭ ਮਿਲਣ ਨਾਲ ਮੈਂ ਹੀ ਇਸ ਕਾਰੋਬਾਰ ਵਿਚ ਪੈ ਜਾਵਾਂ। ਅਤੇ ਜਦੋਂ ਮੈਂ ਇਸ ਕੰਮ ਨੂੰ ਹੱਥ ਪਾਇਆ, ਤਿਨ ਗੁਣਾ ਲਾਭ ਹੋ ਗਿਆ। ਸਤਿਗੁਰਾਂ ਕਿਰਪਾ ਕਰ ਦਿਤੀ ਸੀ। ਹੁਣ ਮੇਰੀ ਵਾਰੀ ਸੀ। ਮੇਰਾ ਜੀ ਕਰਦਾ ਹੀ ਰਹਿੰਦਾ ਹੈ, ਮੈਂ ਸਤਿਗੁਰੂ ਜੀ ਦੇ ਹੁਕਮ ਵਿਚ ਰਹਿ ਕੇ ਸੰਗਤ ਦੀ ਸੇਵਾ ਕਰਦਾ ਹੀ ਰਹਾਂ, ਨ ਥੱਕਾਂ ਨ ਰੁੱਕਾਂ !

**7 ਅਪਰੈਲ 1983, ਵੀਰਵਾਰ**
**ਨਵੀਂ ਦਿੱਲੀ**

**ਬੀਬੀ ਕਰਤਾਰ ਕੌਰ**

ਮੈਂ, ਮੇਰੀ ਪਤਨੀ ਤੇ ਪੁਤਰੀ ਕੁਲਵੰਤ ਸੰਤ ਅਵਤਾਰ ਸਿੰਘ ਨਾਮਧਾਰੀ ਪ੍ਰਿੰਟਿੰਗ ਵਰਕਸ ਵਾਲਿਆਂ ਦੇ ਘਰ ਸਾਹਿਬਾਬਾਦ ਵਿਖੇ ਪੁੱਜੇ। ਮਨੋਰਥ ਸੀ ਉਹਨਾਂ ਦੀ ਸੁਖ ਸਾਂਦ ਜਾਨਣੀ ਅਤੇ ਉਨ੍ਹਾਂ ਦੀ ਮਾਤਾ ਬੀਬੀ ਕਰਤਾਰ ਕੌਰ ਨਮਿਤ ਬੁਲਾਉਣਾ।



Sri Satguru Jagjit Singh Ji Elibrary NamdhariElibrary@gmail.com

ਅਵਤਾਰ ਸਿੰਘ, ਬਲਵੰਤ ਸਿੰਘ ਤੇ ਸਵਰਨ ਸਿੰਘ ਆਦਿ ਭਰਾਵਾਂ ਦੀ ਮਾਤਾ ਬੀਬੀ ਕਰਤਾਰ ਕੌਰ ਸੁਪਤਨੀ ਸਵਰਗਵਾਸੀ ਸੰਤ ਹਵੇਲਾ ਸਿੰਘ ਮੰਡੀ, ਦਿੱਲੀ ਵਿਚ ਇਕ ਦਿਨ ਹਸਪਤਾਲ ਦੀ ਸੇਵਾ ਲੈ ਕੇ 28.3.83 ਨੂੰ ਚਲਾਣਾ ਕਰ ਗਏ। ਸਾਧੂ ਸੁਭਾਵੀ ਇਸਤਰੀ ਭਜਨ ਬੰਦਗੀ ਵਿਚ ਮਸਤ ਰਹਿਣ ਵਾਲੀ ਸੀ। ਉਸਨੂੰ ਕਿਸੇ ਪਰਕਾਰ ਦਾ ਸਰੀਰਕ ਜਾਂ ਮਾਨਸਿਕ ਕਸ਼ਟ ਨਹੀ ਸੀ। ਉਹ ਆਪ ਉਮਰੋਂ ਬਿਰਧ ਹੋਣ ਕਰਕੇ ਵੀ ਹੋਲਾ ਮਹੱਲਾ ਅਮ੍ਰਿਤਸਰ ਕਲਾਂ ਵੇਖਣ ਨੂੰ ਉਤਾਵਲੀ ਸੀ ਪਰ ਅਚਾਨਕ ਫਾਲਿਜ ਦਾ ਹਮਲਾ ਹੋ ਗਿਆ। ਇਸ ਦਾ ਉਪਚਾਰ ਕਰਦਿਆਂ ਬਲੱਡ ਪ੍ਰੈਸ਼ਰ ਹਾਵੀ ਹੋ ਗਿਆ। ਇਸ ਨਾਲ ਦਿਮਾਗ ਦੀ ਨਾੜੀ ਫਟ ਗਈ ਤੇ ਹਸਪਤਾਲ ਵਿਚ ਹੀ ਪ੍ਰਾਣ ਪੰਖੇਰੂ ਉਡ ਗਏ। ਵਧੀਆ ਗੱਲ ਤਾਂ ਇਹ ਰਹੀ ਕਿ ਅੰਤ ਸਮੇ ਤਕ ਗੁਰੂ ਚਰਨਾਂ ਵਲ ਧਿਆਨ ਤੇ ਸਾਧ ਸੰਗਤ ਦੇ ਦਰਸ਼ਨਾਂ ਦੀ ਹੀ ਕਾਮਨਾ ਰਹੀ।

ਪਹਿਲਾਂ ਇਹ ਬੀਬੀ ਜੀ ਸੰਤ ਅਵਤਾਰ ਸਿੰਘ-ਬਲਵੰਤ ਸਿੰਘ ਆਦਿ ਭਰਾਵਾਂ ਦੇ ਪਿਤਾ ਸੰਤ ਗੁਰਮੁਖ ਸਿੰਘ ਸ਼ਾਹ ਨਾਲ ਵਿਆਹੇ ਹੋਏ ਸਨ। ਉਨ੍ਹਾਂ ਦੇ ਗੁਜ਼ਰ ਜਾਣ ਪਿਛੋਂ ਇਨ੍ਹਾਂ ਸੰਤ ਹਵੇਲਾ ਸਿੰਘ ਮੰਡੀ (ਹਿਮਾਚਲ) ਨਾਲ ਚਾਦਰ ਅੰਦਾਜ਼ੀ ਕਰ ਲਈ, ਤਾਕਿ ਕੌਲਿਆਂ ਰਹਿ ਕੇ ਭਾਂਤ-ਭਾਂਤ ਦੀਆਂ ਗੱਲਾਂ ਤੋਂ ਬਚਿਆ ਜਾ ਸਕੇ। ਸਤਿਗੁਰਾਂ ਦਾ ਬਚਨ ਵੀ ਮੰਨਿਆ ਜਾਏ ਕੌਲੇ ਨ ਰਹਿਣ ਦਾ। ਇਸ ਸੰਜੋਗ ਵਿਚੋ ਹੇਠ ਲਿਖੀ ਸੰਤਾਨ ਹੋਈ:

1. ਸੰਤ ਜਸਵੰਤ ਸਿੰਘ ਹਲਵਾਈ, ਮੰਡੀ
2 ਸੰਤ ਹਰਭਜਨ ਸਿੰਘ ਟ੍ਰਕਓਨਰ, ਨਾਗਪੁਰ
3. ਸੰਤ ਜਿੰਦਰ ਸਿੰਘ, ਸਾਹਿਬਾਬਾਦ

## ਮਿੱਤਰ ਦਾ ਪੁੱਤਰ ਹਾਦਸੇ ਦਾ ਸ਼ਿਕਾਰ

ਆਪਣੀ ਸੁਪਤਨੀ ਗੁਰਬਚਨ ਕੌਰ ਤੋਂ ਮਾਲੂਮ ਹੋਇਆ ਕਿ ਗੁਰੂ ਘਰ ਦੇ ਪ੍ਰੀਤਵਾਨ, ਮੇਰੇ ਚਿਰ ਪੁਰਾਣੇ ਮਿੱਤਰ, ਸ. ਸੇਵਾ ਸਿੰਘ ਗੁਲਾਟੀ, ਛੱਤਰਪੁਰ (ਮੱਧ ਪ੍ਰਦੇਸ਼) ਵਾਲਿਆਂ ਦਾ ਲੜਕਾ ਤ੍ਰਲੋਕ ਸਿੰਘ 23.3.83 ਨੂੰ ਮੋਟਰ ਹਾਦਸੇ ਦਾ ਸ਼ਿਕਾਰ ਹੋ ਅਕਾਲ ਚਲਾਣਾ ਕਰ ਗਿਆ ਹੈ। ਡਾ. ਅਮਰ ਭਾਰਤੀ ਘਰ ਵਾਪਸ ਆਏ ਤੇ ਅੱਜ ਹੀ ਪਤਾ ਲਗਾ ਕਿ 3.5.83 ਨੂੰ ਉਸ ਨਮਿਤ ਸਧਾਰਨ ਪਾਠ ਦਾ ਭੋਗ ਵੀ ਪਾਇਆ ਗਿਆ ਹੈ।

## ਇਕ ਹੋਰ ਬੀਬੀ ਪੂਰੀ

ਹੋਲਾ ਅਰੰਭ ਹੋਣ ਤੋਂ ਦੋ ਦਿਨ ਪਹਿਲਾਂ ਬੀਬੀ ਈਸ਼ਰ ਕੌਰ ਸੁਪਤਨੀ ਸੰਤ ਭਾਗ ਸਿੰਘ ਸੰਤ ਨਗਰ (ਸਰਸਾ) ਵੀ ਪੂਰੇ ਹੋ ਗਏ ਹਨ। ਸੰਤ ਸੋਹਣ ਸਿੰਘ ਐਲਨਾਬਾਦ ਦੀ ਮਾਤਾ ਬੀਬੀ ਸੰਤਾ ਦੀ ਸੱਸ ਵੀ ਭਜਨ ਬੰਦਗੀ ਕਰਨ ਵਾਲੀ ਸੀ। ਬੀਬੀ ਕਰਤਾਰ ਕੌਰ ਅਤੇ ਬੀਬੀ ਈਸ਼ਰ ਕੌਰ ਨੇ ਵਡੇ ਲੜਕਿਆਂ ਵੱਲ ਸੰਤ ਅਮਰ ਸਿੰਘ ਡਾਬੀ ਵਾਲੇ ਦੀਆਂ ਪੁਤਰੀਆਂ ਨੂੰਹ ਰੂਪ ਵਿਚ ਆਈਆਂ ਸਨ। ਦੋਵੇ ਸੰਬੰਧਣਾਂ ਅੱਗੇ ਪਿੱਛੇ ਪ੍ਰਭੂ ਨੂੰ ਪਿਆਰੀਆਂ ਹੋ ਗਈਆਂ।



Sri Satguru Jagjit Singh Ji Elibrary NamdhariElibrary@gmail.com

8 ਅਪਰੈਲ 1983, ਸ਼ੁਕਰਵਾਰ
ਨਵੀਂ ਦਿੱਲੀ

**ਕੰਨਿਆਂ ਕੁਮਾਰੀ ਕੈਂਸਲ**

ਜਾਂ ਮੈਂ ਐਮ ਸ. ਸੁਰਿੰਦਰ ਸਿੰਘ ਮਨਚੰਦਾ ਨਾਲ ਮੁਲਾਕਾਤ ਤੋਂ ਪੁੱਜ ਕੋਠੀ ਪੂਸਾ ਰੋਡ ਗਿਆ ਤਾਂ ਕੋਠੀ ਵਿਚ ਰਾਜਾ ਸਾਹਿਬ ਫਕੀਰ ਸਿੰਘ ਅਤੇ ਲਾਲ ਜੀ ਨੂੰ ਵੇਖ ਅਗੇ ਲੰਘ ਆਇਆ। ਸ੍ਰੀ ਸਤਿਗੁਰੂ ਜੀ ਦੇ ਪ੍ਰੋਗਰਾਮ ਬਾਰੇ ਜਾਣਨਾ ਚਾਹਿਆ ਤਾਂ ਲਾਲ ਜੀ ਸੰਤੋਖ ਸਿੰਘ ਨੇ ਦੱਸਿਆ : ਸੱਚੇ ਪਾਤਸ਼ਾਹ ਕੰਨਿਆ ਕੁਮਾਰੀ ਨਹੀਂ ਜਾਣਗੇ ਅਤੇ ਨਾ ਹੀ ਨਾਮਧਾਰੀ ਸਾਧ ਸੰਗਤ ਉਥੇ ਪਹੁੰਚੇਗੀ। ਕੰਨਿਆ ਕੁਮਾਰੀ ਦਾ ਸਾਰਾ ਪ੍ਰੋਗਰਾਮ ਹੀ ਕੈਂਸਲ ਹੋ ਗਿਆ ਹੈ। ਸਪਸ਼ਟ ਕਾਰਨ ਦਾ ਅਜੇ ਪਤਾ ਨਹੀਂ।

9 ਅਪਰੈਲ 1983, ਸ਼ਨੀਵਾਰ
ਨਵੀਂ ਦਿੱਲੀ

**ਦੋ ਮਹੀਨੇ ਕਿਤੇ ਨਹੀਂ ਜਾਣਾ**

ਪੁੱਤਰੀ ਕੁਲਵੰਤ ਹਮਰਾਹੀ ਨਾਲ, ਕਰੋਲ ਬਾਗ, ਸੰਤ ਜਸਵੰਤ ਸਿੰਘ ਦਰਜ਼ੀ ਨੂੰ ਦਾਮਾਦ ਕੇਹਰ ਸਿੰਘ ਹਮਰਾਹੀ ਦੇ ਬਸਤਰਾਂ ਬਾਰੇ ਮਿਲਿਆ ਤਾਂ ਉਸਨੇ ਨਵੀਂ ਖਬਰ ਸੁਣਾਈ। ਸ੍ਰੀ ਸਤਿਗੁਰੂ ਜੀ ਨੇ ਲਗਾਤਾਰ ਦੋ ਮਹੀਨੇ ਭੈਣੀ ਸਾਹਿਬ ਰਹਿਣ ਦਾ ਮਨ ਬਣਾ ਲਿਆ ਹੈ। ਏਸੇ ਲਈ ਕੰਨਿਆ ਕੁਮਾਰੀ ਦਾ ਪ੍ਰੋਗਰਾਮ ਵੀ ਰੁਕ ਗਿਆ ਹੈ।

10 ਅਪਰੈਲ 1983, ਐਤਵਾਰ
ਨਵੀਂ ਦਿੱਲੀ

**ਬੀਬੀ ਕਰਤਾਰ ਕੌਰ ਨਮਿਤ ਭੋਗ**

ਸੰਤ ਅਵਤਾਰ ਸਿੰਘ ਭਰਾਵਾਂ ਦੀ ਮਾਤਾ ਕਰਤਾਰ ਕੌਰ ਨਮਿਤ ਸਾਹਿਬਾ ਬਾਦ ਵਿਖੇ ਭੋਗ ਪੈਣਾ ਹੈ। ਮੇਰੀ ਪੁੱਤਰੀ, ਪਤਨੀ ਅਤੇ ਮੈਂ ਸਵੇਰੇ 9 ਵਜੇ ਹੀ ਘਰੋਂ ਨਿਕਲ ਤੁਰੇ। ਜਨਰਲ ਬਸ ਸਟੈਂਡ ਤੇ ਗਿਆਂ ਮੰਡੀ ਹਿਮਾਚਲ ਦੇ ਸੰਤ ਨਰਿੰਦਰ ਸਿੰਘ ਸੰਪਾਦਕ 'ਯੁਗ ਮਰਯਾਦਾ' (ਹਿੰਦੀ) ਪਤਨੀ ਸਮੇਤ, ਚੰਡੀਗੜ੍ਹ ਦੇ ਆਗੂ ਨਾਮਧਾਰੀ ਸੰਤ ਮੰਗਲ ਸਿੰਘ - ਹਰਬੰਸ ਕੌਰ ਮਿਲ ਪਏ। ਇਹ ਵੀ ਏਸੇ ਮਨੋਰਥ ਨਾਲ ਏਨੀ ਦੂਰੋਂ ਚਲ ਕੇ ਆਏ ਸਨ। ਹੋਰ ਅਗੇ ਜੀਵਨ ਨਗਰ ਦੇ ਸੰਤ ਬੀਰਾ ਸਿੰਘ-ਸੱਜਣ ਸਿੰਘ ਬਸ ਵਿਚ ਬੈਠਿਆਂ ਮਿਲ ਪਏ।

**ਦੁਖਦਾਈ ਖਬਰ**

ਇਹੋ ਸੰਤ ਬੀਰਾ ਸਿੰਘ ਸੀ ਜਿਸ ਨੇ ਇਕ ਚਿੱਠੀ ਅੰਮ੍ਰਿਤਸਰ ਕਲਾਂ ਹੁੰਦੇ ਸਮੇਂ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਅਗਲਾ ਹੋਲਾ ਜੀਵਨ ਨਗਰ ਕਰਨ ਵਾਸਤੇ ਸੁਣਾਈ ਸੀ।



Sri Satguru Jagjit Singh Ji Elibrary NamdhariElibrary@gmail.com

ਸਾਹਿਬਾ ਬਾਦ ਵਲ ਜਹਿਜਾਤਰੀ ਬਣੇ ਆਉਂਦਿਆਂ ਨੇ ਮਨ ਤੇ ਭਾਰੀ ਚੋਟ ਲਗਣ ਵਾਲੀ ਖਬਰ ਸੁਣਾਈ। ਸੰਤ ਸ਼ੇਰ ਸਿੰਘ ਜਾਖੀ (45) ਸੰਤ ਨਗਰ (ਸਰਸਾ) 3-4 ਅਪਰੈਲ ਦੀ ਰਾਤ ਨੂੰ ਸਾਥੋਂ ਸਦਾ ਲਈ ਵਿਛੜ ਗਿਆ ਹੈ। ਸ਼ੇਰ ਸਿੰਘ ਬਹੁਤ ਚੰਗਾ ਆਦਮੀ ਸੀ ਤੇ ਗੁਰੂ ਘਰ ਦਾ ਬੇਦਾਮ ਗੁਲਾਮ !

ਅੱਜ ਕੱਲ ਸੰਤ ਸ਼ੇਰ ਸਿੰਘ ਦੀ ਦੇਖ ਰੇਖ ਵਿਚ ਨਵੇਂ ਸਿਰਿਓਂ ਘੋੜ ਸਾਲਾ ਜਥੇਬੰਦ ਕੀਤੀ ਜਾ ਰਹੀ ਸੀ। ਰੇਸ ਵਾਲੇ ਘੋੜਿਆਂ ਬਾਰੇ ਉਹ ਸਭ ਤੋਂ ਸਿਆਣਾ ਵਿਅਕਤੀ ਸੀ, ਸਤਿਗੁਰੂ ਜੀ ਦੀ ਆਗਿਆ ਵਿਚ ਰਹਿ ਕੇ ਸੇਵਾ ਕਰਨ ਵਾਲਾ। ਉਹਦੇ ਚਲਾਣੇ ਨਾਲ ਇਸ ਦੇ ਪਰਵਾਰ ਨੂੰ ਤਾਂ ਨਾ ਪੂਰਿਆਂ ਹੋਣ ਵਾਲਾ ਘਾਟਾ ਪੈਣਾ ਹੀ ਸੀ ਪਰ ਜੀਵਨ ਨਗਰ ਵਿਚ ਘੋੜ ਸਾਲਾ ਨਾਲ ਸੰਬੰਧਤ ਸੱਜਣਾਂ ਨੂੰ ਵੀ ਉਹਦਾ ਸਵਰਗ ਸਿਧਾਰਨਾ ਬੜਾ ਨੁਕਸਾਨਦੇਹ ਹੋਵੇਗਾ।

### ਜੀਵਨ ਨਗਰ ਹੋਲੇ ਦੀ ਤਿਆਰੀ

ਚੰਗਾ ਸਿੰਘ ਨੇ ਕੁਝ ਗੱਲਾਂ ਹੋਣ ਵਾਲੇ ਹੋਲੇ ਬਾਰੇ ਦੱਸੀਆਂ। ਜਿਵੇਂ ਕਿ ਕਣਕ ਇਕੱਤਰ ਹੋ ਗਈ ਹੈ ਅਤੇ ਕੁਝ ਨਕਦ ਦੀ ਉਗਰਾਹੀ ਕੀਤੀ ਹੈ। ਇਕੱਲੇ ਸੰਤ ਕਿਰਪਾਲ ਸਿੰਘ ਨਾਰਲੀ ਤੇ ਉਹਦੇ ਸਪੁੱਤਰ ਸ. ਹਰਮੀਤ ਸਿੰਘ ਨੇ ਕਾਫੀ ਰਕਮ ਹੋਲੇ ਵਾਸਤੇ ਦਿਤੀ ਹੈ। ਸ. ਚੰਨਣ ਸਿੰਘ ਬਰਾੜ, ਸ. ਸੁਰਜਨ ਸਿੰਘ ਢੇਟੀਆਂ ਨੇ ਕਣਕ ਅਤੇ ਨਕਦੀ ਦਿਤੀ ਹੈ। ਨੰਬਰਦਾਰ ਅਮਰ ਸਿੰਘ ਨੇ ਵੀ ਨਕਦ ਜਮਾਂ ਕਰਵਾਇਆ ਹੈ। ਉਸਨੇ ਨਾਮ ਤਾਂ ਵੱਡੀਆਂ ਰਕਮਾਂ ਵਾਲਿਆਂ ਦੇ ਹੋਰ ਵੀ ਦੱਸੇ ਪਰ ਉਹ ਲਿਖਣ ਵੇਲੇ ਤਕ ਯਾਦ ਨਹੀਂ ਰਹੇ। ਸੰਤਾਂ ਵਾਲੀ ਦੇ ਸਿੰਘਾਂ ਵੀ ਵਧ ਚੜ੍ਹ ਕੇ ਹਿਸਾ ਪਾਇਆ ਹੈ।

### ਸਾਹਿਬਾ ਬਾਦ ਵਿਖੇ ਭੋਗ

ਸਾਹਿਬਾ ਬਾਦ ਵਿਖੇ ਸਜੇ ਪੰਡਾਲ ਵਿਚ ਜਥੇਦਾਰ ਸੇਵਾ ਸਿੰਘ ਹੁਰਾਂ ਬਹੁਤ ਪ੍ਰਭਾਵਸ਼ਾਲੀ ਕੀਰਤਨ ਕੀਤਾ। ਬੀਬੀ ਕਰਤਾਰ ਕੌਰ ਦੇ ਬਹੁਤ ਸਾਰੇ ਸੰਬੰਧੀ ਏਥੇ ਇਕੱਤਰ ਸਨ। ਬੀਬੀ ਜੀ ਦਾ ਬਜ਼ੁਰਗ ਭਾਈ ਸੇਠ ਕਰਤਾਰ ਸਿੰਘ ਚਾਵਲਾ, ਸ. ਅਜੀਤ ਸਿੰਘ ਸੇਠੀ, ਸੰਤ ਨਰੈਣ ਸਿੰਘ ਨਰੂਲਾ, ਬੀਬੀ ਸੁਰਜੀਤ ਕੌਰ (ਸਾਰੇ ਪੰਜੌਰ ਤੋਂ), ਸ. ਮਹਿੰਦਰ ਸਿੰਘ, ਸ. ਸੁਰਿੰਦਰ ਸਿੰਘ, ਸ. ਅਜੀਤ ਸਿੰਘ, (ਤਿੰਨੇ ਡੇਰਾ ਡਾਲਟਨ ਗੰਜ ਤੋਂ), ਸ. ਕਪੂਰ ਸਿੰਘ, ਸ. ਕੁਲਦੀਪ ਸਿੰਘ ਕਾਨਪੁਰ ਤੇ ਲਖਨਊ, ਦਿੱਲੀ, ਓਖਲਾ ਬਾਦ ਤੋਂ ਸਭ ਸੰਬੰਧੀ। ਚੰਗਾ ਇਕੱਠ, ਵਧੀਆ ਲੰਗਰ, ਅਤੇ ਧਰਮ ਕਾਰਜਾਂ ਲਈ 1100/- ਅਤੇ ਨਾਲ ਹੀ ਐਲਾਨ ਕਿ ਬੀਬੀ ਕਰਤਾਰ ਕੌਰ ਜੀ ਦੀ ਇਛਾ ਅਨੁਸਾਰ ਸ੍ਰੀ ਭੈਣੀ ਸਾਹਿਬ ਵੀ ਇਕ ਨਮਿਤ ਮੇਲਾ ਕਰਵਾਇਆ ਜਾਵੇਗਾ। ਬੀਬੀ ਜੀ ਦੇ ਸਪੁਤਰਾਂ ਸੰਤ ਅਵਤਾਰ ਸਿੰਘ, ਸੰਤ ਬਲਜੀਤ ਸਿੰਘ, ਸੰਤ ਸਵਰਨ ਸਿੰਘ ਅਤੇ ਸ. ਹਰਬੰਸ ਸਿੰਘ ਆਦਿ ਭਰਾਵਾਂ ਨੇ ਆਏ ਗਏ ਸਭ ਦੀ ਯਥਾ ਯੋਗ ਸੇਵਾ ਕੀਤੀ। ਨਮਿਤ ਭੋਗ ਦੀ ਕਾਰਵਾਈ ਮੇਲੇ ਦੇ ਰੂਪ ਵਿਚ ਸਮਾਪਤ ਹੋਈ।



Sri Satguru Jagjit Singh Ji Elibrary NamdhariElibrary@gmail.com

### 12 ਅਪਰੈਲ 1983, ਮੰਗਲਵਾਰ
### ਨਵੀ ਦਿੱਲੀ

ਮਾ. ਨਿਹਾਲ ਸਿੰਘ ਜੀ ਦੀ ਇਕ ਭੂਮਿਕਾ ਲਿਖ ਕੇ, ਉਹਨਾਂ ਦਾ ਸਤਿਕਾਰ ਕਰਦਿਆਂ, ਅੱਜ ਹੀ ਉਨ੍ਹਾਂ ਦੇ ਨਿਵਾਸ ਸਥਾਨ ਰਾਮ ਨਗਰ, ਕ੍ਰਿਸ਼ਨਾ ਨਗਰ, ਜਮਨਾ ਪਾਰ ਪੁਜਾ। ਵਾਪਸੀ ਤੇ ਹਮਰਾਹੀ ਪਰਵਾਰ ਦੇ ਬਸਤਰਾ ਲਈ ਕਰੋਲ ਬਾਗ ਸੰਤ ਜਸਵੰਤ ਸਿੰਘ ਦਰਜ਼ੀ ਪਾਸ ਗਿਆ। ਏਥੇ ਮੈਨੂੰ ਸ. ਅਜੀਤ ਸਿੰਘ ਸੇਠੀ ਅਤੇ ਸੰਤ ਨਰਾਇਣ ਸਿੰਘ ਮਿਲੇ ਜਿਨ੍ਹਾਂ ਤੋਂ ਮੈ ਬੈਂਕਾਕ ਦੀ ਸੰਗਤ ਦੀ ਪਾਟੋਧਾੜ ਦੀ ਥਾਂ ਏਕਤਾ ਦਾ ਘਟਨਾ ਕ੍ਰਮ ਸੁਣਿਆ। ਇਹ ਸਤਿਗੁਰੂ ਜੀ ਦੀ ਕਿਰਪਾ ਹੀ ਜਾਪਦੀ ਹੈ, ਨਹੀ ਤਾਂ ਵਾਹ ਕੋਈ ਨਹੀ ਸੀ। ਦੋਵੇਂ ਜਣੇ ਹੀ ਸਤਿਗੁਰੂ ਦੀ ਕ੍ਰਿਪਾ ਤੋਂ ਮੁਤਾਸਰ ਸਨ।

**ਕੁਦਰਤ ਦੀ ਕਰੋਪੀ**

ਅਜ ਸਾਰਾ ਦਿਨ ਹੀ ਬਰਸਾਤੀ ਰਿਹਾ। ਕਾਫ਼ੀ ਮੀਂਹ ਵਰਸਿਆ। ਸਿਆਣੇ ਸ਼ਹਿਰੀ ਚਿੰਤਤ ਹਨ ਕਿ ਏਸ ਹਾਲ ਵਿਚ ਖੇਤੀ ਬਾੜੀ ਦਾ ਕੀ ਬਣੇਗਾ। ਜੇ ਹਾੜੀ ਖੇਤਾਂ ਵਿਚੋਂ ਕਿਸਾਨ ਕੱਟ ਹੀ ਨ ਸਕੇ, ਜੇ ਕੱਟੀ ਗਈ ਤਾਂ ਸੰਭਾਲ ਨ ਸਕੇ ਤਾਂ ਦੇਸ਼ ਦਾ ਕੀ ਬਣੂੰ ! ਪਿਛਲੇ ਹਫਤੇ ਤੋਂ ਰੋਜ਼ਾਨਾ ਕਿਸੇ ਨ ਕਿਸੇ ਮੌਕੇ ਤਕੜਾ ਮੀਂਹ ਬਰਸ ਜਾਂਦਾ ਹੈ। ਅੱਜ ਤਾਂ ਜਾਪਿਆ ਹੀ ਨਹੀ ਕਿ ਅਸੀ ਵੈਸਾਖ ਦੇ ਮਹੀਨੇ ਦੀ ਸੰਗਰਾਂਦ ਦੇ ਨੇੜੇ ਹਾਂ।

### 13 ਅਪਰੈਲ 1983, ਬੁਧਵਾਰ
### ਨਵੀ ਦਿੱਲੀ

**ਰਾਜੀਵ ਗਾਂਧੀ ਨੂੰ ਸਮਰਥਨ**

ਸਵੇਰੇ 9 ਕੁ ਵਜੇ ਰਮੇਸ਼ ਨਗਰ ਪਹੁੰਚਾ ਤਾਂ ਨਾਮਧਾਰੀ ਧਰਮਸਾਲਾ ਵਿਚ ਕੁਝ ਵਧੇਰੇ ਹੀ ਰੌਣਕ ਸੀ। ਥੋੜੇ ਚਿਰ ਪਿਛੋਂ ਸ. ਬਲਦੇਵ ਸਿੰਘ ਛਾਨਾ ਮਿਲਿਆ। ਉਸ ਤੋਂ ਪਤਾ ਲਗਾ ਕਿ ਸ੍ਰੀ ਰਾਜੀਵ ਗਾਂਧੀ ਨੂੰ ਸਮਰਥਨ ਹਿਤ ਨੌਜਵਾਨ ਰੈਲੀ ਹੋ ਰਹੀ ਹੈ। ਉਸ ਵਿਚ ਸਹਿਯੋਗ ਦੇਣ ਜਾਣਾ ਹੈ। ਨਾਮਧਾਰੀ ਕਾਲੋਨੀ ਦੇ ਨੌਜਵਾਨ ਟ੍ਰਕਾਂ ਵਿਚ ਲੱਦੇ ਹੋਏ ਹਨ। ਇਹ ਵੀ ਮਾਲੂਮ ਹੋਇਆ ਕਿ 8-10 ਟ੍ਰਕ ਨਾਮਧਾਰੀ ਜਵਾਨਾਂ ਦੇ ਲੱਦੇ ਹੋਏ ਜੀਵਨ ਨਗਰ ਵਲੋਂ ਰੈਲੀ ਵਿਚ ਭਾਗ ਲੈਣ ਆਏ ਹਨ।

**ਫਿਰ ਕੰਨਿਆ ਕੁਮਾਰੀ ਨੂੰ**

ਸ. ਹਰਮੀਤ ਸਿੰਘ ਥੇਹਾ 'ਬਾਬੂ ਸਤਿਗੁਰ ਦਾਂ' ਮਿਲਿਆ ਤਾਂ ਉਸ ਦੱਸਿਆ, ਭਾਵੇ ਸਤਿਗੁਰੂ ਜੀ ਦਾ ਆਪਣਾ ਪ੍ਰੋਗਰਾਮ ਕੰਨਿਆਂ ਕੁਮਾਰੀ ਜਾਣ ਦਾ ਖ਼ਤਮ ਹੋ ਗਿਆ ਹੈ ਪਰ ਦਿੱਲੀ ਵਿਚੋਂ ਉਹ ਖੁਦ ਅਤੇ ਉਹਦੇ ਨਾਲ ਕਿਸੇ ਵਿਅਕਤੀ ਕੰਨਿਆਂ ਕੁਮਾਰੀ ਨੂੰ ਜਾ ਰਹੇ ਹਨ। ਇਹ 15.4.83 ਨੂੰ 9 ਵਜੇ ਦੀ ਗੱਡੀ ਤੇ ਚੜ੍ਹਨਗੇ ਅਤੇ 17 ਨੂੰ ਕੰਨਿਆ



Sri Satguru Jagjit Singh Ji Elibrary NamdhariElibrary@gmail.com

ਕੁਮਾਰੀ ਪਹੁੰਚਣਗੇ। ਇਹ ਆਪਣੀ ਨਾਮਧਾਰੀ ਮਰਿਆਦਾ ਅਨੁਸਾਰ ਜੀਵਨ ਯਾਪਨ ਕਰਨਗੇ।

1. ਸੰਤ ਦਿਆਲ ਸਿੰਘ ਫਗਵਾੜਾ
2. ਪੰ. ਹਰਿ ਭਜਨ ਸਿੰਘ ਕੈਲਾਂ ਵਾਲੇ (ਸੰਗਰੂਰ)
3. ਉਪ੍ਰੋਕਤ ਸੱਜਣ ਦਾ ਇਕ ਸੇਵਕ
4. ਸੰਤ ਬਲਵੰਤ ਸਿੰਘ ਬਾਲੀ ਨਗਰ
5. ਸੰਤ ਬਲਵੰਤ ਸਿੰਘ ਸੇਖੀ ਤੇ ਸੋਢੀ
6. ਸੰਤ ਹਰਮੀਤ ਸਿੰਘ ਢੇਡਾ ਨਾਮਧਾਰੀ ਕਾਲੋਨੀ
7. ਸੰਤ ਸਵਰਨ ਸਿੰਘ ਸੋਢੀ ਨੌਕਰੀਆਂ
8. ਲਾਂਗਰੀ ਸਿੰਘ
9. ਲਾਂਗਰੀ ਸਿੰਘ
10. ਲਾਂਗਰੀ ਸਿੰਘ

ਪ੍ਰਤੀਤ ਹੁੰਦਾ ਹੈ ਕਿ ਕੰਨਿਆਂ ਕੁਮਾਰੀ ਕੰਮ ਦਾ ਪ੍ਰਬੰਧ ਸੰਤ ਦਿਆਲ ਸਿੰਘ ਫਗਵਾੜਾ ਦੁਆਰਾ ਹੋਵੇਗਾ। ਹੋਲਾ ਸ੍ਰੀ ਅੰਮ੍ਰਿਤਸਰ ਕਲਾਂ ਵਿਚ ਵੀ ਵੇਖਿਆ ਹੈ ਕਿ ਜਿਨ੍ਹਾਂ ਨੇ ਹਵਨ ਚੰਗਾ ਕੀਤਾ, ਜਾਂ ਹੋਰ ਪ੍ਰਬੰਧ ਆਦਿ ਲਈ ਕਰਾਇਆ ਖਰਚਾ ਇਸ ਰਾਹੀ ਦਿਵਾਇਆ ਗਿਆ। ਉਂਜ ਇਹ ਜਿਥੇ ਸਤਿਗੁਰੂ ਜੀ ਦੀ ਇਛਾ ਹੋਵੇ ਜਾਂ ਸਕੱਤਰ ਤਰਸੇਮ ਸਿੰਘ ਦੇ ਸਹਿਯੋਗੀ ਦੇ ਰੂਪ ਵਿਚ, ਜਿਥੇ ਜਰੂਰਤ ਹੋਵੇ, ਉਥੇ ਜਾਂਦਾ ਹੈ।

### ਭੈਣ ਦਾ ਫ਼ਿਕਰ

ਬਾਅਦ ਦੁਪਹਿਰ ਬੀਬੀ ਬਲਬੀਰ ਕੌਰ (45) ਸਪੁਤਰੀ ਸੰਤ ਮੰਗਲ ਸਿੰਘ ਲਾਇਲਪੁਰੀ ਅਤੇ ਉਸਦਾ ਸਵਾਮੀ ਸ. ਸਵਰਨ ਸਿੰਘ ਸ਼ਾਸਤਰੀ ਨਗਰ ਵਾਲੇ ਬਾਲੀ ਨਗਰੋਂ ਆਪਣੇ ਟੈਂਪੂ ਉਤੇ ਸਾਡੇ ਘਰ ਆਏ। ਬੀਬਾਂ ਮੇਰੇ ਹੱਥਾਂ ਵਿਚ ਹੀ ਜੰਮੀ ਪਲੀ ਤੇ ਵੱਡੀ ਹੋਈ ਹੈ। ਗੁਰੂ ਘਰ ਨਾਲ ਉਹਦੀ ਮਨੋ ਤਕੜੀ ਸਾਂਝ ਹੈ, ਮੇਰੇ ਆਦਰ ਵਿਚ ਵੀ ਉਸ ਕਦੇ ਕੋਈ ਕਸਰ ਨਹੀ ਛੱਡੀ।

ਗੱਲ ਬਾਤ ਦੌਰਾਨ ਬੀਬੀ ਬਲਬੀਰ ਨੇ ਦੱਸਿਆ , ਸਾਡਾ ਕਰਤਾਰ (ਉਹਦਾ ਛੋਟੇ ਥਾਂਵੇਂ ਭਰਾ) ਉਤੋੜਿਤੀ ਮੁਸ਼ਕਲਾਂ ਦਾ ਸ਼ਿਕਾਰ ਹੁੰਦਾ ਚਲਿਆ ਆ ਰਿਹਾ ਹੈ। ਇੱਕ ਬੱਚਾ ਮਾਂ ਦੇ ਪੇਟ ਅਧੂਰਾ ਚਲਾ ਗਿਆ। ਦੂਜਾ ਪੰਜ ਸਾਲ ਦੀ ਉਮਰੇ ਖੇਲ ਖਲੋਤਿਆਂ ਕਾਰ ਹਾਦਸੇ ਦਾ ਸ਼ਿਕਾਰ ਹੋ ਗਿਆ, ਫਿਰ 5 ਸਾਲ ਬਿਮਾਰ ਰਹਿਕੇ ਪਤਨੀ ਚਲ ਵਸੀ। ਹੁਣ ਉਸਦੀ ਛੋਟੀ ਲੜਕੀ ਨੇ ਸਾਰੇ ਪਰਵਾਰ ਤੋਂ ਹਿਸਾਬ ਕਿਤਾਬ ਲੈਣਾ ਸ਼ੁਰੂ ਕੀਤਾ ਹੋਇਆ ਹੈ, ਮੂੰਹ ਦੇ ਕਾਲਾ ਹੋਈ ਪਈ ਹੈ। ਉਸਦੇ ਵੀ ਵਾਪਸ ਮੁੜਨ ਦੀ ਉਮੀਦ ਕੋਈ ਨਹੀ, ਹੁਣ ਹਸਪਤਾਲ ਵਿਚ ਹੈ।

'ਉਸਦੀ ਤੇ ਪਹਿਲੇ ਬੱਚਿਆਂ ਦੀ ਰੱਖਿਆ ਲਈ ਕਰਤਾਰ ਸਿੰਘ ਨੇ ਖਰਚ ਅਤੇ ਖੇਚਲ ਵਲੋਂ ਕੋਈ ਕਸਰ ਨਹੀ ਛੱਡੀ। ਹਜ਼ਾਰਾਂ ਰੁਪੈ ਦੇ ਦਰੋਗ ਹੋਵੇ ਲਾਏ ਸੂ। ਪਰ ਇਕ ਖਰਚ ਕਰਨ ਵਾਲਾ ਹੈ, ਉਹ ਨਹੀ ਕਰਦਾ।"



Sri Satguru Jagjit Singh Ji Elibrary NamdhariElibrary@gmail.com

ਉਹ ਐਸਾ ਕਿਹੜਾ ਖਰਚ ਹੈ? ਮੇਰੇ ਪੁਛਣ ਤੇ ਬੀਬੀ ਨੇ ਇਕ ਵਾਰਤਾ ਸੁਣਾਈ : ਸਾਡੇ ਪਿਤਾ (ਸੰਤ ਮੰਗਲ ਸਿੰਘ ਲਾਇਲਪੁਰੀ) ਜੀ ਨੇ ਮੈਨੂੰ ਵਿਚ ਜਾਮਣ ਲੈਕੇ ਅਤੇ ਅਰਦਾਸਾ ਕਰਵਾਕੇ ਕਰਤਾਰ ਸਿੰਘ ਨੂੰ ਪ੍ਰੈਸ ਦੇਇਆ ਸੀ। ਇਸਦਾ 2500/- ਮੁਲ ਪਾਕੇ ਛੋਟੇ ਪੁਤਰ (ਕਰਤਾਰ ਸਿੰਘ) ਨੂੰ ਕਿਹਾ ਸੀ ਕਿ ਜੇ ਉਹ ਮਰ ਜਾਣ ਤਾਂ ਇਹ ਰਕਮ ਉਨ੍ਹਾਂ ਦੀ ਮਾਤਾ (ਰਾਜ ਕੌਰ) ਨੂੰ ਦਿਤੀ ਜਾਵੇ। ਜੇ ਉਹ ਵੀ ਨਾ ਰਹੇ ਤਾਂ ਉਨ੍ਹਾਂ ਦੇ ਪਿਤਾ (ਸੰਤ ਮੁਲਖਾ ਸਿੰਘ ਕੀਰਤਨ ਗੜ੍ਹ) ਦੇ ਹਵਾਲੇ ਕੀਤੀ ਜਾਵੇ। ਅਤੇ ਜੇ ਸਬੱਬ ਨਾਲ ਉਹ ਵੀ ਨਾ ਰਹੇ ਤਾਂ ਇਹ ਰਕਮ 2500/- ਸਤਿਗੁਰਾਂ ਦੀ ਭੇਟਾ ਕੀਤੀ ਜਾਵੇ। ਸੰਤ ਇਕ ਦੋ ਮਹੀਨੇ ਪਿਛੋਂ ਹੀ ਪੂਰੇ ਹੋ ਗਏ। ਕਰਤਾਰ ਸਿੰਘ ਨੇ ਇਹ ਰਕਮ ਨ ਸੰਤਾਂ ਦੀ ਮਾਤਾ ਨੂੰ ਦਿਤੀ, ਨ ਪਿਤਾ ਨੂੰ, ਉਹ ਦੋਵੇ ਪੂਰੇ ਹੋ ਗਏ ਅਤੇ ਨਾ ਹੀ ਸਤਿਗੁਰਾਂ ਨੂੰ ਭੇਟ ਕੀਤੀ। ਮੇਰੇ ਖਿਆਲ ਵਿਚ ਇਹ ਸਾਰੀਆਂ ਮੁਸੀਬਤਾਂ ਏਸੇ ਕਰਕੇ ਹਨ। ਮੈਨੂੰ ਸੁਪਨੇ ਵਿਚ ਮਿਲ ਕੇ ਸੰਤ (ਪਿਤਾ ਜੀ) ਉਸ ਰਕਮ ਬਾਰੇ ਪੁਛਦੇ ਰਹੇ ਹਨ। ਮੈ ਕਰਤਾਰ ਨੂੰ ਕਿਨੀ ਵਾਰ ਹੀ ਯਾਦ ਕਰਵਾਇਆ ਪਰ ਉਹ ਬੇਪਰਵਾਹੀ ਵਖਾਲ ਦਿੰਦਾ ਹੈ, 'ਕੋਈ ਨਹੀ, ਵੇਖੀ ਜਾਵੇਗੀ' ਉਹਦਾ ਜਵਾਬ ਹੁੰਦਾ। ਅਸਲ ਵਿਚ ਉਹ ਗੁਰੂ ਘਰ ਨੂੰ ਰਕਮ ਦੇਣ ਦੀ ਥਾਂ ਇਹਨੂੰ ਘਰ ਦੀ ਸੇਵਾ ਵਿਚ ਲਗੀ ਸਮਝ ਰਿਹਾ ਹੈ।

ਬੀਰ੍ਹਾਂ ਨੇ ਗੱਲ ਅੱਗੇ ਤੋਰੀ : ਮੈ ਚਾਰ ਛੇ ਵਾਰ ਪੁਛ ਕੇ ਅੰਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਵਿਚ ਸਾਰੀ ਅਰਜ ਗੁਜ਼ਾਰੀ ਅਤੇ ਆਪਣੇ ਲਈ ਬਖਸ਼ਸ਼ ਮੰਗੀ। ਆਪਣੀ ਜੁਆਨੀ ਅਤੇ ਭਾਗਵੰਤੀ (ਮਾਂ) ਲਈ ਖਿਮਾ ਮੰਗੀ। ਸਤਿਗੁਰਾਂ ਮੇਰੀ ਬੇਨਤੀ ਪਰਵਾਨ ਕਰ ਲਈ। ਬਚਨ ਕੀਤਾ : ਅਗੋ ਤੋ ਤੇਰਾ ਇਸ ਰਕਮ ਨਾਲ ਕੋਈ ਵਾਸਤਾ ਨਹੀ। ਮੈ ਜਾਣਾ ਜਾਂ ਕਰਤਾਰ ਜਾਣੇ। ਮੈਨੂੰ ਤਾਂ ਕਦੇ ਉਸ ਪਿਛੋਂ ਸੰਤਾਂ ਨੇ ਸੁਪਨੇ ਵਿਚ ਵਖਾਲੀ ਨਹੀ ਦਿਤੀ, ਜੋ ਕੁਝ ਕਰਤਾਰ ਨੂੰ ਭੁਗਤਣਾ ਪੈ ਰਿਹਾ ਹੈ, ਸਭ ਦੇ ਸਾਹਮਣੇ ਹੈ।

ਥੋੜਾ ਰੁਕ ਰੁਕ ਕੇ ਬੀਬੀ ਨੇ ਇਹ ਵੀ ਦੱਸਿਆ: ਕੀਤੇ ਅੰਤਰਵਾਕ ਕਰਤਾਰ ਸਿੰਘ ਦੀ ਗੁਜ਼ਰ ਚੁਕੀ ਘਰਵਾਲੀ ਬਾਰੇ, ਸਾਲ ਪਿਛੋਂ ਪੈਣ ਵਾਲੇ ਭੋਗ ਨੂੰ ਪਹਿਲਾਂ ਹੀ ਪਾ ਦਿਤਾ ਗਿਆ ਹੈ। 17-4-83 ਨੂੰ ਸ. ਮੇਲਾ ਸਿੰਘ ਲਖਮਰ੍ਹੀ ਵਾਲੇ ਦੀ ਲੜਕੀ ਰਾਜ ਨਾਲ ਕਰੇਵਾ ਕਰਨਾ ਹੈ। ਮੈਨੂੰ ਫਿਕਰ ਹੈ ਜੇ ਕਰਤਾਰ ਸਿੰਘ ਨੇ ਗੁਰੂ ਕੀ ਰਕਮ ਦੀ 2500/- ਅਦਾ ਨ ਕੀਤੀ ਤਾਂ ਉਹੋ...

## ਜਗਦੀਸ਼ ਸਿੰਘ ਦੀ ਚਿੱਠੀ

ਅਜ ਹੀ ਜਲੰਧਰੋ ਸ. ਜਗਦੀਸ਼ ਸਿੰਘ ਸੰਪਾਦਕ 'ਵਰਿਆਮ' ਦੀ ਇਕ ਚਿਠੀ ਮਿਲੀ। ਜਿਸਦਾ ਕੁਝ ਅੰਸ਼ :

"ਹੁਣ ਅੰਮ੍ਰਿਤਸਰ ਵੈਸਾਖੀ ਜਾਕੇ ਸਤਿਗੁਰੂ ਦਰਸਨ ਪਰਸਨ ਦਾ ਪ੍ਰੋਗਰਾਮ ਹੈ। ਪਰ ਵਿਸਾਖੀ ਤੇ ਸਤਿਗੁਰਾਂ ਦਾ ਆਉਣਾ ਕੁਝ ਔਖੀ ਲਗਦਾ ਹੈ। ਹਾਲਾਤ ਕੁਝ ਐਸੇ ਹਨ। ਉਧਰ ਜੰਮੂ ਵਾਲੇ ਵਿਸਾਖੀ ਦੇ ਮੇਲਖਾਨਾਂ ਚ ਕਰਤਾਰ ਸਿੰਘ ਬਾਤੀਆਂ ਵਾਲਿਆਂ ਦੀ ਵਰਕਸ਼ਾਪ ਸੜ ਗਈ ਹੈ। ਇਹ ਚਰਨ ਸਿੰਘ ਦੇ ਮਾਮਾ ਜੀ ਹਨ। ਵਰਕਸ਼ਾਪ ਵਿਚ ਹੀ



Sri Satguru Jagjit Singh Ji Elibrary NamdhariElibrary@gmail.com

ਚਰਨ ਸਿੰਘ ਦਾ ਨਵਾਂ ਟ੍ਰਕ ਸੀ, ਸੁਣਿਆ ਹੈ, ਸੜ ਗਿਆ ਹੈ। ਅਜੇ ਬਾੜੀ ਨਹੀਂ ਸੀ ਘਟੀ ਹੋਈ। ਆਰਥਕ ਹਾਲਤ ਚਰਨ ਸਿੰਘ ਦੀ ਵੀ ਮੇਰੇ ਵਰਗੀ ਹੈ। ਬਾਕੀ ਕਰਮ ਸਿੰਘ ਦੀ ਬਹਾਲੀ ਦਾ ਚੱਕਰ ਹੈ। ਵਸਾਖੀ ਦੀ ਮੇਜ਼ਬਾਨੀ ਦਾ ਪਤਾ ਨਹੀਂ ਕੀ ਬਣਿਆ ਹੈ। ਕੁਝ ਉੱਦਮ ਤਾਂ ਕਰਨਗੇ ਹੀ।"

15 ਅਪਰੈਲ 1983, ਸ਼ੁਕਰਵਾਰ
ਭੁੰਤਰ (ਕੁੱਲੂ), ਹਿ: ਪ੍ਰ:

ਮੇਰੀ ਤੀਜੀ ਪੋਤਰੀ ਕੁਲਵੰਤ, ਮਾਰਚ ਦੀ 18 ਤਾਰੀਖ਼ ਦੀ ਪਹਾੜ ਚੜ੍ਹਕੇ ਹਰਿਆਣੇ ਦੇ ਕਸਬਾ ਰਾਣੀਆਂ, ਸੰਤ ਨਗਰ, ਬੁਢੀਮਾੜੀ ਅਤੇ ਅੰਮ੍ਰਿਤਸਰ ਵਲਾਂ ਦੇ ਤੀਜੇ ਹੋਲੇ ਵਾਸਤੇ ਆਈ ਹੋਈ ਸੀ। ਉਹ ਏਥੇ ਆਪਣੇ ਬੱਚਿਆਂ ਨਾਲ ਦਿੱਲੀ ਸਾਡੇ ਘਰ ਪਹੁੰਚੀ। ਅਤੇ ਕਲ੍ਹ ਮੈਂ ਇਹਨਾਂ ਸਜਨਾਂ ਨੂੰ ਲੈ ਚੰਡੀਗੜ੍ਹ ਪਹੁੰਚਾ। ਏਥੇ ਆਪਣੇ ਲੜਕੇ ਦੇ ਮਿਤਰ ਭਰਾ ਸ. ਗੁਰਦੀਪ ਸਿੰਘ ਬਲ ਐਸ.ਆਈ. ਨੂੰ ਮਿਲਕੇ ਰਾਤੀ 7 ਵਜੇ ਦੀ ਬੱਸੇ ਬੈਠਕੇ ਸਵੇਰੇ 6 ਵਜੇ ਭੁੰਤਰ ਪੁਜ ਗਏ।

**ਭਿਅੰਕਰ ਸਫ਼ਰ**

ਅੱਜ ਰਾਤ ਸਾਡੀ ਸਤਿਗੁਰੂ ਦੀ ਕਿਰਪਾ ਨਾਲ ਹੀ ਨਿਕਲੀ। ਹਿਮਾਚਲ ਪ੍ਰਦੇਸ਼ ਦੀ ਬੱਸ ਸੁੰਦਰ ਨਗਰ ਤਕ ਰਾਤ ਦਾ ਸਫ਼ਰ ਕਰਦੀ ਬੈਟਰੀ ਡਾਊਨ ਕਰ ਬੈਠੀ। ਡਿਮ ਲਾਈਟ ਨਾਲ ਹੀ ਮੰਡੀ ਆਇਆ ਗਿਆ। ਪਰ ਡਰਾਈਵਰ ਨੇ ਅਗਲਾ ਵਿਕਟ ਸਫ਼ਰ ਵੀ ਇਵੇਂ ਹੀ ਜਾਰੀ ਰਖਿਆ। ਪੰਡੋਹ ਤਕ ਜਾਂਦਿਆਂ ਤਾਂ ਬੈਟਰੀ ਦੀ ਉੱਕਾ ਹੀ ਬਸ ਹੋ ਗਈ। ਡਰਾਈਵਰ ਹਿੰਮਤੀ ਅਤੇ ਉਤਸਾਹੀ ਸੀ, ਉਸਨੇ ਬਸ ਵਿਚ ਸੁੱਤੀਆਂ ਸਵਾਰੀਆਂ ਦਾ ਲਾਭ ਉਠਾਕੇ ਅਤਿਅੰਤ ਮੱਧਮ ਲੈਂਪ ਵਿਚ ਅੱਗੇ ਵਧਣਾ ਜਾਰੀ ਰਖਿਆ। ਸਜੇ ਪਾਸੇ ਗਹਿਰਾ ਦਰਿਆ ਬਿਆਸ, ਖੱਬੇ ਹੱਥ ਸੜਕ ਦੇ ਉਤੇ ਤਕ ਛਾਏ ਪਰਬਤ, ਪਰ ਡਰਾਈਵਰ ਸੀ ਕਿ ਉਸ ਨੂੰ ਰੱਤੀ ਭਰ ਡਰ ਨਹੀਂ ਸੀ ਆ ਰਿਹਾ। ਗੱਲ ਤਾਂ ਐਸੀ ਸੀ ਕਿ 'ਗਿਰੈ ਹ ਠਾਹਰ ਨਾਹਿੰ', ਤਾਂ ਵੀ ਸਫ਼ਰ ਜਾਰੀ ਸੀ। ਅੰਤ ਕਿਸੇ ਦੀ ਛੋਟੀ ਟਾਰਚ ਨਾਲ ਰੱਸਤਾ ਸ਼ੁਰੂ ਰਖਿਆ ਗਿਆ। 5 ਵਜੇ, ਸਵੇਰ ਦੀ ਲੋਅ ਲਗੀ ਤਾਂ ਰਫ਼ਤਾਰ ਜ਼ਰਾ ਤੇਜ਼ ਕਰ ਲਈ। ਇਸ ਰੱਬ ਰੱਬ ਕਰਦੇ ਅਸੀਂ 6 ਵਜੇ ਭੁੰਤਰ ਪਹੁੰਚ ਗਏ।

**ਕਰਨ ਵਾਲਾ ਅਗਲਾ ਕੰਮ**

ਭੁੰਤਰ ਵਿਚ ਮੈਂ ਆਗਾਮੀ ਦੋ ਮਹੀਨੇ ਰਹਾਂਗਾ। ਗਰਮੀ ਕੱਟਣ ਦੇ ਨਾਲ ਨਾਲ ਹੇਠ ਲਿਖੇ ਕੰਮ ਕਰਾਂਗਾ।

1. ਸੰਤ ਮਹਿੰਦਰ ਸਿੰਘ ਪਨਿਹਾਰੀ ਦੀ ਪੁਸਤਕ ਗੁਰੂ ਚੇਤਨ ਦੀ ਪ੍ਰੈਸ ਕਾਪੀ — 140 ਪੇਜ
2. ਡਾਇਰੀ ਦੀਆਂ ਪੋਥਾਂ ਦੀ ਪ੍ਰੈਸ ਕਾਪੀ — 400 ਪੇਜ



Sri Satguru Jagjit Singh Ji Elibrary NamdhariElibrary@gmail.com

| | | |
|---|---|---|
| 3 | ਸੂਬਾ .ਦਰਸ਼ਨ ਸਿੰਘ ਜੀ ਨੈਰੋਬੀ ਦੀ ਜੀਵਨੀ | 100 ਪੇਜ |
| 4 | ਮਾਤਾ ਭੁਪਿੰਦਰ ਕੌਰ ਜੀ ਦੀ ਜੀਵਨੀ (ਸੰਖੇਪ) | 70 ਪੇਜ |
| 5 | ਨਾਮਧਾਰੀ ਲਹਿਰ ਵਿਚ ਕਿਸਾਨੀ ਦਾ ਰੋਲ (ਸੰਪਾਦਨਾ) | 80 ਪੇਜ |
| 6 | 'ਵਰਿਆਮ' ਲਈ ਅਫਰੀਕਾ ਦੀ ਫੇਰੀ | 75 ਪੇਜ |
| | ਕੁਲ ਪੇਜ | 865 ਪੇਜ |

20 ਅਪਰੈਲ 1983, ਬੁੱਧਵਾਰ
ਰੈਤਰ (ਕੁੱਲੂ) ਹਿ: ਪ੍ਰ:

**ਖ਼ਬਰਾਂ ਭਰੀ ਚਿੱਠੀ**

ਅੱਜ ਸ੍ਰੀ ਜਗਦੀਸ਼ ਸਿੰਘ 'ਵਰਿਆਮ' ਦੀ ਚਿੱਠੀ ਮਿਲੀ। ਬੜੀ ਰੂਹ ਨਾਲ ਲਿਖੀ ਹੋਈ, ਮੇਰੀ ਤਾਰੀਫ਼ ਦੇ ਵੀ ਪਰੁੱਲ। ਕੁਝ ਗੱਲਾਂ ਨੋਟ ਕਰਨ ਜੋਗ .

"ਵੈਸਾਖੀ ਦਾ ਮੇਲਾ ਸ੍ਰੀ ਭੈਣੀ ਸਾਹਿਬ ਦੇਖ ਆਏ ਹਾਂ। ਮੇਲਾ ਫਿੱਕਿਆ ਹੀ ਰਿਹਾ। ਮੀਂਹ ਅਤੇ ਝੱਖੜ। ਮੇਲੇ ਦੀ ਖ਼ਬਰ ਦੇਂਦਿਆਂ ਪੀ.ਟੀ.ਆਈ. ਨੇ ਇਕ ਦਿਨ ਪਹਿਲਾਂ ਹੀ ਅਨੰਦ ਕਾਰਜਾਂ ਦੀ ਖ਼ਬਰ ਭੇਜ ਦਿੱਤੀ ਅਤੇ ਅਖ਼ਬਾਰਾਂ ਵਿਚ ਪ੍ਰਕਾਸ਼ਤ ਹੋ ਗਈ। ਪਰ 'ਸਤਿਜੁਗ' ਅੱਜ ਪੁਜਿਆ ਹੈ ਜਿਸ ਤੇ ਲਿਖਿਆ ਹੈ ਕਿ ਮੇਲਾ ਸ੍ਰੀ ਅੰਮ੍ਰਿਤਸਰ ਵਿਖੇ ਹੋਵੇਗਾ।

"ਵੈਸਾਖੀ ਜੰਮੂ ਵਾਲਿਆਂ ਹੀ ਕੀਤੀ ਹੈ। ਦੂਰ ਜਾਣ ਦਾ ਫਰਕ ਨਹੀਂ ਪੈਂਦਾ, ਬੀਮਾ ਹੋਇਆ ਹੋਇਆ ਸੀ। ਵਿਸਾਖੀ ਤੇ ਸੂਚਨਾਵਾਂ ਮਿਲੀਆਂ ਹਨ, ਸ਼ਾਇਦ ਆਪ ਨੂੰ ਪਤਾ ਲਗ ਹੀ ਗਈਆਂ ਹੋਣ। ਮਾ: ਅਜੀਤ ਸਿੰਘ ਅਤੇ ਸਾਧੂ ਸਿੰਘ ਕਿਸਾਨ ਅਤੇ ਸੰਤ ਬਲੀ ਸਿੰਘ ਜੀ ਦੇ ਸਕੂਲ ਦਾ ਉਦਘਾਟਨ ਸਤਿਗੁਰੂ ਜਗਜੀਤ ਸਿੰਘ ਜੀ ਕਰਕੇ ਆਏ ਹਨ। ਦਰਸ਼ਨਾਂ ਦੇ ਚਾਹਵਾਨ ਹੁਣ ਭੈਣੀ ਸਾਹਿਬ ਨੂੰ ਤੁਰੇ ਰਹਿੰਦੇ ਹਨ। ਸਤਿਗੁਰੂ ਜੀ ਦੋ ਮਹੀਨੇ ਲਈ ਭੈਣੀ ਸਾਹਿਬ ਪੱਕਾ ਵਿਸ਼ਰਾਮ ਰਖਣਗੇ, ਦਵਾਈ ਵਾਸਤੇ।"

28 ਅਪਰੈਲ 1983, ਵੀਰਵਾਰ
ਰੈਤਰ (ਕੁੱਲੂ) ਹਿ: ਪ੍ਰ:

ਕੱਲ੍ਹ ਸ਼ਾਮੀ 5.45 ਦੀ ਦਿੱਲੀਓਂ ਚੱਲੀ ਹੋਈ ਅਜ ਸਵੇਰੇ 7.30 ਵਜੇ ਮੇਰੀ ਸੁਪਤਨੀ ਗੁਰਬਚਨ ਕੌਰ ਰੈਤਰ ਆ ਗਈ। ਅਸੀਂ ਕੁੱਝੇ-ਕੁੱਝੇ ਰੋਜ਼ਾਨਾ ਭ੍ਰਮਣ ਕਿਰਨ ਜਾਂ ਪਹਾੜੀ ਸੈਰ ਕਰਨ ਨੂੰ ਨਿਕਲਿਆ ਕਰਾਂਗੇ।

**ਸੰਤ ਗਿਆਨ ਸਿੰਘ ਮੰਡੀ**

ਆਪਣੇ ਜਵਾਈ ਸ੍ਰੀ ਓ.ਪੀ. (ਓਮ ਪ੍ਰਕਾਸ਼) ਚਾਵਲਾ ਅਸਿਸਟੈਂਟ ਇੰਜਨੀਅਰ ਤੇ ਉਸਦੀ ਪਤਨੀ ਪ੍ਰੇਮ ਨੂੰ ਅਸੀਂ ਰੈਤਰ ਪਰਵਾਰ ਨੇ ਸਾਂਝਾ ਵਾਈ ਜਾਣ ਲਈ 1.45 ਵਜੇ ਬਸ



Sri Satguru Jagjit Singh Ji Elibrary NamdhariElibrary@gmail.com

ਫੜੀ। ਮੈਨੂੰ ਇਸ ਵਿਚ ਸੰਤ ਗਿਆਨ ਸਿੰਘ ਮੰਡੀ ਮਿਲੇ। ਇਹਨਾਂ ਦੱਸਿਆ ਕਿ ਇਹ ਬੀਤੇ ਐਤਵਾਰ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਕੇ ਆਏ ਹਨ। ਅੱਜ ਕੱਲ ਭੈਣੀ ਸਾਹਿਬ ਵਿਚ ਕਾਫੀ ਰੌਣਕਾਂ ਹਨ। ਵਿਆਹ ਵੀ ਵਾਹਵਾ ਹੁੰਦੇ ਰਹਿੰਦੇ ਹਨ। ਸਤਿਗੁਰੂ ਜੀ ਦੇ ਦਰਸ਼ਨਾਂ ਦੇ ਚਾਹਵਾਨ ਹੁਣ ਭੈਣੀ ਸਾਹਿਬ ਨੂੰ ਤੁਰੇ ਰਹਿੰਦੇ ਹਨ। ਮੰਡੀ ਵਿਚੋਂ ਵੀ ਰੋਜ਼ਾਨਾ ਲੋਕ ਭੈਣੀ ਸਾਹਿਬ ਨੂੰ ਤੁਰੇ ਰਹਿੰਦੇ ਹਨ।

### ਸੱਜਣਾਂ ਦੀ ਚਿੱਠੀ

ਅੱਜ ਇਕ ਚਿੱਠੀ ਜਗਦੀਸ਼ ਸਿੰਘ ਵਰਿਆਮ ਦੀ ਫਿਰ ਆ ਗਈ। ਸਜਣਾਂ ਦੀਆਂ ਚਿੱਠੀਆਂ ਹੀ ਆਉਂਦੀਆਂ ਹਨ। ਚਿੱਠੀ ਦੇ ਕੁਝ ਅੰਸ਼

"ਸ. ਸਾਧੂ ਸਿੰਘ ਹਮਦਰਦ ਨੇ 'ਅਜੀਤ' ਇੰਗਲਿਸ਼ ਹਫਤੇਵਾਰੀ ਜਾਰੀ ਕਰ ਦਿਤੀ ਹੈ। ਦੂਸਰਾ ਐਡੀਸ਼ਨ ਤਾਂ ਨਹੀਂ, ਪਰ ਪਹਿਲਾ ਐਡੀਸ਼ਨ ਉਹਨਾਂ ਦੇ ਦਫਤਰ ਬੰਨੇਆਂ ਨਾਲ ਵਧਾਈ ਦੇਣ ਗਿਆਂ ਵੇਖਿਆ। 24 ਸਫੇ ਦਾ ਬਲਿਟਜ਼ ਸਾਈਜ਼ ਦਾ। ਮੁੱਖ ਪੰਨੇ ਤੇ ਹਮਦਰਦ ਦੇ ਲੇਖ A voice for the voiceless ਵਿਚ ਸਿੱਖਾਂ ਦੀਆਂ ਬਹਾਦਰੀਆਂ ਦਾ ਜ਼ਿਕਰ ਕਰਦਿਆਂ ਲਿਖਿਆ ਹੈ "As revolutionary people they had formed the vanguard in the National struggle for freedom. The Namdharis, The Ghadri Babe, The Akalis and The Babbers had paved the way with their glorious record of sacrifices."

### ਅਜੀਤ ਦੀਆਂ ਗੱਲਾਂ 'ਅਜੀਤ' ਵਿਚ

"...ਇਸ ਵਿਚ ਇਹ ਖ਼ਬਰ ਤਸਵੀਰ ਸਹਿਤ ਆਪਣੇ ਅਜੀਤ ਸਿੰਘ (ਪਰਾਹੁਣਾ ਸ. ਤੀਰਥ ਸਿੰਘ ਹੰਸਪਾਲ) ਬਾਰੇ ਹੈ। Sikh Chairman for U.K. Racial Group. ਇਸ ਵਿਚ ਦੱਸਿਆ ਗਿਆ ਹੈ ਕਿ ਸ. ਅਜੀਤ ਸਿੰਘ (ਨਾਮਧਾਰੀ) ਕਿੰਗਸਟਨ ਗਰੁੱਪ ਆਫ਼ ਰੇਸਲ ਐਕਸ਼ਨ ਸਟੀਰਿੰਗ ਕਿੰਗਸਟਨ ਯੂ.ਕੇ. ਦੇ ਚੇਅਰਮੈਨ ਚੁਣੇ ਗਏ ਹਨ।..."

ਰਾਮਨੌਮੀ ਦਾ ਦਿਨ ਸਤਿਗੁਰੂ ਜੀ ਦੇ ਸਮਰਪਣ ਰਿਹਾ। ਫੋਨ ਆਇਆ ਸੀ ਕਿ ਸ੍ਰੀ ਭੈਣੀ ਸਾਹਿਬ ਪੁਜੋ। ਸੁਨੇਹਾ ਦੇਣ ਵਾਲਿਆਂ ਹਰ ਇਕ ਨੇ ਆਪਣੇ ਵਲੋਂ ਇਕ ਇਕ ਘੰਟਾ ਐਡਵਾਂਸ ਕਰ ਦਿਤਾ। ਅਸੀ 11-12 ਦੀ ਬਜਾਏ 8-9 ਵਜੇ ਜਾ ਪੁਜੇ।

### ਮਾਈਆਂ ਨੂੰ ਮੁਆਫ਼ੀ

ਸ੍ਰੀ ਸਤਿਗੁਰੂ ਜੀ, ਸ੍ਰੀ ਭੈਣੀ ਸਾਹਿਬ ਦੇ ਲੰਗਰ ਵਾਲੇ ਵਰਾਂਡੇ ਵਿਚ ਕੁਰਸੀ ਤੇ ਬਿਰਾਜਮਾਨ ਸਨ। ਨਾਲ ਕੋਈ 60 ਕੁ ਸਿੰਘ ਲੰਗਰ ਦੀ ਦਾਲ ਚੁਗੀ ਜਾ ਰਹੇ ਸੀ। ਮੈਂ ਵੀ ਇਸ ਸੇਵਾ ਵਿਚ ਸ਼ਾਮਲ ਹੋ ਗਿਆ। ਨਾਲ ਹੀ ਸਚੇ ਪਾਤਸ਼ਾਹ ਜੀ ਦੇ ਬਚਨਾਂ ਦੀ ਸੰਗਤ ਹੋ ਰਹੀ ਸੀ। ਨਾਲ ਅਖਬਾਰਾਂ ਦਾ ਪਾਠ ਤੇ ਟਿੱਪਣੀ। ਵਰਾਂਡੇ ਦੇ ਬਾਹਰ ਮਾਤਾ ਚੰਦ ਕੌਰ ਜੀ ਸਮੇਤ ਕੋਈ 40 ਕੁ ਬੀਬੀਆਂ ਹੱਥ ਜੋੜ ਕੇ ਖਲੋਤੀਆਂ ਸਨ ਕਿ, ਸੱਚੇ ਪਾਤਸ਼ਾਹ, ਮਾਫ਼ ਕਰ ਦਿਓ, ਅਸੀ ਦਾਲਾਂ ਚੁਗਾਂ ਗੀਆਂ। ਤਰਸੇਮ ਸਿੰਘ ਨਿਜੀ ਸਕੱਤਰ



Sri Satguru Jagjit Singh Ji Elibrary NamdhariElibrary@gmail.com

ਬੀਬੀਆਂ ਨੂੰ ਕਹਿ ਰਹੇ ਸਨ ਕਿ ਤੁਸੀ ਮਾਤਾ ਜੀ ਨੂੰ ਬੇਨਤੀ ਕਰੋ ਕਿ ਉਹ ਸੱਚੇ ਪਾਤਸ਼ਾਹ ਜੀ ਨੂੰ ਅਰਜ਼ ਕਰਨ। ਬੀਬੀਆਂ ਨੇ ਤਰਲੇ ਕੀਤੇ ਫਿਰ ਹੋਰ ਬੀਬੀਆਂ ਇਕੱਠੀਆਂ ਕੀਤੀਆਂ। ਇਹ ਵੀ 60 ਕੁ ਸੇਵਕਾਵਾਂ ਹੋ ਗਈਆਂ। ਅੰਤ ਨੂੰ ਮਾਤਾ ਜੀ ਨੇ ਖਿਮਾ ਯਾਚਨਾ ਕੀਤੀ ਤੇ ਦਾਲਾਂ ਦਾ ਚਾਰਜ ਬੀਬੀਆਂ ਨੂੰ ਸੌਂਪਿਆ ਗਿਆ। ਜਾਪਦਾ ਸੀ ਬੀਬੀਆਂ ਵਲੋਂ ਮਾਤਾ ਜੀ ਦੇ ਆਦੇਸ਼ਾਂ ਦੀ ਅਵਹੇਲਨਾ ਹੋ ਗਈ ਸੀ। ਸਤਿਗੁਰੂ ਜੀ ਇਸ ਵਾਸਤੇ ਆਪ ਸਸ਼ੋਭਤ ਹੋ ਗਏ। ਕੋਈ ਘੰਟਾ ਭਰ ਤਾਂ ਮੈਂ ਵੀ ਵੇਖਿਆ, ਮਾਤਾ ਜੀ ਹਥ ਜੋੜ ਕੇ ਖੜੇ ਰਹੇ। ਮੇਰੇ ਜਾਣ ਤੋਂ ਪਤਾ ਨਹੀ ਕਦੋਂ ਦੇ ਪਹਿਲਾਂ ਦੇ ਖਲੋਤੇ ਸਨ।

## ਮਾਛੀਵਾੜੇ ਵਿਚ ਨਾਮਧਾਰੀ

ਸਤਿਗੁਰੂ ਜੀ ਨੂੰ ਮਾਛੀਵਾੜੇ ਦੀ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਰਾਮਨੌਮੀ ਤੇ ਪਧਾਰਨ ਦੀ ਬੇਨਤੀ ਕੀਤੀ ਸੀ। ਸਤਿਗੁਰਾਂ ਵਲੋਂ ਦਲੀਪ ਸਿੰਘ (ਨਿਰੀਖਿਅਕ) ਤੇ ਮੈਨੂੰ ਓਥੇ ਭੇਜਣ ਦੀ ਆਗਿਆ ਹੋਈ। ਇਹ ਗੱਲ ਭੈਣੀ ਸਾਹਿਬ ਪੁਜਣ ਤੇ ਪਤਾ ਲਗੀ। ਅਸੀ ਵੀਡੀਓ, ਟੇਪ ਰਿਕਾਰਡਰ ਕੈਮਰੇ ਸਹਿਤ ਗਏ। ਹੋਰ ਵੀ ਸੰਗਤ ਸੀ। ਤੇ ਸਾਰੇ ਸਮਾਗਮ ਦੀ ਪ੍ਰਧਾਨਗੀ ਵੀ ਤੁਹਾਡੇ ਇਸ ਸੇਵਕ ਦੇ ਗਲ ਪੈ ਗਈ। ਬਹੁਤ ਸਾਰੇ ਵਕਤਾ ਬੋਲੇ। ਸਟੇਜ ਸਕੱਤਰ ਕਮਜ਼ੋਰ ਸੀ। ਵਕਤ ਤੇ ਕੰਟਰੋਲ ਨਹੀ ਸੀ ਕਰ ਸਕਦਾ। ਦਲੀਪ ਸਿੰਘ ਜੀ ਬੋਲੇ · ਪ੍ਰਧਾਨਗੀ ਭਾਸ਼ਣ ਮੈਨੂੰ ਅੰਤ ਉਤੇ ਹੀ ਦੇਣਾ ਪਿਆ। ਤੁਹਾਡੀ (ਸਤਿਗੁਰਾਂ ਦੀ) ਕਿਰਪਾ ਹੋ ਗਈ। ਰਾਮ ਜੀਵਨ, ਰਾਮ ਨਾਮ, ਵਾਹਿਗੁਰੂ ਵਿਚ ਰਾਮ, ਧਰਮ ਅਤੇ 'ਮਾਨਸ ਕੀ ਜਾਤ' ਬਾਰੇ ਪਤਾ ਨਹੀਂ ਕੀ ਕੁਝ ਤੇ ਕਿਨੇ ਸ਼ਬਦ ਬੋਲੇ ਗਏ। ਸਤਿਗੁਰੂ ਜੀ ਦਾ ਆਸ਼ੀਰਵਾਦ ਪਹੁੰਚਾਇਆ ਅਤੇ ਪਹਿਲਾਂ ਬੋਲਣ ਵਾਲਿਆਂ ਦੇ ਨਾਮ ਲੈ ਲੈ ਉਹਨਾਂ ਦੇ ਨੁਕਤਿਆਂ ਦੀ ਪ੍ਰੋੜਤਾ ਕੀਤੀ। ਸਾਰਿਆਂ ਦੀ ਪ੍ਰਸੰਨਤਾ ਦੀ ਸਿਖਰ ਇਹ ਸੀ ਕਿ ਸੰਤ ਬਲਕਾਰ ਸਿੰਘ (ਸਾਬਕਾ ਸੇਵਕ) ਜੀ ਨੇ ਖੁਸ਼ਬੂਦਾਰ ਤਿਹਾਵਲ ਦਾ ਲੰਗਰ ਛਕਾਇਆ। ਓਥੇ ਬਹੁਤ ਸਾਰੇ ਮਹੰਤ, ਲੀਡਰ ਤੇ ਰਾਸ਼ਟਰ ਸੇਵੀ ਆਏ ਸਨ ਪਰ ਸਤਿਗੁਰੂ ਜੀ ਦੀ ਕਿਰਪਾ ਸਦਕਾ ਸਾਰੇ ਦੇ ਸਾਰੇ ..... ਪ੍ਰਭਾਵਤ ਹੋਏ।

## ਗੁਰਦੇਵ ਪ੍ਰਮੁਖ ਸ਼ਿਸ਼

"ਰਾਤੀ ਟੈਲੀਵੀਜ਼ਨ ਉਤੇ ਨੈਸ਼ਨਲ ਪ੍ਰੋਗਰਾਮ (ਵਿਲਖਣ ਵਿਚਕਾਰ) ਤੁਸੀ ਉਸਤਾਦ ਅਮਜਦ ਅਲੀ ਖਾਂ ਦਾ ਇੰਟਰਵੀਊ ਦੇਖਿਆ ਹੋਣਾ ਹੈ। ਉਹਨਾਂ ਕਿਹਾ ਕਿ ਗੁਰਦੇਵ (ਸਰੋਦ, ਦਿੱਲੀ) ਮੇਰਾ ਇਕ ਪ੍ਰਮੁਖ ਸ਼ਿਸ਼ ਹੈ।"

**29 ਅਪਰੈਲ 1993, ਵੀਰਵਾਰ**
**ਕੁੱਤਰ (ਕੁਲੂ) ਹਿ.ਪ੍ਰ.**

## ਜਗਦੀਸ਼ ਮਨਜੀਤ ਮਲਹੋਤਰੇ

ਕੁੱਤਰ ਵਿਚ ਇਕ ਮਲਹੋਤਰਾ ਖੱਤਰੀ ਪਰਵਾਰ ਹੈ। ਇਸਦਾ ਮੁਖੀ ਸ. ਜਗਦੀਸ਼

ਸਿੰਘ ਸਰਾਫ਼ੀ ਦਾ ਕੰਮ ਕਰਦਾ ਹੈ। ਇਸਦੇ ਘਰ ਬੀਬੀ ਮਨਜੀਤ ਕੌਰ ਸੁੰਦਰ ਤਾਂ ਹੈ ਹੀ ਸੁਹਿਰਦ, ਸੁਸ਼ੀਲ ਅਤੇ ਸੇਵਕ, ਅਤੇ ਨਾਲ ਲਗਦੀ ਸੋਹਣੀ ਮੁਸਕਾਨ ਵਾਲੀ ਹੈ। ਇਹ ਪ੍ਰੇਮੀ ਨਾਮਧਾਰੀ ਹਨ। ਮੇਰੀ ਧੀ ਕੁਲਵੰਤ ਦੀ ਸਹੇਲੀ ਹੋਣ ਕਾਰਨ ਮਨਜੀਤ ਮੈਨੂੰ ਵੀ ਪਿਤਾ ਸਮਾਨ ਜਾਣਦੀ ਹੈ। ਮੇਰੀ ਹਰ ਕੂੰਤਰ-ਆਉਣੀ ਸਮੇ ਇਹ ਹਮੇਸ਼ਾ ਝਕਾਣ ਸੇਵਾ ਲਈ ਹਾਜ਼ਰ ਰਹਿੰਦੀ ਹੈ। ਇਸ ਜੋੜੀ ਦੇ ਘਰ ਦੋ ਲੜਕੀਆਂ ਬੁਲਬੁਲ ਅਤੇ ਸੋਨੀਆਂ ਹਨ ਅਤੇ ਇਕ ਲੜਕਾ ਠਾਕੁਰ ਜੀ ਹੈ। ਇਹ ਸੰਖੇਪ ਜਿਹਾ ਪਰਵਾਰ ਖੂਬ ਮਜ਼ੇ ਨਾਲ ਰਹਿੰਦਾ ਹੈ। ਆਪਣਾ ਮਕਾਨ ਹੈ। ਚੰਗੀ ਚਲਦੀ ਦੁਕਾਨ ਹੈ।

ਪਰਸੋਂ, ਐਤਵਾਰ ਮਨਜੀਤ ਕੌਰ ਦੀ ਨਣਾਨ (ਮੰਡੀ ਦੇ ਸੰਤ ਭੁਜਨੀਕ ਸਿੰਘ ਦੀ ਲੜਕੀ) ਦਾ ਵਿਆਹ ਹੈ। ਸ੍ਰੀ ਭੈਣੀ ਸਾਹਿਬ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੋਣਾ ਹੈ। ਇਸ ਖਾਤਰ ਮੁਬਾਰਕ ਬਾਦ ਦੇਣ ਹਿਤ ਮੈਂ ਸ਼ਾਮੀ 6 ਵਜੇ ਇਸ ਪਰਵਾਰ ਨੂੰ ਮਿਲਣ ਗਿਆ ਤਾਂ ਮਨਜੀਤ ਕੌਰ ਦਾ ਪਿਤਾ ਸੰਤ ਓਅੰਕਾਰ ਸਿੰਘ ਫਿਹਰਟੇ ਵਾਲੇ ਮਿਲ ਪਏ। ਉਹ ਅੱਜ ਹੀ ਤੇ ਪਹਿਲੀ ਵਾਰ ਹੀ ਕੂੰਤਰ ਪੁੱਤਰੀ ਨੂੰ ਮਿਲਣ ਆਏ ਹਨ। ਵੇਂਹਦਿਆਂ ਹੀ ਪਛਾਣ ਗੂੜ੍ਹੀ ਹੋ ਗਈ।

### ਸੰਤ ਓਅੰਕਾਰ ਸਿੰਘ ਫੇਹਰਟਾ

ਓਅੰਕਾਰ ਸਿੰਘ ਜੀ, ਸੇਠ ਪ੍ਰਤਾਪ ਸਿੰਘ ਖਪੜ ਖੇੜੀ ਜ਼ਿਲਾ ਅੰਮ੍ਰਿਤਸਰ ਵਾਲਿਆਂ ਦੇ ਦਾਮਾਦ ਹਨ। ਸੇਠ ਜੀ ਦੀ ਪੁਤਰੀ ਕੰਮੋਤ ਕੌਰ ਇਹਨਾਂ ਦੀ ਦੂਜੀ ਪਤਨੀ ਹੈ। ਪਹਿਲੀ 1954 ਵਿਚ ਪੂਰੀ ਹੋ ਗਈ ਸੀ। ਸੇਠ ਪ੍ਰਤਾਪ ਸਿੰਘ ਸੰਤ ਮੰਗਲ ਸਿੰਘ ਲਾਇਲਪੁਰੀ ਦੇ ਛੋਟੇ ਤੇ ਡਾ. ਅਮਰ ਭਾਰਤੀ ਦੇ ਵੱਡੇ ਭਾਈ ਹਨ। ਇਹ ਮੇਰੇ ਵੀ ਮੰਗਲ ਸਿੰਘ ਕਰਕੇ ਗੂੜ੍ਹੇ ਮਿਤਰ ਹਨ।

### ਸਤਿਗੁਰੂ ਜੀ ਮੰਨ ਲੈਂਦੇ ਹਨ

ਬਹਿੰਦਿਆਂ ਸਾਰ ਹੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਚਰਚਾ ਛਿੜ ਪਈ। ਸਾਰੂ ਘਰ ਦੀ ਗੱਲਬਾਤ ਵਿਚ ਕਾਫ਼ੀ ਘੰਟੇ ਬੀਤ ਗਏ। ਉਹਨਾਂ ਮੈਨੂੰ ਦੱਸਿਆ : ਪਤਾ ਨਹੀਂ ਕਿਉਂ ਸੱਚੇ ਪਾਤਸ਼ਾਹ ਨੇ ਸਦਾ ਹੀ ਮੇਰੀ ਪ੍ਰਾਰਥਨਾ ਮੰਨੀ ਹੈ। ਮੇਰਾ ਇਕ ਸਾਲਾ ਦਾੜ੍ਹੀ ਕਟਦਾ ਸੀ ਅਤੇ ਸਾਧ ਸੰਗਤ ਤੋਂ ਪਰ੍ਹਾਂ ਪਰ੍ਹਾਂ ਰਹਿੰਦਾ ਸੀ। ਮੇਰੀ ਪਤਨੀ ਕੰਮੋਤ ਨੇ ਆਖਿਆ, ਇਹਦੀ ਮੰਗਣੀ ਕਰੀਏ, ਭਲਾ ਜੇ ਘਰ ਰਹੇ ! ਕੋਸ਼ਸ਼ ਕਰਕੇ, ਲੁਧਿਆਣੇ ਵਿਆਹ ਕਰਨ ਦਾ ਪ੍ਰਬੰਧ ਕੀਤਾ। ਵਿਆਹ ਭੈਣੀ ਜੀ ਤੇ ਅੰਮ੍ਰਿਤਸਰ ਕਰਨਾ ਸੀ।

"ਮੈਂ ਠਾਕੁਰ ਜੀ ਨੂੰ ਸਵਫੁਟਨੀ (ਮੁੰਡੇ ਕੁੜੀਆਂ ਦੀ ਪੁਣਛਾਣ) ਸਮੇਂ ਅਰਜ਼ ਕੀਤੀ ਕਿ ਸੇਠ ਪ੍ਰਤਾਪ ਸਿੰਘ ਦਾ ਖਾਨਦਾਨ ਵਰਤਣਾ ਹੈ। ਇਸ ਵਿਆਹ ਦੀ ਪਰਵਾਨਗੀ ਦੇ ਦਿਓ। ਪਰ ਠਾਕੁਰ ਜੀ ਤਾਂ ਮੁੰਡੇ ਦੀ ਦਾੜ੍ਹੀ ਵੇਖ ਕੇ ਕਹਿਣ ਲਗੇ : ਇਹ ਵਿਆਹ ਨਹੀਂ ਹੋ ਸਕਦਾ। ਦਾੜ੍ਹੀ ਠੀਕ ਹੋ ਜਾਇਗੀ ਤਾਂ ਵਿਆਹ ਕਰਾਂਗੇ। ਮੈਂ ਬੜੇ ਤਰਲੇ ਕੀਤੇ। ਸਨਮੁਤਰੇ ਹੁਰਾਂ ਨੂੰ ਜ਼ਮਾਨਤੀ ਵੀ ਦਿਤਾ ਪਰ ਠਾਕੁਰ ਜੀ ਨਾ ਮੰਨੇ। ਸਵੇਰੇ ਵਿਆਹ ਹੋਣਾ ਸੀ।



Sri Satguru Jagjit Singh Ji Elibrary NamdhariElibrary@gmail.com

"ਤੁਸੀਂ ਫਾਈਨਲ ਅਥਾਰਟੀ ਨਹੀਂ ਹੋ। ਸਤਿਗੁਰੂ ਜੀ ਨੂੰ ਅਰਜ਼ ਕੀਤੀ ਜਾ ਸਕਦੀ ਹੈ !"

ਅਤੇ ਗਰਮੀ ਵਧ ਗਈ। ਠਾਕਰ ਜੀ ਬਾਕੀ ਵਿਆਹਾਂ ਵਾਲਿਆਂ ਨੂੰ ਭੁਗਤਾ ਕੇ, ਤੁਰਤ ਸਤਿਗੁਰੂ ਜੀ ਪਾਸ ਤੁਰੇ ਗਏ। ਸਾਡੇ ਵਾਲੇ ਮਸਲੇ ਤੇ ਗੱਲ ਕੀਤੀ।

ਏਧਰ ਮੇਰੇ ਮਨ ਵਿਚ ਆਈ, ਠਾਕਰ ਜੀ ਵੀ ਤਾਂ ਐਸ ਵੇਲੇ ਸਤਿਗੁਰੂ ਜੀ ਵਲੋਂ ਡਿਊਟੀ ਤੇ ਹਨ, ਉਹਨਾਂ ਦੀ ਨਾਰਾਜ਼ਗੀ ਹਰ ਥਾਂ ਰੋੜਾ ਅਟਕਾਏਗੀ। ਮੈਂ ਪੰਡਿਤ ਜੀ ਨੂੰ ਜਾ ਮਿਲਿਆ। ਉਹਨਾਂ ਕਿਹਾ 10,000/- ਦੀ ਜ਼ਮਾਨਤ ਲਈ ਤਿਆਰ ਹੋ ਜਾ। ਮੈਂ ਕਿਹਾ, ਗੱਲ ਰਖਣੀ ਹੈ, ਮੈਂ ਤਿਆਰ ਹਾਂ। ਪੰ. ਜੀ ਕਿਹਾ, ਫਿਰ ਤੂੰ ਜਾਕੇ ਪਹਿਲਾਂ ਸਤਿਗੁਰੂ ਜੀ ਨੂੰ ਅਰਜ਼ ਕਰ। ਲੋੜ ਪਈ ਤਾਂ ਮੈਂ ਵੀ ਬੇਨਤੀ ਜਾ ਕਰਾਂਗਾ।"

"ਮੈਂ ਸਤਿਗੁਰਾਂ ਪਾਸ ਜਾਕੇ ਅਰਜ਼ ਕੀਤੀ ਕਿ ਕਿਵੇਂ ਵਿਗੜੇ ਹੋਏ ਮੁੰਡੇ, ਨਾਮਧਾਰੀਆਂ ਦੇ ਮੁੰਡੇ ਦੀ ਮਦਦ ਕਰਨ ਖਾਤਰ, ਇਹ ਵਿਆਹ ਕੀਤਾ ਜਾ ਰਿਹਾ ਹੈ। ਸਤਿਗੁਰੂ ਜੀ ਨੇ ਠਾਕੁਰ ਜੀ ਨੂੰ ਬੁਲਾਕੇ ਬਚਨ ਕੀਤਾ : ਓਅੰਕਾਰ ਸਿੰਘ ਤੋਂ 2500/- ਦੀ ਜ਼ਮਾਨਤ ਲਿਖਵਾ ਲਓ ਅਤੇ ਵਿਆਹ ਕਰ ਦਿਓ।"

"ਸਵੇਰੇ ਵਿਆਹ ਵੇਲੇ ਮੁੰਡਾ ਨ ਲਭੇ। ਮੈਂ ਤਰੱਦਦ ਨਾਲ ਮੁੰਡਾ ਲਭਾ। ਉਸ ਨੂੰ 2500/- ਦੀ ਗੱਲ ਦੱਸੀ। ਉਸ ਕਿਹਾ : ਇਸ ਵੇਲੇ ਕੰਮ ਸਾਰ ਦਿਓ, ਫਿਰ ਮੈਂ ਤੁਹਾਨੂੰ ਰਕਮ ਜੁਟਾ ਦਿਆਂਗਾ। ਜਿਵੇਂ ਕਿਵੇਂ ਮੈਂ ਬੁੱਤਾ ਸਾਰਿਆ। ਅਤੇ ਇਹ 2500/- ਮੈਂ ਠਾਕੁਰ ਜੀ ਨੂੰ ਜਾ ਦਿਤਾ। ਗੱਲ 1980 ਦੀ ਹੈ।"

### ਵਿਆਹਦਾਰੀ ਦਾ ਇਕ ਹੋਰ ਚੱਕਰ

ਓਅੰਕਾਰ ਸਿੰਘ ਜੀ ਨੇ ਇਕ ਹੋਰ ਗਾਥਾ ਸਤਿਗੁਰਾਂ ਦੀ ਕਿਰਪਾ ਅਤੇ ਇਨ੍ਹਾਂ ਦੀ ਪਹੁੰਚ ਦੀ ਸੁਣਾਈ : ਕੋਈ 5 ਸਾਲ ਪਹਿਲਾਂ ਦੀ ਗੱਲ ਹੈ। ਮੇਰੀ ਲੜਕੀ ਦੀ ਸ਼ਾਦੀ ਸੀ। ਮੈਂ ਚਾਹੁੰਦਾ ਸਾਂ ਸ਼ਾਦੀ ਅੰਮ੍ਰਿਤਸਰ ਹੀ ਹੋਵੇ ਤੇ ਹੋਵੇ ਵੀ ਅਸੂ ਮਹੀਨੇ ਦੇ ਵਿਚ। ਸਤਿਗੁਰੂ ਜੀ ਨੂੰ ਅਰਜ਼ ਕੀਤੀ ਤਾਂ ਉਨ੍ਹਾਂ ਜ਼ੋਰ ਦੇ ਕੇ ਹੁਕਮ ਕੀਤਾ ਕਿ ਵਿਆਹ ਭਾਦਰੋਂ ਵਿਚ ਹੀ ਹੋਵੇਗਾ। ਅਰਥਾਤ ਭਾਦਰੋਂ ਦੇ ਮੇਲੇ ਵਿਚ। ਇਕ ਦੋ ਵਾਰ ਮੈਂ ਫੇਰ ਕੋਸ਼ਸ਼ ਕੀਤੀ ਪਰ ਗੱਲ ਨ ਬਣੀ।

"ਇਕ ਦਿਨ ਦੀਨ ਦਿਆਲ ਅੰਮ੍ਰਿਤਸਰ ਸਟੇਸ਼ਨ ਤੇ ਖਲੋਤੇ ਹੋਏ ਸਨ। ਮੇਰਾ ਪਰਵਾਰ ਵੀ ਨਾਲ ਸੀ। ਐਵੇਂ ਹੀ ਮੈਂ ਅਰਜ਼ ਕੀਤੀ ਤਾਂ ਸੱਚੇ ਪਾਤਸ਼ਾਹ ਵਾਲੀ ਦੋ ਜਹਾਨ ਨੇ ਹੱਥ ਜੋੜ ਕੇ ਮੈਨੂੰ ਆਖਿਆ : ਓਅੰਕਾਰ ਸਿੰਘ ! ਹੁਣ ਤਕ ਸਾਰੀਆਂ ਤੇਰੀਆਂ ਮੰਨਦਾ ਆਇਆ ਹਾਂ, ਪਰ ਇਹ ਮੈਂ ਤੇਰੀ ਨਹੀਂਊ ਮੰਨਣੀ। ਵਿਆਹ ਤੈਨੂੰ ਸਾਹਿਬ ਕਰਨੇ ਹਨ ਤੇ ਭਾਦਰੋਂ ਵਿਚ ਹੋਣੇ ਹਨ।

"ਸਤਿਗੁਰਾਂ ਦੇ ਹੱਥ ਜੁੜੇ ਵੇਖ ਕੇ ਮੇਰੀ ਤਾਂ ਜਿਵੇਂ ਬੋਲਤੀ ਬੰਦ ਹੋ ਗਈ। ਮੇਰੇ ਘਰ ਵਾਲੀ ਕਹਿਣ ਲਗੀ : ਹੁਣ ਤੁਹਾਨੂੰ ਇਹ ਗੱਲ ਮਨੋਂ ਹੀ ਕੱਢ ਦੇਣੀ ਚਾਹੀਦੀ ਹੈ। ਸਤਿਗੁਰੂ ਜੀ, ਜਿਨ੍ਹਾਂ ਨੂੰ ਸਾਰੀ ਦੁਨੀਆਂ ਮੱਥਾ ਟੇਕਦੀ ਹੈ, ਉਹਨਾਂ ਤੁਹਾਡੇ ਅੱਗੇ ਹੱਥ ਜੋੜੇ ਹਨ, ਏਦੂੰ ਹੋਰ ਵਡੀ ਕਿਹੜੀ ਗੱਲ ਹੋ ਸਕਦੀ ਹੈ?



Sri Satguru Jagjit Singh Ji Elibrary NamdhariElibrary@gmail.com

"ਅਤੇ ਮੈਂ ਵੀ ਸਮਝ ਲਿਆ ਕਿ ਇਸ ਵਾਰ ਮੇਰੀ ਨਹੀਂ ਮੰਨੀ ਜਾਣੀ। ਗੱਲ ਛੱਡ ਦਿਤੀ।"

"ਸੱਚੇ ਪਾਤਸ਼ਾਹ ਅੱਸੂ ਦੀ ਸੰਗਰਾਂਦ ਨੂੰ ਮੇਲੇ ਦਾ ਭੋਗ ਭੈਣੀ ਸਾਹਿਬ ਪਾ ਰਹੇ ਸਨ। ਦੋ ਦਿਨ ਪਹਿਲੇ ਸਵੇਰੇ ਸਤਿਗੁਰੂ ਜੀ ਦੇ ਦਰਸ਼ਨ ਹੋਏ - ਲੈ ਭਈ, ਤੇਰੀ ਗੱਲ ਮੰਨ ਲਈ। ਅੱਸੂ ਵਿਚ ਤੇਰੀ ਲੜਕੀ ਦਾ ਵਿਆਹ ਕਰ ਦਿੰਦੇ ਹਾਂ। ਤਿੰਨ ਵਾਰ ਏਸੇ ਗੱਲ ਨੂੰ ਕਹਿਆ ਅਤੇ ਨਾਲ ਹੀ ਬਚਨ ਕੀਤਾ - ਆਖੀਂ ਨ ਕਿ ਤੇਰੇ ਕਹੇ ਨਹੀਂ ਲਗਿਆ।"

"ਮੈਂ ਸਵੇਰੇ ਉਠ ਪਤਨੀ ਨਾਲ ਗੱਲ ਕੀਤੀ ਕਿ ਮੈਨੂੰ ਤਾਂ ਦਰਸ਼ਨ ਦੇ ਕੇ ਅੱਸੂ ਵਿਚ ਵਿਆਹ ਕਰਨ ਦੀ ਪਰਵਾਨਗੀ ਬਖਸ਼ੀ ਹੈ। ਹੁਣ ਉਹ ਕਹਿਣ ਲਗੀ, ਤੁਹਾਡੇ ਅੰਦਰ ਆਪਣੀ ਗੱਲ ਹੀ ਚੱਕਰ ਕੱਟ ਰਹੀ ਹੈ। ਤੁਸੀਂ ਅਜੇ ਗੱਲ ਨਹੀਂ ਛਡਦੇ। ਮੈਂ ਦੱਸਿਆ: ਨਹੀਂ, ਮੈਂ ਨਹੀਂ ਸੋਚਦਾ ਸਾਂ। ਆਪ ਹੀ ਕਿਰਪਾ ਕੀਤੀ ਹੈ। ਪਰ ਜਦ ਤਕ ਸਤਿਗੁਰੂ ਜੀ ਦਾ ਲਿਖਤੀ ਹੁਕਮ ਨਹੀਂ ਹੋਵੇਗਾ, ਮੈਂ ਨਹੀਂ ਜਾਵਾਂਗਾ।"

"ਸਵੇਰੇ 'ਸਤਿਜੁਗ' ਆ ਗਿਆ। ਲਿਖਿਆ ਸੀ : ਇਸ ਵਾਰ ਵਿਆਹ ਅੱਸੂ ਦੀ ਸੰਗਰਾਂਦ ਵਾਲੇ ਦਿਨ ਹੋਣਗੇ। ਪਰ ਮੈਂ ਨਹੀਂ ਸਾਂ ਮੰਨ ਰਿਹਾ। ਫਿਰ ਦੋ ਸਰੀਰ ਆਏ। ਕਹਿਣ ਲਗੇ : ਲੜਕੀ ਭੈਣੀ ਸਾਹਿਬ ਲੈਕੇ ਚਲ। ਮੈਂ ਤਾਂ ਹੁਕਮ ਹੀ ਉਡੀਕਦਾ ਸਾਂ। ਸਤਿਗੁਰਾਂ ਦੇ ਸਕੱਤਰ ਗੁਰਚਰਨ ਸਿੰਘ ਦਾ ਲਿਖਿਆ ਆ ਗਿਆ : ਸਤਿਗੁਰੂ ਜੀ ਦਾ ਹੁਕਮ ਹੈ ਲੜਕੀ ਲੜਕਾ ਲੈ ਕੇ ਆਓ। ਅੱਸੂ ਦੀ ਸੰਗਰਾਂਦ ਨੂੰ ਵਿਆਹ ਹੋਣਗੇ।

"ਇੰਜ ਵੀ ਸੱਚੇ ਪਾਤਸ਼ਾਹ ਜੀ ਨੇ ਮੈਂ ਗਰੀਬ ਨੂੰ ਮਾਣ ਦਿਤਾ।"

### ਮਾਇਆ ਵੀ ਸਤਿਗੁਰੂ ਦੀ ਤੇ ਮੇਲਾ ਵੀ

ਫਿਰ ਸੰਤ ਓਅੰਕਾਰ ਸਿੰਘ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਕ ਕਿਰਪਾ ਦਾ ਜ਼ਿਕਰ ਕੀਤਾ : ਇਹ 1954 ਦੀ ਗੱਲ ਹੈ। ਓਦੋਂ ਮੈਂ 22-23 ਸਾਲ ਦਾ ਗਭਰੂ ਸਾਂ। ਪੱਟੀ, ਜ਼ਿਲਾ ਅੰਮ੍ਰਿਤਸਰ ਵਿਚ ਕੇਵਲ ਮੈਂ ਹੀ ਨਾਮਧਾਰੀ ਸਾਂ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੈਨੂੰ ਹੁਕਮ ਭੇਜਿਆ ਕਿ ਮੇਰੇ ਕੋਲ ਇਕ ਮੇਲਾ ਕਰਨਾ ਹੈ। ਇਹੋ ਬਚਨ ਆਪ ਨੇ ਇਕ ਵਾਰ ਜ਼ਬਾਨੀ ਵੀ ਕੀਤਾ ਸੀ। ਮੈਨੂੰ ਇਸ ਗੱਲ ਦੀ ਸਮਝ ਨਹੀਂ ਸੀ ਆਉਂਦੀ ਕਿ ਹੋਰ ਸਿਖ ਜੋ ਸੰਗਤਾਂ ਮੇਲੇ ਮੰਗਦੀਆਂ ਹਨ, ਉਹਨਾਂ ਨੂੰ ਮਿਲਦੇ ਨਹੀਂ, ਮੈਨੂੰ ਬਦੋਬਦੀ ਮੇਲੇ ਵਾਸਤੇ ਕਿਹਾ ਜਾ ਰਿਹਾ ਹੈ। ਮੈਂ ਆਏ ਹੁਕਮ ਨੂੰ 'ਸਤਿਬਚਨ' ਤਾਂ ਕਹਿ ਛਡਿਆ, ਪਰ ਇਸ ਗਲੋਂ ਤੌਖਿਤਰ ਜਿਹਾ ਕਿ ਏਨੇ ਵਡੇ ਇਕੱਠ ਨੂੰ ਮੈਂ ਕਿਵੇਂ ਸੰਭਾਲ ਸਕਾਂਗਾ।

"ਸੱਚੇ ਪਾਤਸ਼ਾਹ ਜੀ ਨੇ ਤੀਜੀ ਵਾਰ ਦਿਨ ਮੁਕੱਰਰ ਕਰਕੇ ਰੁੱਕਾ ਲਿਖਵਾ ਭੇਜਿਆ। ਸਤਿਗੁਰਾਂ ਨੇ ਮੇਰੇ ਜਿਸਮਿਸੇ ਖੇਤ ਲਾਵੇ ਉਡਾ ਦਿਤੇ ਜਦੋਂ ਅਗਲੇ ਦੋ ਦਿਨਾਂ ਵਿਚ ਹੀ ਮੇਰੇ ਪਾਸ ਏਨੇ ਪੈਸੇ ਆ ਗਏ ਕਿ ਮੈਨੂੰ ਸਪਸ਼ਟ ਹੋ ਗਿਆ ਕਿ ਮੇਲਾ ਮੈਂ ਆਪ ਨਹੀਂ ਸਤਿਗੁਰਾਂ ਹੀ ਕਰਨਾ ਹੈ।

"ਮੇਲੇ ਤੋਂ ਦੋ ਦਿਨ ਪਹਿਲਾਂ ਸੂਬਾ ਲੱਖਾ ਸਿੰਘ ਜੀ ਨੂੰ ਮੈਂ ਖਿਆਲਿਓਂ ਮੰਗਵਾ ਲਿਆ। ਇਹਨਾਂ ਦਾ ਜਨਮ ਜੱਟਾਂ ਦੇ ਘਰ ਦਾ ਸੀ ਪਰ ਇਹ ਚੌਧਰੀਆਂ ਅਰੋੜਿਆਂ ਤੇ ਬਹੁਤ ਪ੍ਰਭਾਵ ਰਖਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹਨਾਂ ਨੂੰ ਮਿੰਟਗੁਮਰੀ ਦੀ



Sri Satguru Jagjit Singh Ji Elibrary NamdhariElibrary@gmail.com

ਸੂਬੇਦਾਰੀ ਬਖਸ਼ੀ ਹੋਈ ਸੀ। ਇਹ ਆਏ ਤਾਂ ਕਹਿਣ ਲੱਗੇ, ਸਤਿਗੁਰਾਂ ਤੇਰੇ ਪਾਸ ਮੇਲਾ ਕਰਨਾ ਏ, ਤੂੰ ਕੱਲਾ ਕਾਰਾ ਏਂ। ਏਥੇ ਤੇਰੇ ਪਾਸ ਕਿਸੇ ਨਾਮਧਾਰੀ ਦਾ ਆਉਣ ਜਾਣ ਨਹੀਂ। ਦੇਖ ਲਈਂ ਉਹਨਾਂ ਤੇਰੇ ਪਾਸ ਆਉਣਾ ਨਹੀਂ।

"ਦਿਨ ਹੋਰ ਨੇੜੇ ਆਏ ਤਾਂ 15-20 ਜਣੇ ਘੋੜਿਆਂ ਵਾਲੇ ਆ ਗਏ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲਾਂਗਰੀਆਂ ਨੂੰ ਵੀ ਭੇਜ ਦਿਤਾ। ਸੰਤ ਪ੍ਰੀਤਮ ਸਿੰਘ ਚੇਲੇਕਿਆਂ ਵਾਲੇ ਵੀ ਆ ਗਏ। ਇਲਾਕੇ ਦੇ ਲੋਕ ਜੁੜੇ ਤਾਂ ਸ਼ੰਕਾ ਉਹ ਵੀ ਕਰਨ। ਮੇਰਾ ਮਨ ਵੀ ਡਗਮਗ ਕਰੇ ਕਿ ਪਤਾ ਨਹੀਂ ਕੀ ਬਣੇਗਾ।

ਮੈਂ ਪੰਡਾਲ ਆਦਿ ਤੇ ਮੇਲੇ ਵਾਸਤੇ ਵੱਡੇ ਬਰਤਨਾਂ ਲਈ ਕਰਾਇਆ ਖਰਚ ਕਰ ਦਿਤਾ। ਸਾਮਾਨ ਲੈ ਆਂਦਾ। ਰਸਤ ਵਸਤ ਤਾਂ ਪਹਿਲਾਂ ਹੀ ਤਿਆਰ ਸੀ। ਮੈਂ ਹੈਰਾਨ ਰਹਿ ਗਿਆ ਜਦੋਂ ਮਹਾਰਾਜ ਜੋਗਾ ਸਿੰਘ ਜੀ ਵੀ 40 ਕੁ ਸਰੀਰਾਂ ਨਾਲ ਮਾਲਵੇ ਵਿਚ ਮੇਲੇ ਦੀ ਅਰਜ਼ ਕਰਨ ਆ ਗਏ। ਇਕ ਦੋ ਹੋਰ ਇਲਾਕਿਆਂ ਦੀ ਸੰਗਤ ਵੀ ਮੇਲਿਆਂ ਦੀ ਮਨਜ਼ੂਰੀ ਲੈਣ ਵਾਸਤੇ ਆ ਗਈ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਭਰਪੂਰ ਮੇਲੇ ਸਮੇ, ਐਨ ਵੇਲੇ ਸਿਰ ਆ ਦਰਸ਼ਨ ਦਿਤੇ। ਮੇਲਾ ਖੂਬ ਰੌਣਕਾਂ ਵਾਲਾ ਹੋ ਗਿਆ। ਇਹ ਤਾਂ ਇਵੇਂ ਸੀ ਜਿਵੇਂ ਕੱਲਰ ਵਿਚ ਕੰਵਲ ਫੁਲ ਖਿਲ ਪਏ ਹੋਣ। ਸਤਿਗੁਰਾਂ ਦੇ ਸੇਵਕਾਂ ਨੇ ਹੀ ਮੇਰਾ ਕਿਮ ਸਾਰਾ ਕੰਮ ਮੁਕਾ ਦਿਤਾ। ਲੰਗਰ ਆਦਿ ਖੂਬ ਚਲਿਆ ਅਤੇ ਦੀਵਾਨ ਵੀ ਭਰਪੂਰ ਲਗੇ। ਦੋ ਦਿਨ ਮੇਲਾ ਬੜਾ ਰੰਗ ਵਿਚ ਹੋਇਆ। ਮੇਰੇ ਘਰਦੀ ਦਾ ਜੀ ਕਰਦਾ ਸੀ ਕਿ ਮੇਲਾ ਨ ਲਿਆ ਜਾਵੇ, ਕੇਵਲ ਚਰਨ ਪੁਆਏ ਜਾਣ। ਇਸਨੇ ਮੇਲੇ ਦਾ ਸੁਨੇਹਾ ਦੇਣ ਆਏ ਸਿੰਘ ਨੂੰ ਵੀ ਇਹੋ ਕਿਹਾ ਸੀ ਪਰ ਮੇਲੇ ਵਾਸਤੇ ਆਪਣੇ ਸਾਰੇ ਜਕੋਤਕਿਆਂ ਦੇ ਬਾਵਜੂਦ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨ ਦੀ ਮਹਾਨਤਾ ਸੀ।

"ਮੇਲੇ ਦਾ ਭੋਗ ਪੈਣ ਦਾ ਸਮਾ ਹੋਇਆ ਤਾਂ ਮੈਂ ਸ੍ਰੀ ਸਤਿਗੁਰੂ ਜੀ, ਰਾਗੀਆਂ, ਪਰਚਾਰਕਾਂ (ਸੰਤ ਫਤਹ ਸਿੰਘ ਮਾਂਗਾ ਤੇ ਹੋਰ) ਤੇ ਲਾਂਗਰੀਆਂ ਆਦਿ ਦੀ ਵਖ ਵਖ ਭੇਟਾ ਦਿਤੀ। ਮੇਰੀ ਪਤਨੀ ਆਖਣ ਲਗੀ : ਮੇਲਾ ਤਾਂ ਤੰਬੂਆਂ ਕਨਾਤਾਂ ਵਿਚ ਹੀ ਹੋ ਗਿਆ, ਘਰ ਤਾਂ ਚਰਨ ਨ ਪੁਆਏ ? ਅਜੇ ਮੈਂ ਘਰ ਚਰਨ ਪੁਆਣ ਲਈ ਸੋਚ ਹੀ ਰਿਹਾ ਸਾਂ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕੀਤਾ : ਚੱਲ ਭਾਈ ਤੇਰੇ ਘਰ ਵੀ ਚੱਲੀਏ। ਘਰ ਤਾਂ ਤੇਰਾ ਵੇਖਿਆ ਈ ਨ ?

"ਮੈਂ ਡਰਦਾ ਸਾਂ, ਮੇਲਾ ਮੇਰਾ ਤਾਂ ਮੁਕ ਗਿਆ ਹੁਣ ਅਰਜ਼ ਕਿਵੇਂ ਕਰਾਂ। ਸੱਚੇ ਪਾਤਸ਼ਾਹ ਆਪ ਹੀ ਨਾਲ ਹੋ ਗਏ ਤੇ ਮੇਰਾ ਗ਼ਰੀਬ ਦਾ ਘਰ ਆਪਣੇ ਪਾਵਨ ਚਰਨਾਂ ਨਾਲ ਭਰਪੂਰ ਕਰ ਦਿਤਾ। ਏਸੇ ਮੇਲੇ ਤੇ ਘਾਪਰਖੇੜੀ ਵਾਲੇ ਮੇਰੇ ਸਹੁਰਾ ਸਾਹਿਬ ਸੇਠ ਪ੍ਰਤਾਪ ਸਿੰਘ ਹੁਰੀਂ ਵੀ ਆਏ ਹੋਏ ਸਨ। 30-40 ਸਰੀਰ ਘਾਪਰਖੇੜੀ ਦੇ ਹੋਰ ਵੀ ਨਾਲ ਸਨ। ਪਰ ਸ਼ੁਰੂ ਵਿਚ ਹੀ ਮੇਰੀ ਰੰਗਦਾਰ ਪੱਗ ਤੇ ਖੁਲ੍ਹੇ ਕਪੜੇ ਵੇਖਕੇ ਸੰਤ ਪ੍ਰਤਾਪ ਸਿੰਘ ਹੁਰਾਂ ਵੀ ਕਿਹਾ ਸੀ : ਜੇ ਤੇਰੇ ਘਰ ਹੀ ਸਤਿਗੁਰਾਂ ਮੇਲਾ ਕਰਨਾ ਹੈ ਤਾਂ ਭਰਮ ਲਾਹ ਛਡ, ਉਹ ਕਦੇ ਨਹੀਂ ਆਉਣਗੇ। ਪਰ ਸਤਿਗੁਰ ਦੀਆਂ ਗੱਲਾਂ ਤਾਂ ਉਹ ਆਪ ਹੀ ਜਾਣੇ।



Sri Satguru Jagjit Singh Ji Elibrary NamdhariElibrary@gmail.com

"ਮੈਨੂੰ ਇਹ ਨਹੀ ਸੀ ਪਤਾ ਕਿ ਸੱਚੇ ਪਾਤਸ਼ਾਹ ਮੇਰੇ ਘਰ, ਕਹਿਕੇ, ਮੇਲਾ ਕਿਉਂ ਕਰਵਾ ਰਹੇ ਸਨ। ਮੇਲੇ ਤੋਂ ਪਿਛੋਂ ਮਹੀਨਾ ਨਹੀ ਪਿਆ ਤਾਂ ਮੇਰੀ ਸਿੱਖਣੀ ਪੂਰੀ ਹੋ ਗਈ। ਹੁਣ ਮੈਨੂੰ ਪਤਾ ਲਗਾ ਕਿ ਇਹ ਮੇਲਾ ਤਾਂ ਉਸੇ ਨੂੰ ਵਖਾਣਾ ਸੀ।

### ਰੋਲਨ ਤੇ ਰਾਖਕੂ ਪਏ

"ਮੇਰੀ ਪਤਨੀ ਦੇ 3 ਬੱਚੇ ਸਨ ਤੇ ਤਿੰਨੇ ਹੀ ਕੁੜੀਆਂ। ਇਹਨਾਂ ਨੂੰ ਕੌਣ ਸੰਭਾਲੇ ? ਮੈਂ ਵੀ ਤਾਂ ਡੋਲਿਆ ਪਿਆ ਸਾਂ ਜਿਹਦਾ ਜਹਾਨ ਉਜੜ ਗਿਆ ਸੀ ਪਰ ਮੈਥੋਂ ਵੱਧ ਮੇਰੀ ਸੱਸ ਰੋਈ ਕਲਪੀ ਕਿਉਂਕਿ ਉਹਦਾ ਇਸ ਧੀ ਨਾਲ ਸਭ ਤੋਂ ਵੱਧ ਮੋਹ ਸੀ। ਉਹ ਤਾਂ ਰੋਜ਼ ਹੀ ਕੀਰਨੇ ਪਾਉਂਦੀ।"

ਸੰਤ ਓਅੰਕਾਰ ਸਿੰਘ ਨੇ ਨਾਲ ਲਗਦਿਆਂ ਹੀ ਦੂਜੀ ਵਾਰਤਾ ਦਾ ਮੁੱਢ ਬੰਨ੍ਹ ਦਿਤਾ। ਕਹਿਣ ਲਗੇ : ਸਤਿਗੁਰੂ ਜੀ ਨੇ ਮੇਰੀ ਪੁੱਜ ਕੇ ਮਦਦ ਕੀਤੀ। ਘਰੋ ਗੁਜ਼ਰ ਜਾਣ ਦਾ ਮੈਨੂੰ ਗ਼ਮ ਬਹੁਤ ਸੀ। ਇਹਨਾਂ ਹੀ ਦਿਨਾ ਵਿਚ ਇਕ ਦਿਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਹੋਏ। ਮੇਰੀ ਦਰਸ਼ਨ ਕਰਦਿਆਂ ਹੀ ਭੁੱਬ ਨਿਕਲ ਗਈ। ਮੈਂ ਗਿੱਲੀਆਂ ਅੱਖਾਂ ਨਾਲ ਗੁਰੂ ਚਰਨਾਂ ਤੇ ਨਮਸਕਾਰ ਕੀਤੀ। ਸਤਿਗੁਰੂ ਜੀ ਮੇਰਾ ਦੁਖ ਦੂਰ ਕਰਨ ਲਈ ਬੋਲੇ : ਹੌਸਲਾ ਰੱਖ, ਹੋਣਹਾਰ ਹੋ ਹੀ ਜਾਂਦੀ ਹੈ।

ਅਤੇ ਸਤਿਗੁਰੂ ਜੀ ਮੇਰਾ ਏਨਾ ਧਿਆਨ ਰਖਿਆ ਕਿ ਸੰਤ ਟੁੰਡੀ ਬਾਂਹ ਵਾਲੇ ਜਿਉਣ ਸਿੰਘ ਉਗਰਾਹੀਏ ਨੂੰ 250/- ਦੇਕੇ ਭੇਜ ਦਿਤਾ ਕਿ ਇਸ ਰਕਮ ਨਾਲ ਮੈਂ ਗੁਰੂ ਕੇ ਘੋੜਿਆਂ ਲਈ ਜਵੀ ਖਰੀਦਾਂ ਅਤੇ ਭੈਣੀ ਸਾਹਿਬ ਭਿਜਵਾ ਦਿਆਂ। ਨਾਲ ਹੀ ਸਤਿਗੁਰਾਂ ਉਸ ਉਗਰਾਹੀਏ ਨੂੰ ਮੇਰੇ ਘਰ 15 ਦਿਨ ਰਹਿਣ ਦੀ ਪੱਕੀ ਕੀਤੀ। ਸਿੰਘ ਸੇਵੀ ਸੀ, ਆਪ ਹੀ ਲੰਗਰ ਕਰਕੇ ਛਕਣ ਲਗਾ ਤੇ ਸਾਨੂੰ ਵੀ ਛਕਾਣ ਲਗਾ।

ਪੰਦਰਾਂ ਦਿਨਾਂ ਪਿਛੋਂ ਸਮੇਤ ਰੁਪਿਆਂ ਦੇ ਸਿੰਘ ਵਾਪਸ ਹੋ ਗਿਆ। ਏਧਰ ਜਵੀ ਕੋਈ ਥੀਜਦਾ ਹੀ ਨਹੀ ਸੀ। ਅੱਸੂ ਦਾ ਮੇਲਾ ਸ਼ੁਰੂ ਹੋ ਗਿਆ ਤਾ ਸੰਤ ਰੌਣਕ ਸਿੰਘ ਲਾਪੂ ਕੇ ਮੰਡੀ ਵਾਲੇ ਨੂੰ 500/- ਦੇ ਕੇ ਫੇਰ ਮੇਰੇ ਪਾਸ ਹੀ ਜਵੀ ਖਰੀਦਣ ਭੇਜ ਦਿਤਾ। ਇਹ ਸੰਤ ਵੀ ਪਹਿਲੇ ਸਿੰਘ ਵਾਂਗ ਭਜਨ ਬੰਦਗੀ ਕਰਨ ਵਾਲੇ ਸਨ। ਚਾਰ ਪੰਜ ਦਿਨਾਂ ਦੀ ਗੱਲ ਬਾਤ ਬਾਅਦ ਪਤਾ ਲਗਾ ਕਿ ਸੰਤਾਂ ਘਰ ਸੰਤਾਨ ਹੈ ਨਹੀ। ਮੈਨੂੰ ਆਪਣੀ ਘੁਣੇ ਦਾ ਚੇਤਾ ਵੀ ਭੁਲ ਗਿਆ। ਸੰਤ ਰੌਣਕ ਸਿੰਘ ਵੀ 14-15 ਦਿਨ ਰਹਿਕੇ ਬੇ-ਜਵੀ ਹੀ ਭੈਣੀ ਸਾਹਿਬ ਪਰਤ ਗਏ।

### ਔਲਾਦ ਹੋ ਗਈ

ਸੰਤ ਓਅੰਕਾਰ ਸਿੰਘ ਦੀ ਗਲ ਅਜੇ ਮੁੱਕੀ ਨਹੀ ਸੀ। ਸ਼ਾਇਦ ਇਹਦੀ ਸਿਖਰ ਅਜੇ ਆਉਣੀ ਸੀ ! ਬੋਲੇ : ਇਹਨਾਂ ਦਿਨਾਂ ਵਿਚ ਹੀ ਸਤਿਗੁਰੂ ਜੀ ਨੇ ਐਸੀ ਕਿਰਪਾ ਕੀਤੀ ਕਿ ਸੇਠ ਪ੍ਰਤਾਪ ਸਿੰਘ ਜੀ ਖਪਤ ਖੇਤੀ ਦੇ ਅੰਦਰ ਜਾ ਵੱਸੇ। ਸੇਠ ਜੀ ਨੇ ਆਪਣੀ ਪੁੱਤਰੀ ਅਮੋਲਕ ਕੌਰ ਮੇਰੇ ਨਾਲ ਤੋਰ ਦਿਤੀ। ਮੇਰਾ ਘਰ ਫੇਰ ਰੰਗੀ ਵਸਣ ਲਗਾ। ਸਤਿਗੁਰਾਂ ਦੀ ਅਮੋਲਕ ਕੌਰ ਤੇ ਐਸੀ ਕਿਰਪਾ ਹੈ ਕਿ ਨਾ ਮੇਰੇ ਪਹਿਲੇ ਬੱਚਿਆਂ ਨੂੰ ਤੇ ਨਾ ਹੀ ਦੂਜਿਆਂ



Sri Satguru Jagjit Singh Ji Elibrary NamdhariElibrary@gmail.com

ਨੂੰ ਪਤਾ ਹੈ ਕਿ ਉਹ ਚੰਗੇ ਮਤੇਰ ਹਨ। ਮੇਰੀਆਂ ਪਹਿਲੀਆਂ ਲੜਕੀਆਂ ਏਸੇ ਘਰ ਦਿਨ ਦਿਹਾਰ ਸਮੇ ਆਉਂਦੀਆਂ ਹਨ ਤੇ ਮਾਂ ਵਾਲਾ ਨਿੱਘ ਪਿਆਰ ਲੈਕੇ ਵਾਪਸ ਜਾਂਦੀਆਂ ਹਨ।

ਓਅੰਕਾਰ ਸਿੰਘ ਹੋਰਾਂ ਦੱਸਿਆ ਕਿ ਸੇਠ ਪ੍ਰਤਾਪ ਸਿੰਘ ਹੁਰਾਂ ਨੇ ਜੋ ਭਜਨ ਕੀਰਤਨ ਦੀ ਰੀਤ ਇਹਨਾਂ ਦੇ ਘਰ ਤੋਰੀ ਉਸੇ ਦਾ ਪੁੰਨ ਪਰਤਾਪ ਹੈ ਕਿ ਇਹ ਸਾਰਾ ਪਰਵਾਰ ਰੋਜ਼ ਸਵੇਰੇ ਉਠ ਇਸਨਾਨ ਪਾਣੀ ਕਰਕੇ ਆਸਾ ਦੀ ਵਾਰ ਦਾ ਕੀਰਤਨ ਕਰਦਾ ਹੈ। ਸੰਤਾਂ ਨੇ ਕਿਹਾ, ਅਹਿ ਚੰਗਾ ਜੁ ਮੇਰੇ ਨਾਲ ਆਇਆ ਹੈ, ਢੋਲਕ ਵਜਾਂਦਾ ਹੈ। ਮੇਰੇ ਭਰਾ ਸੰਤ ਵਰਿਆਮ ਸਿੰਘ ਤੇ ਸੰਤ ਗੁਰਬਚਨ ਸਿੰਘ ਜੀ ਮਹਾਪੁਰਖ ਸਾਰੇ ਹੀ ਸਤਿਗੁਰਾਂ ਦੇ ਨਿਵਾਜੇ ਅਤੇ ਬਖਸ਼ੇ ਹੋਏ ਹਨ।

ਰਾਤੀ ਸੰਤ ਓਅੰਕਾਰ ਸਿੰਘ ਸ੍ਰੀ ਕੇਹਰ ਸਿੰਘ ਹਮਰਾਹੀ ਦੇ ਘਰ ਵੀ ਆਏ। ਮੇਰੀ ਪਤਨੀ ਪਿਛਲੀ ਵਾਰ ਫੇਰਹਟੇ ਗਿਆਂ ਇਹਨਾਂ ਦੀ ਵਾਕਫ ਹੋ ਆਈ ਸੀ, ਥੋੜਾ ਚਿਰ ਮੇਰੀ ਲੜਕੀ ਕੁਲਵੰਤ-ਹਮਰਾਹੀ ਦੇ ਘਰ ਵੀ ਹਰੀ ਚਰਚਾ ਦਾ ਸੰਗਮ ਬਣਿਆਂ ਰਿਹਾ।

## 3 ਮਈ 1983, ਮੰਗਲਵਾਰ
## ਮੰਡੀ (ਹਿਮਾਂਚਲ ਪ੍ਰਦੇਸ)

### ਜਥੇਦਾਰ ਸੇਵਾ ਸਿੰਘ ਵੱਲ

ਬੀਤੀ ਰਾਤ, ਕੁੰਤਰ ਵਿਖੇ, ਹਮਰਾਹੀ ਦੇ ਘਰ, ਰੀਟਾ ਸਿਲਾਈ ਮਸ਼ੀਨ ਵਾਲਿਆਂ ਦਾ ਇਕ ਨੌਜਵਾਨ ਪ੍ਰਤੀਨਿਧ ਆਇਆ। ਇਹਦੇ ਪਾਸ ਰੀਟਾ ਵਾਲਿਆਂ ਦੀ ਕਾਰ ਅਤੇ ਡਰਾਈਵਰ ਸੀ। ਅਜ ਮੈ ਇਹਨਾਂ ਨਾਲ ਬੈਠਕੇ 12.30 ਵਜੇ ਮੰਡੀ ਪਹੁੰਚ ਗਿਆ।

ਮੇਰੀ ਲੋੜ ਸੁਖਦੇਵ ਸਿੰਘ - ਰਣਜੀਤ ਕੌਰ ਤੇ ਇਹਨਾਂ ਦੇ ਪਿਤਾ ਸੰਤ ਸੇਵਾ ਸਿੰਘ ਜਥੇਦਾਰ ਕਿਆਂ ਨੂੰ ਮਿਲਣਾ ਸੀ। ਇਹਨਾਂ ਦਾ ਵੀ ਕਾਰਕਾਰ ਦਾ ਆਗ੍ਰਹਿ ਸੀ, ਓਧਰੋਂ ਭਮਰਾ ਖੜਕ ਸਿੰਘ (ਯੂ.ਕੇ.) ਮੇਰੇ ਦੁਆਰਾ ਇਹਨਾਂ (ਆਪਣੀ ਸਾਲੀ) ਦੀ ਸੁਖ ਸਾਂਦ ਜਾਣਨਾ ਚਾਂਹਦਾ ਸੀ।

ਮੰਗਵਾਈ ਮਹੱਲੇ ਜਥੇਦਾਰ ਸੇਵਾ ਸਿੰਘ ਦੇ ਘਰ ਪਹੁੰਚਿਆ। ਪਤਾ ਲਗਾ ਕਿ ਇਹ ਪਤੀ ਪਤਨੀ ਕੱਲ੍ਹ ਦੇ ਦਿੱਲੀ ਗਏ ਹੋਏ ਹਨ। ਅੱਜ ਉਹਨਾਂ ਦੇ ਲੜਕੇ ਗੁਰਦੇਵ ਸਿੰਘ ਨੇ ਕੁਥਈ ਜਾਣ ਵਾਸਤੇ ਏਥੋਂ ਚਲਣਾ ਹੈ। ਕੱਲ੍ਹ ਰਾਤੀ 11 ਵਜੇ ਦੀ ਫਲਾਈਟ ਤੇ ਉਸ ਅੱਗੇ ਜਾਣਾ ਹੈ।

### ਸੰਤ ਮੋਹਣ ਸਿੰਘ ਮੰਡੀ

ਗੁਰਦੇਵ ਸਿੰਘ ਦਾ ਨਵਾਂ ਖਰੀਦਿਆਂ 'ਚੇਤਕ ਬਜਾਜ' ਸਕੂਟਰ ਵੇਖ ਮੈ ਉਸਨੂੰ ਤਿਆਰ ਕੀਤਾ ਕਿ ਉਹ ਮੈਨੂੰ ਆਪਣੇ ਵੱਡੇ ਭਰਾ ਮੋਹਣ ਸਿੰਘ ਕੋਲ ਲੈ ਜਾਵੇ। ਨਾਲਿਓਂ ਪਾਰ, ਰਵਾਲ ਸਰ ਰੋਡ ਤੇ ਇਸਦਾ ਆਪਣਾ ਮਕਾਨ ਸੀ। ਕੋਠੀ ਨੁਮਾ। ਇਸਦਾ ਪਰਵਾਰ ਵਾਹਵਾ ਰੰਗਿਆ ਚੰਪਤਿਆ ਹੋਇਆ। ਮੋਹਣ ਸਿੰਘ ਨੇ ਦੱਸਿਆ ਕਿ ਬੀਤੇ ਕੁਛ ਦਿਨਾਂ ਵਿਚ ਹੀ ਇਹਨਾਂ ਦੀ ਛੋਟੀ ਭੈਣ ਦੀ ਸ਼ਾਦੀ ਭੈਣੀ ਸਾਹਿਬ, ਗੁਰੂ ਕੀ ਹਜ਼ੂਰੀ ਵਿਚ, ਸੰਤ ਦਿਆਲ



Sri Satguru Jagjit Singh Ji Elibrary NamdhariElibrary@gmail.com

ਸਿਘ ਫਗਵਾੜਾ ਦੇ ਭਾਈ ਸੰਤ ਪ੍ਰੀਤਮ ਸਿੰਘ ਪੱਟੀ ਵਾਲਿਆਂ ਦੇ ਛੋਟੇ ਲੜਕੇ ਜਸਪਾਲ ਸਿੰਘ ਨਾਲ ਹੋਈ ਹੈ।

ਸੰਤ ਮੋਹਣ ਸਿੰਘ ਦੇ ਘਰੋਂ ਬੀਬੀ ਅਵਤਾਰ ਕੌਰ, ਮਸਤਾਨੀ ਸੇਵਾ ਕੌਰ ਤੇ ਸੰਤ ਪਿਆਰਾ ਸਿੰਘ, ਭੋਤੀ (ਕੁੱਲੂ) ਵਾਲਿਆਂ ਦੀ ਪੁੱਤਰੀ ਹੈ। ਸਾਰੀ ਸੇਵਾ ਕਰਦਿਆਂ ਅਵਤਾਰ [redacted] ਦੀ ਰਸਨਾ ਟੱਕ-ਟੱਕ ਚਲਦੀ ਭਜਨ ਕਰਦੀ ਰਹੀ। ਇਹ ਸਾਰਾ ਪਰਵਾਰ ਵੀ ਗੁਰੂ ਦੇ ਰੰਗ ਵਿਚ ਰੰਗਿਆ ਹੋਇਆ ਹੈ।

ਸੰਤ ਮੋਹਣ ਸਿੰਘ ਨੇ ਦੱਸਿਆ ਕਿ ਮੰਡੀ ਵਿਚ ਕਿਨ੍ਹਾ ਹਾਲਾਤ ਵਿਚਾਲੇ ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦਾ ਸਮੇਲਨ ਹੋ ਰਿਹਾ ਹੈ। ਸੰਤ ਧਨਵੰਤ ਸਿੰਘ ਜਿਨ੍ਹਾਂ ਆਪਣੀ ਦੁਕਾਨ ਅੱਜ ਕੱਲ੍ਹ ਨੇੜ ਚੌਕ ਵਿਚ ਬਣਾਈ ਹੋਈ ਹੈ, ਉਹ ਵੀ ਇਸ ਨਾਲ ਮਿਲਕੇ ਖਰਚ ਕਰਨ ਨੂੰ ਤਿਆਰ ਹਨ। ਸੰਤ ਸੇਵਾ ਸਿੰਘ ਨਾਮਧਾਰੀ ਏਜੰਸੀਜ਼ ਦਿੱਲੀ ਵਾਲੇ ਵੀ, ਮਨਾਲੀ ਦੇ ਰਾਹ ਵਿਚ ਪੈਂਦੇ, ਕੁੱਲੂਓਂ ਅਗਲੇ ਸੈਲਾਨੀ ਕੈਂਪ ਵਿਚ ਕਰਵਾਣ ਲਈ ਤਿਆਰ ਹਨ। ਸੰਤ ਮੋਹਣ ਸਿੰਘ ਦੇ ਵਿਚਾਰ ਵਿਚ, ਮੰਡੀ ਵਾਲਿਆਂ ਤੇ ਪਦਾਰਥ ਵਲੋਂ ਤਾਂ ਸਤਿਗੁਰਾਂ ਦੀ ਬਹੁਤ ਕਿਰਪਾ ਹੈ, ਕੱਲਾ-ਕੱਲਾ ਅਰ ਹੋਲਾ ਕਰਵਾ ਸਕਦਾ ਹੈ ਪਰ ਕੋਈ ਜਣਾ ਵੀ ਛਾਤੀ ਤੇ ਹੱਥ ਮਾਰ ਕੇ ਨਹੀਂ ਕਹਿੰਦਾ ਕਿ ਉਹ ਇਕੱਲਾ ਹੀ ਵਿਦਿਅਕ ਸੰਮੇਲਨ ਕਰਵਾ ਲਵੇਗਾ।

### ਭਗਤ ਸੇਵਾ ਰਾਮ ਮੰਡੀ

ਸੰਤ ਮੋਹਣ ਸਿੰਘ ਨੇ ਦੱਸਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇ ਦਾ ਇਕ ਸਹਿਜਧਾਰੀ ਸਿੱਖ ਭਗਤ ਸੇਵਾ ਰਾਮ 24 ਅਪ੍ਰੈਲ 83 ਨੂੰ ਸਵਰਗ ਸਿਧਾਰ ਗਿਆ ਹੈ, ਉਹਦੇ ਨਮਿਤ ਅੱਜ ਸ਼ਾਮੀ 5 ਵਜੇ ਨਾਮਧਾਰੀ ਧਰਮਸਾਲਾ ਵਿਚ ਭੋਗ ਪੈਣਾ ਹੈ। ਮੋਹਣ ਸਿੰਘ ਨੇ ਦੱਸਿਆ ਕਿ ਮੰਡੀ ਦੀ ਸੰਗਤ ਤੇ ਭਗਤ ਸੇਵਾ ਰਾਮ ਜੀ ਦੀ ਖ਼ਬਰ ਸਾਰ, ਸਹਾਇਤਾ ਆਦਿ ਲਈ ਬੜੀ ਪਹੁੰਚ ਰਖੀ। ਪਰ ਜਦੋਂ ਆਪ ਦਾ ਅੰਤ ਸਮਾ ਆਇਆ ਤਾਂ ਕੱਟੜ ਅਕਾਲਣ ਬੀਬੀ ਬਲਵੰਤ ਕੌਰ ਮਿਲ ਪਏ, ਜਿਨ੍ਹਾਂ ਅੰਤ ਸਮੇ ਭਗਤ ਜੀ ਲਈ ਸੁਖਮਨੀ ਸਾਹਿਬ ਦਾ ਪਾਠ ਕੀਤਾ। ਪਰ ਅਚਰਜ ਵੇਖੋ ਕਿ 12ਵੇਂ ਸਲੋਕ ਉਪਰੰਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਲਵੰਤ ਕੌਰ ਹੋਰਾਂ ਦੇ ਕੋਲ ਖਲੋ ਕੇ ਪਾਠ ਸੁਣਦੇ ਰਹੇ। ਜਦੋਂ ਭਗਤ ਜੀ ਦੇ ਪ੍ਰਾਣ ਅੰਤ ਹੋਏ ਓਦੋਂ ਹੀ ਸੱਚੇ ਪਾਤਸ਼ਾਹ ਅਲੋਪ ਹੋ ਗਏ। ਘਰ ਵਾਲਿਆਂ ਨੇ ਕਿਸੇ ਰਿਸ਼ਤੇਦਾਰ ਦੀ ਪਗੜੀ ਨਾ ਲੈਣ ਦਾ ਫੈਸਲਾ ਕੀਤਾ ਹੈ। ਸੇਠ ਭਜਨੀਕ ਸਿੰਘ ਚੂਰਾਂ ਤੋਂ ਪਤਾ ਲਗਾ ਕਿ ਨਾਮਧਾਰੀ ਸੰਗਤ ਵਲੋਂ ਲੜਕੇ ਨੂੰ ਦਸਤਾਰ ਸਜਾਈ ਜਾਵੇਗੀ।

### ਮੰਡੀ ਦੇ ਸੱਜਣ

ਸੰਤ ਮੋਹਣ ਸਿੰਘ ਨੇ ਇਸ ਦੌਰਾਨ ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਪਣੇ ਨਾਲ ਵਰਤੀ ਕਿਰਪਾ ਦੇ ਕਈ ਕਾਰਨਾਮੇ ਸੁਣਾਏ। ਅਤੇ ਮੈ ਇਸ ਨੂੰ ਨਾਲ ਲੈਕੇ ਸੂਬਾ ਸੇਠ ਲੈਮਣ ਸਿੰਘ ਜੀ, ਸੰਤ ਹਰਭਜਨ ਸਿੰਘ ਕਵਾਈ ਵਾਲੇ, ਡਾ. ਸੁਰਜੀਤ ਸਿੰਘ (ਇਹਨਾਂ ਮੇਰੇ ਹਥੀਂ 200 ਗੋਲੀ ਦਮੇ ਦੇ ਮਰੀਜ਼ਾਂ ਲਈ ਭੇਟੀ ਸਾਹਿਬ ਭੇਜੀ), ਸੰਤ ਹਰਬੰਸ ਸਿੰਘ,



Sri Satguru Jagjit Singh Ji Elibrary NamdhariElibrary@gmail.com

ਸੰਤ ਦਿਆਲ ਸਿੰਘ, ਸੰਤ ਕਰਤਾਰ ਸਿੰਘ ਕਥਾਈ ਵਾਲੇ, ਸ. ਗੋਪਾਲ ਸਿੰਘ, ਸੰਤ ਓਅੰਕਾਰ ਸਿੰਘ, ਸੰਤ ਸੰਤੋਖ ਸਿੰਘ, ਸੰਤ ਮੋਹਣ ਸਿੰਘ, ਆਦਿ ਸਜਣਾਂ ਨੂੰ ਮਿਲ, ਸੰਤ ਨਰਿੰਦਰ ਸਿੰਘ 'ਯੁਗ ਮਰਿਯਾਦਾ' ਨਾਲ ਡਾ. ਦਲੀਪ ਸਿੰਘ - ਸ. ਤ੍ਰਿਲੋਚਨ ਸਿੰਘ ਹੁਰਾਂ ਨੂੰ ਜਾ ਮਿਲਿਆ। ਅੰਤ ਸੰਤ ਹਰਦੇਵ ਸਿੰਘ ਸਟੂਡੀਓ ਜਗਜੀਤ ਅਤੇ ਸ. ਰਛਪਾਲ ਸਿੰਘ ਪ੍ਰਧਾਨ ਨਾਮਧਾਰੀ ਵਿਦਿਅਕ ਜਥਾ ਨਾਲ ਕੁਝ ਸਮਾ ਬਿਤਾ, ਸੰਤ ਮੋਹਣ ਸਿੰਘ ਦੇ ਉਦਮ ਨਾਲ 8.45 ਵਜੇ ਰਾਤੀ ਪੰਜਾਬ ਰੋਡਵੇਜ ਦੀ ਬਸ ਲੈਕੇ ਚੰਡੀਗੜ੍ਹ ਨੂੰ ਚਲ ਪਿਆ। ਐੱਸ ਵੱਲ ਮੰਡੀ ਤੋਂ ਚੰਡੀਗੜ੍ਹ ਦਾ ਕਰਾਇਆ 25/- ਰੁਪਏ ਹੈ।

### ਸ਼ਾਦੀਆਂ ਦੇ ਫ਼ਿਕਰ ਸਤਿਗੁਰਾਂ ਨੂੰ

ਸੰਤ ਗਿਆਨ ਸਿੰਘ ਮੰਡੀ ਤੋਂ ਪਤਾ ਲਗਾ ਕਿ ਪਿਛਲੇ ਦਿਨੀ ਸੰਤ ਜਸਵੰਤ ਸਿੰਘ ਦਰਜੀ ਦਿੱਲੀ (ਮੂਲ ਤੋ ਭੈਣੀ ਸਾਹਿਬ) ਦੀਆਂ ਦੋਵੇਂ ਮੁਟਿਆਰ ਲੜਕੀਆਂ ਭੈਣੀ ਸਾਹਿਬ ਮੰਗਵਾਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਨੰਦ ਕਾਰਜ ਕਰ ਦਿਤੇ। ਸੰਤ ਸੁਰਿੰਦਰ ਸਿੰਘ ਰੰਗੀਰ ਦੇ ਛੋਟੇ ਭਰਾ ਪਰਮਜੀਤ ਸਿੰਘ ਵਲ ਇਕ ਵਿਆਹ ਦਿਤੀ ਹੈ। ਸਾਰਾ ਪਰਵਾਰ ਸਤਿਗੁਰਾਂ ਦਾ ਜਸ ਕਰਦਾ ਨਹੀ ਥਕਦਾ। ਏਧਰ ਜਸਵੰਤ ਸਿੰਘ ਵੀ ਬੜਾ ਕ੍ਰਿਤੱਗਯ ਹੈ।

ਜਦੋਂ ਮੈਂ ਸੰਤ ਹਰਦੇਵ ਸਿੰਘ ਮੰਡੀ ਸਪੁੱਤਰ ਸੰਤ ਅਮਰ ਸਿੰਘ ਨੂੰ ਮਿਲਿਆ ਤਾਂ ਉਸਨੇ ਵੀ ਦੱਸਿਆ ਕਿ ਉਹਦੀਆਂ ਦੋਵੇ ਲੜਕੀਆਂ ਵਿਆਹੀਆਂ ਗਈਆਂ ਹਨ।

### ਜਸਬੀਰ ਨੂੰ ਹਾਦਸਾ

ਸੰਤ ਹਰਬੰਸ ਸਿੰਘ ਹਜ਼ਰੋ ਵਾਲਿਆਂ ਨੂੰ ਮੰਡੀ ਵਿਖੇ ਮਿਲਿਆ ਤਾਂ ਉਹਨਾਂ ਦੱਸਿਆ ਕਿ ਉਹ ਪਿਛਲੇ ਦਿਨੀ ਬੈਂਕੋਕ ਵਿਚੋਂ ਹੋ ਕੇ ਆਏ ਹਨ। ਉਹਨਾਂ ਦੇ ਲੜਕੇ ਜਸਬੀਰ ਸਿੰਘ ਨੂੰ ਸਕੂਟਰ ਚਲਾਂਦਿਆਂ, ਮੋਟਰ ਨਾਲ ਟਕਰਾਅ ਤੇ ਘਰਦਿਆਂ ਪਟੜੀਓ ਹੇਠਾਂ ਜਾ ਪੈਣ ਨਾਲ ਖੱਬਾ ਬਾਹੂ ਪਿਛੇ ਰਲਾ ਗਿਆ ਹੈ। ਅਤੇ ਦੇਹ ਦੇ ਭਾਰ ਨੇ ਉਸਨੂੰ ਮੂਲੋ ਤੋਂ ਉਖੇੜ ਦਿਤਾ। ਡਾਕਟਰ ਨੇ ਮੋਢੇ ਦੀ ਹੱਡੀ ਤਾਂ ਠੀਕ ਚਾੜ੍ਹ ਦਿਤੀ ਪਰ ਬਾਂਹ ਸੁਕਣੀ ਸ਼ੁਰੂ ਹੋ ਗਈ ਹੈ। ਇਸ ਬਾਰੇ ਡਾਕਟਰ ਹਾਰ ਗਏ ਤਾਂ ਵੈਦਨ ਵੈਦ ਸਤਿਗੁਰੂ ਦੀ ਯਾਦ ਆਈ।

ਸੰਤ ਹਰਬੰਸ ਸਿੰਘ ਨੇ ਆਪਣੇ ਲੜਕੇ ਸਵਰਨ ਸਿੰਘ ਰਾਹੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕੀਤੀ ਕਿ ਉਹਦੇ ਭਰਾ ਦੀ ਰੱਖਿਆ ਹੋਵੇ। ਸਤਿਗੁਰੂ ਜੀ ਨੇ ਭਜਨ ਦੀਆਂ ਮਾਲਾਂ ਤੇ ਕਿਸੇ ਮੁਸਲਮਾਨ ਕੋਲੋਂ ਮਾਲਿਸ਼ ਕਰਵਾਣ ਦੀ ਦੱਸ ਪਾਈ। ਹੁਣ ਜਸਬੀਰ ਸਿੰਘ ਤੇ ਮੇਹਰ ਹੈ। ਬਾਹੂ ਹਰਾ ਹੋ ਗਿਆ ਹੈ। ਉਂਗਲਾਂ ਗੰਢੀਆਂ ਕਰ ਤੇ ਖੋਲ੍ਹ ਲੈਂਦਾ ਹੈ। ਬਾਹੂ ਹਰ ਪਾਸੇ ਹਰਕਤ ਕਰ ਲੈਂਦਾ ਹੈ। ਸੰਤ ਹਜ਼ਰੋ ਨੇ ਕਿਹਾ : ਸਾਡੇ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਹੀ ਆਸਰਾ ਹਨ। ਮੁਏ ਹਰੇ ਕੀਏ ਖਿਨ ਮਾਹਿ।



Sri Satguru Jagjit Singh Ji Elibrary NamdhariElibrary@gmail.com

## 4 ਮਈ 1983, ਬੁੱਧਵਾਰ
## ਸ੍ਰੀ ਭੈਣੀ ਸਾਹਿਬ

### ਦੋਸਤਾਂ ਨਾਲ ਮਿਲਣੀ

ਰਾਤੀ 8.4 ਤੇ ਮੰਡੀਓਂ (ਹਿ. ਪ੍ਰ.) ਚਲ ਕੇ ਮਸਾਂ ਹੀ ਅੱਜ ਸਵੇਰੇ 5 ਵਜੇ ਚੰਡੀਗੜ੍ਹ ਪਹੁੰਚਾ। ਏਥੇ ਪੁਰਾਣੇ ਸਾਥੀਆਂ ਸਾਬਕ ਸੰਪਾਦਕ 'ਸਾਡਾ ਜੁਗ' ਉਹਦੀ ਪਤਨੀ ਕਾ: ਮਹਿੰਦਰ ਵਿਰਕ ਲੀਡਰ ਪੰਜਾਬ ਇਸਤਰੀ ਸਭਾ, ਕਾ: ਜੁਗਿੰਦਰ ਭਸੀਨ, ਕਾ: ਤਾਰਾ ਸਿੰਘ ਸੰਧੂ, ਕਾ: ਦਲਬੀਰ-ਜਸਬੀਰ, ਪੰਜਾਬ ਬੁਕ ਸੈਂਟਰ ਦੇ ਕਾ: ਤੁਲਸੀ ਰਾਮ, ਠਾਕੁਰ ਗੋਪਾਲ ਸਿੰਘ, ਕਾ: ਸੁਰਜੀਤ ਪ੍ਰਕਾਸ਼ੀ ਸ੍ਰੀ ਅਵਤਾਰ ਸਿੰਘ ਰਿਸ਼ੀ ਆਦਿ ਨਾਲ ਮਿਲਕੇ, ਲੌਢੇ ਵੇਲੇ ਕਥਾ ਸਮੇਂ ਸ੍ਰੀ ਭੈਣੀ ਸਾਹਿਬ ਜਾ ਦਰਸ਼ਨ ਕੀਤੇ।

### ਹਰੀ ਮੰਦਰ ਵਿਚ

ਹਰੀ ਮੰਦਰ ਵਿਚ 200 ਨਰ ਨਾਰ ਨੂੰ ਦਰਸ਼ਨ ਦਿੰਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਨੇ 1 ਤੋਂ 2 ਤਕ ਸ੍ਰੀ ਰਾਮ ਰਾਮ ਜੀ - ਸੰਤ ਭਗਤ ਸਿੰਘ ਦੁਆਰਾ ਕਥਾ 2 ਤੋਂ 3 ਤਕ ਨਾਮ ਸਿਮਰਨ, ਅਤੇ ਫਿਰ ਸੰਤ ਦਰਸ਼ਨ ਸਿੰਘ – ਹਰਬੰਸ ਸਿੰਘ ਘੁੱਲਾ, ਸੁਖਵਿੰਦਰ ਸਿੰਘ ਪਿੰਕੀ ਅਤੇ ਸ਼ੇਰ ਸਿੰਘ ਤੋਂ ਕੀਰਤਨ ਸੁਣਿਆ।

### ਗੁਰੂ ਰਾਮ ਸਿੰਘ ਜੀ ਵਾਲਾ ਆਦਿ ਗ੍ਰੰਥ

ਸੰਤ ਤਰਸੇਮ ਸਿੰਘ ਨਿਜੀ ਸਕੱਤਰ ਤੋਂ ਪਤਾ ਲਗਾ ਕਿ ਸਤਿਗੁਰੂ ਜੀ ਅੱਜ ਚੀਨੀ ਵਾਲੇ ਪਾਤਸ਼ਾਹ ਜੀ ਦੇ ਆਦਿ ਗਰੰਥ ਤੋਂ ਪਹਿਲਾਂ ਆਪ ਪਾਠ ਪ੍ਰਾਰੰਭ ਕਰਨਗੇ, ਸੋ ਵੀ ਇਸ ਦੀ ਟੋਹ ਵਿਚ ਸ਼ਾਮਲ ਹੋ ਗਿਆ। ਪਹਿਲਾਂ ਤਾਂ ਆਪ ਜੀ ਮਰਕੋਤੇ-ਮਰੋਤੇ ਪਏ ਸ੍ਰੀ ਅਜਾਇਬ ਸਿੰਘ ਸਪੁਤਰ ਸਿੰਗਾਰਾ ਸਿੰਘ ਜੀਆਅੱਲਾ ਨੂੰ ਚਰਨ ਛੁਹਾ, ਫੇਰ ਵਰਨੀਆਂ ਵਾਲੇ ਸਥਾਨ ਨੂੰ ਨਮਸਕਾਰ ਕਰ, ਏਥੇ ਕੋਲ ਹੀ ਵਡੇ ਦਫਤਰ ਵਿਚ ਆਏ (ਜਿਥੇ ਪਿਛਲੇ ਸਾਲ ਸੂਬਾ ਮੀਹਾਂ ਸਿੰਘ ਜੀ ਨੇ ਦਮ ਤੋੜਿਆ ਸੀ) ਆਦਿ ਗ੍ਰੰਥ ਜੀ ਦੇ ਪਾਠ ਦਾ ਪਰਾਰੰਭ ਕੀਤਾ। ਪਹਿਲੀ ਵਾਰ ਪ੍ਰਕਾਸ਼ਤ ਲਿਖਤੀ ਆਦਿ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਤਕ ਗੁਰੂ ਰਾਮ ਸਿੰਘ ਯਾਦ ਆ ਰਹੇ ਸਨ। ਏਸ ਮੌਕੇ ਪੰ. ਗੋਪਾਲ ਸਿੰਘ, ਸੰਤ ਮਹਿੰਦਰ ਸਿੰਘ ਪ੍ਰਕਾਸ਼, ਸੰਤ ਉਦੇ ਸਿੰਘ ਚੁੰਨੀ, ਸ. ਜਸਵੰਤ ਸਿੰਘ ਕੰਨ੍ਹਾ ਅਤੇ ਪੰ. ਜੀ ਦਾ ਸ਼ਾਗਿਰਦ, ਗੁਰਦੀਪ ਸਿੰਘ ਵੀ ਸੈਂਚੀਆਂ ਤੇ ਪਾਠ ਕਰਨ ਹਿੱਤ ਬੈਠ ਚੁੱਕੇ ਸਨ।

ਸ੍ਰੀ ਸਤਿਗੁਰੂ ਜੀ ਨੇ ਦੋ ਮਹੀਨੇ [illegible] ਸਾਹਿਬ ਦਰਸ਼ਨ ਦੇਣੇ ਹਨ ਸੋ ਹੁਣ ਇਕ ਭੋਗ ਪੈਣਾ ਤਾਂ ਪਾਠ ਹੋਇਆ ਹੀ ਕਰੇਗਾ।

### ਮਸਤਾਨਾ ਮਲਕੀਤ ਸਿੰਘ

ਸਤਿਗੁਰੂ ਜੀ ਨੇ ਮੇਰਾ ਧਿਆਨ ਮਸਤਾਨਾ ਮਲਕੀਤ ਸਿੰਘ ਵੱਲ ਕਰਵਾਇਆ। ਏਥੇ



Sri Satguru Jagjit Singh Ji Elibrary NamdhariElibrary@gmail.com

ਕਮਰੇ ਦੀ ਇਕ ਨੁਕਰ ਵਿਚ ਉਹ ਧਿਆਨ ਮਗਨ ਸੀ। "ਸਾਰ ਰਸ ਚਖਿ ਚਖਿ ਪੀਜੈ" ਦੇ ਵਾਕ ਅਨੁਸਾਰ ਮੂੰਹ ਮਾਰ ਮਾਰ ਕੇ ਭਜਨ ਕਰ ਰਿਹਾ ਸੀ। ਸੱਚੇ ਪਾਤਸ਼ਾਹ ਜੀ ਨੇ ਦੱਸਿਆ : ਬਹੁਤ ਉਚੀ ਬਿਰਤੀ ਦਾ ਸਾਧੂ ਹੈ। ਆਮ ਬੋਲ ਚਾਲ ਨਹੀਂ। ਭਜਨ ਵਿਚ ਹੀ ਜੁਟਿਆ ਰਹਿੰਦਾ ਹੈ। ਇਸ ਨੇ ਦੱਸਿਆ ਕਿ ਇਕ ਦਿਨ ਇਹਦਾ ਸੂਖਮ ਸਰੀਰ ਦੇਹ ਤਿਆਗ ਕੇ ਥੋੜਾ ਸਮਾ ਬਾਹਰ ਵਿਚਰਦਾ ਰਿਹਾ। ਸਤਿਗੁਰੂ ਜੀ ਨੇ ਏਸ ਸਿੰਘ ਦੀਆਂ ਹੋਰ ਸਿਫਤਾਂ ਵੀ ਦੱਸੀਆਂ। ਕਾਰੋਬਾਰ ਲਈ ਕੈਨੇਡਾ ਵਿਚ ਗਿਆ, ਵਾਪਸ ਪਰਤ ਆਇਆ ਹੈ। ਘਰ ਵਾਲਿਆਂ ਨਾਲ ਇਹਦੀ ਬਣਦੀ ਨਹੀਂ। ਏਥੇ ਹੀ ਜਿੰਨੀ ਬਣ ਆਵੇ ਸੇਵਾ ਕਰਦਾ ਹੈ। ਭਜਨ ਵਲੋਂ ਤਾਂ ਰਸਨਾਂ ਚਲਦੀ ਹੀ ਰਹਿੰਦੀ ਹੈ।

ਲੰਮੇ ਸਫਰ ਕਾਰਨ ਮੈਨੂੰ ਥਕਾਵਟ ਨੇ ਘੇਰ ਲਿਆ। ਮੈਂ ਸਤਿਗੁਰੂ ਜੀ ਨੂੰ ਪਾਠ ਕਰਦਿਆਂ ਹੀ ਛੱਡ ਆਇਆ।

### ਸਾਰਾ ਗੁਰੂ ਪਰਵਾਰ ਜੁੜ ਗਿਆ

ਢਾਈ ਤਿੰਨ ਸੌ ਨਰ ਨਾਰ ਤੋਂ ਇਲਾਵਾ ਮਹਾਰਾਜ ਬੀਰ ਸਿੰਘ ਜੀ ਤੇ ਬੇਬੇ ਜੀ ਤੋਂ ਛੁਟ ਸਾਰਾ ਗੁਰੂ ਪਰਵਾਰ ਹੀ ਏਥੇ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਮਾਤਾ ਚੰਦ ਕੌਰ ਜੀ, ਸੰਤ ਜਗਤਾਰ ਸਿੰਘ ਜੀ, ਬੀਬਾ ਸਾਹਿਬ ਕੌਰ ਜੀ, ਠਾਕੁਰ ਦਲੀਪ ਸਿੰਘ ਜੀ, ਬੀਬੀ ਗੁਰਮੀਤ ਕੌਰ ਜੀ ਸਮੇਤ ਜੋੜੀ ਦੇ, ਠਾਕੁਰ ਉਦੇ ਸਿੰਘ ਜੀ ਵੀ ਬੈਂਗਲੋਰ ਤੋਂ ਆਏ ਹੋਏ ਹਨ।

### ਸ. ਕੇਵਲ ਸਿੰਘ ਕੋਚ

ਵਡੇ ਠਾਕੁਰ ਜੀ ਨੇ ਮੈਨੂੰ ਸ੍ਰੀ ਗੁਰਮੇਲ ਸਿੰਘ (ਸੰਤ ਨਗਰ, ਸਰਸਾ) ਦੇ ਭਰਾ ਕੇਵਲ ਸਿੰਘ ਨਾਲ ਮਿਲਾਇਆ। ਨਾਮਧਾਰੀ ਖਾਨਦਾਨ ਦਾ ਇਹ ਜਵਾਨ ਸਫਾਰੀ ਸੂਟ ਪਹਿਨੀ ਠਾਕੁਰ ਜੀ ਦੇ ਪਿਛੇ-ਪਿਛੇ ਚਲ ਰਿਹਾ ਸੀ। ਠਾਕੁਰ ਜੀ ਦੱਸਿਆ : ਇਸ ਨੇ ਸਕੂਲ ਦੀ ਤਾਲੀਮ ਹਾਸਲ ਕਰਕੇ ਖੇਡਾਂ ਦੀ ਕੋਚਿੰਗ ਵਿਚ ਤਾਲੀਮ ਲਈ ਹੈ ਅਤੇ ਹੁਣ ਇਹ ਪੰਜਾਬ ਸਰਕਾਰ ਦੀ ਸੇਵਾ ਵਿਚ ਹੈ। ਨੌਜਆਨ ਨੂੰ ਭੈਣੀ ਸਾਹਿਬ ਲਿਆਉਣ ਲਈ ਸ੍ਰੀ ਗੁਰਮੇਲ ਸਿੰਘ ਜੀ ਦੀ ਪ੍ਰਸੰਸਾ ਹੋਈ ਹੈ। ਅਤੇ ਕੇਵਲ ਸਿੰਘ ਨੂੰ ਆਪਣੀ ਮਰਿਆਦਾ ਵਿਚ ਆਉਣ ਨੂੰ ਪ੍ਰੇਰਿਆ ਗਿਆ।

### ਗੱਲ ਚਦੀਕਲਪ੍ਰਾਕ ਦੀ

ਮੇਰਾ ਵੈਦ ਮਿੱਤਰ ਗੁਰਦੇਵ ਸਿੰਘ (ਸੰਤ ਨਗਰ ਪਰ ਅਜਕਲ ਭੈਣੀ ਸਾਹਿਬ) ਪਿਛਲੇ ਦਿਨੀ ਦਿੱਲੀ ਗਿਆ ਸੀ। ਸਤਿਗੁਰੂ ਜੀ ਨੂੰ ਅਰਜ ਕਰਕੇ, ਆਪਣੇ ਹੱਥੀਂ ਤਿਆਰ ਕੀਤੇ ਚਦੀਕਲਪ੍ਰਾਕ ਵਿਚੋਂ ਇਕ ਕਿਲੋ ਦਾ ਡੱਬਾ ਨਾਲ ਘਰ ਦੇ ਆਇਆ। ਉਸ ਨੇ ਏਥੇ ਆਕੇ ਦੱਸਿਆ ਕਿ ਜਦੋਂ ਵੀ ਸਚੇ ਪਾਤਸ਼ਾਹ ਚਦੀਕਲਪ੍ਰਾਕ ਤਿਆਰ ਕਰਵਾਂਦੇ ਹਨ ਤਾਂ ਭਗਤ ਪੂਰਨ ਸਿੰਘ ਪਿੰਗਲਵਾੜਾ (ਅੰਮ੍ਰਿਤਸਰ) ਨੂੰ ਨਹੀਂ ਭੁਲਦੇ। ਅੰਗੜਾਂ ਸੰਤ ਸੂਰਤ ਸਿੰਘ ਕੋਠੀ ਨੰ: 17, ਬਟਾਲਾ ਰੋਡ ਅੰਮ੍ਰਿਤਸਰ ਨੂੰ ਵੀ ਭੇਜਿਆ ਹੈ।



Sri Satguru Jagjit Singh Ji Elibrary NamdhariElibrary@gmail.com

## ਵਾਕੀ ਟਾਕੀ

ਵਿਗਿਆਨ ਦੀਆਂ ਮਨੁਖ ਦੇ ਭਲੇ ਦੀਆਂ ਉਪਲਭਦੀਆਂ ਦੀ ਵਰਤੋਂ ਗੁਰੂ ਕੇ ਦਰਬਾਰ ਸਹਿਜ ਭਾ ਹੋ ਜਾਂਦੀ ਹੈ। ਮੈਂ ਅੱਜ ਸੰਤ ਤਰਸੇਮ ਸਿੰਘ ਤੇ ਹਜ਼ੂਰੀ ਸੇਵਕ ਬਲਵੰਤ ਸਿੰਘ ਪਾਸ 'ਵਾਕੀ ਟਾਕੀ' ਵੇਖੀ ਹੈ। ਇਸ ਦੁਆਰਾ ਸਤਿਗੁਰੂ ਜੀ ਆਪਣੇ ਸਕੱਤਰ ਤਰਸੇਮ ਸਿੰਘ ਨਾਲ ਲਗਾਤਾਰ ਸੰਪਰਕ ਬਣਾਈ ਰਖਦੇ ਹਨ। ਜਦੋਂ ਵੀ ਕੋਈ ਕਰਨ ਵਾਲਾ ਕੰਮ ਚੇਤੇ ਆਏ ਤਾਂ ਆਦੇਸ਼ ਲਈ 'ਵਾਕੀ ਟਾਕੀ' ਹਾਜ਼ਰ ਹੁੰਦੀ ਹੈ।

## ਗੁਰੂ ਕੇ ਪ੍ਰੋਗਰਾਮ ਦੀ ਚਿੱਠੀ

ਨਿਜੀ ਸਕੱਤਰ ਤਰਸੇਮ ਸਿੰਘ ਦੀ ਵਿਸ਼ੇਸ਼ ਚਿੱਠੀ ਲੈਕੇ ਇਕ ਸਰੀਰ ਮੇਰੇ ਵਲ, ਉਤਰ ਚੱਲਿਆ ਹੀ ਸੀ ਪਰ ਉਸ ਮੈਨੂੰ ਏਥੇ ਦੇਖ, 5-5-83 ਦੀ ਲਿਖੀ ਚਿੱਠੀ ਮੇਰੇ ਹਵਾਲੇ ਕਰ ਦਿਤੀ। ਇਸ ਅਨੁਸਾਰ ਸਤਿਗੁਰੂ ਜੀ ਦਾ ਰੋਜ਼ਾਨਾ ਪ੍ਰੋਗਰਾਮ ਇਸ ਪ੍ਰਕਾਰ ਹੈ :

"ਵੈਸੇ ਤਾਂ ਸ੍ਰੀ ਸਤਿਗੁਰੂ ਜੀ, ਕਰੀਬ ਕਰੀਬ ਸਾਰੀ ਰਾਤ ਜਾਗਦੇ ਰਹਿੰਦੇ ਹਨ ਫਿਰ ਵੀ ਬੱਝਵੇਂ ਸਮੇਂ ਅਨੁਸਾਰ 3 ਵਜੇ ਤੋਂ ਜਾਗਣ ਦੀ ਸ਼ੁਰੂਆਤ, 4 ਵਜੇ ਤਕ ਇਸ਼ਨਾਨ, ਵਾਇਰ ਲੈੱਸ ਤੇ ਇਕ ਤੁਕ ਪੜ੍ਹ ਕੇ, 'ਉਠ ਇਸ਼ਨਾਨ ਕਰਹੁ ਪ੍ਰਭਾਤੀ'... ਨਾਲ ਮੈਨੂੰ ਉਠਾਲ ਕੇ ਆਪ ਵਾਰ ਵਿਚ। ਕਰੀਬ 5-30 ਵਜੇ ਵਾਰ ਦਾ ਭੋਗ ਪਾਕੇ ਫਿਰ ਆਪਣਾ (ਯੋਗ ਸੰਬੰਧੀ) 1.5 ਕਿਲੋ ਮੀਟਰ ਪੈਦਲ ਚਲਣਾ। ਫਿਰ ਮਾਲਿਸ਼, ਟਬ ਬਾਥ ਜਾਂ ਨਹਿਰ ਤੇ ਇਸ਼ਨਾਨ। ਫਿਰ ਬੱਚਿਆਂ ਨਾਲ, ਲੰਗਰ ਵਲ, ਮਾਲ ਵਲ ਦਰਸ਼ਨ। ਫਿਰ ਇਸ਼ਨਾਨ ਕਰਕੇ ਪ੍ਰਸ਼ਾਦ।

"ਇਕ ਵਜੇ (ਦੁਪਿਹਰੇ) ਉਠਕੇ ਇਸ਼ਨਾਨ ਕਰ ਫਿਰ 1-30 ਤਕ ਬੱਚਿਆਂ ਨਾਲ ਰਾਗ ਅਭਿਆਸ। 2.15 ਤੋਂ 3 ਤਕ ਕਥਾ 3 ਤੋਂ 4 ਤਕ ਨਾਮ ਸਿਮਰਨ ਤੇ ਕਰੀਬ 4.45 ਤਕ ਕੀਰਤਨ। ਫਿਰ ਡੇਢ ਮੀਲ ਪੈਦਲ ਤੁਰਨਾ। ਫਿਰ ਬੁਢਿਆਂ ਵਲ, ਫੇਰ ਮਾਲ ਵਾਲਿਆਂ ਨੂੰ ਦਰਸ਼ਨ। ਅਰਜ਼ਾਂ ਸੁਣਨੀਆਂ (ਸਵੇਰੇ ਵੀ 8 ਵਜੇ ਅਰਜ਼ਾਂ ਸੁਣੀਆਂ ਜਾਂਦੀਆਂ ਹਨ।) ਜਾਂ ਨਹਿਰ ਤੇ ਜਾਣਾ। ਵੀਡੀਓ ਤੇ ਖੇਡਾਂ ਵੀ ਕਦੇ ਕਦੇ ਵੇਖੀਆਂ ਜਾਂਦੀਆਂ ਹਨ। ਦੁਧ ਜਲ ਪਾਣ ਕਰ 10 ਵਜੇ ਬਿਰਾਜਣਾ।" ਏਸੇ ਚਿੱਠੀ ਵਿਚ ਵਿਦਿਅਕ ਸਮੇਲਨ ਦੀਆਂ ਤਾਰੀਖਾਂ ਦਾ ਵੀ ਜ਼ਿਕਰ ਹੈ :

ਸੰਮੇਲਨ ਲੜਕੀਆਂ 22 ਤੋਂ 25 ਜੂਨ
ਸੰਮੇਲਨ ਲੜਕਿਆਂ 26 ਜੂਨ ਤੋਂ 1 ਜੁਲਾਈ।

### 5 ਮਈ , 1983, ਵੀਰਵਾਰ
### ਸ੍ਰੀ ਭੈਣੀ ਸਾਹਿਬ

ਰਾਗੀਆਂ ਦੁਆਰਾ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕੀਰਤਨ ਆਸਾ ਦੀ ਵਾਰ ਦਾ, ਹਰੀ ਮੰਦਰ ਵਿਚ 5-30 ਵਜੇ ਸਮਾਪਤ ਹੋ ਗਿਆ।

ਅੱਜ ਕੌਲ ਪੁਰਖਾ ਜੀ ਦੇ ਹੁੰਦਿਆਂ ਵੀ ਦੋ ਵੇਲੇ ਕੀਰਤਨ ਦੀ ਅਰਦਾਸ ਪੰ: ਗੋਪਾਲ

Sri Satguru Jagjit Singh Ji Elibrary NamdhariElibrary@gmail.com

ਸਿਖ ਕਰਦੇ ਹਨ। ਪੰਡਿਤ ਜੀ ਨੂੰ ਸੱਚੇ ਪਾਤਸ਼ਾਹ ਜੀ ਵਲੋਂ ਆਗਿਆ ਹੋਈ ਹੈ।

ਮੇਰੀ ਰਚਨਾ ਸ੍ਰੀ ਮਾਤਾ ਭੁਪਿੰਦਰ ਕੌਰ ਜੀ ਨੂੰ ਸੁਣਾਨ ਵਾਸਤੇ ਅੱਜ ਹੀ ਸਮਾ ਮਿਲ ਗਿਆ। ਮੂੜ੍ਹੇ ਅਤੇ ਫ੍ਰਿਕਟ ਸਾਰੇ ਸਨ। ਸ੍ਰੀ ਸਤਿਗੁਰੂ ਜੀ, ਠਾਕੁਰ ਦਲੀਪ ਸਿੰਘ ਜੀ, ਠਾਕੁਰ ਉਦੇ ਸਿੰਘ ਜੀ, ਸਕੱਤਰ ਤਰਸੇਮ ਸਿੰਘ ਅਤੇ ਪੰ: ਗੋਪਾਲ ਸਿੰਘ।

ਫੇਰ ਦਰਸ਼ਨ ਸ਼ਾਮੀ ਹੀ ਹੋਏ। ਸੂਰਜ ਡੁਬਣ ਵੇਲੇ ਮੈਂ ਆਪਣੇ ਕਮਰੇ ਵਲ ਗਿਆ। ਪਤਾ ਲਗਾ ਕਿ ਸਤਿਗੁਰੂ ਜੀ ਤਰਸੇਮ ਸਿੰਘ ਦੀ ਪਹਿਲੀ ਰਿਹਾਇਸ਼ਗਾਹ ਦੀ ਸਫਾਈ ਦਾ ਪ੍ਰਬੰਧ ਵੇਖਣ ਆ ਰਹੇ ਹਨ। ਉਸਤਾਦ ਪਿਆਰਾ ਸਿੰਘ ਦਿੱਲੀ ਨੇ ਏਥੇ ਆਉਣਾ ਹੈ। ਉਹਨਾਂ ਦੀ ਸਿਹਤ, ਗੁਣ ਅਤੇ ਆਮਦ ਦਾ ਪਾਸ ਕਰਦਿਆਂ ਸਤਿਗੁਰੂ ਜੀ ਨੇ ਆਪ ਦਿਲਚਸਪੀ ਲਈ ਹੈ।

## 6 ਮਈ 1983, ਸ਼ੁਕਰਵਾਰ
## ਸ੍ਰੀ ਭੈਣੀ ਸਾਹਿਬ

ਨਿਤ ਵਾਂਗ ਆਸਾ ਦੀ ਵਾਰ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ।

### ਹਰਿਆਣਵੀ ਲੀਡਰ ਤੇ ਮੰਤਰੀ

10-35 ਹੋਏ ਤਾਂ ਇਕ ਅੰਗ ਰਖਿਅਕ ਨੇ ਮੈਨੂੰ, ਮੇਰੇ ਕਮਰੇ ਵਿਚ ਆਣ ਆਖਿਆ ਕਿ ਮੈਨੂੰ ਕੋਠੀ ਬੁਲਾਇਆ ਗਿਆ ਹੈ। ਜਾਂ ਮੈਂ ਗਿਆ ਤਾਂ ਵੇਖਿਆ, ਪੁਰਾਣੀ ਕੋਠੀ ਦੇ ਸ਼ਹਤੂਤ ਹੇਠਲੇ ਘਾਹ ਉੱਤੇ ਸਜ ਵਿਛੇ ਆਸਣ ਤੇ ਵਾਧੇ ਹਰੇ ਰੰਗ ਦੇ ਸੁੰਦਰ ਟਾਟ ਤੇ ਹਰਿਆਣਾ ਰਾਜ ਦੇ ਸਿੱਖਿਆ ਮੰਤਰੀ ਸ੍ਰੀ ਜਗਦੀਸ਼ ਨਹਿਰਾ, ਸ੍ਰੀ ਮਨੀਰਾਮ ਅਤੇ 4 ਕੁ ਹੋਰ ਵਿਅਕਤੀ ਬੈਠੇ ਸਨ। ਸਤਿਗੁਰੂ ਜੀ ਦੀ ਉਡੀਕ ਹੋ ਰਹੀ ਸੀ। ਦੋ ਮਿੰਟ ਬਾਅਦ ਸ੍ਰੀ ਸਤਿਗੁਰੂ ਜੀ ਵੀ ਆ ਗਏ।

ਸਾਰਿਆਂ ਉਠ, ਅਗੇ ਵਧ ਨਮਸਕਾਰ ਕੀਤੀ, ਸੁਆਗਤ ਕੀਤਾ। ਇਸ ਸਮੇਂ ਹੋਰ ਕੋਲ ਸਨ , ਠਾਕੁਰ ਦਲੀਪ ਸਿੰਘ ਜੀ, ਸਕੱਤਰ ਤਰਸੇਮ ਸਿੰਘ, ਪ੍ਰਚਾਰਕ ਮਹਿੰਦਰ ਸਿੰਘ, ਸੇਵਕ ਬਲਦੇਵ ਸਿੰਘ, ਪੰ: ਗੋਪਾਲ ਸਿੰਘ, ਮਦਾਰੀਆ ਗੁਰਦੇਵ ਸਿੰਘ, ਸੂਬਾ ਉਦੇ ਸਿੰਘ ਜੀ, ਵੈਦ ਗੁਰਦੇਵ ਸਿੰਘ, ਅੰਗ ਰਖਿਅਕ ਕਰਨੈਲ ਸਿੰਘ, ਸੰਤ ਅਵਤਾਰ ਸਿੰਘ ਘੁੰਮਣ। ਇਹ ਸਾਰੇ ਸਤਿਗੁਰੂ ਜੀ ਵਾਲੇ ਪਾਸੇ ਬੈਠੇ ਸਨ। ਪੰਡਿਤ ਜੀ ਨੂੰ ਸਤਿਗੁਰੂ ਜੀ ਨੇ ਦੱਸਿਆ : ਵੇਖੋ ਇਹ ਵਜ਼ੀਰ ਨੇ ਪਰ ਵਜ਼ੀਰ ਜਾਪਦੇ ਨਹੀਂ, ਚੰਡੀਗੜ੍ਹ ਨੂੰ ਲੰਘਦੇ ਜਾਂਦੇ ਆਉਂਦੇ ਮਿਲ ਕੇ ਹੀ ਜਾਂਦੇ ਹਨ। ਮੰਤਰੀ ਮਹੋਦੈ ਬੋਲੇ : ਕਿਤੇ ਲੰਘਦੇ ਜਾਂਦੇ ਨਹੀਂ। ਅਜ ਵਿਸ਼ੇਸ਼ ਕਰ ਚੰਡੀਗੜ੍ਹੋਂ ਦਰਸ਼ਨ ਕਰਨ ਆਏ ਹਾਂ। ਫਿਰ ਓਥੇ ਹੀ ਜਾਣਾ ਹੈ। ਕੇਵਲ ਆਪ ਜੀ ਦੀ ਸਿਹਤ ਦਾ ਪਤਾ ਕਰਨ ਆਏ ਹਾਂ।

### ਸਿਹਤ ਸਤਿਗੁਰਾਂ ਦੀ

ਸਤਿਗੁਰੂ ਜੀ ਬਚਨ ਕੀਤਾ : ਸਿਹਤ ਮੇਰੀ ਠੀਕ ਹੈ। ਨੈਰੋਬੀ ਦੇ ਸਾਰੇ ਇਕ ਸਿਖ



Sri Satguru Jagjit Singh Ji Elibrary NamdhariElibrary@gmail.com

ਨੈਚਰੋਪੈਥ ਨੇ ਦੱਸਿਆ ਹੈ ਕਿ ਖੂਨ ਦੀ ਕੁਝ ਕਮੀ ਹੈ. ਇਸ ਵਾਸਤੇ ਉਸਨੇ ਖੁਰਾਕ ਵਿਚ ਕੁਝ ਜ਼ਰੂਰੀ ਤੱਤ ਸ਼ਾਮਲ ਕਰਨੇ ਦੱਸੇ ਹਨ। ਮਿਨਰਲ ਤੇ ਕੁਝ ਵਿਟਾਮਿਨਾਂ ਨਾਲ ਸੰਬੰਧਤ ਚੀਜ਼ਾਂ ਖਾਣ ਨੂੰ ਦਿਤੀਆਂ ਹਨ। ਅਤੇ ਦੋ ਮਹੀਨੇ, ਇਕੋ ਥਾਂ ਭੈਣੀ ਸਾਹਿਬ ਰਹਿ ਕੇ ਦਵਾਈ ਖਾਣ ਨੂੰ ਦਿਤੀ ਹੈ।

ਅਤੇ ਫਿਰ ਕਾਫ਼ੀ ਸਮਾਂ ਸ. ਗੁਰਚੇਨ ਸਿੰਘ ਫਲੋਰਾ ਦੇ ਗੁਣਾਂ, ਵਿੱਦਿਆ, ਡਿਗਰੀਆਂ, ਭਾਵਨਾ ਅਤੇ ਉਹਦੇ ਬੁਟੈਨੀਕਲ ਸ਼ੌਕ ਦੀ ਚਰਚਾ ਕੀਤੀ। ਇਛਾ ਪਰਗਟ ਕੀਤੀ : ਮੇਰਾ ਜੀ ਕਰਦਾ ਹੈ ਉਹ ਕਿਸੇ ਤਰ੍ਹਾਂ ਏਥੇ ਆ ਸਕੇ। ਵੇਖੋ, ਸੋਚਦੇ ਤਾਂ ਹਾਂ ਹੀ, ਸਤਿਗੁਰੂ ਉਹ ਵੀ ਦਿਨ ਲੈ ਆਉਣਗੇ।

ਚਲਦੀ ਗੱਲੇ ਹਰਿਆਣੇ ਵਿਚ ਚੱਲਦੇ ਕੇਸਾਂ ਦੀ ਗੱਲ ਚੱਲ ਪਈ। ਸਤਿਗੁਰੂ ਜੀ ਨੇ ਕੇਸਾਂ ਵਿਚ ਦਿਲਚਸਪੀ ਲੈਂਦਿਆਂ ਜਾਣਕਾਰੀ ਲਈ ਅਤੇ ਦਿਤੀ।

ਠਾਕੁਰ ਦਲੀਪ ਸਿੰਘ ਜੀ ਨੇ ਸਿੱਖਿਆ ਮੰਤਰੀ ਸ੍ਰੀ ਨਹਿਰਾ ਨੂੰ ਯਾਦ ਕਰਵਾ ਦਿਤਾ , ਸਾਡੇ ਕਾਲਿਜ (ਸ੍ਰੀ ਜੀਵਨ ਨਗਰ ਦੇ) ਦੇ ਕਾਗਜ਼ਾਤ ਚੰਡੀਗੜ੍ਹ ਪਹੁੰਚ ਗਏ ਹਨ. ਉਹਨਾਂ ਵਲ ਜ਼ਰਾ ਛੇਤੀ ਧਿਆਨ ਦਿਓ ਜੇ।

ਸਤਿਗੁਰੂ ਜਗਜੀਤ ਸਿੰਘ ਨੇ ਹਰਿਆਣਾ ਦੇ ਮੁਖ ਮੰਤਰੀ ਚੌਧਰੀ ਭਜਨ ਲਾਲ ਦੀਆਂ ਅੱਖਾਂ ਬਾਰੇ ਸ੍ਰੀ ਜਗਦੀਸ਼ ਨਹਿਰਾ ਨੂੰ ਪੁਛਿਆ : ਅਮਰੀਕਾ ਤੋਂ ਕਿਨਾ ਕੁ ਫ਼ਰਕ ਪਾਕੇ ਮੁੜੇ ਹਨ। ਸਤਿਗੁਰੂ ਜੀ ਨੇ ਸਿਆਸੀ ਖਿਆਲ ਬਾਜ਼ੀਆਂ ਬਾਰੇ ਵੀ ਗੱਲ ਬਾਤ ਕੀਤੀ ਅਤੇ ਬਿਨਾ ਕਿਸੇ ਦਾ ਨਾਮ ਲੈਣ ਤੇ ਆਖਿਆ, ਉਹਨਾਂ ਵਰਗੇ 'ਸਾਊ' ਵੀ ਵਿਰੋਧੀਆਂ ਵਿਚ ਜਾ ਖਲੋਤੇ ਹਨ। ਸ੍ਰੀ ਨਹਿਰਾ ਹੱਸਿਆ। ਸਤਿਗੁਰੂ ਜੀ ਕਿਹਾ ਕਿ ਉਂਜ ਹੀ ਉਸ ਨੂੰ ਮਾੜੇ ਸ਼ਬਦਾਂ ਨਾਲ ਯਾਦ ਕਰਨ ਦਾ ਜੀ ਨਹੀਂ ਕਰਦਾ। ਇਕ ਸੱਜਣ ਵਲ ਸ੍ਰੀ ਮਨੀ ਰਾਮ ਨੇ ਇਸ਼ਾਰਾ ਕਰਕੇ ਦੱਸਿਆ ਕਿ ਇਸਨੂੰ ਐਲਨਾਬਾਦ ਦੀ ਕਮੇਟੀ ਦਾ ਮੁਖੀ ਪਰਵਾਨ ਕੀਤਾ ਗਿਆ ਹੈ। ਇਕ ਰਾਣੀਆਂ ਬਲਾਕ ਵਿਚ ਵੀ ਤੈਨਾਤ ਕੀਤਾ ਗਿਆ ਹੈ।

### ਕੁਰਸੀਆਂ ਦੀ ਇਕਸੁਰਤਾ ਦੀ ਤਾਲਬ

ਸਤਿਗੁਰੂ ਜੀ ਨੂੰ ਕਲ੍ਹ ਪੜ੍ਹੇ ਅਖਬਾਰਾਂ ਵਿਚੋਂ ਸ. ਸਾਧੂ ਸਿੰਘ ਹਮਦਰਦ ਦਾ ਇਕ ਨੁਕਤਾ ਯਾਦ ਆ ਗਿਆ। ਉਸਨੇ ਇਸ ਭਾਵ ਦਾ ਕੁਝ ਲਿਖਿਆ ਸੀ ਕਿ ਦਿੱਲੀ ਵਿਚ ਤਾਂ ਮੰਤਰੀ ਪ੍ਰਧਾਨ ਮੰਤਰੀ ਜੀ ਹਨ, ਬਾਕੀ ਮੰਤਰੀ ਤਾਂ ਮੰਤਰੀ ਹੀ ਹਨ। ਸਤਿਗੁਰੂ ਜੀ ਨੇ ਹਮਦਰਦ ਦੇ ਇਸ ਨੁਕਤੇ ਨੂੰ ਇੰਜ ਕੱਟਿਆ ਤੇ ਪੁਸ਼ਟੀ ਕੀਤੀ ਪ੍ਰਧਾਨ ਮੰਤਰੀ ਦੀ, ਜਿਵੇਂ ਕਿ 'ਅਜੀਤ' ਦੇ ਸਾਰੇ ਅਦਾਰੇ ਵਿਚ ਜੇ ਸੱਭੇ ਹਮਦਰਦ ਸਾਨੀ ਹੋ ਜਾਣ ਤਾਂ 'ਅਜੀਤ' ਨ ਚਲੇ। 'ਅਜੀਤ' ਦੇ ਰੋਜ਼ਾਨਾ ਪ੍ਰਕਾਸ਼ਤ ਹੋਣ ਲਈ ਸਾਰੀਆਂ ਕੁਰਸੀਆਂ ਹਮਦਰਦ ਦੇ ਅਧੀਨ ਰਹਿ, ਇਕਸਾਰ ਹੋ ਕੇ ਚਲਣ ਤਾਂ ਹੀ ਗੱਡੀ ਲੀਹ ਤੇ ਅਗੇ ਵਧੇਗੀ। ਅਤੇ ਮੈਨੂੰ ਯਕੀਨ ਹੈ ਕਿ ਰੜਕਦੀ ਕੁਰਸੀ ਮੁਨਾਸਬ ਸਮਾਂ ਆਉਣ ਤੇ ਖਾਲੀ ਕਰਵਾ ਲਈ ਜਾਵੇਗੀ। ਇੰਦਰਾ ਗਾਂਧੀ ਤਾਂ ਸਮੁਚੇ ਦੇਸ਼ ਦੀ ਤਾਲਬ ਹੈ।

ਹਮਦਰਦ ਸਪੁੱਤਰ ਬਰਜਿੰਦਰ ਸਿੰਘ ਨੂੰ ਸਤਿਗੁਰੂ ਜੀ ਯਾਦ ਕੀਤਾ : ਉਸਨੂੰ ਆਪਣੇ ਪਿਤਾ ਦੇ ਜਦੋਂ ਪ੍ਰਬੰਧ ਨਾਲ ਇਖਤਿਲਾਫ਼ ਸੀ ਤਾਂ ਉਹ 'ਅਜੀਤ' ਛੱਡ ਗਿਆ। ਅੱਜ ਉਹ



Sri Satguru Jagjit Singh Ji Elibrary NamdhariElibrary@gmail.com

'ਪੰਜਾਬੀ ਟ੍ਰਿਬਿਊਨ' ਦੀ ਕੁਰਸੀ ਤੇ ਫਿਟ ਹੈ। ਯੋਗਤਾ ਵਾਲਿਆਂ ਕੁਰਸੀ ਲੱਭ ਹੀ ਲੈਣੀ ਹੈ।

### ਸ੍ਰੀ ਜਗਦੀਸ਼ ਬਾਰੇ ਰਾਇ

ਇਸੇ ਦੌਰਾਨ ਸ੍ਰੀ ਜਗਦੀਸ਼ ਨਹਿਰਾ ਬਾਰੇ ਸ੍ਰੀ ਹਜ਼ੂਰ ਨੇ ਫ਼ਰਮਾਇਆ : ਨਹਿਰਾ ਬੜੀ ਸਿੱਧੀ ਤੇ ਸਾਫ਼ ਗੱਲ ਕਹਿਣ ਵਾਲਾ ਹੈ। ਜਦੋਂ ਵੀ ਕਿਤੇ ਗੱਲ ਕਰਨ ਦੀ ਲੋੜ ਪਈ ਏ ਇਸ ਨੇ ਬਿਨਾ ਸੰਗ ਸੰਕੋਚ ਤੇ ਗੱਲ ਕੀਤੀ ਏ। ਜਿਥੇ ਸਾਡੀ ਗੱਲ ਆਈ ਏ, ਓਥੇ ਆਪਣੇ ਸਿਰ ਤੇ ਲਈ ਏ।

### ਹਰਿਆਣੇ ਦਾ ਹਮਲਾ

ਸਤਿਗੁਰੂ ਜੀ ਨੇ ਹਰਿਆਣਵੀ ਸਜਣਾਂ ਦਾ ਸੁਆਗਤ ਇਹਨਾਂ ਸ਼ਬਦਾਂ ਨਾਲ ਕੀਤਾ : ਭਈ ਅੱਜ ਤਾਂ ਹਰਿਆਣੇ ਨੇ ਭੈਣੀ ਸਾਹਿਬ ਉਤੇ ਹੱਲਾ ਬੋਲ ਦਿਤਾ ਹੈ। ਦੂਜੇ ਅਰਥਾਂ ਵਿਚ ਸਾਰਾ ਹਰਿਆਣਾ ਹੀ ਚੱਲ ਕੇ ਆ ਗਿਆ ਹੈ। ਅੰਮ੍ਰਿਤਸਰ ਦੇ ਹਾਲਾਤ ਤੇ ਏ ਫਿਕਰਿਆਂ ਵਿਚ ਮੁਕਤੀ ਪਾ ਲਈ : ਅੰਮ੍ਰਿਤਸਰ ਤਾਂ ਤੁਹਾਡੇ ਕੋਲ ਹੈ ਹੀ, ਕਲਾਂ ਵੀ ਤੇ ਖੁਰਦ ਵੀ। ਉਹਦੇ ਬਾਰੇ ਕੀ ਗੱਲ ਕਰਨੀ ਹੋਈ।

ਸਭਾ ਸਮਾਪਤ ਹੋ ਗਈ।

### ਮਾਤਾ ਭੁਪਿੰਦਰ ਕੌਰ ਜੀ

ਇਸੇ ਹੀ ਥਾਂ ਤੇ ਫਿਰ ਅਸਾਂ 'ਸ੍ਰੀ ਮਾਤਾ ਭੁਪਿੰਦਰ ਕੌਰ ਜੀ' ਦੇ ਖਰੜੇ ਦੇ ਬਾਕੀ ਰਹਿੰਦੇ 5 ਸਫ਼ੇ ਪੜ੍ਹੇ। ਸਤਿਗੁਰੂ ਜੀ ਨੂੰ ਜਾਪਿਆਂ ਕਵੀ ਨੇ ਬਹੁਤ ਸੋਹਣਾ ਲਿਖ ਲਿਆ ਏ।

### ਸੂਬਾ ਦਰਸ਼ਨ ਸਿੰਘ ਜੀ

ਅਤੇ ਫਿਰ ਮੇਰੀ ਲਿਖਤ 'ਸੂਬਾ ਦਰਸ਼ਨ ਸਿੰਘ ਜੀ' ਦੀ ਵਾਰੀ ਆਈ। ਇਸ ਨੂੰ ਮੈਂ ਸਤਿਗੁਰੂ ਜੀ ਵਲੋਂ ਆਪਣੇ ਬੇਟੇ ਸੁਖਬੀਰ ਸਿੰਘ ਨੂੰ ਬਖਸ਼ੇ 'ਫਾਰ ਪੈੱਨ' ਨਾਲ ਲਿਖਿਆ ਸੀ। ਇਸ ਤੇ ਬਹੁਤਾ ਵਿਵਾਦ ਨਹੀਂ ਸੀ। ਵਿਵਾਦ ਤਾਂ ਮਾਤਾ ਭੁਪਿੰਦਰ ਕੌਰ ਜੀ ਬਾਰੇ ਵੀ ਨਹੀਂ ਸੀ, ਸਿਰਫ਼ ਮੇਰੇ ਸ਼ਬਦ ਨਾਵਲਿਸਟਕ ਸਨ ਜਿਵੇਂ ਮੇਰੇ ਸ਼ਬਦ 'ਵਸਲ' ਦੀ ਥਾਂ 'ਦਰਸ਼ਨ' ਦੀ ਲੋੜ ਸੀ।

ਵਿਚੋਂ ਹੀ ਠਾਕੁਰ ਉਦੇ ਸਿੰਘ ਜੀ ਆਗਿਆ ਲੈਣ ਆ ਗਏ। ਉਹ 8-10 ਦਿਨਾਂ ਦੇ ਬੰਗਲੌਰ ਆਏ ਹੋਏ ਸਨ। ਅਤੇ ਅੱਜ ਉਹ ਦਿੱਲੀ ਵਾਸਤੇ ਰਵਾਨਾ ਹੋਣ ਲਗੇ ਹਨ। ਸਤਿਗੁਰੂ ਜੀ ਸਾਨੂੰ "ਇਕ ਮਿੰਟ ਰੁਕੋ" ਕਹਿ ਕੇ ਤੋਰ ਕੇ ਉਦੇ ਸਿੰਘ ਜੀ ਨੂੰ ਪੁਰਾਣੀ ਕੋਠੀ ਵਲ ਲੈ ਗਏ ਅਤੇ ਮਿੰਟ ਪਿਛੋਂ ਹੀ ਆਣ ਕੇ ਆਪਣੇ ਆਸਣ ਤੇ ਸਜ ਗਏ।



Sri Satguru Jagjit Singh Ji Elibrary NamdhariElibrary@gmail.com

### ਸੰਤ ਹਾਕਮ ਸਿੰਘ ਕਾਲੇਕਿਆਂ ਦਾ ਸੱਚ

ਸਤਿਗੁਰੂ ਜੀ ਨੇ ਸਾਨੂੰ ਦੱਸਿਆ , ਵੇਖੋ, ਮੈਂ ਮਿਟ ਹੀ ਲਾਇਆ ਜੇ। ਮੈਂ ਕਿਹਾ ਕਿਤੇ ਝੂਠਾ ਨ ਪੈ ਜਾਵਾਂ ! ਅਤੇ ਆਪ ਨੇ ਨਾਮਧਾਰੀ ਪੰਥ ਦੇ ਇਕ ਪੁਰਾਣੇ ਤੇ ਪੌਰਾਣਿਕ ਸੰਤ ਹਾਕਮ ਸਿੰਘ ਕਾਲੇਕਿਆਂ (ਗੁਜਰਾਂ ਵਾਲਾ - ਪਾਕਿਸਤਾਨ) ਵਾਲਿਆਂ ਨੂੰ ਯਾਦ ਕੀਤਾ : ਔਖਾ ਦਸਮ ਗਰੰਥ ਮੈਂ ਉਨ੍ਹਾਂ ਤੋਂ ਪੜ੍ਹਿਆ ਹੈ। ਔਖੇ ਦੀ ਕਿਰਪਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਕੀਤੀ। ਹਾਕਮ ਸਿੰਘ ਜੀ ਨੇ ਇਕ ਵਾਰ ਦੱਸਿਆ ਸੀ ਕਿ ਉਹ ਸਾਥੀਆਂ ਨੂੰ "ਪਿੰਡੇ ਤੇ ਦੋ ਗੜਵੇ ਪਾਣੀ ਦੇ ਪਾ ਆਵਾਂ" ਆਖ ਕੇ ਗਏ ਸਨ। ਇਸ਼ਨਾਨ ਕਰਨ ਲਗਿਆਂ ਸੋਚਿਆ ਕਿ ਮੈਂ ਤਾਂ ਦੋ ਗੜਵਿਆਂ ਦਾ ਬਚਨ ਸਾਥਾਂ ਨਾਲ ਕਰਕੇ ਆਇਆ ਹਾਂ। ਹੁਣ ਦੋਹਾਂ ਨਾਲ ਹੀ ਇਸ਼ਨਾਨ ਕਰਾਂਗਾ। ਸੰਤ ਹਾਕਮ ਸਿੰਘ ਜੀ ਸਦਾਚਾਰ ਦੇ ਪੱਖੋਂ ਉੱਚ ਬਿਰਤੀ ਦੇ ਮਹਾਂਪੁਰਖ ਸਨ।

### ਸੱਚਾਈ ਦਾ ਫਾਰਮੂਲਾ

ਸੱਚੇ ਪਾਤਸ਼ਾਹ ਜੀ ਨੇ ਸੱਚਾਈ ਵਲ ਵਧਣ ਦਾ ਫਾਰਮੂਲਾ ਦੱਸਿਆ : ਪਹਿਲਾਂ ਤਾਂ ਮਨੁਖ ਕਚਹਿਰੀਆਂ ਵਿਚ ਬੋਲੇ ਜਾਣ ਵਾਲੇ ਝੂਠ ਤੋਂ ਪਰਹੇਜ਼ ਕਰੇ। ਫਿਰ ਵਾਰਯਾਰੀ ਵਿਚ ਫੜ ਮਾਰੀਆਂ ਜਾਣ ਵਾਲੀਆਂ ਗੱਪਾਂ ਤੋਂ ਬਚੇ ਅਤੇ ਹੌਲੀ ਹੌਲੀ ਸ਼ਬਦ ਦੇ ਸਹੀ ਅਰਥਾਂ ਵਿਚ ਸੱਚ ਬੋਲੇ। ਮਨੁਖ ਨੂੰ ਸੱਚਾਈ ਵਲ ਤਾਂ ਵਧਦੇ ਹੀ ਰਹਿਣਾ ਚਾਹੀਦਾ ਹੈ। ਇਹੋ ਧਰਮ ਹੈ। 'ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ।' ਅਤੇ ਸਾਡੀ ਸਭਾ ਸਮਾਪਤ ਹੋ ਗਈ।

### ਵਖ-ਵਖ ਗਰੁਪਾਂ ਨੂੰ ਸੇਵਾ

ਏਥੋਂ ਉਠਦੇ ਹੀ ਠਾਕੁਰ ਜੀ ਦਤਿਆਂ ਤੋਂ ਸੰਤ ਤਰਲੋਕ ਸਿੰਘ ਤਾਂ ਲੁਧਿਆਣੇ ਜਾਣ ਦੀ ਆਗਿਆ ਲੈ ਚਲੇ।

ਜਦੋਂ ਕਥਾ, ਨਾਮ ਸਿਮਰਨ ਅਤੇ ਕੀਰਤਨ ਹੋ ਰਹਿਆ ਸੀ ਤਾਂ ਸਾਰੀ ਸੰਗਤ ਨੂੰ ਮੁੜ ਬੈਠਣ ਦਾ ਹੁਕਮ ਹੋਇਆ। ਪਹਿਲਾਂ ਅਜਮੇਰ ਸਿੰਘ ਸੰਤ ਨਗਰ, ਗੁਰਦੇਵ ਸਿੰਘ ਰਾਏਸਰੀ ਨੂੰ ਅਤੇ ਫਿਰ ਹੋਰ ਨੂੰ ਬੁਲਾਕੇ ਕਿਸੇ ਸੇਵਾ ਲਈ ਸਮਝਾ ਕੇ ਤੋਰ ਦਿਤਾ। ਫੇਰ ਹਾਕੀ ਵਾਲਿਆਂ ਦੇ ਜਥੇ ਨੂੰ ਮਾਲ ਵਾਲੇ ਤਬੇਲੇ ਵਿਚ ਜਾਕੇ ਸੇਵਾ ਕਰਨ ਦੀ ਆਗਿਆ ਹੋਈ। ਇਕ ਹਲਕੀ ਫੁਲਕੀ ਸੇਵਾ ਕੀਰਤਨਕਾਰਾਂ ਨੂੰ ਵੀ ਮਿਲੀ। ਇਸ ਤਰ੍ਹਾਂ ਪੰਜ ਗਰੁਪਾਂ ਵਿਚ ਵੰਡ ਕੇ ਵੱਖ ਵੱਖ ਸੇਵਾ ਖੇਤਰਾਂ ਨੂੰ ਭੇਜ ਦਿਤਾ।

### ਸਿੰਧੀ ਦਸਤਾਰ ਬੰਨ੍ਹਿਆ ਕਰ

ਥੋੜੇ ਚਿਰ ਪਿਛੋਂ ਸਤਿਗੁਰੂ ਜੀ ਨੇ ਇਕ ਸਰਦਾਰ ਜੀ ਨੂੰ ਬੁਲਾ ਲਿਆ। ਉਹਨੂੰ ਕਿਹਾ : ਤੇਰਾ ਬਾਪ ਦਾਦਾ ਸਿੰਧੀ ਦਸਤਾਰ ਬੰਨ੍ਹਦੇ ਹੁੰਦੇ ਸਨ, ਤੂੰ ਵੀ ਬੰਨ੍ਹਿਆ ਕਰ। ਲੋਕ ਪੂਰੇ ਨਾਮਧਾਰੀ ਬਸਤਰ ਪਹਿਨ ਕੇ ਕੈਨੇਡਾ ਵਿਚ ਤੁਰੇ ਫਿਰਦੇ ਹਨ, ਫੈਕਟਰੀਆਂ ਵਿਚ ਕੰਮ ਕਰਦੇ ਹਨ, ਤੈਨੂੰ ਲੁਧਿਆਣੇ ਵਿਚ ਹੀ ਡਰ ਲਗਦੈ ! ਬੰਨ੍ਹਿਆ ਕਰੇਂਗਾ ? ਉਸਨੇ 'ਹਾਂ' ਵਿਚ ਸਿਰ ਹਿਲਾਇਆ।



Sri Satguru Jagjit Singh Ji Elibrary NamdhariElibrary@gmail.com

ਮੇਰੀ ਦਿਲਚਸਪੀ ਵੇਖ ਸਤਿਗੁਰੂ ਜੀ ਨੇ ਦੱਸਿਆ : ਇਹ ਬਿਸ਼ਨ ਸਿੰਘ ਦਰਜ਼ੀ ਦਾ ਪੋਤਰਾ ਹੈ। ਸ਼ਰਮ ਸਿੰਘ ਦਾ ਪੁੱਤਰ ਸ਼ੇਰ ਸਿੰਘ। ਇਹਨੂੰ ਕੀ ਖ਼ਬਰ ਹੈ। ਸਾਡੇ ਛੋਟੇ ਹੁੰਦਿਆਂ ਇਹਦਾ ਪਿਤਾ ਵੀ ਸਾਡੇ ਨਾਲ ਹੀ ਫੁੱਟਬਾਲ ਨੂੰ ਕਿੱਕਾਂ ਮਾਰਦਾ ਹੁੰਦਾ ਸੀ। ਇਹ ਸਾਰਾ ਖ਼ਾਨਦਾਨ ਭੈਣੀ ਸਾਹਿਬ ਦਾ ਹੈ। ਹੁਣ ਇਹ ਸਾਰੇ ਲੁਧਿਆਣੇ ਕੰਮ ਕਰਦੇ ਹਨ।

**ਸ. ਨਿਰਮਲ ਸਿੰਘ ਧਮੋਟ**

ਫਿਰ ਸ. ਨਿਰਮਲ ਸਿੰਘ ਪਿੰਡ ਧਮੋਟ ਜ਼ਿਲਾ ਲੁਧਿਆਣਾ ਦਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਨਮੁਖ ਆਇਆ। ਇਸਨੇ ਨਮਸਕਾਰ ਕੀਤੀ। ਇਸ ਦੇ ਨਾਲ ਹੀ ਜਥੇਦਾਰ ਨਿਰੰਜਨ ਸਿੰਘ ਰੰਗ ਟਮਕੌੜੀ ਵਾਲਾ ਵੀ ਆ ਖਲੋਤਾ। ਸ. ਧਮੋਟ ਜਥੇਦਾਰ ਟਮਕੌੜੀ ਦੀ ਪ੍ਰੇਰਨਾ ਨਾਲ ਗੁਰ ਸਿਖੀ ਵਲ ਵਧ ਰਿਹਾ ਸੀ। ਦਾੜ੍ਹੀ ਮੁੰਨਣੀ, ਮਾਸ ਖਾਣਾ ਛੱਡ ਦਿਤਾ ਸੀ। ਸ਼ਰਾਬ ਤੇ ਕੰਟਰੋਲ ਜਾਰੀ ਸੀ। ਜਥੇਦਾਰ ਜੀ ਇਹ ਕਮਜ਼ੋਰੀ ਵੀ ਦੂਰ ਹਟਾਣ ਲਈ ਲਿਆਏ ਸਨ।

**ਸ. ਕੁਲਦੀਪ ਸਿੰਘ ਜੰਮੂ**

ਹਰੀ ਮੰਦਰ ਵਿਚ ਖਲੋਤਿਆਂ ਹੀ ਜੰਮੂ ਵਾਲੇ ਸ. ਕੁਲਦੀਪ ਸਿੰਘ ਨੇ ਆ ਨਮਸਕਾਰ ਕੀਤੀ। ਸਤਿਗੁਰੂ ਜੀ ਨੇ ਮੋਹ ਭਰੇ ਹਿਰਦੇ ਨਾਲ ਪੁਛਿਆ : ਚਲਾ ਜਾਂਦਾ ਹੈ ਫਿਰ ਔਖੇ ? "ਹਾਂ ਜੀ, ਸੱਚੇ ਪਾਤਸ਼ਾਹ" ਸਿੰਘ ਨੇ ਉਤਰ ਦਿਤਾ : ਪਿਛਲੇ ਦਿਨੀ ਸਾਡਾ ਇਕ ਟ੍ਰੱਕ ਸੜ ਗਿਆ ਸੀ। ਇਨਸ਼ੋਅਰ ਕਰਵਾਇਆ ਕੰਮ ਆਇਆ। ਰਕਮ ਪੂਰੀ ਮਿਲ ਗਈ।" ਸਿੰਘ ਆਪਣੀ ਸੁਪਤਨੀ ਨਾਲ ਕੱਠ੍ਹ ਦਾ ਆਇਆ ਹੋਇਆ ਸੀ।

**ਬੀਬੀ ਸੁਰਜੀਤ ਕੌਰ ਬੈਂਕੋਕ**

ਅੱਜ ਆਉਣ ਵਾਲਿਆਂ ਵਿਚ ਨਾਮਧਾਰੀ ਇਸਤਰੀ ਸੰਗਤ ਦੀ ਪ੍ਰਧਾਨ ਬੀਬੀ ਸੁਰਜੀਤ ਕੌਰ ਬੈਂਕੋਕ ਵੀ ਹੈ। ਇਕ ਹੋਰ ਵੀ ਤਕੜਾ ਪਰਵਾਰ ਬੈਂਕੋਕ ਤੋਂ ਆਇਆ ਹੋਇਆ ਹੈ। ਪਰ ਇਸ ਦੀ ਸੁਖ ਸਹੂਲਤ ਦਾ ਖ਼ਿਆਲ ਰਖਦਿਆਂ ਇਕ ਕਮਰਾ ਖ਼ਾਲੀ ਕਰਵਾ ਕੇ ਸਤਿਗੁਰੂ ਜੀ ਆਪ ਉਹਦੀ ਤਿਆਰੀ ਵੇਖੀ। ਅਜੇ ਉਸ ਵਿਚ ਰਹਿਣ ਵਾਲਾ ਸ. ਪਿਆਰਾ ਸਿੰਘ ਉਸਤਾਦ ਦਿੱਲੀ ਨਹੀ ਆਇਆ।

**ਟੈਕਰ ਵਿਚ ਦਰਸ਼ਨ**

ਘਰਾ ਬੂ ਰੁਕ, ਮੈ ਬਾਹਰ ਆਇਆ ਤਾਂ ਸਤਿਗੁਰੂ ਜੀ ਇਕ ਨਵੇਂ ਨਕੋਰ ਟੈਕਰ ਦਾ ਸਟੇਅਰਿੰਗ ਪਕੜੀ ਬੈਠੇ ਸਨ। ਉਚੇ ਲੰਮੇ ਟੈਕਰ ਦੀਆਂ ਮੂਹਰਲੀਆਂ ਪੁਸ਼ੀਆਂ ਸੀਟਾਂ ਤੇ ਡਰਾਈਵਰ ਦੀ ਸੀਟ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੁਸ਼ੋਭਤ ਸਨ। ਇਹ ਟੈਕਰ ਸ. ਖਿਦਮਤ ਸਿੰਘ ਮੰਜਾਲੀਏ ਦਾ ਸੀ। ਸਤਿਗੁਰੂ ਸਟਾਰਟ ਕਰ, ਦੋ ਮਿੰਟ ਬੈਠ, ਫਿਰ ਉਤਰੇ। ਬਾਕੀ ਸੰਗਤ ਦੁਆਲੇ ਖਲੋਤੀ ਸੀ। ਸ. ਖਿਦਮਤ ਸਿੰਘ ਪਿਤਾ ਪੁਤਰ ਬਾਰੇ ਜਥੇਦਾਰ ਟਮਕੌੜੀ ਨੇ ਦੱਸਿਆ : ਕਾਫ਼ੀ ਦੂਰ ਹੋ ਗਏ ਸਨ, ਹੁਣ ਫੇਰ ਨੇੜੇ ਆਏ ਹਨ।



Sri Satguru Jagjit Singh Ji Elibrary NamdhariElibrary@gmail.com

### ਇਕ ਹੋਰ ਸਿਆਮੀ ਪਰਵਾਰ

ਬਾਅਦ ਵਿਚ ਸਤਿਗੁਰੂ ਜੀ ਦੀ ਤਲਾਸ਼ ਵਿਚ ਫਿਰਦੇ ਨੂੰ ਇਕ ਹੋਰ ਵਿਦੇਸ਼ ਵਸਦਾ ਪਰਵਾਰ ਮਿਲ ਗਿਆ। ਪਹਿਲੀ ਨਜ਼ਰੇ ਤਾਂ ਮੈਂ ਪਛਾਣ ਨ ਸਕਿਆ ਪਰ ਇਹ ਤਾਂ ਮੇਰੇ ਮਿੱਤਰ ਅਤੇ ਮੈਨੂੰ ਭਰਾ ਦਾ ਦਰਜਾ ਦੇਣ ਵਾਲੇ ਸੇਠ ਗੁਰਬਖਸ਼ ਸਿੰਘ 'ਪ੍ਰੀਤਮ' ਦਾ ਇਕ ਲੜਕਾ ਸੇਠ ਧਰਮ ਸਿੰਘ ਪਰਵਾਰ ਸੇਵਕਾਂ ਸਮੇਤ ਆਇਆ ਹੋਇਆ ਹੈ। ਅੱਜ ਕੱਲ ਇਹ ਹਾਂਗ ਕਾਂਗ ਵਿਚ ਕਾਰੋਬਾਰੀ ਹੈ। ਸਤਿਗੁਰੂ ਜੀ ਇਸ ਨੂੰ ਸਦਾ ਯਾਦ ਰਖਦੇ ਹਨ। ਜਿੰਨੀ ਵਾਰ ਹਾਂਗ ਕਾਂਗ ਜਾਂਦੇ ਹਨ ਸੇਠ ਧਰਮ ਸਿੰਘ ਨੂੰ ਨਿਵਾਜਦੇ ਹਨ। ਹੋਰ ਵੀ ਜੇ ਕਿਸੇ ਵਿਗਿਆਨਕ ਉਪਲਬਧੀ ਦਾ ਪਤਾ ਕਰਨਾ ਹੋਵੇ ਜਾਂ ਕੋਈ ਬਾਹਰੋਂ ਚੀਜ਼ ਮੰਗਵਾਣੀ ਹੋਵੇ ਤਾਂ ਧਰਮ ਸਿੰਘ ਚੇਤੇ ਵਿਚ ਆਉਂਦਾ ਹੈ। ਇਹ ਸੇਠ ਤਰਲੋਕ ਸਿੰਘ ਦਾ ਭਤੀਜਾ ਅਤੇ ਸੇਠ ਸੁਰਿੰਦਰ(?) ਸੁਰੀਮ੍ਰਿਤ ਸਿੰਘ ਦਾ ਭਾਈ ਹੈ।

ਬੈਂਕੋਕ ਦੀ ਇਕ ਹੋਰ ਪ੍ਰਤਿਭਾ ਬੀਬੀ ਪ੍ਰਕਾਸ਼ ਕੌਰ ਜੀ ਵੀ ਦਰਸ਼ਨਾਂ ਨੂੰ ਆਏ ਹਨ। ਬੀਬੀ ਜੀ ਸੇਠ ਪਿਆਰਾ ਸਿੰਘ ਦੀ ਪਤਨੀ ਹਨ ਅਤੇ ਗੂੜ੍ਹੇ ਗੁਰ ਚਰਨ ਪ੍ਰੇਮੀ ਹਨ।

### ਘੁੱਲਾ ਕਿਥੇ ?

ਕੀਰਤਨ ਸਮੇਂ ਵੇਖਿਆ ਕਿ ਸ੍ਰੀ ਹਰਬੰਸ ਸਿੰਘ ਘੁੱਲਾ ਅਤੇ ਸੰਤ ਦਰਸ਼ਨ ਸਿੰਘ ਏਥੇ ਨਹੀਂ ਹਨ। ਮਹਾਰਾਜ ਬੀਰ ਸਿੰਘ ਜੀ ਦੀ ਅਗਵਾਈ ਵਿਚ ਗੁਰੂ ਕੇ ਹਜ਼ੂਰ ਮੋਹਣ ਸਿੰਘ - ਸੁਖਦੇਵ ਸਿੰਘ - ਸੁਖਵਿੰਦਰ ਸਿੰਘ ਦੀ ਤ੍ਰਿਬੇਣੀ ਨੇ ਹੀ ਕੀਰਤਨ ਕੀਤਾ। ਸਤਿਗੁਰੂ ਜੀ ਨੇ ਆਪਣੇ ਕੀਰਤਨੀਆਂ ਬਾਰੇ ਪੁਛਿਆ ਤਾਂ ਮੋਹਣ ਸਿੰਘ ਬੋਲਿਆ : ਉਹ ਤਾਂ ਜੀ ਜੀਵਨ ਨਗਰ ਗਿਆ ਸਵੇਰ ਦਾ ! ਪਰ ਜਿਵੇਂ ਸਤਿਗੁਰੂ ਜੀ ਨੂੰ ਸੂਚਿਤ ਨਹੀਂ ਕੀਤਾ ਗਿਆ ਹੁੰਦਾ। ਬਾਅਦ ਵਿਚ ਪਤਾ ਲਗਾ ਕਿ ਉਹ ਸੰਤ ਤਰਸੇਮ ਸਿੰਘ ਨੂੰ ਦੱਸ ਕੇ ਗਿਆ ਏ। ਉਹਦੀ ਸੁਪਤਨੀ ਕੁਝ ਜ਼ਿਆਦਾ ਹੀ ਢਿੱਲੀ ਹੈ, ਸੁਖ ਹੋਵੇ ਸਹੀ।

ਸ਼ਾਮੀ ਸਤਿਗੁਰੂ ਜੀ ਨੇ ਸ. ਸਵਰਨ ਸਿੰਘ ਢੋਟੀਆਂ ਸੰਤ ਨਗਰ ਨੂੰ ਚੋਖਾ ਸਮਾਂ ਦਿਤਾ, ਇਕਾਂਤ ਵਿਚ। ਕਿਸੇ ਖਾਸ ਹੀ ਮਸਲੇ ਤੇ ਗੱਲ ਬਾਤ ਹੋਵੇਗੀ।

**7 ਮਈ 1983, ਸ਼ਨੀਵਾਰ**
**ਸ੍ਰੀ ਭੈਣੀ ਸਾਹਿਬ**

ਅੱਜ ਸਤਿਗੁਰੂ ਦਰਸ਼ਨ 8.15 ਤੇ ਨਸੀਬ ਹੋਏ। ਅੱਜ ਵੀ ਸੂਬਾ ਦਰਸ਼ਨ ਸਿੰਘ ਜੀ ਬਾਰੇ ਵਾਕਨ ਸੀ। ਮੇਰੀ ਲਿਖਤ ਉਧੇੜਿਆਂ ਨਜ਼ਰਅੰਦਾਜ਼ੀ ਲੱਗਦੀ ਹੈ ਕਿਉਂਕਿ ਮਰਿਆਦਾ ਹੀਣ ਤੇ ਆਮ ਸੰਸਾਰੀ ਆਦਮੀ ਹੋਣ ਕਰਕੇ ਕਈ ਵਾਰ ਅਦਬ ਅਦਾਬੀ ਸਖਣੀ ਹੋ ਜਾਂਦੀ ਹੈ। ਮੇਰੀ ਐਬਸੂਰਡ ਸ਼ਬਦਾਵਲੀ ਵੀ ਕਈ ਵਾਰ ਚਰਚਾ ਦਾ ਵਿਸ਼ਾ ਬਣਦੀ ਹੈ।

### ਸੇਠ ਧਰਮ ਸਿੰਘ ਹਾਂਗ ਕਾਂਗ

ਸਤਿਗੁਰੂ ਜੀ ਨੇ ਮੇਰਾ ਧਿਆਨ ਕੋਲ ਬੈਠੇ ਸੇਠ ਧਰਮ ਸਿੰਘ ਵਲ ਕਰਵਾਏ



Sri Satguru Jagjit Singh Ji Elibrary NamdhariElibrary@gmail.com

ਆਖਿਆ, ਇਹ ਧਰਮ ਹੈ ਹਾਂਗ ਕਾਂਗ ਤੋਂ, ਸੇਠ ਪ੍ਰੀਤਮ ਦਾ ਲੜਕਾ। ਭਾਰਤ ਆਉਣ ਲਗਾ ਤਾਂ ਮਨ ਬਣਾ ਲਿਓਸੁ, ਜੇ ਮੈਂ ਦੇਸ ਗਿਆ ਤਾਂ ਭੈਣੀ ਸਾਹਿਬ ਜ਼ਰੂਰ ਜਾਵਾਂਗਾ। ਜੋ ਕੱਲ੍ਹ ਆਇਆ ਤਾਂ ਮੈਂ ਜਾਣ ਕੇ ਪੁੱਛਿਆ, ਕੇਹੜੀ ਗੱਡੀ ਵਾਪਸ ਜਾਣਾ ਹੈ ? ਕਹਿਣ ਲਗਾ, ਜੀ ਮੈਂ ਤਿੰਨ ਦਿਨ ਆਪ ਜੀ ਦੇ ਚਰਨਾਂ ਵਿਚ ਰਹਾਂਗਾ।

ਧਰਮ ਸਿੰਘ ਆਪਣੀ ਪਤਨੀ ਤੇਜਿੰਦਰ ਕੌਰ, ਬੱਚੇ, ਆਪਣੀ ਭਰਜਾਈ ਤੇ ਉਹਦੇ ਬੱਚਿਆਂ ਨਾਲ, ਦਿੱਲੀਓਂ ਮਾਟਾਡੋਰ ਕਰਕੇ ਆਇਆ ਹੈ। ਕਸ਼ਮੀਰ ਤੋਂ ਸਾਰੇ ਇਹ ਹੋ ਮੁੜੇ ਹਨ। ਸਤਿਗੁਰੂ ਜੀ ਲਈ ਭੇਟ ਸਮਗਰੀ ਜਾਂ ਹੋਰ ਮੰਗਵਾਇਆ ਗਿਆ ਸਾਮਾਨ ਵੀ ਲੈ ਕੇ ਆਏ ਹਨ।

9.30 ਤੇ ਸਵੇਰੇ ਦੀਨ ਦਿਆਲ ਧਰਮ ਸਿੰਘ ਵਾਲੀ ਮਾਟਾਡੋਰ ਲੈ, ਨਾਲ ਉਸਨੂੰ ਵੀ ਬਹਾਲ, ਸੇਵਕਾਂ ਸਮੇਤ ਨਹਿਰ ਸਰਹਿੰਦ (ਨੀਲੋਂ) ਵਲ ਪ੍ਰਸਥਾਨ ਕਰ ਗਏ।

1.30 ਵਜੇ ਸਕੱਤਰ ਤਰਸੇਮ ਸਿੰਘ ਦੇ ਉੱਦਮ ਨਾਲ ਫੇਰ ਸਮਾਂ ਮਿਲਿਆ ਸਤਿਗੁਰੂ ਜੀ ਦੇ ਦਰਸ਼ਨਾਂ ਦਾ। ਸਤਿਗੁਰੂ ਜੀ ਨੇ ਮੇਰੇ ਲਿਖਤੀ ਉੱਦਮ ਦੀ ਵਾਹਵਾ ਹੀ ਸ਼ਲਾਘਾ ਕੀਤੀ, ਅਤੇ ਮੈਂ ਕੱਲ੍ਹ ਸਵਖਤੇ ਹੀ ਦਿੱਲੀ ਚਲੇ ਜਾਣ ਦੀ ਆਗਿਆ ਲੈ ਲਈ।

### ਕੁਝ ਹੋਰਨਾਂ ਨੂੰ ਮੌਕਾ

ਸ਼ਾਮੀ ਵੀ ਕੁਝ ਵਿਸ਼ੇਸ਼ ਵਿਅਕਤੀ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਆਏ। ਸੂਬਾ ਉਦੈ ਸਿੰਘ ਜੀ ਰੌਣੀ ਤੇ ਸ. ਗੁਰਦੇਵ ਸਿੰਘ ਮਦਾਰ।

ਅੱਜ ਸੰਤ ਮਨੋਹਰ ਸਿੰਘ ਸੰਤ ਨਗਰ ਵੀ ਆਪਣੀ ਮਾਤਾ ਨਾਲ ਗੁਰੂ ਦਰਸ਼ਨਾਂ ਨੂੰ ਆਇਆ।

ਥੋੜੇ ਚਿਰ ਪਿਛੋਂ ਇਕ ਹੋਰ ਗੁਰੂ ਪਿਆਰੇ ਸ. ਰਣਜੀਤ ਸਿੰਘ ਸਮੇਤ ਪਤਨੀ ਤੇ ਬੱਚਿਆਂ ਦੇ ਬੈਂਕਾਕ ਤੋਂ ਆ ਗਏ। ਇਹਨਾਂ ਨਾਲ ਇਕ ਹੋਰ ਬੈਂਕਾਕੀਆ ਪਰਵਾਰ ਵੀ ਸੀ। ਅੱਜ ਕੱਲ ਰੋਜ਼ਾਨਾ 40-50 ਸਰੀਰ ਗੁਰੂ ਕੇ ਦਰਸ਼ਨਾਂ ਦੀ ਇੱਛਾ ਲੈਕੇ ਆਉਂਦੇ ਹਨ। ਇਹ ਦੇਸ ਦੇ ਦੂਰ ਨੇੜੇ ਦੇ ਸ਼ਹਿਰਾਂ ਦੇ ਅਤੇ ਬੈਂਕਾਕ ਦੇ, ਕੀਨੀਆਂ ਦੇ, ਯੂ.ਕੇ. ਆਦਿ ਵਿਚੋਂ ਵੀ ਹੋ ਸਕਦੇ ਹਨ।

ਮਹਾਰਾਜ ਬੀਰ ਸਿੰਘ ਜੀ ਕੱਲ੍ਹ ਦੇ ਜੀਵਨ ਨਗਰ ਚਲੇ ਗਏ ਹਨ।

ਠਾਕੁਰ ਦਲੀਪ ਸਿੰਘ ਜੀ ਨੇ ਮੇਰੇ ਬੇਟੇ ਸੁਖਬੀਰ ਸਿੰਘ ਨੂੰ ਸੁਨੇਹਾ ਘੱਲਿਆ ਹੈ ਕਿ ਉਹ ਮਹੀਨਾ ਭਰ ਉਨ੍ਹਾਂ ਦੇ ਨਾਲ ਰਹਿ ਕੇ ਫੋਟੋਗ੍ਰਾਫੀ ਵਿਚ ਤਾਕ ਹੋਵੇ।

### ਸਿਮ੍ਰਤੀ ਮੰਦਰ ਸੰਬੰਧੀ

ਸਿਮ੍ਰਤੀ ਮੰਦਰ ਬਾਰੇ ਮੈਂ ਨਵਾਂ ਕੁਝ ਜਾਣਨਾ ਚਾਹੁੰਦਾ ਸਾਂ ਕਿ ਪੂਰਬਾ ਪੁੱਤਰ ਗੁਰ ਭਗਤ ਮੇਰੇ ਨਾਲ ਹੋ ਪਿਆ। ਬੋਲਿਆ : ਬਾਪੂ ਜੀ, ਮੈਂ ਤੁਹਾਡੇ ਨਾਲ ਜਾਵਾਂਗਾ। ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਅਸੀਂ ਮੰਦਰ ਵਿਚ ਪਹੁੰਚੇ। ਨਵੇਂ ਹਾਲਾਤ ਇਸ ਪਰਕਾਰ ਹਨ : ਮੰਦਰ ਦੇ ਫਰਸ਼ ਤੇ ਸਾਰੀ ਜਗਾਹ ਸੰਗਿ ਮਰਮਰ ਲਗ ਗਿਆ ਹੈ। ਉਹਦੀ ਰਗੜਾਈ ਵੀ ਹੋ ਗਈ ਹੈ। ਬਾਹਰ ਦੱਖਣੀ ਭਾਗ ਵਿਚ ਥੰਮਾਂ ਲੱਗ ਗਈਆਂ ਹਨ ਪਲਸਤਰ



Sri Satguru Jagjit Singh Ji Elibrary NamdhariElibrary@gmail.com

ਵਾਸਤੇ, ਕੁਝ ਪਲਸਤਰ ਹੋ ਵੀ ਗਿਆ ਹੈ। ਅਜੇ ਹੇਠਾਂ ਬੂਹੇ ਬਾਰੀਆਂ ਨਹੀਂ ਲਗੇ। ਪਉੜੀਆਂ ਉੱਤੇ ਵੀ ਪੱਥਰ ਨਹੀਂ ਲਗਾ।

ਮਾਤਾ ਜੀ ਤੇ ਸੰਤ ਨਿਰਮਲ ਸਿੰਘ ਇੰਜਨੀਅਰ ਮੰਦਰ ਵਿਚ ਮਿਲੇ ਤਾਂ ਉਨ੍ਹਾਂ ਤੋਂ ਪਤਾ ਲਗਾ ਕਿ ਅਜੇ ਹੋਰ ਬਹੁਤ ਖਰਚ ਹੋਣ ਦੀ ਸੰਭਾਵਨਾ ਹੈ। ਖਰਚ ਪੱਖੋਂ ਵਿਚ ਤੋਟਾਂ ਆ ਜਾਣ ਕਾਰਨ ਹੀ ਪੂਰਨਤਾ ਵਿਚ ਦੇਰ ਹੋ ਰਹੀ ਹੈ।

## 9 ਮਈ 1983, ਸੋਮਵਾਰ
## ਜਲੰਧਰ – ਦਿੱਲੀ

### 'ਵਰਿਆਮ' ਘਰ ਨਹੀਂ

ਕੌਲ੍ਹ ਆਸਾ ਦੀ ਵਾਰ ਸੁਣ, ਭੈਣੀ ਸਾਹਿਬ ਨੂੰ ਨਮਸਕਾਰ ਅਤੇ ਗੁਰੂ ਕੇ ਦਰਸ਼ਨ ਕਰ, ਛੋਟੀ ਲੜਕੀ ਸੁਰਿੰਦਰ-ਇੰਦੂ ਕੋਟ ਬਾਦਲ ਖਾਂ ਨੂੰ ਮਿਲ, ਰਾਤ ਸਹੁਰੇ ਪਿੰਡ ਕੋਗਾ ਅਰਾਈਆਂ ਬਿਤਾ, ਅੱਜ ਜਲੰਧਰ ਪੁਜਾ। ਜਗਦੀਸ਼ ਸਿੰਘ 'ਵਰਿਆਮ' ਦੇ ਘਰ ਗਿਆ ਤਾਂ ਪਤਾ ਲਗਾ ਕਿ ਜਗਦੀਸ਼ ਪਤਨੀ ਬਖਸ਼ੀਸ਼ ਦੀ ਭੂਆ ਗੁਜ਼ਰ ਗਈ ਹੈ, ਉਹ ਦੋਵੇਂ ਜੀ ਦਿੱਲੀ ਗਏ ਹੋਏ ਹਨ। ਮੈਂ ਅਗੇ ਹੀ ਫਲਾਇੰਗ ਮੇਲ ਫੜਨ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ, ਮੇਰੀ ਸੋਚ ਵਿਚ, 'ਵਰਿਆਮ' ਨ ਵੇਖ ਹੋਰ ਤੇਜ਼ੀ ਆ ਗਈ।

### ਕਾਮਰੇਡ ਅਨੰਦ ਨਾਲ

ਤਾਂ ਵੀ ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਦਫਤਰ ਚਲਾ ਗਿਆ। ਮਿੱਤਰਾਂ ਨੂੰ ਮਿਲਣ ਤੇ ਜੀ ਕਰਦਾ ਹੀ ਰਹਿੰਦਾ ਹੈ। ਤਦੇ ਖਬਰ ਜੂ ਕਾ: ਅਨੰਦ ਵੀ ਆ ਗਿਆ, ਨੀਲੀ ਜਿਹੀ ਭਾਹ ਮਾਰਦੀ ਪੁਸ਼ਾਕ ਵਿਚ। ਭਾਵੇਂ ਕਲਫ਼ ਤਾਜ਼ਾ ਲਗਾਈ ਹੋਈ ਸੀ ਪਰ ਉਹਦੇ ਗਲੇ ਹੇਠ ਦਿਸਦੀ ਫਾਤੀ ਚੁਗਲੀ ਖਾ ਰਹੀ ਸੀ। ਬੁਢਾਪਾ ਤੇ ਕਮਜ਼ੋਰੀ ਦੋਵੇਂ ਨਜ਼ਰ ਆ ਰਹੀਆਂ ਸਨ।

ਐਉਂ ਜਾਪਿਆ ਜਿਵੇਂ ਉਹ ਕੌਲ੍ਹ ਮੇਰੇ ਪਿੱਛੇ ਭੈਣੀ ਸਾਹਿਬੋਂ ਹੋ ਮੁੜਿਆ ਹੈ। ਓਥੇ ਉਸਨੂੰ ਮੇਰਾ ਸੁਖਬੀਰ ਮਿਲਿਆ ਸੀ। ਸੁਖਬੀਰ ਵਿਚੋਂ ਅਨੰਦ ਪਤਨੀ ਉਰਮਿਲਾ ਨੂੰ ਕਈ ਵੀ ਝਲਕ ਪਈ ਸੀ। ਮੈਂ ਕਾਮਰੇਡ ਅਨੰਦ ਨਾਲ ਜਦੋਂ ਉਹਦੇ ਪੁਤਰ ਸੁਕੀਰਤ ਤੇ ਉਹਦੀ ਧੀ ਦੀ ਸੁਖ ਸਾਂਦ ਪੁਛੀ ਤਾਂ ਇਕ ਸਾਥੀ ਇਸ਼ਾਰਾ ਕਰਕੇ ਬਾਹਰ ਲੈ ਆਇਆ। ਉਸ ਦੱਸਿਆ ਕਿ ਲੜਕੀ ਦਿੱਲੀ ਵਿਚ ਕਿਸੇ ਮੈਡੀਕਲ ਕਾਲਿਜ ਵਿਚ ਡੈਂਟਲ ਕੋਰਸ ਕਰ ਰਹੀ ਹੈ ਅਤੇ ਲੜਕਾ ਸੁਕੀਰਤ ਹਰਦੇਵ ਸੰਧੂ ਦੀ ਐਕਸਪੋਰਟ ਇਮਪੋਰਟ ਫਰਮ ਵਿਚ (ਦਿੱਲੀ ਵਿਚ ਹੀ) ਟ੍ਰੇਨਿੰਗ ਲੈਕੇ ਮਾਸਕੋ ਵਿਚ ਫਰਮ ਦਾ ਏਜੰਟ ਬਣਕੇ ਜਾ ਰਿਹਾ ਹੈ।

ਐਡੀਟੋਰੀਅਲ ਲਿਖ ਕੇ ਅਨੰਦ ਮਿਲਿਆ ਤਾਂ ਉਸ ਦਸਿਆ ਕਿ ਦਲ ਖਾਲਸਾ ਦੇ ਬੰਦਿਆਂ ਵਲੋਂ ਉਸਨੂੰ ਦੂਜੀ ਵਾਰ ਧਮਕੀ ਦੀ ਚਿਠੀ ਆ ਚੁਕੀ ਹੈ। ਉਹ ਆਪਣੀ ਸਿਹਤ ਬਹਾਲੀ ਲਈ ਪਹਾੜੀ ਸਥਾਨਾਂ ਤੇ ਜਾ ਰਿਹਾ ਹੈ। ਮੈਂ ਉਸਨੂੰ ਭੂਤਰ ਬਾਰੇ ਵੀ ਆਖਿਆ।

ਮੈਂ ਐਸੀ ਵੀ ਗੱਲ ਸੁਣੀ ਕਿ 'ਨਵਾਂ ਜ਼ਮਾਨਾ' ਵਿਚ ਕੁਝ ਖਾਸ ਪਰਿਵਰਤਨ ਕੀਤਾ



Sri Satguru Jagjit Singh Ji Elibrary NamdhariElibrary@gmail.com

ਗਿਆ ਹੈ। ਇਹਦੇ ਪਿਛੇ ਕਾਮਰੇਡ ਮਲਹੋਤਰਾ ਸਕੱਤਰ ਸੀ.ਪੀ.ਆਈ. ਪੰਜਾਬ ਦੀ ਸੋਚਣੀ ਕੰਮ ਕਰ ਰਹੀ ਹੈ ਜਾਂ ਕੋਈ ਹੋਰ ਕਾਰਨ, ਇਹ ਦਾ ਨਿਰਨਾ ਤਾਂ ਹਾਲਾਤ ਕਰਨਗੇ ਪਰ ਪਿਛਲੇ ਕੁਝ ਸਮੇਂ ਤੋਂ 'ਨਵਾਂ ਜ਼ਮਾਨਾ' ਦੇ ਕਿਸੇ ਐਡੀਟੋਰੀਅਲ ਤੇ ਨਾਮ ਨਹੀ ਲਿਖਿਆ ਜਾਵੇਗਾ। ਅਗੇ ਵੀ ਹੋਰ ਕਿਸੇ ਦਾ ਨਾਂ ਨਹੀ ਛਪਦਾ ਸੀ। ਕੇਵਲ ਅਨੰਦ ਦੇ ਲਿਖੇ ਤੇ ਇਹਦਾ ਨਾਮ ਛਪਦਾ ਸੀ। ਭਾਵ ਹੁਣ ਅਨੰਦ ਦਾ ਨਾਂ ਵੀ ਨਹੀ ਛਪੇਗਾ। ਕੋਸ਼ਸ਼ ਨਾਂ ਭੁਲਾਣ ਦੀ ਲਗਦੀ ਹੈ।

ਦੂਜੀ ਗੱਲ ਇਹ ਕਿ ਜਿਥੇ ਅਗੇ ਮੁਖ ਸੰਪਾਦਕ ਜਗਜੀਤ ਸਿੰਘ ਅਨੰਦ ਛਪਦਾ ਸੀ, ਓਥੇ 'ਮੁਖ' ਲਾਹ ਦਿਤਾ ਗਿਆ ਹੈ, ਹੁਣ ਕੇਵਲ ਸੰਪਾਦਕ ਜਗਜੀਤ ਸਿੰਘ ਅਨੰਦ ਛਪੇਗਾ। ਇਸਦਾ ਮਤਲਬ ਕਿ ਪੰਜਾਬ ਕਮਿਊਨਿਸਟ ਪਾਰਟੀ ਦੇ ਅਜੋਕੇ ਕਰਣਧਾਰਾਂ ਨੇ ਅਨੰਦ ਨੂੰ ਇੰਦ੍ਰਾ ਪੱਖੀ ਸਮਝ ਲਿਆ ਹੈ ਅਤੇ ਹੋ ਸਕਦਾ ਹੈ ਸਾਰੇ ਸੰਪਾਦਕੀ ਅਦਾਰੇ ਨੂੰ ਵੀ।

ਤੀਜੀ ਗੱਲ, ਅੱਜ ਕਲ 'ਨਵਾਂ ਜ਼ਮਾਨਾ' ਇਕ ਨਵੇਂ ਹੋਏ ਸੰਪਾਦਕੀ ਬੋਰਡ ਦੇ ਅਧੀਨ ਹੈ ਜਿਸ ਵਿਚ ਡਾ. ਅਵਤਾਰ ਸਿੰਘ ਮਲਹੋਤਰਾ, ਡਾ: ਭੁਪਿੰਦਰ ਸਾਂਬਰ ਅਤੇ ਕਾਮਰੇਡ ਚੈਨ ਸਿੰਘ ਹਨ। ਨਵਾਂ ਜ਼ਮਾਨਾ ਦਾ ਮੈਨੇਜੇਰੀਅਲ ਬੋਰਡ ਵੀ ਬਣ ਗਿਆ ਹੈ। ਕਾਮਰੇਡ ਕ੍ਰਿਸ਼ਨ ਭਾਰਦਵਾਜ ਨੂੰ ਸੰਪਾਦਕੀ ਬੋਰਡ ਚੋਂ ਖਾਰਜ ਕਰ ਦਿਤਾ ਗਿਆ ਹੈ।

ਇਹ ਸਾਰੀਆਂ ਤਬਦੀਲੀਆਂ ਦਸਦੀਆਂ ਹਨ ਕਿ ਸੀ.ਪੀ.ਆਈ ਦੀ ਸੋਚ ਅਜੇ ਇੰਦ੍ਰਾ ਵਿਰੋਧੀ ਹੀ ਹੈ। ਦੇਸ਼ ਦੇ ਦੁਰਭਾਗ ਨੂੰ ਕਿਹੜੀਆਂ ਤਾਕਤਾਂ ਅਗੇ ਆ ਰਹੀਆਂ ਹਨ, ਕਮਿਊਨਿਸਟ ਪਾਰਟੀਆਂ ਨੂੰ ਕੋਈ ਚਿੰਤਾ ਨਹੀ। ਪੰਜਾਬ ਦੀ ਵਰਤਮਾਨ ਵਿਸਫੋਟਕ ਸਥਿਤੀ ਦੇ ਪਿਛੇ ਪ੍ਰਗਤੀਸ਼ੀਲ ਪਾਰਟੀਆਂ ਦੀ ਪਹਿਲਕਦਮੀ ਦਾ ਘਾਟਾ ਹੀ ਹੈ।

### ਕੋਈ ਦੇਸ ਦੀ ਗੱਲ ਸੁਣਾਅ

ਪਿਛਲੇ ਦਿਨਾਂ ਦੇ ਆਪਣੇ ਸਫਰ ਚੱਕਰ ਦੌਰਾਨ ਇਕ ਪਾਸੇ ਤਾਂ ਮੈਂ ਪਰਬਤਾਂ ਦੀਆਂ ਘੇਹਾਂ, ਢਲਾਨਾਂ ਆਦਿ ਵਿਚ ਹਰੀਆਂ ਕਚਾਹ ਕਣਕਾਂ ਦੀ ਪਹਾੜੀ ਫਸਲ ਵੇਖੀ, ਦੂਜੇ ਪਾਸੇ ਪੰਜਾਬ ਵਿਚ ਵਾਢੀਆਂ ਹੋਏ ਖੇਤਾਂ ਵਿਚ ਪਈਆਂ ਪੰਡਾਂ, ਜਾਂ ਮਸ਼ੀਨਾਂ ਦੁਆਰਾ ਕੱਢੀ ਜਾਂਦੀ ਕਣਕ ਵੇਖੀ ਹੈ। ਅਜਿਹੇ ਖੇਤ ਵੀ ਵੇਖੇ ਜਿਥੇ ਕਣਕ ਖਲੋਤੀ ਕੁਤਕਦੀ ਸੀ। ਇਹ ਖੇਤ ਵਢਾਈਆਂ ਮੰਗਦੇ ਸਨ।

ਮੇਰਾ ਸਫਰ ਮਨਾਲੀ, ਕੁਲੂ, ਭੁੰਤਰ, ਮੰਡੀ, ਰੋਪੜ, ਚੰਡੀਗੜ੍ਹ, ਸਮਰਾਲਾ, ਸ੍ਰੀ ਭੈਣੀ ਸਾਹਿਬ, ਕੋਟ ਬਾਦਲ ਖਾਂ, ਨੂਰਮਹਿਲ, ਫਲੌਰ, ਜਲੰਧਰ ਤੇ ਫੇਰ ਦਿੱਲੀ ਤਕ ਦਾ ਸੀ। ਇਸ ਚਕਰ ਦੌਰਾਨ ਕਣਕਾਂ ਦੀ ਫਸਲ ਭਰੌਸੀ ਜਾਪਦ ਸੀ। ਖੇਤੀ ਮਾਹਰਾਂ ਨੇ ਪੰਜਾਬ ਵਿਚ 83 ਲਖ ਟਨ ਰਿਕਾਰਡ ਕਣਕ ਹੋਣ ਦਾ ਟੀਚਾ ਤਸਲੀਮ ਕੀਤਾ ਹੈ।

ਇਹ ਸੁਭਾਗ ਹੀ ਹੈ ਕਿ ਬੇਤਹਾਸ਼ਾ, ਬੇਲੋੜੀਆਂ ਤੇ ਬੇਵਕਤ ਬਰਸਾਤਾਂ ਦੀ ਭਰਮਾਰ ਹੋਣ ਨਾਲ ਵੀ ਪੰਜਾਬ ਦਾ ਕਿਸਾਨ ਕੁਝ ਨ ਕੁਝ ਘਰ ਲੈ ਆਵੇਗਾ। ਜਿਨ੍ਹਾਂ ਇਲਾਕਿਆਂ ਵਿਚ ਗੜੇ ਮਾਰ ਹੋਈ ਹੈ, ਉਨ੍ਹਾਂ ਨੂੰ ਮੁਆਵਜ਼ੇ ਵੀ ਮਿਲ ਰਹੇ ਹਨ।



Sri Satguru Jagjit Singh Ji Elibrary NamdhariElibrary@gmail.com

10 ਮਈ 1963, ਮੰਗਲਵਾਰ
ਨਵੀਂ ਦਿੱਲੀ

ਬੀਤੀ ਰਾਤ ਮੈਂ ਦਿੱਲੀ ਆਪਣੇ ਘਰ 11 ਵਜੇ ਪੁਜ ਗਿਆ। ਜਗਦੀਸ਼ ਸਿੰਘ 'ਵਰਿਆਮ' ਵੀ ਮੇਰੇ ਘਰੇ ਡੇਰਾ ਮਾਰ ਗਿਆ ਸੀ। ਅੱਜ ਸਵੇਰੇ ਸਵੇਰੇ ਮੈਂ ਸਰਸਵਤੀ ਗਾਰਡਨ ਜਗਦੀਸ਼ ਸਿੰਘ ਦੇ ਸਹੁਰੇ ਘਰ ਜਾ ਵੱਜਾ।

**ਭੂਆ ਨਮਿਤ ਭੋਗ**

ਵੱਲੂ ਜਗਦੀਸ਼ ਪਤਨੀ ਬਖਸ਼ੀਸ਼ ਕੌਰ ਦੀ ਭੂਆ ਬੀਬੀ ਪਿਆਰ ਕੌਰ ਸੁਪਤਨੀ ਸ. ਖਜ਼ਾਨ ਸਿੰਘ ਦਾ ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਵਿਚ ਭੋਗ ਪੈ ਗਿਆ। ਅੱਜ ਜਦੋਂ ਮੈਂ ਬੀਬੀ ਪਿਆਰ ਕੌਰ ਦੇ ਭਾਈ ਸ. ਸੂਰਤ ਸਿੰਘ - ਮਹਿੰਦਰ ਕੌਰ ਦੇ ਘਰ ਗਿਆ ਤਾਂ ਏਥੇ ਕਾਫੀ ਰੌਣਕਾਂ ਸਨ। ਸੁਭਾਵਕ ਹੀ ਮੈਂ ਸ. ਸੂਰਤ ਸਿੰਘ ਤੇ ਬੀਬੀ ਬਖਸ਼ੀਸ਼ ਕੌਰ ਨਾਲ ਇਸ ਦੁਰਭਾਗ ਤੇ ਦੁਖ ਪਰਗਟ ਕੀਤਾ।

**ਸੰਤੁਸ਼ਟ ਸੰਤ ਜਸਵੰਤ ਸਿੰਘ**

ਅੱਜ ਮੈਂ ਅਤੇ ਜਗਦੀਸ਼ ਸਿੰਘ ਨੇ ਇਕੱਠਿਆਂ ਹੀ ਰਹਿਣਾ ਸੀ। ਪਹਿਲਾਂ ਸਾਡੇ ਘਰ ਅਫਰੀਕਾ ਦੀਆਂ ਫੋਟੋ ਵੇਖ ਲਊਏ ਵੇਲੇ ਜਸਵੰਤ ਸਿੰਘ ਦਰਜੀ ਦੇ ਕਰੋਲ ਬਾਗ਼ ਪਹੁੰਚੇ। ਜਸਵੰਤ ਸਿੰਘ ਸਤਿਗੁਰੂ ਜੀ ਪ੍ਰਤੀ ਕਿਰਤਗਤਾ ਨਾਲ ਭਰਪੂਰ ਸੀ। ਗੱਲ ਬਾਤ ਦੌਰਾਨ ਉਸ ਦੱਸਿਆ : ਮੇਰੀਆਂ ਦੋ ਧੀਆਂ ਸਹਿਜ ਭਾ ਅਤੇ ਚੰਗੀਆਂ ਘਰਾਂ ਵਿਚ ਸਤਿਗੁਰਾਂ ਵਿਆਹ ਦਿਤੀਆਂ ਹਨ। ਸਾਰਾ ਕੁਨਬਾ ਹੀ ਇਸ ਕਿਰਪਾ ਤੋਂ ਮੁਤਾਸਰ ਹੋ ਗਿਆ ਹੈ। ਮੇਰੀ ਵਡੀ ਭੈਣ ਕਰਤਾਰ ਕੌਰ ਹਮੇਸ਼ਾ ਕਹਿੰਦੀ ਹੁੰਦੀ ਸੀ, ਕੁੜੀਆਂ ਮੁਟਿਆਰ ਹਨ, ਕੋਈ ਫਿਕਰ ਕਰ। ਮੈਂ ਇਕੋ ਕਹਿੰਦਾ : ਮੇਰੇ ਫਿਕਰ ਸਤਿਗੁਰਾਂ ਨੂੰ ਹਨ।

"ਅਤੇ ਸਤਿਗੁਰਾਂ ਨੇ ਸਚਮੁਚ ਫਿਕਰ ਦੂਰ ਕਰ ਦਿਤੇ। ਜਦੋਂ ਮੇਰਾ ਪਰਵਾਰ ਲੜਕੀਆਂ ਦੇ ਵਿਆਹ ਲਈ ਭੈਣੀ ਸਾਹਿਬ ਪੁਜਾ ਤਾਂ ਭੈਣ-ਭਰਾਵਾਂ ਦੀ ਇਹ ਇਛਾ ਸੀ ਕਿ ਮੈਂ ਪਹਿਲਾਂ ਉਹਨਾਂ ਘਰਾਂ ਦਾ ਪਤਾ ਕਰ ਲਵਾਂ ਜਿਨ੍ਹਾਂ ਘਰੀ ਸਾਡੀਆਂ ਕੁੜੀਆਂ ਜਾਣੀਆਂ ਹਨ। ਮੇਰਾ ਇਕੋ ਉੱਤਰ ਸੀ, ਸੱਚੇ ਪਾਤਸ਼ਾਹ ਜੀ ਨੇ ਜਿਨ੍ਹਾਂ ਨੂੰ ਮੇਰੀਆਂ ਬੇਟੀਆਂ ਲਈ ਚੁਣਿਆ ਹੈ, ਉਹ ਹਰ ਤਰ੍ਹਾਂ ਠੀਕ ਹੋਣਗੇ। ਮੈਂ ਸਤਿਗੁਰਾਂ ਦੀ ਚੋਣ ਉੱਤੇ ਕਿੰਤੂ ਨਹੀਂ ਕਰਨਾ।

"ਜਦੋਂ ਲਾਵਾਂ ਹੋਈਆਂ, ਸਾਰਿਆਂ ਨੂੰ ਅਨੰਦ ਹੋਇਆ ਕਿ ਸੁਹਣੇ ਅਤੇ ਸਿਆਣੇ ਲੜਕੇ ਇਨ੍ਹਾਂ ਦੇ ਹਿਸੇ ਆਏ।"

ਦੋ ਮਿੰਟ ਦੇ ਵਕਫ਼ੇ ਪਿੱਛੋਂ ਜਸਵੰਤ ਸਿੰਘ ਨੇ ਫਿਰ ਕਿਹਾ : ਹੁਣ ਸਾਰੇ ਮੰਨਦੇ ਹਨ ਕਿ ਜੇ ਅਸੀ ਇਹੋ ਕੁੜੀਆਂ ਆਪ ਵਿਆਹੁੰਦੇ ਤਾਂ ਏਨੇ ਮੇਲ ਕਰਦੇ ਸੌਖੇ ਨਹੀ ਸੀ ਬਣ ਸਕਦੇ।



Sri Satguru Jagjit Singh Ji Elibrary NamdhariElibrary@gmail.com

11 ਮਈ 1983, ਬੁੱਧਵਾਰ
ਨਵੀਂ ਦਿੱਲੀ

**ਮਾ: ਅਮਰੀਕ ਸਿੰਘ ਨੂੰ ਸਹਾਇਤਾ**

ਅੱਜ ਦੀ ਮਿਲਣੀ ਸਮੇਂ ਸ੍ਰੀ ਦਰਿਆਮ ਨੇ ਦਸਿਆ ਕਿ ਮਾ: ਅਮਰੀਕ ਸਿੰਘ ਦੇ ਸਕੂਲ ਦਾ ਉਦਘਾਟਨ ਕਰਦਿਆਂ, ਸਤਿਗੁਰੂ ਜੀ ਨੇ 5000/- ਉਸਦੀ ਨਕਦ ਸਹਾਇਤਾ ਕੀਤੀ। 1100/- ਐਲਨਾਬਾਦ ਦੇ ਪ੍ਰਸਿੱਧ ਦਾਨੀ ਸੰਤ ਤਰਲੋਕ ਸਿੰਘ ਨੇ ਦੇ ਕੇ 18 ਆਰਡਰ ਵੀ ਦੇਣੇ ਮੰਨੇ।

**ਤੀਜੀ ਵਿਸ਼ਵ ਪੰਜਾਬੀ ਕਾਨਫਰੰਸ**

ਮੈਂ ਅਤੇ ਜਗਦੀਸ਼ ਸਿੰਘ ਡਾ. ਅਮਰ ਭਾਰਤੀ ਨੂੰ ਮਿਲਣ ਹਰੀ ਨਗਰ ਗਏ। ਪਤਾ ਲਗਾ ਕਿ ਸ. ਹਰਵਿੰਦਰ ਸਿੰਘ ਹੰਸਪਾਲ ਆਪਣੀ ਚੇਅਰਮੈਨਸ਼ਿਪ ਹੇਠ ਹੋ ਰਹੀ ਵਿਸ਼ਵ ਪੰਜਾਬੀ ਕਾਨਫਰੰਸ ਲਈ ਖੂਬ ਤਿਆਰੀਆਂ ਵਿਚ ਜੁਟੇ ਹੋਏ ਹਨ।

ਮੈਨੂੰ 4.8.83 ਨੂੰ ਸੰਤ ਤਰਸੇਮ ਸਿੰਘ ਦਿੱਲੀ ਸਕੱਤਰ ਨੇ ਦੱਸਿਆ ਸੀ ਕਿ 15 ਜੁਲਾਈ ਤੋਂ ਅਗਲੇ ਪ੍ਰੋਗਰਾਮ ਮੈਂ ਆਪਣੇ ਲਈ ਨਿਸ਼ਚਿਤ ਨ ਕਰਾਂ। ਸਤਿਗੁਰੂ ਜੀ ਵੈਂਕੋਵਰ ਲੇਖਕਾਂ ਦੀ ਕਾਨਫਰੰਸ ਵਿਚ ਜਾਣਗੇ। ਸ਼ਾਇਦ ਮੈਂ ਭੀ ਜਾਣਾ ਹੋਵੇ !

ਹੰਸਪਾਲ ਜੀ ਨੇ ਡਾ. ਅਮਰ ਭਾਰਤੀ ਤੇ ਜਗਦੀਸ਼ ਸਿੰਘ ਲਈ ਟਿਕਟਾਂ ਲੈ ਰਖੀਆਂ ਹਨ !

**ਸ. ਸੁਲੱਖਣ ਸਿੰਘ ਸੂਰ**

ਕੋਈ 2 ਵਜੇ ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਪੁੱਜੇ ਤਾਂ ਸ. ਸੁਲੱਖਣ ਸਿੰਘ ਮੈਂਬਰ ਮੈਟਰੋ ਪਾਲਿਟਨ ਕਾਊਂਸਲ ਸਿੱਧੀ ਦਸਤਾਰ, ਖੁਲ੍ਹੇ ਦਾਹੜੇ ਅਤੇ ਪੈਂਟ ਬੁਸ਼ਰਟ ਵਿਚ ਮਿਲੇ। ਸ਼ਖਸੀਅਤ ਬੜੀ ਉਮਦੀ ਹੋਈ ਸੀ। ਸ. ਸੂਰ ਨੇ ਦੱਸਿਆ : ਜਦੋਂ ਤੋਂ ਦਸਤਾਰ ਸਿੱਧੀ ਕੀਤੀ ਹੈ, ਅਕਾਲੀ ਖੇਤਰਾਂ ਦੀ ਗੱਲ ਬਾਤ ਆਉਣੀ ਬੰਦ ਹੋ ਗਈ ਹੈ। ਐਥੇ ਤਾਂ ਗੁਰਦੁਆਰਿਆਂ ਨਾਲ ਸੰਬੰਧਤ ਅਕਾਲੀ ਹਲਕੇ ਮੇਰੇ ਨਾਲ ਕੰਮ ਲੈਂਦੇ ਸਨ ਪਰ ਹੁਣ ਕਿਉਂਕਿ ਮੈਨੂੰ ਸਿੱਧੀ ਦਸਤਾਰ ਬੰਨ੍ਹਣ ਦਾ ਹੁਕਮ ਹੈ, ਇਸ ਲਈ ਸੰਕੋਚ ਕਰਦੇ ਹਨ। ਪਰ ਮੈਂ ਹੁਣ ਆਪਣੀ ਪਛਾਣ ਸਿੱਧੀ ਦਸਤਾਰ ਨਾਲ ਬਣਾਵਾਂ ਗਾ।

12 ਮਈ 1983, ਵੀਰਵਾਰ
ਨਵੀਂ ਦਿੱਲੀ

**ਸ਼ਹੀਦ ਕਿਸ਼ਨ ਸਿੰਘ ਸਕੂਲ**

ਸਕੂਲ ਦੇ 2000 ਗਜ਼ੇ ਪਲਾਟ ਤੇ ਮੈਨੂੰ ਅਤੇ ਜਗਦੀਸ਼ ਸਿੰਘ ਦਰਿਆਮ ਨੂੰ ਸ੍ਰੀ ਹੰਸਪਾਲ ਜੀ ਲੈ ਗਏ। ਓਥੇ ਕੁਛ ਹੋਰ ਸਜਣ ਵੀ ਪਧਾਰੇ ਸਨ। ਪਲਾਟ ਨੂੰ ਫਾਟਕ



Sri Satguru Jagjit Singh Ji Elibrary NamdhariElibrary@gmail.com

ਲੁਆਣਾ ਸੀ। ਪਲਾਟ ਦੇ ਕੁਝ ਹਿੱਸੇ ਬਾਊਂਡਰੀ ਨਾਲ ਮੁਕੰਮਲ ਹੋਣੇ ਪਏ ਸਨ। ਬਣੀ ਹੋਈ ਦੀਵਾਰ 5-6 ਫੁਟ ਉਚੇਰੀ ਲਗਾਣੀ ਸੀ।

ਸਕੂਲ ਵਿਚ ਪ੍ਰਿੰਸੀਪਲ ਚੰਦਜੀਤ ਕੌਰ, ਮੈਨੇਜਰ ਡਾ. ਬਲਵੰਤ ਸਿੰਘ ਆਦਿ ਤੋਂ ਪਤਾ ਲਗਾ ਕਿ ਅਜੇ ਤਕ ਸਕੂਲ ਵਿਚ 116 ਬੱਚੇ ਹੀ ਆ ਰਹੇ ਹਨ। ਬੱਚਿਆਂ ਨੂੰ ਘਰੋਂ ਘਰੀ ਪੁਚਾਣ ਲਈ ਦੂਜੀ ਮਾਟਾਡੋਰ ਦੀ ਲੋੜ ਮਹਿਸੂਸੀ ਗਈ। ਅਜੇ ਸਕੂਲ ਦੀ ਰੈਕਗਨੀਸ਼ਨ ਨਹੀਂ ਹੋਈ। ਸ. ਭਾਟੀਆ ਦੀ ਸਲਾਹ ਹੈ ਕਿ ਥੋੜਾਸ ਭਰਤੀ ਕਰਕੇ ਹੀ ਇਕ ਚੰਗੇ ਕੰਮ ਦੀ ਸ਼ੁਰੂਆਤ ਕੀਤੀ ਜਾਣੀ ਚਾਹੀਦੀ ਹੈ।

**ਤੀਜੀ ਵਿਸ਼ਵ ਪੰਜਾਬੀ ਕਾਨਫਰੰਸ**

ਮੈਂ ਅਤੇ ਜਗਦੀਸ਼ ਸਿੰਘ ਸ਼ਾਮੀ 5 ਵਜੇ ਕਾਨਸਟੀਚਿਊਸ਼ਨ ਕਲੱਬ ਵਿਚ ਗਏ। ਏਥੇ ਹੁਣੇ ਤੀਜੀ ਵਰਲਡ ਪੰਜਾਬੀ ਕਾਨਫਰੰਸ ਬੈਂਕਾਕ ਦੇ ਪ੍ਰਤੀਨਿਧ ਲੇਖਕਾਂ ਦੀ ਮੀਟਿੰਗ ਹੋਣੀ ਸੀ। ਕੇਂਦਰੀ ਖੇਡ ਮੰਤਰੀ ਸ. ਬੂਟਾ ਸਿੰਘ ਬੈਂਕਾਕ ਵਿਚ ਹੋਣ ਵਾਲੀ ਇਸ ਕਾਨਫਰੰਸ ਦਾ ਚੇਅਰਮੈਨ ਸੀ ਅਤੇ ਸ. ਹਰਵਿੰਦਰ ਸਿੰਘ ਹੰਸਪਾਲ ਤਿਆਰੀ ਕਮੇਟੀ ਦਾ ਪ੍ਰਧਾਨ। 6 ਤੋਂ 7 ਵਜੇ ਤਕ ਮੀਟਿੰਗ ਚਲੀ। 65 ਲੇਖਕਾਂ ਨੇ ਭਾਗ ਲਿਆ। ਸਾਰੀ ਕਾਰਵਾਈ ਇੰਜ ਚਲੀ ਜਿਵੇਂ ਮੁਕਾਬਲੇ ਦੀ ਕੋਮੈਂਟਰੀ ਬਾਜ਼ੀ ਹੋਰ ਕੋਈ ਨ ਹੋਵੇ। ਪ੍ਰੋ. ਗੁਰਬਚਨ ਸਿੰਘ ਇਸ ਸਭ ਕੁਝ ਦਾ ਕੋਆਰਡੀਨੇਟਰ ਜੈਨਰਲ ਸਕੱਤਰ ਅਤੇ ਡਾ. ਮਹੀਪ ਸਿੰਘ ਸਕੱਤਰ ਸੀ।

ਉਪ੍ਰੋਕਤ ਮੀਟਿੰਗ ਦੀ ਗੱਲ ਬਾਤ ਤੋਂ ਪਤਾ ਲਗਾ ਕਿ ਬੈਂਕਾਕ ਦੇ ਨਾਮਧਾਰੀ ਸਿੰਘ ਤੀਜੀ ਵਰਲਡ ਪੰਜਾਬੀ ਕਾਨਫਰੰਸ ਦੇ ਮੇਜ਼ਬਾਨ ਹੋਣਗੇ। ਮੈਂਬਰਾਂ ਦੀ ਰਿਹਾਇਸ਼, ਛਕਣ-ਛਕਾਣ ਅਤੇ ਬੈਂਕਾਕ ਵਿਚ ਘੁੰਮਣ ਫਿਰਨ ਦਾ ਖਰਚਾ ਕਰਨਗੇ।

**16 ਮਈ 1983, ਸੋਮਵਾਰ**
**ਰੌਤਕ, (ਊਨਾ) ਹਿ.ਪ੍ਰ.**

**ਹਰਿੰਦਰ ਸਿੰਘ ਧਮਰੀਕਾ**

ਮੈਂ ਕੱਲ੍ਹ ਦਾ ਆਪਣੇ ਦਮਾਦ ਦੇ ਘਰ ਰੌਤਕ ਪਹੁੰਚ ਗਿਆ ਹਾਂ। ਮੈਨੂੰ ਸ. ਕੇਹਰ ਸਿੰਘ ਹਮਰਾਹੀ ਰੋਸ਼ਨਿਕ ਤੇ ਸ. ਹਰਿੰਦਰ ਸਿੰਘ ਧਜਾਲ ਨੂੰ ਰੋਜ਼ਾਨਾ ਪ੍ਰੇਮ ਪੂਰਵਕ ਗੁਰਦੁਆਰੇ ਜਾ ਕੇ ਆਸਾ ਦੀ ਵਾਰ ਲਗਾਂਦੇ ਹਨ, ਉਨ੍ਹਾਂ ਅੱਜ ਤੋਂ ਦੋ ਸਾਲ ਪਹਿਲਾਂ ਹੋਏ, ਸਤਿਗੁਰੂ ਰਾਮ ਸਿੰਘ ਜੀ ਦੇ ਸੁਪਨ ਦਰਸ਼ਨ ਸੁਣਾਏ : ਇਕ ਦਿਨ ਐਉਂ ਲਗਾ ਜਿਵੇਂ ਮੈਂ ਕਿਸੇ ਉਸ ਮਕਾਨ ਵਿਚ ਬੈਠਾ ਹਾਂ, ਜਿਸ ਦੇ ਨਾਲ ਦੇ ਕਮਰੇ ਵਿਚ ਸਤਿਗੁਰੂ ਰਾਮ ਸਿੰਘ ਜੀ ਦਰਸ਼ਨ ਦੇ ਰਹੇ ਹੋਣ। ਮੈਂ ਉਤਸੁਕਤਾ ਵੱਸ ਤੇ ਪ੍ਰਤੱਖ ਗੁਰੂ ਦਰਸ਼ਨਾਂ ਦੀ ਰੀਝ ਨਾਲ ਉਸ ਵਿਸ਼ਾਲ ਕਮਰੇ ਵਿਚ ਗਿਆ। ਕੁਝ ਹੋਰ ਪ੍ਰੇਮੀ ਵੀ ਕੋਲ ਸਨ। ਘਰੇਲੂ ਜਿਹਾ ਮਾਹੌਲ ਸੀ। ਅਤੇ ਫਿਰ ਸਤਿਗੁਰੂ ਜੀ ਬਚਨ ਕੀਤਾ : ਚਲੋ ਭਾਈ ਦੀਵਾਨ ਵਿਚ ਚਲੀਏ। ਅਤੇ ਸਾਰੇ ਉਠ ਚਲੇ, ਜਿਵੇਂ ਉਪਰਲੀ ਛੱਤੇ ਜਾਣਾ ਹੋਵੇ। ਸਤਿਗੁਰੂ ਜੀ ਸਿੰਘਾਸਨ ਤੇ ਬਿਰਾਜਮਾਨ ਹੋ ਗਏ। ਮੈਂ ਵੀ ਦਰਸ਼ਨ ਪ੍ਰੇਮੀਆਂ ਵਿਚ ਜਾ ਕੇ ਮੱਥਾ ਟੇਕਿਆ



Sri Satguru Jagjit Singh Ji Elibrary NamdhariElibrary@gmail.com

ਸਤਿਕਾਰ ਨਾਲ ਚਰਨਾਂ ਤੇ। ਮੈਂ ਮੱਥਾ ਟੇਕ ਲਿਆ, ਏਸੇ ਖੁਸ਼ੀ ਵਿਚ ਮੇਰੀ ਜਾਗ ਖੁਲ੍ਹ ਗਈ ਕਿ ਮੈਂ ਸੱਚੇ ਪਾਤਸ਼ਾਹ ਦੇ ਪ੍ਰਤੱਖ ਦਰਸ਼ਨ ਕਰ ਲਏ ਹਨ, ਜਿਹੜੇ 110 ਸਾਲ ਦੇ ਦੇਸ਼ ਨਿਰਵਾਸਤ ਹਨ ਤੇ ਜਿਹੜੇ ਭਾਰਤ ਦੀ ਆਜ਼ਾਦੀ ਦੇ ਮੋਢੀ ਹਨ।

ਸ. ਜੁਗਿੰਦਰ ਸਿੰਘ ਪਸਰੀਚਾ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਵੀ ਇਕ ਐਸੇ ਹੀ ਦਰਸ਼ਨਾਂ ਦੀ ਚਰਚਾ ਛੋਹੀ। ਸ. ਜਗਦੀਸ਼ ਸਿੰਘ ਸਰਾਫ ਨੇ ਨਵਾਂ ਮਕਾਨ ਬਣਾਇਆ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੇ ਚਰਨ ਪੁਆਉਣ ਦਾ ਮਨ ਬਣਾ ਲਿਆ। ਇਕ ਨਿਕਾ ਜਿਹਾ ਮੇਲਾ ਹੀ ਕਰਨਾ ਸੀ ਪਰ ਇਸ ਨੇ ਮੈਨੂੰ ਨਾ ਦੱਸਿਆ ਕਿ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕਰ ਦਿਤੀ ਹੈ। ਪਰ ਮੇਲੇ ਤੇ ਐਸੀ ਕਿਰਪਾ ਹੋ ਗਈ ਕਿ ਮੈਂ ਪ੍ਰਤੱਖ ਭੈਣੀ ਦਰਸ਼ਨ ਤੋਂ ਇਕ ਹਫਤਾ ਪਹਿਲਾਂ, ਇਹਨਾਂ ਦੇ ਘਰ ਮੇਲੇ ਲਗੇ ਸਮੇਂ ਦਰਸ਼ਨ ਕਰ ਚਰਨ ਪਰਸ ਲਏ, ਪਰ ਇਹ ਸੁਪਨੇ ਵਿਚ ਦਰਸ਼ਨ ਸਨ।

ਸ. ਜੁਗਿੰਦਰ ਸਿੰਘ ਪਦਾਰਥ ਵਲੋਂ ਸਮਰਿਧ ਹੈ। ਹਿੰਦੂਆਂ ਸਿਖਾਂ, ਪੰਜਾਬੀਆਂ-ਪਹਾੜੀਆਂ, ਨਾਮਧਾਰੀਆਂ, ਨੀਲਧਾਰੀਆਂ ਵਿਚਾਲੇ ਸਮਾਈ ਕਰਾਉਣ ਵਾਲਾ ਸੱਜਣ ਹੈ। ਮੇਰੇ ਦਾਮਾਦ ਨਾਲ ਇਹਦੀ ਖਾਸ ਸੁਰ ਹੈ।

### 25 ਮਈ 1983, ਬੁਧਵਾਰ
### ਭੈਣੀ (ਚੌਂਕ)

**ਦੁਖਦਾਈ ਖਬਰ**

ਸੰਤ ਤਰਸੇਮ ਸਿੰਘ ਜੀ 21.5.1983 ਦੀ ਭੈਣੀ ਸਾਹਿਬੋਂ ਲਿਖੀ ਹੋਈ ਚਿੱਠੀ ਮਿਲੀ। ਖੋਲ੍ਹਦਿਆਂ ਹੀ ਦਿਲ ਧੱਕ ਕਰਕੇ ਬੈਠ ਗਿਆ ਕਿ ਸਤਿਗੁਰੂ ਜੀ ਦਾ ਪਿਆਰਾ ਸੂਬਾ ਸ. ਕਰਤਾਰ ਸਿੰਘ ਜੀ ਧੈਠਲ, ਮੋਟਰ ਸਾਈਕਲ ਤੇ ਜਾਂਦਿਆਂ ਬੱਸ ਨਾਲ ਟਕਰਾਅ ਜਾਣ ਨਾਲ ਸਦੀਵੀ ਵਿਛੋੜਾ ਦੇ ਗਏ। ਇਹ ਭਿਆਨਕ ਹਾਦਸਾ 20.5.83 ਨੂੰ ਪਟਿਆਲੇ ਦੇ ਨਜ਼ਦੀਕ ਵਾਪਰਿਆ। ਸਾਰਾ ਦਿਨ ਇਸ ਦੁਖਾਂਤ ਦਾ ਪ੍ਰਭਾਵ ਰਿਹਾ।

ਸੂਬਾ ਕਰਤਾਰ ਸਿੰਘ ਜੀ ਪਿੰਡ ਧੈਠਲ ਦੇ ਸਰਪੰਚ ਵੀ ਸਨ ਤੇ ਗੁਰੂ ਕੇ ਅਜਿਹੇ ਸਿਖ ਸਨ ਕਿ ਜਿਨ੍ਹਾਂ ਦੇ ਸੰਤ ਲੌਂਗੋਵਾਲ, ਸ. ਟੌਹੜਾ, ਸ. ਤਲਵੰਡੀ ਆਦਿ ਅਕਾਲੀ ਦਲ ਦੇ ਸਿਰ ਕਢਵੇਂ ਲੀਡਰਾਂ ਨਾਲ ਨੇੜੇ ਦੇ ਤਅੱਲਕ ਸਨ ਪਰ ਸਤਿਗੁਰੂ ਜੀ ਦੀ ਸੁਰਤੀਆ ਨੂੰ ਮੁਖ ਰਖ ਉਹ ਹਜ਼ੂਰੀ ਸੇਵਕ ਰਖਿਅਕਾਂ ਵਿਚ ਸ਼ਾਮਲ ਹੋ ਗਿਆ।

ਸ. ਗੁਰਦੇਵ ਸਿੰਘ ਮਦਾਰ ਦੇ ਜਥੇ ਵਿਚ ਸ਼ਾਮਲ ਹੋਕੇ ਉਸਨੇ ਆਪਣੀ ਉਦਰ ਨਹੀਂ ਜਤਾਈ ਸਗੋਂ ਮਦਾਰੀਏ ਦੀ ਆਗਿਆ ਦਾ ਪਾਲਣ ਕੀਤਾ। ਪੜ੍ਹਿਆ-ਲਿਖਿਆ ਤਾਂ ਸੀ ਹੀ ਪਰ ਉਹ ਜੀਪ ਡਰਾਈਵਰੀ ਵੀ ਕਰਦਾ ਰਿਹਾ। ਇਕ ਵਾਰ ਉਸਨੇ ਕਿਹਾ ਸੀ ਕਿ ਭਾਵੇਂ ਸਰਕਾਰੇ ਦਰਬਾਰੇ ਅਤੇ ਅਕਾਲੀਆਂ ਵਿਚ ਉਹਦੀ ਬੜੀ ਥਾਂ ਹੈ ਪਰ ਉਹਦੇ ਹਿਰਦੇ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਉਚੇਰੀ ਹਸਤੀ ਕਿਸੇ ਦੀ ਨਹੀਂ।

ਅਜੇ ਪਿਛਲੇ ਹੋਲੇ (28, 29, 30 ਤੇ 31 ਮਾਰਚ) ਸ੍ਰੀ ਅੰਮ੍ਰਿਤਸਰ ਕਲਾਂ (ਜਗਸਾ) ਵਿਖੇ ਸ੍ਰੀ ਸਤਿਗੁਰੂ ਜੀ ਦੇ ਸ. ਕਰਤਾਰ ਸਿੰਘ ਦਾ ਸੁਭਾਉ, ਸੂਝ, ਉਦਮ, ਨੇਕਾਂ ਵਿਚ ਪ੍ਰਭਾਵ



Sri Satguru Jagjit Singh Ji Elibrary NamdhariElibrary@gmail.com

ਅਤੇ ਗੁਰ ਸਿੱਖੀ ਵਿਚ ਪਰੰਗਤ ਜਾਣ ਕੇ ਉਸਨੂੰ ਜ਼ਿਲਾ ਪਟਿਆਲਾ ਦਾ ਸੂਬਾ ਨਿਸਰਿਤ ਕੀਤਾ ਸੀ। ਪੰਜਾਹ ਵਰ੍ਹੇ ਦੇ ਲਾਗ ਰਾਗ ਉਹਦੀ ਉਮਰ ਸੀ। ਪਰਵਾਰ ਲਈ ਤੇ ਸਮਾਜ ਲਈ ਅਤੇ ਮਿੱਤਰਾਂ ਲਈ ਇਹ ਬਹੁਤ ਦੁਖਦਾਈ ਸਦਮਾ ਹੈ।

**ਸੁਖਬੀਰ ਦੀ ਸਲਾਘਾ**

ਸੰਤ ਤਰਸੇਮ ਸਿੰਘ ਮੇਰੇ ਵੱਡੇ ਲੜਕੇ ਸੁਖਬੀਰ ਬਾਰੇ ਲਿਖਦਾ ਹੈ, "ਸੁਖਬੀਰ ਸਿੰਘ ਜੀ ਮੇਰੇ ਕੋਲ ਹੀ ਹਨ। ਬਹੁਤ ਹੀ ਸੁਲਝਿਆ ਹੋਇਆ। ਦੂਸਰੇ ਦੇ ਸੁਖ ਵਾਸਤੇ ਆਪਣੇ ਸੁੱਖ ਵਾਰਨ ਵਾਲਾ, ਮਿਲਣ ਸਾਰ ਅਤੇ ਵਡੀ ਜੀ ਦੇ ਗੁਣ ਵੀ ਰਖਣ ਵਾਲਾ, ਸਿੱਖੀ ਦਾ ਧਾਰਨੀ, ਡਸਿਪਲਨ ਵਿਚ ਰਹਿਣ ਵਾਲਾ ਨਾਮਧਾਰੀ ਮੁੰਡਾ ਹੈ। ਸੰਗੋਰ ਹਰ ਪਾਸਿਓਂ ਰੱਖਣ ਵਾਲਾ ਆਪਣੀ ਮਾਤਾ ਦਾ ਪੁਤਰ ਹੈ।

ਸੁਖਬੀਰ 6 ਮਈ ਦਾ ਡੈਣੀ ਸਾਹਿਬ ਹੈ। ਸੰਤ ਤਰਸੇਮ ਸਿੰਘ ਦੇ ਵਿਚਾਰ ਸ਼ਾਇਦ ਨਿੱਜੀ ਅਨੁਭਵ ਦੇ ਆਧਾਰ ਤੇ ਹਨ।

**27 ਮਈ 1983, ਸ਼ੁਕਰਵਾਰ**
**ਭੂੰਤਰ (ਕੁੱਲੂ)**

ਅੱਜ ਸਾਡੀ ਦਿਲਚਸਪੀ ਹਿਤ ਹਮਰਾਹੀ ਹੁਰੀ ਇਕ ਟੈਲੀਵੀਜ਼ਨ ਘਰ ਲੈ ਆਏ।

**ਚਿਠੀ ਜਗਦੀਸ਼ ਦੀ**

ਸ. ਜਗਦੀਸ਼ ਸਿੰਘ ਜਲੰਧਰ ਦੀ ਇਕ ਚਿਠੀ ਦਿੱਲੀਓਂ ਰੀਡਾਇਰੈਕਟ ਹੋ ਕੇ ਆਈ, ਅੱਜ ਮਿਲੀ। ਉਸ ਵਿਚੋਂ ਇਕ ਸੂਚਨਾ : ਹੰਸਪਾਲ ਜੀ ਤੇ ਹਮਦਰਦ ਜੀ ਦੇ ਨਾਂ ਚਿੱਠੀ ਲਿਖ ਦਿਤੀ ਹੈ। ਅੰਗਰੇਜ਼ੀ ਅਜੀਤ ਵਿਚ ਗੁਰੂ ਰਾਮ ਸਿੰਘ ਜੀ ਬਾਰੇ ਕੁਝ ਛਪਿਆ ਸੀ। ਪ੍ਰਿੰਸੀਪਲ ਸਿੰਘ ਕਪੂਰ ਨੇ ਦੋ ਕਿਤਾਬਾਂ ਮੇਰੀਆਂ ਸਨ, ਦੇ ਦਿਤੀਆਂ ਹਨ। ਸਨਖਤਰਾ ਜੀ ਨੂੰ ਫਰਿਆਸ (ਅਪਰੈਲ ਅੰਕ) ਵਾਲਾ ਲੇਖ ਪਸੰਦ ਆਇਆ ਜਾਪਦਾ ਹੈ। ਆਗਿਆ ਲਈ ਹੈ ਸਤਿਜੁਗ ਵਿਚ ਛਾਪਣ ਦੀ।

**ਵਾਪਸੀ ਲਈ ਤਿਆਰੀ**

ਅੱਜ ਮੈਂ ਆਪਣੇ ਜ਼ਿੰਮੇ ਲਏ ਹੋਏ ਸਾਰੇ ਕੰਮ ਮੁਕਾ ਲਏ ਹਨ। ਮੈਂ ਅਤੇ ਮੇਰੀ ਪਤਨੀ 426/- ਪ੍ਰਤੀ ਵਿਅਕਤੀ ਕੁੱਲੂ ਤੋਂ ਦਿੱਲੀ ਦੀਆਂ ਟਿਕਟਾਂ ਲੈਕੇ 6.6.83 ਨੂੰ ਹਵਾਈ ਸਫ਼ਰ ਕਰਾਂਗੇ। ਮੇਰੀ ਪਤਨੀ ਨੇ ਓਦੋਂ ਇਹ ਹਵਾਈ ਸਫ਼ਰ ਨਹੀ ਕੀਤਾ ਜਦੋਂ ਹਵਾਈ ਕਰਾਇਆ 100/- ਸੀ। ਆਪਣੇ ਜਾਣ ਦੇ ਖਿਆਲ ਨਾਲ ਮੈਂ ਆਪਣਾ ਸਾਮਾਨ ਥੋੜ੍ਹ ਘਟਾ ਲਿਆ ਹੈ। ਇਕ ਪਰਾਗਾ ਚਿਠੀਆਂ ਦਾ ਲਿਖਾਂਗਾ।



Sri Satguru Jagjit Singh Ji Elibrary NamdhariElibrary@gmail.com

## 30 ਮਈ 1983, ਸੋਮਵਾਰ
## ਭੂੰਤਰ (ਕੁੱਲੂ)

### ਸੰਤ ਮਹਿੰਦਰ ਸਿੰਘ ਪਨਿਹਾਰੀ

ਬੀਬਾ ਸਾਹਿਬ ਕੌਰ ਜੀ ਦੇ ਸਹੁਰਾ ਸਾਹਿਬ, ਸੰਤ ਮਹਿੰਦਰ ਸਿੰਘ ਪਨਿਹਾਰੀ, ਗੰਗਾ ਨਗਰੋਂ ਭੈਣੀ ਸਾਹਿਬ ਅਤੇ ਮੰਡੀ ਵਿਚ ਦੋ ਰਾਤਾਂ ਕਟ ਕੇ 29.5.83 ਨੂੰ ਸਵੇਰੇ 7-8 ਵਜੇ ਭੂੰਤਰ ਆ ਲੱਥੇ। ਡੇਢ ਮਹੀਨਾ ਪਹਿਲਾਂ ਮੈਂ ਇਨ੍ਹਾਂ ਨੂੰ ਚਿੱਠੀ ਲਿਖੀ ਸੀ ਕਿ ਮੈਨੂੰ 'ਗੁਰੂ ਚਿੰਤਨ' ਲਈ ਮਿਲਣ। ਉਸਦੀ ਪ੍ਰੈਸ ਕਾਪੀ ਤਿਆਰ ਕੀਤੀ ਹੈ ਪਰ ਪੈਰ ਉੱਤੇ ਕਿਸੇ ਜ਼ਖਮ ਕਾਰਨ ਇਹ ਮੈਨੂੰ 28.5.83 ਨੂੰ ਹੀ ਮਿਲਣ ਆ ਸਕੇ। ਧੰਨ ਭਾਗ ! ਮੇਰੇ ਪਾਸ ਵੀ ਨਿਰੋਏ 9 ਦਿਨ ਹਨ।

ਅਸਾਂ ਕੰਮ ਨਿਬੇੜਨਾ ਸ਼ੁਰੂ ਕੀਤਾ। ਮੈਂ 8 ਤੋਂ 10 ਘੰਟੇ ਰੋਜ਼ਾਨਾ ਪੜ੍ਹਨਾ ਲਿਖਣਾ ਕੀਤਾਂ। ਅੱਜ ਸੰਤ ਮਹਿੰਦਰ ਸਿੰਘ ਪੁਸਤਕ ਨੂੰ ਲੈਕੇ ਭੂੰਤਰੋਂ ਵਿਦਾ ਹੋਏ ਹਨ। ਭੈਣੀ ਸਾਹਿਬ ਜਾਣਗੇ। ਮੇਰੇ ਤੇ ਬੜੇ ਪ੍ਰਸੰਨ ਹਨ। ਕਹਿਣ ਲਗੇ : ਤੁਹਾਡੇ ਵਿਚ 100 ਆਦਮੀ ਦਾ ਉੱਦਮ ਹੈ।

'ਜਾਂ ਰਾਹ ਪਿਆ ਜਾਣੀਏ ਜਾਂ ਵਾਹ ਪਿਆ ਜਾਣੀਏਂ' ਦੀ ਅਖੌਤ ਅਨੁਸਾਰ ਇਹ ਮੇਰੇ ਨਾਲ 3 ਦਿਨ ਫਿਰੇ ਤੁਰੇ ਵੀ ਹਨ ਅਤੇ ਰਾਤ ਵੀ ਮੇਰੇ ਕਮਰੇ ਵਿਚ ਰਹੇ ਹਨ। ਮੈਂ ਵੇਖਿਆ ਹੈ ਕਿ ਉਹ ਤਕੜੇ ਨਾਮ ਅਭਿਆਸੀ ਹਨ, ਵਿਚਾਰਾਂ ਦੇ ਵੇਦਾਂਤੀ ਹਨ। ਵੇਦਾਂਤ ਅਤੇ ਗ੍ਰੰਥ ਸਾਹਿਬ ਦਾ ਗਿਆਨ ਕਾਂਡ, ਜਿਹਨਾਂ ਦਾ ਪੂਰੀ ਤਰ੍ਹਾਂ ਤਦਾਤਮ ਸੰਬੰਧ ਮਿਥਦੇ ਹਨ।

ਏਥੇ ਪਹਾੜ ਵਿਚ ਆਮ ਕਰਕੇ ਗਰਮ ਪਾਣੀ ਨਾਲ ਸਨਾਨ ਹੁੰਦੇ ਹਨ ਪਰ ਸੰਤ ਮਹਿੰਦਰ ਸਿੰਘ (62-63) ਅੰਮ੍ਰਿਤ ਵੇਲੇ 3 ਵਜੇ ਉਠ ਨਿਤ ਕਿਰਿਆ ਤੋਂ ਵਿਹਲੇ ਹੋਕੇ, ਸਕੇਸ ਸਨਾਨ ਕਰ ਸਮਾਧੀ ਸਥਿਤ ਹੋ ਜਾਂਦੇ ਹਨ। 'ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥੀਆ'। ਗੁਰਬਾਣੀ ਅਨੁਸਾਰ ਆਪਣੀ ਮਸਤਕ ਵਿਚਲੀ ਜਿਓਤੀ ਦੇ ਚਾਨਣ ਵਿਚ ਇਕਰਸਤਾ ਦਾ ਆਨੰਦ ਲੈਂਦੇ ਹਨ। ਉਹ ਕਹਿੰਦੇ ਹਨ, ਕੋਈ ਭਜਨ ਕਰਕੇ ਤੇ ਇਸ ਵਿਚ ਮਨ ਨੂੰ ਖਲਿਹਾਰ ਕੇ ਤਾਂ ਵੇਖੇ ਫਿਰ ਸੰਸਾਰਕ ਸੁਖ ਫਿੱਕੇ ਲਗਦੇ ਹਨ। 'ਇਹ ਰਸ ਛਾਡੇ ਉਆ ਰਸ ਨਹੀ ਆਵਾ।'

ਸਾਊ, ਸਿੱਧਾ ਸਾਦਾ ਸੰਧੂ ਜੱਟ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਏਨੀ ਵੇਦਾਂਤਕ ਸਮਝ ਰਖਦਾ ਹੈ ਜਿਵੇਂ ਹੱਥ ਤੇ ਆਉਲਾ ਰਖਿਆ ਹੋਵੇ। ਕੋਈ ਵਾਧੂ ਅਡੰਬਰ ਨਹੀਂ, ਕਿਸੇ ਤੇ ਰੋਸ ਨਹੀਂ। 'ਖੇੜਾ ਸੌਂਵੇ ਖੇੜਾ ਹੀ ਖਾਵੇਂ' ਵਾਲੇ ਮਹਾਂਪੁਰਖ ਹਨ।

ਇਹਨਾਂ ਦੇ ਪੜਦਾਦਾ ਬਾਬਾ ਸ਼ਾਮ ਸਿੰਘ ਸਿਰਹਾਲੀ ਨੇ ਗੁਰੂ ਰਾਮ ਸਿੰਘ ਜੀ ਤੋਂ ਭਜਨ ਪੁਛਿਆ ਸੀ। ਦਾਦਾ ਸੰਤ ਜਿਊਣ ਸਿੰਘ ਅਤੇ ਮੀਹਾਂ ਸਿੰਘ ਜੀ ਵੀ ਪ੍ਰਸਿਧ ਨਾਮਧਾਰੀ ਰਹੇ। ਗੁਰੂ ਰਾਮ ਸਿੰਘ ਜੀ ਦੇ ਚਰਨਾਂ ਨਾਲ ਏਨਾ ਪਿਆਰ ਕਿ ਤਿੰਨੇ ਹੀ ਪਿਉ ਪੁਤਰ ਬਰਮਾਂ ਵਿਚ ਨਜ਼ਰ ਬੰਦ ਸਤਿਗੁਰੂ ਜੀ ਦੇ ਜਾ ਦਰਸ਼ਨ ਕੀਤੇ। ਸੰਤ ਮੀਹਾਂ ਸਿੰਘ ਤਾਂ ਫਿਰ ਵੀ ਦੋ ਵਾਰ ਦਰਸ਼ਨਾਂ ਨੂੰ ਵਿਦੇਸ਼ ਗਏ। ਇਹਨਾਂ ਨੇ ਗੁਰੂ ਰਾਮਦਾਸ ਜੀ ਦੀਆਂ



Sri Satguru Jagjit Singh Ji Elibrary NamdhariElibrary@gmail.com

ਇਹ ਤੁਕਾਂ ਸਫਲ ਕੀਤੀਆਂ :

ਭਖੜੁ ਭਾਗੀ ਮੀਂਹੁ ਵਰਸੈ ਭੀ ਗੁਰੁ ਦੇਖਣਿ ਜਾਈ।

ਸਮੁੰਦ ਸਾਗਰੁ ਹੋਵੈ ਬਹੁ ਖਾਰਾ ਗੁਰ ਸਿਖ ਲੰਘਿ ਗੁਰ ਪਹਿ ਜਾਈ।

ਉਂਜ ਸਮੁੰਦਰੋਂ ਪਾਰ ਜਾ ਕੇ ਦਰਸ਼ਨ ਕਰਨ ਵਾਲੇ ਹੋਰ ਵੀ ਅਨੇਕਾਂ ਨਾਮਧਾਰੀ ਹਨ ਪਰ ਸੰਤ ਮਹਿੰਦਰ ਸਿੰਘ ਦੇ ਦਾਦਾ ਜੀਊਣ ਸਿੰਘ ਤੇ ਮਹਿੰਦਰ ਸਿੰਘ ਦੇ ਪਿਤਾ ਸ. ਸੁਲੱਖਣ ਸਿੰਘ ਅਚਰਜ ਸਾਧੂ ਰਹੇ। ਮਹਿੰਦਰ ਸਿੰਘ ਜੀ ਚੌਥੀ ਪੀੜੀ ਦੇ ਨਾਮਧਾਰੀ ਹਨ। ਪੰਜਵੀਂ ਪੀਹੜੀ ਦੇ ਇਹਨਾਂ ਦੇ ਪੁਤਰਾਂ ਚੋਂ ਛੋਟੇ ਸੰਤ ਜਗਤਾਰ ਸਿੰਘ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਜਿਗਰ ਦੇ ਇਕਲੌਤੇ ਟੁਕੜੇ ਬੀਬੀ ਸਾਹਿਬ ਕੌਰ ਨਾਲ ਅਨੰਦ ਕਾਰਜ ਕਰਕੇ, ਲੰਮੇ ਅਰਸੇ ਤੋਂ ਚਲੇ ਆਉਂਦੇ ਨਾਮਧਾਰੀ ਪਰਵਾਰ ਨੂੰ ਮਾਣ ਬਖਸ਼ਿਆ ਹੈ।

ਅੱਜ ਲਵ੍ਹਿਏ ਵੇਲੇ ਸੰਤ ਮਹਿੰਦਰ ਸਿੰਘ ਅਤੇ ਮੇਰਾ ਭੋਜਨ ਸ. ਜਗਦੀਸ਼ ਸਿੰਘ - ਮਨਜੀਤ ਕੌਰ ਵਲ ਸੀ। ਬੀਬੀ ਨੇ 6 ਖਾਣੇ, ਸੇਵੀਆਂ, ਕੇਲੇ, ਅੰਬ, ਸੇਉ ਆਦਿ ਪਰੋਸੇ ਤਾਂ ਸੰਤਾਂ ਦਾ ਕਹਿਣ ਸੀ : ਬੀਬੀ ਮੈਂ ਸਿੱਧਾ ਸਾਦਾ ਜੱਟ ਹਾਂ। ਐਨੇ ਪਦਾਰਥ ਨਹੀਂ ਸੀ ਚਾਹੀਦੇ। ਅਸੀਂ ਤਾਂ ਦਾਲ ਸਬਜ਼ੀ ਨਾਲ ਦੋ ਪ੍ਰਸ਼ਾਦੇ ਛਕ ਲੈਂਦੇ ਹਾਂ। ਪਰ ਬੀਬੀ ਤੇ ਬੀਬੀ ਦੇ ਸਵਾਮੀ ਜਗਦੀਸ਼ ਸਿੰਘ ਦਾ ਧਿਆਨ ਸੇਵਾ ਵਿਚ ਅਤੇ ਪ੍ਰੇਮ ਵਿਚ ਸੀ। ਸੰਤਾਂ ਨੇ ਪ੍ਰਸ਼ਾਦ ਛਕਣ ਉਪਰੰਤ ਜੋੜੇ ਨੂੰ ਉਪਦੇਸ਼ਿਆ : ਇਹ ਜੁ ਤੁਹਾਨੂੰ (ਆਗਤ, ਅਨਾਥ ਤੇ ਸਾਧੂ ਦੀ) ਸੇਵਾ ਕਰਨ ਦਾ ਸ਼ੌਕ ਹੈ। ਇਹ ਸਤਿਗੁਰੂ ਦੀ ਕਿਰਪਾ ਹੈ। ਪੂਰਨ ਭਾਗ ਹੋਣ ਤਾਂ ਮਨੁਖ ਦੂਜੇ ਦੀ ਸੇਵਾ ਕਰਨ ਵਲ ਰੁਚਿਤ ਹੁੰਦਾ ਹੈ। ਸਤਿਗੁਰਾਂ ਤੁਹਾਨੂੰ ਭਜਨ ਕਰਨ ਦੀ ਪ੍ਰੇਰਨਾ ਵੀ ਦਿਤੀ ਹੋਵੇਗੀ। ਸਾਨੂੰ ਇਹ ਪਰੋਸੇ ਪਦਾਰਥ ਤਾਂ ਹੀ ਸਫਲ ਹੋਣਗੇ ਜੇ ਤੁਸੀਂ ਦੋਵੇਂ ਜੀ ਸਵੇਰੇ ਉਠ ਕੇ ਭਜਨ ਕਰਦਿਆਂ ਬਿਰਤੀ ਗੁਰੂ ਦੇ ਚਰਨਾਂ ਵਿਚ ਜੋੜੋ। ਮਨ ਦਾ ਪਾਪਨ ਛੁਡਾਣ ਵਾਸਤੇ ਹੀ ਜਪ ਤਪ ਕਰੀਦੇ ਹਨ। ਇਸ ਲਈ ਰੋਜ਼ਾਨਾ ਮਿੰਟ-ਮਿੰਟ ਕਰਕੇ ਸਮਾਂ ਵਧਾਓ। 'ਮਨ ਜਪੇ ਸਭ ਸਿਧਿ ਹੋਇ' ਸਾਡਾ ਆਦਰਸ਼ ਵਾਕ ਹੋਣਾ ਚਾਹੀਦਾ ਹੈ।

ਘਰੋਂ ਵਿਦਿਆ ਹੋਣ ਲਗੇ ਤਾਂ ਮੇਰੇ ਦੁਹਤੇ ਲਾਲ ਜੀ ਨੂੰ 100/- ਦਾ ਨੋਟ ਦੇ ਗਏ। ਮੈਂ ਬਹੁਤ ਜ਼ੋਰ ਲਾਇਆ ਕਿ ਇਹ ਲੋਕਾਚਾਰ ਸਾਨੂੰ ਨਹੀਂ ਜਚਦਾ। ਪਰ ਸੰਤ ਹੱਥ ਜੋੜ ਖਲੋਤੇ : ਮੈਂ ਧੀ ਦੇ ਘਰ ਦਾ ਤਿੰਨ ਦਿਨ ਧਾਨ ਖਾਧਾ ਹੈ, ਮੈਨੂੰ ਹਟਕੋ ਨਾ। ਮੇਰੀ ਇਸ ਬਿਨਾ ਸੰਤੁਸ਼ਟੀ ਨਹੀਂ ਹੋਣੀ। ਮੈਂ ਕਿਹਾ : ਕੁੜੀਆਂ ਘਰ ਨਹੀਂ, ਮੇਰੇ ਨਾਲ ਲੜਨਗੀਆਂ, ਅਸਾਂ ਸੰਤਾਂ ਦੇ ਕੱਪੜੇ ਲਾਹੁਣੇ ਸਨ ? ਆਖਣ ਲਗੇ : ਮੇਰਾ ਏਊਂ ਘੱਟ ਬਿਨਾਂ ਨਹੀਂ ਸਰਨਾ। ਤੇ ਹੱਸ ਕੇ ਕਹਿਓ ਨੇ : ਮੈਂ ਤੁਰ ਗਿਆ ਹੋਵਾਂਗਾ, ਕੁੜੀਆਂ ਤੁਹਾਡੇ ਨਾਲ ਲੜ ਲੈਣਗੀਆਂ।

ਸੰਤ ਮਹਿੰਦਰ ਸਿੰਘ ਹੁਰਾਂ ਨੂੰ ਬਸ ਦੀ ਸੀਟ ਚੜ੍ਹਾ ਕੇ ਵਿਦਾ ਕੀਤਾ।

ਇਹ ਖੂਹ ਦੇ ਜਲ ਦਾ ਇਸ਼ਨਾਨ ਕਰਨ ਵਾਲੇ ਠੇਠ ਮਰਿਆਦਾ ਦੇ ਧਾਰਨੀ ਸਨ। ਸਾਡੇ ਪਾਸ ਰਹਿੰਦਿਆਂ ਸੰਤਾਂ ਦਾ ਇਹ ਨੇਮ ਭੰਗ ਹੋ ਗਿਆ। ਹੁਣ ਫਿਰ ਭੈਣੀ ਸਾਹਿਬ ਜਾ ਕੇ ਅੰਮ੍ਰਿਤ ਛਕ ਲੈਣਗੇ। ਰਾਤ ਦਾ ਸਫਰ ਸੁਖਾਲਾ ਸਮਝ ਕੇ ਤੋਰ ਦਿਤਾ। ਸਵੇਰੇ 6 ਵਜੇ ਤਕ ਭੈਣੀ ਸਾਹਿਬ ਪਹੁੰਚ ਜਾਣਗੇ।

ਘਰ ਆਏ ਨੂੰ ਮੇਰੀ ਲੜਕੀ ਤੇ ਉਹਦੀ ਮਾਂ ਮਿਲੀ। ਬਹੁਤ ਮਹਿਸੂਸ ਕੀਤੇ ਨੇ।



Sri Satguru Jagjit Singh Ji Elibrary NamdhariElibrary@gmail.com

ਵਿਦਾ ਦਰਸ਼ਨ ਨਹੀਂ ਕੀਤੇ, ਖ਼ਿਮਾ ਯਾਚਨਾ ਅਸੁਵਿਧਾ ਵਲੋਂ ਨਹੀਂ ਕੀਤੀ। 100/- ਦਾ ਨੋਟ ਤਾਂ ਅਸਲੋਂ ਨਹੀਂ ਸੀ ਲੈਣਾ, 10/- ਵਾਧੂ ਸਨ। ਮੇਰੀ ਪੋਤਰੀ ਕੁਲਵੰਤ ਤਾਂ ਬਹੁਤ ਭਾਵੁਕ ਹੋ ਗਈ। ਗਲਾ ਰੁੰਧ ਗਿਆ। ਅੱਖਾਂ ਚੋਂ ਹੰਝੂਆਂ ਦੀ ਧਾਰ ਵਹਿ ਤੁਰੀ।

**ਫੁੱਲਾਂ ਦਾ ਦਵਾਈ**

ਤੁਰੇ-ਤੁਰੇ ਜਾਂਦਿਆਂ ਸੰਤ ਮਹਿੰਦਰ ਸਿੰਘ ਹੁਰਾਂ, ਸਤਿਗੁਰੂ ਰਾਮ ਸਿੰਘ ਜੀ ਦੀ ਦੱਸੀ ਹੋਈ ਤੇ ਇਹਨਾਂ ਦੀ ਵੀ ਅਜ਼ਮਾਈ ਹੋਈ, ਫੁੱਲਾਂ ਦੀ ਦਵਾਈ, ਮੈਨੂੰ ਨੋਟ ਕਰਵਾਈ :

ਸਰਨਾ ਮੋਂਕੀ ਤੇ ਧਨੀਆ ਬਰਾਬਰ ਵਜ਼ਨ ਲੈਕੇ, ਕੁਟ, ਪੀਸ, ਕਪੜ ਛਾਣ ਕਰਕੇ, ਰੋਜ਼ ਨਿਰਨੇ ਕਾਲਜੇ, ਇਕ ਚੰਮਚ ਇਹ ਸਫੂਫ ਪਾਣੀ ਨਾਲ ਲੈਣਾ। 21 ਦਿਨ। ਫਿਰ 21 ਦਿਨ ਦਵਾਈ ਨਹੀਂ ਖਾਣੀ। ਅਗਲੇ 21 ਦਿਨ ਮੱਖਣ ਨਾਲ ਖਾਣੀ। ਬੋਸੀਆਂ ਵੀ ਜਾਲਿਮ ਫੁੱਲਾਂ ਹੋਣ, ਫੇਰ ਨਹੀਂ ਪਰੇਸ਼ਾਨ ਕਰਨਗੀਆਂ।

1 ਜੂਨ 1963, ਬੁਧਵਾਰ
ਭੁੰਤਰ (ਕੁੱਲੂ) ਹਿ.ਪ੍ਰ.

**ਸਕੱਤਰ ਦੀ ਚਿੱਠੀ**

ਕੱਲ੍ਹ ਦੀ ਇਕ ਚਿੱਠੀ ਮੇਰੇ ਪਾਸ ਪਈ ਹੈ। ਸੰਤ ਤਰਸੇਮ ਸਿੰਘ ਵਲੋਂ ਭੈਣੀ ਸਾਹਿਬੋਂ ਆਈ ਹੈ। ਉਸਨੇ ਲਿਖਿਆ ਹੈ : ਸਮੇਲਨ ਦੀਆਂ ਤਾਰੀਖਾਂ ਬਾਰੇ ਇਸਤਰਾਂ ਹੈ ਕਿ ਇਹ 22 ਜੂਨ ਤੋ 25 ਜੂਨ ਤਕ ਕੁੜੀਆਂ ਦਾ ਸਮੇਲਨ ਹੈ ਅਤੇ 26 ਜੂਨ ਤੋਂ 1 ਜੁਲਾਈ ਤਕ ਮੁੰਡਿਆਂ ਦਾ ਸਮੇਲਨ ਹੈ। ਦੋਵੇਂ ਸਮੇਲਨ ਮੰਡੀ ਹਿਮਾਚਲ ਪ੍ਰਦੇਸ਼ ਵਿਚ ਹੀ ਹਨ।

"ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ 16 ਜੂਨ ਤਕ ਸ੍ਰੀ ਭੈਣੀ ਸਾਹਿਬ ਹੀ ਦਰਸ਼ਨ ਦੇ ਰਹੇ ਹਨ ਅਤੇ 17 ਜੂਨ ਜ਼ਿਲਾ ਹੁਸ਼ਿਆਰ ਪੁਰ ਵਲ ਜਾਣਾ ਹੈ। 18 ਜੂਨ ਚੋਹਲ ਸੂਬਾ ਕਰਤਾਰ ਸਿੰਘ ਦਾ ਭੋਗ ਪਾਉਣਾ ਹੈ। ਉਮੀਦ ਹੈ ਉਸ ਤੋਂ ਬਾਅਦ ਦੋ ਦਿਨ ਸ੍ਰੀ ਜੀਵਨ ਨਗਰ ਹੋ ਕੇ ਫਿਰ 21.6.63 ਨੂੰ ਮੰਡੀ ਹਿਮਾਚਲ ਪ੍ਰਦੇਸ਼ ਪੁਜਣਾ ਹੈ।

"ਸ. ਸੁਖਬੀਰ ਸਿੰਘ ਜੀ ਸ੍ਰੀ ਭੈਣੀ ਸਾਹਿਬ ਹੀ ਹਨ ਅਤੇ ਸ੍ਰੀ ਸਤਿਗੁਰੂ ਜੀ ਬਹੁਤ ਖੁਸ਼ ਹਨ। ਠਾਕਰ ਜੀ ਵਡੇ ਸ੍ਰੀ ਭੈਣੀ ਸਾਹਿਬ ਹਨ ਅਤੇ ਠਾਕਰ ਜੀ ਛੋਟੇ ਬੰਗਲੌਰ ਆਸ਼ਰਮ ਵਿਚ ਹਨ।"

"ਉਸਤਾਦ ਹਰਭਜਨ ਸਿੰਘ ਰਾਗੀ ਦੀ ਛੋਟੀ ਭਰਜਾਈ ਸੁਖਵੰਤ ਸਿੰਘ ਦੇ ਘਰ (ਜਿਤਿੰਦਰ ਕੌਰ) ਚੜ੍ਹਾਈ ਕਰ ਗਈ ਹੈ।"

"ਗੁਰਭਜਨ ਸਿੰਘ ਸਾਬਕਾ ਜ਼ਿਲੀ ਸਕੱਤਰ ਆਪਣੀ ਸਿੰਘਣੀ ਅਤੇ ਬੱਚੇ ਸਮੇਤ ਇਕ ਮਹੀਨੇ ਵਾਸਤੇ ਸ੍ਰੀ ਭੈਣੀ ਸਾਹਿਬ ਆਇਆ ਹੋਇਆ ਹੈ, ਸੇਵਾ ਕਰਨ ਵਾਸਤੇ।"

## 8 ਜੂਨ 1983 ਬੁੱਧਵਾਰ
## ਨਵੀਂ ਦਿੱਲੀ

ਸਵੇਰੇ 8.30 ਦੇ ਕਰੀਬ ਮੈਂ ਸ. ਹੰਸਪਾਲ ਐਮ.ਪੀ. ਦੀ ਕੋਠੀ K-17 ਰਜੌਰੀ ਗਾਰਡਨ ਗਿਆ। ਚਿਰ ਪਿੱਛੋਂ ਮਿਲਣਾ ਸੀ, ਖਿਆਲ ਸੀ ਕੁਝ ਖਬਰਾਂ ਮਿਲਣ ਗੀਆਂ। ਪਰ ਸਰਦਾਰ ਜੀ ਘਰ ਨਹੀਂ ਸਨ, ਉਹ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ 9 ਦਿਨਾਂ ਦੀ ਵਿਦੇਸ਼ ਯਾਤਰਾਂ ਲਈ ਵਿਦਾ ਕਰਨ ਵਾਲਿਆਂ ਵਿਚ ਸਨ।

ਸ. ਜਗਮੋਹਨ ਸਿੰਘ ਹੰਸਪਾਲ ਅਤੇ ਇਸਦਾ ਭਤੀਜਾ ਸੁਰਿੰਮ੍ਰਿਤ ਸਿੰਘ ਥਾਈਲੈਂਡ ਵਿਚੋਂ ਵਰਲਡ ਟੂਰ ਤੇ ਨਿਕਲੇ ਇਕ ਨਾਮਧਾਰੀ ਜਥੇ ਦਾ ਏਅਰ ਪੋਰਟ ਤੇ ਸੁਆਗਤ ਕਰਨ ਗਏ ਹਨ। ਜਾਪਦਾ ਹੈ ਇਹ ਸੈਲਾਨੀ ਸਿਖਰਲੇ ਤਬਕੇ ਨਾਲ ਸੰਬੰਧਤ ਹੋਣਗੇ।

ਚਾਵਲਾ ਸ਼ੇਰ ਸਿੰਘ ਕੁਇਕ ਟ੍ਰੈਵਲਜ਼ ਵਾਲਿਆ ਨੂੰ ਮਿਲਿਆ ਤਾਂ ਪਤਾ ਲਗਾ ਕਿ ਉਹ ਕੱਲ੍ਹ ਭੈਣੀ ਸਾਹਿਬੋਂ ਆਇਆ ਸੀ। ਮੈਂ ਅਤੇ ਜਗਦੀਸ਼ ਸਿੰਘ ਵਰਿਆਮ ਕੇਵਲ ਥਾਈਲੈਂਡ ਤਕ ਹੀ ਜਾਵਾਂਗੇ। ਇਸ ਤੋਂ ਅਗੇ ਸ੍ਰੀ ਸਤਿਗੁਰੂ ਜੀ ਹੀ ਨਿਜੀ ਸੇਵਕਾਂ ਨਾਲ ਅਮਰੀਕਾ ਅਤੇ ਕੈਨਾਡਾ ਜਾਣਗੇ।

### ਵਾਸਦੇਵ ਸਿੰਘ ਦੇ ਦਰਸ਼ਨ

ਦਰਵਾਰੇ ਦੇ ਹਫਤਾ ਵਾਰੀ 'ਕੌਮੀ ਸੰਦੇਸ਼' ਦੇ ਅੰਤਮ ਪੇਜ ਦੀ ਇਕ ਫੋਟੋ ਵਿਚ ਨਾਮਧਾਰੀ ਪਰਵਾਰ ਦੇ ਦਰਸ਼ਨ ਹੋਏ। ਇਹ ਮੇਰੇ ਮਿਤਰ ਸ. ਵਾਸਦੇਵ ਸਿੰਘ ਪ੍ਰਪੋਰੀਆ ਸਕੱਤਰ ਨਾਮਧਾਰੀ ਸੰਗਤ ਯੂ.ਕੇ. ਦੇ ਤੇ ਰਾਮਗੜ੍ਹੀਆ ਕੌਂਸਲ (ਯੂ.ਕੇ.) ਦੇ ਮੀਤ ਪ੍ਰਧਾਨ ਅਤੇ ਸਾਬਕਾ ਪ੍ਰਧਾਨ ਦੀ ਸੁਆਗਤ ਵਲੋਂ ਫੋਟੋ ਸੀ। ਵਾਸਦੇਵ ਸਿੰਘ ਕਮਰਾਹ ਅਚਕਨ ਪਹਿਨੀ, ਗਲੇ ਮਾਲਾ ਤੇ ਸਿਧੀ ਸਫੇਦ ਦਸਤਾਰ ਨਾਲ ਖਲੋਤੇ ਸਨ। ਦੋ ਥੱਰੇ ਸਿਧੀਆਂ ਦਸਤਾਰਾਂ ਨਾਲ ਅਤੇ ਬੀਬੀ ਤੇ ਇਹਨਾਂ ਦੀ ਮਾਤਾ ਸਫੇਦ ਪਹਿਰਾਵੇ ਵਿਚ ਸਨ। ਇਹ ਸੁਸਾਇਟੀ ਵਲੋਂ ਨਾਮਧਾਰੀ ਸਮਾਜ ਦਾ ਹੀ ਮਾਣ ਸੀ। (ਕੌਮੀ ਸੰਦੇਸ਼ 21.5.83)

ਮਈ 1983 ਦੇ ਪੰਖੜੀਆਂ (ਪੰਜਾਬ ਸਕੂਲ ਸਿਖਿਆ ਬੋਰਡ ਮੁਹਾਲੀ ਦਾ ਮਾਸਿਕ ਪੱਤਰ) ਵਿਚ, "ਸੁਤੰਤਰਤਾ ਸੰਗਰਾਮ ਦਾ ਮੋਢੀ ਜਰਨੈਲ" ਨਾਂ ਦਾ ਗੁਰੂ ਰਾਮ ਸਿੰਘ ਜੀ ਉੱਤੇ ਇਕ ਬੱਚਿਆਂ ਲਈ ਲੇਖ ਸੀ, ਇਸਦਾ ਲੇਖਕ ਪ੍ਰੀਤਮ ਸਿੰਘ ਕਵੀ ਸੀ। ਪਰ ਇਹ ਸਾਰਾ ਜਤਨ ਪੰਖੜੀਆਂ ਸੰਪਾਦਕ ਸੁਖਦੇਵ ਮਾਦਪੁਰੀ ਦਾ ਹੈ।

## 9 ਜੂਨ 1983, ਵੀਰਵਾਰ
## ਨਵੀਂ ਦਿੱਲੀ

ਅੱਜ ਸਵੇਰੇ 5.30 ਵਜੇ ਹੀ ਮੈਂ ਅਤੇ ਮੇਰੀ ਪਤਨੀ ਗੁਰਬਚਨ ਕੌਰ ਘਰੋਂ ਨਿਕਲ ਤੁਰੇ, ਆਪਣੇ ਮਿਤਰ ਸ. ਅਵਤਾਰ ਸਿੰਘ ਨੂੰ ਮਿਲਣ ਵਾਸਤੇ। ਸਾਹਿਬਾ ਬਾਦ ਪਹੁੰਚੇ। ਸੰਤਾਂ ਦੇ ਤੀਜੇ ਬੇਟੇ ਰਾਜਿੰਦਰ ਸਿੰਘ ਨੇ ਦੱਸਿਆ ਉਹ ਆਫਸੈਟ ਮਸ਼ੀਨ ਲਿਆਉਣ ਲਈ



Sri Satguru Jagjit Singh Ji Elibrary NamdhariElibrary@gmail.com

ਬੰਬਈ ਗਏ ਹਨ, ਸਵੇਰੇ ਹੀ। ਵਿਦੇਸ਼ ਤੋਂ ਆਈ ਮਸ਼ੀਨ ਤੇ ਬੰਦਰਗਾਹ ਦਾ ਕਰਾਇਆ 200/- ਰੋਜ਼ਾਨਾ ਪੈ ਰਿਹਾ ਹੈ।

ਅਸੀ ਰਾਜਿੰਦਰ ਸਿੰਘ ਨੂੰ ਉਹਦੀ ਪਤਨੀ ਅਤੇ ਮਾਤਾ ਬਾਰੇ ਪੁਛਿਆ। ਉਸ ਨੇ ਕਿਹਾ ਕਿ ਉਹ ਨਥੀ ਕਰੀਮ ਵਾਲੇ ਘਰ ਹਨ। ਅਤੇ ਅਸੀ ਵਾਪਸ ਆਏ ਨਥੀ ਕਰੀਮ, ਗੁਰਦੁਆਰਾ ਸਿੰਘ ਸਭਾ ਦੇ ਕੋਲ 620 ਵਿਚ ਪਹੁੰਚ ਗਏ। ਪਿਓ ਧੀ ਘਰ ਹੀ ਮਿਲ ਪਏ। ਸੁਖ ਅਨੰਦ ਪੁੱਛੀ ਦੱਸੀ। ਬੀਬੀ ਮਨਜੀਤ ਨੇ ਕਿਹਾ : ਮੈਂ ਰਾਤੀ ਹੀ ਸੰਤਾਂ ਨੂੰ ਕਿਹਾ ਸੀ। ਕਵੀ ਹੋਰੀ ਕੱਲ੍ਹ ਹੋਣਗੇ, ਨਹੀ ਤਾਂ ਏਨੀ ਦੇਰ ਉਨ੍ਹਾਂ ਮਿਲਣ ਨੂੰ ਵਿਹਲ ਨਹੀ ਸੀ। ਬੀਬੀ ਮਨਜੀਤ ਆਪਣੇ ਛੋਟੇ ਪੁਤਰ ਗੁਰਦੇਵ ਦੇ ਵਤੀਰੇ ਤੋਂ ਪਰੇਸ਼ਾਨ ਸੀ ਅਤੇ ਉਹ ਮੇਰੀ ਮੱਦਦ ਚਾਹੁੰਦੀ ਸੀ ਕਿ ਮੈਂ ਉਸ ਨੂੰ ਸਮਝਾਵਾਂ।

**ਸੰਤ ਅਮਰ ਸਿੰਘ ਜੀ ਨਥੀ ਕਰੀਮ**

ਮਨਜੀਤ ਦੇ ਪਿਤਾ ਜੀ ਅੰਦਰ ਵਿਛੇ ਹੋਏ ਪਲੰਘ ਤੇ ਮਾਲਾ ਫੇਰ ਰਹੇ ਸਨ। ਸੰਤ ਅਮਰ ਸਿੰਘ ਇਸ ਵੇਲੇ 83 ਸਾਲ ਦੇ ਹਨ, ਮਾਰਚ ਵਿਚ ਉਨ੍ਹਾਂ ਨੂੰ 84ਵਾਂ ਚੜ੍ਹਨਾ ਹੈ। ਸੰਤ ਅਮਰ ਸਿੰਘ ਨੇ ਮਾਲਾ ਚਲਦਿਆਂ ਕਿਹਾ : ਕਵੀ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮੇਰੇ ਤੇ ਬੜੀ ਕਿਰਪਾ ਹੈ। ਅਜੇ ਵੀ ਮੈਂ ਸਵੇਰੇ 3 ਵਜੇ ਉਠ ਕੇ ਇਸ਼ਨਾਨ ਕਰਦਾ ਹਾਂ। ਜਦੋਂ ਮੇਰਾ ਉਠਣ ਦਾ ਵਕਤ ਹੋ ਜਾਂਦਾ ਹੈ, ਸਤਿਗੁਰੂ ਪ੍ਰਤਾਪ ਸਿੰਘ ਆ ਜਗਾਂਦੇ ਹਨ। ਕਦੀ ਧੌਣੋਂ ਫੜ ਕੇ, ਕਦੇ ਅਵਾਜ਼ ਮਾਰ ਕੇ, ਕਦੇ ਕਦੇ ਗੜਵਾ ਪਾਣੀ ਦਾ ਸਿਰ ਵਿਚ ਉਲੱਦ ਕੇ। ਇਸ ਤਰਾਂ ਅਜੇ ਤਕ ਮੇਰਾ ਨੇਮ ਬਣਿਆ ਹੋਇਆ ਏ, ਇਸ਼ਨਾਨ ਕਰਨ ਦਾ, ਭਜਨ ਕਰਨ ਦਾ ਅਤੇ ਬਾਣੀ ਪੜ੍ਹਨ ਦਾ। ਦੰਦ ਮੇਰੇ ਝੜ ਗਏ ਨੇ, ਬਨਾਉਟੀ ਨਹੀ ਲੁਆਏ। ਅੱਖਾਂ, ਨਕ, ਕੰਨ ਜੀਹਬਾ ਸਭੇ ਠੀਕ ਕੰਮ ਕਰਦੇ ਹਨ।

ਫਿਰ ਸੰਤ ਅਮਰ ਸਿੰਘ, ਅੱਜ ਤੋਂ 70 ਸਾਲ ਪਹਿਲਾਂ ਦੀ ਗੱਲ ਸੁਣਾਣ ਲਗੇ : ਸਾਡੇ ਪਿੰਡ ਫਾਂਬੀ ਜ਼ਿਲਾ ਸਿਆਲ ਕੋਟ ਵਿਚ ਇਕੋ ਸਿੰਘ ਨਾਮਧਾਰੀ ਸੀ, ਤਾਈਆ ਅਰੂੜ ਸਿੰਘ ਅਤੇ ਉਹਦਾ ਪੁੱਤਰ ਈਸ਼ਰ ਸਿੰਘ। ਜਦੋਂ ਮੈਂ 10-11 ਸਾਲ ਦਾ ਸਾਂ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਭਰ ਜੁਆਨ ਸਨ। ਦਾੜ੍ਹਾ ਛੋਟਾ ਛੋਟਾ ਸੀ। ਇਹ ਘਰ ਰਾਮਗੜੀਆਂ ਦਾ ਸੀ, ਅਰੂੜ ਸਿੰਘ ਦਾ। ਜਦੋਂ ਸਤਿਗੁਰੂ ਜੀ ਇਹਨਾਂ ਦੇ ਘਰ ਆਏ। ਸਾਡਾ ਘਰ ਭਾਵੇਂ ਨਾਮਧਾਰੀ ਨਹੀ ਸੀ, ਪਰ ਸੰਤ ਸੇਵੀ ਸੀ। ਸਤਿਗੁਰਾਂ ਦੇ ਅਉਣ ਤੇ ਅਰੂੜ ਸਿੰਘ ਘਰ ਮੇਲਾ ਵਿਛ ਗਿਆ। ਸਤਿਗੁਰੂ ਜੀ ਅਜੇ ਗਲੀ ਵਿਚ ਹੀ ਸਨ ਕਿ ਮੇਰਾ ਪਿਤਾ ਸ. ਚਲਾ ਸਿੰਘ ਵੇਖਦੇ ਹੀ ਮੁੱਠਿਆ ਗਿਆ। ਗਲੀ ਵਿਚ ਹੀ ਚਰਨਾਂ ਤੇ ਢਿਗ ਪਿਆ ਅਤੇ ਫਿਰ ਜ਼ਿੰਦਗੀ ਭਰ ਲਈ ਉਨ੍ਹਾਂ ਦਾ ਹੋ ਗਿਆ। ਉਹ ਅਜੇ ਸਤਿਗੁਰਾਂ ਦੇ ਚਰਨਾਂ ਤੇ ਢੱਠਾ ਨਹੀ ਸੀ ਕਿ ਮੈਨੂੰ ਕਹਿਣ ਲਗਾ : ਇਹ ਤਾਂ ਨਿਰੇ ਪੁਰੇ ਗੁਰੂ ਗੋਬਿੰਦ ਸਿੰਘ ਨੇ। ਗੁਰੂ ਗੋਬਿੰਦ ਸਿੰਘ ਜੀ ਨੇ ਏਦੂੰ ਰੂਪ ਕੀ ਹੋਣਾ ਹੈ ਅਤੇ ਸਾਡਾ ਸਾਰਾ ਪਰਵਾਰ ਹੀ ਨਾਮਧਾਰੀ ਸਜ ਗਿਆ। ਹੋਰ ਵੀ ਦੋ ਤਿਨ ਰਾਮਗੜੀਆ ਪਰਵਾਰਾਂ ਨੇ ਭਜਨ ਪੁਛਿਆ। ਪਿੱਛੋਂ ਸਾਧ ਸੰਗਤ ਦਾ ਆਉਣ ਜਾਣ ਆਮ ਹੋ ਗਿਆ ਤਾਂ 18 ਘਰ ਰਾਮਗੜੀਆਂ ਤੇ ਦੋ ਘਰ ਖਤਰੀਆਂ ਦੇ ਨਾਮਧਾਰੀ ਸਜ ਗਏ। ਸਾਰਾ ਪਿੰਡ ਫਾਂਬੀ ਕੂਕਿਆਂ ਦਾ ਹੋ ਗਿਆ।



Sri Satguru Jagjit Singh Ji Elibrary NamdhariElibrary@gmail.com

ਬਾਬਾ ਅਮਰ ਸਿੰਘ ਦਾ ਕਹਿਣ ਸੀ : ਸੰਤ ਅਤਰ ਸਿੰਘ ਵਰਗਾ ਜਥੇਦਾਰ ਕਿਸ ਹੋਣਾ ਹੈ। ਉਹ ਤਾਂ ਰਸ ਦਾ ਭਰਿਆ ਹੋਇਆ ਸਮੁੰਦਰ ਸੀ। ਉਸ ਦੀਆਂ ਇੰਦਰ ਮੋਹਣੀਆਂ ਇੰਦਰ ਤਾਂ ਕੀ ਦੁਨੀਆਂ ਮੋਹ ਛੱਡੀ ਸੀ। ਜਵਾਨੀ ਵਿਚ ਉਹਦੇ ਵਿਆਹ ਦਾ ਫਿਕਰ ਉਹਦੇ ਮਾਮੇ ਨੇ ਕੀਤਾ। ਚਵਿੰਡੇ (ਸਿਆਲ ਕੋਟ) ਢੁਕਣਾ ਸੀ। ਮਾਮੇ ਨੇ ਕਿਹਾ : ਅਤਰ ਸਿੰਘਾ, ਤੈਨੂੰ ਦੋ ਘੋੜੇ ਦੀ ਬੋਸਕੀ ਦੇ ਕੱਪੜੇ ਅਤੇ ਚੱਦਰ ਤਿਆਰ ਕਰਵਾ ਦਿੰਦਾਂ, ਪਰ ਓਥੇ ਜਾਕੇ ਮਸਤਾਨਾ ਨਹੀ ਹੋਣਾ, ਸ਼ਬਦ ਨਹੀ ਪੜ੍ਹਨਾ। ਕਮਲਿਆ, ਅਸਾਂ ਅਗਲੇ ਦੇ ਘਰ ਢੁਕਣਾ ਏ। ਉਹ ਸਾਨੂੰ ਕੀ ਕਹਿਣ ਗੇ ?

ਅਤਰ ਸਿੰਘ ਨੂੰ ਮਨਾ ਕੇ, ਰੇਸ਼ਮੀ ਬਸਤਰ, ਕਾਢਵੀ ਜੁੱਤੀ ਪੁਆਕੇ ਲੈ ਤੁਰੇ। ਸੰਤ ਨੇ ਆਪਣੇ ਸਾਥੀ ਹੱਥ ਖੜਤਾਲਾਂ ਵਾਲਾ ਥੈਲਾ ਚੁਕਾ ਦਿਤਾ। ਅਗੋਂ ਸੁਆਗਤਕਾਰੀ ਆਏ। ਜਿਉਂ ਹੀ ਉਨ੍ਹਾਂ ਸ਼ਬਦ ਪੜ੍ਹਦਿਆਂ ਫੇਲਕੀ ਤੇ ਤੇੜਾ ਦਿਤਾ, ਪਤਾ ਹੀ ਨ ਲਗਾ ਕਿਹੜੇ ਵੇਲੇ ਅਤਰ ਸਿੰਘ ਹੁਰਾਂ ਖੜਤਾਲਾਂ ਫੜ ਲਈਆਂ, ਪੱਗ ਲਹਿ ਕੇ ਅਹੁ ਜਾ ਪਈ। ਧੋਤੀ ਤੋਂ ਤਾਂ ਪਹਿਲਾਂ ਹੀ ਉਤਰੇ ਹੋਏ ਸਨ। ਬਸ ਫਿਰ ਸ਼ਬਦ ਦੀ ਵਰਖਾ ਸ਼ੁਰੂ ਹੋ ਪਈ। ਅਨੰਦ ਵਿਚ ਅਨੰਦ ਬਣ ਗਿਆ। ਸੰਤ ਉਸ ਸਲੋਨੀ ਇਸਤਰੀ ਨੂੰ ਵਿਆਹ ਲਿਆਏ। ਤਿਲਹਾੜੇ ਦੇ ਹੋਲੇ ਸਮੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਾਸ ਖਲੋਤੇ ਹੋਏ ਮੈ ਵੇਖੇ ਸਨ।

"ਇਸ ਹੋਲੇ ਤੇ ਸੰਤ ਹਰਨਾਮ ਸਿੰਘ ਕਿਲੇ ਵਾਲਿਆਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਇਕ ਕਾਲੀ ਧੋਤੀ ਮੱਥਾ ਟੇਕੀ ਸੀ, ਜਿਸਦੇ ਪੈਰ ਚਿਟੇ ਸਨ। ਓਦੋਂ ਸਤਿਗੁਰਾਂ ਨੇ ਅਤਰ ਸਿੰਘ ਹੁਰਾਂ ਨੂੰ ਕਿਹਾ ਸੀ : ਇਹ ਧੋਤੀ ਤੁਹਾਡੇ ਲਈ ਆਈ ਹੈ।"

ਏਨੇ ਕੁ ਬਚਨ ਕਰਕੇ ਸੰਤ ਅਮਰ ਸਿੰਘ ਨੇ ਆਖਿਆ : ਅਤਰ ਸਿੰਘ ਵਰਗਾ ਕਿਸੇ ਮਸਤੀ ਭਰਿਆ ਕੀਰਤਨ ਨਹੀ ਕਰਨਾ, ਸੰਤ ਗਿਆਨਾ ਸਿੰਘ ਵਰਗਾ ਕਿਸੇ ਵਾਰਾ ਨਹੀ ਲਾਵਣਾ ਤੇ ਨਿਧਾਨ ਸਿੰਘ ਵਰਗਾ ਕਿਸੇ ਵਿਖਿਆਨ ਨਹੀ ਦੇ ਸਕਣਾ।"

ਅਤੇ ਫਿਰ ਸੰਤਾਂ ਦੀ ਰਸਨਾ ਤੇ ਮਾਲਾ ਚਲਣ ਲਗ ਪਈ। ਉਹ ਘੜੀ ਮੁੜੀ ਕਹਿੰਦੇ : ਜਿਹੋ ਜੇਹੀ ਸਤਿਗੁਰੂ ਦੀ ਮੇਰੇ ਤੇ ਕਿਰਪਾ ਹੈ, ਹਰ ਕਿਸੇ ਤੇ ਹੋਵੇ।

## 10 ਜੂਨ 1983, ਸ਼ੁਕਰਵਾਰ
## ਨਵੀਂ ਦਿੱਲੀ

ਅੱਜ ਮੈਂ ਸ੍ਰੀ ਗੁਰਦੇਵ ਸਿੰਘ ਸਪੁਤਰ ਸੰਤ ਅਵਤਾਰ ਸਿੰਘ ਨਾਮਧਾਰੀ ਪ੍ਰਿੰਟਿੰਗ ਵਰਕਸ ਨੂੰ ਮਿਲਣ ਜਾਣਾ ਸੀ। ਨਵੀ ਕਰੀਮ ਵਿਚ ਹੀ। ਗੁਰਦੇਵ ਸਿੰਘ ਨਾਲ ਸ਼ਾਮੀ 6.30 ਵਜੇ ਤਕ ਗੱਲ ਬਾਤ ਕਰਦਿਆਂ, ਉਸਦਾ ਵਡਾ ਭਰਾ ਦੀਪ ਸਿੰਘ ਵੀ ਆ ਗਿਆ। ਉਸ ਤੋਂ ਪਤਾ ਲਗਾ ਕਿ ਡਾਲਟਨ ਗੰਜ-ਭਰਾਵਾਂ ਦੇ ਵੱਡੇ ਵੀਰ ਸੰਤ ਬਲਵੰਤ ਸਿੰਘ ਜੀ ਕਿਸੇ ਨਾ ਮੁਰਾਦ ਬਿਮਾਰੀ ਦੀ ਪੁਛ ਛਾਣ ਲਈ ਪਿਛਲੇ 15 ਦਿਨਾਂ ਤੋਂ ਰਾਂਚੀ ਤੋਂ ਦਿਲੀ ਆਏ ਹੋਏ ਹਨ ਅਤੇ ਉਹ ਕੱਲ੍ਹ ਨੂੰ ਡਾਲਟਨ ਗੰਜ ਜਾਣ ਵਾਲੇ ਹਨ।

ਮੈਂ ਵੀ ਉਨ੍ਹਾਂ ਨੂੰ ਮਿਲਣ ਦੀ ਇਛਾ ਪਰਗਟ ਕੀਤੀ ਤਾਂ ਦੀਪ ਸਿੰਘ ਆਪਣੇ ਸਕੂਟਰ



Sri Satguru Jagjit Singh Ji Elibrary NamdhariElibrary@gmail.com

ਤੇ ਰਾਤੀ 8.00 ਵਜਦੇ ਨੂੰ ਸੰਤ ਬਲਵੰਤ ਸਿੰਘ ਜੀ ਦੇ ਘਰ ਕਰੋਲ ਬਾਗ ਲੈ ਗਿਆ। ਏਥੇ ਉਨ੍ਹਾਂ ਦੀ ਇਕ ਕੋਠੀ ਹੈ।

## ਦੀਪ ਸਿੰਘ ਦੀਆਂ ਆਪ ਬੀਤੀਆਂ

ਰਾਹ ਵਿਚ ਜਾਂਦਿਆਂ ਦੀਪ ਸਿੰਘ ਨੇ ਆਪਣੇ ਨਿਜੀ ਜੀਵਨ ਵਿਚੋਂ ਕਈ ਘਟਨਾਵਾਂ ਸੁਣਾਈਆਂ, ਜਿਨ੍ਹਾਂ ਦਾ ਤੱਤ ਇਹ ਸੀ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪਾਸੋਂ ਉਸਨੇ ਜੋ ਵੀ ਅਰਦਾਸ ਕੀਤੀ, ਉਹ ਪਰਵਾਨ ਹੋਈ। ਏਥੋਂ ਤਕ ਕਿ ਅਮੀਰ ਵਹੁਟੀ, ਸੁੰਦਰ ਵਹੁਟੀ, ਤੇ ਗਰੀਬ ਵਹੁਟੀ ਵੀ ਉਸਨੂੰ ਉਹਦੀ ਇਛਾ ਅਨੁਸਾਰ ਮਿਲੀ। ਅਤੇ ਉਹ ਇਕੋ ਸਿੱਟੇ ਤੇ ਪੁੱਜਾ ਹੈ ਕਿ ਸਤਿਗੁਰੂ ਕਿਸੇ ਨੂੰ ਏਨਾ ਧਨ ਵੀ ਨ ਦੇਵੇ ਕਿ ਬੰਦਾ ਸਤਿਗੁਰੂ ਵਲੋਂ ਬੇਮੁਖ ਹੋ ਜਾਵੇ। ਓਨਾ ਕੁਝ ਹੀ ਹਰੇਕ ਨੂੰ ਮਿਲਣਾ ਚਾਹੀਦਾ ਹੈ ਕਿ ਉਸ ਦੀਆਂ ਔਕੀਆਂ ਲੋੜਾਂ ਤਾ ਪੂਰੀਆਂ ਹੋ ਜਾਣ ਪਰ ਰੁਪੈਆ ਉਹਦੇ ਲਈ ਗਲਤਕਾਰੀਆਂ ਦਾ ਸਾਧਨ ਨ ਬਣ ਜਾਵੇ।

ਉਸਨੇ ਪਿਛਲੇ ਦਿਨਾਂ ਦੀ ਇਕ ਘਟਨਾ ਸੁਣਾਈ : ਮੈਂ ਸੱਚੇ ਪਾਤਸ਼ਾਹ ਜੀ ਦੀ ਸੇਵਾ ਵਿਚ ਬੇਨਤੀ ਕੀਤੀ ਕਿ ਅਸੀ ਆਫ਼ ਸੈੱਟ ਮਸ਼ੀਨ ਲਿਆਉਣਾ ਚਾਹੁੰਦੇ ਹਾਂ, ਕਿਰਪਾ ਹੋਵੇ। ਸੱਚੇ ਪਾਤਸ਼ਾਹ ਜੀ ਨੇ ਮੇਰੀ ਗੱਲ ਸੁਣਨ ਤੋ ਪਹਿਲਾਂ ਹੀ ਬਚਨ ਕਰ ਦਿਤਾ, "ਮੈਨੂੰ ਇਹ ਸੁਣ ਕੇ ਬਹੁਤ ਖੁਸ਼ੀ ਹੋਈ ਹੈ ਕਿ ਤੁਹਾਡੀ ਨਵੀਂ ਮਸ਼ੀਨ ਆ ਗਈ ਹੈ। ਅਤੇ ਮੇਰੀ ਗੱਲ ਅਜੇ ਅਧੂਰੀ ਹੀ ਸੀ ਕਿ ਸਤਿਗੁਰਾਂ ਆਪਣਾ ਬਚਨ ਫਿਰ ਦੁਹਰਾ ਦਿਤਾ।"

"ਮੈਂ ਘਰ ਆਇਆ ਤਾਂ ਫਿਕਰਮੰਦ ਪਿਤਾ ਜੀ ਨੂੰ ਪੂਰੇ ਵਿਸ਼ਵਾਸ ਨਾਲ ਕਹਿ ਦਿਤਾ, ਆਪਣੀ ਮਸ਼ੀਨ ਆ ਗਈ ਸਮਝੋ, ਸਤਿਗੁਰਾਂ ਬਚਨ ਕਰ ਦਿਤਾ ਹੈ। ਸਾਨੂੰ ਉਸ ਮਸ਼ੀਨ ਵਾਸਤੇ ਲਗਭਗ 3 ਲਖ ਰੁਪੈਆ ਚਾਹੀਦਾ ਸੀ। ਸਾਡੇ ਵਸੀਲੇ ਥੋੜੇ ਸਨ ਤੇ ਜੋ ਬਿਜ਼ਨਸ ਵਿਚੋਂ ਵੱਢਦੇ ਤਾਂ ਕੰਮ ਖਲੋ ਜਾਂਦਾ। ਇਸ ਤੋ ਪਹਿਲਾਂ ਤਾਂ ਅਸੀ ਨਿਰਾਸਤਾ ਦੀ ਹਾਲਤ ਵਿਚ ਹੀ ਸਾਂ ਕਿਉਂਕਿ ਜਿਧਰ ਨਜ਼ਰ ਦੌੜਾਂਦੇ ਸਾਂ ਜਾਂ ਪੁੱਛਦੇ ਸਾਂ ਤਾਂ ਜਵਾਬ ਵਰਗਾ ਉੱਤਰ ਮਿਲਦਾ ਸੀ। ਸਤਿਗੁਰਾਂ ਦਾ ਬਚਨ ਹੋਣ ਨਾਲ, ਝਟਪਟ, ਸਾਰੇ ਕੰਮ ਇੰਜ ਹੋ ਜਾਣੇ ਜਿਵੇਂ ਅਚਾਨਕ ਬਦਲਾਅ ਹੀ ਹੋ ਜਾਂਦੀ ਹੈ। ਸਾਰੇ ਹੀ ਕੰਮ ਰਾਸ ਹੋ ਗਏ। ਕੱਲ੍ਹ ਦੇ ਪਿਤਾ ਜੀ ਵੱਡੀ ਮਸ਼ੀਨ ਲੈਣ ਗਏ ਹੋਏ ਹਨ।"

## ਸੰਤ ਬਲਵੰਤ ਸਿੰਘ ਡਾ. ਕੀਜ਼ ਵਾਲੇ

ਗੱਲਾਂ ਕਰਦਿਆਂ ਅਸੀ ਕਰੋਲ ਬਾਗ ਸੁਪਰ ਗੈਸਟ ਹਾਊਸ ਕੋਲ ਆ ਗਏ ਤਾਂ, ਇਸ ਦੇ ਮਾਲਿਕ ਸ. ਸੁਰਿੰਦਰ ਸਿੰਘ ਡਾਲਟਨ ਕੀਜ਼ ਮਿਲ ਪਏ। ਉਹਨਾਂ ਤੋ ਪਤਾ ਲਗਾ ਕਿ ਪਟੇਲ ਨਗਰ ਵਾਲਾ ਰਾਜਿੰਦਰਾ ਹੋਟਲ ਵੀ ਇਹਨਾਂ ਦਾ ਹੀ ਹੈ। ਇਹ ਵੀ ਸਾਡੇ ਨਾਲ ਹੀ ਤੁਰ ਪਏ। ਅਤੇ ਨਾਲ ਦੇ ਕੋਨੇ ਵਿਚ ਸੰਤ ਬਲਵੰਤ ਸਿੰਘ ਦੀ ਕੋਠੀ ਸੀ। ਉਨ੍ਹਾਂ ਪਾਸ ਗਏ। ਉਹ ਲੰਮੇ ਪਏ ਸਨ। ਗੋਰਾ ਰੰਗ, ਚਾਂਦੀ ਚਿੱਟਾ ਦਾੜ੍ਹਾ। ਉੱਠੇ ਤਾਂ ਕਹਿਣ ਲਗੇ : ਹੁਣ ਸਭ ਠੀਕ ਹੋ ਗਿਆ ਹੈ। ਮੇਰੀ ਸਿਹਤ ਤੰਦਰੁਸਤ ਹੈ। ਕੱਲ੍ਹ ਨੂੰ ਅਸੀ ਡਾਲਟਨ ਕੀਜ਼ ਜਾ ਰਹੇ ਹਾਂ।



Sri Satguru Jagjit Singh Ji Elibrary NamdhariElibrary@gmail.com

ਦੋ ਮਿੰਟ ਬਾਅਦ ਉਹਨਾਂ ਦੀ ਸੁਪਤਨੀ ਬੀਬੀ ਮਹਿੰਦਰ ਕੌਰ ਵੀ ਉਹਨਾਂ ਪਾਸ ਆ ਬੈਠੀ। ਉਸਨੇ ਦੱਸਿਆ ਕਿ ਉਹ ਬੀਤੇ ਕਲ੍ਹ ਭੈਣੀ ਸਾਹਿਬੋਂ ਹੋਕੇ ਆਏ ਹਨ। ਅੱਠ 1 ਵਜੇ ਪਹੁੰਚੇ ਤਾਂ ਓਥੇ ਹਾਜ਼ਰ ਸੇਵਕਾਂ ਨੇ ਦੱਸਿਆ ਸੱਚੇ ਪਾਤਸ਼ਾਹ ਬਿਰਾਜ ਗਏ ਹਨ। ਹੁਣ ਤਾਂ ਭੋਗ ਦੇ ਵਕੇ ਤੋਂ ਬਾਅਦ ਹੀ ਦਰਸ਼ਨ ਹੋਣਗੇ, ਤਦ ਤਕ ਤੁਸੀਂ ਜਲਪਾਣੀ ਛਕੋ। ਅਸਾਂ ਕਿਹਾ, ਸਾਡੀ ਭੁੱਖ ਤੇਹ ਦਰਸ਼ਨਾ ਬਾਅਦ ਹੀ ਪੂਰੀ ਹੋਵੇਗੀ। ਵਰਾਂਡੇ ਵਿਚ ਕੁਝ ਬੀਬੀਆਂ ਵੀ ਸਨ ਅਸੀਂ ਉਨ੍ਹਾਂ ਨਾਲ ਗੱਲਾਂ ਕਰਨ ਲਗੇ ਹੀ ਸਾਂ ਕਿ ਮੇਰੀ ਵਡੀ ਗੁਰਚਰਨ ਕਹਿਣ ਲੱਗੀ : ਸਚੇ ਪਾਤਸ਼ਾਹ ਤਾਂ ਛੱਤ ਤੇ ਖਲੋਤੇ ਹੋਏ ਹਨ, ਖਵ੍ਰੇ ਸਾਨੂੰ ਹੀ ਦਰਸ਼ਨ ਦੇਣ ਆਏ ਹਨ। ਮੈਂ ਵੀ ਬਾਹਰ ਨਿਕਲੀ। ਦਰਸ਼ਨ ਕਰਕੇ ਅੱਖਾਂ ਠਰ ਗਈਆਂ। ਮਨ ਨੂੰ ਸੰਤੋਖ ਦਾ ਸੁਖ ਆ ਗਿਆ। ਫਿਰ ਦੀਨ ਦਿਆਲ ਜੀ ਆਪ ਹੀ ਹੇਠਾਂ ਉਤਰ ਆਏ ਅਤੇ ਇਹਨਾਂ (ਬਲਵੰਤ ਸਿੰਘ ਹੁਰਾਂ) ਦੇ ਪਾਸ ਕੁਰਸੀ ਡਹਾਕੇ ਅੱਧਾ ਘੰਟਾ ਬਚਨ ਬਿਲਾਸ ਕਰਦੇ ਰਹੇ। ਦੁਖ ਸੁਖ ਪੁਛਦੇ ਰਹੇ। ਸੱਚੇ ਪਾਤਸ਼ਾਹ ਜੀ ਨੇ ਸਾਡੀ ਜੋਦੜਿਓਂ ਹੋ ਕੇ ਸੁਣ ਲਈ। ਸਤਿਗੁਰੂ ਜੀ ਦੇ ਜਾਂਦਿਆਂ ਹੀ ਅਸਾਂ ਜਲ ਪ੍ਰਸਾਦ ਛਕਿਆ ਤੇ ਫਿਰ ਗੱਡੀ ਦਾ ਮੂੰਹ ਦਿੱਲੀ ਵਲ ਕਰਕੇ ਤੁਰ ਪਏ।

ਜਦੋਂ ਅਸੀਂ ਮੈਂਤਾਂ ਤੋਂ ਵਿਦਾ ਲਈ ਰਾਤ ਦੇ 8.45 ਹੋ ਚੁਕੇ ਸਨ।

## ਨਿਹਾਲ ਸਿੰਘ ਗਾਜ਼ੀਆਬਾਦ ਪੂਰੇ ਹੋ ਗਏ

ਅੱਜ ਹੀ ਮੈਨੂੰ ਪਤਾ ਲਗਾ ਕਿ ਗਾਜ਼ੀਆਬਾਦ ਦੇ ਸੰਤ ਨਿਹਾਲ ਸਿੰਘ ਪਿਛਲੇ ਮਹੀਨੇ ਦੀ 22 ਜਾਂ 23 ਨੂੰ ਪੂਰੇ ਹੋ ਗਏ ਹਨ ਅਤੇ ਬੀਤੇ ਐਤਵਾਰ ਉਨ੍ਹਾਂ ਨਮਿਤ ਭੋਗ ਪਿਆ ਹੈ।

## 11 ਜੂਨ 1983, ਸ਼ਨੀਵਾਰ
## ਨਵੀਂ ਦਿੱਲੀ

## ਕੁਛ ਜ਼ਰੂਰੀ ਫੋਟੋ

ਸ. ਹੰਸਪਾਲ ਦਾ ਕਹਿਣਾ ਸੀ ਕਿ ਜੇ ਮੈਂ ਉਸ ਦੀਆਂ ਪੰਜਾਬੀ ਕਾਨਫਰੰਸ ਬੰਬੋਕ ਬਾਰੇ ਸਰਗਰਮੀਆਂ ਜਾਣਨੀਆਂ ਹਨ ਤਾਂ 40 ਅਸ਼ੋਕਾ ਰੋਡ, ਉਹਦੇ ਦਫਤਰ ਵਿਚ ਪਹੁੰਚਾਂ, ਸ਼ਾਮੀ 6 ਵਜੇ। ਅਤੇ ਅੱਜ ਸਵੇਰ ਦੀ ਮੁਲਾਕਾਤ ਵਿਚ ਉਸ ਮੈਨੂੰ ਤਿਨ ਤਸਵੀਰਾਂ ਦਿਤੀਆਂ। ਪਹਿਲੀ ਫੋਟੋ 5 ਮਈ 1983 ਦੀ, ਇਸ ਵਿਚ ਸ. ਹੰਸਪਾਲ ਐਮ.ਪੀ. ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ, ਉਸਦੇ ਜਨਮ ਦਿਨ ਮੁਬਾਰਕ ਕਹਿਣ ਲਈ ਇਕ ਨਾਮਧਾਰੀ ਡੈਲੀਗੇਸ਼ਨ ਲੈਕੇ ਗਏ ਸਨ। ਮੈਨੂੰ ਮਿਲੀ ਫੋਟੋ ਵਿਚ ਗਿਆਨੀ ਜ਼ੈਲ ਸਿੰਘ ਨਾਲ ਸ. ਹਰਵਿੰਦਰ ਸਿੰਘ ਹੰਸਪਾਲ ਐਮ.ਪੀ. ਸ. ਬਲਦੇਵ ਸਿੰਘ ਕਾਲਕਾ, ਸ੍ਰ ਸ਼ੇਰ ਸਿੰਘ ਕਾਬਲ, ਸ. ਸੁਖਦੇਵ ਸਿੰਘ ਕਾਲੀ ਨਜ਼ਰ, ਸ. ਜਸਬੀਰ ਸਿੰਘ ਅਤੇ ਸ. ਕੁਲਦਰਸ਼ਨ ਸਿੰਘ ਸਨ।

ਦੂਜੀ ਫੋਟੋ 27 ਮਈ 1983 ਦੀ ਹੈ ਜਿਸ ਵਿਚ ਪੰ. ਜਵਾਹਰ ਲਾਲ ਨਹਿਰੂ ਦੀ ਬਰਸੀ ਤੇ ਸ਼ਾਂਤੀ ਵਨ ਵਿਖੇ ਬੀਬੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਦੇ ਖੱਬੇ ਪਾਸੇ ਤਾਂ ਇਕ ਨਾਮਧਾਰੀ ਡੈਲੀਗੇਸ਼ਨ ਬੈਠਾ ਹੈ, ਜਿਸ ਵਿਚ ਸ. ਹੰਸਪਾਲ, ਸ. ਸੁਲੱਖਣ ਸਿੰਘ ਦਿੱਲੀ



Sri Satguru Jagjit Singh Ji Elibrary NamdhariElibrary@gmail.com

ਮੀਟਰੋ ਪਾਲਿਟਨ ਕਾਊਂਸਲ, ਠੇਕੇਦਾਰ ਗੁਰਚਰਨ ਸਿੰਘ ਅਤੇ ਸ. ਸੁਖਦੇਵ ਸਿੰਘ ਬਾਲੀ ਨਗਰ ਦਿੱਸਦੇ ਹਨ। ਜਦੋਂ ਕਿ ਪ੍ਰਧਾਨ ਮੰਤਰੀ ਦੇ ਸੱਜੇ ਪਾਸੇ, ਕੁਝ ਫਾਸਲੇ ਤੇ ਗਿਆਨੀ ਜ਼ੈਲ ਸਿੰਘ ਅਤੇ ਹੋਰ ਮੰਤਰੀ ਗਣ ਬੈਠੇ ਹੋਏ ਹਨ। ਇਹ ਫੋਟੋ ਮੈਨੂੰ ਹੰਸਪਾਲ ਹੁਰਾਂ ਇਹ ਕਹਿੰਦਿਆ ਦਿੱਤੀ, ਕਿ ਇਹਦੇ ਬਾਰੇ ਮੈਨੂੰ (ਕਵੀ ਨੂੰ) ਦੱਸਣ ਲਈ ਉਸਨੂੰ ਸਵੱਤਰ ਤਰਸੇਮ ਸਿੰਘ ਨੇ ਪੇਸ਼ੀ ਕੀਤੀ ਸੀ। ਗੱਲ ਇਸ ਹੋਈ ਕਿ ਨਾਮਧਾਰੀ ਗਰੁੱਪ ਜਦੋਂ ਗਿਆਨੀ ਜ਼ੈਲ ਸਿੰਘ ਨਾਲ ਪਾਸੇ, ਹੋਰ ਮਹਾਂ ਜਾਕੇ ਬੈਠਣ ਲਗਾ ਤਾਂ ਪ੍ਰਧਾਨ ਮੰਤਰੀ ਨੇ ਆਪਣੇ ਖੱਬੇ ਪਾਸੇ ਆਕੇ ਬੈਠਣ ਦਾ ਇਸਾਰਾ ਕੀਤਾ। ਪਰ ਇਹ ਸਮਝ ਨ ਸਕਿਆ, ਫਿਰ ਜਗਦੀਸ਼ ਟਾਈਟਲਰ ਨੂੰ ਭੇਜਿਆ ਗਿਆ ਤੇ ਉਸਦੇ ਕਹਿਣ ਤੇ ਇਹ ਵੀ ਸਾਰੇ ਖੱਬੇ ਪਾਸੇ ਬਿਲਕੁਲ ਸਾਹਮਣੇ ਆਕੇ ਬੈਠੇ।

ਤੀਸਰੀ ਫੋਟੋ ਗਿਆਨੀ ਜ਼ੈਲ ਸਿੰਘ ਨੂੰ ਵਿਸ਼ਵ ਪੰਜਾਬੀ ਕਾਨਫਰੰਸ (ਤੀਜੀ) ਦੀ ਐਗਜ਼ੈਕਟਿਵ, ਲੇਖਕ ਗਣਾਂ ਵਿਚ, ਸ. ਹੰਸਪਾਲ ਪ੍ਰਧਾਨ ਕਾਨਫਰੰਸ ਦੇ ਮਿਲਣ ਜਾਣ ਦੀ ਹੈ। ਇਸ ਰਾਸ਼ਟਰਪਤੀ ਭਵਨ ਵਿਚ ਮਿਲਣੀ ਦੀ ਫੋਟੋ ਵਿਚ ਗਿਆਨੀ ਜੀ ਦੇ ਸੱਜੇ ਹੱਥ, ਸ. ਹੰਸਪਾਲ ਕਾਨਫਰੰਸ ਦੇ ਪ੍ਰਧਾਨ ਅਤੇ ਖੱਬੇ ਹੱਥ ਕਾਨਫਰੰਸ ਦੇ ਸੈਕੇਟਰੀ ਜੈਨਰਲ ਡਾ: ਗੁਰਚਰਨ ਸਿੰਘ ਦੀ ਹੈ। ਇਕ ਫੋਟੋ ਵਿਚ ਡਾ: ਮਹੀਪ ਸਿੰਘ, ਡਾ: ਸਵਰਨ ਸਿੰਘ ਉੱਪਲ ਅਤੇ ਸ. ਹਰਭਜਨ ਸਿੰਘ ਰਤਨ ਵੀ ਹੈ।

ਮੈਂ 6 ਵਜੇ, 40 ਅਸ਼ੋਕਾ ਰੋਡ ਵਿਚ ਵੇਖਿਆ ਕਿ ਸ. ਹੰਸਪਾਲ ਦੀ ਕਿਆਦਤ ਵਿਚ ਐਗਜ਼ੈਕਟਿਵ ਮੈਂਬਰ ਸਲਾਹ ਮਸ਼ਵਰੇ ਕਰਦਿਆਂ, ਚਿੱਠੀਆਂ ਡ੍ਰਾਫਟ ਤੇ ਟਾਈਪ ਕਰਕੇ ਸ. ਹੰਸਪਾਲ ਤੋਂ ਦਸਤਖਤ ਕਰਵਾਂਦੇ ਰਹੇ।

### 12 ਜੂਨ 1983, ਐਤਵਾਰ
### ਨਵੀਂ ਦਿੱਲੀ

**ਕਰਮ ਸਿੰਘ ਚੋਢਾ ਨਮਿਤ ਭੋਗ**

ਨਾਮਧਾਰੀ ਧਰਮਸਾਲਾ, ਨਾਮਧਾਰੀ ਕਾਲੋਨੀ, ਰਮੇਸ਼ ਨਗਰ ਵਿਚ ਅੱਜ ਦਰਮਿਆਨੀ ਹਾਜ਼ਰੀ ਵਿਚ ਸੰਤ ਗੁਰਦੀਪ ਸਿੰਘ ਸਵੱਤਰ ਨਾਮਧਾਰੀ ਧਰਮਸਾਲਾ ਦੇ ਪਿਤਾ ਸੰਤ ਕਰਮ ਸਿੰਘ ਚੋਢਾ ਦਾ ਪਹਿਲਾ ਵਰ੍ਹੀਣਾ ਮਨਾਇਆ ਗਿਆ। ਸੰਤ ਕਰਤਾਰ ਸਿੰਘ, ਜਥੇਦਾਰ ਸੇਵਾ ਸਿੰਘ, ਮੋਹਣ ਸਿੰਘ, ਸੁਖਦੇਵ ਸਿੰਘ ਆਦਿ ਨੇ ਪ੍ਰਭਾਵਸ਼ਾਲੀ ਕੀਰਤਨ ਕੀਤਾ।

ਸਾਧ ਸੰਗਤ ਵਿਚ ਰਾਜੌਰੀ ਦੇ ਪ੍ਰਤਿਸ਼ਠਤ ਸੱਜਣ ਸੇਠ ਮਹਿੰਦਰ ਸਿੰਘ-ਸੇਠ ਦਰਸ਼ਨ ਸਿੰਘ, ਸੇਠ ਧਰਮ ਸਿੰਘ-ਸੰਤੋਖ ਸਿੰਘ ਲਾਲ ਜੀ ਆਏ। ਸ. ਹੰਸਪਾਲ ਜੀ ਨੇ ਵੀ ਅੰਤਮ ਸਮੇਂ ਪਹੁੰਚ ਕੀਤੀ। ਸੰਤ ਤੇਜਾ ਸਿੰਘ ਕੋਚਰ, ਪ੍ਰੀਤਮ ਸਿੰਘ ਕਵੀ ਅਤੇ ਸ. ਹੰਸਪਾਲ ਜੀ ਐਮ.ਪੀ. ਨੇ ਸੰਤ ਕਰਮ ਸਿੰਘ ਦੀ ਜੀਵਨੀ ਤੇ ਚਾਨਣਾ ਪਾਇਆ। ਗੁਰਦੀਪ ਸਿੰਘ ਸਵੱਤਰ ਹੁਰਾਂ ਪਿਤਾ ਦੀ ਯਾਦ ਵਿਚ ਕਿਤਨੇ ਰੁਪਏ ਧਰਮ ਕਾਰਜਾਂ ਹਿਤ ਦਾਨ ਕੀਤੇ।



Sri Satguru Jagjit Singh Ji Elibrary NamdhariElibrary@gmail.com

### 14 ਜੂਨ 1983, ਮੰਗਲਵਾਰ
### ਸ੍ਰੀ ਭੈਣੀ ਸਾਹਿਬ

ਮੇਰਾ ਇਰਾਦਾ ਕਲ ਸਵੇਰ ਤੋ ਬਣ ਗਿਆ ਸੀ ਕਿ ਸਤਿਗੁਰੂ ਜੀ ਦੇ ਦਰਸ਼ਨ ਸ੍ਰੀ ਭੈਣੀ ਸਾਹਿਬ ਜਾਕੇ ਕਰਾਂ। ਅਤੇ ਅੱਜ ਸਵੇਰੇ 4 ਵਜੇ ਉਠ ਤਿਆਰੀ ਕਰਕੇ, ਘਰ ਵਾਲੀ ਨਾਲ ਸਕੂਟਰ ਤੇ ਬੈਠ 5-30 ਵਜੇ ਨਵੀਂ ਦਿੱਲੀ ਰੇਲਵੇ ਸਟੇਸ਼ਨ ਤੇ ਆ ਗਿਆ। ਏਸੇ ਮਹੀਨੇ ਦੇ ਸ਼ੁਰੂ ਵਿਚ ਇਕ ਨਵੀਂ ਰੇਲ ਸੁਪਰ ਫਾਸਟ, ਜਿਸਦੇ ਮੁਢਲੇ ਦੋ ਤਿਨ ਦਿਨ ਬਣੇ ਰੁਮਕਦੇ ਸਨ, ਤੇ ਸਫਰ ਕਰਨ ਦੀ ਧਾਰ ਲਈ। ਟਿਕਟ 27-50 ਦੀ ਮਿਲੀ, ਇਸ ਵਿਚ 2/= ਪ੍ਰਤੀ ਟਿਕਟ ਸੁਪਰ ਚਾਰਜ ਵੀ ਸੀ।

ਪਲੇਟ ਫਾਰਮ ਤੇ ਆਏ ਤਾਂ ਸਾਨੂੰ ਸਾਹਮਣੇ ਹੀ ਸ. ਪ੍ਰੀਤਮ ਸਿੰਘ ਬਾਲੀ ਨਗਰ ਤੇ ਇਸਦਾ ਕੁੜਮ ਸ. ਕਰਤਾਰ ਸਿੰਘ ਪਰਲੀ ਬੈਜ ਨਾਥ (ਮਹਾਰਾਸ਼ਟਰ) ਮਿਲ ਪਏ। ਇਹਨਾਂ ਵੀ ਭੈਣੀ ਸਾਹਿਬ ਜਾਣਾ ਸੀ। ਸੁਤਾਵਕ ਹੀ ਸੁਖਾਵੇਂ ਸਫਰ ਲਈ ਸਾਥ ਮਿਲ ਗਿਆ।

ਸ. ਪ੍ਰੀਤਮ ਸਿੰਘ ਸਿਮ੍ਰਤੀ ਮੰਦਰ ਵਿਚ ਪੱਥਰ ਦਾ ਕੰਮ ਕਰਦਾ ਰਿਹਾ ਹੈ ਅਤੇ ਨਾਲ ਹੀ ਹੁਣ ਬੂਹੇ ਬਾਰੀਆਂ ਦੀ ਤਿਆਰੀ ਕਰਦਾ ਰਿਹਾ ਹੈ। ਅੱਜ ਕਬਜੇ ਅਤੇ ਪੇਚ ਤੇ ਕੁਝ ਆਦਮੀ ਵੀ ਨਾਲ ਲਿਜਾ ਰਿਹਾ ਹੈ।

ਸਫਰ ਕਰਦਿਆਂ ਮੈਨੂੰ ਇਹ ਵੀ ਪਤਾ ਲਗਾ ਕਿ ਸ. ਕਰਤਾਰ ਸਿੰਘ ਚੰਗਾ ਨਫੀਸ ਅਤੇ ਕੰਮ ਨੂੰ ਸਮਝਣ ਵਾਲਾ ਠੇਕੇਦਾਰ ਹੈ, ਅੱਜ ਕੱਲ੍ਹ ਉਹ ਕਮਾਨੀ ਕੰਪਨੀ ਵਲੋਂ ਤਿਆਰ ਹੋ ਰਹੇ ਥਰਮਲ ਪਲਾਂਟ ਦੀ ਚਿਮਨੀ ਬਣਾ ਰਹੇ ਹਨ।

#### ਦਰਸ਼ਨ ਕੈਸੇ ?

ਰੇਲ ਸਾਨੂੰ 11-00 ਵਜਦੇ ਨੂੰ ਲੁਧਿਆਣੇ ਲੈ ਆਈ ਅਤੇ 1-00 ਵਜੇ ਅਸੀ ਭੈਣੀ ਸਾਹਿਬ ਆਏ। ਸ. ਜਸਵੰਤ ਸਿੰਘ ਕਹੂੰ ਵਲ ਰਿਹਾਇਸ਼ ਰਖਣੀ ਸੀ, ਸ੍ਰ. ਡਿਉਢੀ ਵਾਲੀ ਲੰਘਦਿਆਂ ਹੀ ਸਤਿਗੁਰੂ ਜਗਜੀਤ ਸਿੰਘ ਦੇ ਦਰਸ਼ਨ ਹੋ ਗਏ। ਆਪ ਜੀ ਆਪਣੇ ਸੇਵਕ ਬਲਦੇਵ ਸਿੰਘ ਨਾਲ, ਲੁਧਿਆਣੇ ਤੋ ਨਵੇਂ ਬਣ ਕੇ ਆਏ ਚਹੁੰ ਪਰਾਂ ਵਾਲੇ ਸਟੈਂਡਿੰਗ ਫੈਨ ਦੀ ਘੋਖ ਪਰਖ ਕਰ ਰਹੇ ਸਨ।

ਮੱਥਾ ਟੇਕਿਆ ਤਾਂ ਸਤਿਗੁਰੂ ਜੀ ਬੜੇ ਪ੍ਰਸੰਨ ਹੋਏ। ਕਹਿਣ ਲੱਗੇ : 'ਧਰਤੀ ਕੰਬਣੋਂ' ਆਏ ਹੋ ਕਿ ਹੋਰ ਕਿਤੋਂ? ਹਾਲਾਂ ਕਿ ਧਰਤੀ ਕੰਬੇ ਦੇ ਅਰਥ ਮੇਰੇ ਹੀ ਸਨ ਪਰ ਮੈਨੂੰ ਤੁਰਤ ਪਤਾ ਨ ਲੱਗਿਆ। ਤਾਂ ਹਜ਼ੂਰ ਨੇ ਮੈਨੂੰ ਥਾਂ ਸਿਰ ਪਹੁੰਚਾ ਨਾ ਸਮਝ, ਦੱਸਿਆ 'ਕੁੰਤਰੋਂ' ਆਏ ਹੋ ? ਕੁ-ਤਲ - ਕੁੰਤਰ ਹਿਮਾਚਲ ਪ੍ਰਦੇਸ਼ ! ਅਤੇ ਪ੍ਰੀਤਮ ਸਿੰਘ ਬਾਲੀ ਨਗਰ ਨੂੰ ਵੇਖ ਕਿਹਾ : ਦੋ ਪ੍ਰੀਤਮ ਸਿੰਘ ਇਕੱਠੇ ਹੀ ਆ ਗਏ।

ਫਿਰ ਸ਼ਾਇਦ ਆਪ ਇਸ਼ਨਾਨ ਕਰਨ ਚਲੇ ਗਏ।

ਏਥੇ ਹੀ ਸੰਤ ਬਲਕਾਰ ਸਿੰਘ ਸਾਧਕਾ ਸੇਵਕ ਮਿਲਿਆ ਤਾਂ ਉਸ ਕਿਹਾ : ਹੁਣ ਸਤਿਗੁਰੂ ਜੀ ਪਾਠ ਕਰਨ ਜਾ ਰਹੇ ਹਨ, ਸੂਬਾ ਮੀਹਾਂ ਸਿੰਘ ਜੀ ਵਾਲੇ ਕਮਰੇ ਵਿਚ, ਤੁਸੀ ਵੀ ਚੱਲੋ, ਮੈਂ ਚਲਾ ਤਾਂ ਗਿਆ, ਪਰ ਅੱਜ ਜਿਵੇਂ ਨੀਂਦ ਦੇ ਹੜ੍ਹ ਆਏ ਹੋਏ ਸਨ। ਜਾ ਕੇ



Sri Satguru Jagjit Singh Ji Elibrary NamdhariElibrary@gmail.com

ਲੇਟ ਗਿਆ। ਉਠਿਆ ਤਾਂ ਸਭ ਲੋਕ ਜਾ ਚੁਕੇ ਸਨ। ਸਤਿਗੁਰੂ ਜੀ ਸ਼ਾਇਦ ਆਏ ਹੀ ਨਹੀਂ ਸਨ।

ਮੈਂ ਕੌਲ੍ਹਾ ਨਿਵਾਸ ਵਿਚ ਆ ਗਿਆ ਅਤੇ ਰੱਜ ਕੇ ਸਉਂ ਲਿਆ। ਉਠਿਆ ਤਾਂ 5-30 ਹੋ ਚੁਕੇ ਸਨ। ਬਾਹਰ ਨਿਕਲਿਆ ਤਾਂ ਸਤਿਗੁਰੂ ਜੀ ਕਥਾ ਕੀਰਤਨ, ਨਾਮ ਸਿਮਰਨ ਆਦਿ ਕਰ ਚੁਕੇ ਸਨ। ਫਿਰ ਕਿਤੇ ਸੰਗੀਤ ਪ੍ਰੋਗਰਾਮ ਵਿਚ ਚਲੇ ਗਏ। ਏਥੇ ਸ. ਹਰੀ ਸਿੰਘ ਚਡਾਣੀਆਂ, ਏਸੇ ਵੇਲੇ ਅਖ਼ਬਾਰ ਪੜ੍ਹਦਾ ਮਿਲਿਆ। ਪਤਾ ਲੱਗਾ ਉਹ ਕਲ੍ਹ ਦਾ ਹੀ ਏਥੇ ਹੈ।

## ਹੰਸਪਾਲ ਹੁਰਾਂ ਦੀ ਪੱਤਰ-ਮਿਲਣੀ

ਸੱਚੇ ਪਾਤਸ਼ਾਹ ਵਾਪਸ ਪਰਤੇ ਤਾਂ ਆਪ ਨਵੀਂ ਕੋਠੀ ਵਿਚ ਚਲੇ ਗਏ। ਮੈਂ ਅਤੇ ਹਰੀ ਸਿੰਘ ਜਦ ਨੂੰ ਓਥੇ ਪਹੁੰਚੇ ਤਾਂ ਅੰਦਰੋਂ ਸ. ਹਰਵਿੰਦਰ ਸਿੰਘ ਹੰਸਪਾਲ ਹੋਰੀਂ ਪਰਤ ਰਹੇ ਸਨ। ਇਹ ਜਲੰਧਰ ਵਿਚ ਇਕ ਸਫਲ ਅਖ਼ਬਾਰ ਨਵੀਸ ਮਿਲਣੀ ਕਰਕੇ ਆਏ ਸਨ। ਇਹ ਮਿਲਣੀ ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਬਾਰੇ ਸੀ। ਜਾਪਦਾ ਹੈ ਸਤਿਗੁਰਾਂ ਨੂੰ ਇਹੋ ਰੀਪੋਰਟ ਕੀਤਾ ਹੋਵੇਗਾ।

ਜਦੋਂ ਕੁਝ ਸਮਾ ਪਹਿਲਾਂ ਅਸੀਂ ਕਟਾਣੀਓਂ ਆ ਰਹੇ ਸਾਂ ਤਾਂ ਗਰਮੀ ਦੇ ਜ਼ੋਰ ਨਾਲ ਰਿਕਸ਼ੇ ਦੀ ਟਿਊਬ ਫਟ ਗਈ। ਰਿਕਸ਼ੇ ਤੇ ਅਸੀਂ ਤਿੰਨ ਜਣੇ ਸਾਂ। ਤਾਂ ਇਕ ਟ੍ਰਾਲੀ ਭੈਣੀ ਸਾਹਿਬ ਨੂੰ ਜਾਂਦੀ ਮਿਲੀ। ਇਹ ਘੜੁਕਾ ਸੀ। ਪਲੇਟਫਾਰਮ ਉਤੇ ਨੰਗਾ ਇੰਜਨ ਫਿਟ ਕੀਤਾ ਹੋਇਆ। ਅਸੀਂ ਵੀ ਉਸ ਤੇ ਜਾ ਬੈਠੇ। ਮਾਲੂਮ ਹੋਇਆ ਇਹਦਾ ਮਾਲਕ ਸ. ਸਾਧੂ ਸਿੰਘ ਹੈ ਜੋ ਭੈਣੀ ਮਹਰਾਜ (ਸੰਗਰੂਰ) ਤੋਂ ਆਇਆ ਹੈ।

## [redacted] ਸ. ਤਲਵੰਡੀ ਦੀ

ਜਦੋਂ ਨਵੀਂ ਕੋਠੀ ਵਿਚੋਂ ਸਤਿਗੁਰੂ ਜੀ ਆਏ ਤਾਂ ਉਨ੍ਹਾਂ ਨਾਲ ਸ. ਹਰੀ ਸਿੰਘ ਗੱਲਾਂ ਕਰਨ ਲਗਾ। ਹਰੀ ਸਿੰਘ ਨੇ ਦੱਸਿਆ ਕਿ ਇਕ ਵਾਰ ਸ. ਬਲਵੰਤ ਸਿੰਘ ਸਾਬਕਾ ਅਕਾਲੀ ਵਜ਼ੀਰ ਤੇ ਸ. ਜਗਦੇਵ ਸਿੰਘ ਤਲਵੰਡੀ ਏਥੇ ਭੈਣੀ ਸਾਹਿਬ ਆਏ ਸਨ। ਸੱਚੇ ਪਾਤਸ਼ਾਹ ਜੀ (ਵਰਤਮਾਨ) ਸਤਿਗੁਰੂ ਜੀ ਪਾਠਾਂ ਵਿਚ ਜੇਤੂ ਨੌਜਵਾਨਾਂ ਨੂੰ ਇਨਾਮ ਵੰਡ ਰਹੇ ਸਨ, ਤਾਂ ਸ. ਤਲਵੰਡੀ ਨੇ ਯਾਦ ਕੀਤਾ ਸੀ ਕਿ ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਜੀ ਵੀ ਏਸੇ ਤਰ੍ਹਾਂ ਪਾਠ ਕਰਨ ਵਾਲਿਆਂ ਨੂੰ ਇਨਾਮ ਦਿੱਤਿਆਂ ਕਰਦੇ ਸਨ।

## ਥੱਤੇ ਦੀ ਜ਼ਮੀਨ [redacted] ਜਾਵੇ ਵੇਖੋ

ਸਤਿਗੁਰੂ ਜੀ ਨੇ ਦੱਸਿਆ : ਥੱਤੇ ਦੀ ਜ਼ਮੀਨ (ਭੈਣੀ ਸਾਹਿਬ ਤੋਂ 7-8 ਕਿਲੋਮੀਟਰ ਹਟਵੀਂ ਜ਼ਮੀਨ, ਸਤਿਲੁਜ ਦੇ ਪੇਟ ਬਾਰੇ ਵੀ ਇਕ ਵਾਰ ਸ. ਤਲਵੰਡੀ ਭੈਣੀ ਸਾਹਿਬ ਆਇਆ ਸੀ, ਉਹਦੇ ਆਉਣ ਤੇ।

ਅਤੇ ਸੱਚੇ ਪਾਤਸ਼ਾਹ ਨੇ ਹਰੀ ਸਿੰਘ ਨੂੰ ਪੁਛਿਆ ਕਿ ਉਹ ਥੱਤੇ ਕਿਉਂ ਨਹੀਂ ਗਿਆ? ਉਸ ਅਰਜ਼ ਕੀਤੀ : ਕਿਸੇ ਦੱਸਿਆ ਹੀ ਨਹੀਂ ਕਿ ਮੈਂ ਕੱਲ੍ਹੇ ਜਾਣਾ ਹੈ। ਮੈਂ ਤਾਂ ਆਪ



Sri Satguru Jagjit Singh Ji Elibrary NamdhariElibrary@gmail.com

ਜੀ ਨਾਲ ਜਾਣਾ ਸੀ। ਹੁਕਮ ਹੋਇਆ ਕਿ ਆਪ ਤਾਂ ਨਹੀ ਜਾ ਰਹੇ ਪਰ ਹਰੀ ਸਿੰਘ ਅ
ਕਈ ਹੁਰੀ ਰੋਤਿਓ ਹੋ ਆਉਣ। ਗੱਡੀ ਲੈਕੇ ਨਾਲ ਰਘੁਬੀਰ ਸਿੰਘ ਜਾਵੇ ਅਤੇ ਜੋਗਾ ਸਿ
ਅੰਗ ਰਖਿਅਕ ਵੀ।

## ਡੇਰਾ ਬਿਰਧਸ਼ਾਲਾ ਵਿਚ

ਪਰ ਉਤੇ ਜਾਣ ਤੋ ਪਹਿਲੇ ਅਸੀ ਸਤਿਗੁਰੂ ਜੀ ਨਾਲ ਬਿਰਧਸ਼ਾਲਾ ਪਹੁੰਚੇ। ਕੋਈ ਦੋ ਦਰਜਨ ਦੇ ਕਰੀਬ ਬਿਰਧ, ਜਿਨ੍ਹਾਂ ਵਿਚ ਇਕ ਇਸਤਰੀ ਵੀ ਸੀ, ਚਲਦੇ ਪੱਖਿਆਂ ਹੇਠ ਅਤੇ ਸੁਥਰੇ ਆਲੇ ਦੁਆਲੇ ਵਿਚ ਪਏ ਸਨ। ਸਤਿਗੁਰੂ ਜੀ ਨੇ ਡਿਉਢੀ ਵਾਲੇ ਪਾਸਿਓਂ ਬਿਰਧਾਂ ਨੂੰ ਦਰਸ਼ਨ ਦਿਤੇ। ਸੰਤ ਈਸਰ ਸਿੰਘ ਨੇ ਪਹਿਲਾਂ ਚਰਨੀ ਹੱਥ ਲਾਇਆ ਅਤੇ ਨਾਲ ਹੀ ਅਰਜ਼ ਕੀਤੀ ਕਿ ਉਹਦੇ ਦੂਜੇ ਭਰਾ ਨੂੰ ਵੀ ਏਥੇ ਬੁਲਾ ਲਿਆ ਜਾਵੇ। ਘਰ ਨਾਲੋਂ ਏਥੇ ਸੁਖੀ ਰਹੇਗਾ। ਸਤਿਗੁਰੂ ਜੀ ਨੇ ਪਰਵਾਨਗੀ ਦਿਤੀ। ਸਤਿਗੁਰੂ ਜੀ ਨੇ ਸੰਤ ਨਗਰ ਦੇ ਖੇਤਰੀ ਭਰਾਵਾਂ, ਸੰਤ ਸੁੱਚਾ ਸਿੰਘ (ਲਾਂਗਰੀ), ਪੰ. ਮਨਸਾ ਸਿੰਘ ਭੀਮੀ, ਸੰਤ ਸਿੰਗਾਰਾ ਸਿੰਘ ਲਾਤਾ, ਪੰ. ਕਿਸ਼ਨ ਸਿੰਘ, ਮਾਸਟਰ ਧੰਣ ਭੈਨ, ਬੀਬੀ ਮਾਇਆ ਆਦਿ ਨੂੰ ਦਰਸ਼ਨ ਦਿਤੇ।

ਅਤੇ ਫਿਰ ਛੱਤ ਉਪਰ ਜਾਕੇ ਸ. ਗੁਰਦਿਆਲ ਸਿੰਘ ਕੋਚ, ਪਨਿਹਾਰੀ ਦਾ ਪਤਾ ਕੀਤਾ। ਉਹ ਪਿਛਲੇ ਕੁਝ ਦਿਨਾਂ ਤੋ ਬੀਮਾਰ ਸੀ। ਉਸਦੀ ਪਤਨੀ ਅਤੇ ਇਕ ਹੋਰ ਬੀਬੀ ਨੂੰ ਏਥੇ ਹੀ ਦਰਸ਼ਨ ਹੋਏ।

## ਪਸ਼ੂ ਸ਼ਾਲਾ ਵਿਚ ਅਤੇ ਲੰਗਰ ਵਿਚ

ਫਿਰ ਪਸ਼ੂ ਵਾੜੇ ਵਿਚ ਆ ਸੂਬਾ ਵਰਿਆਮ ਸਿੰਘ ਨੂੰ ਨਿਵਾਜਿਆ। ਸਾਰੀਆਂ ਗਊਆਂ ਵਲ ਪੇਖਵੀਂ ਦ੍ਰਿਸ਼ਟੀ ਮਾਰੀ ਤੇ ਉਨਾਂ ਬਾਰੇ ਵਰਿਆਮ ਸਿੰਘ ਤੋ ਪੁਛ ਪੜਤਾਲ ਕੀਤੀ।

ਮੈਨੂੰ ਸੂਬਾ ਵਰਿਆਮ ਸਿੰਘ ਨੇ ਦੱਸਿਆ ਕਿ ਇਸ ਵੇਲੇ ਡੇਰੇ ਵਿਚ ਕੁਲ 150 ਗੋਰੇ ਪਸ਼ੂ ਧਨ ਅਤੇ ਇਨਾਂ ਚੋ 35 ਲਵੇਰੀਆਂ ਹਨ। ਸੱਚੇ ਪਾਤਸ਼ਾਹ ਏਥੋ ਲੰਗਰ ਨੂੰ ਚਲੇ ਗਏ। ਲੋਹ ਨੂੰ ਮੱਥਾ ਟੇਕਿਆ ਤੇ ਫਿਰ ਖੁਲ੍ਹੀਆਂ ਲੋਹਾਂ ਤੇ ਮਾਈਆਂ ਨੂੰ ਦਰਸ਼ਨ ਦੇ, ਦਾਲ ਕਮਰੇ ਵਿਚ ਲਾਂਗਰੀਆਂ ਤੇ ਕਿਰਪਾ ਕੀਤੀ। ਬਾਹਰ ਨਿਕਲੇ ਤਾਂ ਗੁਰੂ ਰਾਮ ਸਿੰਘ ਵਾਲੇ ਮੰਦਰ ਵਿਚ ਜਾ ਸਤਿਗੁਰਾਂ ਦੇ ਸਿਮਰਨ ਸਥਾਨ ਨੂੰ ਮਥਾ ਟੇਕਿਆ। ਅਤੇ ਫਿਰ ਗੁਰੂ ਹਰੀ ਸਿੰਘ ਜੀ ਵਾਲੇ ਚੁਬਾਰੇ ਵਿਚ ਪਹੁੰਚੇ। ਇਸ ਮੌਕੇ ਡੇਰੀ ਸਮੇ ਆਪ ਜੀ ਦੀ ਸੇਵਾ ਵਿਚ, ਸੰਤ ਮਹਿੰਦਰ ਸਿੰਘ ਪੁਰਕਾ, ਸ. ਹਰੀ ਸਿੰਘ ਵਡਾਣੀਆਂ, ਸ. ਕਰਨੈਲ ਸਿੰਘ ਅੰਗ ਰਖਿਅਕ, ਪ੍ਰੀਤਮ ਸਿੰਘ ਕਵੀ ਅਤੇ 5-7 ਸਰੀਰ ਹੋਰ ਸਨ।

ਗੁਰੂ ਹਰੀ ਸਿੰਘ ਜੀ ਵਾਲੇ ਚੁਬਾਰੇ ਤੇ ਜਿਆਂ ਸਤਿਗੁਰੂ ਜੀ ਨੇ ਮੈਨੂੰ ਦਸਿਆ : ਸੰਤ ਫੂਲਾ ਸਿੰਘ ਇਹਨਾਂ ਦੇ ਪੁਤਰ ਸੇਠ ਗੁਰਬਖਸ਼ ਸਿੰਘ, ਸੇਠ ਤਰਲੋਕ ਸਿੰਘ (ਬੈਂਕੋਕ) ਆਦਿ ਜਦੋਂ ਕਦੇ ਭੈਣੀ ਸਾਹਿਬ ਆਉਂਦੇ ਤਾਂ ਸਤਿਗੁਰੂ ਹਰੀ ਸਿੰਘ ਜੀ ਦੀ ਸੇਵਾ ਵਿਚ ਪਹੁੰਚਦੇ। ਕਈ ਵਾਰ ਚੁਬਾਰੇ ਦੇ ਦੁਆਰ ਅੰਦਰੋ ਬੰਦ ਹੋਣ ਤਾਂ ਬਾਹਰ ਵਰਾਂਡੇ ਵਿਚ ਬੈਠ ਰਹਿਣਾ। ਅੰਦਰੋ ਆਵਾਜ਼ ਸੁਣਨੀ, ਸਤਿਗੁਰੂ ਰਾਮ ਸਿੰਘ ਜੀ ਤੇ ਸਤਿਗੁਰੂ ਹਰੀ ਸਿੰਘ ਜੀ



Sri Satguru Jagjit Singh Ji Elibrary NamdhariElibrary@gmail.com

ਪਰਸਪਰ ਖਹਨ ਕਰਦੇ ਹੋਏ ਜਾਪਣੇ।

ਇਸ ਫੇਰੀ ਤੋਂ ਪਿਛੋਂ ਸਚੇ ਪਾਤਸ਼ਾਹ ਜੀ ਨੇ ਰਘੁਬੀਰ ਸਿੰਘ ਨੂੰ ਗੱਡੀ ਬਾਹਰ ਕਢਣ ਲਈ ਕਹਿ ਮੈਨੂੰ ਤੇ ਸ. ਹਰੀ ਸਿੰਘ ਨੂੰ ਰੌਤੇ ਦੀ ਜ਼ਮੀਨ ਵੇਖਣ ਭੇਜਿਆ। ਸਾਡੇ ਨਾਲ ਜੋਗਾ ਸਿੰਘ ਅੰਗ ਰਖਿਅਕ ਵੀ ਸੀ।

ਜ਼ਮੀਨ ਰੌਤੇ ਦੀ

ਅਸੀਂ ਪ੍ਰਤਾਪਗੜ੍ਹ (ਪੁਰਾਣਾ ਨਾਂ ਟੇਢੇ ਵਾਲ) ਜਿਸਨੂੰ ਪਿੰਡ ਵਾਲਿਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਇਹ ਨਾਂ ਦਿਤਾ ਹੈ, ਵਿਚੋਂ ਲੰਘ ਕੇ ਕੁਮਕਲਾਂ ਅਤੇ ਰਤਨ ਗੜ੍ਹ ਨੂੰ ਪਾਰ ਕੀਤਾ ਅਤੇ ਫਿਰ ਰੌਤਾ ਆਇਆ। ਅਸੀਂ ਘਰੋਂ ਪੌਣੇ ਸੱਤ ਵਜੇ ਹੀ ਤੁਰੇ ਸਾਂ। ਸੜਕ ਪੱਕੀ ਨੇ ਰੌਤਾ ਸਾਥ ਦਿਤਾ। ਸਤਿਲੁਜ ਦੇ ਧੰਨ੍ਹ ਉਪਰ ਆ ਚੜ੍ਹੇ। ਜੋਗਾ ਸਿੰਘ ਨੇ ਦੱਸਿਆ, ਸਤਿਗੁਰਾਂ ਦੀ ਕਿਰਪਾ ਨਾਲ ਧੰਨ੍ਹ ਤੋਂ ਉਰਲੇ ਪਾਸੇ ਇਕ ਮੁਰੱਬਾ ਜ਼ਮੀਨ ਖਰੀਦ ਲਈ ਗਈ ਹੈ ਅਤੇ ਪਰਲੇ ਪਾਸੇ 150 ਏਕੜ ਕਬਜ਼ੇ ਹੇਠ ਹੈ। ਇਹ 10 ਸਾਲਾ ਪਟੇ ਉਤੇ ਜ਼ਮੀਨ ਹੈ। ਚੰਗੀ ਜ਼ਮੀਨ ਦੇ 5 ਅਤੇ ਪੱਕੀ ਦੇ 10,000/- ਰੁਪਏ ਦੇ ਕੇ ਜ਼ਮੀਨ ਨੂੰ ਪੱਧਰਾ ਤੇ ਵਾਹੀ ਯੋਗ ਬਣਾਇਆ ਜਾ ਰਿਹਾ ਹੈ।

ਜਿਥੇ ਜਾਕੇ ਸਾਡੀ ਗੱਡੀ ਰੁਕੀ, ਧੰਨ੍ਹ ਦੇ ਸੱਜੇ ਹੱਥ ਤੇ ਇਕ ਬਸੀ ਉਤੇ ਸ੍ਰੀ ਧਿਆਨ ਸਿੰਘ ਸਨ। ਟਰੈਕਟਰ ਕੁੱਦੀਮਾੜੀ ਦਾ ਬਿਕਰਮ ਸਿੰਘ ਚਲਾ ਰਿਹਾ ਤੇ ਤੀਜਾ ਲੜਕਾ ਯੂ.ਪੀ. ਵਿਚੋਂ ਆਇਆ ਬਲਵਿੰਦਰ ਸਿੰਘ ਸੀ।

ਧੰਨ੍ਹ ਦੇ ਖੱਬੇ ਨੂੰ ਉਤਰੇ ਤਾਂ ਹਦਵਾਣਿਆਂ ਤੇ ਹਲਵਿਆਂ ਦੀਆਂ ਵੇਲਾਂ ਨੇ ਜ਼ਮੀਨ ਮੱਲੀ ਹੋਈ ਸੀ। ਏਥੇ ਸ. ਗੁਲਜ਼ਾਰ ਸਿੰਘ ਅੰਮ੍ਰਿਤਸਰ ਕਲਾਂ ਮੁਖਤਿਆਰ ਸੀ। ਇਕ ਦਰਜਨ ਪੱਕੇ ਹਦਵਾਣੇ ਸ੍ਰੀ ਸਤਿਗੁਰੂ ਜੀ ਵਾਸਤੇ ਭੇਜਣ ਤੇ ਸਾਡੇ ਮੁਲਾਕਾਤ ਲਈ ਤਿਆਰ ਸਨ। ਸੂਰਜ ਕਦੋਂ ਦਾ ਡੁੱਬ ਚੁਕਾ ਹੋਇਆ ਸੀ, ਅਨ੍ਹੇਰਾ ਪਸਰਿਆ ਹੋਇਆ ਸੀ। ਅਸਾਂ ਚਾਕੂ ਕਢ ਲਏ। ਐਉਂ ਲਗਾ ਜਿਵੇਂ ਸਤਿਗੁਰਾਂ ਸਾਨੂੰ ਹਦਵਾਣੇ ਖਾਣ ਲਈ ਹੀ ਭੇਜਿਆ ਹੋਵੇ। ਹਰੀ ਸਿੰਘ ਦੇ ਵਿਚਾਰ ਵਿਚ ਜ਼ਮੀਨ ਬੜੀ ਉੱਤਮ ਸੀ। ਅੱਜ ਵੀ ਇਸ ਇਲਾਕੇ ਵਿਚ ਮੁਲ ਦੀ ਜ਼ਮੀਨ ਦਾ ਭਾ 25000/- ਪ੍ਰਤੀ ਏਕੜ ਹੈ। ਰਾਤੀਂ 8 ਵਜੇ ਅਸੀਂ ਏਥੋਂ ਪਰਤੇ।

ਤਰਸੇਮ ਸਿੰਘ ਤੈਨੂੰ ਕੀ ?

ਰਾਤੀਂ 9 ਵਜੇ ਮੈਂ ਤੇ ਸ. ਹਰੀ ਸਿੰਘ ਸੰਤ ਤਰਸੇਮ ਸਿੰਘ ਨਿਜੀ ਸਕੱਤਰ ਨੂੰ ਮਿਲਣ ਗਏ। ਅੱਜ ਮੈਂ ਸਤਿਗੁਰਾਂ ਪਾਸ ਉਸ ਨੂੰ ਨਹੀਂ ਸੀ ਵੇਖਿਆ ਜਦੋਂ ਕਿ ਉਸ ਨੌਜਵਾਨ ਦੀ ਘੱਟ ਤੋਂ ਘੱਟ ਨੌਂ ਘੰਟੇ ਹਾਜ਼ਰੀ ਹੁੰਦੀ ਹੈ। ਉਸਦੇ ਦਫ਼ਤਰ ਦਾ ਬਰਾਂਡਾ ਲੰਘ ਕਮਰੇ ਵਿਚ ਗਏ ਤਾਂ ਉਹ ਆਪਣੇ ਦਫ਼ਤਰ ਕਮਰੇ ਵਿਚ ਹੀ ਇਕ ਮੰਜੇ ਤੇ ਢੁਢਾਲ ਪਿਆ ਸੀ। ਸਰੀਰ ਕਮਜ਼ੋਰ! ਚਿਹਰਾ ਹੋਰ ਵੀ ਪਤਲਾ। ਕੋਲ ਦਫ਼ਤਰ ਨਾਲ ਸੰਬੰਧਤ ਸਾਮਾਨ। ਤ੍ਰਿਪਾਈ ਉਤੇ ਤਰ੍ਹਾਂ-ਤਰ੍ਹਾਂ ਦੀਆਂ ਪੁਸਤਕਾਂ।

ਮਾਲੂਮ ਕੀਤਾ ਤਰਸੇਮ ਸਿੰਘ ਨੂੰ ਘੜੀ-ਮੁੜੀ ਜੇਰਾਨ ਆ ਰਹੇ ਹਨ। ਅਤੇ ਪਿਛਲੇ 15 ਦਿਨਾਂ ਤੋਂ ਲੋੜ ਤੋਂ ਵੱਧ ਜੇਰਾਨ ਆਉਣ ਕਾਰਨ ਹਿੰਮਤ ਹਾਰੀ ਪਈ ਹੈ। ਡਾ: ਕਟਾਰੀ



Sri Satguru Jagjit Singh Ji Elibrary NamdhariElibrary@gmail.com

ਵਾਲਾ ਅਤੇ ਇਕ ਡਾਕਟਰ ਹੋਰ ਇਲਾਜ ਕਰ ਰਹੇ ਹਨ ਪਰ ਕੁਛ ਵੀ ਤਾ ਫਰਕ ਨਹੀਂ। ਹਰੀ ਸਿੰਘ ਨੇ ਸਕੱਤਰ ਨੂੰ ਮੰਜੇ ਤੇ ਹੀ ਸਿਧਿਆ ਲੰਮਿਆ ਪਾਕੇ ਧੁੰਨੀ ਉੱਤੇ ਹੱਥ ਦੀਆਂ ਉਂਗਲਾਂ ਜੋੜ, ਧਰਨ ਦੀ ਸਥਿਤੀ ਜਾਣਨੀ ਚਾਹੀ। ਮਾਲੂਮ ਹੋਇਆ ਕਿ ਧਰਨ, ਆਪਣੀ ਥਾਂ ਛੱਡ, ਉਪਰ ਨੂੰ ਹੋ ਗਈ ਹੈ। ਹਰੀ ਸਿੰਘ ਨੇ ਮਾਲਿਸ਼ ਕਰਵਾਣ, ਪੱਟਾਂ ਨੂੰ ਬੰਨ੍ਹਵਾਣ ਆਦਿ ਦੇ ਢੰਗ ਤਰੀਕੇ ਦੱਸੇ।

ਤਰਸੇਮ ਸਿੰਘ ਨੂੰ ਅਜਿਹੀ ਹਾਲਤ ਵਿਚ ਹੀ ਲੋਕ, ਸਾਡੇ ਵਾਂਗ ਲਭ ਲੈਂਦੇ ਹਨ। ਮੈਨੂੰ ਉਸਨੇ ਕਿਹਾ ਕਿ 19-6-83 ਨੂੰ ਚੰਡੀਗੜ੍ਹ ਵਿਚ ਸਵਖਤੇ ਹੀ ਪੁੱਜਾਂ, ਉਥੇ ਰਾਮ ਕ੍ਰਿਸ਼ਨ ਮਿਸ਼ਨ ਵਾਲੇ ਸਤਿਗੁਰੂ ਜੀ ਦਾ ਸੁਆਗਤ ਕਰਨਾ ਚਾਹੁੰਦੇ ਹਨ।

## 15 ਜੂਨ 1983, ਬੁੱਧਵਾਰ
## ਸ੍ਰੀ ਭੈਣੀ ਸਾਹਿਬ

ਆਸਾ ਦੀ ਵਾਰ ਦੇ ਕੀਰਤਨ ਨਾਲ ਅੰਮ੍ਰਿਤ ਵੇਲਾ ਹੋਰ ਵੀ ਸੁਹਾਵਣਾ ਹੋਗਿਆ। 4-30 ਮੈਂ ਵੀ ਸ੍ਰੀ ਹਰਿਮੰਦਰ ਵਿਖੇ ਪਹੁੰਚ ਗਿਆ। ਸਤਿਗੁਰੂ ਜੀ ਕੀਰਤਨ ਦੀ ਰਾਹਨੁਮਾਈ ਕਰ ਰਹੇ ਸਨ। ਕੀਰਤਨਕਾਰ ਸੰਤ ਹਰਭਜਨ ਸਿੰਘ, ਪਿੰਕੀ ਸੁਖਵਿੰਦਰ ਸਿੰਘ ਤੇ ਹੋਰ। ਅੱਜ ਕੱਲ ਮੰਡੀ ਵਾਲਾ ਸ੍ਰੀ ਅਰਵਿੰਦਰ ਸਿੰਘ ਸੁਰਿੰਦਰ ਸਿੰਘ ਵੀ ਟੋਹੇ ਹਨ, ਇਹ ਵੀ ਗਾਇਕ ਹਨ। 300 ਤੋਂ ਵਧ ਸੰਗਤ, ਪੰ: ਗੋਪਾਲ ਸਿੰਘ ਵਲੋਂ ਅਰਦਾਸ।

**ਸੰਤ ਸਾਧਾ ਸਿੰਘ ਦੇ ਲੜਕੇ ਦਾ ਅਨੰਦ**

ਹਾੜ ਦੀ ਸੰਗਰਾਂਦ ਹੈ ਅਜ। ਸ੍ਰੀ ਮੁਖ ਤੋਂ ਸੁਣਿਆ : ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ। ਪੰਡਿਤ ਗੋਪਾਲ ਸਿੰਘ ਜੀ ਨੇ ਸੰਗਤ ਨੂੰ ਦਸਿਆ ਕਿ ਅਜ ਗੁਰੂ ਗੋਬਿੰਦ ਸਿੰਘ ਜੀ ਦਾ ਦੇਹ ਤਿਆਗ ਦਿਵਸ ਹੈ। ਸਾਧ ਸੰਗਤ ਹਰਿਮੰਦਰ ਵਿਚ ਕੀਰਤਨ ਦੁਆਰਾ ਮਨਾਏਗੀ।

ਅੱਜ ਸਵੇਰੇ ਆਸਾ ਦੀ ਵਾਰ ਦੇ ਭੋਗ ਨਾਲ ਹੀ, ਹਰੀ ਮੰਦਰ ਤੋਂ ਤਾਲਾਬ ਵਾਲੇ ਪਾਸੇ, ਬਾਹਰ ਵਾਰ, ਹਵਨ ਹੋ ਗਿਆ, ਵੇਦੀ ਗਡੀ ਗਈ, ਗ੍ਰੰਥ ਸਾਹਿਬ ਜੀ ਲੈ ਆਂਦੇ ਗਏ। ਗੁਰੂ ਕਾ ਆਸਣ ਵਿਛ ਗਿਆ। ਅੱਜ ਸੰਤ ਸਾਧਾ ਸਿੰਘ ਦੇ ਛੋਟੇ ਲੜਕੇ ਦਾ, ਸੰਤ ਗੁਰਦੇਵ ਸਿੰਘ ਕੂਲ ਦੀ ਲੜਕੀ ਨਾਲ ਅਨੰਦ ਕਾਰਜ ਹੋ ਗਿਆ। 15 ਦਿਨ ਲੜਕੀ ਸਹੁਰੇ ਘਰ ਰਹੇਗੀ, ਸਤਿਗੁਰਾਂ ਪੱਕੀ ਕੀਤੀ : ਵੇਖਣਾ, ਮੈਨੂੰ ਕੁਠਿਆਂ ਨਾ ਪਾਇਓ।

ਕੱਲ੍ਹ ਗਰਮੀ ਸੀ। ਅੱਜ ਇਕ ਵਾਰ ਤਾਂ ਅਧੀ ਰਾਤੀ ਅਨ੍ਹੇਰੀ ਆਈ। ਫਿਰ ਵਾਤਾਵਰਣ ਵਿਚ ਟਿਕਾਅ ਆ ਗਿਆ। ਪਰ ਅਨ੍ਹੇਰੀ ਨੇ ਨਸ਼ ਕੀਤਾ ਕੱਤਰਿਆ ਖਿਲਾਰ ਦਿਤਾ।

ਸਤਿਗੁਰੂ ਜੀ ਨਿਤ ਦੇ ਪ੍ਰੋਗਰਾਮ ਅਨੁਸਾਰ ਦਿਨੇ 6 ਵਜੇ ਇਸ਼ਨਾਨ ਕਰਕੇ ਲਈ ਨਹਿਰ ਸਰਹੰਦ ਤੇ ਪਧਾਰੇ।

ਸੰਤ ਤਰਸੇਮ ਸਿੰਘ ਨੂੰ ਅੱਜ ਵੀ ਆਰਾਮ ਨਹੀਂ ਆਇਆ।



Sri Satguru Jagjit Singh Ji Elibrary NamdhariElibrary@gmail.com

### ਸਿਮ੍ਰਤੀ ਮੰਦਰ ਵੇਖਿਆ

ਸੰਤ ਪ੍ਰੀਤਮ ਸਿੰਘ ਬਾਲੀ ਨਗਰ, ਨਵੀਂ ਦਿੱਲੀ, ਸੰਤ ਜਸਵੰਤ ਸਿੰਘ ਰੌਂਤ੍ਹਾ ਅਤੇ ਮੈਂ ਸਿਮ੍ਰਤੀ ਮੰਦਰ ਵਿਚ ਹੁੰਦੀ ਤਿਆਰੀ ਨੂੰ ਵੇਖਣ ਗਏ। ਕਿਨਾ ਥੇਤੀਆਂ ਜਿਹੀਆਂ ਪੌੜੀਆਂ ਦੇ ਸਭ ਪੌੜੀਆਂ ਵਿਚ ਸੀਮਿੰਟ ਨਾਲ ਸੰਗਿ ਮਰਮਰ ਲਗ ਚੁਕਾ ਹੈ। ਜੋਤੀਆਂ ਪੱਲੇ ਫਿਟ ਕੀਤੇ ਗਏ ਹਨ। ਇਸ ਨਵੀਂ ਦਿੱਲੀ ਦੇ ਕੁਝ ਸਿੱਖ ਇਹ ਸੇਵਾ ਨਿਬਾਹ ਰਹੇ ਹਨ। ਨਾਮ ਹਨ —

1 ਸੰਤ ਚਰਨ ਸਿੰਘ ਨਿਝਰ ਸਪੁੱਤਰ ਸੰਤ ਮੰਗਲ ਸਿੰਘ
2 ਸੰਤ ਕਰਮ ਸਿੰਘ ਝਾਂਗੀ ਸਪੁੱਤਰ ਸੰਤ ਨਿਹਾਲ ਸਿੰਘ
3 ਸੰਤ ਬਲਵੰਤ ਸਿੰਘ ਭਾਲੇ ਕੇ ਸਪੁੱਤਰ ਸੰਤ ਖੇੜਾ ਸਿੰਘ
4 ਸੰਤ ਸਾਜਨ ਸਿੰਘ ਲਾਲਪੁਰੀਆ
5 ਸੰਤ ਜੁਗਿੰਦਰ ਸਿੰਘ ਲਾਲਪੁਰੀਆ
6 ਸੰਤ ਰਤਨ ਸਿੰਘ ਆਹਲੂਵਾਲ
7 ਸੰਤ ਬਾਵਾ ਸਿੰਘ ਦਾਤੇ ਵਾਲ
8 ਸੰਤ ਨਾਨਕ ਸਿੰਘ ਦਾਤੇ ਵਾਲ
9 ਸੰਤ ਅਮਰੀਕ ਸਿੰਘ ਖੇਖਰ ਵਾਲੀ
10 ਸੰਤ ਤੇਜਾ ਸਿੰਘ ਸਾਮ ਨਗਰ

ਸੰਤ ਜਸਵੰਤ ਸਿੰਘ ਰੌਂਤ੍ਹਾ ਇੰਜਨੀਅਰ ਹਨ ਤੇ ਪ੍ਰੀਤਮ ਸਿੰਘ ਬਾਲੀ ਨਗਰ ਪ੍ਰੈਕਟੀਕਲ ਸਮਝ ਰਖਣ ਵਾਲੇ ਹਨ। ਦੋਹਾਂ ਦੀ ਸੰਗਤ ਵਿਚ ਮੈਂ ਸਿਮ੍ਰਤੀ ਮੰਦਰ ਦੀਆਂ ਉਹ ਸਾਰੀਆਂ ਥਾਵਾਂ ਵੇਖੀਆਂ, ਜੁ ਬਣ ਚੁਕੀਆਂ ਹਨ। ਅਤੇ ਤਿਆਰੀ ਮੰਗਦੀਆਂ ਹਨ। ਮੰਦਰ ਵਿਚ ਕੁਝ ਥਾਵਾਂ ਤੇ ਤਰੇੜਾਂ ਵੀ ਸਨ। ਛੱਤ ਦੀ ਉਹ ਥਾਂ ਵੀ ਵੇਖੀ ਜਿਥੇ ਚੋਂਦੀ ਸੀ। ਜਿਥੇ ਜਿਥੇ ਕੋਈ ਫਰਕ ਸੀ ਸਭ ਨਜ਼ਰ ਆ ਰਿਹਾ ਸੀ। ਮੈਨੂੰ ਇਹ ਵੀ ਦੱਸਿਆ ਗਿਆ ਕਿ ਉੱਤਰ ਪਾਸੇ ਦੀ ਗੈਲਰੀ ਪੁਰ ਉੱਤੇ ਤਕ ਬੰਦ ਰਖਣ ਦਾ ਸੁਝਾਉ ਆਇਆ ਹੈ।

ਅਸਾਂ ਤਿੰਨਾਂ ਛੱਤਾਂ ਵਿਚ ਪੱਕਾ ਅਸੰਗ ਦਾ ਨਿਰੀਖਣ ਕੀਤਾ।

ਸ. ਨਿਰਮਲ ਸਿੰਘ ਜਿਨਾ ਸਾਮਾਂ ਦੇ ਰਹੇ ਤੇ ਖੇਚਲ ਕਰ ਰਹੇ ਹਨ ਇਸ ਸਿਮ੍ਰਤੀ ਮੰਦਰ ਦੀ ਸਕਲ ਵਿਚ, ਪਰ ਪ੍ਰੀਤਮ ਸਿੰਘ ਦੇ ਕਹਿਣ ਅਨੁਸਾਰ, ਉਹ ਸਲਾਹ ਕਿਸੇ ਦੀ ਨਹੀਂ ਮੰਨਦੇ।

ਸਤਿਗੁਰੂ ਜੀ ਨੇ 11 ਵਜੇ ਤੈਣੀ ਸਾਹਿਬ ਆ ਪ੍ਰਸ਼ਾਦ ਛਕਿਆ ਤੇ ਬਿਰਾਜ ਗਏ।

### ਦਰਸ਼ਨਾਂ ਦੇ ਚਾਹਵਾਨ ਸ. ਮਨਜੀਤ ਸਿੰਘ

ਮੈਨੂੰ 1.30 ਵਜੇ ਅਚਾਨਕ ਖਿਆਲ ਆਇਆ ਕਿ ਸਤਿਗੁਰੂ ਜੀ ਇਸ ਵੇਲੇ ਗੁਰੂ ਰਾਮ ਸਿੰਘ ਜੀ ਵਾਲੇ ਗ੍ਰੰਥ ਸਾਹਿਬ ਜੀ ਦਾ ਪਾਠ ਕਰਿਆ ਕਰਦੇ ਹਨ। ਮੈਂ ਵੀ ਕਿਉਂ ਨ ਓਥੇ ਜਾਵਾਂ। ਜਾਂ ਰੌਂਤ੍ਹਾ ਨਿਵਾਸ ਤੋਂ ਬਾਹਰ ਆਇਆ ਤਾਂ ਸਤਿਗੁਰੂ ਜੀ ਪੁਰਾਣੀ ਕੋਠੀ ਦੇ ਬਰਾਮਦੇ ਵਿਚ ਸਫੈਦ ਕੁਰਸੀ ਤੇ ਬੈਠੇ ਹੋਏ ਨਜ਼ਰ ਆਏ। ਸਰ੍ਹਾਣੇ ਬਲਦੇਵ ਸਿੰਘ ਸੇਵਕ ਖਲੋਤਾ, ਖੱਬੇ ਪਾਸੇ ਸੰਤ ਪ੍ਰੀਤਮ ਸਿੰਘ ਬਾਲੀ ਨਗਰ ਬੈਠਾ ਹੋਇਆ ਸੀ। ਮੇਰੇ ਜਾਣ



Sri Satguru Jagjit Singh Ji Elibrary NamdhariElibrary@gmail.com

ਤਕ ਪੌਣੀ ਕੁ ਦਰਜਨ ਇਸਤਰੀਆਂ ਪੁਰਸ਼, ਜੁ ਵੇਖਣ ਨੂੰ ਨਾਮਧਾਰੀ ਨਹੀਂ ਲਗਦੇ ਸਨ, ਮੱਥਾ ਟੇਕਣ ਆਏ ਤੇ ਕੁਝ ਦੂਰ ਭੁੰਜੇ ਹੀ ਧਰਤੀ ਤੇ ਬਹਿੰਦੇ ਗਏ।

ਸਤਿਗੁਰੂ ਜੀ ਨੇ ਜਾਣਕਾਰੀ ਪੁਛੀ ਤਾਂ ਉਨ੍ਹਾਂ ਚੋ ਮੁਖੀ ਨੇ ਆਪਣੇ ਬਾਪ ਦਾਦੇ ਦਾ ਨਾਮ ਦੱਸਿਆ। ਇਹ ਮਨਜੀਤ ਸਿੰਘ ਸੀ, ਰੋਹਤਕ ਵਿਚ ਸਰਕਾਰੀ ਨੌਕਰੀ ਕਰਦਾ। ਇਕ ਹੋਰ ਭਰਾ ਵੀ ਰੋਹਤਕ ਵਿਚ ਡਿਊਟੀ ਦੇ ਰਿਹਾ ਹੈ। ਪਿਤਾ ਸ. ਪੂਰਨ ਸਿੰਘ ਅਤੇ ਹੋਰ ਭਰਾ ਜਲੰਧਰ ਵਿਚ ਰਹਿੰਦੇ ਤੇ ਕੰਮ ਕਰਦੇ ਹਨ। ਇਹ ਦੂਆ ਪਰਵਾਰ ਦਿੱਲੀ ਵਾਲੇ ਹਰਭਜਨ ਸਿੰਘ, ਮੋਹਣ ਸਿੰਘ ਦੂਆ ਭਰਾਵਾਂ ਦੇ ਰਿਸ਼ਤੇਦਾਰ ਹਨ। ਮਿੰਟਗੁਮਰੀ ਟ੍ਰਾਂਸਪੋਰਟ ਦਿੱਲੀ ਵਾਲਿਆਂ ਵਿਚ ਇਕ ਦੂਆ ਇਨ੍ਹਾਂ ਦੇ ਹੀ ਸੰਬੰਧੀ ਹਨ।

ਇਹਦੀ ਮਾਤਾ ਤੇ ਨੂੰਹ ਨੂੰ ਅਗੇ ਕਰਦਿਆਂ ਦੱਸਿਆ ਕਿ ਇਹ ਮਨਜੀਤ ਸਿੰਘ ਦੀ ਪਤਨੀ ਹੈ। ਮੰਡੀ (ਹਿਮਾਚਲ) ਇਸਦੇ ਪੇਕੇ ਹਨ ਅਤੇ ਕੁਛੜ ਦਾ ਬਾਲ ਇਸ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਖਸ਼ਿਆ ਹੈ। ਸਤਿਗੁਰੂ ਜੀ ਨੇ ਤਿੰਨ ਵਾਰ ਇਹ ਦੀ ਮਾਂ ਨੂੰ ਆਖਿਆ : ਇਹ ਲੜਕਾ ਤੁਹਾਡੇ ਲਈ ਹੈ, ਲੈ ਲਓ। ਭਾਵੇਂ ਇਹ ਬਚਨ ਸੁਪਨੇ ਦੇ ਹੀ ਸਨ ਪਰ ਇਸਦੇ ਘਰ ਲੜਕਾ ਹੋ ਗਿਆ। ਅੱਜ ਇਸ ਬੱਚੇ ਨੂੰ ਗੁਰੂ ਘਰ ਦਾ ਦਰਸ਼ਨ ਕਰਵਾਣ ਲਿਆਏ ਹਾਂ। ਆਪ ਜੀ ਦੇ ਦਰਸ਼ਨ ਹੋ ਗਏ, ਬਹੁਤ ਖੁਸ਼ੀ ਹੋਈ ਹੈ।

ਸਤਿਗੁਰੂ ਜੀ ਨੇ ਸ. ਮਨਜੀਤ ਸਿੰਘ ਨੂੰ ਬਚਨ ਕੀਤਾ : ਤੁਸੀਂ ਕਦੇ ਆਪਣੇ ਕੇਂਦਰ ਵਲ ਆਏ ਨਹੀਂ ਨ, ਤਦੇ ਹੀ ਅੱਜ ਬਾਪ ਦਾਦੇ ਦਾ ਨਾਂ ਲੈ ਕੇ ਆਪਣੀ ਵਾਕਫੀ ਦੇ ਰਹੇ ਹੋ। ਸਾਧ ਸੰਗਤ ਵਿਚ ਆਇਆ ਜਾਇਆ ਕਰੋ। ਸਿੰਘ ਨੇ ਦੱਸਿਆ ਕਿ ਉਹ ਚਾਰ ਸਾਲ ਪਹਿਲਾਂ ਆਇਆ ਸੀ। ਬੀਬੀ ਰਵਿੰਦਰ ਕੌਰ ਸੁਪਤਨੀ ਮਨਜੀਤ ਸਿੰਘ ਨੇ ਜ਼ਿਕਰ ਕੀਤਾ ਕਿ ਉਹਦੀ ਛੋਟੀ ਭੈਣ ਦੀ ਸ਼ਾਦੀ ਭੈਣੀ ਸਾਹਿਬ ਹੀ ਹੋਈ ਸੀ।

8-10 ਮਿੰਟ ਦੇ ਦਰਸ਼ਨਾਂ ਬਾਅਦ ਸਤਿਗੁਰੂ ਜੀ ਲਿਖਤੀ ਬੀੜ ਦਾ ਪਾਠ ਕਰਨ ਲਈ ਸੂਬਾ ਮੀਹਾਂ ਸਿੰਘ ਦੇ ਕਮਰੇ ਵਿਚ ਪਧਾਰੇ। ਅਤੇ ਮੈਂ ਵੀ ਪਿਛੇ ਪਿਛੇ ਗਿਆ ਤੇ ਇਕ ਪੱਤਰਾ ਸਤਿਗੁਰਾਂ ਵਲੋਂ ਕੀਤੇ ਪਾਠ ਦਾ ਰਿਕਾਰਡ ਕੀਤਾ। ਲਿਖਤੀ ਗ੍ਰੰਥ ਸਾਹਿਬ ਦਾ ਪੰਨਾ 334-335।

### ਦਸਮ ਜੀ ਦਾ ਸੁਰਗਵਾਸ ਦੀਵਾਨ

ਸ੍ਰੀ ਸਤਿਗੁਰੂ ਜੀ ਨੇ 2.15 ਵਜੇ ਪੰਡਿਤ ਗੋਪਾਲ ਸਿੰਘ ਨੂੰ ਹੁਕਮ ਕੀਤਾ ਕਿ ਉਹ ਦੀਵਾਨ ਸਜਾਣ ਤੇ ਚਲਣ ਅਤੇ ਸ੍ਰੀ ਦਸਮ ਪਾਤਸ਼ਾਹ ਜੀ ਦੇ ਜੋਤੀ ਜੋਤ ਸਮਾਣ ਦਾ ਪ੍ਰਸੰਗ ਸੰਗਤ ਨੂੰ ਸੁਣਾਨ। ਅਤੇ ਕੀਰਤਨ ਵੀ ਇਸ ਪ੍ਰਕਾਇ ਹੋਵੇ। 2.50 ਮੈਂ ਹਰਿਮੰਦਰ ਵਿਚ ਪਹੁੰਚਿਆ। ਵੇਖਿਆ ਕਿ ਪੰਡਿਤ ਜੀ ਦੇ ਸ਼ਾਗਿਰਦ ਕੁਲਦੀਪ ਸਿੰਘ ਨੇ ਦੀਵਾਨ ਸਜਾਇਆ ਹੋਇਆ ਹੈ। ਸਤਿਗੁਰੂ ਜੀ ਨੇ ਵੀ 8-10 ਮਿੰਟ ਬਾਅਦ ਦਰਸ਼ਨ ਦਿਤੇ। ਇਸ ਸਥਾਨ ਦਾ ਦੀਵਾਨ ਵੀਡੀਓ ਕੀਤਾ ਗਿਆ। ਕੁਲਦੀਪ ਸਿੰਘ ਨੇ ਘਟਨਾਵਾਂ ਯਾਦ ਰੱਖੀਆਂ ਹੋਈਆਂ ਹਨ ਅਤੇ ਤੁਕਾਂ ਦੀਆਂ ਤੁਕਾਂ ਵੀ ਖੂਬ ਯਾਦ ਰਖੀਆਂ ਹੋਈਆਂ ਹਨ। ਥੋੜਾ ਬੋਲਣ ਵਿਚ ਅਟਕਾਣ ਸੀ, ਬਾਕੀ ਸਭ ਠੀਕ ਸੀ।



Sri Satguru Jagjit Singh Ji Elibrary NamdhariElibrary@gmail.com

3 ਵਜੇ ਦੀਵਾਨ ਦੀ ਸਮਾਪਤੀ ਦੀ ਅਰਦਾਸ ਨਾਲ ਹੀ ਨਾਮ ਸਿਮਰਨ ਦੀ ਅਰਦਾਸ ਹੋ ਗਈ।

ਦਿੱਲੀ ਤੋਂ ਸੰਤ ਕਰਤਾਰ ਸਿੰਘ ਕਾਣੀਵਾਲਾ ਆਪਣੀ ਪਤਨੀ ਵਿੱਦਿਆ ਨਾਲ ਦਰਸ਼ਨਾਂ ਨੂੰ ਆਇਆ ਅਤੇ ਦਿੱਲੀ ਦੇ ਹੀ ਸ੍ਰੀ ਗੁਰਭਜਨ ਸਿੰਘ (ਸਾਬਕਾ ਸਕੱਤਰ) ਆਪਣੀ ਪਤਨੀ ਤੇ ਬੱਚੇ ਨਾਲ ਏਥੇ ਰੋਜ਼ੇ ਕੂਤੇ ਦੀ ਸੇਵਾ ਕਰ ਰਹੇ ਸਨ। ਗੁਰਭਜਨ ਸਿੰਘ ਨੇ ਦੱਸਿਆ ਕਿ ਬਹੁਤ ਚਿਰ ਦੀ ਸੁਖਣਾ ਸੁਖੀ ਹੋਈ ਸੀ। ਬੱਸ ਸਤਿਗੁਰੂ ਜੀ ਨੇ ਮੈਨੂੰ ਵੀ ਇਹ ਥੋੜੀ ਸੇਵਾ ਕਰਨੀ ਬਖਸ਼ਣੀ ਸੀ।

### ਸੇਹਤ ਦਾ ਤੋਲ ਅਜੇ ਠੀਕ ਨਹੀ

ਸ਼ਾਮ ਦਾ ਦੀਵਾਨ ਆਰੰਭ ਹੋਣ ਵਿਚ ਅਜੇ 5 ਕੁ ਮਿੰਟ ਹੀ ਰਹਿੰਦੇ ਸਨ ਕਿ ਸਤਿਗੁਰੂ ਜੀ ਸ੍ਰੀ ਹਰਭਜਨ ਸਿੰਘ ਸਿਤਾਰ ਨੂੰ ਕੁਛ ਲਿਖ ਕੇ ਦਿਤਾ ਅਤੇ ਆਪ ਸੇਵਕਾਂ ਸਮੇਤ ਉਨਵੇ ਕੋਠੀ ਵਿਚ ਚਲੇ ਗਏ। ਫਿਰ ਨਾ ਦੀਵਾਨ ਵਿਚ ਦਰਸ਼ਨ ਹੋਏ ਅਤੇ ਨਾ ਕਿਤੇ ਕੋਠੀਓਂ ਬਾਹਰ ਹੀ। ਜਾਪਦਾ ਹੈ ਜਿਵੇਂ ਇਕ ਦੋ ਅਣਇਛਤ ਜੇਰਲ ਆ ਗਏ ਹੋਣ। ਜੇਰਲ ਹੀ ਆਪ ਨੂੰ ਨਿਢਾਲ ਕਰਦੇ ਹਨ। ਕੱਲ੍ਹ ਜਦੋਂ ਮੈਂ ਆਪ ਜੀ ਨੂੰ ਸੇਹਤ ਬਾਰੇ ਪੁਛਿਆ ਤਾਂ ਆਪ ਨੇ ਆਖਿਆ : ਜੇਰਲ ਨਾ ਆਉਣ ਤਾਂ ਸੇਹਤ ਹਰ ਤਰਾਂ ਠੀਕ ਹੈ।

ਸੰਤ ਮਹਿੰਦਰ ਸਿੰਘ ਪਨਿਹਾਰੀ, ਸ. ਕੁਲਦੀਪ ਸਿੰਘ ਲੰਮ੍ਹ ਤੇ ਸ. ਰਣਜੀਤ ਸਿੰਘ ਆਦਿ ਕਈ ਸਰੀਰ ਦਰਸ਼ਨਾਂ ਨੂੰ ਆਏ।

### ਹਰਿ ਚਰਚਾ ਦੇ ਘੜੀਆਂ

ਰਾਤੀ ਮੈਨੂੰ, ਸੰਤ ਜਸਵੰਤ ਸਿੰਘ ਕੌਲ੍ਹਾ ਅਤੇ ਸੰਤ ਪ੍ਰੀਤਮ ਸਿੰਘ ਬਾਲੀ ਨਗਰ ਦੀ ਗੁਰ-ਚਰਚਾ ਸੁਣਨ ਨੂੰ ਮਿਲੀ। ਪ੍ਰੀਤਮ ਸਿੰਘ ਹੁਰਾਂ ਕਿਹਾ: ਜਦੋਂ ਸਤਿਗੁਰੂ ਜੀ ਦੇ ਦਰਸ਼ਨ ਮਾਤਰ ਹੀ ਪਾਪ ਨਾਸ਼ਕ ਹਨ, ਫਿਰ ਹੋਰ ਮਾਲਾ ਫੇਰਨ ਦੀ ਕੀ ਲੋੜ ਹੈ? ਸੰਤ ਕੌਲ੍ਹਾ ਨੇ ਜਵਾਬ ਦਿਤਾ : ਕੋਈ ਸ਼ੱਕ ਨਹੀ, 'ਗੁਰਿ ਕਾ ਦਰਸ਼ਨ ਕੋਟਿ ਪਾਪ ਤਾਰੇ।' ਪਰ ਮਾਲਾ ਫੇਰਨੀ, ਭਜਨ ਕਰਨਾ ਵੀ ਤੇ ਸਤਿਗੁਰੂ ਜੀ ਦਾ ਹੀ ਹੁਕਮ ਹੈ। ਅਤੇ ਇਹ ਹੁਕਮ ਸਿੱਖ ਵਾਸਤੇ ਹੀ ਹੈ।

### ਮਸਲਾ ਮਨਜਿੰਦਰ ਸਿੰਘ ਦਾ

ਸਤਿਗੁਰੂ ਜੀ ਦੇ ਇਕ ਨੌਜਵਾਨ ਪ੍ਰੇਮੀ ਮਨਜਿੰਦਰ ਸਿੰਘ ਸਪੁਤਰ ਰਣਧੀਰ ਸਿੰਘ ਪਟਵਾਰੀ ਨਾਲ ਗੱਲ ਬਾਤ ਕੀਤੀ ਤਾਂ ਪੁੱਛਿਆ ਕਿ ਔਲ ਚੱਲ ਤਾਂ ਕੋਈ ਦੁਬਿਧਾ ਨਹੀ, ਸਰਕਾਰੀ ਜਾਂ ਕੋਈ ਹੋਰ ? ਉਸਨੇ ਕਿਹਾ : ਸਤਿਗੁਰਾਂ ਦੀ ਕਿਰਪਾ ਨਾਲ ਮਸਲਾ ਹਲ ਹੁੰਦਾ ਲਗਦਾ ਹੈ, ਮੈਂ ਦੋ ਏਕੜ ਜ਼ਮੀਨ ਦੀ ਰਜਿਸਟਰੀ ਇਕ ਲਖ ਰੁਪਏ ਤੋਂ ਬੈਂਧ ਨਾਲ ਕਰਵਾ ਲਈ ਹੈ। ਇਸ ਵਿਚ ਮਾਤਾ ਚੰਦ ਕੌਰ ਜੀ ਨੇ ਮੇਰੀ ਕਾਫੀ ਸਹਾਇਤਾ ਕੀਤੀ ਹੈ। ਮੈਂ ਆਪਣੀ ਪਹਿਲੀ ਚਾਰ ਏਕੜ ਜ਼ਮੀਨ ਵਿਚ ਸਫੈਦਾ ਲਗਾ ਰਖਿਆ ਹੈ। ਜਦੋਂ ਉਹ ਵਿਕਣ ਯੋਗ ਹੋਇਆ, ਉਸ ਦੀ ਕੁੱਲ ਰਕਮ ਚਾਰੇ ਚਾਰ ਲੱਖ ਬਣੇ ਜਾਂ ਪੰਜ, ਉਹ



Sri Satguru Jagjit Singh Ji Elibrary NamdhariElibrary@gmail.com

ਸਤਿਗੁਰਾਂ ਦੇ ਚਰਨਾਂ ਵਿਚ ਭੇਟਾ ਕਰ ਦਿਤੀ ਜਾਏਗੀ।

ਮਨਜਿੰਦਰ ਸਿੰਘ ਨੇ ਇਹ ਵੀ ਦੱਸਿਆ ਕਿ . ਜੇ ਸਤਿਗੁਰੂ ਜੀ ਆਪਣੇ ਇਕ ਸਿਖ ਕੋਲੋਂ ਮੇਰੀ ਰਕਮ ਬਮਏ ਸੂਦ ਲੈ ਦੇਣ ਤਾਂ ਇਸਨੂੰ ਹੋਰ ਕਿਤੇ ਵੀ ਭਟਕਣ ਦੀ ਲੋੜ ਨਹੀਂ। ਇਹ ਪਿੰਡ ਦਾ ਮਕਾਨ ਅਤੇ ਖੇਤੀ ਵੇਚਕੇ ਲੁਧਿਆਣੇ ਘਰ ਖਰੀਦ ਲਵੇਗਾ ਅਤੇ ਕੋਈ ਕੰਮ ਸ਼ੁਰੂ ਕਰ ਲਵੇਗਾ। ਫਿਰ ਜਦੋਂ ਵੀ ਕੋਈ ਗੁਰੂ ਆਗਿਆ ਹੋਈ ਮੰਨਾਂਗਾ ਤੇ ਰੋਟੀ ਵਲੋਂ ਵੀ ਸੁਤੰਤਰ ਰਹਾਂਗਾ।

ਸਾਮੀ ਤਰਸੇਮ ਸਿੰਘ ਦੀ ਤਬੀਅਤ ਕੁਝ ਠੀਕ ਸੀ। ਕੁਝ ਸਿਖਾਂ ਨਾਲ ਕੋਠੀ ਦੇ ਇਹਾਤੇ ਤੋਂ ਬਾਹਰ ਮਿਲੇ। ਉਹ ਕੁਝ ਸੰਗਤਾਂ ਨੂੰ ਸਤਿਗੁਰੂ ਜੀ ਦੇ ਚਰਨਾਂ ਵਿਚ ਲਿਜਾਣਾ ਚਾਹੁੰਦੇ ਹਨ।

## ਸੰਤ ਬਲਵੰਤ ਸਿੰਘ ਚਾਲੀ ਨਗਰ

ਸੰਤ ਪ੍ਰੀਤਮ ਸਿੰਘ ਕਾਲੀ ਨਗਰ ਮੈਨੂੰ ਸੰਤ ਬਲਵੰਤ ਸਿੰਘ ਚਾਲੀ ਨਗਰ ਨਾਲ ਜਾਣ ਪਛਾਣ ਕਰਵਾਈ। ਦਿੱਲੀ ਦੇ ਇਹ ਸੱਜਣ ਪਹਿਲਾਂ ਤਾਂ ਹਰ ਬਾਹਰੋਂ ਆਏ ਵਾਂਗ ਸਧਾਰਣ ਹੀ ਸਨ। ਕਿਸੇ ਫਰਮ ਵਿਚ ਦੋ ਤਿੰਨ ਸੌ ਮਹੀਨਾ ਤੇ ਨੌਕਰੀ ਕਰਦੇ ਸਨ। ਕੁਝ ਵੀ ਦਿਹਾੜੀਆਂ ਲਾ ਲੈਂਦੇ ਸਨ। ਪਰ ਸਤਿਗੁਰੂ ਜੀ ਵਲ ਸੰਤ ਬਲਵੰਤ ਸਿੰਘ ਦੀ ਪਹੁੰਚ ਬਹੁਤ ਵਧੀਆ ਰਹੀ। ਸਤਿਗੁਰੂ ਜੀ ਕ੍ਰਿਪਾ ਕੀਤੀ। ਥੋੜੀ ਜੇਹੀ ਜਗਾਹ ਇਹਨਾਂ ਝੰਡੇਵਾਲਾਨ ਵਿਚ ਕਬਜ਼ੇ ਕੀਤੀ ਹੋਈ ਸੀ। ਓਥੇ ਇਹ ਆਪਣੇ ਬਚਿਆਂ ਨੂੰ ਨਾਲ ਲੈਕੇ ਮਿਕਸਰ ਆਦਿ (ਸੜਕਾਂ ਸੰਬੰਧਤ ਮਸ਼ੀਨਰੀ) ਦੀ ਮੁਰੰਮਤ ਵਗੈਰਾ ਕਰਿਆ ਕਰਦੇ ਸਨ। ਫਿਰ ਜਦੋਂ ਸਰਕਾਰ ਨੇ ਨਰਾਇਣੇ ਪਾਸ ਨਵਾਂ ਮੋਤੀਆਖਾਨ ਵਸਾਣ ਦਾ ਪ੍ਰੋਗਰਾਮ ਬਣਾਇਆ। ਓਦੋਂ ਵੀ ਕਿਸੇ ਨੇ ਚੰਗੀ ਪ੍ਰੇਰਨਾ ਦੇ ਕੇ ਦਰਖਾਸਤ ਦਿਵਾ ਦਿਤੀ। ਫਿਰ ਸਤਿਗੁਰਾਂ ਨੇ ਜਿਵੇਂ ਛਤ ਪਾੜ ਕੇ ਸਹਾਇਤਾ ਕੀਤੀ। ਕੋਈ ਪਾਰਟੀ ਐਸੀ ਆਈ ਜਿਸਨੇ ਝੰਡੇਵਾਲਾਨ ਵਾਲੀ ਜਗਾਹ ਇਸ ਸ਼ਰਤ ਤੇ ਲਈ ਕਿ– ਇਹਨਾਂ ਪਾਸ ਹੁਣ ਨਵੇਂ ਮੋਤੀਆਖਾਨ ਵਿਚ ਵੀ ਜਗਾਹ ਹੋ ਗਈ ਹੈ। ਤਿੰਨ ਲਖ ਰੁਪਿਆ ਉਸ ਪਾਰਟੀ ਤੋਂ ਮਿਲ ਗਿਆ। ਅਤੇ ਇਹਨਾਂ ਦੀ ਝੰਡੇਵਾਲਾਨ ਵਾਲੀ ਥਾਂ ਉਤੇ ਉਸ ਪਾਰਟੀ ਨੇ ਜਗਾਹ ਉਸਾਰੀ ਅਤੇ ਐਧਾ ਕਰਾਇਆ ਸੰਤਾਂ ਨੂੰ ਮਿਲਣ ਲਗਾ। ਉਸ ਪਾਰਟੀ ਨੇ ਚਾਰ ਛਤੀ ਬਿਲਡਿੰਗ ਉਸਾਰ ਕੇ ਅਧਾ ਕਰਾਇਆ ਇਨ੍ਹਾਂ ਨੂੰ ਦੇ ਦਿਤਾ। ਬਲਵੰਤ ਸਿੰਘ ਹੁਰਾਂ ਤਿੰਨਾਂ ਤੁਰਾਵਾਂ ਨੇ ਬਿਨਾ ਕਿਸੇ ਲਾਗਤੋਂ ਜਾਂ ਖੇਚਲ ਖੇਚਲ ਤੋਂ ਕਰਾਇਆ ਲੈ ਲੈਣਾਂ।

"ਹੁਣ ਇਹਨਾਂ ਦੇ ਲੜਕੇ ਮਿਕਸਰ ਆਪ ਬਣਾਂਦੇ ਹਨ, ਚੰਗੀ ਮਿਹਨਤ ਕਰਦੇ ਹਨ। ਅਤੇ ਇਹ ਸਮਾਜ ਸੇਵਾ ਵੀ ਰੱਜ ਕੇ ਕਰਦੇ ਹਨ।"

ਮੈਨੂੰ ਸੰਤ ਪ੍ਰੀਤਮ ਸਿੰਘ ਨੇ ਦੱਸਿਆ ਕਿ ਗੁਰੂ ਘਰ ਵਾਸਤੇ ਜਾਂ ਮੰਦਰ ਦੀ ਉਸਾਰੀ ਲਈ ਅਸੀ 6-7 ਲਖ ਹੀ ਵਰਤੇ ਜਾਂਦੇ ਹਾਂ। ਸਾਨੂੰ ਉਗਰਾਹੀਆਂ ਵਧੇਰੇ ਦੇਣੀਆਂ ਪੈਂਦੀਆਂ ਹਨ ਤੇ ਸਤਿਗੁਰੂ ਕਿਰਪਾ ਕਰਦੇ ਹਨ, ਸਾਡੇ ਮਦਦਗਾਰ ਵੀ ਉਹੀ ਹਨ। ਜੇ ਮੈਂ ਨਾਮ ਪੁਛੇ ਤਾਂ ਪ੍ਰੀਤਮ ਸਿੰਘ ਹੁਰਾਂ ਦੱਸੇ :



Sri Satguru Jagjit Singh Ji Elibrary NamdhariElibrary@gmail.com

1. ਸੰਤ ਬਲਵੰਤ ਸਿੰਘ ਬਾਲੀ ਨਗਰ
2 ਸੰਤ ਮਹਿੰਦਰ ਸਿੰਘ ਬਾਲੀ ਨਗਰ
3 ਸੰਤ ਪ੍ਰੀਤਮ ਸਿੰਘ ਬਾਲੀ ਨਗਰ
4. ਸੰਤ ਸੇਵਾ ਸਿੰਘ ਤੇਬੂਆਂ ਵਾਲੇ

(ਦੋ ਤਿਨ ਹੋਰ ਨਾਂ ਮੇਰੇ ਧਿਆਨ ਵਿਚ ਨਹੀਂ ਆ ਰਹੇ।)

16 ਜੂਨ 1983, ਵੀਰਵਾਰ
ਫੈਗ ਅਰਾਈਆਂ (ਫਲੌਰ)

ਸ੍ਰੀ ਭੈਣੀ ਸਾਹਿਬ ਸਵੇਰੇ ਜਾਂ ਮੈਂ ਆਸਾ ਦੀ ਵਾਰ ਦੇ ਕੀਰਤਨ ਵਿਚ ਪੁੱਜਾ ਤਾਂ ਸ੍ਰੀ ਅਮਰੀਕ ਸਿੰਘ ਸਪੁਤਰ ਸੰਤ ਕਿਰਪਾਲ ਸਿੰਘ ਲੁਹਾਰ ਪ੍ਰਤਾਪ ਪੁਰਾ ਨਾਂ ਦਾ ਇਕ ਨੌਜਵਾਨ ਹਰਮੋਨੀਅਮ ਵਜਾਉਂਦਾ ਵਾਰ ਲਗਾ ਰਿਹਾ ਅਤੇ ਸ੍ਰੀ ਦੀਦਾਰ ਸਿੰਘ ਪੌੜੀਆਂ ਪੜ੍ਹ ਰਿਹਾ ਸੀ। ਸਤਿਗੁਰੂ ਜੀ ਦਿਲਰੁਬਾ ਨਾਲ ਸਾਥ ਕਰ ਅਤੇ ਅਗਵਾਈ ਦੇ ਰਹੇ ਸਨ। ਵਾਰ ਦਾ ਭੋਗ 5.20 ਤੇ ਪੈ ਗਿਆ। ਮੈਂ ਵੀ ਜਾ ਅਰਜ਼ ਕੀਤੀ ਕਿ ਮੇਰੀ ਵਿਦਾਈ ਹੈ, ਕੁਝ ਸੰਬੰਧੀਆਂ ਨੂੰ ਮਿਲਕੇ ਮੈਂ 18.6.83 ਰਾਤ ਨੂੰ ਚੰਡੀਗੜ ਪਹੁੰਚ ਜਾਵਾਂਗਾ। ਸਤਿਗੁਰੂ ਜੀ ਨੇ ਪਰਵਾਨਗੀ ਦਿਤੀ ਤਾਂ ਮੈ 8 ਵਜੇ ਵਾਲੀ ਬੱਸ ਤੇ ਜਾਣ ਲਈ ਤਿਆਰ ਹੋ ਗਿਆ।

ਸੰਤ ਤਰਸੇਮ ਸਿੰਘ ਨੂੰ ਮੈ ਆਪਣਾ ਸੂਟਕੇਸ ਦੇਣਾ ਸੀ, ਕਿਸੇ ਹੱਥ ਪਰਸੋਂ ਚੰਡੀਗੜ ਭੇਜਣ ਲਈ, ਪਰ ਉਹ ਵਿਚਾਰਾ ਰਾਖੇ ਚਿਰ ਤੋਂ ਮੰਜੀ ਉਤੇ ਬੇਸੁਧ ਸੁੱਤਾ ਹੋਇਆ ਸੀ। ਮੇਰੇ ਦੋ ਤਿੰਨ ਵਾਰ ਦੇ ਜਗਾਣ ਦੇ ਜਤਨ ਨਿਸਫਲ ਹੋਏ। ਅੰਤ ਕੰਮ ਕਰਦੀ ਬੀਬੀ ਦੇ ਹਵਾਲੇ ਕਰ ਆਇਆ, ਸਾਰੀ ਗੱਲ ਬਾਤ ਸਮਝਾ ਕੇ। ਅਤੇ 8 ਵਜੇ ਤਕ ਬੱਸ ਲੈਕੇ ਅਤੇ 11 ਵਜੇ ਤਕ ਨੂਰ ਮਹਿਲ ਲੰਘ ਕੋਟ ਬਾਦਲ ਖਾਂ ਵਿਖੇ ਆਪਣੀ ਲੜਕੀ ਇੰਦੂ (ਸੁਰਿੰਦਰ ਕੌਰ) ਨੂੰ ਜਾ ਮਿਲਿਆ। 500/-, 500/- ਪੰਜਾਂ ਕੁੜੀਆਂ ਨੂੰ ਅੰਤਮ ਵਿਦਾਇਗੀ ਦੇਣ ਦਾ ਮੇਰਾ ਅਤੇ ਗੁਰਬਚਨ ਕੌਰ ਦਾ ਹੌਸਲਾ ਹੈ। ਉਮੀਦ ਹੈ ਸਾਡੇ 18-20 ਸਾਲ ਜੀਉਣ ਤਕ ਇਹ ਰਕਮ ਇਕੱਲੀ ਇਕੱਲੀ ਬੇਟੀ ਨੂੰ 6-6 ਹਜ਼ਾਰ ਬਣ ਜਾਣਗੇ। ਛੋਟੀ ਵਿਆਹੀ ਲੜਕੀ ਤੋਂ ਇਹ ਸਕੀਮ ਸ਼ੁਰੂ ਕੀਤੀ ਹੈ। ਹੌਲੀ ਹੌਲੀ ਦੂਜੀਆਂ ਬੱਚੀਆਂ ਨੂੰ ਵੀ ਦੇ ਦੇਵਾਂਗੇ।

3.30 ਤਕ ਕੋਟ ਬਾਦਲ ਖਾਂ ਵਾਲਿਆਂ ਸ. ਮੁੰਸ਼ਾ ਸਿੰਘ ਅਤੇ ਇਹਦੇ ਵਡੇ ਭਰਾ ਸ. ਸਾਧੂ ਸਿੰਘ ਤੇ ਸੂਬੇ ਨੂੰ ਮਿਲਕੇ ਆਪਣੇ ਸਹੁਰੇ ਪਿੰਡ ਫੈਗ ਅਰਾਈਆਂ ਨੂੰ ਪਰਤਿਆ। ਸ. ਚੰਨਣ ਸਿੰਘ, ਪਿਆਰਾ ਸਿੰਘ ਤੇ ਪਰਵਾਰ ਹਰਬੰਸ ਸਿੰਘ ਪਰਵਾਰ ਨੂੰ ਜਾ ਮਿਲਿਆ।

ਰਾਤ ਦੀਆਂ ਖਬਰਾਂ ਤੋਂ ਪਤਾ ਲਗਾ ਕਿ ਅਕਾਲੀਆਂ ਦੇ 'ਰੇਲ ਰੋਕੋ' ਪ੍ਰੋਗਰਾਮ ਨੂੰ ਮੁਖ ਰਖਦੇ ਸਰਕਾਰ ਨੇ ਰੇਲਾਂ ਅਤੇ ਬੱਸਾਂ ਕਲ੍ਹ ਵਾਸਤੇ ਪੰਜਾਬ ਲਈ ਬੰਦ ਕਰ ਦਿਤੀਆਂ ਹਨ ਤਾਕਿ ਜਨ ਅਤੇ ਸੰਪਤੀ ਨਸ਼ਟ ਨ ਹੋਵੇ, ਸੋ ਮੈ ਕੱਲ੍ਹ ਦਾ ਦਿਨ ਫੈਗੀਂ ਰਹਿਣ ਤੇ ਮਜਬੂਰ ਹਾਂ।



Sri Satguru Jagjit Singh Ji Elibrary NamdhariElibrary@gmail.com

## 18 ਜੂਨ 1983, ਸ਼ਨੀਵਾਰ
## ਚੰਡੀਗੜ੍ਹ

ਢੰਗ ਅਰਾਈਆਂ ਤੋਂ ਚੱਲ ਕੇ, ਬੱਸਾਂ ਦੁਆਰਾ 11 ਵਜਦੇ ਨੂੰ ਮੁਹਾਲੀ ਔਪੜ ਗਿਆ। ਆਪਣੇ ਮਿੱਤਰ ਅਤੇ ਧਾਮੇਸ਼ ਨਾਮਧਾਰੀ, ਰਿਟਾਇਰਡ ਪ੍ਰਬੰਧ ਆਫੀਸਰ ਸ. ਤੀਰਥ ਸਿੰਘ ਨੂੰ ਉਸਦੀ ਕੋਠੀ ਨੰ: 704, ਫੇਜ਼ 2 ਵਿਚ ਆ ਮਿਲਿਆ। ਔਗੋ ਇਹਨਾਂ ਦੀ ਵੱਡੀ ਬੇਟੀ ਗੁਰਨਾਮ ਕੌਰ ਆਪਣੀ ਇਕਲੌਤੀ ਪੁਤਰੀ ਨਾਲ ਲਖਨਊ ਤੋਂ ਆਈ ਹੋਈ ਸੀ। ਸੰਤ ਤੀਰਥ ਸਿੰਘ - ਸਤਵੰਤ ਕੌਰ ਨੂੰ ਮਿਲਕੇ ਸੁਭਾਵਕ ਹੀ ਖੁਸ਼ੀ ਹੋਈ।

ਸ. ਤੀਰਥ ਸਿੰਘ ਨੇ ਮੈਨੂੰ ਪਿੰਨ ਲਗੇ ਦੋ ਕਾਗਜ਼ ਦਿਤੇ। ਇਹ ਸ. ਭਗਵਾਨ ਸਿੰਘ ਵਿਰਦੀ ਦਾ ਬਿਆਨ ਸੀ, ਜਿਸ ਵਿਚ ਉਸ ਨੇ ਦੱਸਿਆ ਸੀ ਕਿ ਚੰਡੀਗੜ੍ਹ ਵਿਚ 22 ਸੈਕਟਰ ਦਾ ਗੁਰਦੁਆਰਾ ਉਸੇ ਥਾਂ ਬਣਾਇਆ ਗਿਆ ਹੈ ਜਿਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਹਿਲੇ ਪਹਿਲ 1950 ਵਿਚ ਚਰਨ ਪਾਏ । ਉਦੋਂ ਅਜੇ ਗੁਰਦੁਆਰੇ ਚੰਡੀਗੜ੍ਹ ਵਿਚ ਨਹੀ ਸਨ ਬਣੇ। ਨਾਮਧਾਰੀ ਸੰਗਤ ਅਤੇ ਹੋਰ ਪ੍ਰੇਮੀਆਂ 22 ਸੈਕਟਰ ਦੀ ਏਸੇ ਥਾਂ ਔਜ ਦੇ ਦੀਵਾਨ ਦਾ ਪ੍ਰਬੰਧ ਕੀਤਾ। ਸ. ਭਗਵਾਨ ਸਿੰਘ ਹੋਰੀ ਉਸ ਵੇਲੇ ਰਾਮਗੜ੍ਹੀਆ ਸਭਾ ਦੇ ਪ੍ਰਧਾਨ ਸਨ, ਅਤੇ ਪੀ. ਡਬਲਿਊ ਡੀ. ਵਿਚ ਫੋਰਮੈਨ ਸਨ। ਔਜ ਕੱਲ ਰੀਟਾਇਰਡ ਹਨ। ਸ. ਭਗਵਾਨ ਸਿੰਘ ਵਿਰਦੀ ਨੇ ਆਪਣੇ ਬਿਆਨ ਵਿਚ ਲਿਖਿਆ ਹੈ:

"ਜਦ ਅਸਥਾਪਨ ਕਮੇਟੀ ਨੇ ਗੁਰਦੁਆਰਾ ਸਾਹਿਬ ਦੀ ਜ਼ਮੀਨ ਲਈ ਐਸਟੇਟ ਆਫੀਸਰ ਨੂੰ ਦਰਖਾਸਤ ਦਿਤੀ ਤਾਂ ਉਨਾਂ ਨੂੰ ਤਿੰਨ ਜਗ੍ਹਾਂ ਦੱਸੀਆਂ ਗਈਆਂ ਤੇ ਇਨ੍ਹਾਂ ਵਿਚੋਂ ਇਕ ਲਈ ਰਜ਼ਾਮੰਦੀ ਪਰਗਟ ਕਰਨੀ ਸੀ। ਇਹ ਸਥਾਨ ਸਨ, 1) ਹੁਣ ਦੇ ਆਰੀਆ ਸਮਾਜ ਦੇ ਮੰਦਰ ਵਾਲੀ ਜਗ੍ਹਾ, 2) ਸਨਾਤਨ ਧਰਮ ਮੰਦਰ ਸੈਕਟਰ 23, ਅਤੇ 3) ਗੁਰਦੁਆਰਾ ਸੈਕਟਰ 22 ਵਾਲੀ ਜਗ੍ਹਾ। ਫੈਸਲਾ ਕਰਨ ਲਈ ਪਰਚੀਆਂ ਪਾਉਣ ਦੀ ਤਜਵੀਜ਼. ਸ. ਭਗਵਾਨ ਸਿੰਘ ਵਿਰਦੀ ਨੇ ਰਖੀ। ਜਦ ਪਰਚੀ ਚੁਕੀ ਗਈ ਤਾਂ ਉਹ ਕੁਦਰਤੀ ਉਸੇ ਹੀ ਸਥਾਨ ਦੀ ਨਿਕਲੀ ਜਿਥੇ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਆਪਣੇ ਚਰਨ ਪਾਕੇ ਪਵਿੱਤਰ ਕੀਤੀ ਹੋਈ ਸੀ। ਤਿਨ ਵਾਰ ਪਰਚੀਆਂ ਪਾਈਆਂ ਗਈਆਂ ਅਤੇ ਤਿੰਨੇ ਹੀ ਵਾਰ ਪਰਚੀ ਉਸ ਜਗ੍ਹਾ ਦੀ ਨਿਕਲੀ। ਉਸੇ ਹੀ ਥਾਂ ਤੇ ਹੁਣ ਗੁਰਦੁਆਰਾ ਸਾਹਿਬ ਸੈਕਟਰ 22 ਵਿਚ ਸੁਸ਼ੋਭਿਤ ਹੈ।"

ਬਾਕੀ ਦੇ ਗੁਰਦੁਵਾਰੇ ਚੰਡੀਗੜ੍ਹ ਵਿਚ ਇਸਤੋ ਬਾਅਦ ਹੀ ਬਣੇ।

ਸ. ਤੀਰਥ ਸਿੰਘ ਪਾਸ 5 ਘੰਟੇ ਦੁਪਹਿਰ ਦਾ ਸਮਾ ਬਿਤਾਕੇ 19-B ਸੈਕਟਰ ਦੇ ਮਕਾਨ ਨੰ. 3370 ਵਿਚ ਸੰਤ ਮੰਗਲ ਸਿੰਘ ਸਲੂਜਾ-ਹਰਬੰਸ ਕੌਰ ਦੇ ਘਰ ਪੁੱਜਾ, 5 ਵਜ ਚੁੱਕੇ ਸਨ। ਇਹਨਾਂ ਦੇ ਘਰ ਦੋਵੇਂ ਪੁਤਰ, ਸ. ਹਰਵਿੰਦਰ ਸਿੰਘ, ਸ. ਹਰਭਜਨ ਸਿੰਘ ਦੋਵੇਂ ਧੀਆਂ ਬੀਬੀ ਨਿਰਮਲ ਅਤੇ ਸਤਿਨਾਮ ਸਮੇਤ ਆਪਣੇ ਸੋਹਰਾ ਸ. ਬਿਕ੍ਰਮਜੀਤ ਸਿੰਘ ਭੋਪਾਲ ਅਤੇ ਸ. ਗੁਰਬਚਨ ਸਿੰਘ ਫਾਜ਼ਿਲਕਾ ਨਾਲ ਆਈਆਂ ਹੋਈਆਂ ਸਨ। ਹਰਭਜਨ ਸਿੰਘ ਵੀ ਸਮੇਤ ਪਰਵਾਰ ਜੀਵਨ ਨਗਰੋਂ ਆਇਆ ਹੋਇਆ ਸੀ। ਚਾਰ ਬੱਚਾ ਵੀ ਸਭ ਦਾ ਨਾਲ ਸੀ। ਛੁਟੀਆਂ ਦਾ ਲਾਹਾ ਲਿਆ ਜਾ ਰਿਹਾ ਸੀ।



Sri Satguru Jagjit Singh Ji Elibrary NamdhariElibrary@gmail.com

ਸੰਤ ਮੰਗਲ ਸਿੰਘ ਸ਼ਾਮੀ ਮੈਨੂੰ 30-ਬੀ ਸੈਕਟਰ ਵਿਚ ਨਾਮਧਾਰੀ ਧਰਮਸਾਲਾ ਵਿਚ ਲੈ ਗਏ। ਇਸਦਾ ਇਕ ਹਿੱਸਾ ਤਾਂ ਪਹਿਲਾਂ ਹੀ ਉਸਰਿਆ ਹੋਇਆ ਸੀ। ਸੰਤ ਮੰਗਲ ਸਿੰਘ ਹੁਰਾਂ ਮੈਨੂੰ ਹਾਲ ਵਾਲਾ ਛੋਟਾ ਹਿੱਸਾ ਵਖਾਇਆ। ਜਿਸਦੀ ਜ਼ਮੀਨ ਤੇ 2-2½ ਫੁਟ ਕੁਰਸੀ ਉਚੀਂ ਹੈ ਅਤੇ ਇਸਦੇ ਉਪਰਵਾਰ ਇਕ ਹੋਰ ਹਾਲ 400 ਸੀਟਾਂ ਵਾਲਾ ਉਸਾਰਨਾ ਹੈ। ਤਿਆਰ ਹਾਲ 50' x 60' ਦਾ ਹੈ। ਧਰਮਸਾਲਾ ਦਾ ਮੁਖ ਪਰਵੇਸ਼ ਵੀ ਏਧਰੋਂ ਹੀ ਹੈ। ਪਰਵੇਸ਼ ਵਾਲੇ ਪਾਸੇ ਉਪਰ ਵਲ ਇਕ ਮਿਊਜ਼ੀਅਮ ਵੀ ਬਣਨਾ ਹੈ. ਮੰਗਲ ਸਿੰਘ ਹੁਰਾਂ ਦਾ ਕਹਿਣਾ ਸੀ ਕਿ ਏਸੇ ਹਾਲ ਦੀ ਤਿਆਰੀ ਉਤੇ 1.50 ਲਖ ਲਗ ਗਿਆ ਹੈ। ਉਗਰਾਹੀ ਕਰੀ ਜਾ ਰਹੀ ਤੇ ਕਰਜ਼ ਉਤਾਰੇ ਜਾ ਰਹੇ ਹਨ।

ਚੰਡੀਗੜ੍ਹ. ਵਿਚ ਇਹਨਾਂ ਸਿੰਘਾਂ ਨੇ ਇਹ ਅਦੁਤ ਉੱਦਮ ਅਤੇ ਹਿੰਮਤ ਭਰਿਆ ਕੰਮ ਕੀਤਾ ਹੈ। ਸਤਿਗੁਰੂ ਜੀ ਦਾ ਸਹਿਯੋਗ ਅਤੇ ਅਗਵਾਈ ਤਾਂ ਮਿਲਦੀ ਹੀ ਰਹਿੰਦੀ ਹੈ।

ਅੱਜ ਦਿਨ ਤਿਖੜ ਧੁਪ ਵਾਲਾ ਅਤੇ ਗਰਮ ਹੈ।

ਸ੍ਰੀ ਸਤਿਗੁਰੂ ਜੀ ਨੇ ਕਲ ਆਸਾ ਦੀ ਵਾਰ ਸਮੇ ਦਰਸ਼ਨ ਦੇਣੇ ਹਨ ਅਤੇ ਰਾਧਾ ਕ੍ਰਿਸ਼ਨ ਮਿਸ਼ਨ ਵਾਲਿਆਂ ਨੂੰ ਵੀ ਨਿਵਾਜਣਾ ਹੈ। ਸੋ ਏਥੋਂ ਦੀ ਸੰਗਤ ਦੇ ਮੁਖੀ ਸੰਤ ਮੰਗਲ ਸਿੰਘ, ਸੰਤ ਰਣਜੀਤ ਸਿੰਘ, ਸ. ਸੰਪੂਰਨ ਸਿੰਘ, ਠੇਕੇਦਾਰ ਜਸਵੰਤ ਸਿੰਘ ਧਰਮਸਾਲਾ ਵਿਚ ਕੱਲ੍ਹ ਦੇ ਫੰਕਸ਼ਨ ਵਾਸਤੇ ਤਿਆਰੀਆਂ ਕਰ-ਕਰਵਾ ਰਹੇ ਸਨ। ਸਵੇਰ ਦਾ ਦੀਵਾਨ ਨਵੇਂ ਸਜੇ ਨਾਮੁਕੰਮਲ ਹਾਲ ਵਿਚ ਹੀ ਲਗੇਗਾ।

ਪੁਸਤਕ ਨੰ.......
ਸ੍ਰੀ ਭੈਣੀ ਸਾਹਿਬ

19 ਜੂਨ 1983, ਐਤਵਾਰ
ਚੰਡੀਗੜ੍ਹ

ਆਸਾ ਦੀ ਵਾਰ ਸਮੇ

ਸਵੇਰੇ 5 ਵਜੇ ਮੈਂ ਸੰਤ ਮੰਗਲ ਸਿੰਘ ਦੇ ਸਕੂਟਰ ਪਿਛੇ ਬੈਠਕੇ ਨਾਮਧਾਰੀ ਧਰਮਸਾਲਾ ਪੁੱਜਾ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਸਾ ਦੀ ਵਾਰ ਵਿਚ ਭੈਣੀ ਸਾਹਿਬੋਂ ਆ ਕੇ ਦਰਸ਼ਨ ਦੇ ਰਹੇ ਸਨ। 4 ਕੁ ਕਾਰਾਂ ਭੈਣੀ ਸਾਹਿਬੋਂ ਆਈਆਂ ਹੋਈਆਂ ਸਨ। ਗੁਰਮੁਖ ਸਿੰਘ ਡਰਾਈਵਰ ਨਾਲ ਸ੍ਰੀ ਸਤਿਗੁਰੂ ਜੀ, ਸੰਤ ਜਗਤਾਰ ਸਿੰਘ, ਬੀਬਾ ਸਾਹਿਬ ਕੌਰ ਜੀ ਅਤੇ ਬਲਦੇਵ ਸਿੰਘ ਸੇਵਕ ; ਰਘੁਬੀਰ ਸਿੰਘ ਡ੍ਰਾ: ਨਾਲ ਸਕੱਤਰ ਤਰਸੇਮ ਸਿੰਘ, ਪੂਰਬਾ ਮਹਿੰਦਰ ਸਿੰਘ, ਸੰਤ ਗੁਰਮੁਖ ਸਿੰਘ ਲੁਹਾਰਾਂ, ਸੰਤ ਅਵਤਾਰ ਸਿੰਘ ਧੂਮਣ ; ਸੰਤ ਲਛਮਣ ਸਿੰਘ ਫਰਵਾਹਾ ਦੀ ਜੋੜੀ ਤੇ ਸੰਤ ਮਹਿੰਗਾ ਸਿੰਘ-ਦਰਸ਼ਨ ਸਿੰਘ ਅੰਗਰਖਿਅਕ ; ਸੇਠ ਤਰਲੋਕ ਸਿੰਘ ਵੀ ਕੋਈ 10 ਦਿਨ ਦੇ ਥਾਈਲੈਂਡ ਤੋਂ ਆਏ ਹੋਏ ਹਨ। ਇਹਨਾਂ ਦੀ ਨੂੰਹ ਬੀਬੀ ਚਰਨਜੀਤ ਵੀ ਨਾਲ ਹੈ।

ਆਸਾ ਦੀ ਵਾਰ ਦਾ ਕੀਰਤਨ ਕਰਨ ਵਾਲੇ ਸਨ, ਸੰਤ ਚੰਨਣ ਸਿੰਘ ਏ.ਐੱਸ. ਆਈ., ਸੰਤ ਜੈ ਸਿੰਘ, ਸੰਤ ਜੀਤ ਸਿੰਘ, ਸੰਤ ਸੰਪੂਰਨ ਸਿੰਘ ਆਦਿ। ਸਤਿਗੁਰੂ ਜੀ ਇਕ ਹਲਕੇ ਫੁਲਕੇ ਚੰਦੋਏ ਹੇਠ ਦਰਸ਼ਨ ਦੇ ਰਹੇ ਸਨ। ਗੁਜ਼ਾਰੇ-ਜੋਗੀ ਸੰਗਤ ਤੇ ਥਾਪੂ ਹੋ ਗਈ ਅਰਦਾਸ ਹੋਣੇ ਤਕ। ਏਥੋਂ ਡੇਰਾ ਪਾਕੇ ਆਪ ਜੀ ਸੰਤ ਮੰਗਲ ਸਿੰਘ ਦੇ ਨਿਵਾਸ



Sri Satguru Jagjit Singh Ji Elibrary NamdhariElibrary@gmail.com

3370 ਸੈਕਟਰ 19-ਡੀ ਵਿਚ ਪਧਾਰੇ।

ਪਰ ਸਾਧ ਸੰਗਤ ਦੂਰ ਦੇ ਸੈਕਟਰ ਵਿਚੋ, ਸਕੂਟਰਾਂ, ਸਾਈਕਲਾਂ, ਤੇ ਹੁਣ ਆਉਂ ਸ਼ੁਰੂ ਹੋਈ। ਜਿਨ੍ਹਾਂ ਨੂੰ ਦਰਸ਼ਨ ਨ ਹੋਏ ਉਹ ਸੰਤ ਮੰਗਲ ਸਿੰਘ ਦੇ ਘਰ ਹੀ ਗਏ। ਸਤਿਗੁਰੂ ਜੀ ਏਥੇ ਆ, ਕੁਝ ਜਲਪਾਨ ਕਰ, ਆਰਾਮ ਕਰਨ ਲਈ ਦੂਜੇ ਕਮਰੇ ਵਿ ਪਧਾਰੇ। ਆਪ ਨੇ 7.30 ਤਕ ਰਾਧਾ ਕ੍ਰਿਸ਼ਨ ਮਿਸ਼ਨ ਦੇ ਧਾਮ ਪਧਾਰਨਾ ਸੀ।

## ਹਰੇ ਕ੍ਰਿਸ਼ਨਾ ਧਾਮ

ਚੰਡੀਗੜ੍ਹ ਦੇ ਸੈਕਟਰ 36 ਵਿਚ ਇਕ ਤਕੜੀ ਬਿਲਡਿੰਗ, ਜਿਸਦਾ ਹਾਲ ਬਹੁਤ ਚੌੜਾ ਹੈ, ਉਸਰ ਰਹੀ ਹੈ, ਇਸੇ ਦਾ ਨਾਮ ਹਰੇ ਕ੍ਰਿਸ਼ਨਾ ਧਾਮ ਹੈ। ਅਤੇ ਇਸਦੇ ਕਰਤਾ ਧਰਤਾ ਹਨ ਸਵਾਮੀ ਨਵ ਯੋਗੇਂਦਰ ਜੀ। ਇਕ ਨੌਜਵਾਨ ਖ਼ੂਬਸੂਰਤ ਇਨਸਾਨ। ਸਵਾਮੀ ਜੀ ਨੇ ਪਿਛਲੇ ਹਫਤੇ ਭੈਣੀ ਸਾਹਿਬ ਪਹੁੰਚ ਕੇ ਸਤਿਗੁਰੂ ਜੀ ਨੂੰ ਸਨਿਮਰ ਅਰਜ਼ ਕੀਤੀ ਸੀ : ਜਦੋਂ ਸਾਡੇ ਸਮਾਜਾਂ ਦੀਆਂ ਬਹੁਤ ਸਾਰੀਆਂ ਗੱਲਾਂ ਮਿਲਦੀਆਂ ਹਨ, ਫਿਰ ਆਪ ਜੀ ਦੇ ਦਰਸ਼ਨ ਸਾਡੇ ਚੰਡੀਗੜ੍ਹ ਵਿਚਲੇ ਧਾਮ ਵਿਚ ਕਿਉਂ ਨ ਹੋਣ ? ਸਤਿਗੁਰੂ ਜੀ ਦੇ ਔਣ ਪਧਾਰਨ ਦੀ ਸੂਚਨਾ ਦੇ ਦਿੱਤੀ ਗਈ ਸੀ।

ਟਾਈਮ ਸ਼ਾਇਦ 7.45 ਹੀ ਨਿਸ਼ਚਿਤ ਹੋਏ। ਕਿਉਂਕਿ ਸਤਿਗੁਰੂ ਜੀ ਆਮ ਕਰਕੇ ਵਕਤ ਦੇ ਪਾਬੰਦ ਰਹਿੰਦੇ ਹਨ। ਸੰਤ ਮੰਗਲ ਸਿੰਘ ਦੇ ਘਰੋਂ 5-7 ਮਿੰਟ ਦਾ ਰਸਤਾ ਹੀ ਹੋਵੇਗਾ। ਤਿਨ ਕਾਰਾਂ ਦੇ ਵਿਚ ਜਥਾ ਠੀਕ 7.45 ਤੇ ਹਰੇ ਕ੍ਰਿਸ਼ਨਾ ਧਾਮ ਤੇ ਪਹੁੰਚਾ।

ਮੈਨੂੰ ਦੋ ਤਿਨ ਮਿੰਟ ਦੇਰ ਹੋ ਗਈ। ਮੇਰੇ ਜਾਂਦਿਆਂ ਨੂੰ ਸ੍ਰੀ ਸਤਿਗੁਰੂ ਜੀ ਦੇ ਗਲੇ ਵਿਚ, ਦੋ ਸਫੈਦ ਸਜਦੇ ਹਾਰ ਅਤੇ ਆਪ ਦੇ ਨਾਲ ਧਰਮ ਡੰਡਧਾਰੀ ਸਵਾਮੀ ਨਵਯੋਗੇਂਦਰ, ਜੋ ਇਸ ਮੰਦਰ ਦੇ ਮੁਖੀ ਹਨ, ਭਗਵੇ ਬਸਤਰਾਂ ਵਿਚ ਫਬਦੇ, ਨਾਲ ਨਾਲ ਚਲ ਰਹੇ ਸਨ, ਅਤੇ ਜ਼ਰੂਰਤ ਮੁਤਾਬਕ ਸਤਿਗੁਰੂ ਜੀ ਨਾਲ ਵਾਰਤਾਲਾਪ ਦਾ ਆਦਾਨ ਪ੍ਰਦਾਨ ਕਰ ਰਹੇ ਸਨ। ਆਪ ਦੇ ਬਰਾਬਰ ਘੇਰੇ ਵਿਚ ਲਿਆਂ ਭਗਤ ਜਨ 'ਹਰੇ ਰਾਮਾ, ਹਰੇ ਕ੍ਰਿਸ਼ਨਾ, ਕ੍ਰਿਸ਼ਨਾ, ਕ੍ਰਿਸ਼ਨਾ, ਹਰੇ ਹਰੇਂ' ਬੜੇ ਸੁਰ ਵਿਚ ਗਉਂ ਰਹੇ ਸਨ। ਸੰਖ, ਛੈਣੇ, ਮ੍ਰਿਦੰਗ ਸਭ ਇਕ ਬਝਵੀਂ ਲੈ ਵਿਚ ਭਜਨ ਕਰਦਿਆਂ ਵਲੋਂ ਵਜਾਏ ਜਾ ਰਹੇ ਸਨ। ਅਤੇ ਹਰ ਕੋਈ ਨੱਚਣ ਦੇ ਮੂਡ ਵਿਚ ਆਪਣਾ ਪੈਰ ਉਠਾ ਰਿਹਾ ਸੀ।

ਸਵਾਮੀ ਸ੍ਰੀ ਯੋਗੇਂਦ੍ਰ ਜੀ ਨੇ ਸਤਿਗੁਰੂ ਜੀ ਦੇ ਸੁਆਗਤ ਦਾ ਮੁਨਾਸਬ ਇੰਤਜ਼ਾਮ ਕਰ ਰੱਖਿਆ ਸੀ। ਜਦੋਂ ਅਸੀਂ ਵੱਜਦੇ ਭਰੇ ਸੁਰੀਲੇ ਕੀਰਤਨ ਦੀ ਲੈਅ ਵਿਚ ਕਦਮ ਪੁੱਟਦੇ ਹਾਲ ਦੇ ਪਿਛਵਾੜੇ ਗਏ ਤਾਂ ਏਥੇ ਇਕ ਅਤੀ ਛੋਟੇ ਜਿਹੇ ਕਮਰੇ ਵਿਚ ਭਗਵਾਨ ਰਾਮ ਅਤੇ ਭਗਵਾਨ ਕ੍ਰਿਸ਼ਨ ਦੀ ਸੰਗਮਰਮਰੀ ਮੂਰਤੀਆਂ ਸਥਾਪਤ ਸਨ। ਇਹਨਾਂ ਦੇ ਸਾਹਵੇਂ ਤੇ ਸੱਜੇ ਖੱਬੇ ਬੈਠਣ ਲਈ ਸਥਾਨ ਸਨ। ਏਥੇ ਬੈਠੀ ਸੰਗਤ ਨੇ ਵੀ ਸਤਿਗੁਰੂ ਜੀ ਦਾ ਉਠਕੇ ਸੁਆਗਤ ਕੀਤਾ। ਏਥੇ ਬਹੁਤ ਸਾਰੀ ਨਾਮਧਾਰੀ ਸੰਗਤ ਵੀ ਇੱਕਤਰ ਸੀ। ਲਹਿੰਦੇ ਪਾਸੇ ਹਰੇ ਰਾਮਾ ਹਰੇ ਕ੍ਰਿਸ਼ਨਾ ਵਾਲਿਆਂ ਦੇ ਭਗਤਜਨ ਤੇ ਇਸਤ੍ਰੀਆਂ ਕਾਫ਼ੀ ਗਿਣਤੀ ਵਿਚ ਸਨ। ਦੂਹਾਂ ਪਾਸਿਆਂ ਦੇ ਨਰ ਨਾਰ 500 ਦੀ ਗਿਣਤੀ ਵਿਚ ਹੋਣਗੇ।

ਸਤਿਗੁਰੂ ਜੀ ਸੋਭਾ ਦੇ ਸੂਰਜ ਹਨ, ਜਿਥੇ ਵੀ ਹੋਣ ਆਪਣੇ ਗਿਰਦ ਬੇਦਾਮ ਗੁਲਾਮਾਂ



Sri Satguru Jagjit Singh Ji Elibrary NamdhariElibrary@gmail.com

ਅਰਥਾਤ ਸਿੱਖਾਂ ਸੇਵਕਾਂ ਦੇ ਸਮੂਹ ਜੁੜ ਜਾਂਦੇ ਹਨ। ਮੱਥੇ ਟਿਕਦੇ ਹਨ, ਭੇਟਾਵਾਂ ਧਰੀਆਂ ਜਾਂਦੀਆਂ ਹਨ। ਆਪ ਜੀ ਪਹਿਲੀ ਵਾਰ 16.6.83 ਨੂੰ ਭੈਣੀ ਸਾਹਿਬ ਤੋਂ ਬਾਹਰ ਜਾਣ ਲਈ ਨਿਕਲੇ ਹਨ ਅਤੇ ਰੋਜ਼-ਬ-ਰੋਜ਼ ਹੁਣ ਦਰਸ਼ਨ ਦੇਣ ਦਾ ਸਿਲਸਿਲਾ ਜਾਰੀ ਰਹੇਗਾ। ਸਿੱਖਾਂ ਸੇਵਕਾਂ ਤੇ ਭਗਤਜਨਾਂ ਦਾ ਇਸ ਤਰ੍ਹਾਂ ਕੀਰਤਨ ਕਰਦਿਆਂ, ਨੇਮ ਵਿਚ ਕਦਮ ਉਠਾਂਦਿਆਂ ਸਤਿਗੁਰੂ ਜੀ ਨੂੰ ਨਿਸਚਿਤ ਸਥਾਨ ਤੇ ਲਿਆਉਣਾ ਬੜਾ ਨੈਣਾਭਿਰਾਮ ਦ੍ਰਿਸ਼ ਹੈ।

ਸ੍ਰੀ ਸਤਿਗੁਰੂ ਜੀ ਬੈਠਣ ਵਾਲੇ ਸਥਾਨ ਤੇ ਸਜੇ ਤਾਂ ਹਰੇ ਰਾਮਾ ਹਰੇ ਕ੍ਰਿਸ਼ਨਾ ਦੇ ਭਗਤਜਨਾਂ ਅਤੇ ਪ੍ਰੇਮੀਆਂ, ਸ਼ਰਧਾਲੂਆਂ ਨੇ ਸਤਿਗੁਰੂ ਜੀ ਦੇ ਗਲੇ ਹਾਰ ਪਹਿਨਾਅ ਕੇ ਮੱਥਾ ਟੇਕਣਾ ਸ਼ੁਰੂ ਕੀਤਾ। ਸਤਿਗੁਰੂ ਜੀ ਨੇ ਗਲੇ ਹਾਰ ਪੁਆਣ ਦੀ ਥਾਂ ਉਂਜ ਹੀ ਪਕੜ ਕੇ ਨੇੜੇ ਦੇ ਸੇਵਕਾਂ ਨੂੰ ਫੜਾਂਦੇ ਜਾਣ ਬਾਅਦ ਫੰਕਸ਼ਨ ਦੀ ਕਾਰਵਾਈ ਸ਼ੁਰੂ ਹੋਈ। ਸ੍ਰੀ ਧੀਰੇਂਦ੍ਰ ਸਵਾਮੀ ਚਤੁਰ ਪੁਰਸ਼ ਹਨ। ਮੌਕੇ ਨੂੰ ਬਣਾਉਣਾ ਅਤੇ ਨਜਿਠਣਾ ਜਾਣਦੇ ਹਨ।

### ਸ੍ਰੀ ਨਵਧੀਰੇਂਦ੍ਰ ਜੀ ਦਾ ਕਥਨ

ਸਵਾਮੀ ਜੀ ਨੇ ਉਤਸੁਕ ਸਰੋਤਿਆਂ ਲਈ ਮੰਗਲਾਚਰਣ ਕਰਕੇ, ਰਾਮ ਕ੍ਰਿਸ਼ਨ ਅਤੇ ਪੂਜਿਆ ਪਾਦ ਮਹਾਰਾਜ ਜੀ ਦੀ ਅਤੇ ਸਨਾਤਨ ਧਰਮ ਦੀ ਜੈ ਬੁਲਵਾ ਕੇ ਆਪਣਾ ਕਥਨ ਆਰੰਭ ਕੀਤਾ। ਦੱਸਿਆ ਕਿ ਉਹ ਪਿਛਲੇ ਦਿਨੀ ਭੈਣੀ ਸਾਹਿਬ ਗਏ ਸਨ। ਇਹ ਜਾਣਕੇ ਬਹੁਤ ਖੁਸ਼ੀ ਹੋਈ ਕਿ ਨਾਮਧਾਰੀ ਸਿਖ ਸ਼ੁਧ ਸ਼ਾਕਾਹਾਰੀ ਹਨ। ਸਤਿਗੁਰੂ ਜੀ ਤੋਂ ਦੇਸ਼ ਵਿਦੇਸ਼ਾਂ ਦੇ ਮਿਸ਼ਨਾਂ ਦੀ ਪ੍ਰਸੰਸਾ ਸੁਣੀ। ਇਹਨਾਂ ਨੂੰ ਦਰਸ਼ਨਾਂ ਦੀ ਬਿਨੈ ਕੀਤੀ ਆਪ ਨੇ ਪਰਵਾਨਗੀ ਬਖਸ਼ ਕੇ ਏਥੇ ਦਰਸ਼ਨ ਦਿਤੇ। ਸਵਾਮੀ ਜੀ ਨੇ ਦੋ ਤੁਕਾਂ ਭਗਤ ਤੁਲਸੀ ਦਾਸ ਜੀ ਦੀ ਰਮਾਇਣ ਚੋਂ ਪੜ੍ਹਕੇ ਦੱਸਿਆ ਕਿ ਮਨੁੱਖ ਉਤੇ ਅਕਾਲ ਪੁਰਖ ਦੀ ਕਿਰਪਾ ਹੀ ਹੋਵੇ ਤਾਂ ਸੁਸੰਗਤ ਮਿਲਦੀ ਹੈ ਤੇ ਸੁਸੰਗਤ ਮਿਲਿਆਂ ਹੀ ਜੀਵਨ ਉਤਮਤਾ ਵਲ ਵਧਦਾ ਹੈ। ਅੰਤ ਉਤੇ ਹਰੇ ਕ੍ਰਿਸ਼ਨਾ ਧਾਮ ਵਿਚ ਸਤਿਗੁਰੂ ਜੀ ਦਾ ਧੰਨਵਾਦ ਕਰਕੇ ਕੁਛ ਪ੍ਰਵਚਨ ਦੇਣ ਦਾ ਆਗ੍ਰਿਹ ਕੀਤਾ।

### ਸਤਿਗੁਰੂ ਜੀ ਦਾ ਪ੍ਰਵਚਨ

ਸ੍ਰੀ ਸਤਿਗੁਰੂ ਜੀ ਨੇ ਇਸ ਮਿਲਣੀ ਦਾ ਮਾਧਿਅਮ ਇਕ ਸਹਿਜਧਾਰੀ ਨਾਮਧਾਰੀ ਨੂੰ ਦੱਸ ਕੇ ਸਾਂਝ ਨੂੰ ਇੰਜ ਪਰਗਟ ਕੀਤਾ ਜਿਵੇਂ ਸ੍ਰੀ ਨਵਧੀਰੇਂਦ੍ਰ ਜੀ ਆਪਣੇ ਉਸ ਘਰ (ਭੈਣੀ ਸਾਹਿਬ) ਗਏ ਅਤੇ ਅਸੀ ਇਸ ਘਰ (ਹਰੇ ਕ੍ਰਿਸ਼ਨਾ ਧਾਮ) ਆਏ ਹੋਈਏ। ਅਤੇ ਸਤਿਗੁਰੂ ਜੀ ਵਚਨ ਕੀਤਾ : ਹਰੇ ਰਾਮਾ ਹਰੇ ਕ੍ਰਿਸ਼ਨਾ ਵਾਲਿਆਂ ਨੂੰ ਨੈਰੋਬੀ, ਬੰਬਈ ਅਤੇ ਹੋਰ ਸਥਾਨਾਂ ਤੇ ਵੀ ਮਿਲਣ ਦਾ ਮੌਕਾ ਮਿਲਿਆ ਹੈ ਪਰ ਇਸ ਤਰ੍ਹਾਂ ਦਾ ਮਿਲਣ ਅਜ ਹੀ ਹੋਇਆ ਹੈ। ਖੁਸ਼ੀ ਇਸ ਗੱਲ ਦੀ ਹੈ ਕਿ ਸਾਡੇ ਵਿਚ ਮੇਲ ਵਾਲੀਆਂ ਗੱਲਾਂ ਬਹੁਤੀਆਂ ਹਨ, ਜਿਵੇਂ ਚਾਹ, ਕਾਫ਼ੀ, ਕੋਕਾ ਕੋਲਾ ਆਦਿ ਨਾ ਪੀਣਾ, ਸਵੇਰੇ ਵੱਧ ਤੋਂ ਵੱਧ ਅੰਮ੍ਰਿਤ ਵੇਲੇ ਉਠਕੇ ਇਸ਼ਨਾਨ ਕਰਨਾ, ਭਜਨ ਕਰਨਾ, ਬਾਣੀ ਪੜ੍ਹਨੀ, ਆਦਿ। ਸਤਿਗੁਰੂ ਜੀ ਨੇ ਦੱਸਿਆ ਕਿ ਸੇਠ ਤਰਲੋਕ ਸਿਘ ਹੋਰਾਂ ਨੂੰ ਬੰਬਈ ਕੇਂਦਰ ਦਾ ਮੈਂਬਰ ਵੀ



Sri Satguru Jagjit Singh Ji Elibrary NamdhariElibrary@gmail.com

ਬਣਾਇਆ ਸੀ। (ਸੇਠ ਜੀ ਸੱਜੇ ਪਾਸੇ ਕੋਲ ਹੀ ਬੈਠੇ ਸਨ।)

ਸਤਿਗੁਰੂ ਜੀ ਨੇ ਪਿਛੇ ਨੂੰ ਝਾਤ ਮਾਰਦਿਆਂ ਦੱਸਿਆ ਕਿ ਸੇਠ ਜੀ ਨੂੰ ਬੰਬਈ ਉਸੇ ਕੇਂਦਰ ਵਿਚੋ ਟੈਲੀਫੋਨ ਉੱਤੇ ਕਿਸੇ ਨੇ ਸਖ਼ਤ ਸ਼ਬਦ ਵਰਤੇ ਤਾਂ ਕੋਲ ਖਲੋਤੇ ਸੰਚਾਲਕ ਨੇ ਉਸਨੂੰ ਤਾੜਿਆ ਕਿ ਤੈਨੂੰ ਕੋਮਲ ਸ਼ਬਦ ਨਹੀ ਵਰਤਨੇ ਆਉਂਦੇ? ਇਸ ਗੱਲ ਨੂੰ ਉਹੋ ਸਮਝ ਸਕਦਾ ਹੈ ਜੋ ਸੰਗੀਤ ਦੀਆਂ ਸੱਤ ਸੁਰਾਂ ਦਾ ਗਿਆਨ ਰਖਦਾ ਹੈ। ਜਿਸਨੂੰ ਪਤਾ ਹੀ ਨਹੀ ਉਹਦੇ ਵਾਸਤੇ ਬੇਸੁਰ ਸੁਰਾਂ ਦਾ ਲੱਗਣਾ ਅਨਰਥਕਾਰੀ ਨਹੀ ਜਾਪਦਾ। ਪਰ ਜੋ ਜਾਣਦਾ ਹੈ ਉਹੋ ਦੱਸੇਗਾ ਕਿਨੇ ਬੇਸੁਰੇ ਸੁਰ ਲਗ ਗਏ। ਇੰਜ ਹੀ ਸਾਡੇ ਅਜੋਕੇ ਚੰਗੇ ਸਾਧੂ ਵਿਅਕਤੀ ਵਧੇਰੇ ਗਿਆਨ ਕਾਰਨ ਸਾਨੂੰ ਸੁਮਾਰਗ ਪਾਉਣ ਦਾ ਪ੍ਰਯਤਨ ਕਰਦੇ ਹਨ।

ਸਤਿਗੁਰੂ ਜੀ ਦਾ ਜੀ ਕਰਦਾ ਸੀ ਕਿ ਹਰੇ ਕ੍ਰਿਸ਼ਨਾ ਧਾਮ ਵਿਚ ਖੂਹ ਲਗਾ ਹੋਵੇ। ਆਪ ਨੇ ਨਾਮਧਾਰੀ ਸੰਗਤ ਨੂੰ ਖੂਹ ਲੁਆਕੇ ਦੇਣ ਨੂੰ ਕਿਹਾ ਪਰ ਛੇਤੀ ਹੀ ਪਤਾ ਲਗ ਗਿਆ ਖੂਹ ਏਥੇ ਪਹਿਲਾਂ ਤੋਂ ਹੀ ਹੈ। ਇੰਜ ਹੀ ਹਰੇ ਕ੍ਰਿਸ਼ਨਾ ਧਾਮ ਵਾਲੇ ਗਊਆਂ ਦਾ ਧਿਆਨ ਵੀ ਕਰਦੇ ਹਨ। ਇਸ ਤੇ ਸਤਿਗੁਰੂ ਜੀ ਨੇ ਇਕ ਹਕੀਕੀ ਕਥਾ ਸੁਣਾਈ ਕਿ ਗਊ ਸਿਰਫ਼ ਦੁੱਧ ਹੀ ਨਹੀ ਦਿੰਦੀ, ਇਹ ਆਪਣੇ ਕਾਤਲਾਂ ਨੂੰ ਵੀ ਦੁੱਧ ਹੀ ਦਿੰਦੀ ਹੈ, ਪਰ ਇਹ ਹੋਰ ਤਰਾਂ ਵੀ ਸਹਾਇਤਾ ਦਿੰਦੀ ਹੈ। ਸ਼ੇਰ ਦੀਨ ਤਪੇ ਵਾਲੇ ਦੀ ਸਾਖੀ ਦਾ ਸੰਖੇਪ ਦਸਿਆ ਕਿ ਕਿਵੇਂ ਉਸ ਗਊ ਪਿਆਰੇ ਨੂੰ ਮਰਨੋਂ ਬਚਾਇਆ।

ਸਤਿਗੁਰੂ ਜੀ ਨੇ ਸਵਾਮੀ ਜੀ ਦੇ ਆਰੰਭ ਵਿਚ ਪਬਲਿਕ ਵਲੋਂ ਬੁਲਾਏ ਜੈਕਾਰੇ ਦਾ ਵੀ ਨੋਟਿਸ ਲਿਆ। ਬਚਨ ਕੀਤਾ : ਸਵਾਮੀ ਜੀ ਨੇ ਜੋ ਬੁਲਾਂਦਿਆਂ ਹਰਿਨਾਮ ਮਹਾ ਮੰਤਰ ਦੀ ਜੈ ਬੋਲਣ ਲਈ ਕਿਹਾ ਸੀ ਪਰੰਤੂ ਇਹੋ ਮਹਾ ਮੰਤਰ ਅਜ ਸਾਨੂੰ ਵਿਸਰਦਾ ਜਾ ਰਿਹਾ ਹੈ। ਜਿਨਾਂ ਨੇ ਇਹ ਮਹਾ ਮੰਤਰ ਕਮਾਏ ਹਨ ਉਹ ਜਾਣਦੇ ਹਨ ਕਿ ਕਿਵੇਂ ਉਨਾਂ ਮੰਤਰਾਂ ਦੇ ਪੜ੍ਹਿਆਂ ਸੱਪ ਦੀ ਜ਼ਹਿਰ ਉਤਰ ਜਾਂਦੀ ਹੈ ਅਤੇ ਇਹ ਤਾਂ ਮਹਾਂ ਮੰਤਰ ਹੈ : ਸਰਬਰੋਗ ਕਾ ਅਉਖਧਿ ਨਾਮੁ।

"ਮਨੁੱਖ ਦੇ ਗੁਰੂ ਤਾਂ ਬਹੁਤ ਹੋ ਸਕਦੇ ਹਨ ਪਰ ਸਤਿਗੁਰੂ ਇਕੋ ਹੁੰਦਾ ਹੈ ਜੁ ਮਨੁੱਖ ਦਾ ਜੀਵਨ ਮਾਰਗ ਪ੍ਰਸ਼ਸਤ ਕਰਦਾ ਹੈ। ਅਤੇ ਉਸ ਨੂੰ ਖੋਟੇ ਰਾਹ ਤੇ ਪੈਣੋਂ ਤੇ ਭਟਕਣੋਂ ਵਰਜਦਾ ਹੈ। ਅਤੇ ਸਤਿਗੁਰੂ ਜੀ ਨੇ ਗੁਰਬਾਣੀ, ਗੀਤਾ, ਰਾਮਾਇਣ ਆਦਿ ਵਿਚੋਂ ਪ੍ਰਮਾਣ ਦੇ ਕੇ ਅਵਤਾਰਾਂ ਸਤਿਗੁਰਾਂ ਦਾ ਬਾਰ ਬਾਰ ਦੁਨੀਆਂ ਤੇ ਆਉਣਾ ਦੱਸਿਆ। ਸਾਰੇ ਮਹਾਪੁਰਖਾਂ ਦਾ ਸਿਧਾਂਤ ਇਕੋ ਹੈ ਮਨੁੱਖ ਸਮਾਜ ਦੀ ਬਿਹਤਰੀ। ਪਰ ਸਾਡੇ ਵਿਚ ਪਾਟਕ ਪਾਉਣ ਵਾਲਾ ਅੰਗਰੇਜ਼ ਆਇਆ ਉਸ ਨੇ ਸਾਨੂੰ ਆਪਣੀ ਲੋੜ ਅਨੁਸਾਰ ਪਾੜ ਕੇ ਆਪਣਾ ਰਾਜ ਚਲਾਇਆ। ਪਰ ਉਹਦੀ ਸਿੱਖਿਆ ਦਾ ਕੁਝ ਪ੍ਰਭਾਵ ਸਾਡੇ ਤੇ ਐਸਾ ਪਿਆ ਹੈ ਜੋ ਅਜੇ ਤਕ ਨਹੀ ਸਾਥੋਂ ਦੂਰ ਹੁੰਦਾ।

"ਗੁਰਬਾਣੀ ਵਿਚ ਆਉਂਦਾ ਹੈ, ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਅਉ। ਤ੍ਰੇਤੈ ਤੈ ਮਾਣਿਓ ਰਾਮੁ ਰਘੂਵੰਸੁ ਕਹਾਇਅਉ। ਉਗ੍ਰਸੈਨ ਕਉ ਰਾਜ ਅਭੈ ਭਗਤਹ ਜਨ ਦੀਅਉ। ਅਤੇ ਇਸ ਸ਼ਬਦ ਨਾਲ ਗੁਰੂ ਨਾਨਕ ਦੇਵ ਜੀ ਦੀ ਕੜੀ ਨੂੰ ਮੇਲਦੇ ਹੋਇਆਂ ਜਦੋਂ ਭਗਵਾਨ ਰਾਮ, ਭਗਵਾਨ ਕ੍ਰਿਸ਼ਨ ਦੇ ਨਾਲ ਸਾਨੂੰ ਗੁਰਬਾਣੀ ਦੁਆਰਾ ਜੋੜ ਦਿਤਾ ਗਿਆ ਹੈ, ਫਿਰ ਅਸੀ ਵਖਰੇ ਕਿਵੇਂ ਹੋਏ? ਤੁਸੀ ਕਦੀ ਅਖ਼ਬਾਰਾਂ ਵਿਚ,



Sri Satguru Jagjit Singh Ji Elibrary NamdhariElibrary@gmail.com

ਕਿਤਾਬਾਂ ਵਿਚ ਇਹ ਨਹੀ ਪੜੋਗੇ। ਓਥੇ ਤਾਂ ਉਹ ਗੱਲਾ ਚਾਹੀਦੀਆਂ ਹਨ ਜਿਸ ਨਾਲ ਅਸੀ ਪਰਸਪਰ ਜੁੜ ਨ ਸਕੀਏ। ਇਸੇ ਲਈ ਉਹ ਇਹ ਗੱਲਾਂ ਨਹੀਂ ਕਰਦੇ।"

ਸਤਿਗੁਰੂ ਜੀ ਨੇ ਦੱਸਿਆ ਕਿ ਹਰੀਨਾਮ ਮੰਤਰ ਨੂੰ ਜਪਣ ਵਾਲੇ ਸਾਧੂ ਸ਼ਾਂਤ ਸੁਭਾਵੀ ਹੁੰਦੇ ਹਨ, ਦੂਜਿਆਂ ਨੂੰ ਸ਼ਾਂਤ ਕਰਦੇ ਹਨ। ਜੋ ਕੁਝ ਵਾਪਰਦਾ ਪਿਆ ਹੈ ਇਹ ਗੁਰੂ ਤੋਂ ਬੇਮੁਖ ਹੋਣ ਦਾ ਹੀ ਕਾਰਨ ਹੈ। ਸਤਿਗੁਰੂ ਜੀ ਕਹਿੰਦੇ ਹਨ : ਬੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ। ਅੰਤ ਉਤੇ ਸਤਿਗੁਰੂ ਜੀ ਨੇ ਬਚਨ ਕੀਤਾ : ਬੜੀ ਖੁਸ਼ੀ ਹੁੰਦੀ ਹੈ ਜਦੋਂ ਭਗਵਾਨ ਰਾਮ ਦੇ ਸੇਵਕ, ਭਗਵਾਨ ਕ੍ਰਿਸ਼ਨ ਦੇ ਸੇਵਕ, ਗੁਰੂ ਨਾਨਕ ਦੇਵ ਜੀ ਦੇ ਸਿੱਖ, ਗੁਰੂ ਗੋਬਿੰਦ ਸਿੰਘ ਜੀ ਤੇ ਗੁਰੂ ਰਾਮ ਸਿੰਘ ਜੀ ਦੇ ਸੇਵਕ ਮਿਲਕੇ ਬੈਠਦੇ ਹਨ। ਇਹ ਗੁਰੂ ਅਤੇ ਅਵਤਾਰ ਸਾਰੇ ਸਾਡੇ ਹਨ ਅਤੇ ਅਸੀ ਸਭ ਇਨ੍ਹਾਂ ਦੇ ਹਾਂ। ਇਹਨਾਂ ਲੀਹਾਂ ਉਤੇ ਚੱਲ ਕੇ ਹੀ ਅਸਾਂ ਸੰਸਾਰ ਯਾਤਰਾ ਕਰਨੀ ਹੈ। ਤੁਸੀ ਸਾਰੇ ਹੀ ਇਹ ਨੇਮ ਬਣਾ ਲਓ ਕਿ ਇਕ ਘੰਟਾ ਨਾਮ ਸਿਮਰਨ ਜ਼ਰੂਰ ਕਰਨਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਕਥਨ ਹੈ, ਹੋਰ ਭਾਵੇ ਕੋਈ ਕੰਮ ਰਹਿ ਜਾਵੇ ਪਰ ਇਕ ਘੰਟਾ ਨਾਮ ਸਿਮਰਨ ਨ ਰਹੇ। ਸਿੱਖ ਤਾਂ ਐਸੇ ਵੀ ਹਨ ਜੋ 8 ਘੰਟੇ ਦੀ ਦਿਹਾੜੀ ਮਿਥਕੇ ਨਾਮ ਵੀ 8 ਘੰਟੇ ਹੀ ਜਪਦੇ ਹਨ।

"ਸਵਾਮੀ ਜੀ ਨੇ ਕਿਰਪਾ ਕੀਤੀ ਹੈ ਕਿ ਚੰਡੀਗੜ੍ਹ ਬੁਲਾ ਲਿਆ ਹੈ। ਚੰਡੀਗੜ੍ਹ ਵਾਲੇ ਸਿੰਘ ਜਾਣਦੇ ਹਨ ਕਿ ਮੈਂ ਇਨ੍ਹਾਂ ਨੂੰ ਕਿੰਨਾਂ ਕੁ ਵਕਤ ਦਿੰਦਾ ਹਾਂ, ਪਰ ਅੱਜ ਬਹੁਤ ਸਾਰਾ ਸਮਾਂ ਮਿਲ ਗਿਆ ਹੈ।

## ਸ੍ਰੀ ਨਵਯੋਗੇਂਦ੍ਰ ਸਵਾਮੀ ਵਲੋਂ

ਸਤਿਗੁਰੂ ਜੀ ਦੇ ਬਚਨ ਸੁਣ ਕੇ ਸਵਾਮੀ ਜੀ ਨੇ ਫਿਰ ਹਾਰਦਿਕ ਧਨਵਾਦ ਕੀਤਾ ਅਤੇ ਸੇਵਕਾਂ ਨੂੰ ਸਤਿਗੁਰੂ ਜੀ ਦੇ ਬਚਨ ਜੀਵਨ ਵਿਚ ਧਾਰਨ ਕਰਨ ਦੀ ਪ੍ਰੇਰਨਾ ਕੀਤੀ। ਬਾਰ ਬਾਰ ਧਨਵਾਦ ਕਰਦਿਆਂ ਸ੍ਰੀ ਨਵਯੋਗੇਂਦ੍ਰ ਸਵਾਮੀ ਜੀ ਨੇ ਆਗ੍ਰਹਿ ਕੀਤਾ ਕਿ ਉਨ੍ਹਾਂ ਦੀ ਸੰਸਥਾ ਦਾ, ਜਿਵੇ ਸੇਠ ਤਰਲੋਕ ਸਿੰਘ ਨੂੰ ਉਨ੍ਹਾਂ ਮੈਂਬਰ ਬਣਾਇਆ ਹੈ, ਆਪ ਵੀ ਕ੍ਰਿਪਾ ਕਰਨ ਸਾਡੀ ਸਾਰੀ ਸੰਸਥਾ ਦੀ ਮੈਂਬਰਸ਼ਿਪ ਪਰਵਾਨ ਕਰਨ। ਅਗੇ ਉਨ੍ਹਾਂ ਦੀ ਰਜ਼ਾ ਹੈ। ਸਵਾਮੀ ਜੀ ਨੇ ਦੋਹਰ ਲਾਈ ਕਿ ਅੰਤਰ ਰਾਸ਼ਟਰੀ ਸ੍ਰੀ ਕ੍ਰਿਸ਼ਨ ਭਾਵਨਾਮ੍ਰਿਤ ਸੰਘ ਦੇ ਆਜੀਵਨ ਮੈਂਬਰ ਬਣਨ। ਇਹ ਉਹਨਾਂ ਦਾ ਹੀ ਕੰਮ ਹੈ, ਅਸੀਂ ਤਾਂ ਉਨ੍ਹਾਂ ਦੀ ਸੇਵਾ ਹੀ ਕਰਦੇ ਹਾਂ।

ਸਤਿਗੁਰੂ ਜੀ ਨੇ ਪ੍ਰਸੰਨਤਾ ਪਰਗਟ ਕਰਦਿਆਂ ਅਤੇ ਇਸਨੂੰ ਪਵਿੱਤਰ ਮੈਂਬਰਸ਼ਿਪ ਪਰਵਾਨਦਿਆਂ 'ਹਰੇ ਰਾਮਾ ਹਰੇ ਕ੍ਰਿਸ਼ਨਾਂ' ਦੇ ਕੰਮਾਂ ਦੀ ਵਿਆਖਿਆ ਕੀਤੀ।

ਸਵਾਮੀ ਜੀ ਨੇ ਹਿਜ਼ਹੋਲੀਨੈਸ ਸਤਿਗੁਰੂ ਜਗਜੀਤ ਸਿੰਘ ਜੀ ਦੀ ਜੈ ਦੇ 6-7 ਵਾਰ ਨਾਅਰੇ ਲਗਵਾਏ ਅਤੇ ਨਾਮਧਾਰੀ ਸੰਗਤ ਦੀ ਜੈ ਵੀ ਬੁਲਾਈ ਗਈ।

## ਸਾਫਾ ਚੜ੍ਹਾਇਆ ਸਵਾਮੀ ਜੀ ਨੂੰ

ਸਤਿਗੁਰੂ ਜੀ ਨੇ ਚੰਡੀਗੜ੍ਹ ਵਾਲੇ ਨਾਮਧਾਰੀਆਂ ਨੂੰ ਇਸ ਸੰਸਥਾ ਦੇ ਚੰਗੀ ਤਰ੍ਹਾਂ



Sri Satguru Jagjit Singh Ji Elibrary NamdhariElibrary@gmail.com

ਨੇਮ ਉਪਨੇਮ ਪੜ੍ਹ ਕੇ ਇਸ ਸੰਸਥਾ ਦੇ ਮੈਂਬਰ ਬਣਨ ਦੀ ਪਰਵਾਨਗੀ ਦਿਤੀ।

ਇਸ ਤੋਂ ਉਪਰੰਤ ਮੂਰਤੀ ਪੂਜਾ ਲਈ ਕੀਰਤਨ ਹੋਣ ਲਗਾ। 15 ਕੁ ਮਿੰਟ ਦਾ ਇਹ ਕਾਰਜ ਕਰਮ ਖਲੋ ਕੇ ਹੋਇਆ। ਸਵਾਮੀ ਜੀ ਦੀ ਅਗਵਾਈ ਵਿਚ ਕੀਤਰਨ ਜਾਰੀ ਹੋ ਗਿਆ ਅਤੇ ਇਕ ਵਡ ਉਮਰੀ ਭਗਵੇ ਵਸਤਰ ਧਾਰੀ ਬੀਬੀ ਨੇ ਪੂਜਾ, ਅਰਚਾ, ਬੰਦਨਾ ਆਦਿ ਕੀਤੀ। ਅੰਦਰ ਭਗਵਾਨ ਕ੍ਰਿਸ਼ਨ ਆਦਿ ਦੀਆ ਮੂਰਤੀਆਂ ਅਤੇ ਬਾਹਰ ਸ੍ਰੀ ਪ੍ਰਭੂ ਪਾਦ ਸਵਾਮੀ ਜੀ ਦੀ ਫੋਟੋ ਵੀ ਪੂਜਾ ਦਾ ਮਾਧਿਅਮ ਬਣੀ ਹੋਈ ਸੀ।

ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਏਥੇ ਜੋ ਵੀ ਚੜ੍ਹਾਵਾ ਚੜ੍ਹਿਆ, ਜੋ ਸੈਂਕੜਿਆਂ-ਹਜ਼ਾਰਾਂ ਦੀ ਤਾਦਾਦ ਵਿਚ ਸੀ ਮੇਰੇ ਰਾਹੀਂ ਸਵਾਮੀ ਜੀ ਦੇ ਹਵਾਲੇ ਕਰ ਦਿਤਾ।

ਵਿਦਾਈ ਸਮੇਂ ਸਵਾਮੀ ਜੀ ਦੇ ਗਾਏ ਭਜਨਾਂ ਦੀ ਇਕ ਕੈਸੇਟ ਭੇਟ ਕੀਤੀ ਗਈ।

ਮੈਂ ਸ੍ਰੀ ਸਤਿਗੁਰੂ ਜੀ ਦੇ ਲਗਾਤਾਰ ਸਵਾ ਘੰਟਾ ਸਮਾਂ ਦੇਣ ਜਿਸ ਤੋਂ ਉਪਰੰਤ 15-20 ਮਿੰਟ ਦਾ ਖਲੋਣ ਵੀ ਸੀ, ਦਾ ਜ਼ਿਕਰ ਕਰਦਿਆਂ ਆਪ ਜੀ ਦੀ ਥਕਾਵਟ ਬਾਰੇ ਜਾਨਣਾ ਚਾਹਿਆ। ਆਪ ਜੀ ਨੇ ਬਚਨ ਕੀਤਾ : ਜਿਥੇ ਸਰਧਾ, ਪ੍ਰੇਮ ਅਤੇ ਭਗਤੀ ਹੋਵੇ, ਉਥੇ ਵਕਤ ਬੀਤਦਿਆਂ ਪਤਾ ਨਹੀਂ ਲਗਦਾ। ਸਗੋਂ ਖੁਸ਼ੀ ਹੁੰਦੀ ਹੈ।

**3370 ਨੰਬਰ ਵਿਚ**

ਇਸ ਸਮਾਗਮ ਤੋਂ ਵਿਦਾ ਹੋਕੇ ਸਤਿਗੁਰੂ ਜੀ ਸਿਧੇ ਸੰਤ ਮੰਗਲ ਸਿੰਘ ਦੇ ਘਰ ਆਏ। ਤਾਂ ਏਥੇ ਵੀ ਗੁਰੂ ਕੇ ਦਰਸ਼ਨ ਪ੍ਰੇਮੀਆਂ ਦੀਆਂ ਭੀੜਾਂ ਲਗ ਗਈਆਂ। ਸ. ਹੰਸਪਾਲ ਐਮ.ਪੀ. ਵੀ ਹਵਾਈ ਸਫਰ ਕਰਕੇ ਸਵਾਮੀ ਜੀ ਦੇ ਸਮਾਗਮ ਵਿਚ ਆ ਪਹੁੰਚਾ ਸੀ। ਆਉਣਾ ਤਾਂ ਸ. ਮਨਚੰਦਾ ਨੇ ਵੀ ਸੀ ਪਰ ਜਹਾਜ਼ ਦੀ ਟਿਕਟ ਖਰੀਦ ਕੇ ਵੀ ਪਛੜ ਗਿਆ। ਹੁਣ ਬਸ ਦੁਆਰਾ ਮਾਰੋਮਾਰ ਕਰਦਾ ਆ ਰਿਹਾ ਹੈ।

ਏਧਰ ਸਤਿਗੁਰੂ ਜੀ ਨੇ ਇਸ਼ਨਾਨਪਾਣੀ ਕਰ, ਪ੍ਰਸ਼ਾਦ ਛਕ ਲਿਆ ਤੇ ਜ਼ਰਾ ਕੁ ਚਿਰ ਲਈ ਬਿਰਾਜ ਗਏ। ਵਿਸ਼ੇਸ਼ ਦਰਸ਼ਨ ਕਰਨ ਆਇਆਂ ਚੋ ਬੀਬੀ ਧਰਮ ਕੌਰ ਸੁਪਤਨੀ ਸਵਰਗਵਾਸੀ ਸ. ਕੇਹਰ ਸਿੰਘ ਮਾਨ, ਇਹਨਾਂ ਦਾ ਪੋਤਾ ਸ. ਗੁਰਮੀਤ ਪਾਲ ਸਿੰਘ ਸਪੁਤ੍ਰ ਸ. ਰਾਮਿੰਦਰ ਸਿੰਘ ਮਾਨ, ਸ. ਅਨੂਪ ਸਿੰਘ ਰੀਟਾਇਰਡ ਡੀ.ਐਸ.ਪੀ., ਸ. ਦਲੀਪ ਸਿੰਘ ਮੈਂਬਰ ਪਬਲਿਕ ਸਰਵਿਸਜ਼ ਕਮਿਸ਼ਨ (ਏਥੇ ਭਰਾ) ਰਜੇ ਜੋੜਾਂ ਦੇ। ਇਕ ਹਿੰਦੂ ਜੈਂਟਲਮੈਨ ਆਪਣੀ ਸੁਪਤਨੀ ਸਮੇਤ ਵਿਸ਼ੇਸ਼ ਕਰਕੇ ਪਤਾ ਕਰਦਾ ਆਇਆ। ਕਹਿੰਦਾ ਹੈ, ਦਰਸ਼ਨ ਕੀਤੇ ਬਿਨਾ ਨਹੀਂ ਸੀ ਜਾਣਾ। ਹੋਰ ਵੀ ਕਿੰਨੇ ਹੀ ਵਿਅਕਤੀ ਆਏ।

ਸੱਚੇ ਪਾਤਸ਼ਾਹ ਜੀ ਨੇ 12 ਵਜੇ ਦੁਪਹਿਰ 3370 ਵਿਚੋਂ ਚੱਲ ਪੈਣਾ ਹੈ ਹਵਾਈ ਅੱਡੇ ਲਈ। ਸਤਿਗੁਰੂ ਜੀ ਉਠੇ ਤਾਂ ਬੀਬੀ ਧਰਮ ਕੌਰ ਤੇ ਗੁਰਮੀਤਪਾਲ ਸਿੰਘ ਨੂੰ ਬਚਨ ਕਰਨ ਦਾ ਮਾਣ ਬਖਸ਼ਿਆ। ਹੋਰ ਵੀ ਐਸੇ ਲੋਕ ਸਨ।

ਸ. ਹੰਸਪਾਲ ਜੀ ਨੇ ਮੇਰੇ ਨਾਲ ਅਨੇਕ ਪਰਕਾਰ ਦੀਆਂ ਗੱਲਾਂ ਕੀਤੀਆਂ ਅਤੇ ਦੱਸਿਆ ਕਿ ਰੋਜ਼ਾਨਾ 'ਅਜੀਤ' ਵਿਚ ਉਸਦੀ ਭੇਜੀ ਵਿਸ਼ਵ ਪੰਜਾਬੀ ਕਾਨਫਰੰਸ ਬੈਂਕਾਕ ਬਾਰੇ ਕੀਤੀ ਕਾਨਫਰੰਸ ਦੀਆਂ ਖ਼ਬਰਾਂ ਖੂਬ ਦਿਤੀਆਂ। ਮੈਂ ਦੱਸਿਆ ਕਿ ਸ. ਹਮਦਰਦ ਨੇ ਉਹਨਾਂ ਦੀ ਕਾਨਫਰੰਸ ਬਾਰੇ ਸੰਪਾਦਕੀ ਵੀ ਲਿਖਿਆ ਹੈ।



Sri Satguru Jagjit Singh Ji Elibrary NamdhariElibrary@gmail.com

ਭੈਣੀ ਸਾਹਿਬੋਂ ਮੈਨੂੰ ਇਹ ਵੀ ਪਤਾ ਲਗਾ ਕਿ ਸਤਿਗੁਰੂ ਜੀ ਨੇ ਭੈਣੀ ਸਾਹਿਬ ਵਾਸਤੇ 100 ਏਕੜ ਜ਼ਮੀਨ ਲੈ ਲਈ ਹੈ। ਹੋਰ ਵੀ ਜਿਵੇਂ ਰੋਤੇ ਕੋਲ 150 ਏਕੜ। ਇਹ ਕ੍ਰਮ ਜਾਰੀ ਰਹੇਗਾ।

ਫਿਰ ਸਤਿਗੁਰੂ ਜੀ ਵਲੋਂ ਸਾਰੇ ਆਇਆਂ ਨੂੰ ਦਰਸ਼ਨ ਦੇ ਬਚਨ ਕਰ, ਤਿੰਨ ਕਾਰਾਂ ਹਵਾਈ ਅੱਡਾ ਚੰਡੀਗੜ੍ਹ ਨੂੰ ਤੁਰ ਪਈਆਂ।

## ਸੰਤ ਬਖਸ਼ੀਸ਼ ਸਿੰਘ ਘੜੀਸਾਜ਼

ਮੈਨੂੰ ਸੰਤ ਬਖਸ਼ੀਸ਼ ਸਿੰਘ 18 ਸੈਕਟਰ ਵਾਲੇ, ਜਿਹੜੇ ਮੇਰੇ ਡੂੰਤਰ ਦੇ ਹੀ ਵਾਕਫ਼ ਤੇ ਮਿੱਤਰ ਸਨ, ਆਏ ਸਕੂਟਰ ਤੇ ਏਅਰਪੋਰਟ ਨੂੰ ਲੈ ਤੁਰੇ। ਰਾਹ ਵਿਚ ਗੱਲਾਂ ਬਾਤਾਂ ਕਰਦਿਆਂ ਉਨ੍ਹਾਂ ਖੁਸ਼ੀ ਪਰਗਟ ਕੀਤੀ ਕਿ ਇਸ ਵਾਰ ਜਦੋਂ ਸਤਿਗੁਰੂ ਜੀ ਦੇ ਦਰਸ਼ਨ ਕੀਤੇ, ਉਨ੍ਹਾਂ ਬਚਨ ਕੀਤਾ . ਆਓ ਸੇਠ ਬਖਸ਼ੀਸ਼ ਸਿੰਘ ਜੀ। ਮੈਂ ਬੇਨਤੀ ਕੀਤੀ . ਆਪ ਜੀ ਨੇ ਬੜੀ ਕਿਰਪਾ ਕੀਤੀ ਹੈ, ਮੈਨੂੰ ਸੇਠ ਬਣਾ ਦਿਤਾ ਜੇ, ਪਰ ਮੈਨੂੰ ਸੇਠ ਸਾਧ ਸੰਗਤ ਅਤੇ ਗੁਰੂ ਵਾਲੇ ਪਾਸੇ ਦਾ ਹੀ ਬਣਾਇਓ ਜੇ। ਹਿੱਕ ਤੇ ਧਰਕੇ ਮਰਨ ਵਾਲਾ ਨ ਬਣਾਉਣਾ। ਉਸ ਦੀ ਘੜੀ ਚਮਕਾਂ ਮਾਰਦੀ ਸੀ। ਮੈਂ ਪੁਛਿਆ : ਕਿਨੇ ਦੀ ਹੈ? "5000/- ਦੀ ਹੈ ਸਕਰੈਚ ਪਰੂਫ।"

ਬੜੇ ਮੁੱਲ ਦੀ ਹੈ, ਬੜੀ ਸੋਹਣੀ ਹੈ।

ਇਹ ਕਾਹਦਾ ਮੁਲ ਹੈ ਜੀ, ਸੁਰਿੰਦਰ ਸਿੰਘ ਮਨਚੰਦਾ ਪਾਸ ਇਕ ਘੜੀ ਵੇਖੀ, ਉਹ 17,00,000/- ਮੁਲ ਦੀ ਸੀ। ਕਹਿਣ ਲਗੇ ਘੜੀ ਕਾਰਾਂ ਤੋਂ ਦੋ ਲੱਖ ਮਹਿੰਗੀ ਹੈ।

ਇਹ ਗੱਲਾਂ ਤਾਂ ਸਾਡੇ ਕਰਨ ਸਮਝਣ ਤੋਂ ਬਹੁਤ ਅਗੇ ਦੀਆਂ ਹਨ ਪਰ ਬਖਸ਼ੀਸ਼ ਸਿੰਘ ਤਾਂ ਘੜੀਆਂ ਦਾ ਵਿਕ੍ਰੇਤਾ ਵੀ ਹੈ ਤੇ ਘੜੀਸਾਜ਼ ਵੀ ਹੈ।

## ਸੇਠ ਤਰਲੋਕ ਸਿੰਘ ਦਾ ਬਖਸ਼ੀਸ਼

ਬਖਸ਼ੀਸ਼ ਸਿੰਘ ਦਾ ਜ਼ਿਕਰ ਆਇਆ ਤਾਂ ਇਕ ਬਖਸ਼ੀਸ਼ ਸਿੰਘ ਹੋਰ ਵੀ ਯਾਦ ਆ ਗਿਆ। ਅੱਜ ਸਵੇਰੇ ਆਸਾ ਦੀ ਵਾਰ ਦੀ ਅਰਦਾਸ ਕਰਦਿਆਂ ਸੰਤ ਪੁਰਖੇ ਨੇ ਬੇਨਤੀ ਕੀਤੀ ਸੀ ਕਿ ਬਖਸ਼ੀਸ਼ ਸਿੰਘ ਨੂੰ ਅਰੋਗਤਾ ਪ੍ਰਦਾਨ ਹੋਵੇ। ਚੰਡੀਗੜ੍ਹ ਵਿਚ ਸੇਠ ਤਰਲੋਕ ਸਿੰਘ ਜੀ ਨਾਲ ਦਿਲੀਓ ਆਈ, ਉਨ੍ਹਾਂ ਦੀ ਨੂੰਹ ਬੀਬੀ ਚਰਨਜੀਤ ਨੇ ਦਸਿਆ ਕਿ ਕੱਲ੍ਹ ਭੈਣੀ ਸਾਹਿਬ ਤਾਰ ਪਾਈ ਸੀ ਕਿ ਭਾ ਜੀ ਬਖਸ਼ੀਸ਼ ਸਿੰਘ ਨੂੰ ਹਾਈ ਬਲੱਡ ਪ੍ਰੈਸ਼ਰ ਦਾ ਦੌਰਾ ਪੈ ਗਿਆ ਏ। ਅੱਜ ਸ. ਮੰਗਲ ਸਿੰਘ ਘਰ ਸਿਆਣੀ ਮਹਿੰਦਰ ਕੌਰ ਨੂੰ ਵੇਖਿਆਂ ਜਾਪਿਆ ਕਿ ਉਹ ਵੀ ਕਾਫ਼ੀ ਕਮਜ਼ੋਰ ਹੈ। ਉਹ ਪਿਛਲੇ ਕੁਝ ਦਿਨ ਬੈਂਕਾਕ ਰਹਿ ਕੇ ਆਈ ਹੈ। ਇਹ ਪਰਵਾਰ ਸਤਿਗੁਰੂ ਜੀ ਦੇ ਦਰਸ਼ਨ ਕਰਨ ਭੈਣੀ ਸਾਹਿਬ ਆਇਆ ਸੀ। ਬਿਨਾ ਬੀਬੀ ਚਰਨਜੀਤ ਤੋਂ ਬਾਕੀ ਪਰਵਾਰ ਦਿੱਲੀ ਪੁਜ ਗਿਆ ਹੈ।

## ਚੰਡੀਗੜ੍ਹ ਏਅਰ ਪੋਰਟ ਤੇ

ਮੈਂ ਅਤੇ ਬਖਸ਼ੀਸ਼ ਸਿੰਘ, ਉਡਾਣ ਤੋਂ 5 ਕੁ ਮਿੰਟ ਪਹਿਲਾਂ ਹੀ ਏਅਰਪੋਰਟ



Sri Satguru Jagjit Singh Ji Elibrary NamdhariElibrary@gmail.com

ਏਅਰਕੰਡੀਸ਼ਨਡ ਵੀ.ਆਈ.ਪੀ. ਵੇਟਿੰਗ ਰੂਮ ਵਿਚ ਪਹੁੰਚੇ। ਏਥੇ ਸ੍ਰੀ ਸਤਿਗੁਰੂ ਜੀ ਤਾਂ ਸੋਫੇ ਤੇ ਬਿਰਾਜਮਾਨ ਸਨ ਪਰ ਸ. ਹੰਸਪਾਲ, ਸ. ਮਨਚੰਦਾ, ਸੇਵਕ ਬਲਦੇਵ ਸਿੰਘ, ਸੰਤ ਅਵਤਾਰ ਸਿੰਘ ਘੁੰਮਣ ਅਤੇ ਸੰਤ ਮੋਹਕਮ ਸਿੰਘ ਚਰਨਾਂ ਪਾਸ ਨਾਲ ਗਲੀਚੇ ਉਤੇ ਬੈਠੇ ਹੋਏ ਸਨ।

ਮੈਂ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਤਾਂ ਪਿਆਰ ਨਾਲ ਚਰਨ ਦਬਾਣ ਲਗ ਪਿਆ। ਸੱਚੇ ਪਾਤਸ਼ਾਹ ਮੁਸਕਰਾਏ : ਅਜੇ ਲੋੜ ਨਹੀਂ। ਅਜੇ ਮੈਂ ਥੱਕਿਆ ਨਹੀਂ।

ਏਥੇ ਇਕ ਭਾਰੀ ਸਰੀਰ, ਉਨਾਬੀ ਸੂਟ, ਕਾਲੇ ਕੀਤੇ ਕੇਸ ਅਤੇ ਪ੍ਰੌਢਤਾ ਤੋਂ ਅਗੇ ਲੰਘਦੀ ਇਸਤਰੀ, ਇਕ ਹੋਰ ਇਸਤਰੀ ਨਾਲ ਪਰਿਸਤੇ ਸੋਫੇ ਤੇ ਬੈਠੀ ਵੇਖ, ਪਛਾਣ ਕੇ ਸ. ਹੰਸਪਾਲ ਨੂੰ ਕਿਹਾ : ਸ੍ਰੀਮਤੀ ਬਰਾੜ ਜਾਪਦੀ ਹੈ।

"ਹਾਂ ਜੀ, ਉਹੋ ਹੀ ਹੈ !"

"ਬੜਾ ਚਿਰ ਹੋ ਗਿਆ ਏ ਮਿਲਿਆਂ, ਪਛਾਣੀ ਗਈ ਹੈ।" ਅਤੇ ਸ. ਹੰਸਪਾਲ ਬੀਬੀ ਨੂੰ ਦੱਸਣ ਚਲਾ ਗਿਆ। ਸਤਿਗੁਰਾਂ ਉਠਕੇ ਉਸ ਨੂੰ ਨਿਵਾਜਿਆ। ਉਸ ਕਿਹਾ : ਮੈਂ ਸਤਿਗੁਰੂ ਜੀ ਦੀ ਬਰਾਬਰੀ ਵਿਚ ਕਿਵੇਂ ਬਿਹਾਂ। ਸਤਿਗੁਰਾਂ ਉਸ ਨੂੰ ਜਵਾਨੀ ਦਾ ਚੇਤਾ ਕਰਵਾ ਦਿਤਾ। ਮੈਂ ਤਾਂ ਓਦੋਂ ਦਾ ਹੀ ਤੁਹਾਨੂੰ ਵੇਖਿਆ ਹੋਇਆ ਹੈ, ਜਦੋਂ ਦੇ, ਤੁਸੀਂ 'ਰਾਣੀ' ਹੁੰਦੇ ਸਾਓ, ਓਦੋਂ ਤਾਂ ਸਰੀਰ ਵੀ ਛੀਟਕਾ ਸੀ।

ਅਤੇ ਕੁਛ ਯਾਦਾਂ ਸਾਂਝੀਆਂ ਕਰਕੇ ਉਹ ਉਠਕੇ ਆਪਣੀ ਸਾਥਣ ਕੋਲ ਚਲੀ ਗਈ। ਇਹ ਹਰਿਆਣਾ ਦੇ ਸਾਬਕਾ ਗਵਰਨਰ ਸ. ਹਰਚਰਨ ਸਿੰਘ ਬਰਾੜ ਦੀ ਪਤਨੀ ਸ੍ਰੀਮਤੀ ਗੁਰਵਿੰਦਰ ਕੌਰ ਬਰਾੜ, ਮੈਂਬਰ ਪਾਰਲੀਮੈਂਟ ਹੈ।

### ਪ੍ਰੇਮੀ ਸੁਰਿੰਦਰ ਸਿੰਘ ਮਨਚੰਦਾ

ਸਤਿਗੁਰੂ ਜੀ ਨੇ ਮਨਚੰਦਾ ਸੁਰਿੰਦਰ ਸਿੰਘ ਦਾ ਪ੍ਰੇਮ ਦਸਦਿਆਂ ਕਿਹਾ : ਦਿੱਲੀਓਂ ਹੰਸਪਾਲ ਨੂੰ ਹਵਾਈ ਸਫਰ ਲਈ ਤਿਆਰ ਕੀਤਾ ਸੂ। ਆਪ ਟਿਕਟ ਲੈ ਕੇ ਵੀ ਹਵਾਈ ਜਹਾਜ਼ੋਂ ਰਹਿ ਗਿਆ। ਫਿਰ ਓਸੇ ਵੇਲੇ ਚੱਲਣ ਵਾਲੀ ਬੱਸ ਤੇ ਬੈਠਕੇ ਚੰਡੀਗੜ੍ਹ ਪੁਜਾ। ਓਥੋਂ ਕਿਸੇ ਕੋਲੋਂ ਲਿਫ਼ਟ ਮੰਗ ਕੇ ਏਥੇ ਦੇ ਏਅਰਪੋਰਟ ਤੇ ਆ ਮਿਲਿਆ। ਪੰਜ ਘੰਟਿਆਂ ਦੇ ਸਫਰ ਕਰਨ ਵਾਲਿਆਂ ਵਾਂਗ ਹੀ ਥਿੱਕੀ ਹੋਈ ਸੀ, ਹੁਣ ਮਨਾਲੀ ਤਕ ਨਾਲ ਹੀ ਜਾਵੇਗਾ। ਇਹ ਪ੍ਰੇਮੀ ਵੀ ਅੱਜ ਸਾਡੀ ਜਿਹੜਨ ਨੂੰ ਏਥੇ ਪੁੱਜਾ ਸੀ, ਪਰ ਅਜੇ ਇਕ ਹੋਰ ਪ੍ਰੇਮੀ ਬਾਕੀ ਸੀ।

### ਦੋ ਨਵੇਂਦਰ ਦੇ ਦਰਸ਼ਨ ਪਾਕੇ

ਮਹਿੰਗਾ ਸਿੰਘ ਨਾਮੀ ਮੋਨਾ ਨਮਿਆਕ ਨੇ ਕੋਲ ਆਕੇ ਬੇਨਤੀ ਕੀਤੀ : ਦੀਨ ਦਿਆਲ ਜੀ, ਦੋ ਸਿਖ ਦਰਸ਼ਨ ਕਰਨ ਲਈ ਆਏ ਹਨ। ਕਹਿੰਦੇ ਹਨ, ਨਵੇਂਦਰੋਂ ਪਹੁੰਚੇ ਹਾਂ। ਸਿਖਾਂ ਨੂੰ ਲੈ ਆਉਣ ਦੀ ਆਗਿਆ ਮਿਲ ਗਈ। ਇਕ ਭਰਪੂਰ ਪ੍ਰੌਢ, ਚੌੜੀ ਛਾਤੀ, ਡਬਲ ਸਰੀਰ, ਤੇਜ਼ ਤਰਿਮਤ, ਕਰੜ ਬਰੜੀ ਦਾੜ੍ਹੀ ਵਾਲਾ ਜੱਟ, ਸਵਰਨ ਸਿੰਘ ਜਿਉਂ ਕੋਲ ਪਹੁੰਚਿਆ 5/- ਦਾ ਨੋਟ ਚਰਨਾਂ ਤੇ ਰੱਖ, ਸਧੂਆ ਵਾਂਗ ਲੰਮਾ ਪੈ ਗਿਆ। "ਬਹੁਤ ਕਿਰਪਾ



Sri Satguru Jagjit Singh Ji Elibrary NamdhariElibrary@gmail.com

ਕੀਤੀ ਸਚੇ ਪਾਤਸਾਹ ਅੱਜ ਦਰਸਨਾਂ ਦੀ ਬੜੀ ਲੋਚ ਸੀ। ਨਰੇਂਦਰੋ ਭੈਣੀ ਸਾਹਿਬ ਗਿਆ। ਪਤਾ ਲੱਗਾ, ਚੰਡੀਗੜ੍ਹ ਹੈ, ਤੁਰਤ ਏਧਰ ਤੁਰ ਪਿਆ। ਮੇਰਾ ਮਨ ਬੱਸਾਂ ਤੋਂ ਵੀ ਕਾਹਲਾ ਸੀ। ਦੀਨ ਦਿਆਲ ' ਹੋਰ ਤਾਂ ਹੋਰ ਏਥੇ ਆਉਂਦਿਆਂ ਟੈਂਪੂ ਵੀ ਰਾਹ ਵਿਚ ਜਵਾਬ ਦੇ ਗਿਆ। ਪਹਿਲਾਂ ਬੱਸਾਂ ਆਖਣ ਦਰਸਨ ਨਹੀਂ ਕਰਨ ਦੇਣੇ, ਫੇਰ ਟੈਂਪੂ। ਫਿਰ ਸਵਾਰੀ ਫੜੀ, ਅੰਤ ਨੂੰ ਏਅਰਪੋਰਟ ਤਕ ਪਹੁੰਚ ਹੀ ਗਏ।"

ਜੱਟ ਜਿਵੇਂ ਗੁਰੂ ਦਰਸਨਾ ਨਾਲ ਮੂੰਹੋ ਮੂੰਹ ਰਜਿਆ ਹੋਵੇ।

ਦੂਜਾ ਸਿੱਖ, ਬਹਾਦਰ ਸਿੰਘ, ਨਵੇਂ ਸ਼ਹਿਰ ਤੋਂ ਆਇਆ ਸੀ। ਇਕਹਿਰਾ ਬਦਨ, ਦਰਮਿਆਨੀ ਉਮਰ। ਇਹ ਵੀ ਮੰਗਲ ਸਿੰਘ ਹੁਰਾਂ ਦੇ ਘਰੇ ਪਹਿਲੇ-ਦੇ ਨਾਲ ਮਿਲ ਗਿਆ।

ਸ. ਸਵਰਨ ਸਿੰਘ ਦੀ ਲੋੜ ਸੀ, ਉਹਦੇ ਵਲਾਇਤ ਰਹਿੰਦੇ ਪੁੱਤਰ ਘਰ ਇਹਦਾ ਪੋਤਰਾ ਆਇਆ ਸੀ, ਨਾਮ ਰਖਵਾਣਾ ਸੀ। ਵਲਾਇਤ ਵਿਚ 6 ਹਫ਼ਤੇ ਮਿਆਦ ਹੁੰਦੀ ਹੈ ਨਾਮ ਰਖਣ ਦੀ ਤਿਨ ਹਫਤੇ ਤਾਂ ਚਿਠੀਆਂ ਦੇ ਆਉਣ ਜਾਣ ਵਿਚ ਲੰਘ ਗਏ। ਹੁਣ ਸਵਰਨ ਸਿੰਘ ਚਾਹੁੰਦਾ ਸੀ, ਸਤਿਗੁਰੂ ਜੀ ਤੁਰੇ ਤੁਰੇ ਜਾਂਦੇ ਨਾਮ ਰਖ ਦੇਣ। ਪਰ ਸਤਿਗੁਰੂ ਜੀ ਤਾਂ ਜਹਾਜ਼ ਵਿਚ ਬੈਠਣ ਵਾਸਤੇ ਉਠ ਬੈਠੇ ਸਨ। ਹੁਣ ਕਦਮ ਜਹਾਜ਼ ਵਿਚ ਹੀ ਰਖਣੇ ਸਨ। ਹੁਕਮ ਹੋਇਆ ਤਰਸੇਮ ਸਿੰਘ ਨੂੰ ਚਿਠੀ ਲਿਖੋ ਉਹ ਮੈਥੋਂ ਪੁਛ ਕੇ ਤੈਨੂੰ ਜਵਾਬ ਲਿਖ ਦੇਵੇਗਾ।

ਅਤੇ ਸਤਿਗੁਰੂ ਜੀ ਰਵਾਂ ਰਵੀ ਜਹਾਜ਼ ਤੇ ਜਾ ਬੈਠੇ।

ਮੈਂ ਰਾਤ 7.10 ਵਜੇ ਵਾਲੀ ਬੱਸ ਤੇ ਮਨਾਲੀ ਵਾਲੀ ਬਸ ਤੇ ਭੁੰਤਰ (ਹਿਮਾਚਲ ਪ੍ਰਦੇਸ਼) ਦੀ ਸੀਟ ਬੁਕ ਕਰਵਾ ਲਈ।

### ਮੰਗਲ ਸਿੰਘ ਦਾ ਘਰ ਗੁਰਦੁਆਰਾ

ਦੁਪਹਿਰ ਦਾ ਸਮਾਂ ਮੈਂ ਪੁਰਾਣੇ ਸਾਥੀਆਂ ਮਹਿੰਦਰ-ਜੁਗਿੰਦਰ ਸਾਂਭਰ ਨਾਲ ਬਿਤਾਇਆ। ਕਾਮਰੇਡ ਸਾਂਭਰ ਦਾ ਜ਼ੋਰ ਸੀ ਕਿ ਨਾਮਧਾਰੀ ਦਰਬਾਰ ਨੂੰ ਮੇਰੀ ਉਹ ਪੁਸਤਕ ਜ਼ਰੂਰ ਛਪਵਾਣੀ ਚਾਹੀਦੀ ਹੈ ਜਿਹੜੀ ਨਾਮਧਾਰੀ ਕਿਸਾਨੀ ਦੀ ਤਹਿਰੀਕ ਨਾਲ ਸੰਬੰਧਤ ਹੈ।

ਅੱਜ ਸਾਰਾ ਦਿਨ ਸੰਤ ਮੰਗਲ ਸਿੰਘ ਦਾ ਘਰ ਗੁਰਦੁਆਰੇ ਦੇ ਰੂਪ ਵਿਚ ਸੀ। ਸਤਿਗੁਰੂ ਜੀ ਨਾਲ ਸੰਗਤ ਤਾਂ ਹੁੰਦੀ ਹੀ ਹੈ, ਸੋ ਲੰਗਰ ਸਾਰਾ ਦਿਨ ਜਾਰੀ ਰਿਹਾ। ਭਾਵੇਂ ਸੰਤਾਂ ਦੀਆਂ ਏਥੇ ਧੀਆਂ ਨਿਰਮਲਾ ਤੇ ਸਤਵੰਤ ਆਈਆਂ ਹੋਈਆਂ ਸਨ, ਪਰ ਬੀਬੀ ਹਰਬੰਸ ਦੇ ਕੰਮ ਨਹੀਂ ਸੀ ਮੁਕਦੇ। ਪ੍ਰੋ: ਹਰਵਿੰਦਰ ਸਿੰਘ ਦੀ ਪਤਨੀ ਵੀ ਸੇਵਾ ਵਿਚ ਸਰਗਰਮ ਸੀ। ਬੀਬੀ ਹਰਬੰਸ ਕੌਰ ਨੂੰ ਚਾਹੀਦਾ ਤਾਂ ਆਰਾਮ ਹੈ ਪਰ ਉਹ ਵਡੀ ਸੋਚ ਸੰਤਾਣੀ ਸਾਧ ਸੰਗਤ ਦੇ ਸੁਖ ਨੂੰ ਮੁਖ ਰਖਦੀ ਹੈ।

ਮੈਂ ਚੰਡੀਗੜ੍ਹ ਬੱਸ ਸਟੈਂਡ ਤੇ ਆਕੇ 7-00 ਵਜੇ ਮਨਾਲੀ ਵਾਲੀ ਬਸ ਫੜ ਲਈ। ਗੱਡੀ ਤੇ ਬੈਠਾ ਤਾਂ ਮੇਰੇ ਕੁੜਮ, ਸੰਤ ਕਰਨੈਲ ਸਿੰਘ, ਸੰਤ ਨਗਾਰੇ ਵਾਲੇ ਵਾਲੇ, ਹਮਰਾਣੀ ਦੇ ਪਿਤਾ ਜੀ, ਇਹਨਾਂ ਦਾ ਲੰਮੇ ਸਮੇ ਦਾ ਮਿਤਰ ਸੰਤ ਕਰਤਾਰ ਸਿੰਘ (ਸ਼ਿਵਪੁਰੀਆ) ਮੰਡੀ ਅਤੇ ਗੁਰਦੇਵ ਸਿੰਘ ਸਰੋਦ ਦੀ ਬੀਬੀ ਵੀ ਏਸੇ ਬਸ ਤੇ ਸਵਾਰ ਸਨ। ਇਹ ਮੰਡੀ ਨੌਜੁਆਨ ਮੇਲੇ ਤੇ ਜਾ ਰਹੇ ਸਨ।



Sri Satguru Jagjit Singh Ji Elibrary NamdhariElibrary@gmail.com

## 20 ਜੂਨ 1983, ਸੋਮਵਾਰ
## ਭੁੰਤਰ (ਕੁੱਲੂ)

ਮੈਂ ਅੱਜ ਸਵੇਰੇ ਹੀ 4.45 ਵਜੇ ਆਪਣੀ ਲੜਕੀ ਦੇ ਘਰ ਬੋਲ ਬੱਸ ਤੇ ਆ ਲੱਥਾ। ਮੇਰੀ ਲੜਕੀ ਕੁਲਵੰਤ ਕੌਰ ਨੇ ਦੱਸਿਆ ਕਿ ਕੱਲ ਜਦੋਂ ਸਤਿਗੁਰੂ ਜੀ 1.30 ਦੇ ਕਰੀਬ ਭੁੰਤਰ ਹਵਾਈ ਅੱਡੇ ਤੇ ਉਤਰੇ ਤਾਂ ਭੁੰਤਰ ਦੇ ਪਤਵੰਤਿਆਂ ਤੋਂ ਛੁਟ ਮੰਡੀਓਂ ਵੀ ਚੋਣਵੇਂ ਚੋਣਵੇਂ ਸਤਿਗੁਰਾਂ ਦੇ ਪਿਆਰੇ ਸੁਆਗਤ ਹਾਰ ਪਾਉਣ ਆਏ ਹੋਏ ਸਨ। ਸਤਿਗੁਰੂ ਜੀ ਦੀ ਗਰਦਨ ਤਾਂ ਜਿਵੇਂ ਫੁਲ ਪੱਤੀਆਂ ਵਿਚ ਅਦ੍ਰਿਸ਼ ਹੋ ਗਈ।

ਮੇਰੇ ਦਾਮਾਦ ਸ. ਕੇਹਰ ਸਿੰਘ ਹਮਰਾਹੀ ਨੂੰ ਕੱਲ੍ਹ ਹੀ ਸੱਚੇ ਪਾਤਸ਼ਾਹ ਆਪਣੇ ਨਾਲ ਮਨਾਲੀ ਲੈ ਗਏ ਸਨ। ਅਤੇ ਅੱਜ ਉਹ, ਬੀਬਾ ਸਾਹਿਬ ਕੌਰ, ਸੰਤ ਜਗਤਾਰ ਸਿੰਘ ਜੀ ਨੂੰ ਰੋਹਤਾਂਗ ਦੱਰਾ ਵਿਖਾਣ ਲੈ ਗਿਆ। ਮੈਨੂੰ ਘਰ ਆਇਆਂ ਨੂੰ ਆਪਣੀ ਪੁਤਰੀ ਅਤੇ ਦੁਹਤੀਆਂ ਟਾਸ਼ਾ, ਸ਼ਬਨਮ ਅਤੇ ਦੁਹਤਾ ਲਾਲ ਜੀ (ਬਰਿੰਦਰ ਸਿੰਘ) ਹੀ ਮਿਲੇ।

ਜਦੋਂ ਮੈਂ 2.00 ਵਜੇ ਦੇ ਕਰੀਬ ਸ. ਜਗਦੀਸ਼ ਸਿੰਘ ਸਰਾਫ ਅਤੇ ਬੀਬੀ ਮਨਜੀਤ ਕੌਰ ਦੇ ਘਰ ਗਿਆ ਤਾਂ ਬੀਬੀ ਨੇ ਦੱਸਿਆ ; ਸਾਡਾ ਪਰਵਾਰ ਤਾਂ ਪਰਸੋਂ ਤੋਂ ਹੀ ਘਰ ਵਿਚ ਲੰਗਰ ਪਾਣੀ ਦੀ ਤਿਆਰੀ ਕਰ ਰਿਹਾ ਸੀ। ਸਾਨੂੰ ਸੁਨੇਹਾ ਮਿਲ ਗਿਆ ਸੀ ਕਿ ਸੱਚੇ ਪਾਤਸ਼ਾਹ ਵੀ ਪ੍ਰਸ਼ਾਦ ਏਥੇ ਆਕੇ ਛਕਣਗੇ। ਪਰ ਜਿਉਂ ਹੀ ਸਤਿਗੁਰੂ ਜੀ ਭੁੰਤਰ ਆਏ ਤਾਂ ਲੰਗਰ ਪਾਣੀ ਮਨਾਲੀ ਲੈ ਜਾਣ ਦਾ ਹੁਕਮ ਹੋ ਗਿਆ। ਸਾਡੇ ਘਰ ਚਰਨ ਪਾਏ ਤੇ ਸੇਵਾ ਕਰਨ ਵਾਲੀਆਂ ਮੇਰੀ ਦੀਆਂ ਭੈਣਾਂ, ਬੀਬੀ ਹਰਭਜਨ ਕੌਰ, ਬੀਬੀ ਦਰਸ਼ਨ ਕੌਰ ਲੰਗਰ ਪਾਣੀ ਵਲੇਟ ਨਾਲ ਹੀ ਲੈ ਗਈਆਂ।

ਬੀਬੀ ਮਨਜੀਤ ਕੌਰ ਸਾਧ ਸੇਵੀ ਤੇ ਭਜਨ ਬੰਦਗੀ ਕਰਨ ਵਾਲੀ ਇਸਤਰੀ ਹੈ। ਸ੍ਰੀਮਤੀ ਬੇਅੰਤ ਕੌਰ ਦੀ ਧੀ ਹੋਣ ਕਰਕੇ, ਅਤੇ ਏਥੇ ਮੇਰੀ ਲੜਕੀ ਦੀ ਸਹੇਲੀ ਹੋਣ ਕਰਕੇ ਮੇਰਾ ਵੀ ਆਦਰ ਸਤਿਕਾਰ ਕਰਦੀ ਹੈ।

ਹਮਰਾਹੀ ਜੀ ਸ਼ਾਮੀ ਆਏ ਤਾਂ ਸੰਤ ਕਰਨੈਲ ਸਿੰਘ-ਕਰਤਾਰ ਸਿੰਘ ਹੁਰਾਂ ਉਸ ਨਾਲ ਘਰ ਦੇ ਮਸਲਿਆਂ ਤੇ ਗੱਲ ਬਾਤ ਕੀਤੀ।

## 21 ਜੂਨ 1983, ਮੰਗਲਵਾਰ
## ਭੁੰਤਰ (ਕੁੱਲੂ)

ਗੁਰੂ ਕੇ ਦਰਸ਼ਨ ਨਾ ਹੋਏ

ਮੈਂ ਅਜੇ ਨਹਾ ਧੋ ਹੀ ਰਿਹਾ ਸਾਂ ਕਿ ਘਰ ਵਿਚ ਸ੍ਰੂਤ ਸੁਣੀ। ਸਵੇਰੇ 5 ਵਜੇ ਹੀ, ਸੱਚੇ ਪਾਤਸ਼ਾਹ ਜੀ ਦੀ ਕਾਰ ਸ. ਜਗਦੀਸ਼ ਸਿੰਘ ਸਰਾਫ ਦੇ ਘਰ ਪਾਸ ਖਲੋਤੀ ਹੋਈ ਹੈ, ਮੇਰੀ ਪੁੱਤਰੀ ਦੀ ਬਹੁਤ ਇੱਛਾ ਸੀ ਕਿ ਉਹਦੇ ਘਰ ਵੀ ਗੁਰੂ ਕੇ ਚਰਨਾਂ ਦਾ ਸਪਰਸ਼ ਹੋਵੇ। ਉਸਨੇ ਝਟਪਟ ਬਿਸਤਰ ਵਿਛਾਏ, ਭੇਟਾ ਤੇ ਪ੍ਰਸ਼ਾਦ ਤਿਆਰ ਕੀਤਾ, ਪਰ ਹਮਰਾਹੀ ਜੀ ਅਜੇ ਅਣਇਸ਼ਨਾਨੇ ਹੀ ਸਨ। ਦੋ ਛੋਟੇ ਬੱਚਿਆਂ ਵੀ ਅਜੇ ਨਹਾਣਾ ਧੋਣਾ ਸੀ। ਇਸ ਤੋਂ



Sri Satguru Jagjit Singh Ji Elibrary NamdhariElibrary@gmail.com

ਪਹਿਲੇ ਕਿ ਸਤਿਗੁਰੂ ਜੀ ਨੂੰ ਘਰ ਚਰਨ ਪਵਾਣ ਦੀ ਬੇਨਤੀ ਯਾਦ ਕਰਵਾਈ ਜਾਂਦੀ, ਸਤਿਗੁਰੂ ਜੀ ਦੀ ਗੱਡੀ ਅਤੇ ਨਾਲ ਖਲੋਤੀਆਂ ਦੋ ਹੋਰ ਗੱਡੀਆਂ ਤੁਰਦੀਆਂ ਹੋਈਆਂ।

ਸਤਿਗੁਰੂ ਜੀ ਦਾ ਏਨੀ ਤੇਜ਼ੀ ਨਾਲ ਔਂਗੇ ਨੂੰ ਤੁਰ ਜਾਣਾ ਸੁਣਕੇ, ਪੁੱਤਰੀ ਕੁਲਵੰਤ ਦੀਆਂ ਅੱਖਾਂ ਬੇ-ਦਰਸ਼ਨੀ ਰਹਿ ਜਾਣ ਤੇ, ਭਰ ਆਈਆਂ। ਮੈਂ ਕਿਹਾ, ਫ਼ਿਕਰ ਨ ਕਰ, ਫੇਰ ਦਰਸ਼ਨ ਹੋ ਜਾਣਗੇ। ਖਰਿਆਏ ਗਲੇ ਨਾਲ ਕਹਿਣ ਲਗੀ : ਫੇਰ ਦੀ ਗੱਲ ਤਾਂ ਫੇਰ ਰਹੀ, ਅੱਜ ਦਾ ਦਿਨ ਤਾਂ ਸਵਾਰਥਾ ਨ ਹੋਇਆ। ਉਹਨਾਂ ਮੇਰਾ ਫ਼ਿਕਰ ਨਹੀਂ ਕੀਤਾ, ਨਹੀਂ ਤਾਂ ਭਲਾ ਇਜ ਕੋਲੋਂ ਦੀ ਲੰਘ ਜਾਂਦੇ।

**ਸੰਤ ਕਰਨੈਲ ਸਿੰਘ ਵਾਰੇ ਵਾਲੇ**

ਕੇਹਰ ਸਿੰਘ ਹਮਰਾਹੀ ਦਾ ਪਿਤਾ, ਮੇਰਾ ਕੁੜਮ, ਸ. ਕਰਨੈਲ ਸਿੰਘ (75) ਸਪੁੱਤਰ ਸ. ਮੀਹਾਂ ਸਿੰਘ, ਪਿਛਲਾ ਪਿੰਡ ਵਾੜਾ ਲਾਭ ਸਿੰਘ ਜ਼ਿ: ਸ਼ੇਖੂਪੁਰ, ਹੁਣ ਪਿੰਡ ਸੰਤ ਨਗਰ (ਸਰਸਾ) ਏਥੇ ਫੈਂਤਰ ਰਹਿੰਦੇ ਆਪਣੇ ਪੁਤਰ ਕੋਲ 16 ਸਾਲਾ ਬਾਅਦ ਪਹਿਲੀ ਵਾਰ ਆਏ ਸਨ। ਅੱਜ ਰਾਤੀ ਅਸੀ ਤਿੰਨੇ ਇਕੋ ਕਮਰੇ ਵਿਚ ਸੁੱਤੇ ਸਾਂ। ਸੰਤ ਰਾਤੀ 1.30 ਵਜੇ ਉਠ, ਇਸ਼ਨਾਨ ਕਰ ਬੰਦਗੀ ਵਿਚ ਲੀਨ ਹੋ ਜਾਂਦੇ ਹਨ। ਸੋਧ ਮਰਿਆਦਾ ਰੱਖੀ ਹੋਈ ਹੈ। ਬਿਰਤੀ ਸਤੋਗੁਣੀ ਹੈ। ਮੇਰੀ ਬੱਚੀ ਦੀ ਪ੍ਰਾਰਥਨਾ ਮੰਨਣ ਤੇ ਉਹਨੂੰ ਸੇਵਾ ਦਾ ਅਵਸਰ ਦੇਣ ਵਾਸਤੇ ਸੁੱਚ ਸੋਧ ਦੇ ਕੁਝ ਡੰਡੇ (ਪਉੜੀ ਦੇ) ਹੇਠਾਂ ਉਤਰੇ ਹਨ। ਸੰਤ ਕਰਨੈਲ ਸਿੰਘ ਕੁਝ ਦਿਨ ਆਪਣੀ ਇਸ ਨੂੰਹ ਕੋਲ ਰਹਿਣਗੇ।

**ਪੰਜਾਬ ਕੇਸਰੀ ਵਿਚ ਜ਼ਿਕਰ**

ਸ. ਕੇਹਰ ਸਿੰਘ ਹਮਰਾਹੀ ਨੇ ਮੈਨੂੰ ਅੱਜ ਦੇ 'ਪੰਜਾਬ ਕੇਸਰੀ' ਹਿੰਦੀ ਦੈਨਿਕ (ਜਲੰਧਰ) ਦਾ ਇਕ ਕਟਿੰਗ ਲਿਆ ਦਿੱਤਾ। ਇਸ ਵਿਚ ਸ੍ਰੀ ਵਿਦਿਆ ਸਾਗਰ ਪੱਤਰਕਾਰ ਚੰਡੀਗੜ੍ਹ ਵਲੋਂ 19.6.83 ਦੀ ਉਹ ਖ਼ਬਰ ਖੂਬਸੂਰਤੀ ਨਾਲ ਛਾਪੀ ਗਈ, ਜਦੋਂ ਸਤਿਗੁਰੂ ਜੀ "ਹਰੇ ਕ੍ਰਿਸ਼ਨਾ ਫਾਰਮ" ਵਾਲਿਆਂ ਨੂੰ ਦਰਸ਼ਨ ਦੇਣ ਗਏ ਸਨ। ਤੀਸਰੇ ਪੇਜ ਤੇ ਸੰਪਾਦਕੀ ਹੇਠ, ਤਿੰਨ ਕਾਲਮੀ ਖ਼ਬਰ ਸੀ ਅਤੇ ਨਾਲ ਇਕ ਤਸਵੀਰ ਵੀ ਸੀ।

**ਸੁਆਗਤ ਸਤਿਗੁਰੂ ਜੀ ਦਾ**

ਸ. ਕੇਹਰ ਸਿੰਘ ਹਮਰਾਹੀ ਨੇ 19.6.83 ਨੂੰ ਫੈਂਤਰ ਹਵਾਈ ਅੱਡੇ ਤੇ ਉਤਰਦਿਆਂ ਸ੍ਰੀ ਸਤਿਗੁਰੂ ਜੀ ਦੇ ਸੁਆਗਤ ਬਾਰੇ ਦੱਸਿਆ ਕਿ ਇਹ ਸੁਆਗਤ ਅਦੁਭੁਤ ਪੂਰਵ ਸੀ। ਲਗਭਗ 300 ਆਦਮੀ ਬਾਹਰਲੇ ਗੇਟ ਤਕ ਖਲੋਤੇ ਹੋਏ ਸਨ। ਡੇਢ ਸੌ ਲੋਕਾਂ ਨੇ ਸਤਿਗੁਰੂ ਜੀ ਨੂੰ ਸੁਆਗਤ ਹਾਰ ਪਹਿਨਾਏ। ਜਿਨ੍ਹਾਂ ਸਜਣਾਂ ਹਵਾਈ ਜਹਾਜ਼ ਤੋਂ ਉਤਰਦਿਆਂ ਸੁਆਗਤ ਕੀਤਾ, ਉਹ ਸਨ :

1. ਸ. ਜੁਗਿੰਦਰ ਸਿੰਘ ਪਸਰੀਚਾ, ਫੈਂਤਰ
2 ਸ੍ਰੀ ਠਾਕੁਰ ਸਤਿਅ ਪ੍ਰਕਾਸ਼, ਪ੍ਰੈਜ਼ੀਡੈਂਟ ਕਾਂਗਰਸ (ਆਈ) ਜ਼ਿਲਾ ਡੂੰਨ
3 ਸੂਬਾ, ਸੰਤ ਨੌਮਲ ਸਿੰਘ ਜੀ, ਮੋਗੀ



Sri Satguru Jagjit Singh Ji Elibrary NamdhariElibrary@gmail.com

4. ਸ. ਰਛਪਾਲ ਸਿੰਘ, ਪ੍ਰਧਾਨ ਨਾਮਧਾਰੀ ਸੰਗਤ, ਮੰਡੀ
5. ਸ. ਕੇਹਰ ਸਿੰਘ ਹਮਰਾਹੀ, ਹਮਰਾਹੀ ਰੇਡੀਓਜ਼, ਕੁੱਲੂ
6. ਸ੍ਰੀ ਡੀ. ਐਸ. ਕੁੱਲੂ ਸ੍ਰੀ ਵੈਦ (ਲਾਹੁਲਾ)

ਉਪਰੋਕਤ ਦੇ ਹਾਰ ਗਲੇ ਪਹਿਨ, ਸਤਿਕਾਰ ਪਰਵਾਨ ਕਰ ਸਤਿਗੁਰੂ ਜੀ ਨੇ ਪੈਲਟ ਤੇ ਆਈ ਸੰਗਤ ਦਾ ਸੁਆਗਤ ਪਰਵਾਨ ਕੀਤਾ। ਉਪਰੰਤ ੫ ਝੰਡਿਆਂ ਵਾਲੇ ਸਕੂਟਰਾਂ ਅਤੇ ਤਿਨ ਹੋਰ ਪ੍ਰਬੰਧਕ ਸਤਿਗੁਰੂ ਜੀ ਦੀ ਕਾਰ ਦੇ ਅਗੇ ਚੱਲੇ। ਇੰਜ ਇਹ ਸੁਆਗਤ ਸਤਿਕਾਰ ਸ. ਜਗਦੀਸ਼ ਸਿੰਘ ਮਨਜੀਤ ਕੌਰ ਦੇ ਘਰ ਤਕ ਪਹੁੰਚਿਆ।

ਸਤਿਗੁਰੂ ਜੀ ਨੇ 15-20 ਮਿੰਟ ਵਿਚ ਏਥੇ ਜਲਪਾਣੀ ਦੇ ਬਹਾਨੇ ਦਰਸਨ ਦਿੱਤੇ। ਫਿਰ ਅੱਗੇ ਲਈ ਪ੍ਰਸਥਾਨ ਕੀਤਾ। ਇਸ ਘਰੇ ਸੇਧ ਦਾ ਲੰਗਰ ਵੀ ਇਕ ਗੱਡੀ ਤੇ ਰਖਵਾ ਕੇ ਨਾਲ ਹੀ ਲੈ ਚੱਲੇ। ਸ੍ਰੀ ਜਗਦੀਸ਼ ਸਿੰਘ ਦੇ ਘਰ ਬੈਠੇ ਸ੍ਰੀ ਹਮਰਾਹੀ ਅਤੇ ਪ੍ਰਧਾਨ ਰਛਪਾਲ ਸਿੰਘ ਨੂੰ ਇਸ ਠਿੱਥੇ ਤੇ ਸਰਗਰਮ ਸੁਆਗਤ ਹਿਤ ਕੀਤੇ ਜਤਨਾਂ ਦੀ ਸ਼ਲਾਘਾ ਹੋਈ।

## ਗੁਰਦੁਆਰਾ ਕੁੱਲੂ ਦੀ ਬਾਤ

ਸ੍ਰੀ ਹਮਰਾਹੀ ਤੋਂ ਮੈਂ ਪਿਛਲੀ ਕੁੱਲੂ ਫੇਰੀ ਸਮੇਂ ਸੁਣਿਆਂ ਕਿ ਗੁਰਦੁਆਰਾ ਕੁੱਲੂ ਵਿਚ ਨਾਮਧਾਰੀਆਂ ਨੂੰ ਅਗੇ ਨ ਆਉਣ ਦੇਣ ਵਿਚ ਨੀਲਧਾਰੀ ਸੱਜਣ ਸਹਾਇਕ ਹਨ। ਏਥੇ ਇਕ ਅਜਿਹੀ ਘਟਨਾ ਘਟ ਗਈ ਜੁ ਪੰਜਾਬ ਵਿਚ ਫੈਲ ਰਹੀ ਅਨਾਰਕੀ ਦਾ ਸੇਕ ਪਹਾੜੀਆਂ - ਪੰਜਾਬੀਆਂ ਤਕ ਵੀ ਆ ਪੁਹੰਚਾ। ਸ. ਜੁਗਿੰਦਰ ਸਿੰਘ ਪਸਰੀਚਾ ਅਤੇ ਸ. ਕੇਹਰ ਸਿੰਘ ਹਮਰਾਹੀ ਹੋਰਾਂ ਇਸਨੂੰ ਭਾਂਬੜ ਬਣਨੋਂ ਰੋਕ ਕੇ ਪਹਾੜੀਆਂ ਅਤੇ ਪੰਜਾਬੀਆਂ ਦੀ ਸਿਆਣਪ ਨੂੰ ਉਭਾਰਿਆ। ਹੋਰ ਸਾਰੇ ਫੈਸਲੇ ਹੋ ਗਏ ਪਰ ਠਾਣੇਦਾਰ ਸਰਵਣ ਸਿੰਘ ਨੇ ਪਹਾੜੀਏ ਦੀ ਮਦਦ ਨਾਲ ਦਿਤੀ ਗਈ ਅਰਜ਼ੀ ਨ ਵਾਪਸ ਲਈ । ਉਸਨੇ ਡੀ.ਸੀ. ਨਾਲ ਮਿਲਕੇ ਗੁਰਦੁਆਰੇ ਤੇ ਪਹਾੜੀਆਂ ਦਾ ਕਬਜ਼ਾ ਕਰਵਾ ਦਿੱਤਾ 12.6.83 ਗਾਤੇ ਰਾਤ।

ਗੁਰਦੁਆਰਾ ਕੁੱਲੂ ਦੀ ਕਹਾਣੀ ਇੰਜ ਹੈ : ਇਕ ਮਾਈ ਭਾਗੀ ਬੇ-ਔਲਾਦੀ ਸੀ। ਉਸਨੇ ਜ਼ਮੀਨ ਅਤੇ ਮਕਾਨ ਨੂੰ ਗੁਰਦੁਆਰੇ ਵਿਚ ਤਬਦੀਲ ਕਰ ਦਿੱਤਾ। ਸ. ਜੁਗਿੰਦਰ ਸਿੰਘ ਆਦਿ ਸਿਆਣਿਆ ਨੇ ਇਕ ਨਿਰਮਲੇ ਸੰਤ ਮਿਸਤਰੀ ਸੰਤੋਖ ਸਿੰਘ ਨੂੰ ਮਾਈ ਦੀ ਸੇਵਾ ਵਿਚ ਲਾ ਦਿਤਾ ਤੇ ਹੌਲੀ ਹੌਲੀ ਵਾਰਦਾਰ ਦੇ ਕਾਗਜ਼ ਲੈਣ ਦੀ ਤਿਆਰੀ ਹੋਣ ਲਗੀ। ਫਿਰ ਇਹ ਜਾਪਿਆ ਕਿ ਸੰਤ ਨਿਰਮਲਾ ਵੀ ਉਸ ਜਗਾਹ ਨੂੰ ਆਪਣੀ ਬਣਾਣ ਦੇ ਚੱਕਰ ਵਿਚ ਹੈ ਤਾਂ ਵਿਰੋਧਤਾ ਸ਼ੁਰੂ ਹੋ ਗਈ। ਇਹਦੇ ਤੋਂ ਬਚਣ ਲਈ ਸੰਤੋਖ ਸਿੰਘ ਨੇ ਆਪਣੇ ਇਕ ਸੇਵਕ ਮੁੰਡੇ ਨੂੰ ਵਾਰਦਾਰ ਬਣਾਣ ਦੀ ਸੋਚ ਲਈ। ਇਸੇ ਦੌਰਾਨ ਅਪਰੈਲ 1983 ਵਿਚ ਮਾਈ ਭਾਗੀ ਗੁਜ਼ਰ ਗਈ ਅਤੇ ਕਾਗਜ਼ ਨਾ ਮੁਕੰਮਲ ਰਹਿ ਗਏ।

ਸੋ ਉਪਰੋਕਤ ਹਾਲਾਤਾਂ ਨੇ ਇਸ ਜਗਾਹ ਤੇ ਪਹਾੜੀਆਂ ਦਾ ਕਬਜ਼ਾ ਕਰਵਾ ਦਿਤਾ। ਬਾਹਰ ਲਿਖਿਆ ਗਿਆ ਹੈ, ਨਿੱਜੀ ਧਰਮਸ਼ਾਲਾ। ਬਿਨਾ ਆਗਿਆ ਕੋਈ ਅੰਦਰ ਨ ਆਵੇ। ਹੁਣ ਮਿ: ਸੰਤੋਖ ਸਿੰਘ ਤੇ ਸ. ਜੁਗਿੰਦਰ ਸਿੰਘ ਨੇ ਸ੍ਰੀ ਹਮਰਾਹੀ ਨੂੰ ਕਿਹਾ



Sri Satguru Jagjit Singh Ji Elibrary NamdhariElibrary@gmail.com

ਕਿ : 19.6.83 ਨੂੰ ਸਤਿਗੁਰੂ ਜੀ ਡੂੰਤਰ ਆ ਰਹੇ ਹਨ ਉਹ ਕਿਰਪਾ ਕਰਨ, ਕੋਈ ਤਜਵੀਜ਼ ਗੁਰਦੁਆਰਾ ਬਹਾਲ ਕਰਨ ਦੀ ਰਚਣ। ਪਿਛੇ ਬੈਠਾ ਸੰਤੋਖ ਸਿੰਘ ਸਲਾਹ ਦੇ ਰਿਹਾ ਸੀ ਕਿ ਹਮਰਾਹੀ ਦਾ ਸਰਕਾਰ ਵਿਚ ਰਸੂਖ ਹੈ ਉਸਨੂੰ ਕਹੋ ਉਹ ਤਹਿਸੀਲਦਾਰ ਨੂੰ ਆਖੇ। ਸ੍ਰੀ ਹਮਰਾਹੀ ਨੇ ਸ. ਸੁਰਿੰਦਰ ਸਿੰਘ ਨੂੰ ਕਹਿ ਦਿਤਾ ਹੈ ਕਿ ਕੇਸ ਸਤਿਗੁਰਾਂ ਪਾਸ ਚਲਾ ਗਿਆ ਹੈ। ਹੋਰ ਕਦਮ ਕੋਈ ਨਾ ਪੁੱਟੇ। ਜੇ ਗੱਲ ਤਹਿਸੀਲਦਾਰ ਨਾਲ ਕਰਨ ਦੀ ਹੈ ਤਾਂ ਮੈ ਮੌਕੇ ਲਾ ਦਿਆਂਗਾ ਪਰ ਗੱਲ ਤੁਸਾਂ ਆਪ ਹੀ ਕਰਨੀ ਹੋਵੇਗੀ ਅਤੇ ਮਨਾਣਾ ਹੋਵੇਗਾ।

ਡੂੰਤਰ ਵਿਖੇ ਸ. ਜਗਦੀਸ਼ ਸਿੰਘ ਸਰਾਫ਼ ਦੇ ਘਰ, ਸ. ਕੇਹਰ ਸਿੰਘ ਹਮਰਾਹੀ ਤੇ ਸ. ਸੁਰਿੰਦਰ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਪਾਸ ਗੱਲ ਕਰਨ ਦਾ ਸਮਾ ਲੈ ਦਿਤਾ। ਗੱਲ ਬਾਤ ਸੁਣਕੇ ਸਤਿਗੁਰੂ ਜੀ ਬਚਨ ਕੀਤਾ , ਸਾਰੀ ਗੱਲ ਬਾਤ ਸੇਠ ਲੇਮਨ ਸਿੰਘ ਅਤੇ ਹਮਰਾਹੀ ਹੋਰੀ ਸੁਣ ਸਮਝ ਲੈਣ, ਗੱਲ ਬਾਤ ਮੰਡੀ ਚਲ ਕੇ ਮੇਰੇ ਨਾਲ ਕਰਨ, ਫਿਰ ਜਿਵੇ ਹੋਵੇਗੀ, ਵੇਖੀ ਜਾਵੇਗੀ।

### ਨਿਰੰਕਾਰੀ ਬਾਬਾ ਜੀ ਦਾ ਕਤਲ

ਸ. ਕੇਹਰ ਸਿੰਘ ਹਮਰਾਹੀ ਨੇ ਮੈਨੂੰ ਦੱਸਿਆ : ਉਸ ਦਿਨ ਸ੍ਰੀ ਸਤਿਗੁਰੂ ਜੀ ਮੰਡੀ ਵਿਖੇ ਸਨ। ਸ. ਇੰਦਰ ਸਿੰਘ-ਗੁਰਚਰਨ ਸਿੰਘ ਘਰ ਆਸਾ ਦੀ ਵਾਰ ਦਾ ਕੀਰਤਨ ਸੀ ਕਿ ਮੈਨੂੰ ਬੀਬੀ ਦਰਸ਼ਨਾ ਨੇ ਖ਼ਬਰਾਂ ਸੁਣਨ ਲਈ ਆਖਿਆ। ਮੈ ਗਰਾਊਂਡ ਫਲੋਰ ਤੇ ਜਾ ਰੇਡੀਓ ਸੁਣਿਆ। ਖ਼ਬਰ ਮਨਹੂਸ ਸੀ। ਕਿਸੇ ਨੇ ਬਾਬਾ ਗੁਰਬਚਨ ਸਿੰਘ ਜੀ ਨਿਰੰਕਾਰੀ ਨੂੰ ਗੋਲੀਆਂ ਮਾਰ ਕੇ ਖ਼ਤਮ ਕਰ ਦਿਤਾ ਹੈ। ਸੱਚੇ ਪਾਤਸ਼ਾਹ ਜੀ ਨੇ ਇਹ ਖ਼ਬਰ ਮੇਰੇ ਦੁਆਰਾ ਹੀ ਪਹਿਲਾਂ ਪਹਿਲ ਸੁਣੀ ਅਤੇ ਬਚਨ ਕੀਤਾ : ਲੀਹ ਮਾੜੀ ਪੈ ਗਈ ਹੈ। ਮਰ ਤਾ ਹਰ ਕਿਸੇ ਨੇ ਜਾਣਾ ਹੈ। ਪੰਜਾਬ ਵਿਚ ਅਜੇਹੀ ਕਤਲੋਗਾਰਤ ਦਾ ਅੰਦਾਜ਼ਾ ਸਤਿਗੁਰੂ ਜੀ ਨੇ ਦੂਰ ਦ੍ਰਿਸ਼ਟੀ ਨਾਲ ਪਹਿਲਾਂ ਹੀ ਕਰ ਲਿਆ ਸੀ।

**23 ਜੂਨ, 1983 ਵੀਰਵਾਰ,**
**ਮੰਡੀ (ਹਿਮਾਚਲ ਪ੍ਰਦੇਸ਼).**

### ਇਸਤ੍ਰੀ ਵਿਦਿਅਕ ਸਮੇਲਨ

ਅੱਜ ਸਵੇਰੇ ਹਮਰਾਹੀ ਪਰਵਾਰ ਅਤੇ ਮੈ ਬੱਸ ਦੁਆਰਾ 11 ਵਜੇ ਤੱਕ ਡੂੰਤਰੋ ਮੰਡੀ ਪਹੁੰਚ ਗਏ। ਖਾਸੀ ਰੌਣਕ ਸੀ। ਧਰਮਸਾਲਾ ਪਾਸ ਪਹੁੰਚੇ ਤਾਂ ਵਿਦਿਅਕ ਸਮੇਲਨ ਦੇ ਪ੍ਰਧਾਨ ਸੁਆਗਤ ਲਈ ਬੈਠੇ ਸਨ। ਮੇਰਾ ਲੜਕਾ ਸੁਖਬੀਰ ਸਿੰਘ 20.6.83 ਦਾ ਦਿੱਲੀਓ ਮੰਡੀ ਆਇਆ ਹੋਇਆ ਹੈ। ਚੂੰ ਕਿ ਸਰਬਹਿੰਦ ਇਸਤਰੀ ਨਾਮਧਾਰੀ ਵਿਦਿਅਕ ਜਥੇ ਵਲੋਂ ਆਯੋਜਨ ਹੈ, ਇਸ ਲਈ ਮੰਡੀ ਵਿਸ਼ਰਾਮ ਸਮੇ ਡੇਰੇ ਵਲੋਂ ਸਾਨੂੰ ਧਰਮਸਾਲਾ ਦੇ ਪਾਸ ਹੀ ਸ. ਸਤਪਾਲ ਸਿੰਘ ਦਾ ਘਰ ਅਲਾਟ ਹੋ ਗਿਆ।

ਧਰਮਸਾਲਾ ਵਿਚ ਬੀਬੀਆਂ ਸਫੇਦ ਬਸਤਰਾਂ ਵਿਚ ਬੈਠੀਆਂ ਪਰਚੇ ਦੇ ਰਹੀਆਂ ਸਨ।



Sri Satguru Jagjit Singh Ji Elibrary NamdhariElibrary@gmail.com

ਬੀਬੀ ਮਹਿੰਦਰ ਕੌਰ ਪ੍ਰਧਾਨ, ਬੀਬੀ ਹਰਭਜਨ ਕੌਰ ਮੰਤਰੀ ਆਦਿ ਬੀਬੀਆਂ ਦੀਆਂ ਨਿਗਰਾਨ ਸਨ। ਸੁਣਨ ਵਿਚ ਆਇਆ ਕਿ ਬੀਬੀਆਂ, ਇਸ ਸਮੇਲਨ ਵਿਚ ਕੇਵਲ 100 ਹੀ ਆਈਆਂ ਜਿਨ੍ਹਾਂ ਵਿਚੋਂ 60 ਕੁ ਬੀਬੀਆਂ ਤਾਂ ਮੰਡੀ ਦੀਆਂ ਹੀ ਹਨ। ਏਨੀ ਹਾਜ਼ਰੀ ਤਸੱਲੀ ਵਾਲੀ ਨਹੀਂ।

ਧਰਮਸਾਲਾ ਦੇ ਹੇਠਲੇ ਮਕਾਨ ਤੇ ਸਭ ਲਈ ਲੰਗਰ ਦਾ ਪ੍ਰਬੰਧ ਹੈ। ਸ. ਧਨਵੰਤ ਸਿੰਘ ਪ੍ਰਸ਼ਾਦ ਛਕਾਣ ਲੈ ਗਏ। ਸੰਤ ਪ੍ਰੀਤਮ ਸਿੰਘ ਮੰਡੀ, ਸੰਤ ਹਰਵਿੰਦਰ ਸਿੰਘ ਮੰਡੀ, ਸੰਤ ਹਰਬੰਸ ਸਿੰਘ ਮੰਡੀ, ਬੀਬੀ ਤਰਨਜੀਤ ਕੌਰ ਸੁਪਤਨੀ ਧਨਵੰਤ ਸਿੰਘ, ਬੀਬੀ ਭੁਪਿੰਦਰ ਕੌਰ ਤੇ ਸ. ਪ੍ਰੀਤਮ ਸਿੰਘ ਦੀ ਸੁਪਤਨੀ ਸੇਵਾ ਕਰ ਰਹੀਆਂ ਸਨ। ਮਾਲੂਮ ਹੋਇਆ ਕਿ ਅੱਜ ਸਮੂਹੀ ਸੰਗਤ ਦਾ ਲੰਗਰ ਧਨਵੰਤ ਸਿੰਘ ਵਲੋਂ ਸੀ।

**ਨਾਮਧਾਰੀ ਧਰਮਸਾਲਾ ਮੰਡੀ**

ਜਦੋਂ ਮੈਂ ਫੇਰ ਧਰਮਸਾਲਾ ਵਿਚ ਗਿਆ, ਸਾਧ ਸੰਗਤ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਾਮ ਸਿਮਰਨ ਕਰ ਰਹੀ ਸੀ। ਅੱਧਾ ਘੰਟਾ ਭਜਨ ਕਰਦਿਆਂ ਹੋ ਗਿਆ ਸੀ, ਅਰਥਾਤ 4.00 ਵਜ ਚੁੱਕੇ। ਸਤਿਗੁਰੂ ਜੀ ਤੇ ਕੀਰਤਨਕਾਰ ਉਚੇ ਮੰਚ ਤੇ ਸਨ। ਧਰਮਸਾਲਾ ਦਾ ਲੰਮਾ ਹਾਲ, 5-5 ਫੁਟ ਦੀਆਂ ਸਤਿਗੁਰੂਆਂ ਦੀਆ ਫੋਟੋ ਨਾਲ ਸਜਦਾ ਲਗ ਰਿਹਾ ਸੀ। ਇਹ ਤਸਵੀਰਾਂ ਸਨ, ਸਤਿਗੁਰੂ ਜਗਜੀਤ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ, ਸਤਿਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੀਆਂ। ਫੇਰ ਸਤਿਗੁਰੂ ਬਾਲਕ ਸਿੰਘ ਜੀ ਦੀ।

ਸੰਗਤ ਦੀ ਠੀਕ ਗਿਣਤੀ 500 ਸੀ। ਸਤਿਗੁਰੂ ਜੀ ਦੇ ਮੰਡਲ ਵਿਚ ਸੰਤ ਮਹਿੰਦਰ ਸਿੰਘ ਪ੍ਰਧਾਨ, ਸੰਤ ਤਰਲੋਕ ਸਿੰਘ ਸਕੱਤਰ, ਸੰਤ ਕਰਤਾਰ ਸਿੰਘ, ਠਾਕੁਰ ਦਲੀਪ ਸਿੰਘ ਜੀ, ਸੂਬਾ ਧਰਮ ਸਿੰਘ ਮੁਕਤਾ, ਸੂਬਾ ਜੈਮਲ ਸਿੰਘ ਜੀ ਮੰਡੀ, ਸੰਤ ਅਵਤਾਰ ਸਿੰਘ ਘੁੰਮਣ। ਕੀਰਤਨਕਾਰ : ਸੰਤ ਦਰਸ਼ਨ ਸਿੰਘ-ਭਜਨ ਸਿੰਘ, ਸੰਤ ਹਰਬੰਸ ਸਿੰਘ ਘੁੱਲਾ, ਸ੍ਰੀ ਸੁਖਵਿੰਦਰ ਸਿੰਘ ਪਿੰਕੀ, ਸ੍ਰੀ ਮੋਹਣ ਸਿੰਘ-ਸੁਖਦੇਵ ਸਿੰਘ ਅਤੇ ਮੰਡੀ ਦੇ ਦੋਵੇਂ ਗਾਇਕ ਸ੍ਰੀ ਅਰਜਿੰਦਰ ਸਿੰਘ-ਸੁਰਿੰਦਰ ਸਿੰਘ।

ਫ਼ੈਤਰ ਦੇ ਸ. ਜੁਗਿੰਦਰ ਸਿੰਘ-ਕੇਹਰ ਸਿੰਘ ਹਮਰਾਹੀ ਅਤੇ ਸ. ਧਨਵੰਤ ਸਿੰਘ ਆਦਿ ਕੁਛ ਸਿੰਘ ਮੱਥਾ ਟੇਕਣ ਆਏ ਤਾਂ ਪਤਾ ਲਗਾ ਫ਼ੈਤਰ ਦੇ ਗੁਰਦੁਆਰੇ ਬਾਰੇ ਗੱਲ ਹੋਣੀ ਹੈ। ਇਕ ਸੰਤ ਮਨੀਕਰਨ ਵਾਲੇ ਗੁਰਦੁਆਰੇ ਦਾ ਪ੍ਰਤੀਨਿਧਿਤੱਵ ਕਰ ਰਹੇ ਹਨ, ਸੰਤ ਹਰਬੰਸ ਸਿੰਘ, ਬੁਢਾ ਦਾਤਾ, ਸਈਦ ਟੋਕਾ ਖਜਾਨੀ ਅਤੇ ਹਸੋ ਕਾਹਨੀ। ਸੰਗਤ ਵਿਚ ਪੰਜਾਬ ਦੇ ਵੀ ਕਾਫ਼ੀ ਸਿੰਘ ਹਨ।

ਰਾਗੀਆਂ ਨੇ ਪਹਿਲਾਂ ਗੁਰੂ ਦਸਮੇਸ਼ ਜੀ ਦਾ 'ਮੈਨੀ ਤੁਰੀਂ ਗਏ ਕੋ ਮਿਤ' "ਪਿਰ ਦੇਖਣ ਕੀ ਆਸ' ਦੀਆਂ ਸੁਰਾਂ ਛਿੜੀਆਂ ਅਤੇ ਨਾਲ ਹੀ ਬਿਰਹਾ ਵਿਹੂਣੀ ਪ੍ਰੇਮੀਜਨਾਂ ਦੀਆਂ ਆਹਾਂ ਨਿਕਲ ਗਈਆਂ, ਜਿਵੇਂ ਸਵਾਸਾਂ ਨੂੰ ਵੀ ਖਿਚ ਪਈ। ਇਕ ਸਿੰਘ ਤਾਂ ਵੈਰਾਗ ਵਿਚ ਆਕੇ ਗੁਰੂ ਚਰਨਾਂ ਤੇ ਢਹਿ ਕਰਕੇ ਗਿਰਾ। ਐਸੇ ਸਿੰਘ ਨੂੰ ਸਤਿਗੁਰੂ ਜੀ ਨੇ ਵੀ ਆਪਣਾ ਦਿਲਗੁਦਾ ਸੰਭਾਲ ਲਿਆ। ਸਤਿਗੁਰਾਂ ਪਿੰਕੀ ਨੂੰ ਕਬਲੇ ਤਰਫੀ ਇਸ਼ਾਰਾ ਕੀਤਾ। ਹੌਲੀ ਹੌਲੀ ਇਕ ਸੈਂਕੜਾ ਸੰਗਤ ਹੋਰ ਆ ਗਈ। ਪ੍ਰਮਾਣਾਂ ਤੇ ਪ੍ਰਮਾਣ ਚਲ ਰਹੇ ਹਨ। ਸਾਰਾ ਦ੍ਰਿਸ਼ ਮੋਹਕ ਤੇ ਸਾਤਵਿਕ ਸੀ। 5.30 ਤਕ ਦੀਵਾਨ ਦਾ ਭੋਗ ਪੈ ਗਿਆ।



Sri Satguru Jagjit Singh Ji Elibrary NamdhariElibrary@gmail.com

**ਸ. ਹਰਨਾਮ ਸਿੰਘ ਹਰਟੀਕਲਚਰਿਸਟ ਨਾਲ ਗੱਲਬਾਤ**

ਉਪ੍ਰੰਤ ਸੰਤ ਤਿਰਲੋਕ ਸਿੰਘ ਬੰਦੂਕਾਂ ਵਾਲੇ ਦੇ ਘਰ ਜਲਪਾਨ ਕੀਤਾ ਗਿਆ। ਫਿਰ ਸੜਕ ਵਾਲੇ ਪਾਸੇ ਦੇ ਉਪਰਲੇ ਕਮਰੇ ਵਿਚ ਸਤਿਗੁਰੂ ਜੀ ਵਿਛੇ ਪਲੰਘ ਤੇ ਬੈਠ ਗਏ। ਹੁਣ ਕੇਹਰ ਸਿੰਘ ਹਮਰਾਹੀ ਨੂੰ ਆਵਾਜ਼ ਪਈ ਅਤੇ ਸ. ਹਰਨਾਮ ਸਿੰਘ ਕਿਜੌਰੇ ਵਾਲੇ ਹਰਟੀਕਲਚਰ ਇਨਸਪੈਕਟਰ ਨੂੰ ਬੁਲਾਇਆ ਗਿਆ। ਦੋਵੇਂ ਹਾਜ਼ਰ ਹੋਏ ਤਾਂ ਬਚਨ ਇਸ ਤਰ੍ਹਾਂ ਕੀਤਾ : ਆਓ ਭਈ 'ਹਮ ਸਫ਼ਰ' ਨਾਲ ਗੱਲ ਕਰ ਲਈਏ, 'ਅਸੀਂ ਰਾਹੀਂ' ਨਾਲ ਵੀ ਗੱਲ ਕਰ ਸਕਦੇ ਹਾਂ। ਇਹ ਹਮਰਾਹੀ ਦੇ ਹੀ ਵੱਖ ਵੱਖ ਸ਼ਬਦ ਭੇਦ ਸਨ। ਸਤਿਗੁਰੂ ਜੀ ਅਜਿਹੇ ਵਾਕ ਬੋਲ ਕਰਕੇ ਹਰ ਕਿਸੇ ਨੂੰ ਅਚੰਭਤ ਕਰਦੇ ਹਨ।

ਸਤਿਗੁਰੂ ਜੀ ਨੇ ਸ. ਹਰਨਾਮ ਸਿੰਘ ਨਾਲ ਸ. ਜਸਜੀਤ ਸਿੰਘ, ਭਗਵੰਤ ਸਿੰਘ ਚੌਹਰ (ਮੰਡੀ) ਵਾਲਿਆਂ ਦੇ ਬਗੀਚੇ ਦੀ ਵਿਆਖਿਆ ਕੀਤੀ ਅਤੇ ਉਨ੍ਹਾਂ ਦੇ ਅਮਰੀਕਾ ਤੋਂ ਮੰਗਵਾਏ ਬਾਦਾਮਾਂ ਦੇ ਬੂਟਿਆਂ ਤੇ ਆਉਂਦੀ ਗੂੰਦ ਦਾ ਇਲਾਜ ਕਰਨ ਲਈ ਆਖਿਆ।

ਸ੍ਰੀ ਹਮਰਾਹੀ ਨੇ ਸ. ਹਰਨਾਮ ਸਿੰਘ ਬਾਰੇ ਸਤਿਗੁਰੂ ਜੀ ਨੂੰ ਦੱਸਿਆ ਕਿ ਇਹ ਕਿਨੌਰਿਓਂ 'ਗਾਹੀਂ' ਹੋ ਰਹੇ ਹਨ ਅਤੇ ਜੰਮੂ ਜਾ ਰਹੇ ਹਨ। ਸਤਿਗੁਰੂ ਜੀ ਸ. ਹਰਨਾਮ ਸਿੰਘ ਦੀ ਕਾਬਲੀਅਤ ਤੋਂ ਬੜੇ ਪ੍ਰਭਾਵਤ ਹਨ ਤੇ ਉਹ ਕਿਸੇ ਮੁੱਲ ਵੀ ਆਪਣੇ ਬਗੀਚਿਆਂ ਅਤੇ ਇਲਾਕੇ ਦੇ ਬਾਗਾਂ ਲਈ ਆਪਣੇ ਪਾਸ ਲੈ ਜਾਣਾ ਚਾਹੁੰਦੇ ਹਨ। ਸੋ ਸਤਿਗੁਰੂ ਜੀ ਨੇ ਉਸ ਨੂੰ ਬੜੇ ਪਿਆਰੇ ਢੰਗ ਨਾਲ ਪ੍ਰੇਰਿਆ ਕਿ ਜੇ ਉਹ ਕਨੌਰਿਓਂ 'ਗਾਹੀਂ' ਹੋਣਾ ਪਰਵਾਨ ਕਰਦੇ ਹਨ ਤਾਂ ਉਨ੍ਹਾਂ ਦੀ ਮਰਜ਼ੀ, ਤੇ ਜੇ ਜੰਮੂ ਜਾਕੇ 'ਫਿੱਟ' ਨ ਹੋਣ, ਪਰ ਮਿਲ ਗਿਲ ਜ਼ਰੂਰ ਆਉਣ। ਸਰਦਾਰ ਜੀ ਦਾ ਜੰਮੂ ਘਰ ਹੈ। ਸਤਿਗੁਰੂ ਜੀ ਨੇ ਉਨ੍ਹਾਂ ਦੀ ਤਨਖਾਹ (1600/-) ਅਤੇ ਪੈਨਸ਼ਨ ਬਾਰੇ ਪੁਛਿਆ। ਇਸ ਗੱਲ ਨੂੰ ਸਤਿਗੁਰੂ ਜੀ ਇਜ ਪਰਗਟ ਕੀਤਾ : ਆਕਾਸ਼ ਵਿਚ ਮੈਂ ਤਾਂ ਬਹੁਤ ਵੱਡੇ ਵੱਡੇ ਨਕਸ਼ੇ ਬਣਾ ਛੱਡੇ ਹਨ, ਧਰਤੀ ਤੇ ਉਨ੍ਹਾਂ ਨੂੰ ਸਾਕਾਰ ਕਰਨ ਦੀ ਲੋੜ ਹੈ। ਤਾਂਹੀ ਹਰਨਾਮ ਸਿੰਘ ਨੂੰ ਕਿਤੇ ਹੋਰਥੇ ਜਾਣ ਨਹੀ ਦੇਣਾ ਚਾਹੀਦਾ।

ਸਤਿਗੁਰੂ ਜੀ ਸ. ਹਰਨਾਮ ਸਿੰਘ ਇਨਸਪੈਕਟਰ ਦੇ ਐਵੇਂ ਹੀ ਕਦਰਦਾਨ ਨਹੀ, ਐਤਕੀ ਕਿਜੌਰਾ ਸਰਕਾਰੀ ਫਾਰਮ ਚੋ ਪਲਮ ਦੇ 250 ਬੂਟਿਆਂ ਦੇ 64000/- ਵੱਟੇ ਹਨ। ਸਤਿਗੁਰੂ ਜੀ ਹਿੰਮਤ ਵਾਲੇ ਨਾਮਧਾਰੀ ਕਿਸਾਨਾਂ ਨੂੰ ਬਾਗ਼-ਬਗੀਚਿਆਂ ਵੱਲ ਰੁਚਿਤ ਕਰਦੇ ਹਨ ਅਤੇ ਵਖਤਨ ਫ਼ਵਕਤਨ ਅਜਿਹੇ ਸੱਜਣਾਂ ਦੀ ਮਦਦ ਲੈ ਲਿਆ ਕਰਦੇ ਹਨ।

ਗੱਲਬਾਤ ਦੇ ਅੰਤ ਉਤੇ, ਸ. ਹਰਨਾਮ ਸਿੰਘ ਨੂੰ ਕੋਲ ਬੁਲਾਕੇ, ਉਸਦੇ ਸੱਜੇ ਕੰਨ ਨੂੰ ਮਰੋੜਦਿਆਂ ਪਿਆਰ ਕੀਤਾ। ਅਤੇ ਉਹਦੇ ਅੰਦਰ ਇਹ ਗੱਲ ਭੇਜੀ ਕਿ ਉਸਨੇ ਜੰਮੂ ਜਾਕੇ ਨੌਕਰੀ ਨਹੀ ਕਰਨੀ। ਜਦੋਂ ਕਿਜੌਰਿਓਂ ਛੁਟੀ ਕਰੇ, ਸਰਬਪ੍ਰਥਮ ਸਤਿਗੁਰੂ ਜੀ ਨੂੰ ਆਕੇ ਮਿਲੇ।

ਇਸ ਤੋਂ ਪਿਛੋਂ ਸ. ਜੁਗਿੰਦਰ ਸਿੰਘ ਭੁੱਤਰ ਅਤੇ ਸੰਤ ਹਰਬੰਸ ਸਿੰਘ ਮਨੀਕਰਨ ਵਾਲੇ ਆ ਗਏ। ਨਮਸਕਾਰ ਕਰਕੇ ਬੈਠੇ ਤਾਂ ਸੱਚੇ ਪਾਤਸ਼ਾਹ ਜੀ ਨੇ ਸ੍ਰੀ ਨਾਰਾਇਣ ਹਰੀ ਜੀ ਮਨੀਕਰਨ ਵਾਲਿਆਂ ਨੂੰ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਸੰਤ ਹਰਬੰਸ ਸਿੰਘ ਦਵਾਰਾ ਭੇਜੀ। ਅਤੇ ਜੋ ਗੱਲ ਸ. ਜੁਗਿੰਦਰ ਸਿੰਘ ਸਤਿਗੁਰੂ ਜੀ ਨਾਲ ਕਰਨਾ ਚਾਹੁੰਦੇ ਸਨ ਆਪ ਨੇ ਹਮਰਾਹੀ ਤੇ ਸੂਬਾ ਜੰਗਲ ਸਿੰਘ ਨਾਲ ਕਰਨ ਨੂੰ ਕਹੀ।



Sri Satguru Jagjit Singh Ji Elibrary NamdhariElibrary@gmail.com

ਫਿਰ ਸੰਤ ਗਿਆਨ ਸਿੰਘ ਉਨ੍ਹਾਂ ਦੇ ਸਪੁੱਤਰ ਹਰਜੀਤ ਸਿੰਘ ਨਾਲ ਪੂਰੀ ਇਕਾਂਤ ਵਿਚ ਹੋ ਕੇ ਸਤਿਗੁਰੂ ਜੀ ਨੇ ਬਚਨ ਕੀਤੇ।

## ਸਤਿਗੁਰੂ ਬਚਨਾਂਮ੍ਰਿਤ

ਸ਼ਾਮ ਦੇ ਨਾਮ ਸਿਮਰਨ ਤੇ ਕੀਰਤਨ ਉਪ੍ਰੰਤ ਸ੍ਰੀ ਸਤਿਗੁਰੂ ਜੀ ਨੇ ਸੰਗਤ ਨੂੰ ਸੰਬੋਧਨ ਕੀਤਾ :

ਸਾਧ ਸੰਗਤ ਜੀ, ਕਸੂਰ ਤਾਂ ਸਾਰਾ ਮਾਪਿਆਂ ਦਾ ਹੁੰਦਾ ਹੈ, ਪਰ ਪੈ ਜਾਂਦਾ ਹੈ ਬੱਚਿਆਂ ਦੇ ਗਲ। ਬੱਚੇ ਬਾਹਰਲਿਆਂ ਦੀ ਸੰਗਤ ਤੇ ਪ੍ਰਭਾਵਿਤ ਹੁੰਦੇ ਹਨ। ਸੱਚੇ ਪਾਤਸ਼ਾਹ ਜੀ ਦੇ ਟੇਪ ਭਾਸ਼ਣ ਵਿਚ ਆਉਂਦਾ ਹੈ ਕਿ ਬਾਈਲੇਡ ਵਿਚ ਇਕ ਵਾਰ ਐਸਾ ਸਮਾਂ ਵੀ ਆਇਆ ਕਿ ਕੋਈ ਵੀ ਸਿਨਮਾ ਵੇਖਣ ਨਹੀਂ ਸੀ ਜਾਂਦਾ। ਕੀ ਕਦੇ ਸਾਡੇ ਅੰਦਰ ਵੀ ਇਹ ਤਮੰਨਾ ਜਾਗੇਗੀ? ਕਿ ਸਾਡੇ ਬੰਦੇ ਸਿਨੇਮਾ ਨਾ ਵੇਖਣ? ਜਿਹੜੇ ਸਾਨੂੰ ਅਜ ਚੰਗੇ ਨਹੀਂ ਲਗਦੇ, ਇਹਨਾ ਗਜ਼ਰੇ, ਪਟ੍ਹੇ ਆਸਣਾਂ ਵਾਲਿਆਂ ਕਿੰਨੀ ਵਡੀ ਅੰਗਰੇਜ਼ ਦੀ ਹਕੂਮਤ ਭਾਰਤ ਦੇ 'ਮੌਢਿਓਂ' ਲਾਹ ਦਿਤੀ।

ਮੈਂ ਬੱਚਿਆਂ ਬੱਚੀਆਂ ਨੂੰ ਅਰਜ਼ ਕਰਾਂਗਾ ਕਿ ਉਹ ਕਿਰਪਾ ਕਰਕੇ ਆਪਣੇ ਪਹਿਰਾਵੇ ਠੀਕ ਕਰਨ। ਕੀ ਪੜ੍ਹੇ ਲਿਖੇ ਵਿਚਾਰੇ ਜਾਵਣਾ ਜੋੜ ਅਮਰੀਕਾ ਵਿਚ ਬਿਨਾ ਪਾਸਪੋਰਟ-ਵੀਜ਼ਾ ਤੋਂ ਜਾ ਸਕਣਗੇ। ਕੀ ਕੋਈ ਫੌਜ ਬਿਨਾ ਵਰਦੀਓਂ ਹੋ ਸਕਦੀ ਹੈ। ਜਿਹੜਾ ਜਿਹੜਾ ਕਿਸੇ ਥਾਂ ਦਾ ਕਾਇਦਾ ਕਾਨੂੰਨ ਹੈ, ਉਹਦੇ ਮੁਤਾਬਕ ਰੰਗਿਆਂ ਹੀ ਓਥੇ ਸੁਹਣੇ ਲਗਦੇ ਹਾਂ। ਤੁਸੀਂ ਤਾਂ ਭਾਰਤ ਦੀ ਸੰਸਕ੍ਰਿਤੀ ਦਾ ਬੀਜ ਮਾਤਰ ਹੀ ਰਹਿ ਗਏ ਹੋ। ਜੇ ਬੀਜ ਹੀ ਨ ਰਿਹਾ ਤਾਂ ਅਗੋਂ ਖੇਤੀ ਕਾਹਦੀ?

ਸਾਨੂੰ ਬੜੀ ਖੁਸ਼ੀ ਵੀ ਹੁੰਦੀ ਹੈ ਕਿ ਅਸੀਂ ਹਾਕੀ ਵਾਲੇ ਬੱਚਿਆਂ ਨੂੰ ਤੁਹਾਡੇ ਪਾਸ ਲਿਆਉਂਦੇ ਹਾਂ ਅਤੇ ਡਰਦੇ ਵੀ ਹਾਂ ਕਿ ਕਿਤੇ ਸਾਡੇ ਬੱਚੇ ਤੁਹਾਡੀਆਂ ਸਿਨਮੀਆਂ ਅਤੇ ਕਾਰੋਬਾਰ ਵੇਖਕੇ ਏਧਰ ਹੀ ਰੁਚਿਤ ਨ ਹੋ ਜਾਣ।

ਸਤਿਗੁਰੂ ਜੀ ਨੇ ਬੀਬੀ ਬੇਅੰਤ ਕੌਰ ਸੁਪੁੱਤਰੀ ਸ. ਸੰਤ ਸਿੰਘ ਦਿੱਲੀ ਦੀ ਪੇਣੀ ਬਾਹੂ ਦੀ ਕਮੀਜ਼ ਵਲ ਇਸ਼ਾਰਾ ਕਰਦਿਆਂ ਵਿਆਖਿਆ ਕੀਤੀ : ਜੇ ਤੁਸੀਂ ਪੜ੍ਹੀਆਂ ਲਿਖੀਆਂ ਕੁੜੀਆਂ ਹੀ ਮਰਿਆਦਾ ਵਾਲੇ ਪਾਸੇ ਨਾ ਤੁਰੋਗੀਆਂ ਤਾਂ ਹੋਰ ਕੌਣ ਚਲੇਗਾ। ਤੁਹਾਨੂੰ ਅਜੇ ਮਰਿਆਦਾ ਬਾਰੇ ਹੋਰ ਜ਼ਰੂਰੀ ਗੱਲਾਂ ਨਹੀਂ ਪੁਛੀਆਂ, ਸਿਰਫ ਪਹਿਰਾਵੇ ਦੀ ਗੱਲ ਹੀ ਕੀਤੀ ਹੈ। ਇਹ ਪਹਿਰਾਵਾ ਸਤਿਗੁਰੂ ਰਾਮ ਸਿੰਘ ਜੀ ਦਾ ਹੈ। ਸਾਨੂੰ 'ਨ੍ਰਿਪ ਕੀਨਿਆ ਕੈ ਕਾਰਨੈ ਇਕੁ ਭਇਆ ਭੇਖਧਾਰੀ' ਗੱਲ ਹੀ ਯਾਦ ਕਰ ਲੈਣੀ ਚਾਹੀਦੀ ਹੈ।

ਅੱਜ ਕੱਲ ਦੇ ਹਾਲਾਤ ਨੂੰ ਵੇਖਦੇ ਹੋਇਆਂ ਮੇਰਾ ਇਹ ਜੀ ਨਹੀਂ ਕਰਦਾ ਕਿ ਮੈਂ ਇਹ ਆਖਾਂ ਕਿ ਸੰਮੇਲਨ ਅੱਜ ਹੀ ਬੰਦ ਕਰ ਦਿਓ। ਇਸ ਸੰਮੇਲਨ ਦੀ ਕੀ ਲੋੜ ਹੈ ਜਿਸ ਵਿਚ ਅਸੀਂ ਆਪਣੇ ਪਹਿਰਾਵੇ ਹੀ ਨਹੀਂ ਪਾ ਸਕਦੇ। ਆਪਣਾ ਪਹਿਰਾਵਾ ਪਾਇਆ ਕਰੋ।

ਸਾਧ ਸੰਗਤ ਵਿਚ ਆਕੇ ਸਮਝਾਣਾ ਇਹ ਵੀ ਸਾਡਾ ਕਾਇਦਾ ਹੈ। ਏਥੇ ਜਿਹੜਾ ਗਲਤੀ ਕਰੇ ਸਾਧ ਸੰਗਤ ਵਿਚ ਉਠਕੇ ਤਲਾਫੀ ਕਰੇ। ਅੱਜ ਏਥੇ ਜਵੰਦ ਸਿੰਘ ਹੁਰਾਂ ਦੀ ਲੜਕੀ, ਸਤਵੰਤ ਸਿੰਘ ਦੇ ਘਰੋ ਮਾਫੀ ਮੰਗਣ ਵਾਸਤੇ ਆਈ ਹੈ ਕਿ ਅਗਾਹਾਂ ਵਾਸਤੇ



Sri Satguru Jagjit Singh Ji Elibrary NamdhariElibrary@gmail.com

ਠੀਕ ਪਹਿਰਾਵਾ ਪਾਵੇਗੀ।

ਇਹ ਵੇਖਕੇ 5-7 ਲੜਕੇ ਹੋਰ ਵੀ ਉਠਕੇ ਸਾਹਮਣੇ ਆਏ ਤੇ ਮਾਫ਼ੀ ਮੰਗਣ ਲਗੇ। ਸਤਿਗੁਰੂ ਜੀ ਬਚਨ ਕੀਤਾ - ਮੈਨੂੰ ਅਜਿਹੇ ਲੜਕੇ ਵੇਖਕੇ ਖੁਸ਼ੀ ਹੁੰਦੀ ਹੈ। ਕਿਹਾ ਸੋਹਣਾ ਬੋਲਦੇ ਹਨ। ਇਹ ਆਪਣੇ ਹਨ। ਨਾਲ ਹੀ ਆਪਣੀ ਉਮਰ ਦੇ ਬੱਚਿਆਂ ਨਾਲ ਗੱਲਾਂ ਕਰਿਆ ਕਰਨ ਤਾਕਿ ਸਾਧ ਸੰਗਤ ਵਾਲੇ ਪਾਸੇ ਉਨ੍ਹਾਂ ਦੀ ਪ੍ਰੀਤੀ ਵੀ ਬਣੀ ਰਹੇ।

ਅਤੇ ਸ. ਸਤਿੰਦਰ ਸਿੰਘ ਦੁਆਰਾ ਕੱਲ੍ਹ ਦਾ ਪ੍ਰੋਗਰਾਮ ਦੱਸਣ ਉਪਰੰਤ ਦੀਵਾਨ ਦੀ ਸਮਾਪਤੀ ਹੋ ਗਈ।

ਰਾਤੀਂ 8.30 ਵਜੇ ਸੰਤ ਪ੍ਰਕਾਸ਼, ਸੂਬਾ ਧਰਮ ਸਿੰਘ ਜੀ ਮੁਕਤਾ, ਪੰ: ਗੁਰਦੀਪ ਸਿੰਘ, ਸੰਤ ਸਵਰਨ ਸਿੰਘ ਹੋਰੀਂ ਸਾਨੂੰ ਲਭਦੇ ਸੰਤ ਸਤਪਾਲ ਸਿੰਘ ਦੇ ਘਰ ਆ ਗਏ। ਪੌਣਾ ਘੰਟਾ ਸਾਡੇ ਪਾਸ ਰੌਣਕ ਰਹੀ। ਗੱਲ ਬਾਤ ਤੋਂ ਪਤਾ ਲਗਾ ਕਿ ਪ੍ਰਕਾਸ਼ ਸਤਿਗੁਰੂ ਜੀ ਨਾਲ ਰੁੱਸਕੇ ਰਿਹਾਇਸ਼ ਦੇ ਤੌਰ ਤੇ ਸੰਤ ਤਰਲੋਕ ਸਿੰਘ ਘਰ ਡੇਰਾ ਲਾਈ ਬੈਠਾ ਹੈ। ਜੱਟ ਹੈ ਨ, ਰੁੱਝਣ ਛੇਤੀ ਮੰਨ ਲੈਂਦਾ ਹੈ। ਭੁਲ ਜਾਂਦਾ ਹੈ ਕਿ ਸਤਿਗੁਰੂ ਜੀ ਨਾਲ ਕਾਹਦਾ ਰਕਤਾ-ਝਗੜਾ। ਪਰ ਗੁਰੂ ਤੇ ਸਿਖ ਦੇ ਦਰਮਿਆਨ ਪਿਓ ਪੁਤ ਵਾਲਾ ਹੀ ਦਾਵੇਦਾਰ ਝਗੜਾ ਹੁੰਦਾ ਹੈ, ਉਹਨੂੰ ਸਮਝਾਇਆ ਕਿ ਸਾਡਾ ਇਸ ਤਰ੍ਹਾਂ ਰਹਨਾ ਸੋਭਦਾ ਨਹੀਂ।

## 24 ਜੂਨ 1983, ਸ਼ੁਕਰਵਾਰ
## ਮੰਡੀ (ਹਿਮਾਚਲ),

ਵਾਰਾ ਜਥਾ ਸੰਤ ਸਾਧਾ ਸਿੰਘ ਦਾ

ਸ੍ਰੀ ਸਤਿਗੁਰੂ ਜੀ ਦੇ ਰਾਤ ਵਾਲੇ ਹੁਕਮ ਅਨੁਸਾਰ ਜਥੇਦਾਰ ਸੇਵਾ ਸਿੰਘ ਜੀ ਦੇ ਲੜਕੇ ਸੰਤ ਸਾਧਾ ਸਿੰਘ ਨੇ ਵਾਰੇ ਦੇ ਢੰਗ ਵਿਚ, ਉਰੀਆਂ ਸੁਰਾਂ ਵਾਲੀਆਂ ਧਾਰਨਾਂ ਨਾਲ ਕੀਰਤਨ ਕੀਤਾ। ਸੰਤ ਸੁਖਦੇਵ ਸਿੰਘ ਜੀ ਨੇ ਪੌੜੀਆਂ, ਬਾਕੀ ਸੱਜਣਾਂ ਨੇ, ਜਿਵੇਂ ਗਿ: ਦਰਸ਼ਨ ਸਿੰਘ ਪੰਡੋਹ, ਸੰਤ ਅਰਜਨ ਸਿੰਘ ਪੰਡੋਹ, ਸੰਤ ਨਿਰੰਜਨ ਸਿੰਘ, ਸੰਤ ਹਰਭਜਨ ਸਿੰਘ, ਸ. ਪ੍ਰਿਥੀਪਾਲ ਸਿੰਘ, ਸ. ਗੁਰਮੁਖ ਸਿੰਘ ,ਸ. ਅਨੂਪ ਸਿੰਘ ਆਦਿ ਨੇ ਸਾਥ ਕੀਤਾ।

ਜਦੋ ਨੂੰ 5 ਵਜੇ ਮੈ ਦੀਵਾਨ ਵਿਚ ਪੁੱਜਾ, ਸਾਧ ਸੰਗਤ ਵਲੋਂ ਧਰਮਸਾਲਾ ਵਾਲਾ ਹਾਲ ਭਰਪੂਰ ਸੀ। ਸਤਿਗੁਰੂ ਜੀ ਦੇ ਸੰਗੇ ਵਾਰ ਦਾ ਕੀਰਤਨ ਹੋ ਚੁਕਾ ਸੀ ਅਤੇ ਇਕ ਅਨੰਦ ਕਾਰਜ ਵੀ ਕੀਤਾ ਗਿਆ ਸੀ ਅਤੇ ਇਸ ਘੜੀ ਸ੍ਰੀ ਗ੍ਰੰਥ ਸਾਹਿਬ ਦਾ ਭੋਗ ਪੈ ਰਿਹਾ ਸੀ। ਅਨੰਦ ਕਾਰਜ ਵਾਲੇ ਲੜਕੇ ਦਾ ਨਾਮ ਸ੍ਰੀ ਮੋਹਣ ਸਿੰਘ ਇਬਰਾਹੀਮ (ਰਾਜੂ ਰੰਗਾ) ਅਤੇ ਲੜਕੀ ਬੀਬੀ ਬਲਜੀਤ ਕੌਰ ਸਪੁੱਤਰੀ ਸੰਤ ਕਰਨੈਲ ਸਿੰਘ ਮਹਿਤਪੁਰ (ਊਨਾ)।ਸੰਤ ਮਹਿੰਦਰ ਸਿੰਘ ਪ੍ਰਕਾਸ਼ ਨੇ 5.35 ਵਜੇ ਅਰਦਾਸ ਕੀਤੀ ਤਾਂ ਪਤਾ ਲਗਾ ਕਿ ਪਾਠ ਦਾ ਭੋਗ ਵਿਆਹ ਵਾਲੇ ਜੋੜੇ ਵਲੋ ਸੀ।

ਬੀਬੀ ਬਲਜੀਤ ਕੌਰ ਦੀ ਸਲਾਹੁਤਾ



Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਨੇ ਕੇਵਲ 4 ਮਿੰਟ ਲਈ ਸੰਗਤ ਪ੍ਰਤੀ ਸੰਬੋਧਨ ਕੀਤਾ। ਜਿਸਦਾ ਭਾਵ ਇਹ ਸੀ ਕਿ ਜਿਸ ਲੜਕੀ ਦਾ ਅਨੰਦ ਕਾਰਜ ਅੱਜ ਹੋਇਆ ਹੈ, ਵਿਆਹ ਦੇ ਸਮੇਂ ਆਪਣੇ ਆਪ, ਨੰਗੇ ਮੂੰਹ, ਆਪਣੇ ਮੰਗੇਤਰ ਨਾਲ ਆ ਬੈਠੀ ਹੈ, ਜਿਨ੍ਹਾਂ ਨੂੰ 3-4 ਬੀਬੀਆਂ ਫੜਕੇ ਲਿਆਉਂਦੀਆਂ ਹਨ, ਉਹਨਾਂ ਨੂੰ ਜਾਂ ਤੁਰਨਾ ਨਹੀ ਆਉਂਦਾ ਜਾਂ ਕੋਈ ਹੋਰ ਨੁਕਸ ਹੁੰਦਾ ਹੈ। ਫਿਰ ਰੋਣ ਸੌਂਕੇ ਲਗਾਣ ਵਾਲਾ ਮੂੰਹ ਛੁਪਾਇਆ ਜਾਂਦਾ ਹੈ। ਇਹ ਸਾਧ ਸੰਗਤ ਦੀ ਮਰਿਆਦਾ ਨਹੀ। ਅੱਜ ਵਾਲੀ ਬੀਬੀ ਨੂੰ ਸਾਧ ਸੰਗਤ ਮੰਡੀ ਵਲੋਂ ਸਨਮਾਨਤ ਕੀਤਾ ਜਾਣਾ ਚਾਹੀਦਾ ਹੈ। ਅਤੇ ਸ੍ਰੀ ਸਤਿਗੁਰੂ ਜੀ ਨੇ ਲੜਕੀ ਅਤੇ ਲੜਕੇ ਨੂੰ ਪਾਸ ਬੁਲਾਕੇ ਬੀਬੀ ਬਲਜੀਤ ਕੌਰ ਨੂੰ 'ਸਤਿਗੁਰ ਤਿਸਕਾ ਨਾਉਂ' ਅਤੇ "ਗੁਰੂ ਰਾਮ ਸਿੰਘ ਕੂਕਾ ਅੰਦੋਲਨ ਦੇ ਆਗੂ" ਦੋ ਪੁਸਤਕਾਂ ਬਖਸ਼ਿਸ਼ ਕੀਤੀਆਂ।

ਇਸ ਸਮੇਂ ਦੀਨ ਦਿਆਲ ਜੀ ਨੇ ਅਨੰਦ ਕਾਰਜਾਂ ਦੀ ਸਾਦਗੀ ਨੂੰ ਸਲਾਹਿਆ ਅਤੇ ਦਾਜ ਲੈਣ-ਦੇਣ ਦੀ ਇੱਛਾ ਨੂੰ ਨਕਾਰਿਆ। ਵਾਰਾ ਜਰੇ ਨੂੰ ਵੀ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਹੋਈਆਂ। ਆਪ ਜੀ ਏਥੋਂ ਉਠ ਬਿਆਸ ਕੰਢੇ ਆਪਣੀ ਕੋਠੀ ਪਹੁੰਚ ਗਏ।

### ਕੋਠੀ ਵਿਚ ਦਰਸ਼ਨ

ਮੈਂ ਅਤੇ ਮੇਰੇ ਦਾਮਾਦ ਸ੍ਰੀ ਹਮਰਾਹੀ ਨੂੰ ਸੰਤ ਮਹਿੰਦਰ ਸਿੰਘ ਨੇ ਸਕੂਟਰ ਕਿਰਪਾ ਨਾਲ 6 ਵਜੇ ਤਕ ਕੋਠੀ ਜਾ ਪੁਚਾਇਆ। ਸਤਿਗੁਰੂ ਜੀ ਸ਼ਾਇਦ ਆਰਾਮ ਕਰਕੇ ਹੀ ਆਏ ਸਨ। ਆਪ ਜੀ ਕੋਠੀ ਦੇ ਫਰਸ਼ ਤੇ ਆ ਟਿਕੇ। ਸਾਹਮਣੇ, ਬਿਆਸ ਦੇ ਦੂਜੇ ਪਾਰ ਪਾਤਰੀਆਂ ਨਾਲ, ਉਤੇ ਤਕ, ਆਵਰੀ ਬੱਸ ਗੁਜਰ ਰਹੀ ਸੀ। ਪਹਾੜੀ ਦੇ ਪੈਰਾਂ ਵਿਚ ਬਿਆਸ ਦਰਿਆ ਲਹਿਰਾ ਰਿਹਾ ਹੈ ਅਤੇ ਬਿਆਸ ਦੇ ਉਰਾਰਲੇ ਕੰਢੇ ਸੁਖਾਵੀ ਧੁੱਪੇ, ਇਕ ਪਾਸੇ ਭੈਣੀ ਸਾਹਿਬ ਦਾ ਜਥਾ, ਜਿਸ ਦੀ ਅਗਵਾਈ ਸ਼ਾਇਦ ਸਰੋਤਰ ਸੰਤ ਤਰਸੇਮ ਸਿੰਘ ਕਰ ਰਿਹਾ ਹੋਵੇ, ਇਹਦੇ ਸਾਹਵੇ ਮੰਡੀ ਦਾ ਜਥਾ ਜਿਸਦਾ ਆਗੂ ਸੰਤ ਮੋਹਣ ਸਿੰਘ ਸਪੁੱਤਰ ਸੰਤ ਸੇਵਾ ਸਿੰਘ ਜਥੇਦਾਰ ਮੰਡੀ ਵਾਲਾ ਹੋਵੇ ! ਸਾਰੇ ਹੀ ਸਿੰਘ ਕੱਢਿਆਂ ਚੁਨੈਣਾਂ ਨਾਲ ਬੈਠੇ ਸਨ ਸ਼ਾਇਦ ਗਰਮੀ ਦਾ ਮੁਕਾਬਲਾ ਕਰ ਰਹੇ ਹੋਣ।

ਸੰਤ ਜਗਤਾਰ ਸਿੰਘ ਪਟਿਹਾਰੀ ਨੇ ਮੇਰੇ ਕੰਨ ਵਿਚ ਕਿਹਾ: ਮੈਚ ਤਾਂ ਭੈਣੀ ਸਾਹਿਬ ਵਾਲਿਆਂ ਜਿਤ ਲਿਆ ਹੈ। ਹੁਣ ਤਾਂ ਸ਼ੌਂਕੀਆ ਖੇਡ ਰਹੇ ਹਨ। ਸਤਿਗੁਰੂ ਜੀ ਦੇ ਸੇਵਕ, ਖਿਲਾ ਬਲਦੇਵ ਸਿੰਘ ਅਤੇ ਪੁਰਖੇ ਤੋਂ ਸਾਰੇ ਮੈਚ ਦੇਖ ਰਹੇ ਸਨ। ਕੋਠੀ ਵਿਚ ਦਰਸ਼ਨ ਤਰ ਸਿੰਘ ਏਧਰ ਉਧਰ ਫਿਰਦੇ ਨਜ਼ਰ ਆ ਰਹੇ ਸਨ। ਪੰਛਮੀ ਬਾਹੀ ਵਿਚ ਐਸ ਰਸੀਅਰ ਸਨ: ਸ. ਗੁਰਦਿਆਲ ਸਿੰਘ ਐਲਨਾਬਾਦ, ਗੁਰਦੇਵ ਸਿੰਘ, ਜੋਗਾ ਸਿੰਘ, ਮਹਿੰਦਰ ਸਿੰਘ ਅੰਮ੍ਰਿਤਸਰ ਵਗੈਰਾ।

### ਸੰਤ ਸਵਰਨ ਸਿੰਘ ਦੀ ਬੇਨਤੀ

ਬੈਠੇ ਹੋਏ ਸਤਿਗੁਰੂ ਜੀ ਪਾਸ ਮੰਡੀ ਦੇ ਸੰਤ ਸਵਰਨ ਸਿੰਘ ਹਚਰੀਂ ਜਿਸ ਨਾਲ ਸ੍ਰੀ ਸਤਿਗੁਰੂ ਜੀ ਦੇ ਦੋ ਸਾਲ ਤੋਂ ਨੇਤਰ ਨਹੀ ਮਿਲੇ, ਅੱਜ ਬੜੇ ਪ੍ਰੇਮ ਨਾਲ ਮਖੀਆਂ ਝੱਲ ਰਹੇ ਸਨ। [illegible] [illegible] ਰਾਹ ਵਿਚ ਆਉਂਦਿਆਂ ਮੈਨੂੰ ਕਹਿ ਰਹੇ ਸਨ ਕਿ ਮੈਂ (ਕਈ)



Sri Satguru Jagjit Singh Ji Elibrary NamdhariElibrary@gmail.com

ਮੰਡੀ ਦੇ ਜਵਾਨਾ ਵਲੋ ਹਜ਼ੂਰ ਨੂੰ ਬੇਨਤੀ ਕਰਾਂ ਕਿ ਆਪ ਜੀ ਰੋਜ਼ ਹੀ ਆਸਾ ਦੀ ਵਾਰ ਦੇ ਦੀਵਾਨ ਪਿਛੋਂ ਅੰਮ੍ਰਿਤ ਵਰਖਾ ਕਰਿਆ ਕਰਨ, ਭਾਵੇਂ 15-20 ਮਿੰਟ ਹੀ ਹੋਵੇ।

ਜਦੋਂ ਅਸੀ ਸਤਿਗੁਰੂ ਜੀ ਪਾਸ ਕੋਠੀ ਆਏ ਤਾਂ ਆਪ ਜੀ ਦੇ ਨਿਕਟੀਆਂ ?, ਬਿਨਾ ਅਸੀ ਚਾਰ ਜਣੇ ਹੀ ਹੋਰ ਸਾਂ। ਸਤਿਗੁਰੂ ਜੀ ਨੇ ਆਪ ਹੀ ਦੋ ਤਿਨ ਗੱਲਾਂ ਸਾਡੇ ਨਾਲ ਕੀਤੀਆਂ ਜੁ ਅਸੀ ਆਪ ਜੀ ਨਾਲ ਕਰਨਾ ਚਾਹੁੰਦੇ ਸਾਂ। ਮੈ ਛੇਤੀ ਨਾਲ ਕਹਿ ਦਿਤਾ: ਸੰਤ ਸਵਰਨ ਸਿੰਘ ਹਜ਼ਰੋ (ਸਪੁਤਰ ਸੰਤ ਹਰਨਾਮ ਸਿੰਘ ਹਜ਼ਰੋ) ਵੀ ਆਪ ਜੀ ਨਾਲ, ਮੰਡੀ ਦੇ ਜਵਾਨਾਂ ਵਲੋ ਬੇਨਤੀ ਕਰਨਾ ਚਾਹੁੰਦਾ ਹੈ। ਸਵਰਨ ਸਿੰਘ ਹੁਰਾਂ ਸਨਿਮਰ ਅਰਜ਼ ਕਰ ਦਿਤੀ

"ਉਹ ਕੇਹੜੇ ਮੁੰਡੇ ਹਨ, ਜ਼ਰਾ ਮੈਨੂੰ ਵੀ ਤਾਂ ਦਸ ?"

"ਜੀ, ਬਹੁਤ ਸਾਰੇ ਬੇਨਤੀ ਕਰਦੇ ਹਨ !"

ਜਦੋਂ ਸਤਿਗੁਰਾਂ ਫੇਰ ਪੁਛਿਆ ਉਹ ਹੋਰ ਕੇਹੜੇ ਜ਼ਰਾ ਨਾਂ ਤਾਂ ਲੈ। ਫਿਰ ਸਵਰਨ ਸਿੰਘ ਹੁਰੀ ਕੇਵਲ ਆਪਣਾ ਨਾਂ ਹੀ ਲੈ ਸਕੇ।

ਗੱਲ ਬਾਤ ਦੌਰਾਨ ਪਤਾ ਲਗਾ ਕਿ ਸਤਿਗੁਰੂ ਜੀ ਨੇ ਸਵਰਨ ਸਿੰਘ ਹੁਰਾਂ ਨੂੰ ਇਹਨਾ ਦੇ ਹੀ ਦੋ ਬਚਿਆਂ ਜਾਂ ਵਿਅਕਤਿਕ ਰਿਸ਼ਤੇਦਾਰਾਂ ਨੂੰ ਮਿਲਣੋ ਰੋਕਿਆ ਸੀ। ਇਹ ਮੰਨ ਨ ਸਕੇ। ਸਤਿਗੁਰਾਂ ਆਪਣੇ ਨੇਤਰਾਂ ਨੂੰ ਆਗਿਆ ਕਰ ਦਿਤੀ: ਤੁਸੀ ਹੀ ਨ ਮਿਲੋ। ਦੋ ਸਾਲ ਬੀਤਣ ਉਪਰੰਤ ਸੰਤ ਸਵਰਨ ਸਿੰਘ ਨੇ ਕਰਵਟ ਲੈ ਲਈ ਅਤੇ ਅੱਜ ਉਹ ਗੁਰੂ ਕੇ ਪਿਆਰਿਆਂ ਵਿਚੋਂ ਹੈ।

### ਸੰਤ ਗੁਰਚਰਨ ਸਿੰਘ ਚੰਨੀ

ਇਹ ਗੱਲ ਮੁੱਕੀ ਤਾ ਸਤਿਗੁਰੂ ਜੀ ਨੇ ਆਪ ਹੀ ਸੰਤ ਗੁਰਚਰਨ ਸਿੰਘ ਚੰਨੀ ਤੇ ਸੰਤ ਨਿਰੰਜਨ ਸਿੰਘ ਦਾ ਮਾਜਰਾ ਆਰੰਭ ਦਿਤਾ। ਮੈ ਕੋਈ 15-20 ਮਿੰਟ ਪਹਿਲਾਂ ਹੀ ਬਾਜ਼ਾਰ ਭੂਤ ਨਾਥ ਵਾਲੇ ਚੌਕ ਵਿਚ ਬੈਠਿਆਂ ਸੰਤ ਗੁਰਚਰਨ ਸਿੰਘ ਚੰਨੀ ਦੇ ਦੁਖੀ ਹਿਰਦੇ ਦੀ ਪਰੇਸ਼ਾਨੀ ਭਰੀ ਪੁਕਾਰ ਸੁਣਕੇ ਆਇਆ ਸਾਂ। ਉਸਦਾ ਕਹਿਣਾ ਸੀ : ਫੈਸਲੇ ਇਕ ਤਰਫ਼ੇ ਹੋਣ ਲਗ ਪਏ ਹਨ। ਸਾਡੀ ਦੁਨੀਆਂਦਾਰੀ ਜਾਣਕੇ ਦਬਾਈ ਜਾ ਰਹੀ ਹੈ। ਮੈ ਤਾਂ ਰਾਤੀ ਘਰ ਨਹੀ ਗਿਆ। ਦੁਕਾਨ ਵਿਚ ਸਸੋਪੰਜ ਵਿਚ ਪਿਆ ਉਸਲ ਵੱਟੇ ਲੈਂਦਾ ਰਿਹਾ ਹਾਂ। ਫੈਸਲਾ ਕਰ ਲਿਆ ਹੈ ਕਿ ਅੱਜ ਦੀਵਾਨ ਵਿਚ ਜਾਕੇ ਬੇਨਤੀ ਕਰਨੀ ਹੈ : ਸੱਚੇ ਪਾਤਸ਼ਾਹ ! ਮੇਰੇ ਸਵਾਸਾਂ ਦਾ ਅੰਤਾ ਜਾਣਾ ਰੋਕ ਕੇ, ਹੁਣ ਤਕ ਜਿਹੜੀਆਂ ਤੇਰੀਆਂ ਖੁਸ਼ੀਆਂ ਲਈਆਂ ਹਨ, ਉਹ ਕਰੋਪੀ ਅਤੇ ਫੇਸੂਆਦੀ ਵਿਚ ਨ ਬਦਲ ਜਾਣ ਅਤੇ ਉਹ ਰੋਣਹਾਕਾ ਸੀ। ਮੈ ਸਮਝਿਆ ਕਿ ਉਹ ਮੇਰੀ ਸਹਾਇਤਾ ਚਾਹੁੰਦਾ ਹੈ, ਪਰ ਉਹਨੂੰ ਵੀ ਪਤਾ ਸੀ ਕਿ ਸਤਿਗੁਰੂ ਜੀ ਨਾਲ ਮੇਰੀ ਦਖ਼ਲ ਵਾਲੀ ਗੱਲ ਨਹੀ। ਅਤੇ ਨਾ ਹੀ ਮੈ ਮੰਡੀ ਦੇ ਮਸਲਿਆਂ ਵਿਚ ਆਪਣੀ ਹੋਂਦ ਦੀ ਕੋਈ ਅੰਕਤ ਸਮਝਦਾ ਹਾਂ।

ਪਰ ਦੁਖੀ ਹਿਰਦੇ ਦੀ ਪੁਕਾਰ ਵੀ ਗੁਰੂ ਦਰਬਾਰ ਵਿਚ ਹਜ਼ੂਰ ਪੁਚਾਣੀ ਚਾਹੁੰਦਾ ਸਾਂ। ਜੁ ਸੱਚੇ ਪਾਤਸ਼ਾਹ ਜੀ ਨੇ ਆਪ ਹੀ ਗੁਰਚਰਨ ਸਿੰਘ ਨਿਰੰਜਨ ਸਿੰਘ ਦਾ ਮਸਲਾ ਛੁਹ ਲਿਆ। ਜੁ ਮੈ ਠੀਕ ਸਮਾ ਜਾਣ ਗੁਰਚਰਨ ਸਿੰਘ ਦੀ ਮਨੋਦਸ਼ਾ ਬਿਆਨ ਦਿਤੀ।



Sri Satguru Jagjit Singh Ji Elibrary NamdhariElibrary@gmail.com

ਜਦੋਂ ਪਿਆਰ ਕਰਨ ਵਾਲੇ ਐਸੇ ਸਿਖ ਕਿਤੇ ਭਟਕ ਜਾਂ ਅਟਕ ਜਾਂਦੇ ਹਨ ਤਾਂ ਪਰੇਸ਼ਾਨੀ ਤਾਂ ਮਹਾ ਗਿਆਨੀ ਸਤਿਗੁਰਾਂ ਨੂੰ ਵੀ ਹੁੰਦੀ ਹੈ ਕਿਉਂਕਿ ਉਨ੍ਹਾ ਦੀ ਹਾਲਤ "ਸਭ ਕੋ ਆਸੈ ਤੇਰੀ ਬੈਠਾ"। ਵਿਚਿਤ੍ਰਤਾ ਭਰੀ ਹੋ ਚੁਕੀ ਹੁੰਦੀ ਹੈ। ਸਚਾਈ ਦਾ ਪੱਖ ਵੀ ਲੈਣਾ ਹੁੰਦਾ ਹੈ, ਮਸਲਾ ਮੁੜ ਮੁੜ ਨ ਉਠਣ ਵਾਸਤੇ ਟੈਕਲ ਕਰਨਾ ਵੀ ਜ਼ਰੂਰੀ ਹੁੰਦਾ ਹੈ।

ਅਜਿਹੀ ਗਲ ਬਾਤ ਚਲਦਿਆਂ ਸੰਤ ਗੁਰਚਰਨ ਸਿੰਘ ਰੰਨ ਦਾ ਲੜਕਾ ਹਰਮਿੰਦਰ ਸਿੰਘ ਆ ਗਿਆ। ਉਸਨੇ ਆਦਰ ਸਹਿਤ ਨਮਸਕਾਰ ਕੀਤੀ ਤਾਂ ਦੀਨ ਦਿਆਲ ਜੀ ਨੇ ਉਸ ਦੇ ਦੋਵੇਂ ਕੰਨ ਮਰੋੜਦਿਆਂ ਮਸਲਦਿਆ ਉਹਦੀ ਸਲਾਘਾ ਕੀਤੀ। ਬਚਨ ਕੀਤਾ: ਇਹਦੇ ਤੇ ਬੜੀ ਕਿਰਪਾ ਹੈ। ਇਹੋ ਜਿਹੇ ਦਿਨਾ ਵਿਚ ਵੀ ਇਹ ਠੀਕ ਹੈ। ਦੋ ਵੇਲੇ ਦੀਵਾਨ ਵਿਚ ਆਉਂਦਾ ਹੈ। ਖਿੜੇ ਮੱਥੇ ਰਹਿੰਦਾ ਹੈ। ਪਾਰਟੀਬਾਜ਼ੀ ਵਿਚ ਨਹੀ ਪਿਆ।

ਸਤਿਗੁਰੂ ਜੀ ਨੇ ਹਰਵਿੰਦਰ ਸਿੰਘ ਨੂੰ ਪੁਛਿਆ: ਕੱਲ ਬਾਬੀ ਗੁਰਚਰਨ ਸਿੰਘ ਦੀਵਾਨ ਵਿਚ ਗਿਆ ਸੀ ? ਉਸਨੇ ਦੱਸਿਆ ਕਿ ਉਸਦੀ ਢੂੰਢ ਭਾਲ ਜਾਰੀ ਰਹੀ। ਜਦੋਂ ਬਾਤੀ ਦੁਕਾਨ ਵਿਚ ਪਿਆ ਵੇਖਿਆ, ਤਾ ਤਸੱਲੀ ਹੋਈ।

ਇਸ ਨਾਲ ਪਿਆਰ ਕਰਕੇ ਸੱਚੇ ਪਾਤਸ਼ਾਹ ਜੀ ਨੇ ਪਹਿਲੀ ਤੰਦ ਨਾਲ ਅਗਲੀ ਤੰਦ ਜੋੜ ਦਿਤੀ। ਗੱਲ [redacted] ਜਿਹੀ ਸੀ। ਇਹ ਇਕ ਘਿਰ ਦੇ ਵਿਆਹ ਤੇ ਲੈਣ ਦੇਣ ਦਾ ਮਸਲਾ ਸੀ। ਸਤਿਗੁਰੂ ਜੀ ਨੇ ਜ਼ਰਾ ਵਿਅੰਗਾਮਈ ਬਚਨ ਕੀਤਾ: ਇਹ ਸਭ ਕਲਿਜੁਗ ਦਾ ਪ੍ਰਭਾਵ ਹੈ। ਇਹ ਵੀ ਡਰ ਲਗਦਾ ਹੈ ਕਿ ਕਿਤੇ ਬਜ਼ਾਰੋਂ ਨਵਾਂ ਮਾਲ ਲੈਕੇ ਹੀ ਨ ਮੇਰੇ ਅਗੇ ਲਿਆ ਧਰਨ।

ਸਾਨੂੰ ਪਤਾ ਲਗ ਗਿਆ ਕਿ ਇਹ ਬੜੇ ਦ੍ਰਿੜ੍ਹਤਾ ਵਾਲੇ ਨੂੰ ਪਰਚਾ ਪਿਆ ਹੈ। ਵੇਖੀਏ, ਪ੍ਰੇਮੀ ਤਾਂ ਬੜੇ ਸਨ !

ਇਕ ਹੋਰ ਕੀਰਤਨਕਾਰ ਦਾ ਜ਼ਿਕਰ ਚੱਲਿਆ ਜੁ ਆਪਣੇ ਦੀਵਾਨ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੀ ਜ਼ਿਕਰ ਕਰਦਾ ਹੈ, ਗੁਰੂ ਰਾਮ ਸਿੰਘ ਜੀ, ਗੁਰੂ ਹਰੀ ਸਿੰਘ ਜੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਨਾਮ ਵੀ ਨਹੀ ਲੈਂਦਾ !

## ਸ. ਖੜਕ ਸਿੰਘ ਤੁਮਰੇ ਬਾਰੇ

ਹੋਰ ਬਹੁਤ ਸਾਰੀਆਂ ਏਸੇ ਵਿਸ਼ੇ ਤੇ ਗੱਲਾਂ ਹੋਈਆਂ। ਮੈਨੂੰ ਯਾਦ ਆਇਆ, [redacted] ਚਿੱਠੀ ਸ. ਖੜਕ ਸਿੰਘ ਤੁਮਰੇ ਦੀ ਮੇਰੇ ਨਾਮ ਤੇ ਆਈ ਸੀ ਜਿਸ ਵਿਚ ਸਤਿਗੁਰੂ ਜੀ ਨੂੰ ਬੱਚਿਆਂ ਦੇ ਵਿਆਹ ਬਾਰੇ ਅਰਜ਼ ਸੀ। ਬਹੁਤ ਸਾਰੀ ਗੱਲਬਾਤ ਪਿਛੋਂ ਆਦੇਸ਼ ਹੋਇਆ: ਜਦੋਂ ਵੀ ਬੱਚੇ ਇੰਡੀਆ ਆਉਣ ਦੋ ਮਹੀਨੇ ਡੇਢ ਮਹੀਨੇ ਵਿਚ ਵਿਆਹ ਕੇ ਭੇਜ ਦਿਆਂਗੇ।

ਮੈਨੂੰ ਆਈ ਚਿੱਠੀ ਵਿਚ ਸ. ਤੁਮਰੇ ਨੇ ਇਹ ਵੀ ਲਿਖਿਆ ਸੀ ਕਿ "ਹੀਰੇ ਹੀਰਿਆਂ ਪੈਤਾਂ" ਵਿਚ ਸੰਤ-ਗੁਰਮੁਖ ਸਿੰਘ ਲੁਧਿਆਣਾ ਦਾ ਜ਼ਿਕਰ ਪੜ੍ਹਕੇ ਜਦੋਂ ਉਹ ਗੁਰੂ ਜੀਆਂ ਦੇ ਕੋਲ ਜ਼ਮੀਨ ਵਾਹੁੰਦਾ ਸੀ ਬਹੁਤ ਰੋਣ ਆਇਆ। ਉਹਦਾ ਜਦੋਂ ਰੋਣ ਤੇ ਜੀ ਕਰੇ ਉਸੇ ਪ੍ਰਸੰਗ ਨੂੰ ਪੜ੍ਹਕੇ ਰੋ ਲੈਂਦਾ ਹੈ। ਮੇਰੇ ਵਰਨਨ ਦੀ ਉਸ ਨੇ ਤਾਰੀਫ਼ ਕੀਤੀ।

ਬਚਨ ਬਿਲਾਸ ਕਰਦਿਆਂ 9 ਵਜ ਗਏ। ਸਤਿਗੁਰੂ ਜੀ ਦੇ ਲਾਂਗਰੀ [redacted] ਸਿੰਘ ਨੇ ਆਪ ਜੀ ਦੇ ਕੰਨਾਂ ਕੋਲ ਬੈਠ ਕੇ ਕੁਝ ਕਿਹਾ ਤਾਂ ਸੱਚੇ ਪਾਤਸ਼ਾਹ ਉਠ ਕੇ ਮਾਲਿਸ਼



Sri Satguru Jagjit Singh Ji Elibrary NamdhariElibrary@gmail.com

ਕਰਵਾਣ ਲਈ ਉਪਰਲੀਆਂ ਪੌੜੀਆਂ ਚੜ੍ਹ ਗਏ। ਜਾਂਦਿਆਂ ਸਾਰ ਹੀ ਸਤਿਗੁਰੂ ਜੀ ਨੇ ਸੰਤ ਜਗਤਾਰ ਸਿੰਘ ਤੇ ਸੇਵਕ ਬਲਦੇਵ ਸਿੰਘ ਨੂੰ ਬੁਲਾਇਆ।

ਸਤਿਗੁਰੂ ਜੀ ਦਾ ਡੇਰਾ ਮੰਡੀ-ਪਠਾਨਕੋਟ ਰੋਡ ਤੇ ਆਪਣੀ ਹੀ ਬਿਆਸ ਨਾਲ ਲਗਦੀ ਕੋਠੀ ਵਿਚ ਹੈ। ਇਸ ਦੇ ਪਰਵੇਸ਼ ਦੁਆਰ ਤੋਂ ਹੇਠਾਂ ਉਤਰਦਿਆਂ ਅਨੇਕਾਂ ਹਰੇ ਭਰੇ ਬੂਟੇ ਤਾਂ ਨਜ਼ਰ ਪਏ ਹੀ ਪਰ ਇਕ ਸਫੈਦ ਚਾਨਣੀ ਵੀ ਲਗੀ ਵੇਖੀ। ਤ੍ਰੇਲੋਂ ਬਚਕੇ ਕੁਝ ਸਿੰਘਾਂ ਦੇ ਬਿਰਾਜਣ ਲਈ ਜਾਂ ਦੁਪਹਿਰੇ ਸੂਰਜੋਂ ਉਹਲੇ ਹੋਕੇ ਬਚਨ ਬਿਲਾਸ ਕਰਨ ਲਈ। ਅੰਗ ਰਖਿਆਕਾਂ ਲਈ ਬਰਾਂਡੇ ਨੂੰ ਕਨਾਤਾਂ ਲਾ ਦਿੱਤੀਆਂ ਗਈਆਂ ਹਨ।

## ਵਿਗੜੀ ਬਣ ਗਈ

ਸਾਡੀ ਵਾਪਸੀ ਲਈ ਵੀ ਸੰਤ ਮਹਿੰਦਰ ਸਿੰਘ ਦਾ ਸਕੂਟਰ ਮਦਦ ਕਰ ਗਿਆ।

ਸੰਤ ਗੁਰਚਰਨ ਸਿੰਘ ਚੰਨ ਦੀ ਇਮਦਾਦ ਕਰਨ ਲਈ ਸ੍ਰੀ ਹਮਰਾਹੀ ਨੇ ਉਨ੍ਹਾਂ ਦੇ ਘਰ ਦਾ ਰਾਹ ਲਿਆ। ਘਰ ਆਕੇ ਮਿਲਿਆ ਤਾਂ ਉਸ ਦੱਸਿਆ ਕਿ ਹੁਣ ਦੇਵੋ ਤਰ੍ਹਾਂ ਹੀ ਸਤਿਗੁਰੂ ਜੀ ਦੇ ਫੈਸਲੇ ਮੁਤਾਬਕ ਕਰਨਗੇ ਅਤੇ ਖੁਸ਼ੀ ਖੁਸ਼ੀ ਕਰਨਗੇ।

ਉਧਰੋਂ ਹਮਰਾਹੀ ਨੇ ਮੇਰੀ ਲੜਕੀ ਵਾਸਤੇ ਵੀ ਸੁਨੇਹਾ ਲੈ ਆਂਦਾ ਕਿ ਸੱਚੇ ਪਾਤਸ਼ਾਹ ਨੇ ਕੱਲ 8 ਵਜੇ ਸਵੇਰੇ ਤ੍ਰੈਤਰ ਉਹਨਾਂ ਦੇ ਘਰ ਦਰਸ਼ਨ ਦੇਣਾ ਹੈ। ਉਹ ਅੱਜ ਵੇਲੇ ਨਾਲ ਘਰ ਚਲੀ ਜਾਏ। ਮੈਨੂੰ ਜਾਪਿਆ ਜਿਵੇਂ ਦੀਨ ਦਿਆਲ ਆਪਣੇ ਕੀੜਿਆਂ ਦੀ ਦਿਲਜੋਈ ਕਰ ਰਹੇ ਹੋਣ ! ਲੰਗਰ ਮੰਡੀਓਂ ਜਾਵੇਗਾ ਪਰ ਡਕਿਆ ਤ੍ਰੈਤਰ ਵਿਖੇ ਜਾਵੇਗਾ। ਪ੍ਰਤੀਤ ਹੁੰਦਾ ਹੈ ਜਿਵੇਂ ਸ. ਹਰਨਾਮ ਸਿੰਘ ਹਰਟੀਕਲਚਿਰਸਟ ਨੂੰ ਵੀ ਨਿਵਾਜਿਆ ਜਾਵੇਗਾ।

ਠਾਕੁਰ ਦਲੀਪ ਸਿੰਘ ਜੀ ਦਾ ਇਕ ਬੰਦਾ ਮੇਰੇ ਲੜਕੇ ਸੁਖਬੀਰ ਸਿੰਘ ਨੂੰ 3 ਵਜੇ ਉਠਾ ਕੇ ਲੈ ਗਿਆ ਕਿ ਮਨਾਲੀ ਜਾਣਾ ਹੈ ਅਤੇ ਇਸ ਵੇਲੇ ਜਦੋਂ ਰਾਤ ਦੇ 11.11 ਹੋ ਗਏ ਹਨ ਮਨਾਲੀ ਵਾਲੇ ਅਜੇ ਵੀ ਆਏ ਨਹੀਂ ਲਗਦੇ। ਹੋ ਸਕਦਾ ਹੈ ਕਲ ਤ੍ਰੈਤਰ ਹੀ ਮੇਲ ਹੋਣ। ਸੌਣ ਵੇਲੇ ਤਕ ਇਹ ਵੀ ਮਾਲੂਮ ਹੋ ਗਿਆ ਕਿ ਸੰਤ ਗੁਰਮੁਖ ਸਿੰਘ ਵੀਡੀਓ ਲੈਕੇ ਬਜੌਰੇ ਜਾ ਰਿਹਾ ਹੈ. ਸਤਿਗੁਰੂ ਜੀ ਦੇ ਪਹੁੰਚਣ ਤੋਂ ਅਗਾਊਂ।

## ਨਾਮ ਸਿਮਰਨ ਤੇ ਕੀਰਤਨ

ਅੱਜ ਬੀਬੀਆਂ ਦੇ ਸਿੰਮੇਲਨ ਨੂੰ ਤੀਜਾ ਦਿਨ ਹੈ। ਧਰਮਸਾਲਾ ਵਿਚ ਕੀਰਤਨ ਚੋਂ ਬਾਅਦ ਹੋਰ ਕਿਸੇ ਦਾ ਦਖਲ ਨਹੀਂ ਹੁੰਦਾ। ਸਤਿਗੁਰੂ ਜੀ ਨੇ ਫਿਰ 3.15 ਵਜੇ, ਧਰਮਸਾਲਾ ਵਿਖੇ ਦਰਸ਼ਨ ਦਿਤੇ। ਸੰਗਤ ਪਲਾਂ ਵਿਚ ਹੀ ਇਕੱਤਰ ਹੋ ਗਈ। ਪਹਿਲਾਂ ਮੰਡੀ ਵਾਲੇ ਸ. ਸਧਾ ਸਿੰਘ ਦੇ ਜਥੇ ਨੂੰ ਇਨਾਮ ਵੀ ਕਰ ਕਮਲਾਂ ਦੁਆਰਾ ਤਕਸੀਮ ਹੋਏ। ਫਿਰ ਛੇਤੀ ਹੀ ਨਾਮ ਸਿਮਰਨ ਜਾਰੀ ਹੋ ਗਿਆ।

4.30 ਵਜੇ ਅਰਦਾਸ ਮਗਰੋਂ ਸ੍ਰੀ ਸੁਰਿੰਦਰ ਸਿੰਘ ਡੋਟੀ ਸਾਹਿਬ ਤੋਂ 'ਮਾਟੀ ਕਾ ਪੁਤਰਾ ਕੈਸੇ ਨਚਤ ਹੈ।' ਸੁਣਿਆ ! ਨੱਵੀਂ ਪਚ੍ਹਾਦਾ ਸੁੰਦਰ ਕਿਸ਼ੋਰ ਦਿਲਰੁਬਾ ਨਾਲ ਖੂਬਸੂਰਤ ਅੰਦਾਜ਼ ਅਤੇ ਮੋਹਕ ਸੁਰਾਂ ਨਾਲ ਗਾਇਨ ਕਰ ਰਿਹਾ ਸੀ।



Sri Satguru Jagjit Singh Ji Elibrary NamdhariElibrary@gmail.com

**ਪੰ: ਸੁਖਰਾਮ ਮੈਂਤਰੀ ਜੀ ਆਏ**

ਏਸੇ ਦੌਰਾਨ ਸ੍ਰੀ ਸਤਪਾਲ ਸਿੰਘ ਸਨੇਹੀ ਨਾਲ ਪੰ. ਸੁਖਰਾਮ ਮੈਂਤਰੀ ਹਿਮਾਚਲ ਸਰਕਾਰ ਇਕ ਹੋਰ ਸਾਥੀ ਨਾਲ ਸਤਿਗੁਰੂ ਜੀ ਦੇ ਸਨਮੁਖ ਆਏ। ਉਨ੍ਹਾਂ ਦੀ ਬੰਦਨਾ ਡੰਡਉਤ ਉਪ੍ਰੰਤ ਸਤਿਗੁਰੂ ਜੀ ਨੇ ਖੇਮ ਕੁਸਲ ਪੁਛੀ। ਏ ਤਿਨ ਸਰੀਰ ਉਠੇ ਅਤੇ ਉਨ੍ਹਾਂ ਪੰ: ਜੀ ਦੇ ਆਉਣ ਤੇ ਖੁਸ਼ੀ ਦੇ ਸਬਦ ਆਖੇ।

ਜਵਾਬ ਵਿਚ ਪੰ: ਸੁਖਰਾਮ ਜੀ ਨੇ ਹੋਲਾ ਸ੍ਰੀ ਭੈਣੀ ਸਾਹਿਬ 1982 ਦੀਆਂ ਯਾਦਾਂ ਦੁਹਰਾਂਦਿਆਂ ਦੱਸਿਆ ਕਿ ਐਸਾ ਸੁਖਦ, ਸ਼ਾਂਤ ਅਤੇ ਅਨੂਠਾ ਇਕੱਠ ਮੈਂ ਕਦੇ ਨਹੀ ਵੇਖਿਆ। ਸੰਜਤ ਅਤੇ ਸੰਜਮ ਭਰਪੂਰ। ਐਸੇ ਸਮਾਜ ਦੇਸ ਨੂੰ ਲੋੜੀਦੇ ਹੀ ਹਨ। ਮੈ ਉਥੇ ਗਰੀਬ ਲੜਕੀਆਂ ਨੂੰ ਅਮੀਰ ਲੜਕਿਆਂ ਨਾਲ ਸ਼ਾਦੀ ਦੇ ਬੰਧਨ ਵਿਚ ਬਝਦਿਆਂ ਵੇਖਿਆਂ। ਹੁਣ ਵੀ ਇਹ ਸੁਖਦਾਈ ਹੈ ਕਿ ਸ੍ਰੀ ਸਤਿਗੁਰੂ ਜੀ ਹਫਤਾ ਭਰ ਮੰਡੀ ਵਿਖੇ ਦਰਸਨ ਦੇਣਗੇ, ਇਸਦੀ ਮੈਨੂੰ ਬੇਹਦ ਖੁਸ਼ੀ ਹੋਈ ਹੈ। ਅਧਿਆਤਮ ਅਤੇ ਪਦਾਰਥਵਾਦਾਂ ਦੇ ਸਤੰਭਾਂ ਤੇ ਖਲੋਤੇ ਹੋਏ ਸਵਾਮੀ ਵਿਵੇਕਾ ਨੰਦ ਸ਼ਿਕਾਗੋ ਦੀ ਵਰਲਡ ਸਪਿਰਚਿਊਲ ਕਾਂਗ੍ਰਸ ਵਿਚ ਆਖਿਆ ਸੀ, ਹਿੰਦੁਸਤਾਨ ਨੂੰ ਯੂਰੋਪੀ ਵਿਗਿਆਨ ਹਾਸਲ ਕਰਨਾ ਚਾਹੀਦਾ ਹੈ ਅਤੇ ਯੂਰਪ ਨੂੰ ਇਹਦੇ ਤੋਂ ਅਧਿਆਤਮ, ਦੋਹਾ ਚੀਜ਼ਾਂ ਦੀ ਦੋਹਾਂ ਪਾਸਿਆਂ ਨੂੰ ਜ਼ਰੂਰਤ ਹੈ।

ਸਤਿਗੁਰੂ ਜੀ ਨੇ ਬੜੀ ਕਿਰਪਾ ਕੀਤੀ ਹੈ ਕਿ ਜਵਾਨਾਂ ਦਾ ਏਥੇ ਸਿਵਰ ਚਲ ਰਿਹਾ ਹੈ। ਅਤੇ ਇਹਨਾਂ ਨੂੰ ਸਮਾਜਕ ਜੀਵਨ ਦੀ ਸਿਖਿਆ ਦਿਤੀ ਜਾਵੇਗੀ।" ਕੋਈ 4-5 ਵਾਰ ਸਤਿਗੁਰੂ ਜੀ ਅਤੇ ਸੰਗਤ ਦਾ ਧੰਨਵਾਦ ਕਰਕੇ, ਮੁੜ ਵੀ ਆਉਣ ਦੀ ਕੋਸ਼ਸ਼ ਦੱਸ ਕੇ 'ਸਤਿ ਸ੍ਰੀ ਅਕਾਲ' ਕਹਿ ਕੇ ਭਾਸ਼ਣ ਦੀ ਸਮਾਪਤੀ ਕਰ ਦਿਤੀ।

**ਆਸ਼ੀਰਵਾਦ ਸਤਿਗੁਰੂ ਜੀ ਵਲੋਂ**

ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੰਖੇਪ ਵਿਚ ਪੰਡਿਤ ਸੁਖਰਾਮ ਜੀ ਦੇ ਘਰ ਵਾਂਗੂ ਹੀ ਆਉਣ ਤੇ ਖੁਸ਼ੀ ਦਾ ਇਜ਼ਹਾਰ ਕੀਤਾ ! " ਇਹਨਾਂ ਦੇ ਅੰਦਰ ਧਰਮ ਦੀ ਭਾਵਨਾ ਬਹੁਤ ਹੈ, ਇਸ ਗੱਲ ਦੀ ਮੈਨੂੰ ਬਹੁਤ ਖੁਸ਼ੀ ਹੈ। ਅਸੀ ਹਿੰਦੂਆਂ ਅਤੇ ਸਿਖਾਂ ਨੂੰ ਦੋ ਵੱਖ ਵੱਖ ਕੌਮਾਂ ਨਹੀ ਸਮਝਦੇ।

"ਸਤਿਗੁਰਾਂ ਨੇ ਜੋ ਕਥਨ ਗੁਰਬਾਣੀ ਦੁਆਰਾ ਕੀਤਾ ਹੈ, ਉਸ ਅਨੁਸਾਰ ਅਸੀ ਹਿੰਦੂਆਂ ਤੋਂ ਵੱਖ ਵੱਖ ਨਹੀ ਹੋ ਸਕਦੇ। ਇਹ ਅੰਗਰੇਜ਼ ਦੀ ਸਿਖਿਆ ਦੇ ਹੀ ਸਿੱਟੇ ਨਿਕਲ ਰਹੇ ਹਨ, ਕਿ ਸਾਰੇ ਪਾਸੇ ਪਾਟੋਧਾੜ ਦੇ ਦਰਸ਼ਨ ਹੋ ਰਹੇ ਹਨ। ਇਹ ਕਲਿਜੁਗ ਦਾ ਹੀ ਪ੍ਰਭਾਵ ਹੈ ਕੇ ਅਸੀ ਈਰਖਾ, ਦੁਸ਼ਮਣੀ, ਕਬੀਲੀ ਆਦਿ ਦੀ ਭਰਮਾਰ ਵੇਖਦੇ ਹਾਂ।

'ਮਾਇਆ ਦੀ ਧੌਹ ਨੇ ਹੀ ਦੁਬਿਧਾਵਾਂ ਪੈਦਾ ਕੀਤੀਆਂ ਹੋਈਆਂ ਹਨ। ਏਸੇ ਕਿਸਮ ਦਾ ਗਿਆਨ ਦੇਣ ਵਾਸਤੇ ਇਹ ਸਮੇਲਨ ਕਰਦੇ ਹਾਂ। ਸਾਇੰਸ ਐਸੀ ਚੀਜ਼ ਹੈ ਪਰ ਧਰਮ ਤੋਂ ਬਿਨਾ ਇਹ ਬੰਬ ਮਾਰਨ ਤੇ ਹੀ ਜੋਰ ਦੇਵੇਗੀ ਕਿਉਂ ਜੁ ਦਇਆ ਬਿਨਾ ਤਾਂ ਸਿੱਧ ਵੀ ਕਸਾਈ ਹੋ ਜਾਂਦਾ ਹੈ। ਜਿਹੜੇ ਜਵਾਬ ਕੇਵਲ ਸਾਇੰਸ ਨਾਲ ਬੰਬ ਹੀ ਬਣਾਂਦੇ ਹਨ, ਉਹ ਧਰਮ ਦੇ ਪ੍ਰਭਾਵ ਨਾਲ ਧਰਤੀ ਪਿਰੇ ਲੋਕਾਂ ਨੂੰ ਬਚਾਣਗੇ। ਜੀਵਨ ਉਸਾਰੀ ਵਿਚ ਸਹਾਇਕ



Sri Satguru Jagjit Singh Ji Elibrary NamdhariElibrary@gmail.com

ਹੋਣਗੇ।"

ਅਤੇ ਸੱਚੇ ਪਾਤਸਾਹ ਨੇ ਸ੍ਰੀ ਸੁਖਰਾਮ ਦੇ ਆਉਣ ਨੂੰ ਆਸ਼ੀਰਵਾਦ ਦੇ ਕੇ ਕਥਨ ਸਮਾਪਤ ਕੀਤਾ। ਪੰਡਿਤ ਜੀ ਉਠਕੇ ਚਲੇ ਗਏ।

ਕਿਸ਼ੋਰ ਸੁਰਿੰਦਰ ਸਿੰਘ ਨੇ ਫੇਰ ਇਕ ਸ਼ਬਦ ਪੜ੍ਹਿਆ ਤਾਂ ਸ੍ਰੀ ਪੂਰਨਾ ਨੇ ਅਰਦਾਸ ਕਰ ਦਿਤੀ। ਤੁਰਤ ਦਰਜਨ ਭਰ ਜਵਾਨ ਉਠਕੇ ਸਤਿਗੁਰੂ ਜੀ ਦੇ ਸਨਮੁਖ ਹੋਏ। ਇਹਨਾਂ ਦੇ ਮੋਢੀ [illegible] ਸ੍ਰੀ ਰਛਪਾਲ ਸਿੰਘ ਸੁਰਿੰਦਰ ਸਿੰਘ। ਇਹਨਾਂ ਨੇ ਅਰਜ਼ ਕੀਤੀ ਕਿ ਦੀਨ ਦਿਆਲ ਸਵੇਰੇ ਵਾਰ ਤੇ ਪਿਛੋਂ ਆਪ ਜੀ 15-20 ਮਿੰਟ ਸੰਗਤ ਵਿਚ ਦਰਸ਼ਨ ਦੇਣ ਦੀ ਕਿਰਪਾ ਕਰਿਆ ਕਰੋ ਅਤੇ ਬਚਨ ਬਿਲਾਸ ਕੀਤਾ ਕਰੋ। ਸਤਿਗੁਰੂ ਜੀ ਇਹ ਤਿਆਰੀ ਵੇਖ ਕੇ ਮੁਸਕਰਾਏ। ਸਤਿਗੁਰਾਂ ਪੁਛਿਆ: ਤੁਹਾਨੂੰ ਇਹ ਗੱਲ ਕਿਸ ਨੇ ਆਖੀ ਹੈ? ਅਤੇ ਸੰਤ ਸਵਰਨ ਸਿੰਘ ਹਜਰੋ ਦਾ ਨਾਮ ਉਘੜ ਕੇ ਸਾਹਮਣੇ ਆ ਗਿਆ। ਸਤਿਗੁਰੂ ਜੀ ਮੇਰੇ ਨਾਲ ਨੇਤਰ ਮਿਲਾਕੇ ਜੁਆਨਾਂ ਨੂੰ ਬਚਨ ਕੀਤਾ: ਆਸਾ ਦੀ ਵਾਰ ਦੇ ਬਾਅਦ ਸਮਾਂ ਨਹੀ ਮਿਲ ਸਕਦਾ, ਜਲ ਪਾਣੀ ਆਦਿ ਵਰਤਣਾ ਹੁੰਦਾ ਹੈ। ਐਸ ਵੇਲੇ ਵਕਤ ਕੱਢ ਲਿਆ ਕਰਾਂਗੇ।

ਨੌਜਵਾਨ ਸੰਤੁਸ਼ਟ ਸਨ ਕਿ ਉਨ੍ਹਾਂ ਦੀ ਬਿਨੈ ਪਰਵਾਨ ਹੋਈ। ਹਾਲਾਂ ਕਿ ਉਹ ਪਿਛੋਂ ਆਸਾ ਦੀ ਵਾਰ ਵਿਚ ਆਉਂਦੇ ਹਨ। ਸਤਿਗੁਰੂ ਜੀ ਪਹਿਲੋਂ ਵਾਰ ਵਿਚ ਦਰਸ਼ਨ ਦੇ ਰਹੇ ਹੁੰਦੇ ਹਨ।

## ਦੁਬਿਧਾ ਖ਼ਤਮ

ਅੱਜ ਨਾਮ ਸਿਮਰਨ ਦੇ ਮੌਕੇ ਤੇ ਸਤਿਗੁਰੂ ਜੀ ਦੇ ਮੰਚ ਨਾਲ ਇਕ ਹੋਰ ਤਖ਼ਤਪੋਸ਼ ਜੋੜ ਦਿਤਾ ਗਿਆ। ਇਸਤੇ ਬੈਠਣ ਦਾ ਅਵਸਰ ਮੰਡੀ ਦੇ ਚੌਂਦਰ ਸਮਾਜ ਵਿਚਲੇ ਉਸ ਅਨਸਰ ਨੂੰ ਮਿਲਿਆ ਜੋ ਪਿਛਲੇ ਦਿਨਾ ਤੋਂ ਦੁਬਿਧਾ ਦਾ ਸ਼ਿਕਾਰ ਸੀ। ਇਹ ਸਨ ਸੰਤ ਗਿਆਨ ਸਿੰਘ ਤੇ ਇਹਨਾਂ ਦਾ ਸਪੁੱਤਰ ਸ. ਹਰਿੰਦਰ ਸਿੰਘ, ਡਾ: ਸੁਰਜੀਤ ਸਿੰਘ, ਸੰਤ ਅਤਰ ਸਿੰਘ, ਸੰਤ ਨਿਰੰਜਨ ਸਿੰਘ ਅਤੇ ਸੰਤ ਗੁਰਚਰਨ ਸਿੰਘ ਰੈਨੀ। ਸਭ ਨੇ ਬੜੀ ਕਿਰਪਾ ਕੀਤੀ। ਸਤਿਗੁਰੂ ਜੀ ਨੂੰ ਮੱਥਾ ਟੇਕ ਕੇ ਨਾਲ ਦੇ ਨਵੇਂ ਜੋੜੇ ਤਖ਼ਤਪੋਸ਼ ਤੇ ਬੈਠ ਗਏ। ਸਤਿਗੁਰਾਂ ਦੀਆਂ ਖੁਸ਼ੀਆਂ ਹੋ ਗਈਆਂ।

ਦੀਵਾਨ ਦੀ ਸਮਾਪਤੀ 5.30 ਵਜੇ ਹੋ ਗਈ। ਸੱਚੇ ਪਾਤਸ਼ਾਹ ਸੰਤ ਤਰਲੋਕ ਸਿੰਘ ਦੇ ਘਰ ਦਰਸ਼ਨ ਦਿਤੇ। ਏਥੇ ਉਹ ਸਿੰਘ ਜੀ ਸਨ ਜੁ ਅੱਜ ਦੁਪਹਿਰ ਤਕ ਕਾਫੀ ਬੇਸੁਆਦ ਰਹਿ ਚੁਕੇ ਸਨ।

ਦੋ ਬੀਬੀਆਂ ਦੀ ਹੋਰ ਜੋੜੀ ਖਲੋਤੀਆਂ ਸਨ ਚਿਲਕੀ ਰੰਗੇ ਬਸਤਰਾਂ ਵਿਚ। ਇਕ ਸੰਤ ਪ੍ਰਤਾਪ ਸਿੰਘ ਫਲੋਰਾ ਦੀ ਪੁੱਤਰੀ ਨੈਰੋਬੀ ਤੋਂ ਗੁਰਚਰਨ ਕੌਰ, ਦੂਜੀ ਬੀਬੀ ਨੀਲਮ ਸੀ। ਪਹਿਲੀ, ਦੂਜੀ ਲਈ ਕਿਸੇ ਮੰਗ ਰਹੀ ਸੀ। ਪਹਿਲੀ ਨੇ ਅਰਜ਼ ਕੀਤੀ: ਸੱਚੇ ਪਾਤਸ਼ਾਹ ਮੇਹਰਾਂ ਭਰਿਆ ਹੱਥ ਸਿਰ ਤੇ ਰਖੋ, ਸਭ ਠੀਕ ਹੋ ਜਾਵੇਗਾ। ਸਤਿਗੁਰੂ ਜੀ ਨੇ ਕਿਰਪਾ ਕੀਤੀ।

ਫਿਰ ਸਤਿਗੁਰੂ ਜੀ ਪੁਰਖ ਸਰੂਪ ਵਲ ਆਏ। ਬਚਨ ਕੀਤਾ: ਤੁਸੀ ਦੁਹਾਂ ਧਿਰਾਂ



Sri Satguru Jagjit Singh Ji Elibrary NamdhariElibrary@gmail.com

ਬੜੀ ਕਿਰਪਾ ਕੀਤੀ ਹੈ ਜੁ ਆਪਸ ਵਿਚ ਮਿਲ ਬੈਠੇ ਹੋ। ਮੈਂ ਇਸ ਗੱਲ ਤੇ ਬਹੁਤ ਖੁਸ਼ ਹਾਂ। ਸੱਚੇ ਪਾਤਸ਼ਾਹ ਕਿਰਪਾ ਕਰਨ ਤੁਸੀਂ ਪਹਿਲਾਂ ਵਾਂਗ ਹੀ ਮਿਲਦੇ ਵਰਤਦੇ, ਹੱਸਦੇ ਖੇਡਦੇ ਰਹੋ, ਫਿਰ ਹੀ ਖੁਸ਼ੀ ਦੀ ਗੱਲ ਹੈ। ਸਭ ਨੇ ਉੱਤਰ ਵਿਚ ਉਠ ਹੱਥ ਜੋੜ ਕੇ ਕਿਹਾ, ਇਹ ਸਭ ਆਪ ਦੀ ਹੀ ਕਿਰਪਾ ਹੈ। ਸਤਿਗੁਰਾਂ ਬਚਨ ਕੀਤਾ ਜੋ ਬਾਕੀ ਕੰਮ ਰਹਿੰਦਾ ਹੈ ਹਰਭਜਨ ਸਿੰਘ (ਪ੍ਰਧਾਨ) ਤੇ ਸੁਰਜੀਤ ਸਿੰਘ ਹੁਰੀ ਕਰਵਾ ਲੈਣ। ਦੀਵਾਰਾਂ ਨੂੰ ਪਲਸਤਰ ਆਦਿ ਦੱਸ ਤਕ ਨਿਬੜ ਜਾਵੇ। ਪਲੱਸਤਰ ਕੰਧਾਂ ਨੂੰ ਨਹੀਂ ਦਿਲਾਂ ਤੇ ਹੋਣਾ ਹੈ।

## ਗੁਰੂ ਅਤੇ ਸੇਵਕ ਦੀ ਪ੍ਰੀਤੀ

ਸੰਤ ਗੁਰਚਰਨ ਸਿੰਘ ਨੇ ਹੱਥ ਜੋੜ ਕੇ ਅਰਜ਼ ਕੀਤੀ : ਗਰੀਬ ਨਿਵਾਜ਼! ਤੁਹਾਡੀ ਦੁਕਾਨ ਹੈ। ਜਿਵੇਂ ਮਰਜ਼ੀ ਜੇ ਕਰ ਕਰਵਾ ਲਓ। ਮੇਰੇ (ਕਵੀ ਤੋਂ) ਕਿਹਾ ਨ ਗਿਆ। ਕਹਿ ਉਠਿਆ: ਓਇ ਚੰਨ, ਤੈਨੂੰ ਕੀ ਹੋ ਗਿਆ ? ਸਤਿਗੁਰੂ ਜੀ ਨੇ ਚੰਨ ਨੂੰ ਪਾਸ ਬੁਲਾਇਆ। ਗੋਡਿਆਂ ਪਰਨੇ ਤੁਰਦਾ ਆਇਆ। ਸਤਿਗੁਰੂ ਜੀ ਨੇ ਪਾਸੇ ਨਾਲ ਲਾਕੇ ਬਹੁਤ ਪਿਆਰ ਕੀਤਾ। ਸਿੰਘ ਦਾ ਅੰਦਰ ਧੋਤਾ ਗਿਆ। ਇਹ ਗੁਰੂ, ਸੇਵਕ ਅਤੇ ਸਾਧ ਸੰਗਤ ਦਾ ਰਿਸ਼ਤਾ ਦੇਹਧਾਰੀ ਗੁਰੂ ਦੀ ਹੋਂਦ ਵਿਚ ਹੀ ਰਹਿ ਸਕਦਾ ਹੈ। ਸਭ ਹਿਰਦੇ ਦ੍ਰਵੇ ਪਏ ਸਨ। ਸਭਨਾਂ ਨੇ ਹੀ ਇਕ ਦੂਜੇ ਦੇ ਚਰਨੀਂ ਹੱਥ ਲਾਕੇ ਮਨ ਨਿਰਮਲ ਕੀਤੇ। ਪਿਆਰ ਸਤਿਕਾਰ ਦੀ ਇਸ ਛਹਿਬਰ ਦਾ ਦ੍ਰਿਸ਼ ਅਦਭੁਤ ਸੀ। ਸੂਬਾ ਜੋਮਲ ਸਿੰਘ ਜੀ ਦੇ ਚਰਨੀਂ ਹੱਥ ਲਾਕੇ ਉਨ੍ਹਾਂ ਨੂੰ ਵੀ ਸਤਿਕਾਰਿਆ ਜਾ ਰਿਹਾ ਸੀ। ਸੰਤ ਤਰਸੇਮ ਸਿੰਘ ਨੇ ਮੈਨੂੰ ਦੱਸਿਆ: ਇਸ ਗੋਨੇ ਮੰਡੀ ਦੀ ਸੰਗਤ ਧੰਨਤਾ ਦੇ ਯੋਗ ਹੈ ਕਿ ਜਿਵੇਂ ਵੀ ਸੁਧਾਰ ਹੋਵੇ, ਇਹ ਆਪੇ ਵਿਚ ਕਰ ਲੈਂਦੇ ਹਨ।

ਅਤੇ 6 ਵਜੇ ਸਤਿਗੁਰੂ ਜੀ ਕੋਠੀ ਨੂੰ ਪ੍ਰਸਥਾਨ ਕਰ ਗਏ।

## ਪੰਡਿਤ ਜੀ ਦੀ ਸਰੀਰਕ ਹਾਲਤ

ਮੈਂ ਪੰਡਿਤ, ਗੋਪਾਲ ਸਿੰਘ ਹੁਰਾਂ ਨੂੰ ਜਾਕੇ ਮਿਲਿਆ। ਮਨ ਨੂੰ ਕੇਵਲ ਸਤਿ ਸ੍ਰੀ ਅਕਾਲ ਨਾਲ ਤਸੱਲੀ ਨਹੀਂ ਸੀ। ਉਪ੍ਰੋਕਤ ਦ੍ਰਿਸ਼ ਨੇ ਮੈਨੂੰ ਝਕਝੋਰ ਛਡਿਆ ਸੀ। ਪੰਡਿਤ ਜੀ ਨੇ ਆਪਣੇ ਸਰੀਰ ਦੀਆਂ ਪੀੜਾਂ ਦੀ ਗੱਲ ਦੱਸੀ ਕਿ ਮੋਢੀਆਂ ਮੋਢਾਂ ਤੇ ਛਾਤੀ ਦੇ ਕੁਝ ਹਿਸੇ ਵਿਚ ਮੱਠੀ ਮੱਠੀ ਦਰਦ ਰਹਿੰਦੀ ਹੈ। ਮੈਂ ਸ. ਗੁਰਚੇਨ ਸਿੰਘ ਫਲੇੜਾ ਹੋਰਾਂ ਦੀ ਦਵਾਈ ਵੀ ਪੂਰੇ ਪਰਹੇਜ਼ ਨਾਲ ਖਾਧੀ ਹੈ। ਹੁਣ ਸਤਿਗੁਰਾਂ ਲੁਧਿਆਣੇ ਦੇ ਡਾਕਟਰ ਤੋਂ ਦਵਾਈ ਦੁਆਈ ਹੈ। ਥੋੜੀ 5-6 ਘੰਟੇ ਤਾਂ ਆਰਾਮ ਰਖਦੀ ਹੈ, ਬਾਅਦ ਵਿਚ ਫਿਰ ਉਹੋ ਗੱਲ ! ਪੰਡਿਤ ਜੀ ਨੇ ਲਖਨਊ ਦੇ ਇਕ ਡਾਕਟਰ ਦੀ ਸਫਲ ਦਵਾਈ ਦੀ ਵੀ ਗੱਲ ਕੀਤੀ। ਉਂਜ ਪੰਡਿਤ ਜੀ ਚਿਹਰਿਓਂ ਵੀ ਰਾਜ਼ੀ ਹਨ ਤੇ ਬੋਲ ਬਾਣੀ ਵਲੋਂ ਵੀ ਟੁਣਕਦੇ ਹਨ।

ਅੱਜ ਦਾ ਸਮੁੱਚਾ ਲੰਗਰ ਸ. ਇੰਦਰਜੀਤ ਸਿੰਘ-ਬੀਬੀ ਦਰਸ਼ਨ ਕੌਰ ਵਲੋਂ ਸੀ। ਦੋਵੇਂ ਜੀ ਰਾਸ਼ਨ ਲਿਆਉਣ ਤੇ ਹੋਰ ਸੇਵਾ ਕਾਰਜਾਂ ਵਿਚ ਰੁੱਝੇ ਹੋਏ ਸਨ। ਬੀਬੀ ਭਜਨੋ ਅਤੇ ਦਰਸ਼ਨਾ ਦੀ ਜੋੜੀ ਤਾਂ ਮਾਈਆਂ ਦੇ ਜਥੇ ਵਿਚੋਂ ਸਿਰ ਕੱਢਵੀਂ ਹੈ ਅਤੇ ਅੱਜ ਤਾਂ ਲੰਗਰ ਹੀ ਬੀਬੀ ਦਰਸ਼ਨ ਕੌਰ ਵਲੋਂ ਸੀ।



Sri Satguru Jagjit Singh Ji Elibrary NamdhariElibrary@gmail.com

ਨੰਬਰਦਾਰ ਤਰਲੋਕ ਸਿੰਘ ਨੇ ਦੱਸਿਆ ਕਿ 22.6.83 ਨੂੰ ਲੰਗਰ ਸੰਤ ਲਾਭ ਸਿੰਘ ਹੁਰਾਂ ਵਲੋਂ ਸੀ। ਸ਼ਹਿਰ ਦੀ ਸਾਰੀ ਸੰਗਤ ਨੂੰ ਸੱਦਾ ਸੀ। ਸ਼ਹਿਰ ਦੇ ਗਰੀਬ ਲੋਕ ਵੀ ਰੱਜ ਰੱਜ ਭੋਜਨ ਖਾਂਦੇ ਹਨ, ਗੁਰੂ ਕੇ ਲੰਗਰ ਦੀਆਂ ਬਰਕਤਾਂ।

ਦੋ ਦਿਨ ਮੰਡੀ ਵਿਚ ਵੀ ਗਰਮੀ ਏਨੇ ਜ਼ੋਰ ਦੀ ਸੀ ਕਿ ਥੱਲੇ ਪੱਖਿਆਂ ਦੀ ਲੋੜ ਸੀ। ਪਰ ਅੱਜ ਮੇਘਲਾ ਘਿਰ ਆਇਆ, ਹਵਾ ਠੰਡੀ ਹੋ ਗਈ। ਜਾਪਦਾ ਸੀ, ਰਾਤੀ ਬਰਸਾਤ ਹੋ ਜਾਵੇਗੀ।

ਅੱਜ ਰਾਤ ਤਕ ਵਿਸ਼ੇਸ਼ ਵਿਅਕਤੀਆਂ ਵਿਚੋਂ ਸੰਤ ਹਰਭਜਨ ਸਿੰਘ ਠੇਕੇਦਾਰ ਲਖਨਊ, ਸੰਤ ਗੁਰਦੇਵ ਸਿੰਘ ਸਪੁੱਤਰ ਸੰਤ ਬਲਵੰਤ ਸਿੰਘ ਡਾਲਟਨ ਗੰਜ, ਸਿਤਾਰ ਵਾਦਕ ਸੰਤ ਹਰਭਜਨ ਸਿੰਘ ਸਮੇਤ ਪਰਵਾਰ, ਗੁਰਦੇਵ ਸਿੰਘ ਸਰੋਦ ਪਰਵਾਰ, ਨਾਮਧਾਰੀ ਵਿਦਿਅਕ ਜਥੇ ਦਾ ਪ੍ਰਧਾਨ ਸੰਤ ਦਲੀਪ ਸਿੰਘ, ਸੰਤ ਮਹਿੰਦਰ ਸਿੰਘ ਬਾਲੀ ਨਗਰ ਆਦਿ ਅਨੇਕਾਂ ਸੱਜਣ ਪਹੁੰਚ ਚੁਕੇ ਹਨ।

## 25 ਜੂਨ 1983, ਸ਼ਨੀਵਾਰ
## ਮੰਡੀ (ਹਿ:ਪ੍ਰ:) ਵਿਦਿਅਕ ਸਮੇਲਨ

ਰਾਤ ਭਰ ਮੱਠੀ ਮੱਠੀ ਕਣੀ ਦਾ ਮੀਂਹ ਬਰਸਿਆ। ਤਪਸ਼ ਵਿਚ ਸ਼ਾਂਤਕੀ ਵਰਤ ਗਈ। ਮੇਰੀ ਜਾਗ 3.30 ਵਜੇ ਖੁਲ੍ਹੀ। ਧਰਮਸ਼ਾਲਾ ਵਿਚ ਰਾਗੀ ਸਿੰਘਾਂ ਦਾ ਕੀਰਤਨ ਹੋ ਰਿਹਾ ਸੀ। ਨਹਾ ਧੋ ਕੇ ਜਾ ਪਹੁੰਚਾ ਗੁਰਦੁਆਰੇ। ਸਤਿਗੁਰੂ ਜੀ ਸਾਦੇ, ਸੁੰਦਰ ਤੇ ਉੱਚਾਵੇਂ ਰੰਗਦਾਏ ਹੇਠ ਬੈਠੇ ਸ਼ੋਭਾ ਪਾ ਰਹੇ ਸਨ। ਮੁਹਾਂਦਰੇ ਤੋਂ ਐਉਂ ਲਗਦਾ ਸੀ ਜਿਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਹੀ ਬੈਠੇ ਹੋਏ ਹੋਣ ! ਥੋ ਸਾਜ ਬੈਠੇ, ਮਾਲਾ ਫੇਰਦੇ ਛੰਦ, ਛੰਦੇ, ਸ਼ਬਦ, ਸਲੋਕ ਸੰਗਤ ਨੂੰ ਸੁਚੇਤ ਰੱਖਣ ਵਾਲੇ ਗਾਂਵੇਂ ਜਾ ਰਹੇ ਸਨ। ਮਨੋਹਰ ਕੀਰਤਨ ਦੀ ਸਮਾਪਤੀ 5.25 ਤੇ ਹੋ ਗਈ। ਸੰਗਤ ਦੀ ਹਾਜ਼ਰੀ ਮੀਂਹ ਵਰ੍ਹਦੇ ਵਿਚ ਠੀਕ 600 ਸੀ।

ਨਾਮਧਾਰੀ ਵਿਦਿਅਕ ਜਥੇ ਦੇ ਪ੍ਰਧਾਨ ਸੰਤ ਦਲੀਪ ਸਿੰਘ ਨੇ ਮਾਈਕ ਲਿਆ ਤੇ ਦੱਸਿਆ ਕਿ ਅੱਜ ਬੀਬੀਆਂ ਦਾ ਸਮਾਗਮ ਖਤਮ ਹੋ ਚੁਕਾ ਹੈ। ਬੀਬੀਆਂ ਦੇ ਸ਼ੁਧ ਪਾਠ ਮੁਕਾਬਲੇ, ਮਾਲਾ ਬਣਾਨ ਦੇ ਅਤੇ ਕਪੜੇ ਕਟ੍ਹ ਸਿਲਾਈ ਦੇ ਮੁਕਾਬਲੇ ਆਦਿ ਹੋਏ ਹਨ। ਪਾਸ ਮਾਰਕਸ 60 ਫੀਸਦੀ ਹੀ ਰਹੇ ਹਨ ਪਰ ਇਨਾਮ ਤਾਂ ਦੇਣੇ ਹੀ ਹਨ ਨ, ਉਹ ਵੀ ਸਤਿਗੁਰੂ ਜੀ ਕਿਰਪਾ ਕਰਨਗੇ।

### ਬੀਬੀਆਂ ਨੂੰ ਇਨਾਮ ਵੰਡ

ਸ. ਸੁਰਿੰਦਰ ਸਿੰਘ ਜਿਸਦੇ ਬਚਨ ਬੋਲਣ ਵਿਚ ਰਸ ਅਤੇ ਭਾਵਨਾ ਹੈ ਅਤੇ ਜਿਸਨੂੰ ਸਤਿਗੁਰੂ ਜੀ ਨੇ ਵੀ ਬਹੁਤ ਪਿਆਰਿਆ ਨਿਵਾਜਿਆ ਹੈ, ਨੇ ਜਦੋਂ ਟ੍ਰਾਫੀਆਂ, ਸ਼ੀਲਡਾਂ, ਮੈਡਲਾਂ, ਪੁਸਤਕਾਂ ਦੇ ਪੈਕਟਾਂ ਦਾ ਡੱਬਾ ਖੋਲ੍ਹਿਆ ਤਾਂ ਮੰਡੀ ਦੇ ਜਥੇ ਦੇ ਸ਼ੌਕ ਅਤੇ ਮੇਹਨਤ ਦਾ ਪਤਾ ਲਗਿਆ। ਹਰ ਪੇਪਰ ਦੀਆਂ ਇਨਾਮੀ ਚੀਜ਼ਾਂ ਦਰਸ਼ਨੀਅ ਸਨ।



Sri Satguru Jagjit Singh Ji Elibrary NamdhariElibrary@gmail.com

ਸੁਰਿੰਦਰ ਸਿੰਘ ਅਨਾਊਂਸ ਕਰਦਾ ਗਿਆ। ਦਲੀਪ ਸਿੰਘ ਇਨਾਮ ਸਤਿਗੁਰੂ ਜੀ ਨੂੰ ਫੜਾਂਦਾ ਗਿਆ, ਜੇਤੂ ਲੜਕੀਆਂ ਨਮਰ ਭਾਵ ਨਾਲ ਸਤਿਗੁਰੂ ਜੀ ਵਲ ਆਉਂਦੀਆਂ ਰਹੀਆਂ ਅਤੇ ਸਤਿਗੁਰੂ ਜੀ ਇਨਾਮ ਵੰਡ ਕਰਨ ਦੀ ਕਿਰਪਾ ਕਰਦੇ ਰਹੇ। ਇਹ ਕਾਰਵਾਈ 10-15 ਮਿੰਟਾਂ ਵਿਚ ਹੀ ਹੋ ਗਈ। ਇਕ ਬੀ.ਏ. ਪੜ੍ਹੀ ਬੀਬੀ ਨੂੰ ਇਸ ਵਾਸਤੇ ਵੀ ਪੁਰਸਕਾਰ ਦਿਤਾ ਗਿਆ ਕਿ ਜਦੋਂ ਉਸਨੂੰ ਪਹਿਰਾਵੇ ਅਤੇ ਦੂਜੀਆਂ ਭੁੱਲਾਂ ਬਾਰੇ ਸੁਚੇਤ ਕੀਤਾ ਗਿਆ ਤਾਂ ਉਸਨੇ ਬੀਬੀਆਂ ਵਿਚ ਖਲੋਕੇ ਖਿਮਾ ਮੰਗੀ। ਇਹ ਲਛਣ ਸਾਧ ਸੰਗਤ ਵਾਲਾ ਸੀ।

ਸ੍ਰੀ ਸਤਿਗੁਰੂ ਜੀ ਨੇ ਮੇਲੇ ਦੀ ਸਮੀਖਿਆ ਇਸਤੋ ਪਹਿਲੇ 10 ਮਿੰਟ ਵਿਚ ਕਰ ਦਿਤੀ। ਦੀਵਾਨ ਦੀ ਸਮਾਪਤੀ 6.00 ਹੋ ਗਈ। ਛਤਰੀਆਂ ਲੈਕੇ ਆਈ ਸੰਗਤ ਛਤਰੀਆਂ ਤਾਣ ਕੇ ਹੀ ਵਿਦਾ ਹੋਈ। ਬਾਹਰ ਅੰਬਰ ਨੂੰ ਲੋੜ੍ਹ ਸੀ।

ਉਠਣ ਤਕ ਮੇਰੇ ਕੰਨੀ ਇਹ ਸੂਹ ਵੀ ਪੈ ਗਈ ਕਿ ਬਰਸਾਤੀ ਮੌਸਮ ਕਾਰਨ ਸਤਿਗੁਰੂ ਜੀ ਫੂਤਕ — ਬਜੌਰੇ ਨਹੀ ਜਾ ਰਹੇ।

### ਸੁਰੀਲੀਆਂ ਧੁਨਾਂ ਨੇ ਮੋਹ ਲਿਆ

ਏਧਰ ਓਧਰ ਘੁੰਮ ਫਿਰਕੇ ਮੈਂ ਕੋਠੀ ਨੂੰ ਵਲੋ ਆ ਰਿਹਾ ਸਾਂ ਕਿ ਸੰਤ ਨੱਥਾ ਸਿੰਘ ਬੀਬੀ ਸ਼ਾਂਤੀ ਦੇ ਘਰ ਘਤੇ ਸੁਰ ਵਿਚ ਅਤੇ ਇੱਕ ਸਿਰ ਵਜਦੇ ਦਿਲਰੁਬਾ ਦੀ ਆਵਾਜ ਕੰਨੀ ਪਈ। ਮੇਰਾ ਡੇਰਾ ਇਸ ਘਰੋਂ ਅਗੇ ਸੰਤ ਬਹਾਦਰ ਸਿੰਘ— ਬੀਬੀ ਵਿਦਿਆ ਦੇ ਧੀ ਜਵਾਈ ਸ. ਸਤਪਾਲ ਸਿੰਘ—ਗੁਰਦੀਪ ਕੌਰ ਘਰ ਸੀ। ਪਰ ਕੰਨ ਰਸ ਨੇ ਅਗੇ ਨ ਲੰਘਣ ਦਿਤਾ। ਸੁਰੀਲੀਆਂ ਸੁਰਾਂ ਖਿੱਚਾਂ ਪਾ ਰਹੀਆਂ ਸਨ। ਸੋਚਿਆ ਸੁਰਿੰਦਰ (ਸੁਖਵਿੰਦਰ ਸਿੰਘ ਪਿੰਕੀ ਦਾ ਛੋਟਾ ਭਾਈ) ਵਜਾ ਰਿਹਾ ਹੋਵੇ ? ਨੱਥਾ ਸਿੰਘ ਜੀ ਦੇ ਘਰ ਤੇਣੀ ਸਾਹਿਬੋਂ ਆਏ ਸੰਤ ਸੰਤੋਖ ਸਿੰਘ ਅਤੇ ਪਤਨੀ ਅਮਰਜੀਤ ਕੌਰ ਹੁਰਾ ਦਾ ਡੇਰਾ ਸੀ, ਇਹ ਸੁਖਦੇਵ-ਪਿੰਕੀ ਹੋਰਾਂ ਦੇ ਮਾਂ-ਬਾਪ ਸਨ। ਜਾਂ ਮੈਂ ਅਗਾਂ ਟਿਆ ਤਾਂ ਦਿਲਰੁਬਾ ਬਲਜੀਤ ਸਿੰਘ ਵਜਾ ਰਿਹਾ ਤੇ ਸੰਗਤ ਨਾਲ ਪਿੰਕੀ ਕਰ ਰਿਹਾ ਸੀ ਅਤੇ ਸ. ਸੰਤ ਸਿੰਘ ਪਨੇਸਰ (ਪੁੱਤਰੀ ਅਮਰਜੀਤ ਦਾ ਪਿਤਾ) ਰਸ ਵਿਭੋਰ ਸੰਗੀਤ ਦਾ ਅਨੰਦ ਲੈ ਰਹੇ ਸਨ। ਮੈਂ ਵਿਘਨ ਪਾ ਦਿਤਾ। ਮੇਰਾ ਇਹ ਸੁਭਾਗ ਹੈ ਕਿ ਬਹੱਤਰੇ ਤਿਹੱਤਰੇ ਨੂੰ ਸਾਰੇ ਸੰਗੀਤਕਾਰ ਬੱਚੇ ਆਦਰ ਮਾਣ ਤੇ ਪਿਆਰ ਸਤਿਕਾਰ ਦਿੰਦੇ ਹਨ।

ਮੈਂ ਬਲਜੀਤ ਸਿੰਘ ਨੂੰ ਏਨਾ ਲੇਟ ਪਹੁੰਚਣ ਦਾ ਕਾਰਨ ਪੁਛਿਆ।ਉਸ ਦੱਸਿਆ ਕਿ ਆਲ ਇੰਡੀਆ ਰੇਡੀਓ ਵਾਲੇ ਦਿੱਲੀ ਦੇ ਕਲਾਕਾਰਾਂ ਦਾ ਇਕ ਮੁਕਾਬਲਾ 24.6.83 ਦਾ ਰੱਖੀ ਬੈਠੇ ਸਨ। ਸਤਿਗੁਰਾਂ ਦੀ ਕਿਰਪਾ ਨਾਲ ਮੈਂ ਵੀ ਇਸ ਕੰਪੀਟੀਸ਼ਨ ਵਿਚ ਭਾਗ ਲਿਆ ਹੈ। ਅਤੇ ਅੱਜ ਸਵੇਰੇ ਹੀ ਏਥੇ ਪੁੱਜਾ ਹਾਂ। ਸਾਨੂੰ ਉਮੀਦ ਹੈ ਕਿ ਸਾਡਾ ਬੱਚਾ ਪਹਿਲੇ ਨੰਬਰ ਤੇ ਮੁਕਾਬਲੇ ਵਿਚ ਆਵੇਗਾ।

### ਸ਼ਾਮ ਦਾ ਦੀਵਾਨ

ਜਦੋਂ ਮੈਂ ਸ਼ਾਮ ਦੇ ਦੀਵਾਨ ਵਿਚ ਪੁੱਜਾ, ਨਾਮਧਾਰੀ ਧਰਮਸਾਲਾ ਵਿਚ ਸ੍ਰੀ ਸਤਿਗੁਰੂ ਜੀ ਦੀ ਹਜੂਰੀ ਵਿਚ ਮੰਡੀ ਦੇ ਦੋ ਕਲਾਕਾਰ ਬੱਚੇ ਹੀ ਕੀਰਤਨ ਕਰ ਰਹੇ ਸਨ।



Sri Satguru Jagjit Singh Ji Elibrary NamdhariElibrary@gmail.com

ਅਰਜਿੰਦਰ ਸਿੰਘ ਹਰਮੋਨੀਅਮ ਨਾਲ 'ਸਾਧੋ ਰਚਨਾ ਰਾਮ ਬਣਾਈ' ਗਾਉਂ ਰਿਹਾ ਸੀ ਅਤੇ ਉਹਦਾ ਛੋਟਾ ਭਾਈ ਸੁਰਿੰਦਰ ਸਿੰਘ ਤਬਲਾ ਵਜਾ ਰਿਹਾ ਸੀ। ਤਾਲ ਪਲਟੇ ਅਤੇ ਸਰਗਮ ਨਾਲ ਸ਼ਬਦ ਦੇ ਆਨੰਦ ਨੂੰ ਹੋਰ ਵਧਾਇਆ ਜਾ ਰਿਹਾ ਸੀ।'

ਮੈਂ ਅੱਜ ਸਤਿਗੁਰੂ ਜੀ ਦੇ ਅਸਲੋਂ ਨੇੜੇ ਹੋਕੇ ਬੈਠ ਗਿਆ। ਆਪ ਜੀ ਨੇ ਮੈਨੂੰ ਦੱਸਿਆ, ਮੇਰਾ ਜੀ ਕਰਦਾ ਹੈ ਕਿ ਬੱਚਿਆਂ ਦੀ ਇਹ ਜੋੜੀ ਇਸ ਧਰਮਸਾਲਾ ਵਿਚ ਮੁਸਤਕਿਲ ਆਸਾ ਦੀ ਵਾਰ ਦਾ ਕੀਰਤਨ ਕਰੇ। ਵੱਡਾ ਬੱਚਾ ਤੇਜ਼ ਤਰਾਰ ਹੈ। ਬਾਹਰਮੁਖੀ ਬਿਰਤੀ ਦਾ ਧਾਰਨੀ ਹੈ। ਸਿਨੇਮਾ ਆਦਿ ਨੂੰ ਦਾਅ ਲਾ ਆਉਂਦਾ ਹੈ। ਛੋਟਾ ਐਬਾ ਹੈ, ਪਰ ਵਡੇ ਦੀ ਸੰਗਤ ਨਾਲ ਥੋੜਾ ਬਹੁਤਾ ਇਹਦੇ ਤੇ ਵੀ ਪ੍ਰਭਾਵ ਪਵੇਗਾ। ਸਤਿਗੁਰੂ ਜੀ ਨੇ ਆਪਣੇ ਜਤਨ ਜਾਰੀ ਰੱਖਣ ਲਈ ਤੁਕ ਪੜੀ, ਨਹੀ ਦੇਖਿ ਨ ਭਾਜੀਐ ਪਰਮ ਸਿਆਣਪ ਏਹ। ਬੱਚਿਆਂ ਨੇ ਤਾਂ ਇਸਤਰ੍ਹਾਂ ਕਰਨਾ ਹੀ ਹੁੰਦਾ ਹੈ, ਪਰ ਅਸਾਂ, ਜਿਨ੍ਹਾਂ ਬੱਚਿਆਂ ਨੂੰ ਸੁਆਰਨਾ ਹੁੰਦਾ ਹੈ ਆਪਣੀਆਂ ਕੋਸ਼ਸ਼ਾਂ ਤੋਂ ਹਾਰਨਾ ਨਹੀਂ।

ਸਤਿਗੁਰੂ ਜੀ ਨੇ ਇੱਛਾ ਪਰਗਟ ਕੀਤੀ, ਮੇਰਾ ਜੀ ਕਰਦਾ ਹੈ, ਮੇਰੇ ਨਾਲ ਵੀ ਕੀਰਤਨ ਕਰਨ ਵਾਲੀਆਂ ਦੇ ਜੋੜੀਆਂ ਹੋਣ। ਹੁਣ ਤਰਲੋਚਨ ਸਿੰਘ ਲੁਹਾਰਾਂ ਵਾਲੇ ਦੇ ਲੜਕੇ ਨੂੰ ਲੈ ਆਂਦਾ ਹੈ, ਉਹ ਰੁਚੀ ਨਾਲ ਸਿਖਦਾ ਹੈ।

ਇਸ ਵੇਲੇ ਸੰਗਤ ਏਨੀ ਬਹੁਤੀ ਆ ਗਈ ਹੈ ਕਿ ਧਰਮਸਾਲਾ ਦਾ ਹਾਲ ਛੋਟਾ ਛੋਟਾ ਲਗਣ ਲਗ ਪਿਆ ਹੈ। ਸਤਿਗੁਰੂ ਜੀ ਦੀ ਆਗਿਆ ਅਨੁਸਾਰ 'ਕੰਨਿਆ ਕੁਮਾਰੀ ਵਿਚ ਧੌਂਗਾਂ ਅਤੇ 'ਹਜ਼ਾਰੀਬਾਗ' ਵਿਖੇ ਸੂਬਾ ਸਾਹਿਬ ਸਿੰਘ ਜੀ ਦੀ ਯਾਦ ਵਿਚ ਮੇਲਾ ਕਰਕੇ ਮੁੜੇ ਪ੍ਰਬੰਧਕ ਲੀਡਰ ਸੰਤ ਦਿਆਲ ਸਿੰਘ ਫਗਵਾੜਾ ਵੀ ਅੱਜ ਨਜ਼ਰ ਪਿਆ ਹੈ। ਪੰਡਿਤ ਹਰਿਭਜਨ ਸਿੰਘ ਵੀ ਮੇਲੇ ਵਿਚ ਆ ਸ਼ਾਮਲ ਹੋਏ ਹਨ।

ਕਾਕਿਆਂ ਦੇ ਇਕੋ ਸ਼ਬਦ ਬਾਅਦ ਦੀਵਾਨ ਦੀ ਸਮਾਪਤੀ ਪੰ: ਗੋਪਾਲ ਸਿੰਘ ਦੀ ਅਰਦਾਸ ਨਾਲ ਹੋ ਗਈ। 5 ਵਜ ਚੁਕੇ ਸਨ।

### ਇਕ ਜਰਮਨ ਬੀਬੀ

ਸਤਿਗੁਰੂ ਜੀ ਨੇ ਮੈਨੂੰ ਦੱਸਿਆ: ਇਕ ਪੂਰਬੀ ਜਰਮਨੀ ਦੀ ਬੀਬੀ ਜਿਸਦਾ ਨਾਮ 'ਹੈਲਿਗਾ' ਹੈ, ਭਾਰਤੀ ਕਬੀਲਿਆਂ ਦੀ ਖੋਜ ਕਰਦੀ ਫਿਰਦੀ ਹੈ, ਉਹ ਮਨਾਲੀ ਵਿਖੇ ਮਿਲੀ ਸੀ। ਨਾਮਧਾਰੀਆਂ ਬਾਰੇ ਕੁਛ ਜਾਣਕਾਰੀ ਲੈਣਾ ਚਾਹੁੰਦੀ ਸੀ। ਜਦੋਂ ਅਸਾਂ ਦੱਸਿਆ ਕਿ ਇਹਨਾ ਸਿੰਘਾਂ ਦਾ ਚਰਿਤਰ ਅੰਗਰੇਜ਼ਾਂ ਦੇ ਖਿਲਾਫ ਸੀ। ਇਹ ਅੰਗਰੇਜ਼ ਖਿਲਾਫ ਲੜੇ ਹਨ ਤਾਂ ਉਹ ਕਹਿਣ ਲਗੀ, ਕੌਣ ਕਹਿੰਦਾ ਹੈ? ਸਿਖ ਤਾਂ ਅੰਗਰੇਜ਼ਾਂ ਦੇ ਹਕ ਵਿਚ ਲੜੇ ਅਤੇ ਬੜੇ ਵਫ਼ਾਦਾਰ ਸਨ। ਇਹਨਾ ਤਾਂ ਸਗੋਂ ਅੰਗਰੇਜ਼ ਦੇ ਹੱਥ ਮਜ਼ਬੂਤ ਕੀਤੇ। ਇਸ ਦੇ ਬਹੁਤ ਸਾਰੇ ਇਤਿਹਾਸਕ ਪ੍ਰਮਾਣ ਮਿਲਦੇ ਹਨ। ਤਾਂ ਅਸਾਂ ਸਮਝਾਇਆ : ਨਾਮਧਾਰੀਆਂ ਦਾ ਚਰਿਤਰ ਐਨ ਇਸਦੇ ਉਲਟ ਰਿਹਾ ਹੈ। ਇਹ ਤਾਂ ਅੰਗਰੇਜ਼ ਦੇ ਜਾਣ ਤਕ ਉਹਦੇ ਉਲਟ ਰਹੇ। ਅਤੇ ਅੱਜ ਤਕ ਉਨ੍ਹਾਂ ਦੇ ਵਿਛਾਏ ਜਾਲ ਤੋਂ ਲੋਕਾਂ ਨੂੰ ਸੁਚੇਤ ਕਰਦੇ ਰਹੇ। ਅੰਗਰੇਜ਼ ਦੇ ਆਪਣੇ ਕਾਗ਼ਜ਼ਾਤ ਹੀ ਇਸ ਦੀ ਗਵਾਹੀ ਭਰਦੇ ਹਨ। ਇਹ ਕੁਛ ਗ਼ਦਾਰ ਸਿਖ ਹਨ ਜਿਨ੍ਹਾਂ ਅੰਗਰੇਜ਼ ਸਰਕਾਰ ਦੀ ਚਾਕਰੀ ਕੀਤੀ " ਨਾਮਧਾਰੀਆਂ ਦਾ



Sri Satguru Jagjit Singh Ji Elibrary NamdhariElibrary@gmail.com

ਰਹਿਣ-ਸਹਿਣ ਅਤੇ ਹੋਰ ਗੱਲਾ ਜਾਣਨ ਲਈ ਹੈਲਿਗਾ ਨੂੰ [illegible] ਵਿਦਿਅਕ ਸਮੇਲਨ ਖੇ ਪਹੁੰਚਣ ਲਈ ਕਿਹਾ ਸੀ। ਹੁਣ ਉਹ ਮਨਜੀਤ ਸਿੰਘ (ਨਰਿੰਦਰ ਸਿੰਘ 'ਯੁਗ ਮਰਯਾਦਾ' ਦੇ ਭਾਈ) ਦੇ ਘਰ ਆਈ ਹੋਈ ਹੈ। ਦੀਵਾਨ ਵਿਚੋਂ ਹੋ ਗਈ ਹੈ ਅਤੇ ਤਰਲੋਕ ਸਿੰਘ ਦੇ ਘਰ ਉਸ ਨਾਲ ਮਨਜੀਤ ਗੱਲਬਾਤ ਕਰ ਰਿਹਾ ਹੈ।

ਸਤਿਗੁਰੂ ਜੀ ਦੀਵਾਨ ਵਿਚੋਂ ਉਠਦਿਆ ਸੰਤ ਤਰਲੋਕ ਸਿੰਘ ਦੇ ਮਕਾਨ ਤੇ ਕੋਠੀ ਪਧਾਰੇ। ਕੁਝ ਜਲਪਾਨ ਕਰਕੇ ਸੰਤ ਹਰਭਜਨ ਸਿੰਘ ਠੇਕੇਦਾਰ ਨਾਲ ਨੇੜ ਚੌਕ ਵਲ ਆਪਣੀ ਜ਼ਮੀਨ ਤੇ ਗਏ। ਠੇਕੇਦਾਰ ਜੀ ਨੂੰ ਜ਼ਮੀਨ ਵਖਾਈ।

ਦੀਵਾਨ ਸਥਾਨ ਤੇ ਜਥੇਦਾਰ ਨਿਰੰਜਨ ਸਿੰਘ ਕੱਕੜ ਦਾ ਹੌਲੇ ਦਾ ਦੀਵਾਨ ਸਜ ਗਿਆ। ਜਿਸਨੂੰ ਸੁਣਨ ਲਈ ਅਨੇਕਾ ਪ੍ਰੇਮੀ ਉਤਾਵਲੇ ਸਨ।

ਕਰੀਵਾਲੇ ਦੇ ਸੰਤ ਜੈ ਸਿੰਘ ਪੂਧਾ ਦੇ ਸਪੁਤਰ ਸੰਤ ਗੁਰਚਰਨ ਸਿੰਘ ਨਾਲ ਅਚਾਨਕ ਸੜਕ ਤੇ ਮੇਲ ਹੋਗਿਆ। ਜਾਪਿਆ ਕਿ ਮੋਤੀ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸਨਾਂ ਦਾ ਲਾਭ ਲੈਣ ਵਾਸਤੇ ਦੂਰ ਦੂਰ ਤੋਂ ਸਿੱਖਾਂ ਨੂੰ ਪਰੇਰਨਾ ਲੈ ਔਂਦੀ ਹੈ। ਗੁਰਚਰਨ ਸਿੰਘ ਤੋਂ ਇਕ ਬੜੀ ਮਨਹੂਸ ਖਬਰ ਮਿਲੀ. ਕਿ ਹੀਰਾ ਸਿੰਘ ਨਾਮ ਦਾ ਇਕ ਸੇਧੀ ਸਿੰਘ, ਪਿੰਡ ਸੰਤ ਨਗਰ ਦਾ. ਜੋ ਗੁਰੂ ਕੇ ਲੰਗਰਾਂ ਵਿਚ ਸਹਾਇਕ ਵੀ ਰਿਹਾ. ਕਿਸੇ ਵਿਰੋਧੀ ਦੀ ਗੋਲੀ ਦਾ ਸ਼ਿਕਾਰ ਹੋ ਗਿਆ।

**ਵਿਦਵਾਨ ਸਾਥੀ**

ਮੈਨੂੰ ਅੱਜ ਟਾਰਨਾ ਦੇਵੀ ਦੇ ਮੰਦਰ ਦੀ ਯਾਤਰਾ ਤੇ ਜਾਂਦਿਆਂ ਦੋ ਨਾਮਧਾਰੀ ਜਵਾਨਾਂ ਦੀ ਸੰਗਤ ਹੋਈ। ਇਕ ਸ. ਜਸਵਿੰਦਰ ਸਿੰਘ ਸ਼ਕੂਰ ਬਸਤੀ ਦਿੱਲੀ ਜੋ ਕਿ ਪੀ. ਐਚ. ਡੀ. ਕਰ ਰਿਹਾ ਹੈ। ਇਹ ਖੇਤੀ ਕਿਰਤੀ ਦਾ ਜਵਾਨ ਹੈ। ਦੂਜਾ ਇਸ ਦਾ ਜੋੜੀਦਾਰ ਹੈ ਸ. ਨਿਰਮਲ ਸਿੰਘ। ਜੋ ਹਿਸਾਰ ਦੇ ਸੰਤ ਧਨਵੰਤ ਸਿੰਘ ਦਾ ਸਪੁਤਰ ਹੈ। ਇਹ ਐਫ. ਸੀ. ਆਈ. ਵਿਚ ਕੁਆਲਿਟੀ ਇਨਸਪੈਕਟਰ ਹੈ। ਪੂਰੇ ਨਾਮਧਾਰੀ ਲਿਬਾਸ ਵਿਚ ਛਬੀਲਾ ਜਵਾਨ।

ਜਸਵਿੰਦਰ ਸਿੰਘ ਨੇ ਦੱਸਿਆ ਕਿ ਇਸ ਨੌਜਆਨ ਨੂੰ ਸਤਿਗੁਰੂ ਜੀ ਨੇ ਆਪ ਪ੍ਰੇਰਨਾ ਕਰਕੇ ਆਪਣੇ ਨੇੜੇ ਲਿਆਂਦਾ ਹੈ। ਇਹ ਸੰਤ ਲਹਿਣਾ ਸਿੰਘ ਸ਼ਹੀਦ (ਅੰਮ੍ਰਿਤਸਰੀਏ) ਦਾ ਪੜਪੋਤਾ ਹੈ। ਉੱਤਮ ਕਿਸਮ ਦੇ ਸਾਥੀਆਂ ਨਾਲ ਕਾਫੀ ਉਚਾਈ ਚੜ੍ਹਕੇ ਟਾਰਨਾ ਦੇਵੀ ਦੇ ਮੰਦਰ ਵਿਚ ਗਏ। ਪਰ ਏਥੇ ਸਾਨੂੰ ਕੋਈ ਮਿਲਿਆ ਨਹੀ ਕਿ ਟਾਰਨਾ ਦੇਵੀ ਦੀ ਕਹਾਣੀ ਦੱਸਦਾ।

**ਟਾਰਨਾ ਦੇਵੀ ਦੇ ਬਾਰੇ**

ਟਾਰਨਾ ਦੇਵੀ ਦੇ ਮੰਦਰ ਦਾ ਉਦਘਾਟਨ ਸ੍ਰੀ ਦਲਾਈ ਲਾਮਾ ਦੁਆਰਾ 1957 ਈ: ਵਿਚ ਹੋਇਆ। ਅੰਦਰੂਨੀ ਦੀਵਾਰਾਂ ਤੇ ਵੱਖ ਵੱਖ ਦੇਵੀਆਂ ਦੇ ਚਿਤਰ ਬਣੇ ਹੋਏ ਹਨ ਅਤੇ ਉਪਰ ਸੰਸਕ੍ਰਿਤ ਸ਼ਲੋਕਾਂ ਵਿਚ ਦੇਵੀਆਂ ਦੇ ਨਾਮ ਅਤੇ ਲੱਛਣ ਲਿਖੇ ਹੋਏ ਹਨ ਜਿਵੇ ਤਾਰਾ ਦੇਵੀ. ਚਮੁੰਡਾ ਦੇਵੀ. ਕਾਲੀ ਦੇਵੀ ਆਦਿ ਦੇਵੀਆਂ। ਮੰਦਰ ਦਾ ਅੰਦਰ ਵੀ ਮੁਗਲਈ ਕਲਾ ਦਾ ਪਤਾ ਦਿੰਦਾ ਹੈ ਜਿਹੋ ਜਿਹੀ ਕਦੇ ਹਰੀ ਮੰਦਰ ਅੰਮ੍ਰਿਤਸਰ ਵਿਚ ਵੇਖੀ ਜਾ ਸਕਦੀ ਸੀ।



Sri Satguru Jagjit Singh Ji Elibrary NamdhariElibrary@gmail.com

ਸ਼ਾਮ ਨੂੰ ਲੰਗਰ ਛਕਣ ਗਏ ਤਾਂ ਪਤਾ ਲਗਾ ਕਿ ਅੱਜ ਦੀ ਸਮੁੱਚੀ ਸੰਗਤ ਦਾ ਲੰਗਰ ਸੰਤ ਗਿਆਨ ਸਿੰਘ ਅਤੇ ਇਨਾਂ ਦੀ ਪਤਨੀ ਵਿਦਿਆ ਵੰਤੀ ਵਲੋਂ ਹੈ। ਹੋਰ ਬੀਬੀਆਂ ਵੀ ਇਹਨਾਂ ਦੀ ਸਹਾਇਕ ਸਨ ਲੰਗਰ ਪਕਾਣ ਵਿਚ।

ਸ. ਸੰਤੋਖ ਸਿੰਘ ਦਿੱਲੀ ਵਾਲਿਆ ਦੀ ਸਪੁੱਤਰੀ ਬੀਬੀ ਸਿਮਰਜੀਤ ਮੰਡੀ ਵਿਚ ਸ. ਰਤਨਜੀਤ ਸਿੰਘ ਨਾਲ ਵਿਵਾਹਿਤ ਹੈ। ਲੰਗਰ ਵਰਤਾਦੀਆਂ ਬੀਬੀਆਂ ਨੇ ਸਿਮਰਜੀਤ ਦੇ ਸੀਲ, ਸੰਜਮ, ਸੇਵਾ ਭਾਵਨਾ, ਪ੍ਰੇਮ ਉਤਸਾਹ ਦੀ ਰੱਜ ਕੇ ਤਾਰੀਫ ਕੀਤੀ। ਇਸ ਬੀਬੀ ਨੇ ਜਿਵੇ ਮੰਡੀ ਦੇ ਲੋਕਾ ਨੂੰ ਮੋਹ ਰਖਿਆ ਹੈ।

## 26 ਜੂਨ 1983, ਐਤਵਾਰ
## ਮੰਡੀ, 19 ਵਾਂ ਵਿਦਿਅਕ ਸਮੇਲਨ

### ਸਮੇਲਨ ਆਰੰਭ

ਆਸਾ ਦੀ ਵਾਰ ਦੇ ਸ਼ਬਦ ਕੀਰਤਨ ਦੀ ਸਮਾਪਤੀ 5 ਵਜੇ ਹੀ ਹੋ ਗਈ। ਸ੍ਰੀ ਸਤਿਗੁਰੂ ਜੀ ਹਾਲ ਭਰਪੂਰ ਸੰਗਤ ਨੂੰ ਦਰਸ਼ਨ ਸੁਖ ਬਖਸ਼ ਰਹੇ ਸਨ। ਪੈ. ਗੋਪਾਲ ਸਿੰਘ ਹੁਰਾ ਵਾਰ ਦੀ ਅਰਦਾਸ ਨਾਲ ਹੀ ਸਰਬ ਹਿੰਦ ਵਿਦਿਅਕ ਜਥੇ ਦੇ ਸਮੇਲਨ ਦੀ ਉਦਘਾਟਨੀ ਅਰਦਾਸ ਵੀ ਕਰ ਦਿਤੀ। ਸ. ਸੁਰਿੰਦਰ ਸਿੰਘ ਸਪੁੱਤਰ ਸ. ਅਵਤਾਰ ਸਿੰਘ ਮੰਡੀ, ਇਕ ਐਨਕਧਾਰੀ ਜਵਾਨ ਨੇ ਸੁੰਦਰ, ਚੋਣਵੇਂ ਸ਼ਬਦਾਂ ਨਾਲ ਸੰਗਤ ਨੂੰ ਸੰਬੋਧਨ ਕਰਦਿਆਂ ਅਰਜ ਕੀਤੀ. 19 ਵਾਂ ਸਰਬਹਿੰਦ ਵਿਦਿਅਕ ਸਮੇਲਨ ਪ੍ਰਾਰੰਭ ਹੋ ਰਿਹਾ ਹੈ ਅਤੇ ਇਸਦੀ ਅਧਿਅਕਸ਼ਤਾ ਕਰਨ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਕਰਨ ਅਤੇ ਨਾਲ ਹੀ ਮੰਡੀ ਦੀ ਸੰਗਤ ਉੱਪਰ ਮੇਹਰ ਭਰਿਆ ਹੱਥ ਰੱਖੀ ਰਖਣ ਲਈ ਬੇਨਤੀ ਵਿਦਿਅਕ ਜਥਾ ਮੰਡੀ ਦੇ ਪ੍ਰਧਾਨ ਸ. ਰਛਪਾਲ ਸਿੰਘ ਕਰਨਗੇ।

### ਪ੍ਰਧਾਨ ਰਛਪਾਲ ਸਿੰਘ ਮੰਡੀ

ਪ੍ਰਧਾਨ ਰਛਪਾਲ ਸਿੰਘ ਨੇ ਆਪਣੇ ਭਾਸ਼ਣ ਵਿਚ ਦੱਸਿਆ ਕਿ ਸਤਿਗੁਰੂ ਜੀ ਨੇ ਹੀ ਨਾਮਧਾਰੀ ਜਵਾਨਾ ਨੂੰ ਪ੍ਰੇਰਨਾਂ ਦੇ ਕੇ ਇਸ ਜੋਗ ਬਣਾਈ ਰਖਿਆ ਹੈ ਕਿ ਅੱਜ ਇਹ ਬੂਟਾ 19 ਬਹਾਰਾਂ ਮਾਣ ਚੁਕਾ ਹੈ। ਸਾਰੇ ਹੀ ਜਵਾਨਾਂ ਨੂੰ ਪ੍ਰਧਾਨ ਜੀ ਨੇ ਅਪੀਲ ਕੀਤੀ ਕਿ ਅਸੀ ਸਾਰੇ ਹੀ ਸਤਿਗੁਰੂ ਜੀ ਦੇ ਆਦੇਸ਼ਾਂ ਅਨੁਸਾਰ ਚੱਲ ਕੇ ਹਿਰਦੇ ਸਮਰਾਟ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ। ਸਤਿਗੁਰੂ ਜੀ ਦੇ ਚਰਨਾਂ ਵਿਚ ਆਸ਼ੀਰਵਾਦ ਦੀ ਬੇਨਤੀ ਕੀਤੀ ਗਈ।

### ਸਕੱਤਰ ਸੰਤ ਅਜੀਤ ਸਿੰਘ

ਸਟੇਜ ਸਕੱਤਰ ਸਤਿੰਦਰ ਸਿੰਘ ਨੇ ਨਾਮਧਾਰੀ ਵਿਦਿਅਕ ਜਥਿਆਂ ਦੇ ਸਕੱਤਰ ਸੰਤ ਅਜੀਤ ਸਿੰਘ ਲੁਧਿਆਣਾ ਨੂੰ ਬੇਨਤੀ ਕੀਤੀ ਕਿ ਉਹ ਸਟੇਜ ਉੱਤੇ ਆਕੇ ਆਪਣੇ ਵਿਚਾਰ ਪਰਗਟ ਕਰਨ। ਤਾਂ ਸੰਤ ਅਜੀਤ ਸਿੰਘ ਨੇ ਸਿੱਖ ਗੁਰੂਆਂ ਦੇ ਸੁਝਾਏ ਮਾਰਗ ਨੂੰ ਹੀ ਸ੍ਰੇਸ਼ਟ ਯੋਗ ਦੱਸਦੇ ਸੰਖੇਪ ਵਿਚ ਬਿਆਨਦਿਆ ਕਿ ਜ਼ਿੰਦਗੀ ਨੂੰ ਸ਼ਹੀਦ ਕਿਸ਼ਨ ਸਿੰਘ ਤੇ



Sri Satguru Jagjit Singh Ji Elibrary NamdhariElibrary@gmail.com

ਲੈ ਕੇ ਹੁਣ ਤਕ ਜੋ ਸਫਰ ਕੀਤਾ ਹੈ, ਉਹ ਸਤਿਗੁਰੂਆਂ ਦੀ ਕਿਰਪਾ ਨਾਲ ਹੀ ਸੰਭਵ ਹੋ ਸਕਿਆ। ਸੰਤ ਅਜੀਤ ਸਿੰਘ ਨੇ ਆਪਣਾ ਇਤਿਹਾਸਕ ਵਿਰਸਾ ਸੰਭਾਲਣ ਲਈ ਪੁਸਤਕਾਂ ਛਪਵਾਣ ਦੀ ਪ੍ਰੇਰਨਾ ਦਿਤੀ ਅਤੇ ਨੌਜਵਾਨਾਂ ਨੂੰ ਏਥੇ ਨੇਮ ਬੱਧ ਰਹਿਣ ਦੀ ਬੇਨਤੀ ਕੀਤੀ। ਅਤੇ ਅੰਤ ਉਤੇ ਨਾਮਧਾਰੀ ਸੰਗਤ ਮੰਡੀ ਦਾ ਧਨਵਾਦ ਕੀਤਾ ਜੋ ਕਿ ਮੰਡੀ ਵਿਖੇ ਤੀਜਾ ਵਿਦਿਅਕ ਸਮੇਲਨ ਕਰਵਾ ਰਹੀ ਹੈ।

## ਸਰਬ ਹਿੰਦ ਪ੍ਰਧਾਨ ਦਲੀਪ ਸਿੰਘ

ਫਿਰ ਬੋਲਣ ਦੀ ਵਾਰੀ ਆਈ ਸਰਬ ਹਿੰਦ ਪ੍ਰਧਾਨ ਸੰਤ ਦਲੀਪ ਸਿੰਘ ਦੀ। ਉਨ੍ਹਾਂ ਕਿਹਾ ਕਿ ਨਾਮਧਾਰੀ ਵਿਦਿਅਕ ਜਥਾ ਸਤਿਗੁਰੂ ਜੀ ਦੀ ਇੱਛਾ ਦਾ ਹੀ ਪ੍ਰਤੀਫਲ ਹੈ। ਸਤਿਗੁਰੂ ਜੀ ਦਾ ਜੀ ਕਰਦਾ ਸੀ ਕਿ ਨਾਮਧਾਰੀ ਜਵਾਨ ਆਪਣੇ ਆਪ ਨੂੰ ਤੇ ਆਪਣੇ ਵਿਰਸੇ ਨੂੰ ਪਛਾਨਣ ਅਤੇ 18 ਸੰਮੇਲਨ ਕਰਕੇ ਨਾਮਧਾਰੀ ਜਵਾਨਾਂ ਨੇ ਆਪਣੀਆਂ ਜ਼ਿੰਮੇਵਾਰੀਆਂ ਪਛਾਣ ਲਈਆਂ ਹਨ। ਇਹ ਜੋ ਖਿੜਾ ਚਿਹਰਾ ਹੋ ਆਏ ਨੌਜਵਾਨ ਤੁਹਾਨੂੰ ਦਿਸ ਰਹੇ ਹਨ, ਸਤਿਗੁਰੂ ਜੀ ਦੀ ਕਿਰਪਾ ਹੀ ਹੈ। ਸਾਨੂੰ ਸਭ ਨੂੰ ਨਾਮਧਾਰੀ ਆਦਰਸ਼ਾਂ ਤੇ ਚਲਕੇ ਸਤਿਗੁਰੂ ਜੀ ਦੀ ਆਗਿਆ ਦਾ ਪਾਲਣ ਕਰਦਿਆਂ ਜੀਵਨ ਵਲ ਵਧਣਾ ਚਾਹੀਦਾ ਹੈ। ਹਾਕੀ ਟੀਮ ਦੀਆਂ ਗੱਲਾਂ, ਸੰਗੀਤ ਵਿਚ ਨਾਮਣਾ ਵੇਖ ਕੇ ਕਿਹਾ ਜਾ ਸਕਦਾ ਹੈ ਕਿ ਨੌਜਵਾਨ ਬਹੁਤ ਜ਼ਿਆਦਾ ਅਗੇ ਵਧ ਚੁਕਾ ਹੈ। ਮੰਡੀ ਵਿਚ ਤੀਜਾ ਸਰਬ ਹਿੰਦ ਸੰਮੇਲਨ ਕਰਨ ਲਈ ਮੰਡੀ ਦੀ ਸੰਗਤ ਅਤੇ ਜਵਾਨਾਂ ਦਾ ਧੰਨਵਾਦ !

## ਸੂਬਾ ਸੇਠ ਜੈਮਲ ਸਿੰਘ

ਸੂਬਾ ਜੈਮਲ ਸਿੰਘ ਜੀ ਨੇ ਵੀ ਉਠਕੇ ਸ੍ਰੀ ਸਤਿਗੁਰੂ ਜੀ, ਗੁਰੂ ਪਰਵਾਰ ਅਤੇ ਨਾਮਧਾਰੀ ਜੁ ਬਾਹਰੋਂ ਮੰਡੀ ਵਿਚ ਆਏ, ਸਭਦਾ ਧੰਨਵਾਦ ਕੀਤਾ। 19 ਸਾਲ ਪਹਿਲਾਂ ਵੀ ਏਥੇ ਨਾਮਧਾਰੀ ਜਵਾਨਾਂ ਨੇ ਆਪਣਾ ਸਮੇਲਨ ਕੀਤਾ ਸੀ। ਸੂਬਾ ਜੀ ਨੇ ਦੱਸਿਆ ਕਿ 1939 ਵਿਚ ਮੰਡੀ ਵਿਚ ਦੋ ਚਾਰ ਘਰ ਹੀ ਨਾਮਧਾਰੀ ਸਿੱਖਾਂ ਦੇ ਸਨ ਅੱਜ ਸਤਿਗੁਰੂ ਜੀ ਦੀ ਕਿਰਪਾ ਨਾਲ ਮੰਡੀ ਦੇ ਨਾਮਧਾਰੀ ਹਰ ਖੇਤਰ ਵਿਚ ਛਾਏ ਹੋਏ ਹਨ। ਸਾਨੂੰ ਨਾਲਾਇਕਾਂ ਨੂੰ ਸਤਿਗੁਰੂ ਜੀ ਨੇ ਲਾਇਕ ਕੀਤਾ ਹੈ। ਬਾਹਰੋਂ ਆਏ ਸਜਣਾਂ ਨੂੰ ਸੂਬਾ ਜੀ ਨੇ ਬਿਨੈ ਕੀਤੀ : ਸਾਡੀਆਂ ਤਰੁਟੀਆਂ ਨ ਵੇਖਦਿਆਂ ਹੋਇਆਂ ਸਾਡੀ ਸੇਵਾ ਪਰਵਾਨ ਕਰਨਾ।

## ਠਾਕੁਰ ਦਲੀਪ ਸਿੰਘ ਜੀ

ਠਾਕੁਰ ਦਲੀਪ ਸਿੰਘ ਜੀ ਜਿਹੜੇ ਸਿੱਖੀ ਭਾਵਨਾ ਵਲ ਜਵਾਨਾਂ ਨੂੰ ਸੰਪਰਿਤ ਰਖਣ ਦੇ ਜਤਨ ਕਰਦੇ ਹਨ ਤੇ ਜਿਨ੍ਹਾਂ ਹਾਕੀ ਟੀਮ ਨੂੰ ਸਤਿਗੁਰਾਂ ਦੇ ਆਦੇਸ਼ਾਂ ਮੁਤਾਬਕ ਅਗਵਾਈ ਦੇ ਕੇ ਸ਼ਿਖਰ ਤੇ ਪਹੁੰਚਣ ਯੋਗ ਬਣਾ ਦਿਤਾ ਹੈ। ਸਤਿੰਦਰ ਸਿੰਘ ਦੀ ਬੇਨਤੀ ਤੇ ਮੰਚ ਉਤੇ ਆਏ। ਉਨ੍ਹਾਂ ਨੇ ਲੰਮੀ ਤੇ ਖੁਲਾਸੇ ਰੂਪ ਵਿਚ ਤਕਰੀਰ ਕੀਤੀ। ਨੁਕਤੇ:

1. ਇਕ ਸੱਜਣ ਨੂੰ ਨਾਮਧਾਰੀ ਵਿਦਿਅਕ ਜਥੇ ਤੇ ਲਾਭ ਹੋਇਆ ਕਿ ਉਹ ਅਰਸਾ 10



Sri Satguru Jagjit Singh Ji Elibrary NamdhariElibrary@gmail.com

ਸਾਲ ਤੋਂ ਰਾਹ ਤਿਆਗੀ ਬਣ ਗਿਆ ਹੈ। ਚੰਗਾ ਸਾਹਿਬੇ ਜਾਇਦਾਦ ਹੈ।

2 ਨਾਮ ਸਿਮਰਨ ਦਾ ਇਕ ਘੰਟਾ ਕਈ ਜਵਾਨ ਨਿਭਾਹ ਰਹੇ ਹਨ।

3 ਸਤਿਗੁਰਾਂ ਦੇ ਕਰੀਬ ਜਾਣ ਵਾਲਾ ਇਕ ਜਵਾਨ ਵਿਦਿਅਕ ਜਥੇ ਦੀ ਪ੍ਰੇਰਣਾ ਦੁਆਰਾ ਹੀ ਆਪਣੇ ਸਾਲੇ ਦੇ ਮਿਲਣੀ ਮੁਕਲਾਵੇ ਸਮੇ ਪਤਨੀ ਤੇ ਪਤਨੀ ਦੇ ਪਿਤਾ ਦੇ ਪੈਰੀਆਂ ਵੀ ਨਹੀ ਗਿਆ।

4 ਇਹ ਬੜਾ ਚੰਗਾ ਹੋਇਆ ਹੈ ਕਿ ਪਿਛਲੇ ਸਾਲ ਤੋਂ ਦਲੀਪ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਨੇ ਵਿਦਿਅਕ ਜਥੇ ਦੀ ਸੇਵਾ ਸੰਭਾਲੀ ਹੈ। ਅਸਾਂ 4 ਸਾਲ ਢਿੱਲਾ ਕੰਮ ਕੀਤਾ।

5 ਹੁਕਮ ਦੇ ਡੰਡੇ ਨਾਲ ਹਰ ਗੱਲ ਮੰਨਣ ਦੀ ਆਦਤ ਮਾੜੀ ਹੈ।

6 ਜੋ ਹੋਰਨਾਂ ਸਭਾ ਸੁਸਾਇਟੀਆਂ ਵਿਚ ਵਕਤ ਦਿੰਦੇ ਹਨ, ਉਹ ਆਪਣੇ ਸਮਾਜ ਦੀ ਬਿਹਤਰੀ ਲਈ ਵੀ ਜ਼ਰੂਰ ਸਮਾ ਕੱਢਿਆ ਕਰਨ, ਬੀਬੀਆਂ ਨੂੰ ਵੀ ਇਹੋ ਅਪੀਲ ਹੈ।

7\. ਇਕ ਅਪ੍ਰਿਯਾ ਘਟਨਾ ਬੀਬੀਆਂ ਦੇ ਸਮੇਲਨ ਵਿਚ ਵਾਪਰੀ, ਉਹ ਕੇਵਲ ਫੈਸ਼ਨ ਪੱਖ ਨਾਲ ਸੰਬੰਧਤ ਸੀ। ਆਦਮੀਆਂ ਦੇ ਸੂਫੀਆਨਾ ਢੰਗ ਦੇ ਟਾਕਰੇ ਤੇ ਜੇ ਬੀਬੀਆਂ ਸਹਿਜ ਤਾ ਵੀ ਕੁਝ ਕਰਕੇ ਆਉਣ ਤਾਂ ਉਹ 200 ਪ੍ਰਤੀਸ਼ਤ ਉੱਚਾ ਟੱਪ ਜਾਂਦੀਆਂ ਹਨ।

8 ਬੀਬੀਆਂ ਨੂੰ ਸਤਿਗੁਰੂ ਜੀ ਨੇ ਬਹੁਤ ਅਗੇ ਲਿਆਂਦਾ ਹੈ ਪਰ ਉਹ ਅਜੇ ਵੀ ਕਾਫੀ ਪਛੜੀਆਂ ਹੋਈਆਂ ਹਨ, ਉਹਨਾਂ ਦੀ ਅਗਵਾਈ ਹਿਤ ਵਿਦਿਅਕ ਜਥੇ ਦੇ ਕੁਝ ਸਿਆਣੇ ਜਵਾਨ ਉਨ੍ਹਾਂ ਦੀ ਸਹਾਇਤਾ ਕਰਨ ਤਾਕਿ ਉਨ੍ਹਾਂ ਦੀ ਪਛੜੇਵੇਂ ਦੀ ਹਾਲਤ ਘਟ ਜਾਵੇ। ਦਾਜ ਅਤੇ ਫੈਸ਼ਨ ਦੀ ਬਿਮਾਰੀ ਏਸੇ ਤਰੀਕੇ ਘਟ ਸਕਦੀ ਹੈ। ਬੀਬੀਆਂ ਦੀ ਮੁਸ਼ਕਲ ਏਹ ਵੀ ਹੈ ਕਿ ਇਸਤਰੀ ਜਾਮਾ ਹੋਣ ਕਾਰਨ ਉਹ ਸਤਿਗੁਰੂ ਜੀ ਦੀ ਨੇੜਤਾ ਨਹੀ ਹਾਸਲ ਕਰ ਸਕਦੀਆਂ।

9\. ਪੜ੍ਹੀਆਂ ਲਿਖੀਆਂ ਬੀਬੀਆਂ ਜ਼ਿੰਮੇਵਾਰੀ ਦੇ ਕੰਮਾਂ ਨੂੰ ਅਗੇ ਆਕੇ ਲੈਣ। ਦੋ ਚਾਰ ਸਾਲ ਦੀ ਕੋਸ਼ਸ਼ ਸਾਡੇ ਇਸਤਰੀ ਸਮਾਜ ਨੂੰ ਉਚੇਰਿਆਂ ਕਰ ਸਕਦੀ ਹੈ।

10 ਹੰਸ ਅਤੇ ਹੰਸਣੀਆਂ ਨਾਲ ਤੁਲਨਾ ਦਿੰਦਿਆਂ ਸਫੈਦ ਬਸਤਰ ਪਹਿਨ ਕੇ ਸੰਗਤ ਵਿਚ ਆਉਣ ਦੀ ਪ੍ਰੇਰਨਾ ਦਿਤੀ।

**ਸ੍ਰੀ ਸਤਿਗੁਰੂ ਜੀ ਦੀ ਕਿਰਪਾ**

ਹੁਣ 5.45 ਹੋ ਚੁਕੇ ਸਨ। ਦੀਨ ਦਿਆਲ ਜੀ ਨੂੰ ਕੁਝ ਬਚਨ ਕਰਨ ਦੀ ਅਰਜ਼ ਕੀਤੀ ਗਈ। ਜੋ ਆਪ ਜੀ ਨੇ ਬਚਨ ਕੀਤੇ, ਉਨ੍ਹਾਂ ਦਾ ਸਾਰ ਇਸ ਪਰਕਾਰ ਹੈ : ਮਾੜਿਆਂ ਕੰਮਾਂ ਲਈ ਆਸਾਂ ਉਮੀਦਾਂ ਰਖਦੇ ਅਤੇ ਸਮਾ ਵੀ ਦਿੰਦੇ ਰਹਿੰਦੇ ਹਾਂ, ਪਰ ਸਮਾਜ, ਸਾਧ ਸੰਗਤ ਅਤੇ ਦੇਸ਼ ਦੇ ਕੰਮਾਂ ਲਈ ਸਾਡੇ ਪਾਸ ਵਕਤ ਨਹੀ ਹੁੰਦਾ।

ਜਦੋਂ ਸਮੇਲਨ ਸ਼ੁਰੂ ਕੀਤਾ ਸੀ ਉਦੋਂ 37 ਕੁ ਮੁੰਡੇ ਸਨ, ਜਿਨ੍ਹਾਂ ਵਿਚੋਂ ਹੰਸਪਾਲ ਜੀ, ਤੁਹਾਨੂੰ ਪਤਾ ਹੈ ਕਿਥੇ ਪਹੁੰਚੇ ਹਨ। ਪਰਮਪਾਲ ਸਿੰਘ ਹੰਸਪਾਲ ਜੀ ਦੇ ਤਾਏ ਦਾ ਲੜਕਾ,



Sri Satguru Jagjit Singh Ji Elibrary NamdhariElibrary@gmail.com

ਅਜੀਤ ਸਿੰਘ ਕੈਪਟਨ ਉਦੋਂ ਨਵਾ ਨਵਾ ਨਾਮਧਾਰੀ ਬਣਿਆ ਸੀ, ਸਮੇਲਨ ਵਿਚ ਸ਼ਾਮਲ ਹੋਏ. ਅੱਜ ਉਹ ਲੰਡਨ ਦੇ ਰੇਸਲ ਬੋਰਡ ਦੀ ਕਾਊਂਸਲ ਵਿਚ ਬਾਂ ਮੱਲੀ ਬੈਠਾ ਹੈ। ਉਸਨੇ ਕਾਫੀ ਵਧੀਕ ਕੰਮ ਕੀਤਾ ਹੈ। ਇਸਤਰਾਂ ਹੋਰ ਵੀ ਕਈ ਲੜਕੇ ਹਨ।

ਕੱਲ ਦੇ ਲੜਕੇ ਅੱਜ ਦੇ ਕਈ ਕੰਮਾ ਵਿਚ ਅਗਵਾਈ ਦੇ ਸਕਦੇ ਹਨ।

ਸਾਡੇ ਵਿਚ ਗਿਰਾਵਟ ਦਾ ਕਾਰਨ ਉਨ੍ਹਾਂ ਪੁਸਤਕਾ ਦਾ ਪਠਨ ਪਾਠਨ ਹੈ ਜੁ ਗੁਰਮਤ ਅਤੇ ਭਾਰਤੀ ਸੰਸਕ੍ਰਿਤੀ ਤੋ ਵਿਚਲਿਤ ਕਰਦੀਆ ਹਨ ਅਤੇ ਮਾਇਆ ਮੁਖੀ ਪ੍ਰਭਾਵ ਦਿੰਦੀਆਂ ਹਨ।

ਸਤਿਜੁਗ, ਵਰਿਆਮ, ਜਿਗਿਆਸੂ, ਪੂਰਾ ਮਰਿਆਦਾ ਹਰ ਘਰ ਵਿਚ ਪੜ੍ਹੇ ਜਾਣੇ ਚਾਹੀਦੇ ਨੇ।

ਸਿਖੀ ਵਿਚ ਦੁਨੀਆਦਾਰੀ ਵਾਲਾ ਪਾਸਾ ਬਹੁਤਾ ਪਸਰਦਾ ਜਾਂਦਾ ਹੈ।

100 ਸਾਲਾ ਅਨੰਦ ਸਮਾਰਮ ਦੀ ਤਿਆਰੀ ਵਿਚ ਤਾਂ ਅਮਰ ਭਾਰਤੀ ਹੋਰਾਂ ਦਾ ਬੜਾ ਵੱਡਾ ਰੋਲ ਸੀ। ਉਸ ਵਿਚ 15-16 ਅਖਬਾਰਾ ਦੇ ਪ੍ਰਤੀਨਿਧ ਆਏ ਸਨ। ਅਤੇ ਸਾਡੇ ਲਈ ਆਪਣੀ ਮਰਿਆਦਾ ਪੇਸ਼ ਕਰਨ ਦਾ ਅਦੁਤੀ ਮੌਕਾ ਸੀ।

ਜਿਸ ਵੇਲੇ ਮੈਂ ਪਤਰਕਾਰਾਂ ਵਿਚ ਘਿਰਿਆ ਬੈਠਾ ਸਾਂ, ਉਸ ਮੌਕੇ ਮੇਰੀ ਸਹਾਇਤਾ ਵਾਸਤੇ ਨਾ ਮਹਾਰਾਜ ਜੀ ਕੋਲ ਸਨ ਨਾ ਪੰਡਿਤ ਗੋਪਾਲ ਸਿੰਘ ਜੀ। ਪਰ ਜਿਹੜੇ ਜਵਾਬ ਦਿਤੇ ਗਏ ਜਾਂ ਮੇਰੇ ਵਲੋਂ ਸਵਾਲ ਉਠਾਏ ਗਏ, ਉਨ੍ਹਾਂ ਦਾ ਜਵਾਬ ਅੱਜ ਤਕ ਨਹੀ ਕਿਸੇ ਪਾਸਿਓ ਬਣ ਆਇਆ।

ਸ. ਸਮਸ਼ੇਰ ਸਿੰਘ ਅਸ਼ੋਕ ਦੀ ਇਕ ਰੇਡੀਓ ਟਾਕ ਅਨੁਸਾਰ ਸਾਡੇ ਵਰਗੀ ਦਸਤਾਰ ਸਿੱਧੀ ਜਾਂ ਗੁਰਮੁਖੀ ਹੈ ਜਦੋਂ ਕਿ ਟੇਢੀ ਪਗੜੀ ਨੂੰ ਠਾਕਵੀ ਜਾ ਉਨ੍ਹਾਂ ਅੰਗਰੇਜ਼ ਸਿਖਾਈ ਰਿਆਸਤੀ ਸਿਖਾਂ ਦੀ ਫੌਜ ਆਖਿਆ।

ਪੱਤਰਕਾਰਾਂ ਵਿਚੋਂ ਸ੍ਰੀ ਰਤਨਚੰਦ ਮੈਂਡਲੇ ਨੇ ਦੀਵਾਨ ਵਿਚ ਵੀ ਤੇ ਫੇਰ ਨਵੇਕਲੀ ਮੀਟਿੰਗ ਵਿਚ ਵੀ ਇਹ ਸਵਾਲ ਉਠਾਇਆ ਕਿ ਮਜ਼ਹਬੀ ਸਿਖਾਂ ਦੇ ਵਿਆਹ ਵਿਚ ਵਖਰੇਵਾਂ ਕਿਉਂ ਕੀਤਾ ਗਿਆ। ਮੈਂ ਪੁਛਿਆ, ਤੁਸਾਂ ਤਕਰੀਰ ਦੇ ਪਹਿਲੇ ਹਿਸੇ ਵਿਚ ਕੇਵਲ ਗਊ ਰਖਿਆ ਬਾਰੇ ਹੀ ਕਿਉਂ ਗੱਲ ਕੀਤੀ? ਮਾਰੀ ਤਾਂ ਮਹਿ (ਮੱਝ) ਵੀ ਜਾਂਦੀ ਹੈ, ਉਹ ਵੀ ਦੁਧ ਦਿੰਦੀ ਹੈ? ਇਹ ਵਖਰੇਵਾਂ ਤਾਂ ਕਾਇਮ ਰਹੇਗਾ ਹੀ। ਕਾਲ ਯਮਨ ਨਾਲ ਭਗਵਾਨ ਕ੍ਰਿਸ਼ਨ ਨੇ ਮੁਸ਼ਟੀ ਯੁੱਧ ਇਸੇ ਲਈ ਨਾ ਕੀਤਾ ਕਿ ਉਸਦੇ ਸਰੀਰ ਨਾਲ ਲਗ ਕੇ ਭਗਵਾਨ ਵੀ ਆਪਣੇ ਸਰੀਰ ਦੀ ਅਪਵਿੱਤਰਤਾ ਸਮਝਦੇ ਸੀ।

ਅੰਗਰੇਜ਼ ਦੇ ਪਿੱਛੇ ਲਗਾਏ ਸਿਖਾਂ ਨੇ ਅਗਿਆਨਤਾ ਏਨੀ ਫੈਲਾ ਦਿਤੀ ਹੈ ਕਿ ਲੋਕ 'ਆਗਿਆ ਭਈ ਅਕਾਲ ਕੀ' ਨੂੰ ਆਦਿ ਗ੍ਰੰਥ ਸਾਹਿਬ ਵਿਚ ਲਿਖਿਆ ਗੁਰ ਬਚਨ ਸਮਝਣ ਲਗ ਪਏ ਹਨ।

ਕੀ ਪੰਜਾਂ ਪਿਆਰਿਆਂ ਵਿਚ ਕੋਈ ਮਜ਼ਹਬੀ ਜਾਂ ਰਵਿਦਾਸੀਏ ਸਿੱਖ ਸਨ? ਅੰਮ੍ਰਿਤ ਜਿਨ੍ਹਾਂ ਲਈ ਵਰਤਿਆ ਗਿਆ? ਇਹਦਾ ਜਵਾਬ ਸਰਦਾਰ ਪਤਰਕਾਰ ਨੇ ਘਰ ਜਾਕੇ ਭੇਜਣਾ ਸੀ, ਪਰ ਨਹੀ ਭੇਜਿਆ।

ਹਰ ਸਿਖ ਦੀ ਇਕ ਹੱਦ ਨਿਸਚਿਤ ਹੁੰਦੀ ਹੈ, ਉਹਨੂੰ ਕੱਖ ਨਹੀ ਜਾਣਿਆ ਜਾ



Sri Satguru Jagjit Singh Ji Elibrary NamdhariElibrary@gmail.com

ਸਕਦਾ। ਸਵਾਸਾਂ ਦੀ ਇਕ ਸੀਮਾਂ ਮੁਕੱਰਰ ਹੈ। ਤੁਸੀ ਇਕ ਹੱਦ ਤੋ ਅਗੇ ਜਾਓਗੇ ਤਾਂ ਜਿੰਦਗੀ ਮੁਕਾ ਬਹੋਗੇ।

ਸਮਝ ਸੋਚ ਕੇ ਕੀਤੀ ਗਲਤੀ ਨਹੀ ਹੁੰਦੀ, ਇਹਦੇ ਲਈ ਮੈਥੋਂ ਖਿਮਾ ਮੰਗਣੀ ਜਾਇਜ਼ ਨਹੀ।

ਮੰਡੀ ਵਾਲਿਆਂ ਨੂੰ ਪ੍ਰੇਰਨਾ ਦਿਤੀ ਕਿ ਉਹ ਮਰਿਆਦਾ ਅਨੁਸਾਰ ਅਤੇ ਇਕ ਮੁਠ ਹੋਕੇ ਰਹਿਣ। ਅਤੇ ਦੂਰ ਰਹਿੰਦੇ ਜਾਣਿਆ ਨੂੰ ਪ੍ਰੇਰਕੇ ਆਪਣੇ ਨਾਲ ਮਿਲਾਉਣ।

ਸਾਡੀਆਂ ਧਰਮਸ਼ਾਲਾ ਵਿਚ ਗ੍ਰੰਥ ਸਾਹਿਬ ਪ੍ਰਕਾਸ਼ਤ ਕਰਕੇ ਉਨ੍ਹਾਂ ਦੇ ਪੈਸੇ ਇਕੱਠੇ ਕਰਨ ਦਾ ਮਤਲਬ, ਬਾਣੀ ਤੋ ਅਧਿਆਤਮਕ ਲਾਭ ਲੈਣ ਦੀ ਥਾਂ, ਦੁਕਾਨਦਾਰੀ ਕਰਨਾ ਹੈ, ਇਹ ਬਾਣੀ ਦਾ ਨਿਰਾਦਰ ਹੈ।

ਸੰਮੇਲਨ ਵਾਸਤੇ ਚੰਗਾ ਉਦਮ ਕੀਤਾ ਗਿਆ ਹੈ। ਇਹਦੀਆਂ ਬੁਨਿਆਦਾਂ ਵਿਚ ਬੜੀ ਮਿਹਨਤ ਕੀਤੀ ਗਈ ਹੈ। ਹੁਣ ਜਿਹੜਾ ਲੁਧਿਆਣੇ ਵਾਲੇ ਲੜਕਿਆਂ, ਦਲੀਪ ਸਿੰਘ, ਅਜੀਤ ਸਿੰਘ ਹੁਰਾਂ, ਏਥੇ ਮੰਡੀ ਵਿਚ ਸਤਿੰਦਰ ਪਾਲ ਆਦਿ ਬੱਚਿਆ ਨੇ ਸ਼ਹਿਰ ਸ਼ਹਿਰ, ਪਿੰਡ ਪਿੰਡ, ਗਲੀ ਗਲੀ, ਏਥੇ ਤਕ ਕਿ ਘਰ ਘਰ ਵਿਚ ਜਾਕੇ ਬੱਚਿਆਂ ਤੇ ਮਾਪਿਆਂ ਨੂੰ ਉਦਮ ਦਿਤਾ ਹੈ ਕਿ ਤੁਸੀ ਧਰਮ ਵਾਲੇ ਪਾਸੇ ਲਗੋ। ਇਹ ਬਹੁਤ ਸਲਾਘਾਯੋਗ ਉੱਦਮ ਹੈ।

ਮੰਡੀ ਵਾਲੇ ਸਾਰਿਆਂ ਨਾਲੋ ਉਚ ਕੋਟੀ ਦੇ ਵਿਦਵਾਨ ਬਣਨ, ਦੇਸ਼ ਭਗਤ ਬਣਨ ਅਤੇ ਸਭ ਤੋ ਵੱਧ ਸਿਖੀ ਜੀਵਨ ਵਾਲੇ ਬਣਨ। ਤਰਸੇਮ ਸਿੰਘ ਬਿਲਕੁਲ ਠੀਕ ਨਾਮਧਾਰੀ ਸੀ, ਰੇਸ਼ਮ ਸਿੰਘ ਅਤੇ ਸੰਤੋਖ ਸਿੰਘ ਬੀ.ਏ. ਵਿਚ ਪੜ੍ਹਦੇ ਸਨ। ਜਦੋ ਮਨ ਬਣ ਗਿਆ ਤਾ ਕਹਿਣ ਲਗੇ: ਕਾਲਿਜ ਜਾਇਆ ਕਰੀਏ, ਪਰ ਸਿੱਧੀਆਂ ਦਸਤਾਰਾਂ ਸਜਾ ਕੇ। ਅਗੋ ਕਾਲਿਜ ਵਾਲਿਆਂ ਵੀ ਉਨ੍ਹਾਂ ਨੂੰ ਸਤਿਕਾਰਿਆ ਪਿਆਰਿਆ।

ਲੜਕੀ ਦਿੱਲੀ ਦੀ ਇੰਦਰ ਜੀਤ ਪਿੰਕੀ ਉਹਦੇ ਕੱਪੜੇ ਵੇਖਕੇ ਦੂਜੀਆਂ ਨੇ ਕਾਲਿਜਾਂ ਵਿਚ ਇਹੋ ਕਪੜੇ ਪਾਕੇ ਜਾਣਾ ਸ਼ੁਰੂ ਕਰ ਦਿਤਾ। ਪਿੰਕੀ ਨੂੰ ਮਾਣ ਹੈ ਕਿ ਉਹਦੀ ਨਾਮਧਾਰੀ ਵੇਸ ਭੂਸ਼ਾ ਨੇ ਦੂਜਿਆਂ ਨੂੰ ਪ੍ਰੇਰਿਆ।

ਤਕੜੇ ਹੋਕੇ ਅਗੇ ਵਧੋ। ਕਲਿਜੁਗ ਦੇ ਪ੍ਰਭਾਵ ਤੋ ਬਚੋ। ਇਹਨਾਂ ਸ਼ਬਦਾਂ ਨਾਲ 11 ਵੇ ਵਿਦਿਅਕ ਸਮੇਲਨ ਦਾ ਆਰੰਭ ਕਰਦਾ ਹਾਂ।

ਫਿਰ ਸੂਬਾ ਜੋਮਲ ਸਿੰਘ ਜੀ ਦੁਆਰਾ ਨਾਮਧਾਰੀ ਵਿਦਿਅਕ ਜਥੇ ਦਾ ਬੈਜ ਸ੍ਰੀ ਸਤਿਗੁਰੂ ਜੀ ਦੀ ਛਾਤੀ ਦੇ ਖਬੇ ਪਾਸੇ ਕੁਰਤੇ ਉਤੇ ਲਗਾਇਆ ਗਿਆ। ਅਤੇ ਪ੍ਰਧਾਨ ਸੰਤ ਦਲੀਪ ਸਿੰਘ ਵਲੋਂ ਵਿਦਿਅਕ ਜਥੇ ਦੇ ਸੰਬੰਧ ਵਿਚ ਛਪੀ ਸਮੱਗਰੀ ਤੇ ਟੀਨ ਪ੍ਰਿੰਟਿਡ ਬੈਜ ਪੇਸ਼ ਕਰਕੇ ਪਰਵਾਨਗੀ ਲਈ ਗਈ। ਅਤੇ ਕਾਰਵਾਈ ਸ਼ੁਰੂ ਹੋ ਗਈ।

ਸੱਚੇ ਪਾਤਸ਼ਾਹ ਜੀ ਨੇ 6.10 ਤੋ ਉਠਕੇ ਸੰਤ ਤਰਲੋਕ ਸਿੰਘ ਦੇ ਘਰ ਜਾ ਦਰਸ਼ਨ ਦਿਤੇ ਜਿਥੋਂ ਆਪ ਅੱਜ ਭੂੰਤਰ ਹਮਰਾਹੀ ਪਰਵਾਰ ਦੇ ਘਰ ਚਰਨ ਪਾਕੇ ਹੋਰ ਸੇਵਕਾਂ ਨੂੰ ਨਿਵਾਜਣਗੇ। ਏਥੋ ਬਜੌਰੇ ਵੀ ਜਾਣਗੇ।

**ਅਰਦਾਸ ਨਾਮ ਸਿਮਰਨ ਦੀ**



Sri Satguru Jagjit Singh Ji Elibrary NamdhariElibrary@gmail.com

ਮੈਂ ਨਾਮ ਸਿਮਰਨ ਦੀ ਅਰਦਾਸ ਤੋਂ 15 ਮਿੰਟ ਪਹਿਲਾ ਹੀ ਧਰਮਸਾਲਾ ਵਿਚ ਪਹੁੰਚ ਗਿਆ। ਪੁਰਖਾ ਜੀ ਨੇ ਅਰਦਾਸ ਕੀਤੀ, ਪਰ ਸਤਿਗੁਰੂ ਜੀ ਦੀ ਗੈਰ ਮੌਜੂਦਗੀ ਵਿਚ ਅਰਦਾਸ ਦਾ ਇਹ ਵਾਕ ਵੀ ਸੁਣਿਆ ਸਤਿਗੁਰੂ ਜਗਜੀਤ ਸਿੰਘ ਜੀ ਮੇਹਰਬਾਨ ਜਿਨਾਂ ਦੇ ਦਰਸਨ ਕੀਤਿਆਂ ਜਨਮ ਮਰਨ ਦੁਖ ਜਾਇ। ਗੈਰ ਮੌਜੂਦਗੀ ਵਿਚ ਅਰਦਾਸ ਇੰਜ ਕੀਤੀ ਜਾਂਦੀ ਹੈ।

ਨਿਤਨੇਮ ਕਰਦਿਆਂ ਵਿਚ ਜੈਕਾਰਾ ਸੁਣਿਆ ਜਿਸਦਾ ਮਤਲਬ ਸੀ ਕਿ ਸਤਿਗੁਰੂ ਜੀ ਦੀ ਆਮਦ ਹੋ ਗਈ ਹੈ। ਸਾਧ ਸੰਗਤ ਨੇ ਖਾਮੋਸ ਉਠਕੇ ਸਤਿਗੁਰੂ ਜੀ ਦਾ ਆਦਰ ਕੀਤਾ। ਆਪ ਜੀ ਆਸਣ ਤੇ ਸੋਭਨੀਕ ਹੋਏ। ਸਾਧ ਸੰਗਤ ,, ਨਮਸਕਾਰਾ ਲਈ ਉਠ ਖਲੋਤੀ ਅਤੇ ਸਕੱਤਰ ਸੰਤ ਅਜੀਤ ਸਿੰਘ ਨੇ ਮੋਰਚਾ ਸੰਭਾਲ ਲਿਆ; ਸਭ ਨੂੰ ਲਾਈਨਵਾਰ ਕਰਕੇ ਮੱਥਾ ਟਿਕਵਾਇਆ।

ਨਾਮ ਸਿਮਰਨ ਉਪਰੰਤ ਗਾਇਕ ਸਿੰਘ ਹਮੀਰ ਵਿਚ "ਤੇਰੇ ਮਾਨ ਹਰਿ ਹਰਿ ਮਾਨ" ਸ਼ਬਦ ਅਰੰਭਿਆ।ਸਤਿਗੁਰੂ ਜੀ ਨੇ ਦਿਲਰੁਬਾ ਮੰਗਵਾ ਲਿਆ ਤੇ ਫਿਰ ਜਿਵੇਂ ਸ਼ਬਦ ਪ੍ਰਮਾਣਾਂ ਦਾ ਮੋਘਾ ਹੀ ਖੋਲ੍ਹ ਦਿਤਾ। ਸੁਰੀਲੀ ਭਰਵੀ ਆਵਾਜ ਜਿਵੇਂ ਹਿਰਦੇ ਵਿਚ ਉਤਰੀ ਜਾਂਦੀ ਹੈ।

5 ਵਜੇ ਸ਼ਾਮੀ ਦੀਵਾਨ ਸਮਾਪਤੀ ਦੀ ਅਰਦਾਸ ਹੋ ਗਈ। ਅਤੇ ਵਿਦਿਅਕ ਜੋੜ ਵਿਚ ਪਾਠ ਮੁਕਾਬਲੇ ਤੋਂ ਪਹਿਲਾਂ 30 ਕੁ ਮਿੰਟਾਂ ਤਕ ਠਾਕੁਰ ਦਲੀਪ ਸਿੰਘ ਜੀ ਨੇ ਤਕਰੀਰ ਕੀਤੀ। ਟਿਕਵੀ, ਚੋਣਵੇਂ ਸ਼ਬਦਾਂ ਨਾਲ ਅਤੇ ਖੇਡਾਂ ਲਈ ਪ੍ਰੇਰਨਾ ਬਾਰੇ।

ਉਸਦੇ ਕੁਝ ਅੰਸ਼ ਇਸ ਪ੍ਰਕਾਰ ਹਨ:

ਦਲੀਪ ਸਿੰਘ ਪ੍ਰਧਾਨ ਨੇ ਸਤਿਗੁਰੂ ਜੀ ਦੇ ਪ੍ਰਮੁਖ ਵਿਅਕਤੀ ਹੋਣ ਦੇ ਨਾਲ ਮੇਰਾ ਨਾਂ ਵੀ ਲੈ ਦਿਤਾ ਸੀ, ਜੋ ਕਿ ਗਲਤ ਹੈ। ਜਿਥੇ ਸਤਿਗੁਰੂ ਜੀ ਹੋਣ ਉਥੇ ਹੋਰ ਕਿਸੇ ਦਾ ਨਾਮ ਲੈਣਾ ਠੀਕ ਨਹੀ।

ਮਹਾਰਾਜ ਬੀਰ ਸਿੰਘ ਜੀ ਦਾ ਕਥਨ ਹੈ ਕਿ ਜਦੋਂ ਸਤਿਗੁਰੂ ਜੀ ਦੀਵਾਨ ਵਿਚ ਦਰਸਨ ਦੇ ਰਹੇ ਹੋਣ ਉਨ੍ਹਾਂ ਤੋਂ ਸਿਵਾਇ ਕਿਸੇ ਨੂੰ ਵੀ ਮਥਾ ਟੇਕਣਾ ਗਲਤ ਹੈ। ਇਹ ਗੱਲ ਸਤਿਗੁਰੂ ਜੀ ਦੀ ਸੋਭਾ ਘਟਾਂਦੀ ਹੈ।

ਅਸੀ (ਅਰਥਾਤ ਗੁਰੂ ਪਰਵਾਰ) ਜਦੋਂ ਤੁਰੇ ਆਉਂਦੇ ਹਾਂ, ਕਈ ਉਠ ਖਲੋਂਦੇ ਹਨ। ਕਈ ਉਠਕੇ ਮੱਥਾ ਟੇਕਦੇ ਹਨ। ਸਤਿਗੁਰੂ ਜੀ ਦੀ ਹਜੂਰੀ ਵਿਚ ਇਹ ਗੱਲ ਵੀ ਸੋਭਾ ਨਹੀ ਪਾਉਂਦੀ।

ਅੱਜ ਦੇਸ ਲਈ ਖੁਸ਼ੀ ਦਾ ਦਿਨ ਹੈ ਕਿ ਅੱਜ ਰਾਤੀ ਸਵਾ ਬਾਰਾਂ ਵਜੇ ਹਿੰਦੁਸਤਾਨ ਨੇ ਵਿਸ਼ੇਸ਼ ਕ੍ਰਿਕਟ ਦਾ ਕੱਪ ਜਿਤ ਲਿਆ ਹੈ। ਚਹੁੰ ਸਾਲਾਂ ਪਿਛੋਂ ਇਕ ਵਾਰ ਇਹ ਮੁਕਾਬਲਾ ਹੁੰਦਾ ਹੈ। ਇੰਗਲੈਂਡ ਵਿਚ ਭਾਰਤ ਨੇ ਦੋ ਵਾਰ ਦੇ ਵਿਜੇਤਾ ਵੈਸਟ ਇੰਡੀਜ਼ ਨੂੰ ਹਰਾਇਆ ਹੈ। ਇਸ ਖੁਸ਼ੀ ਦੀ ਖ਼ਬਰ ਨੂੰ ਭਾਰਤ ਦੀਆਂ ਅਖਬਾਰਾਂ ਨੇ ਪਹਿਲੇ ਸਫਿਆਂ ਤੇ ਮੋਟੀ ਸੁਰਖੀ ਦੇ ਕੇ ਛਾਪਿਆ ਹੈ।

ਅੱਜ ਸਿੱਖ ਪੰਥ ਵਿਚ ਖੇਡਾਂ ਦੀ ਸ਼ੁਰੂਆਤ ਕਰਨ ਵਾਲੇ ਸ੍ਰੀ ਸਤਿਗੁਰੂ ਹਰਿ ਗੋਬਿੰਦ ਜੀ ਦਾ ਜਨਮਦਿਨ ਹੈ।



Sri Satguru Jagjit Singh Ji Elibrary NamdhariElibrary@gmail.com

ਠਾਕੁਰ ਜੀ ਨੇ ਅਗੇ ਬੋਲ ਕੇ ਸਮੂਹ ਮਾਪਿਆਂ ਨੂੰ ਪਰੇਰਿਆ ਕਿ : ਸ਼ੁਹਰਤ ਹਾਸਲ ਕਰਨ ਲਈ ਅਤੇ  ਨਾਮਧਾਰੀ ਪੰਥ ਦਾ ਨਾਮ ਉੱਚਾ ਕਰਨ ਲਈ ਖੇਡਾਂ ਦਾ ਮੈਦਾਨ ਹੀ ਉੱਤਮ ਸਥਾਨ ਹੈ। ਸਿਆਸਤ ਜਾਂ ਖੇਡਾਂ ਦੇ ਹੀ ਖੇਤਰ ਹਨ ਜਿਨ੍ਹਾਂ ਦਾ ਅਖ਼ਬਾਰਾਂ ਵਿਚ ਨੁਮਾਇਆ ਜ਼ਿਕਰ ਆਉਂਦਾ ਹੈ।

ਅਗਲੇ ਸਾਲ ਦਿਲਰੁਬਾ ਮੁਕਾਬਲਾ ਹੋਵੇਗਾ ਜਿਸ ਵਿਚ ਜੇਤੂ ਨੂੰ ਹਜ਼ਾਰਾਂ ਰੁਪਏ ਇਨਾਮ ਦੇ ਤੌਰ ਦਿਤੇ ਜਾਣਗੇ। ਇਨਾਮ ਦੇ ਸ਼ੌਕੀਨ ਰੱਜ ਕੇ ਮਿਹਨਤ ਕਰਨ।

ਮੰਡੀ ਦੀ ਆਪਣੀ ਟੀਮ ਜਾਂ ਐਥਲੀਟ ਹੋਣੇ ਚਾਹੀਦੇ ਹਨ। ਜੋ ਨਾਮਧਾਰੀ ਭੇਸ ਭੂਸਾ ਵਿਚ ਖੇਡ ਮੁਕਾਬਲਿਆਂ ਵਿਚ ਆਉਣ ਤੇ ਜਿੱਤਣ। ਸਾਡਾ ਸਵਰਨੀ ਦੋ ਵਾਰ ਮੁਕਾਬਲਿਆਂ ਵਿਚ ਭਾਗ ਲੈਕੇ ਪਹਿਲੇ ਨੰਬਰ ਤੇ ਆਇਆ ਹੈ। ਆਦਿ

ਦੀਵਾਨ ਦੀ ਸਮਾਪਤੀ 6 ਵਜੇ ਹੋ ਗਈ। ਵਿਦਿਅਕ ਜਥੇ ਪਾਠ ਮੁਕਾਬਲੇ ਵਿਚ ਪੈ ਗਏ। ਸਤਿਗੁਰੂ ਜੀ ਨੇ ਸੰਤ ਤਰਲੋਕ ਸਿੰਘ ਦੇ ਰਿਹਾਇਸ਼ੀ ਸਥਾਨ ਤੇ ਜਲਪਾਨ ਕੀਤਾ, ਅਤੇ ਸੰਗਤ ਦੀਆਂ ਅਰਜ਼ ਬੇਨਤੀਆ ਸੁਣੀਆਂ।

### ਅਵਤਾਰ ਸਿੰਘ ਘੁੰਮਣ ਬਾਰੇ

ਚੇਤੇ ਰਹੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਰਹਿਣ ਵਾਲੇ ਵਿਅਕਤੀਆਂ ਵਿਚ ਸਕੱਤਰ ਸੰਤ ਤਰਸੇਮ ਸਿੰਘ, ਸੰਤ ਮਹਿੰਦਰ ਸਿੰਘ ਪੂਰਕਾ ਅਤੇ ਸੰਤ ਬਲਦੇਵ ਸਿੰਘ ਅਤੇ ਬਸਤਰ ਪੌਣ ਵਾਲੇ ਤੇ ਲਾਗਰੀਆਂ ਤੋ ਛੁਟ ਅੱਜ ਇਕ ਹੋਰ ਵਿਅਕਤੀ ਸੰਤ ਅਵਤਾਰ ਸਿੰਘ ਘੁੰਮਣ ਵੀ ਨਾਲ ਰਹਿੰਦਾ ਹੈ ਅਤੇ ਹਰ ਇਕ ਗੱਲ ਵਿਚ ਦਿਲਚਸਪੀ ਲੈਂਦਾ ਹੈ। ਅੱਜ ਰਾਤੀ ਉਸਨੇ ਦੱਸਿਆ ਕਿ ਜਿਉਂ ਜਿਉਂ ਲੋਕਾਂ ਵਿਚ ਉਸਦੀ ਬਦਨਾਮੀ ਹੁੰਦੀ ਗਈ ਤਿਉਂ ਤਿਉਂ ਹੀ ਸਤਿਗੁਰੂ ਜੀ ਦੇ ਸਨੇਹ ਦੀ ਕਿਰਪਾ ਹੁੰਦੀ ਗਈ। ਆਪ ਨੇ ਮੁਖਤਾਰਿ ਆਮ ਵੀ ਉਸ ਨੂੰ ਬਣਾ ਦਿਤਾ ਅਤੇ ਹੁਣ ਲਗਾਤਾਰ ਨਾਲ ਰਹਿਣ ਦਾ ਵੀ ਹੁਕਮ ਹੈ। ਬਦਨਾਮ ਉਦੋਂ ਹੀ ਸਤਿਗੁਰੂ ਜੀ ਦੇ ਨਿਕਟੀ ਨੂੰ ਕੀਤਾ ਜਾਂਦਾ ਹੈ, ਜਦੋ ਉਹ ਪ੍ਰਚਲਤ ਤੌਰ ਤਰੀਕਿਆਂ ਨੂੰ ਪਿਠ ਦੇਕੇ ਗੁਰੂ ਮੁਖ ਹੋ ਜਾਂਦਾ ਹੈ।

### ਗੱਲ ਕਿਸ਼ੋਰੇ ਦੀ

ਅੱਜ ਮੇਰਾ ਦਾਮਾਦ ਸ੍ਰੀ ਹਮਰਾਹੀ, ਧੀ ਕੁਲਵੰਤ ਆਪਣੇ ਪੋਤੇ ਚਰਿੱਤਰ ਸਿੰਘ ਨਾਲ ਭੈਤਰੋ ਸ਼ਾਮੀ ਮੰਡੀ ਆ ਗਏ। ਮੈ ਪੁਛਿਆ ਹਮਰਾਹੀ ਨੂੰ ਕਿ ਸ੍ਰੀ ਸਤਿਗੁਰੂ ਜੀ ਦੀ ਕੱਲ ਕਿਸ਼ੋਰੇ ਭੈਤਰ ਦੀ ਯਾਤਰਾ ਕੈਸੀ ਰਹੀ ਅਤੇ ਕਿਸ ਕਿਸ ਨੂੰ ਨਿਵਾਜਿਆ। ਉਸ ਦੱਸਿਆ ਕਿ ਕੱਲ 8 ਵਜੇ ਸਤਿਗੁਰੂ ਜੀ ਸ. ਹਰਨਾਮ ਸਿੰਘ ਡਰਟੀ ਕਲਕਟਰ ਇਨਸਪੈਕਟਰ ਦੇ ਸਰਕਾਰੀ ਕਾਇਮ ਕਿਥੇ, ਇਸ ਦੇ ਘਰ ਪੁਜੇ। ਸ. ਹਰਭਜਨ ਸਿੰਘ ਠੇਕੇਦਾਰ ਪਹਿਲਾਂ ਪੁੱਜੇ ਹੋਏ ਸਨ, ਸੰਤ ਗੁਰਮੁਖ ਸਿੰਘ ਲੁਹਾਰਾਂ ਵੀਡੀਓ ਲੈਕੇ ਹਾਜ਼ਰ ਸਨ। ਸ. ਹਰਨਾਮ ਸਿੰਘ ਨੇ ਸਤਿਗੁਰੂ ਜੀ ਦੀ ਬੁਟਿਆਂ ਨਾਲ ਪਛਾਣ ਕਰਵਾਈ। ਕਈ ਤਰਾ ਦੀ ਗੱਲ ਬਾਤ ਪਿਛੋਂ ਇਕ ਮੌਕਾ ਐਸਾ ਵੀ ਆਇਆ ਜਦੋ ਕੇਵਲ ਸਤਿਗੁਰੂ ਜੀ, ਹਮਰਾਹੀ ,ਹਰਨਾਮ ਸਿੰਘ ਤੇ ਠੇਕੇਦਾਰ ਹਰਭਜਨ ਸਿੰਘ ਹੀ ਰਹਿ ਗਏ। ਸਭ ਤਰਾਂ ਦੀ ਗੱਲ ਬਾਤ ਪਿਛੋਂ ਹਰਨਾਮ



Sri Satguru Jagjit Singh Ji Elibrary NamdhariElibrary@gmail.com

ਸਿੰਘ ਨੇ ਅਰਜ਼ ਕੀਤੀ: ਉਹ ਤਨਖਾਹ ਨਹੀ ਲਵੇਗਾ, ਉਸਨੂੰ ਜੰਮੂ ਵਿਖੇ ਇਕ ਪੈਟਰੋਲ ਪੰਪ ਲੁਆ ਦਿਤਾ ਜਾਵੇ ਅਤੇ ਇਹ ਨਿਸਚਿੰਤ ਹੋਕੇ ਸੇਵਾ ਕਰਦਾ ਰਹੇ। ਸਤਿਗੁਰੂ ਜੀ ਨੇ 6.7.83 ਨੂੰ ਦਿੱਲੀ ਬੁਲਾਇਆ ਬਾਕੀ ਦੀ ਮੁਤੱਲਕਾ ਕਾਰਵਾਈ ਲਈ।

## ਫੈਤਰ ਵਿਚ ਹਮਰਾਹੀ ਘਰ

ਏਥੇ ਆਪ ਜੀ ਮੇਰੇ ਦਾਮਾਦ ਦੇ ਘਰ ਪਹੁੰਚੇ। ਸੁਆਗਤ ਸਤਕਾਰ ਦੀਆਂ ਪਹਿਲਾਂ ਹੀ ਤਿਆਰੀਆਂ ਸਨ। ਸਤਿਗੁਰੂ ਜੀ ਕਹਿਣ ਲਗੇ: ਉਹ ਰੋਣ ਵਾਲੀ ਕੁੜੀ ਕਿਥੇ ਹੈ? ਕੁਲਵੰਤ ਨੇ ਹਸਦਿਆਂ ਜਵਾਬ ਦਿਤਾ : ਉਹ ਤਾਂ ਜੀ ਮੇਰੀ ਹੀ ਹੈ। ਸਤਿਗੁਰੂ ਜੀ ਨੇ ਦਰਸ਼ਨੋ ਵਾਂਜੀ ਰਹਿ ਜਾਣ ਕਾਰਣ ਕੁੜੀ-ਕੁਲਵੰਤ ਨੂੰ ਦੇਰੀ ਹੋਣ ਤੇ ਹੀ ਚੇਤਾਇਆ ਸੀ।

ਫਿਰ ਸ. ਜਗਦੀਸ਼ ਸਿੰਘ ਦੇ ਘਰ ਨੂੰ ਨਿਵਾਜਿਆ। ਏਥੇ ਸ. ਜਸਪਾਲ ਸਿੰਘ ਦੀ ਬੇਨਤੀ ਤੇ ਉਨ੍ਹਾਂ ਦੇ ਘਰ ਚਰਨ ਪਾਏ। ਫਿਰ ਅਮੋਲਕ ਸਿੰਘ ਦੇ ਘਰ ਨੂੰ ਕਿਰਤਾਰਥ ਕੀਤਾ। ਪ੍ਰਸਾਦ ਮੰਗੀਓ ਪੈਕ ਕੇ ਆਇਆ ਸੀ ਇਹ ਦੀਨ ਦਿਆਲ ਜੀ ਨੇ ਸ. ਗੁਰਦਿਆਲ ਸਿੰਘ ਵਲ ਜਾਕੇ ਮਰਿਆਦਾ ਨਾਲ ਛਕਿਆ।

ਇਸੇ ਦੌਰਾਨ, ਸ. ਗੁਰਦਿਆਲ ਸਿੰਘ ਤੇ ਇਹਨਾ ਦਾ ਵੱਡਾ ਦਾਮਾਦ ਸ. ਜਗਦੀਸ਼ ਸਿੰਘ ਘਰ ਸ੍ਰੀ ਚਰਨਾਂ ਵਿਚ ਹਾਜ਼ਰ ਹੋਏ। ਸੰਤ ਗੁਰਦਿਆਲ ਸਿੰਘ-ਬੀਬੀ ਲਾਜਵੰਤੀ ਨੇ ਵੱਡੀ ਲੜਕੀ ਨਰਿੰਦਰ ਦਾ ਵਿਆਹ ਖੁਲ੍ਹਿਆਂ ਵਲ ਕੀਤਾ ਸੀ। ਆਪਣੇ ਪ੍ਰੇਮੀਆਂ ਨੂੰ ਨਾਰਾਜ਼ ਹੋਏ ਕਿ ਤੁਸਾਂ ਇਹ ਕੀ ਕੀਤਾ। ਪਰ ਨਰਿੰਦਰ ਨੂੰ ਹੀ ਨਾਮਧਾਰੀ ਚੰਗੇ ਨਹੀ ਸੀ ਲਗਦੇ। ਇਹਨਾਂ ਜੀਆਂ ਨੂੰ ਡੰਨ ਲਗਾ 30,000/- ਖਿਮਾ ਕੀਤਾ ਗਿਆ। ਕੇਵਲ 2500/- ਦੇਣ ਨਾਲ ਸਾਰੇ ਜੀਆਂ ਨੂੰ ਖੁਸੀਆ ਬਖਸ਼ੀਆਂ।

## ਮਿਲਣਾ ਸ੍ਰੀ ਨੱਥੂ ਰਾਮ ਦਾ

ਮੈਂ ਜਦੋਂ ਰਾਤੀ ਮੰਡੀ ਦੀਵਾਨ ਸਥਾਨ ਤੇ ਬਾਹਰ ਆਇਆ ਤਾਂ ਇਕ ਹਿੰਦੂ ਜੈਂਟਲਮੈਨ ਨੇ ਮੈਨੂੰ ਬਾਹੋਂ ਫੜ ਲਿਆ। ਇਕ ਹੋਰ ਪੁਰਸ਼ ਇਸਤਰੀ ਜੋੜਾ ਮੇਰੇ ਸਾਹਵੇਂ ਸੀ। ਸਭਨਾਂ ਨੇ ਪ੍ਰੇਮ ਪੂਰਵਕ ਮੈਨੂੰ ਸਤਿ ਸ੍ਰੀ ਅਕਾਲ ਆਖੀ। ਪਰ ਪਹਿਲੇ ਮਨੁੱਖ ਦੀ ਪਕੜ ਜਾਂ ਮੋਹ ਤੋਂ ਮੈਂ ਪਛਾਣ ਨ ਸਕਿਆ। ਪੁਛਿਆ: ਨਾਮ ਆਪ ਦਾ? "ਨੱਥੂ ਰਾਮ !" "ਨੱਥੂ ਰਾਮ ਕੇਹੜਾ?" "ਅਜੇ ਤਾਂ ਤੁਸੀ ਮਾਰਚ ਵਿਚ ਸਾਨੂੰ ਮਿਲ ਕੇ ਆਏ ਹੋ।" "ਓਹੋ, ਅਰੂਸ਼ਾ ਤਨਜ਼ਾਨੀਆ ਤੋਂ" "ਹਾਂ, ਹਾਂ, ਪਰ ਐਨੀ ਛੇਤੀ ਭੁਲ ਗਏ ?" "ਭੁਲੇਖਾ ਤਾਂ ਹਾਂ ਹੀ, ਪਰ ਏਨੀ ਛੇਤੀ ਮੈਂ ਤਨਜ਼ਾਨੀਆਂ ਨਹੀ ਸਾਂ ਪਹੁੰਚ ਸਕਦਾ, ਖਿਮਾ ਕਰਨਾ।"

ਅਤੇ ਸ੍ਰੀ ਨੱਥੂ ਰਾਮ ਜੀ ਨੇ ਦੱਸਿਆ ਕਿ 23 ਮਾਰਚ 83 ਤੋਂ ਤਨਜ਼ਾਨੀਆਂ ਵਿਚ ਏਸ਼ੀਅਨ ਕਾਰੋਬਾਰੀਆਂ ਤੇ ਸਖਤੀ ਦਾ ਦੌਰ ਜਾਰੀ ਹੈ।, ਇਸ ਤੋਂ ਵੀ ਪਹਿਲਾਂ ਦਾਰਾਸਲਾਮ ਵਿਚ ਫੜੋ ਫੜੀ ਸ਼ੁਰੂ ਹੋਈ। 23 ਮਾਰਚ 83 ਤੇ ਸ੍ਰੀ ਰੂਪ ਰਾਮ, ਬੀਰ ਚੰਦ ਪਰਵਾਰ ਵੀ ਸੰਕਟ ਵਿਚ ਆ ਗਿਆ। ਬੀਰ ਚੰਦ ਜੀ ਦਾ ਇਕ ਲੜਕਾ ਅੰਦਰ ਕਰ ਦਿਤਾ। ਮੇਰੇ ਪਾਸ ਭਾਰਤ ਵਾਪਸੀ ਦਾ ਟਿਕਟ ਸੀ। ਮੈਨੂੰ ਉਨ੍ਹਾਂ ਕਿਹਾ .ਕਿ ਮੈਂ ਭਾਰਤ ਚਲਾ ਜਾਵਾਂ। 5 ਮਈ ਦਾ ਮੈਂ ਭਾਰਤ ਹਾਂ। ਭੈਣੀ ਸਾਹਿਬ ਆਕੇ ਦੋ ਅਖੰਡ ਪਾਠ ਕਰਵਾਏ।

Sri Satguru Jagjit Singh Ji Elibrary NamdhariElibrary@gmail.com

ਸਾਰੇ ਸੰਕਟ ਟਲ ਗਏ।

ਨਾਲ ਦੇ ਸਾਥੀਆਂ ਵਲ ਹਾਥ ਘੁਮਾਕੇ ਸ੍ਰੀ ਨੱਥੂ ਰਾਮ ਬੋਲਿਆ: ਇਹ ਰਾਜਿੰਦਰ ਕੁਮਾਰ ਗੋਇਲ ਹੈ। ਇਹ ਇਹਦੀ ਪਤਨੀ ਕਿਰਨਾ ਦੇਵੀ। ਇਹਨਾ ਦੇ ਘਰ ਸੰਤਾਨ ਨਹੀਂ। ਮੈਂ ਕਿਹਾ, ਗੁਰੂ ਘਰ ਚਲੋ। ਸਭ ਕੁਝ ਮਿਲੇਗਾ। ਸਵੇਰੇ ਅਰਦਾਸ ਕਰਵਾਵਾਂਗੇ ਏਥੇ ਵੀ।

ਅੱਜ ਸਾਰੇ ਦਿਨ ਦਾ ਲੰਗਰ ਸ. ਪ੍ਰਿਤਪਾਲ ਸਿੰਘ-ਹਰਜਿੰਦਰ ਕੌਰ ਵਲੋਂ ਸੀ। ਜੋੜਾ ਸਾਧ ਸੰਗਤ ਦੀ ਸੇਵਾ ਵਿਚ ਵਿਅਸਤ ਸੀ। ਸੰਗਤ ਵਲੋਂ ਵੀ ਵਿਦਿਅਕ ਸਮੇਲਨ ਦੀ ਥਾਂ ਮੇਲਾ ਵਧੇਰੇ ਲਗਦਾ ਹੈ। ਕਰੀਬ 1000 ਨਰ ਨਾਰ ਵਿਦਿਅਕ ਜਥੇ ਤੋਂ ਚਲਾਧਾ ਹਨ। 400 ਵਿਦਿਅਕ ਜਥਿਆਂ ਦੇ ਮੈਂਬਰ ਹਨ। ਜਾਪਦਾ ਏ ਮੰਡੀ ਦੀ ਸੰਗਤ ਤੇ ਅਣ ਸੋਚਿਆ ਬੋਝ ਆ ਪਿਆ ਹੈ। ਮੰਡੀ ਦੀ ਸੰਗਤ ਵੀ ਕਾਫ਼ੀ ਹੈ। ਹਰ ਰੋਜ਼ ਸੰਗਤ ਵਧੀ ਜਾਂਦੀ ਏ। ਆਕਰਸ਼ਣ ਪਹਾੜਾਂ ਦਾ ਵੀ ਹੈ।

ਲੰਗਰੋਂ ਨਿਕਲ ਕੇ ਬਾਹਰ ਆਇਆ ਤਾਂ ਸ. ਗੁਰਚਰਨ ਸਿੰਘ ਰੈਨੀ ਤੇ ਉਹਦੀ ਪਤਨੀ ਮਿਲ ਪਏ। ਇਹ ਮੈਥੋਂ ਪੁਛ ਰਹੇ ਸਨ ਕਿ ਅਗਲਾ ਸਮੇਲਨ ਉਹ ਕਰਵਾਣਾ ਚਾਹੁੰਦੇ ਹਨ 5-6 ਪਰਵਾਰ ਮਿਲ ਕੇ। ਖਰਚ ਸਮੁਚਾ ਇਹ ਪਰਵਾਰ ਕਰਨਗੇ, ਸੇਵਾ ਮੰਡੀ ਦੀ ਸੰਗਤ ਕਰੇਗੀ। ਇਹਨਾਂ ਨੇ ਪਹਿਲਾਂ ਆਪੇ ਸੂਬਾ, ਸੇਠ ਜੈਮਲ ਸਿੰਘ ਜੀ ਨੂੰ ਅਰਜ਼ ਕੀਤੀ ਹੈ।

ਜਿਹੜੇ ਪਰਸੋਂ ਤਕ ਬੜੇ ਬੇਸੁਆਦ ਸਨ, ਉਹ ਅੱਜ ਹਜ਼ਾਰਾਂ ਰੁਪਏ ਖਰਚ ਕਰਨ ਨੂੰ ਤਿਆਰ ਹਨ। ਰੈਨੀ ਕਹਿਣ ਲਗਾ : ਸਤਿਗੁਰੂ ਜੀ ਨੇ 'ਦੀਵਾਰਾਂ ਨੂੰ ਸੀਮਿੰਟ' ਕਰਵਾਕੇ ਮੰਡੀ ਦੀ ਸੰਗਤ ਦੀ ਏਕਤਾ ਸੀਮਿੰਟਡ ਕਰ ਦਿਤੀ ਹੈ।

### 27 ਜੂਨ 1983, ਸੋਮਵਾਰ
### ਮੰਡੀ, 19 ਵਾਂ ਵਿ: ਸਮੇਲਨ

4.45 ਵਜੇ ਮੈਂ ਵੀ ਨਾਮਧਾਰੀ ਧਰਮਸਾਲਾ ਪਹੁੰਚ ਗਿਆ। ਆਸਾ ਦੀ ਵਾਰ ਗੂੰਜ ਰਹੀ ਸੀ। ਮੰਡੀ ਦਾ ਰਾਗਾ ਜਥਾ ਸੰਤ ਸਾਧਾ ਸਿੰਘ (ਦਰਜੀ) ਤੇ ਸੁਖਦੇਵ ਸਿੰਘ ਦੀ ਰੌਣਕੀ ਨਾਲ ਉਚੀਆਂ ਹੇਕਾਂ ਨਾਲ ਕੀਰਤਨ ਕਰ ਰਿਹਾ ਸੀ। ਸੰਗਤ ਨਾਲ ਮੂੰਹੋ ਮੂੰਹ ਭਰੇ ਹਾਲ ਵਿਚਕਾਰ ਸਤਿਗੁਰੂ ਜੀ ਚੰਦੋਏ ਹੇਠ ਬੈਠੇ ਹੋਏ ਸਨ। 5.25 ਵਜੇ ਭੋਗ ਪਿਆ।

ਵਿਦਿਅਕ ਸੰਮੇਲਨ ਦੇ ਪ੍ਰਬੰਧਕਾਂ ਵਲੋਂ ਐਲਾਨ ਕੀਤਾ ਗਿਆ ਕਿ ਮੰਡੀ ਦੇ ਜਥੇ ਵਲੋਂ ਅੱਜ ਦੇ ਰਾਗਾ ਕੀਰਤਨ ਬਾਅਦ ਵੱਖ ਵੱਖ ਵਿਦਿਅਕ ਜਥਿਆਂ ਦੇ ਵਾਰ ਗਾਇਣ ਦੇ ਮੁਕਾਬਲੇ ਹੋਣਗੇ। ਠਾਕੁਰ ਜੀ ਹੱਸਿਆਂ ਦੱਸਿਆ ਕਿ ਸਤਿਗੁਰੂ ਜੀ ਦੇ ਸੁਝਾਏ ਅਨੁਸਾਰ ਜੱਜ ਸੰਤ ਹਰਬੰਸ ਸਿੰਘ ਘੁੱਲਾ ਅਤੇ ਸ੍ਰੀ ਬਲਜੀਤ ਸਿੰਘ ਹੋਣਗੇ। ਸਭ ਗੱਲਾਂ ਦਾ ਧਿਆਨ ਰਖਿਆ ਜਾਵੇਗਾ। 1 ਬਾਣੀ ਦੀ ਸੁਧਤਾ, 2 ਸੁਰ ਤਾਲ ਵਿਚ ਏਕਤਾ, 3. ਸੰਮਿਲਤ ਗਾਇਣ ਦੀ ਖੂਬਸੂਰਤੀ, 4. ਨਿਸਚਿਤ ਸਮੇਂ ਤੇ ਭੋਗ ਪਾਉਣਾ, 5. ਪੜ੍ਹੇ ਜਾਂਦੇ ਸ਼ਬਦ ਕਿੰਨੇ? 6. ਸ਼ਬਦਾਂ ਦਾ ਛਕਿਆਂ ਨਾਲ ਸੰਬੰਧ, 7. ਤੁਕਾਂ ਦਾ ਅੱਗੋ ਪਿਛੇ ਨ ਪੜ੍ਹਿਆ



Sri Satguru Jagjit Singh Ji Elibrary NamdhariElibrary@gmail.com

ਜਾਣਾ।

**ਬੱਚਿਆਂ ਨੂੰ ਇਨਾਮ**

ਅਤੇ ਸਮਝ ਆਈ 32 ਕੋਲ ਪਏ ਰੁਪਹਿਰੀ ਸੁਨਹਿਰੀ ਸੈਂਤ ਲੈਂਪਾਂ ਦੀ ਕਿ ਇਹ ਇਥੇ ਕਿਸ ਖਾਤਰ ਮੌਜੂਦ ਹਨ। ਕਲ ਬਾਣੀ ਪਾਠ ਦੇ ਸੁਧ ਮੁਕਾਬਲਿਆਂ ਵਿਚੋਂ 15 ਸਾਲ ਦੀ ਉਮਰ ਤੋਂ ਵਡੇਰੇ ਵਿਅਕਤੀਆਂ ਵਿਚ, ਜੇਤੂਆਂ ਨੂੰ ਵੀ ਸਤਿਗੁਰੂ ਜੀ ਦੁਆਰਾ ਇਹ ਸੁੰਦਰ ਸੈਂਤ ਲੈਂਪ ਇਨਾਮ ਦਿਤੇ ਗਏ।

ਪਹਿਲਾ ਇਨਾਮ: ਸ੍ਰੀ ਗੁਰਦੀਪ ਸਿੰਘ, ਪੰਡਿਤ ਜੀ ਦੇ ਸਿਸ਼ ਨੂੰ, ਇਕ ਵੱਡਾ ਸੁਨਹਿਰੀ ਲੈਂਪ, ਦੂਜਾ: ਸ੍ਰੀ ਦੀਦਾਰ ਸਿੰਘ ਤ੍ਰੇਟੀ ਸਾਹਿਬ ਨੂੰ ਦਰਮਿਆਨਾ ਸੁਨਹਿਰੀ ਲੈਂਪ, ਤੀਜਾ, ਸ. ਚੰਨਣ ਸਿੰਘ ਚੰਡੀਗੜ੍ਹ, ਰੁਪਹਿਰੀ ਕੁੱਕਰਮੁਤਾ ਸ਼ਕਲ ਦਾ ਲੈਂਪ ਉਪਰੋਕਤ ਦੋਵੇਂ ਬੱਚੇ ਸੰਤ ਬਲਕਾਰ ਸਿੰਘ ਸਾਬਕਾ ਸੇਵਕ ਦੇ ਸਾਗਿਰਦ ਹਨ। ਪੰਦਰਾਂ ਸਾਲ ਤੋਂ ਛੋਟੀ ਉਮਰ ਦੇ ਬੱਚੇ।

1. ਨਵਤੇਜ ਸਿੰਘ ਸਪੁਤਰ ਸੰਤ ਦਲੀਪ ਸਿੰਘ ਲੁਧਿਆਣਾ, ਪਹਿਲਾ ਇਨਾਮ।
2. ਨਾਨਕ ਸਿੰਘ ਸਪੁਤਰ ਬੀਬਾ ਸਿੰਘ ਸ੍ਰੀ ਜੀਵਨ ਨਗਰ, ਦੂਜਾ ਇਨਾਮ।
3. ਬਲਵਿੰਦਰ ਸਿੰਘ ਸਪੁਤਰ ਸੰਤ ਚੰਨਣ ਸਿੰਘ ਚੰਡੀਗੜ੍ਹ, ਤੀਜਾ ਇਨਾਮ।

ਪਾਠਾਂ ਦੇ ਸਤਿਗੁਰੂ ਸੁਣਾਏ ਜੱਜ ਸੰਤ ਦਲੀਪ ਸਿੰਘ ਪ੍ਰਧਾਨ, ਸੰਤ ਅਜੀਤ ਸਿੰਘ ਸਕੱਤਰ, ਪੰ: ਹਰਿਭਜਨ ਸਿੰਘ, ਸ੍ਰੀ ਬਲਦੇਵ ਸਿੰਘ ਰਾਜੂ, ਸ੍ਰੀ ਗੁਰਨਾਮ ਸਿੰਘ ਹਾਕੀ, ਸ੍ਰੀ ਦਰਸ਼ਨ ਸਿੰਘ ਹਾਕੀ।

ਬੱਚਿਆਂ ਨੂੰ ਦਸਤਾਰਾਂ ਤੇ ਕੁਝ ਹੋਰ ਹੌਸਲਾ ਵਧਾਊ ਇਨਾਮ ਦਿਤੇ ਗਏ। ਇਕ ਸ਼ਕਾਇਤ ਵੀ ਸੰਗਤ ਨਾਲ ਜੁ ਸਾਂਝੀ ਕੀਤੀ ਗਈ ਕਿ 100 ਬੱਚਿਆਂ ਵਿਚੋਂ ਪਾਠ ਕੇਵਲ 80 ਦੇ ਰਜਿਸਟਰ ਹੋ ਸਕੇ ਹਨ।

ਅੱਜ 8 ਵਜੇ ਸਵੇਰੇ ਤੋਂ ਲਿਖਤੀ ਇਤਿਹਾਸਕ ਪ੍ਰਤਿਯੋਗਤਾ ਹੋਵੇਗੀ ਅਤੇ ਇਕ ਪ੍ਰੋਗਰਾਮ ਤਕਰੀਰਾਂ ਦਾ ਅੱਜ ਅਤੇ ਕੱਲ੍ਹ।

**ਇਕ ਟੁੰਬਵੀ ਤਕਰੀਰ**

ਘੁਮ ਘੁਮਾਕੇ ਮੈਂ ਧਰਮਸਾਲਾ ਨੇੜੇ ਪਹੁੰਚਾ ਤਾਂ ਮੇਰੇ ਭੂੰਤਾਊ ਮਿਲ ਪਏ । ਛੇਤੀ ਚਲੋ, ਤੁਹਾਨੂੰ ਠਾਕੁਰ ਜੀ ਕਦੋਂ ਦੇ ਯਾਦ ਕਰਦੇ ਹਨ। ਮੈਂ ਧਰਮਸਾਲਾ ਹਾਲ ਵਿਚ ਗਿਆ ਤਾਂ 150 ਸਜਣ ਅੰਦਰ ਹਾਜ਼ਰ ਸਨ, ਤਕਰੀਰਾਂ ਜਾਰੀ ਸਨ। ਵਿਸ਼ਾ : ਸਾਡਾ ਬੀਤਿਆ ਕੱਲ੍ਹ, ਅੱਜ ਅਤੇ ਭਲਕੇ। ਮੈਂ ਤਾਂ 11.45 ਵਜੇ ਹੀ ਪਹੁੰਚਾ, ਪਰ ਇਹ ਸੱਜਣ ਸਵੇਰ ਦੇ ਹੀ ਬੈਠੇ ਸਨ: ਪੰਡਿਤ ਗੋਪਾਲ ਸਿੰਘ, ਸੰਤ ਆਤਮਾ ਸਿੰਘ ਜਨਰੱਲ ਸਕੱਤਰ,ਸੰਤ ਦਲੀਪ ਸਿੰਘ ਪ੍ਰਧਾਨ ਇਹਨਾਂ ਦੇ ਸਾਹਮਣੇ ਹੀ ਸਾਰੇ ਬੁਲਾਰੇ ਆਪਣੇ ਵਿਚਾਰ ਰਖਦੇ ਅਤੇ ਜੱਜਾਂ ਵੀ ਤਕਰੀਰਾਂ ਕੀਤੀਆਂ। ਮੈਨੂੰ ਵੀ ਮੌਕਾ ਮਿਲਿਆ। ਮੇਰਾ ਜ਼ੋਰ ਬੋਲਣ ਵਾਲੇ ਦੇ ਮਨੋਬਲ ਉਤੇ ਸੀ। ਸਭ ਤੋਂ ਅਖੀਰ ਵਿਚ ਠਾਕੁਰ ਦਲੀਪ ਸਿੰਘ ਜੀ ਉਠੇ। ਉਨ੍ਹਾਂ ਦੇ ਪੁਆਇੰਟ ਸਨ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ਾਂ ਦੀਆਂ ਕੈਸਟਾਂ ਤਿਆਰ ਸਨ, ਪਰ ਖਰੀਦਦਾਰ ਕੌਣ ਹੋਵੇ ?



Sri Satguru Jagjit Singh Ji Elibrary NamdhariElibrary@gmail.com

ਅਰਥਾਂ ਸਹਿਤ ਗੁਰਬਾਣੀ। ਸੂਰਜ ਪ੍ਰਕਾਸ਼, ਗੁਰੂ ਪਦ ਪ੍ਰਕਾਸ਼, ਸ੍ਰੀ ਨਾਰਾਇਣ ਹਰੀ ਉਪਦੇਸ਼ ਆਦਿ ਪੁਸਤਕਾਂ ਅਸੀ ਖਰੀਦਦੇ ਹੀ ਨਹੀ।

ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਤਸਵੀਰਾਂ ਘਰ ਘਰ ਤੇ ਫਿਰ ਕਮਰੇ ਕਮਰੇ ਤਕ ਅਪੜਣੀਆਂ ਚਾਹੀਦੀਆਂ ਹਨ।

ਇਕ ਤੁਕ ਦਾ ਚਹੁੰ ਜਵਾਨਾਂ ਨੂੰ ਅਰਥ ਪੁੱਛਿਆ, ਪਰ ਕਿਸੇ ਨੂੰ ਨਹੀ ਆਇਆ।

ਮਿਲਟਰੀ ਵਾਂਗ ਸਾਡਾ ਵੀ ਅਕੈਡਮੀ ਹੋਸਟਲ ਤੇ ਪਬਲਿਕ ਸਕੂਲ ਹੋਵੇ ਖਾਸ ਕਰ ਇਹ ਧੀਆਂ ਕੁੜੀਆਂ ਲਈ ਚਾਹੀਦੀਆਂ ਹਨ। ਇਹ ਅਸੀ ਦੇਵੋ ਨਹੀ ਦਿੰਦੇ, ਲੰਗਰਾਂ ਤੇ ਪੈਸਾ ਲਾ ਦਿੰਦੇ ਹਾਂ ਪਰ ਪੁਸਤਕਾਂ ਸਕੂਲਾਂ ਆਦਿ ਤੇ ਨਹੀ।

ਸੰਗੀਤ ਅਤੇ ਖੇਡਾਂ ਵਾਸਤੇ ਉਸਤਾਦਾਂ ਦੀ ਕਿੰਨੀ ਮੁਸ਼ਕਲ ਹੈ।

ਕੌਲੂ ਨਾਰਲੀ ਦੇ ਸੰਤ ਨੇ ਦੇਵਾ ਸਿੰਘ ਲਹੌਰ ਦੇ ਨੂੰ ਤੁਰਤ 38,000/- ਦੇ ਦਿਤਾ ਬਿਨਾ ਸੂਦ ਦੇ, ਪਰ ਅੱਜ ਸਾਡੇ ਪਾਸ ਪੈਸੇ ਬਹੁਤ ਹਨ, ਪਰ ਦਿੰਦੇ ਕਿਸੇ ਨੂੰ ਨਹੀਂ। ਬਾਕਾਇਦਾ ਕੈਂਪ ਲਾਕੇ ਪਰਚਾਰਕ ਕਿਵੇ ਤਿਆਰ ਕਰੀਏ?

ਜੇ ਅਸੀ ਪੜ੍ਹੇ ਲਿਖੇ ਨਹੀ ਹੋਵਾਂਗੇ ਤਾਂ ਅਫਸਰ ਨਹੀ ਬਣ ਸਕਾਂਗੇ, ਅਫਸਰ ਨਹੀ ਬਣਾਂਗੇ ਤਾਂ ਸਾਡੀ ਪੁਛਗਿਛ ਵੀ ਨਹੀ ਹੋਵੇਗੀ।

ਸਾਡੇ ਸਭ ਮੈਂਬਰਾਂ ਨੂੰ ਅੰਤਰਜਾਤੀ ਰਿਸ਼ਤਿਆਂ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ। ਇਸ ਨਾਲ ਕੋਈ ਚਾਵਲੇ, ਨਰੂਲੇ, ਹੰਸਪਾਲ ਆਦਿ ਨਹੀ ਹੋਣਗੇ, ਸਭੇ ਨਾਮਧਾਰੀ ਹੋਣਗੇ।

ਜੇ ਰੰਗ ਹੀ ਨ ਲਗੇ ਤਾਂ ਨਾਮ ਕਾਹਦਾ ਜਪਿਆ !

ਪਰਵਾਰ ਨੂੰ ਦੂਜਿਆਂ ਵਾਂਗ ਕਰਨ ਲਈ ਯੋਗਤਾ ਅਤੇ ਪੈਸੇ ਚਾਹੀਦੇ ਹਨ।

ਉਹਨ੍ਹਾਂ ਪੜ੍ਹਿਆਂ ਲਿਖਿਆਂ ਦਾ ਪੰਥ ਨੂੰ ਫਾਇਦਾ ਨਹੀ ਜੋ ਪੰਥਕ ਹਿਤ ਵਿਚ ਕੁਝ ਵੀ ਨ ਕਰ ਸਕਦੇ ਹੋਣ। ਡਾਕਟਰ, ਪ੍ਰੋਫੈਸਰ ਆਦਿ ਉਹੋ ਹੀ ਮੁਨਾਸਬ ਹਨ, ਜੁ ਸਮਾਜ ਭਲਾਈ ਲਈ ਅਗੇ ਆਉਂਦੇ ਹਨ।

ਠਾਕੁਰ ਜੀ ਦੀ ਸਾਰੀ ਗੱਲ ਟੁੰਬਵੀਂ ਅਤੇ ਅਲੋਕਾਰ ਸੀ। ਅਤੇ ਦੁਪਹਿਰੇ 1 ਵਜੇ ਇਹ ਸਭਾ ਸਮਾਪਤ ਹੋ ਗਈ।

### ਦੁਪਹਿਰ ਦੀ ਸਭਾ

2.30 ਵਜੇ 'ਸਾਡਾ ਭੋਜਨ ਸਦਾਚਾਰ' ਭਾਸ਼ਣ ਪ੍ਰਤਿਯੋਗਤਾ ਸੀ ਜਿਸ ਵਿਚ ਸੰਤ ਦਲੀਪ ਸਿੰਘ ਪ੍ਰਧਾਨ, ਸੰਤ ਅਜੀਤ ਸਿੰਘ ਸਕੱਤਰ, ਸ. ਜਸਵਿੰਦਰ ਸਿੰਘ ਐਮ. ਏ. ਦਿੱਲੀ, ਪ੍ਰੋ: ਸੁਰਿੰਦਰਪਾਲ ਸਿੰਘ ਅਤੇ ਪ੍ਰੀਤਮ ਸਿੰਘ ਕਵੀ ਜੱਜ ਸਨ। 10 ਜਣਿਆਂ ਨੇ 6-6 ਮਿੰਟਾਂ ਵਿਚ ਆਪਣੀ ਗੱਲ ਕਹਿਕੇ ਹਟਣਾ ਸੀ।

ਨਾਮ ਸਿਮਰਨ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਚੰਦ ਸ਼ਬਦ ਜਵਾਨਾਂ ਨੂੰ ਅੱਗੇ ਵਧਣ ਲਈ ਹਿੰਮਤ ਅਤੇ ਉਤਸ਼ਾਹ ਦੇ ਕਹਿ ਕੇ ਭਾਸ਼ਣ-ਮੁਕਾਬਲੇ ਵਿਚ ਜੇਤੂਆਂ ਨੂੰ ਇਨਾਮ ਬਖਸ਼ ਕੇ ਕਿਰਤਾਰਥ ਕੀਤਾ:

1. ਡਾ. ਜਤਿੰਦਰ ਪਾਲ ਸਿੰਘ ਸਪੁਤਰ ਸੂਬਾ ਜੋਗਿੰਦਰ ਸਿੰਘ ਜੀ, ਮੰਡੀ, ਪਟਿਆਲਾ
2. ਪ੍ਰੋ: ਸੁਰਜੀਤ ਸਿੰਘ, ਚਾਰਨੀਆ, ਦੂਜਾ



Sri Satguru Jagjit Singh Ji Elibrary NamdhariElibrary@gmail.com

3. ਪ੍ਰੋ: ਹਰਿੰਦਰ ਸਿੰਘ, ਚੰਡੀਗੜ੍ਹ, ਦੂਜਾ
4. ਸ. ਰਣਜੀਤ ਸਿੰਘ ਚੰਡੀਗੜ੍ਹ, ਤੀਜਾ
5. ਪ੍ਰੋ: ਗੁਰਦੀਪ ਸਿੰਘ ਭੈਣੀ ਸਾਹਿਬ, ਹੌਸਲਾ ਵਧਾਊ
6. ਸ੍ਰੀ ਵਿਜਿੰਦਰ ਸਿੰਘ, ਲੁਧਿਆਣਾ, ਹੌਸਲਾ ਵਧਾਊ

ਸ੍ਰੀ ਸਤਿਗੁਰੂ ਜੀ ਨੇ ਉਪ੍ਰੋਕਤ ਵਕਤਾਵਾਂ ਨੂੰ ਕਦੇ ਆਪ ਵੀ ਸੰਗਤ ਵਿਚ ਸੁਣਨ ਦੀ ਇੱਛਾ ਪਰਗਟ ਕੀਤੀ। ਫਿਰ ਕੀਰਤਨ ਸ਼ੁਰੂ ਹੋਇਆ। ਅੱਜ ਮੁਖ ਸੁਰ ਸੰਤ ਹਰਭਜਨ ਸਿੰਘ ਸਿਤਾਰ ਦੀ ਸੀ। ਸ਼ਬਦ ਸੀ, 'ਅਤਿ ਊਚਾ ਤਾਕਾ ਦਰਬਾਰਾ।'

## ਅੱਜ ਦਾ ਲੰਗਰ

5.30 ਵਜੇ ਦੀਵਾਨ ਸਮਾਪਤ ਹੋ ਗਿਆ। ਸਤਿਗੁਰੂ ਜੀ ਸੰਤ ਤਰਲੋਕ ਸਿੰਘ ਘਰ ਜਲਪਾਣ ਹਿਤ ਪਧਾਰੇ। ਨੌਜਵਾਨ ਖੇਡ ਮੁਕਾਬਲਿਆਂ ਵਿਚ ਭਾਗ ਲੈਣ ਹਿਤ ਪੋਲੋ ਦੇ ਮੈਦਾਨ ਵਿਚ ਪਹੁੰਚੇ। ਬਾਕੀ ਸੰਗਤ ਲੰਗਰ ਪਾਣੀ ਵਲ ਹੋਈ। ਸੰਤ ਤਰਲੋਕ ਸਿੰਘ ਲੰਬਰਦਾਰ ਨੇ ਦੱਸਿਆ ਕਿ ਅੱਜ ਸਮੁਚੀ ਸੰਗਤ ਦਾ ਲੰਗਰ ਸੰਤ ਨੌਬਾ ਸਿੰਘ-ਬੀਬੀ ਸ਼ਾਤੀ ਵਲੋਂ ਸੀ। ਇਹ ਬਿਰਧ ਜੋੜਾ ਆਪ ਵੀ ਪ੍ਰਬੰਧਕਾਂ ਨਾਲ ਸੇਵਾ ਵਿਚ ਹਥ ਵਟਾ ਰਿਹਾ ਸੀ। ਸਾਧ ਸੰਗਤ ਨੂੰ ਛਕਣ ਛਕਾਣ ਵਿਚ ਕੋਈ ਪਰੇਸ਼ਾਨੀ ਨਹੀਂ ਹੋਈ।

## ਸ. ਤਰਨਜੀਤ ਸਿੰਘ — ਬੀਬੀ ਸਿਮਰਜੀਤ ਕੌਰ

ਅੱਜ ਸਵੇਰੇ ਮੈਨੂੰ ਅਤੇ ਮੇਰੇ ਦਾਮਾਦ ਹਮਰਾਹੀ ਪਰਵਾਰ ਨੂੰ ਸ. ਤਰਨਜੀਤ ਸਿੰਘ ਅਤੇ ਬੀਬੀ ਸਿਮਰਜੀਤ ਕੌਰ ਵਲੋਂ ਨਾਸ਼ਤੇ ਦਾ ਨਿਮੰਤਰਣ ਸੀ। ਮੇਨ ਰੋਡ ਉਤੇ, ਨਾਮਧਾਰੀ ਧਰਮਸਾਲਾ ਦੇ ਨੇੜੇ ਹੀ ਮਕਾਨ ਸੀ। ਜਾਂ ਅਸੀ ਪਰਵੇਸ਼ ਹੋਏ ਤਾਂ ਬੀਬੀ ਸਿਮਰਜੀਤ ਕੌਰ ਦੇ ਸੋਫ, ਸਰਦਾਰ ਜੀ ਦੀ ਸਮਰਿਧੀ ਦੇ ਸੁਮੇਲ ਨੇ ਆਨੰਦ ਵਿਭੋਰ ਕਰ ਦਿਤਾ। ਮੈਂ ਇਸ ਸਮੇਂ ਤੋਂ ਪਰਵਾਰਕ ਜਾਣਕਾਰੀ ਲੈਂਦੇ ਲਾਭ ਲਿਆ। ਸ. ਤਰਨਜੀਤ ਸਿੰਘ ਤਾਂ ਸਾਡੇ ਪਾਸ ਬੈਠੇ ਜਾਣਕਾਰੀ ਦਿੰਦੇ ਰਹੇ ਜਦੋਂ ਕਿ ਏਨੇ ਚਿਰ ਨੂੰ ਸਿਮਰਜੀਤ ਕੌਰ ਨੇ ਉਦਮ, ਉਤਸਾਹ, ਪਿਆਰ ਤੇ ਸਤਿਕਾਰ ਨਾਲ ਅਤਿ ਸਵਾਦਿਸ਼ਟ ਨਾਸ਼ਤੇ ਦੀਆਂ ਵਸਤਾਂ ਅਗੇ ਲਿਆ ਰੱਖੀਆਂ।

ਸ. ਤਰਨਜੀਤ ਸਿੰਘ ਜੋ ਏਥੇ ਇਕ ਕਾਰਖਾਨੇ, ਕਰਿਆਨੇ ਦੀਆਂ ਥੋਕ ਅਤੇ ਪਰਚੂਨ ਦੁਕਾਨਾਂ ਦੇ ਮਾਲਿਕ ਹਨ, ਆਪਣੇ ਪਰਵਾਰ ਜੀਆਂ ਦੀ ਜਾਣਕਾਰੀ ਇਸ ਪਰਕਾਰ ਦਿਤੀ: ਸ. ਰਘੁਬੀਰ ਸਿੰਘ ਅਤੇ ਬੀਬੀ ਸੁੰਦਰ ਕੌਰ ਇਨ੍ਹਾਂ ਦੇ ਮਾਤਾ ਪਿਤਾ ਹਨ। ਸੰਤਾਨ:

1. ਆਪ ਸ. ਤਰਨਜੀਤ ਸਿੰਘ (36)
   ਬੀਬੀ ਸਿਮਰਜੀਤ ਕੌਰ ਬੀ.ਏ. ਸਪੁਤਰੀ ਸ. ਸੰਤੋਖ ਸਿੰਘ, ਦਿੱਲੀ
2. ਸ. ਰਾਜਪਾਲ ਸਿੰਘ (28)
   ਬੀਬੀ ਰਣਦੀਪ ਕੌਰ ਸਪੁਤਰੀ ਸ. ਕੁਲਦੀਪ ਸਿੰਘ, ਦਿਲੀ
3. ਸ. ਨਰਿੰਦਰ ਸਿੰਘ (26) ਅਵਿਵਾਹਤ ਅਜੇ
4. ਭੈਣਾਂ: ਬੀਬੀ ਸਤਪਾਲ ਕੌਰ ਸੁਪਤਨੀ ਸ. ਮਹਿੰਦਰ ਸਿੰਘ, ਪਟਨਾ
5. ਬੀਬੀ ਰਣਜੀਤ ਕੌਰ ਸੁਪਤਨੀ ਸੰਤ ਬਲਬੀਰ ਸਿੰਘ, ਸੁੰਦਰ ਨਗਰ
6. ਬੀਬੀ ਸੁਰਿੰਦਰ ਕੌਰ ਸੁਪਤਨੀ ਸ. ਹਰਜੀਤ ਸਿੰਘ, ਲੁਧਿਆਣਾ



Sri Satguru Jagjit Singh Ji Elibrary NamdhariElibrary@gmail.com

7 ਬੀਬੀ ਜਸਕਿਰਨ ਕੌਰ ਸੁਪਤਨੀ ਸ. ਯੁਧਵੀਰ ਸਿੰਘ, ਮੰਡੀ

**ਸ. ਉਜਾਗਰ ਸਿੰਘ- ਵਿੱਦਿਆਵੰਤੀ ਪਰਵਾਰ**

ਨਾਲ ਲਗਦਿਆਂ ਉਸ ਪਰਵਾਰ ਬਾਰੇ ਵੀ ਜਾਣਕਾਰੀ ਦੇ ਦਿਆਂ, ਜਿਸਦੇ ਘਰ ਅਸਾਂ 23.6.83 ਦਾ ਡੇਰਾ ਲਾਇਆ ਹੋਇਆ ਹੈ। ਜਲ ਪਾਣੀ ਆਦਿ ਦੀ ਵਧੀਆ ਸੇਵਾ, ਬਸਤਰ ਧੋਣ ਅਤੇ ਮੰਜੇ ਬਿਸਤਰ ਦੇ ਨਿਤ ਨਵੇਂ ਪ੍ਰਬੰਧ ਦੀ ਖੇਚਲ ਦਿਤੀ ਸੀ, ਪਰ ਇਨ੍ਹਾਂ ਸਾਨੂੰ ਖਿੜੇ ਮਥੇ ਸਵੀਕਾਰਿਆ। ਪ੍ਰੇਮ, ਨਮਰਤਾ ਅਤੇ ਮੁਸਕਾਨਾਂ ਨੇ ਸਾਨੂੰ ਕਦੇ ਵੀ ਉਪਰੇਵਾਂ ਨਹੀ ਜਾਪਣ ਦਿੱਤਾ। ਸ. ਉਜਾਗਰ ਸਿੰਘ ਸੋਹਣੀ ਦਿੱਖ ਵਾਲੇ ਸੱਜਣ ਹਨ। ਬੀਬੀ ਵਿੱਦਿਆਵੰਤੀ ਇਕਹਿਰੇ ਅਤੇ ਸੁੰਦਰ ਬਦਨ ਦੀ ਮਾਲਿਕ ਅਜੇ ਵੀ ਕੰਮਾਂ ਦੇ ਆਹੂ ਲਾਹੀ ਜਾਂਦੀ ਹੈ। ਇਹਨਾਂ ਦੇ ਘਰ ਆਪਣੀ ਸੰਤਾਨ ਨਹੀਂ। ਬੀਬੀ ਜੀ ਦੇ ਭਰਾ ਦੀ ਲੜਕੀ ਪਾਲ ਕੇ, ਵੱਡੀ ਕਰਕੇ ਸ. ਸਤਵੰਤ ਸਿੰਘ ਨੂੰ ਵਿਆਹ ਕੇ ਆਪਣੇ ਘਰ ਹੀ ਲੈ ਆਂਦੀ ਹੈ। ਬੀਬੀ ਗੁਰਦੀਪ ਕੌਰ ਤੇ ਸਤਵੰਤ ਸਿੰਘ ਉਦਮੀ ਸਰੀਰ ਤਾਂ ਹਨ ਹੀ; ਮੁਸਕਾਨ ਵੀ ਇਹਨਾ ਦੇ ਮੁਖ ਤੋ ਕਦੇ ਗਾਇਬ ਨਹੀ ਹੋਈ।

ਸੰਤ ਉਜਾਗਰ ਸਿੰਘ ਦਾ ਪਿਤਾ ਸ. ਸੰਤਾ ਸਿੰਘ ਮਾਤਾ ਹਰ ਕੌਰ ਮਸੂਰ ਤੋ ਉਠ ਨਾਰੋਵਾਲ (ਸਿਆਲਕੋਟ) ਆਏ ਸਨ। ਵਡਾ ਭਾਈ ਕਿਸ਼ਨ ਸਿੰਘ (65) ਤੇ ਭਰਜਾਈ ਪ੍ਰਕਾਸ਼ ਕੌਰ ਦਿੱਲੀ ਵਿਚ ਆਪਣਾ ਕੰਮ ਕਰਦੇ ਹਨ। ਉਜਾਗਰ ਸਿੰਘ ਨੇ ਦੱਸਿਆ : ਜਿਉਂ 15 ਕੁ ਸਾਲ ਦੀ ਉਮਰ ਤੋ ਭਜਨ ਪੁੱਛਿਆ, ਮਨ ਨੂੰ ਟਿਕਾਉ ਆਇਆ, ਕਿਸੇ ਹੋਰ ਪਾਸੇ ਨਹੀ ਭਟਕਿਆ। ਸਤਿਗੁਰਾਂ ਦੇ ਚਰਨਾਂ ਨਾਲ ਬਣ ਆਈ ਰਹੇ, ਇਹੋ ਅਰਦਾਸ ਕਰੀ ਦੀ ਹੈ।

**ਸ. ਤੇਜਾ ਸਿੰਘ ਬੀਬੀ ਰਜਿੰਦਰ ਕੌਰ ਦਾ ਪਰਵਾਰ**

ਹੁਣ ਥੋੜਾ ਕੁ ਸ. ਸਤਵੰਤ ਸਿੰਘ ਪਰਵਾਰ ਬਾਰੇ ਵੀ ਜਾਣ ਲਈਏ। ਇਹ ਆਪ ਤਾਂ ਮੰਡੀ ਵਿਖੇ ਦੁਕਾਨ ਕਰਦੇ ਹਨ। ਹੇਠ ਲਿਖੇ ਅਨੁਸਾਰ ਇਹਨਾ ਦਾ ਪਰਵਾਰ ਹੈ। ਮਾਤਾ ਪਿਤਾ : ਸ. ਤੇਜਾ ਸਿੰਘ (53) ਮੰਡੀ, ਬੀਬੀ ਰਜਿੰਦਰ ਕੌਰ। ਇਹਨਾਂ ਦੀ ਸੰਤਾਨ ਇਸ ਪਰਕਾਰ ਹੈ :

1 ਸੰਤ ਕੁਲਵੰਤ ਸਿੰਘ (31) ਕੁੱਤਰ ਵਿਖੇ ਘੜੀਸਾਜ਼ੀ ਦੀ ਦੁਕਾਨ।
ਬੀਬੀ ਮਨਜੀਤ ਕੌਰ ਬਟਾਲਾ।

2 ਸ. ਸਤਵੰਤ ਸਿੰਘ (28) ਮੰਡੀ
ਬੀਬੀ ਗੁਰਦੀਪ ਕੌਰ ਮੰਡੀ

3 ਸ. ਜਗਦੇਵ ਸਿੰਘ (25)
ਬੀਬੀ ਸਤਨਾਮ ਕੌਰ ਬਟਾਲਾ

4 ਸੰਤ ਨਿਰਮਲ ਸਿੰਘ (22) ਅਤੇ

5 ਡਾ. ਸ੍ਰੀ ਅਵਤਾਰ ਸਿੰਘ (18)

6 ਬੀਬੀ ਪਲਵਿੰਦਰ ਕੌਰ (35)
ਸ. ਅਰਜਨ ਸਿੰਘ ਪਿਹੋਵਾ
ਬੀਬੀ ਤਰਨਜੀਤ ਕੌਰ (14)



Sri Satguru Jagjit Singh Ji Elibrary NamdhariElibrary@gmail.com

**ਸੰਤ ਪ੍ਰੀਤਮ ਸਿੰਘ-ਹਰਬੰਸ ਕੌਰ**

ਲੰਗਰ ਵਿਚ ਜਿਨ੍ਹਾਂ ਸਜਣਾ ਦੀ ਸੇਵਾ ਨਿਰੰਤਰ ਚਲਦੀ ਹੈ ਉਹਨਾਂ ਚੋਂ ਇਕ ਹਨ ਸੰਤ ਪ੍ਰੀਤਮ ਸਿੰਘ (60) ਅਤੇ ਬੀਬੀ ਹਰਬੰਸ ਕੌਰ । ਇਸ ਜੋੜੇ ਦੇ ਬੱਚਿਆਂ ਦੇ ਨਾਂ :

1. ਸੰਤ ਗੁਰਮੀਤ ਸਿੰਘ (38)
2. ਸ. ਸੁਰਜੀਤ ਸਿੰਘ (36)
3. ਸੰਤ ਗੁਰਦੇਵ ਸਿੰਘ (30)
4. ਸ੍ਰੀ ਹਰਵਿੰਦਰ ਸਿੰਘ (23)
5. ਸ੍ਰੀ ਜੋਗਿੰਦਰ ਪਾਲ ਸਿੰਘ (21)
6. ਬੀਬੀ ਅਵਨਿੰਦਰ ਕੌਰ (28) ਸੁਪਤਨੀ ਸ. ਨਰੇਣ ਸਿੰਘ ਦਿੱਲੀ
7. ਬੀਬੀ ਹਰਿੰਦਰ ਕੌਰ (26) ਸੁਪਤਨੀ ਸ. ਬਲਵਿੰਦਰ ਸਿੰਘ ਲਖਨਊ
8. ਬੀਬੀ ਸੁਖਵਿੰਦਰ ਕੌਰ (24) ਸੁਪਤਨੀ ਸ. ਭੁਪਿੰਦਰ ਸਿੰਘ ਭੁਰਜੀ ਦਿੱਲੀ।

**ਭੈਣੀ ਵਿਚ ਰੌਣਕਾਂ**

ਭੈਣੀ ਵਿਚ ਸਰਬ ਹਿੰਦ ਵਿਦਿਅਕ ਸਮੇਲਨ ਹੋਣ ਕਰਕੇ ਭੈਣੀ ਵਿਚ ਅੱਜ ਕੱਲ ਮੇਲੇ ਵਰਗਾ ਮਾਹੌਲ ਹੈ। ਸ. ਬੂਟਾ ਸਿੰਘ ਕਮਲ ਦੀ ਮਾਤਾ ਸਵਰਨ ਕੌਰ ਆਪਣੀ ਨੂੰਹ ਤੇ ਇਕ ਦੋ ਹੋਰ ਸਰੀਰਾਂ ਨਾਲ ਜਮਸ਼ੇਦ ਪੁਰ (ਟਾਟਾ ਨਗਰ) ਤੋਂ ਆਈ ਹੋਈ ਹੈ। ਹੈਦਰਾਬਾਦ ਤੋਂ ਸੰਤ ਲਾਭ ਸਿੰਘ ਦਾ ਬੇਟਾ ਸ. ਗੁਰਚਰਨ ਸਿੰਘ ਅਤੇ ਹੋਰ ਸਰੀਰ ਆਏ ਹੋਏ ਹਨ। ਦਿੱਲੀ, ਜਗਾਧਰੀ, ਯੂ.ਪੀ. ਅਤੇ ਬੀਕਾਨੇਰ ਦੇ ਸਿੰਘ ਪਹੁੰਚੇ ਹੋਏ ਹਨ। ਪਰ ਕੁਝ ਸਿੰਘ ਵਿਦੇਸ਼ਾਂ ਵਿਚੋਂ ਵੀ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਭੈਣੀ ਅਪੜੇ ਹੋਏ ਹਨ। ਨੈਰੋਬੀ ਦੇ ਸ. ਗੁਰਬਖਸ਼ ਸਿੰਘ ਉੱਭੀ, ਸੰਤ ਮਹਿੰਦਰ ਸਿੰਘ ਫਗਵਾੜੇ ਵਾਲੇ ਨਾਲ ਆਏ ਹੋਏ ਹਨ। ਤਨਜ਼ਾਨੀਆਂ ਦੇ ਸ੍ਰੀ ਨੱਥੂ ਰਾਮ ਸਮਾਣਾ ਅਰੂਸ਼ਾ ਤੋਂ ਪਹੁੰਚੇ ਹੋਏ ਹਨ। ਇਹਨਾਂ ਦੇ ਭਰਾ ਭਰਜਾਈ ਵੀ ਨਾਲ ਹਨ। ਬੈਂਕਾਕ (ਥਾਈਲੈਂਡ) ਦੇ ਸੰਤ ਗੁਰਚਰਨ ਸਿੰਘ ਸੇਠੀ ਆਦਿ।

ਅੱਜ ਦੈਨਿਕ ਹਿੰਦੀ ਪੰਜਾਬ ਕੇਸਰੀ ਜਲੰਧਰ ਵਿਚ ਮੁਖ ਲੇਖ ਦੇ ਹੇਠਾਂ ਇਕ ਤਸਵੀਰ ਛਪੀ ਹੈ ਜਿਸ ਵਿਚ ਦਿੱਲੀ ਦੇ ਕੁਝ ਨਾਮਧਾਰੀ ਵੀ ਅਮਰੀਕੀ ਸਫਾਰਤ ਖਾਨੇ ਮੂਹਰੇ ਮੁਜ਼ਾਹਰਾ ਕਰ ਰਹੇ ਹਨ।

**29 ਜੂਨ 1993, ਮੰਗਲਵਾਰ**
**ਭੈਣੀ, 19 ਵਾਂ ਵਿਦਿਅਕ ਸੰਮੇਲਨ**

**ਭੈਣੀ ਦੀ ਸੰਗਤ**

ਪਿਛਲਾ ਬੀਤੀ ਰਾਤ ਵੀ ਬਰਸਿਆ ਸੀ, ਪਰ ਅੱਜ ਰਾਤ ਦੀ ਬਰਸਾਤ ਤਾਂ ਲੋਹੜੇ



Sri Satguru Jagjit Singh Ji Elibrary NamdhariElibrary@gmail.com

ਦੀ ਸੀ। ਜੋਰਦਾਰ ਮੀਂਹ ਤੋਂ ਮੰਡੀਓਂ ਬਾਹਰੋਂ ਆਏ ਲੋਕ ਤਰਹਿੰਦੇ ਪਏ ਸਨ। ਮੰਡੀ ਦੇ 28 ਨਾਮਧਾਰੀ ਘਰਾਂ ਵਿਚ 10 ਤੋਂ ਲੈ ਕੇ 25 ਕੁ ਨਰ ਨਾਰ ਤਾ ਪਰਾਹੁਣਿਆਂ ਦੇ ਰੂਪ ਵਿਚ ਰਿਹਾਇਸ਼ੀ ਸਨ। ਭਾਵੇਂ ਮੰਡੀ ਦੀ ਸੰਗਤ ਵਲੋਂ ਲੰਗਰ ਦੇ ਬਣਨ ਅਤੇ ਛਕਣ ਛਕਾਣ ਦਾ ਔਖਾ ਇੰਤਜਾਮ ਹੈ, ਫਿਰ ਵੀ ਜਿਨ੍ਹਾਂ ਘਰਾਂ ਵਿਚ ਬਾਹਰੋਂ ਆਇਆਂ ਦੀ ਰਿਹਾਇਸ਼ ਹੈ, ਉਨ੍ਹਾਂ ਤੇ ਵੀ ਨਾਸ਼ਤੇ ਅਤੇ ਚਾਹਟੇ ਆਦਿ ਖਰਚ ਖੇਚਲ ਤਾਂ ਹੈ ਹੀ। ਇਕੱਲੀ ਸਫਾਈ ਹੀ ਨਹੀ ਮਾਫ ! ਪਾਣੀ ਦੀ ਮੰਡੀ ਵਿਚ ਕਮੀ ਹੈ, ਪਰ ਸਿਆਣੇ ਅਤੇ ਸਮਰਿਧ ਘਰਾਂ ਵਾਲਿਆਂ ਬਾਲਟੀਆਂ ਟੱਬ ਪਾਣੀ ਦੇ ਭਰ ਰੱਖੇ ਹੁੰਦੇ ਹਨ ਕਿਉਂਕਿ ਔਮ੍ਰਿਤ ਵੇਲੇ 20 ਕੁ ਬਾਹਰੋਂ ਆਏ ਨਾਮਧਾਰੀ ਸਿਖ ਸਿਖਣੀਆਂ ਨੇ ਇਸ਼ਨਾਨ ਆਦਿ ਕਰਕੇ ਸਵੇਰੇ ਦੇ ਦੀਵਾਨ ਵਿਚ ਜਾਣਾ ਹੁੰਦਾ ਹੈ। ਪ੍ਰਾਹੁਣਚਾਰੀ ਵਲੋਂ ਜਿਸ ਘਰ ਮੈਂ ਰਹਿ ਰਿਹਾ ਹੋਇਆ ਹਾਂ ਉਹਦਾ ਹਾਲ ਵੀ ਨੋਟ ਕਰ ਲਈਏ। ਸ. ਉਜਾਗਰ ਸਿੰਘ-ਸਤਵੰਤ ਸਿੰਘ ਦੇ ਘਰ, ਸਾਰਾ 6 ਜੀਆਂ ਦਾ ਪਰਵਾਰ 24.6.63 ਤੋਂ ਡਟਿਆ ਹੋਇਆ ਹੈ। 10 ਕੁ ਜਣੇ ਦਿੱਲੀਓਂ ਹੋਰ ਆ ਗਏ ਅਤੇ 26.6.63 ਨੂੰ 10 ਕੁ ਜਣੇ ਹੋਰ। ਸਾਧੂ ਸਿੰਘ ਕਿਸਾਨ ਬੁਢੀ ਮਾੜੀ ਤੋ ਤੇ ਬੀਬੀ ਲਾਜਵੰਤੀ ਨੁਸ਼ਹਿਰਾ ਦਾ ਸਮੁਚਾ ਪਰਵਾਰ। ਬਟਾਲੇ (ਗੁਰਦਾਸਪੁਰ) ਚੋਂ ਪਹੁੰਚੇ ਹਨ ਇਹ ਨਾਮਧਾਰੀ ! ਏਨੀ ਪਰਾਹੁਣਚਾਰੀ !! ਫਿਰ ਕਿਸੇ ਦੇ ਮੱਥੇ ਵੱਟ ਨਹੀ, ਜਿਵੇਂ ਮਾਂ ਜਾਏ ਵੀਰ ਆਏ ਹੋਣ ! ਪਰਸੰਨਤਾ ਤੇ ਖੇੜਾ ਦ੍ਰਿਸ਼ਟਮਾਨ ਕਿ ਮਸਾਂ ਸੇਵਾ ਦਾ ਮੌਕਾ ਮਿਲਿਆ ਏ। ਇਹੋ ਹਾਲ ਸਾਰੇ ਮੰਡੀ ਦੇ ਘਰਾਂ ਵਾਲਿਆ ਦਾ ਸੀ।

ਸੰਤ ਤਰਲੋਕ ਸਿੰਘ ਦਾ ਘਰ ਹੀ ਲਓ। ਇਸਦੇ ਤਿਮੰਜਲੇ ਸੁੰਦਰ ਘਰ ਵਿਚ ਇਕ ਤਾਂ ਸ੍ਰੀ ਸਤਿਗੁਰੂ ਜੀ ਤੇ ਹਜ਼ੂਰੀ ਜਥੇ ਦਾ ਏਥੇ ਜਲਪਾਣ ਹੈ, ਫਿਰ ਸਤਿਗੁਰੂ ਜੀ ਨਾਲ ਚਰਨ ਬਿਲਾਸ ਕਰਨ ਵਾਲਿਆਂ ਦੇ ਤਾਂਤੇ ਹਨ। ਉਪਰ ਪੰ: ਗੋਪਾਲ ਸਿੰਘ - ਸੂਬਾ ਧਰਮ ਸਿੰਘ ਜੀ ਮੁਕਤਾ ਆਦਿ। ਇਸ ਤੋ ਉਪਰਲੀ ਛੱਤੇ ਬੀਕਾਨੇਰੀ ਸਿੰਘ, ਅਰੂਸ਼ਾ (ਤਨਜਾਨੀਆਂ) ਤੋਂ ਆਏ ਵਿਸ਼ਿਸ਼ਟ ਵਿਅਕਤੀਆਂ ਦਾ ਡੇਰਾ ਹੈ। ਬੀਬੀ ਮਹਿੰਦਰ ਕੌਰ ਸੇਵਾ ਦੀ ਮੂਰਤੀ ਬਣੇ ਅਠੇ ਪਹਿਰ ਸੇਵਾ ਵਿਚ ਹਾਜ਼ਰ ਰਹਿੰਦੇ ਹਨ। ਅਤੇ ਇਹੋ ਦਸ਼ਾ ਸਾਰੇ ਮੰਡੀ ਦੇ ਸਿਖਾਂ ਦੀ ਹੈ।

ਆਸਾ ਦੀ ਵਾਰ ਦਾ ਕੀਰਤਨ

ਮੈ 3.15 ਦਾ ਜਾਗਿਆ ਹੋਇਆ ਹਾਂ ਪਰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ 6.00 ਵਜੇ ਸਵੇਰੇ ਹੀ ਧਰਮਸਾਲਾ ਵਿਚ ਜਾਕੇ ਕੀਤੇ। ਜਿਥੇ ਏਨੀ ਸੰਗਤ ਹਾਜ਼ਰ ਸੀ ਜਿਤਨੀ ਨੂੰ ਤਿਲ ਧਰਨ ਨੂੰ ਥਾਂ ਨਹੀ ਸੀ ਅਤੇ ਉਪਰੋਂ ਵਾਰਾਂ ਢੰਗ ਨਾਲ ਚੰਡੀਗੜ੍ਹ ਦਾ ਜਥਾ ਆਸਾ ਦੀ ਵਾਰ ਦਾ ਕੀਰਤਨ ਕਰ ਰਿਹਾ ਸੀ। ਇਸ ਵਾਰ ਸੰਤ ਚੰਨਣ ਸਿੰਘ ਏ. ਐਸ. ਆਈ. ਹਰਮੋਨੀਅਮ ਨਾਲ ਅਗਵਾਈ ਕਰ ਰਹੇ ਸਨ, ਅਤੇ ਪ੍ਰੋ: ਹਰਿੰਦਰ ਸਿੰਘ ਅਤੇ ਕੁਮਾਰ ਸਟੂਡੀਓ ਦੇ ਭਾਈ ਸਾਹਿਬ, ਸੰਤ ਜਗਤ ਸਿੰਘ ਮੋਲੀ ਯੂ.ਪੀ.ਡੀ. ਐਸ. ਪੀ. ਵੀ ਸ਼ਾਮਲ ਸਨ।

ਪਉੜੀਆਂ ਪੜ੍ਹਨ ਵਾਲਾ ਵੀ ਡੈਂਟੀ ਸਾਹਿਬ ਦਾ ਦੀਦਾਰ ਸਿੰਘ ਫੌਜੀਆਂ ਦਾ ਲੜਕਾ ਐਸਾ ਸ਼ੁਧ ਪਾਠ ਕਰ ਰਿਹਾ ਸੀ ਕਿ ਮੰਡੀ ਦਾ ਸੰਤ ਸਵਰਨ ਸਿੰਘ ਹਰਕੋਂ ਉਹਦੀ



Sri Satguru Jagjit Singh Ji Elibrary NamdhariElibrary@gmail.com

ਪਬਲਿਕ ਵਿਚ ਪ੍ਰਸ਼ੰਸਾ ਕਰਨੀ ਚਾਹ ਰਿਹਾ ਸੀ। ਸਵਰਨ ਸਿੰਘ ਖੁਦ ਭੈਣੀ ਸਾਹਿਬ ਦਾ ਚੰਗਿਆ ਸ਼ੁਧ ਪਾਠ ਪੰਡਿਤ ਹੈ। ਇਸਨੇ 10/- ਇਨਾਮ ਦੇ ਉਸਨੂੰ ਦਿਤੇ। ਜਥੇ ਨੂੰ ਹੋਈ ਮਾਇਆ ਭੇਟ ਸਤਿਗੁਰੂ ਜੀ ਨੂੰ ਮੱਥਾ ਟੇਕੀ ਗਈ. ਉਥੇ ਦੀਦਾਰ ਸਿੰਘ ਨੇ ਵੀ ਸਤਿਗੁਰੂ ਜੀ ਨੂੰ ਮੱਥਾ ਟੇਕ ਤ੍ਰਿਪਤੀ ਪਾਈ। 5.30 ਵਜੇ ਵਾਰ ਦੀ ਅਰਦਾਸ ਪਿਛੋਂ ਸੰਤ ਸਵਰਨ ਸਿੰਘ ਦੀ ਇਛਾ ਦਾ ਧਿਆਨ ਰਖਦਿਆਂ ਸ੍ਰੀ ਸਤਿਗੁਰੂ ਜੀ ਦੇ ਦੀਦਾਰ ਸਿੰਘ ਦੀ ਪ੍ਰਸੰਸਾ ਆਪ ਅਨਾਊਂਸ ਕੀਤੀ। ਅਜੇ ਇਸ ਪਹੁੰਚੀ ਪਾਠੀ ਦੇ ਮੂੰਹ ਤੇ ਦਾੜ੍ਹੀ ਨਹੀ ਆਈ।

ਸਤਿਗੁਰੂ ਜੀ ਨੇ ਆਪ ਵਿਦਿਅਕ ਜਥੇ ਨੂੰ ਪਰੇਰਣਾ ਕੀਤੀ ਕਿ ਜਿਨ੍ਹਾਂ ਅਜੇ ਕੇਂਦਰੀ ਸਥਾਨ ਤੇ ਨਾਮ ਰਜਿਸਟਰ ਨਹੀ ਕਰਵਾਏ, ਉਹ ਕਰਵਾਣ। ਹੋਰ ਵੀ ਕਈ ਪਰਵਾਰ ਦੇ ਬਚਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਵੇਰੇ ਤਕ 250 ਵਿਦਿਆਰਥੀਆਂ ਨਾਮ ਰਜਿਸਟਰ ਕਰਵਾ ਲਏ।

## 'ਵਰਿਆਮ' ਕਿਉਂ ਨਹੀ

ਰਾਤ ਤਕ ਸੰਗਤ ਦੇ ਹੋਰ ਜਥੇ ਵਖ ਵਖ ਥਾਵਾਂ ਤੋਂ ਆ ਪਹੁੰਚੇ ਪਰ ਸਾਨੂੰ ਰਾਤ ਦਾ ਹੀ ਫ਼ਿਕਰ ਸੀ ਕਿ ਅਜੇ ਤਕ ਜਗਦੀਸ਼ ਸਿੰਘ 'ਵਰਿਆਮ' ਕਿਉਂ ਨਹੀ ਆਇਆ। ਪਰ ਸਵੇਰ ਦੀਆਂ ਅਖਬਾਰਾਂ ਵਿਚ ਵਰਣਿਤ ਜਲੰਧਰ ਦੀਆਂ ਭਿਆਨਕ ਖਬਰਾਂ ਨੇ ਹੀ ਉਸਨੂੰ ਰੋਕ ਪਾ ਦਿਤੀ ਹੋਵੇਗੀ। ਜਲੰਧਰ ਵਿਚ ਅਤਿਵਾਦੀਆਂ ਨੇ ਸ਼ਕਤੀ ਨਗਰ ਖੇਤਰ ਵਿਚ ਬੰਬ ਬਣਾਉਣ ਵਾਲੇ ਕਾਰਖਾਨੇ ਵਿਚ ਬੰਬ ਫਟ ਗਿਆ ਤੇ ਦੋ ਅਤਿਵਾਦੀ ਮਾਰੇ ਗਏ। ਫਿਰ ਪੁਲਿਸ ਦੀ ਗੋਲੀ ਨਾਲ ਚਾਰ ਪਾਰ ਬੋਲੇ। ਲਗਭਗ ਸਾਰਾ ਹੀ ਜਲੰਧਰ ਫ਼ਿਰਕਾਦਾਰਾਨਾਂ ਦੀ ਖੇਡ ਦਾ ਸ਼ਿਕਾਰ ਹੈ।

## ਵਿਦਿਅਕ ਜਥੇ ਦੇ ਹਾਲ ਵਿਚ

ਜਦ ਮੈਂ ਫਿਰਦਾ-ਤੁਰਦਾ ਫਿਰ ਵਿਦਿਅਕ ਜਥੇ ਦੀ ਕਾਰਵਾਈ ਸੁਣਨ ਹਾਲ ਵਿਚ ਗਿਆ ਤਾਂ ਓਥੇ ਠਾਕੁਰ ਦਲੀਪ ਸਿੰਘ ਜੀ ਦੀ ਮੌਜੂਦਗੀ ਵਿਚ ਵਾਦ ਵਿਵਾਦ ਜਾਰੀ ਸੀ। ਇਹ ਮੁਕਾਬਲਾ ਬੜਾ ਦਿਲਚਸਪ ਸੀ। ਕੋਈ 300 ਸੱਜਣ ਵਿਦਿਅਕ ਜਥਿਆਂ ਦੇ ਸਰੋਤੇ ਸਨ। ਸਵਾਲ ਵੀ ਅਹਿਮ ਸਨ, ਕੁਝ ਦੁਹਰਾਓ ਅਤੇ ਕੁਝ ਵਾਲ ਦੀ ਖੱਲ ਲਾਹੁਣ ਵਾਂਗ ਨਿਰਰਥਕ ਸਨ ਤਾਂ ਵੀ ਇਹ ਮੇਲ ਸਮੁਚੇ ਤੌਰ ਤੇ ਸਿੱਖਿਆਦਾਇਕ ਸੀ। ਸਵਾਲ ਵੀ ਸਰੋਤਿਆਂ ਵਿਚੋਂ ਅਤੇ ਜਵਾਬ ਵੀ ਸਰੋਤਿਆਂ ਵਲੋਂ ਜਾਂ ਸੰਚਾਲਕਾਂ ਵਲੋਂ। ਅੰਤ ਉਤੇ ਠਾਕੁਰ ਜੀ ਨੇ 2 ਵਜੇ ਦੁਪਹਿਰ ਤਕ ਸੁਚਨਾਵਾਂ, ਰਾਵਾਂ ਅਤੇ ਆਦੇਸ਼ਾਤਮਕ ਵਿਚਾਰ ਪ੍ਰਸਤੁਤ ਕੀਤਾ।

ਉਪਰੰਤ ਤਕਰੀਰ ਮੁਕਾਬਲਾ ਹੋਇਆ। 'ਧਰਮ ਬਿਨਾ ਕਾਹਦਾ ਜੀਉਣਾ' ਬੋਲਣ ਦਾ ਵਿਸ਼ਾ ਸੀ। ਇਸ ਵਿਚ 15 ਵਿਦਿਅਕ ਮਿਤਰਾਂ ਭਾਗ ਲਿਆ। ਮੇਰੇ ਖਿਆਲ ਵਿਚ ਅੱਜ ਦਾ ਲਾਇਕ ਬੁਲਾਰਾ ਸ੍ਰੀ ਨਰਿੰਦਰ ਸਿੰਘ 'ਗੁਰ ਮਰਯਾਦਾ', ਨੰ: ਦੋ ਸੰਤ ਸੰਤੋਖ ਸਿੰਘ ਜਗਾਧਰੀ ਅਤੇ ਤੀਜੇ ਨੰਬਰ ਤੇ ਸ੍ਰੀ ਗੁਰਦੀਪ ਸਿੰਘ ਭੈਣੀ ਸਾਹਿਬ ਅਤੇ ਸ੍ਰੀ ਪ੍ਰੀਤਮ ਸਿੰਘ ਜੀਂਦੀ। ਪੰ: ਗੋਪਾਲ ਸਿੰਘ ਅਤੇ ਠਾਕੁਰ ਜੀ ਵੀ ਇਸੇ ਵਿਸ਼ੇ ਤੇ ਬੋਲੇ। ਜੱਜਾਂ ਦਾ ਵਿਚਾਰ



Sri Satguru Jagjit Singh Ji Elibrary NamdhariElibrary@gmail.com

ਪਤਾ ਨਹੀ ਕੀ ਹੋਵੇ।

ਇਕ ਨੌਜਵਾਨ ਗਰੁਪ ਤੋਂ ਮੈਨੂੰ ਪਤਾ ਲਗਾ ਕਿ ਇਸ ਵਾਰ 40 ਜਵਾਨ ਤੇ ਸੇਵਕ ਜਮਨਾ ਨਗਰ ਤੋਂ ਹੀ ਆਏ ਹਨ। ਉਂਜ ਔਸ 5 ਵਜੇ ਤਕ ਰਜਿਸਟਰਡ ਮੈਂਬਰ ਸੰਤ ਸੁਖਵਿੰਦਰ ਸਿੰਘ ਜਗਾਧਰੀ ਦੇ ਦੱਸਣ ਮੁਤਾਬਕ 385 ਰਜਿਸਟਰਡ ਕੀਤੇ ਗਏ।

## ਐਗਜ਼ੇਕਟਿਵ ਕਮੇਟੀ ਮੰਡੀ

4 ਤੋਂ 6 ਵਜੇ ਤਕ ਨਾਮ ਸਿਮਰਨ ਤੇ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਦਿਆਂ ਹੋਇਆ। ਸ਼ਬਦ ਸਮਾਪਤੀ ਉਪਰੰਤ ਸਤਿਗੁਰੂ ਜੀ ਦੀ ਸੇਵਾ ਵਿਚ ਸੂਬਾ ਜੈਮਲ ਸਿੰਘ ਜੀ ਦੇ ਨਾਲ ਹੀ ਮੰਡੀ ਦੇ ਨਾਮਧਾਰੀਆਂ ਦੀ ਐਗਜ਼ੇਕਟਿਵ ਕਮੇਟੀ ਦੇ ਮੈਂਬਰ ਪੇਸ਼ ਹੋਏ। ਸਬੱਬ ਨਾਲ ਇਸ ਕਮੇਟੀ ਨੂੰ ਵੇਖਣ ਦਾ ਮੈਨੂੰ ਵੀ ਮੌਕਾ ਮਿਲ ਗਿਆ:

ਪ੍ਰਧਾਨ : 1. ਸੰਤ ਹਰਭਜਨ ਸਿੰਘ, ਹਿਮਾਚਲ ਸਾਈਕਲ ਵਰਕਸ ਵਾਲੇ
ਸਕੱਤਰ : 2. ਡਾ: ਸੁਰਜੀਤ ਸਿੰਘ
ਖਜ਼ਾਨਚੀ : 3. ਸੰਤ ਤਜਜੀਤ ਸਿੰਘ (ਇਹ ਹਾਜ਼ਰ ਨਹੀ ਸਨ)
ਮੈਂਬਰ: 4. ਸੰਤ ਹਜ਼ੂਰ ਸਿੰਘ
5. ਜਥੇਦਾਰ ਸੇਵਾ ਸਿੰਘ
6. ਸੰਤ ਗਿਆਨ ਸਿੰਘ
7. ਸੰਤ ਅਵਤਾਰ ਸਿੰਘ
8. ਸ. ਇੰਦਰ ਸਿੰਘ

ਜਦੋਂ ਉਪ੍ਰੋਕਤ ਗਰੁਪ ਸ੍ਰੀ ਹਜ਼ੂਰ ਦੀ ਸੇਵਾ ਵਿਚ ਬੈਠਾ ਓਦੋਂ ਤੇ ਹੋਰ ਵੀ ਉਤਸਾਹੀ ਜਵਾਨਾਂ ਚੋਂ ਪ੍ਰਧਾਨ ਰਛਪਾਲ ਸਿੰਘ ਸਕੱਤਰ ਸੁਰਿੰਦਰ ਸਿੰਘ ਪ੍ਰਮੁਖ ਸਨ। ਬੀਬੀਆਂ ਤੋਂ ਉਹਨਾਂ ਦੇ ਬੱਚੇ ਐਥਲੀਟ ਬਣਾਉਣ ਲਈ ਮੰਗੇ ਜਾ ਰਹੇ ਸਨ। 6.30 ਤਕ 20 ਬੱਚਿਆਂ ਦੇ ਨਾਮ ਪੇਸ਼ ਹੋ ਗਏ। ਠਾਕੁਰ ਜੀ ਅਨੁਸਾਰ 7 ਤੋਂ 15 ਸਾਲ ਦੀ ਉਮਰ ਦੇ ਬੱਚੇ ਦਰਕਾਰ ਸਨ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੀ ਇਹ ਭਾਲ ਡਾਲ ਹੋ ਰਹੀ ਸੀ।

## ਨਾਮ ਰਖਾਈ

ਏਨੇ ਚਿਰ ਨੂੰ ਦਿੱਲੀ ਦੇ ਇਕ ਨੌਜਵਾਨ ਮਨਜੀਤ ਸਿੰਘ ਨੇ ਆ ਮੱਥਾ ਟੇਕਿਆ ਉਸਦੇ ਨਾਲ ਇਕ ਪੰਜ ਕੁ ਸਾਲ ਦਾ ਬਾਲ ਸੀ। ਉਸਨੇ ਇਸ ਬੱਚੇ ਦਾ ਨਾਮ ਰਖਾਣ ਦੀ ਅਰਜ਼ ਕੀਤੀ।

"ਮਨਜੀਤ ਸਿੰਘ ਮੈਂ ਜੀ"
"ਤੇਰੀ ਸਿੱਖਣੀ ਦਾ ਕੀ ਨਾਮ ਹੈ ?"
"ਜੀ ਰਾਜਿੰਦਰ ਕੌਰ।"
"ਤਾਂ ਫਿਰ ਕਾਕੇ ਦਾ ਨਾਮ ਮਹਿੰਦਰ ਸਿੰਘ ਰਖ ਲੈ।"
"ਸਤਿ ਬਚਨ ਜੀ !"



Sri Satguru Jagjit Singh Ji Elibrary NamdhariElibrary@gmail.com

**ਇਕ ਕਬੀਰ-ਪੰਥੀਆ**

ਇਹ ਜਾਂਦੇ ਹੋਇਆ ਤਾਂ ਇਕ ਚਿੱਟੀ ਟੋਪੀ ਅਤੇ ਮੈਲੇ ਕਪੜਿਆਂ ਵਾਲਾ, ਢਲ ਸਿਆਣੀ ਉਮਰ ਦਾ ਹਿੰਦੂ ਹਾਜ਼ਰ ਹੋਇਆ। ਉਸਨੇ ਹੱਥ ਜੋੜ ਕੇ ਅਰਜ਼ ਕੀਤੀ: ਮੈਂ ਜੀ ਕਬੀਰ ਪੰਥੀਆਂ ਦੇ ਮੰਦਰ ਲਈ ਆਪ ਦੀ ਸੇਵਾ ਵਿਚ ਹਾਜ਼ਰ ਹੋਇਆ ਹਾਂ। ਸਾਡਾ ਮੰਦਰ ਬਣਾਉਣ ਦਾ ਪ੍ਰੋਗਰਾਮ ਹੈ, ਪਰ ਸਾਡੀ ਸਹਾਇਤਾ ਕੋਈ ਨਹੀ ਕਰ ਰਿਹਾ। ਆਪ ਜੀ ਸਾਡੀ ਕੁਝ ਸਹਾਇਤਾ ਕਰੋ।

"ਬੋਲ, ਕੀ ਚਾਹੁੰਦੇ ਹੋ?"

"ਜੀ ਮੰਦਰ ਤੇ ਸਲੈਬ ਪਾਉਣ ਲਈ ਦੋ ਕੁਇੰਟਲ ਸਰੀਆ ਚਾਹੀਦਾ ਹੈ, ਕਿਰਪਾ ਕਰੋ।"

"ਠੀਕ ਹੈ, ਮਿਲ ਜਾਵੇਗਾ।"

ਜਦੋਂ ਸ੍ਰੀ ਗੇਂਦੂ ਰਾਮ ਕਬੀਰ ਪੰਥੀ ਆਪਣੀ ਜਗਹ ਤੇ ਜਾ ਕੇ ਬੈਠਾ ਤਾਂ ਸਤਿਗੁਰੂ ਜੀ ਨੇ ਮੰਡੀ ਦੇ ਕੁਝ ਕਾਰੋਬਾਰੀਆਂ ਨੂੰ ਬੁਲਾਕੇ ਦੋ-ਤਿਨ ਕੁਇੰਟਲ ਸਰੀਆ ਗੇਂਦੂ ਰਾਮ ਨੂੰ ਦੇਣ ਦੀ ਪੱਕੀ ਕੀਤੀ।

**ਇੱਲੀਓ ਇਕ ਜਥਾ ਹੋਰ**

7.00 ਵਜੇ ਸਾਮੀ ਸੰਤ ਤਰਲੋਕ ਸਿੰਘ ਬੰਦੂਕਾਂ ਵਾਲੇ ਦੇ ਘਰ ਵਿਦਿਅਕ ਜਥੇ ਦੀ ਐਗਜ਼ੈਕਟਿਵ ਦੀ ਮੀਟਿੰਗ ਹੋਈ। ਹੋਰ ਵਿਸ਼ੇਸ਼ ਵਿਅਕਤੀਆਂ ਤੋਂ ਛੁੱਟ ਮੈਨੂੰ ਵੀ ਸੱਦਿਆ ਗਿਆ ਸੀ। ਮੇਰੇ ਜਾਣ ਤਕ ਦਿੱਲੀ, ਨਾਲ ਤਾਲ ਬਿਠਾਈ ਜਾ ਰਹੀ ਸੀ। ਸਤਿਗੁਰੂ ਜੀ ਜਲਪਾਨ ਵਿਚੇ ਛੱਡ ਕੇ ਆਏ ਹੰਸਪਾਲ ਦੇ ਨਾਲ ਗੱਲ ਕਰਨੀ ਸੀ। ਫੋਨ ਕਰਨ ਤੋਂ ਮਾਲੂਮ ਹੋਇਆ ਕਿ ਸ੍ਰੀ ਹਜ਼ੂਰ ਮਾ: ਨਿਹਾਲ ਸਿੰਘ ਜੀ ਨੂੰ ਵੀ ਹਵਾਈ ਜਹਾਜ਼ ਦੁਆਰਾ ਸ. ਹਰਵਿੰਦਰ ਸਿੰਘ ਹੰਸਪਾਲ ਨੂੰ ਨਾਲ ਲਈ ਆਉਣ ਦਾ ਹੁਕਮ ਦੇ ਰਹੇ ਸਨ। ਸ. ਸੁਰਿੰਦਰ ਸਿੰਘ ਮਨਚੰਦਾ ਦੇ ਆਉਣ ਤੇ ਵੀ ਖੁਸ਼ੀ ਪਰਗਟ ਕੀਤੀ ਗਈ। ਸ਼ੇਰ ਸਿੰਘ ਚਾਵਲਾ ਵੀ ਆ ਗਿਆ ਹੈ। ਹੰਸਪਾਲ ਜੀ ਨੇ ਡ੍ਰੇਤਰ ਤੋਂ ਮੰਡੀ ਤਕ ਜਾਣ ਲਈ ਕਾਰ ਮੰਗੀ। ਸਤਿਗੁਰੂ ਜੀ ਨੇ ਸ੍ਰੀ ਗੁਰਭਜਨ ਸਿੰਘ ਦੀ ਕੋਈ ਗੱਲ ਵੀ ਹੰਸਪਾਲ ਜੀ ਨੂੰ ਖੋਤੇ ਕਰਵਾਈ ਤੇ ਚਾਹਿਆ ਕਿ ਇਸ ਬਾਰੇ ਸ੍ਰੀ ਹਰਭਜਨ ਸਿੰਘ ਔਰੰਗਾਬਾਦ ਨਾਲ ਜ਼ਰੂਰ ਵਿਚਾਰ ਕੀਤਾ ਜਾਵੇ। ਔਰੰਗਾਬਾਦੀ ਅੱਜ ਸਵੇਰੇ ਦਿੱਲੀ ਨੂੰ ਤੁਰੇ ਹੋਏ ਹਨ।

**ਐਗਜ਼ੈਕਟਿਵ ਦੀ ਮੀਟਿੰਗ**

ਸੱਚੇ ਪਾਤਸ਼ਾਹ ਉਠਕੇ ਲੰਗਰ ਛਕਣ ਕਮਰੇ ਵਿਚ ਗਏ ਤਾਂ ਵਿਦਿਅਕ ਜਥੇ ਦੇ (ਵਿਦਨੀ) ਫੰਡਾਂ ਦਾ ਸੁਆਲ ਪੈਦਾ ਹੋ ਗਿਆ। ਹੁਣ ਤਕ ਠਾਕੁਰ ਜੀ ਵੱਡੇ ਵੀ ਆ ਚੁਕੇ ਸਨ। ਉਨ੍ਹਾਂ ਸੁਝਾਉ ਦਿਤਾ ਕਿ ਐਗਜ਼ੈਕਟਿਵ ਦੇ ਮੈਂਬਰ ਆਪ ਪਹਿਲ ਕਰਨ, ਹਰ ਸਾਲ ਨਿਰੰਤਰ ਦੇਣ ਵਾਲੀ ਰਕਮ ਆਪਣੇ ਵਲੋਂ ਐਲਾਨ ਕਰਨ। ਇਸ ਗੱਲ ਤੇ ਸ. ਸੁਖਦੇਵ ਸਿੰਘ, ਵਾਲੀ ਨਜ਼ਾਰ ਲੰਗਰ ਨੇ ਕਿਹਾ। ਚੈਕ ਬੁਕ ਉਹ ਨਾਲ ਲਿਆਇਆ ਹੋਇਆ ਸੀ,



Sri Satguru Jagjit Singh Ji Elibrary NamdhariElibrary@gmail.com

500/- ਦੇਣ ਦਾ ਉਸ ਵਚਨ ਕੀਤਾ ਤੇ ਚੈੱਕ ਕੱਟ ਦਿਤਾ। 500/- ਸ. ਹਰਭਜਨ ਸਿੰਘ ਊਦੇ ਨਿਟ ਫੈਕਟਰੀ ਲੁਧਿਆਣਾ ਨੇ ਅਨਾਊਂਸ ਕੀਤਾ। 500/- ਗਵਾਲੀਅਰ ਦੇ ਸ. ਜਗ ਮੋਹਣ ਸਿੰਘ ਨੇ ਸਾਲਾਨਾ ਦੇਣਾ ਪਰਵਾਨ ਕੀਤਾ।

ਏਨੇ ਚਿਰ ਨੂੰ ਸ. ਲਛਮਣ ਸਿੰਘ ਡਗਵਾੜਾ ਵਾਲਾ ਆ ਗਿਆ। ਉਸਨੇ ਆਪਣੇ ਵਿਦਿਅਕ ਜਥੇ ਦੇ ਮੈਂਬਰ ਥੱਲੇ ਤੋਂ 1500/- ਦੇਣਾ ਪਰਵਾਨ ਕੀਤਾ। ਅਤੇ ਫਿਰ ਰਜਿਸਟਰਡ ਮੈਂਬਰਾਂ ਦੇ ਨਾਵਾਂ ਅਗੇ ਰਕਮਾਂ ਲਿਖੀਆਂ ਜਾਣ ਲਗੀਆਂ।

ਏਥੇ ਐਗਜ਼ੇਕਟਿਵ ਨੂੰ ਸੰਤ ਦਲੀਪ ਸਿੰਘ ਨੇ ਇਹ ਵੀ ਦੱਸਿਆ ਕਿ ਮੰਡੀ ਦੀ ਸੰਗਤ ਨੇ ਹੀ ਅਗਲੇ ਵਿਦਿਅਕ ਸਮੇਲਨ ਦੀ ਫਿਰ ਬੇਨਤੀ ਕੀਤੀ ਹੈ। ਸਾਰੀ ਐਗਜ਼ੇਕਟਿਵ ਨੇ ਬੜੀ ਖੁਸ਼ੀ ਪਰਗਟ ਕੀਤੀ। ਕਿਉਂਕਿ ਪਹਿਲਾਂ ਸਾਰੇ ਜਥਿਆਂ ਨੇ ਉਗਰਾਹੀ ਕਰਕੇ ਖਰਚ ਏਥੇ ਕਰਨਾ ਸੀ। ਇਸ ਗੱਲ ਨੂੰ ਮੰਡੀ ਵਾਲਿਆਂ ਚੰਗਾ ਨ ਜਾਤਾ। ਅੰਤਕਾਂ ਇਹ ਸਮਾਗਮ ਕਰਕੇ ਸਿੱਖਾਂ ਨੂੰ ਜ਼ਰੂਰ ਖੁਸ਼ੀ ਹੋਈ ਹੈ ਕਿ ਜੋ ਅਗਲਾ ਸਮਾਗਮ ਮੰਡੀ ਵਿਖੇ ਕਰਨ ਦੀ ਮੁੜ ਮੰਗ ਕੀਤੀ ਗਈ ਹੈ।

## 29 ਜੂਨ 1983, ਬੁਧਵਾਰ
## ਮੰਡੀ ਸੰਮੇਲਨ

ਰਾਤੀ ਭਾਵੇਂ ਬੱਦਲਵਾਈ ਤਕੜੀ ਹੋ ਗਈ ਸੀ ਪਰ ਬਰਸਾਤ ਵਲੋਂ ਕਿਰਪਾ ਹੀ ਰਹੀ।

ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਅੱਜ ਆਸਾ ਦੀ ਵਾਰ ਜਮਨਾ ਨਗਰ ਦੇ ਜਥੇ ਨੇ ਲਾਈ। ਸੰਤ ਬਲਵਿੰਦਰ ਸਿੰਘ ਵਾਰੇ ਦਾ ਮੁਖੀ ਤੇ ਇਥੇ ਦਾ ਭਾਈ ਵਾਜਾ ਵਜਾਉਂਦਾ ਅਤੇ ਸ੍ਰੀ ਸਤਿਨਾਮ ਸਿੰਘ ਦੇਹਲਵੀ ਨਾਲ ਸਾਥ ਦਿੰਦਾ ਰਿਹਾ। ਵਾਰਾ ਭਿੱਕਾ, ਅਤੇ ਮਾਧੁਰੀ ਭਰਪੂਰ ਜਾਪਦਾ ਸੀ, ਜੱਜ ਕੀ ਫੈਸਲਾ ਦਿੰਦੇ ਹਨ, ਉਹ ਜਾਣਨ। ਇਸ ਜਥੇ ਨੂੰ ਜੋ ਭੇਟਾ ਹੋਈ ਗੁਰੂ ਚਰਨਾਂ ਵਿਚ ਲਿਆ ਰਖੀ।

ਕੀਰਤਨ ਦੇ ਆਖਰੀ ਦੌਰ ਵਿਚ ਕੁਝ ਸਿੰਘ ਵਾਰੋਵਾਰੀ ਗੁਰੂ ਚਰਨਾਂ ਵਿਚ ਆਏ ਤਾਂ ਕਿ ਉਨ੍ਹਾਂ ਦੇ ਬੱਚੇ ਪ੍ਰਥਮ ਦਸਤਾਰ ਸਤਿਗੁਰੂ ਜੀ ਦੇ ਕਰ ਕਮਲਾਂ ਨਾਲ ਸਜਾਣ। ਮੰਡੀ ਵਾਲੇ ਸਿੰਘ ਬਾਦਾਮ, ਮਿਸਰੀ ਅਤੇ ਨਕਦੀ ਨਮਸਕਾਰ ਕਰ ਦਸਤਾਰ ਸਜਵਾਂਦੇ। ਸੰਤ ਮਹਿੰਦਰ ਸਿੰਘ ਪੂਰਬਾ ਨੇ ਦਸਤਾਰਾਂ ਉਪਰੰਤ ਕੰਨ ਵਿਚ ਭਜਨ ਦਿਤਾ, ਜਿਨ੍ਹਾਂ ਨੂੰ ਦਸਤਾਰਾਂ ਸਜਾਇਆ ਗਿਆ :

1. ਹਰਮਨਦੀਪ ਸਿੰਘ ਸਪੁਤਰ ਸੰਤ ਪਾਲ ਸਿੰਘ
2. ਦੇਵਿੰਦਰ ਸਿੰਘ ਸਪੁਤਰ ਸੰਤ ਬਲਵੰਤ ਸਿੰਘ
3. ਅਵਨਿੰਦਰ ਸਿੰਘ
4. ਸੁਰਿੰਦਰ ਸਿੰਘ ਸਪੁਤਰ ਸੰਤ ਦਰਸ਼ਨ ਸਿੰਘ।

ਅੱਜ ਆਸਾ ਦੀ ਵਾਰ ਵਿਚ ਮਹਾਰਾਜਾ ਬੀਰ ਸਿੰਘ ਜੀ ਸ਼ਾਮਲ ਸਨ। ਸ੍ਰੀ ਮਾਤਾ ਚੰਦ ਕੌਰ ਜੀ ਹਾਜ਼ਰ ਨਹੀਂ ਸਨ, ਸ੍ਰੀ ਭੈਣੀ ਸਾਹਿਬ ਸਨ। ਠਾਕੁਰ ਉਦੇ ਸਿੰਘ ਜੀ



Sri Satguru Jagjit Singh Ji Elibrary NamdhariElibrary@gmail.com

ਬੈਂਗਲੋਰ ਦੀਆਂ ਜ਼ਿਮੇਵਾਰੀਆਂ ਕਾਰਨ ਮੰਡੀ ਸਮੇਲਨ ਵਿਚ ਨਹੀ ਆਏ।

**ਐਥਲੀਟ ਬੱਚੇ**

ਤੁਰੇ ਤੁਰੇ ਜਾਂਦਿਆ ਮੈ ਵਿਦਿਅਕ ਸਮੇਲਨ ਦੇ ਸੈਸ਼ਨ ਵਲ ਹੋ ਗਿਆ। 'ਸਾਡੇ ਇਤਿਹਾਸ' ਉਤੇ ਗੋਸ਼ਟੀ ਚਲ ਰਹੀ ਸੀ। ਸਾਡੇ ਖੁਲਾਰੇ ਛੋਟੇ ਜਿਹੇ ਘੇਰੇ ਅੰਦਰ ਹੀ ਸਿਮਟਦੇ ਨਜ਼ਰ ਆਏ। ਅਤੇ ਜਿਉਂ ਹੀ 9.15 ਹੋਏ ਸ੍ਰੀ ਸਤਿਗੁਰੂ ਜੀ ਵੀ ਹਾਲ ਵਿਚ ਆਕੇ ਸੁਸ਼ੋਭਤ ਹੋ ਗਏ। ਵਿਦਿਅਕ ਜਲਸੇ ਨੂੰ ਛੁਟੀ ਹੋ ਗਈ। ਹੁਣ ਸਤਿਗੁਰੂ ਜੀ ਪਾਸ ਮੰਡੀ ਦੇ ਸਕੱਤਰ ਨੇ ਅਜਿਹੇ ਕਾਗਜ਼ ਪੇਸ਼ ਕੀਤੇ ਜਿਨ੍ਹਾਂ ਵਿਚ 9 ਤੋ 14 ਸਾਲ ਦੇ ਬੱਚਿਆ ਦੇ ਨਾਮ ਸਨ। ਇਹ ਗਿਣਤੀ ਦੇ 46 ਸਨ। ਉਨ੍ਹਾਂ ਦੇ ਮਾਪੇ ਵੀ ਹਾਜ਼ਰ ਸਨ। ਠਾਕੁਰ ਦਲੀਪ ਸਿੰਘ ਜੀ ਨੇ ਐਥਲੀਟ ਕੋਚ ਨਾਲ ਸਲਾਹ ਕਰਕੇ ਬੱਚਿਆਂ ਨੂੰ ਸਵੇਰੇ 5.30 ਤੋ 6.30 ਤਕ ਇਸੇ ਤਰਾਂ ਸ਼ਾਮੀ 6.30 ਤੋ 7.30 ਤਕ ਪੰਡਾਲ ਦੇ ਮੈਦਾਨ ਵਿਚ ਰੋਜ਼ਾਨਾ ਹਾਜ਼ਰ ਹੋਣ ਦੀ ਪੱਕੀ ਕੀਤੀ। ਠਾਕੁਰ ਦਲੀਪ ਸਿੰਘ ਜੀ ਨੇ ਗੱਲ ਬਾਤ ਦੀ ਭੂਮਿਕਾ ਬੰਨ੍ਹੀ: ਸਤਿਗੁਰੂ ਜੀ ਨੇ ਬੜੀ ਕਿਰਪਾ ਕੀਤੀ ਹੈ ਕਿ ਤੁਹਾਡੇ ਬੱਚਿਆਂ ਬਾਰੇ ਖੇਡਾਂ ਦਾ ਪ੍ਰਬੰਧ ਕੀਤਾ ਹੈ। ਤੁਸਾਂ ਵੀ ਸਤਿਗੁਰੂ ਜੀ ਦਾ ਬਚਨ ਮੰਨ ਕੇ ਏਨਾ ਉਤਸਾਹ ਦਿਖਾਇਆ ਹੈ ਕਿ ਇਕੋ ਦਿਨ ਦੀ, ਔਖੇ ਕੁ ਘੰਟੇ ਦੀ ਮੇਹਨਤ ਨਾਲ ਤੁਸਾਂ 46 ਬੱਚੇ ਹਾਜ਼ਰ ਕਰ ਦਿਤੇ। ਅਤੇ ਇਹ 46 ਦੇ 46 ਬੱਚੇ ਤੁਸਾਂ ਏਥੇ ਵੀ ਲੈ ਆਂਦੇ। ਤੁਹਾਡੇ ਤੇ ਸਤਿਗੁਰੂ ਦੀ ਬਹੁਤ ਕਿਰਪਾ ਹੈ ਜੁ ਤੁਸਾਂ ਬਚਨ ਸਿਰ ਮੱਥੇ ਮੰਨਿਆ ਹੈ।

**ਬੋਲੇ ਸ੍ਰੀ ਸਤਿਗੁਰੂ ਜੀ ਵੀ**

ਫਿਰ ਮਾਈਕ ਸਤਿਗੁਰੂ ਜੀ ਪਾਸ ਆ ਗਿਆ। ਆਪ ਜੀ ਨੇ ਬਚਨ ਕੀਤਾ: ਮੈਨੂੰ ਬਹੁਤ ਖੁਸ਼ੀ ਹੋਈ ਏ ਤੁਹਾਡਾ ਇਹ ਉਦਮ ਵੇਖਕੇ। ਮੰਡੀ ਦੇ ਕੋਚ ਸਾਹਿਬ ਵੀ ਬੜਾ ਸ਼ੌਕ ਰਖਦੇ ਹਨ ਕਿ ਉਨ੍ਹਾਂ ਪਾਸ ਸਾਰੇ ਬੱਚੇ ਸਰੀਰਕ ਸੰਯੋਜਨ ਦੀ ਜਾਚ ਸਿਖਣ. ਸਵੇਰੇ ਅਤੇ ਸ਼ਾਮੀ ਜ਼ਿਮੇਵਾਰੀ ਨਾਲ ਬੱਚਿਆਂ ਨੂੰ ਸਰੀਰਕ ਸਿਖਿਆ ਲਈ ਪੰਡਾਲ ਦੇ ਮੈਦਾਨ ਵਿਚ ਭੇਜੋ। ਤੁਹਾਡੇ ਬੱਚਿਆਂ ਦੀ ਆਪਣੀ ਟੀਮ ਤਿਆਰ ਹੋ ਜਾਵੇ। ਖੇਡਾਂ ਬੰਨ੍ਹ ਕੇ ਖੇਡਣ ਦੀ ਜਾਚ ਆਉਂਦੀ ਹੈ।

'ਸੰਨ ਫਲਾਵਰ' ਅਰਥਾਤ ਸੂਰਜਮੁਖੀ ਆਪਣੇ ਬਚਪਣ ਤੋ ਹੀ ਸੂਰਜ ਵਲ ਵੇਖਣ ਦੀ ਆਦਤ ਪਾ ਲੈਂਦਾ ਹੈ। ਉਹਦੀ ਕੋਮਲ ਟਹਿਣੀ ਸੂਰਜ ਦੇ ਘੁੰਮਣ ਦੇ ਨਾਲ ਹੀ ਘੁੰਮਦੀ ਰਹਿੰਦੀ ਹੈ। ਛੋਟੀ ਉਮਰ ਵਿਚ ਹੀ ਸਾਰੀਆਂ ਆਦਤਾਂ ਸਿਖੀਆਂ ਜਾਂਦੀਆਂ ਹਨ। ਇਸੇ ਤਰਾਂ ਤੁਹਾਡੇ ਬਚਪਨ ਸਮੇ ਤੁਹਾਡਾ ਸਰੀਰ ਕਮਾਉਣਾ ਅਗਲੀ ਉਮਰ ਲਈ ਔਖਾ ਰਹੇਗਾ। ਤਕੜੇ ਹੋਕੇ ਗੁਣ ਸਿਖੋ।

ਪਹਿਲੇ ਸਮਿਆਂ ਵਿਚ ਸੋਚੀ ਕੌਡੀ, ਰਸਾ ਕਸੀ ਜਾਂ ਛਾਲਾਂ ਮਾਰਨਾ ਆਦਿ ਜੇਹੀਆਂ ਖੇਡਾਂ ਖੇਡੀਆਂ ਜਾਂਦੀਆਂ ਸਨ। ਓਦੋਂ ਸਾਰੇ ਸਰੀਰ ਕਸੀਆ ਹੁੰਦੇ ਸਨ। ਹੁਣ ਸਾਡੀਆਂ ਖੇਡਾਂ ਵਲੋਂ ਸੇਹਤ ਦੇ ਨਾ ਹੋਣ ਕਾਰਨ ਅਸੀਂ ਬੜੇ ਪਛੜਦੇ ਜਾਂਦੇ ਹਾਂ। ਈਸਟ ਜਰਮਨੀ ਵਾਲੇ ਡੇਢ ਸੌ ਵਿਚੋਂ ਇਕ ਮੁੰਡਾ, ਕਸੀਆ ਚੁਣਦੇ ਹਨ। ਅਸੀਂ ਜਤਨ ਕਰੀਏ ਕਿ ਸਾਡੇ ਸਾਰੇ ਦੇ ਸਾਰੇ ਮੁੰਡੇ ਹੀ ਕਾਮਯਾਬ ਹੋਣ। ਖਾਣ ਪੀਣ ਦੇ ਪਰਹੇਜ਼ ਦਾ ਪ੍ਰਬੰਧ ਮਾਤਾ ਪਿਤਾ



Sri Satguru Jagjit Singh Ji Elibrary NamdhariElibrary@gmail.com

ਨੂੰ ਪੂਰੇ ਧਿਆਨ ਨਾਲ ਕਰਨਾ ਚਾਹੀਦਾ ਹੈ ਤਾਕਿ ਬੱਚੇ ਆਪਣੇ ਆਪ ਨੂੰ ਸੰਤੁਲਤ ਭੋਜਨ ਦੇ ਸਕਣ।"

ਚੰਦ ਸ਼ਬਦ ਹੋਰ ਕਹਿੰਦਿਆਂ ਦੀਨ ਦਿਆਲ ਜੀ ਨੇ ਬੱਚਿਆਂ ਅਤੇ ਮਾਪਿਆਂ ਨੂੰ ਛੁੱਟੀ ਦੇ ਦਿਤੀ। ਅਤੇ ਹੋਰ 15 ਮਿੰਟ ਬਾਅਦ ਵਿਦਿਅਕ ਜਥੇ ਵਾਲਿਆਂ ਨੇ 'ਸਾਡਾ ਇਤਿਹਾਸ' ਤੇ ਰੌਸ਼ਨੀ ਕਰਨੀ ਸ਼ੁਰੂ ਕਰ ਦਿਤੀ।

### ਤੀਜੇ ਬੇਟੇ ਦੀ ਸ਼ਾਗਿਰਦੀ

ਸਤਿਗੁਰੂ ਜੀ ਸੰਤ ਤਰਲੋਕ ਸਿੰਘ ਦੇ ਮਕਾਨ ਤੇ ਆਪਣੇ ਲਈ ਰਾਖਵੇਂ ਕਮਰੇ ਵਿਚ ਪਧਾਰੇ। ਏਥੇ ਪ੍ਰੋ: ਨਰਿੰਦਰ ਕੁਮਾਰ ਨਰੂਲਾ ਆਪਣੀ ਪਤਨੀ ਅਤੇ ਬੱਚਿਆਂ ਨਾਲ ਬੈਠੇ ਹੋਏ ਸਨ। ਇਹ ਕੱਲ੍ਹ ਹੋਣ ਵਾਲੇ ਸੰਗੀਤ ਸਮੇਲਨ ਦੇ ਜੱਜ ਬਣਨ ਵਾਸਤੇ ਸੱਦੇ ਗਏ ਹਨ। ਸਤਿਗੁਰੂ ਜੀ ਸੰਤ ਸੰਤੋਖ ਸਿੰਘ ਲਾਂਗਰੀ ਸ੍ਰੀ ਭੈਣੀ ਸਾਹਿਬ ਦੀ ਪਤਨੀ ਬੀਬੀ ਅਮਰਜੀਤ ਨੂੰ ਕਹਿਕੇ ਉਸਦੇ [redacted] ਸੁਖਵਿੰਦਰ ਸਿੰਘ ਪਿੰਕੀ ਅਤੇ ਉਸਦੇ ਬੇਟੇ [redacted] ਸੁਰਿੰਦਰ ਸਿੰਘ ਨੂੰ ਬੁਲਾਇਆ ਹੋਇਆ ਸੀ। 101/- ਅਤੇ ਦੋ ਕਿਲੋ ਪਤਾਸੇ ਸੰਤ ਪੁਰਖਾ ਦੁਆਰਾ ਮੰਗਵਾ ਕੇ ਸੁਰਿੰਦਰ ਸਿੰਘ ਨੂੰ ਪ੍ਰੋ: ਨਰੂਲਾ ਦਾ ਸ਼ਾਗਿਰਦ ਬੈਠਾਇਆ। ਇਕ ਛੋਟੀ ਸਿਤਾਰ ਤੇ ਪ੍ਰੋ: ਨਰੂਲਾ ਨੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸਾ ਰੇ ਗਾ ਮਾ ਪਾ ਧਾ ਨੀ ਸਾ ਆਪਣੀ ਮਿਜ਼ਰਾਬ ਦੇ ਕੇ ਵਜਵਾਇਆ।

ਕੱਲ੍ਹ ਸ੍ਰੀ ਸਤਿਗੁਰੂ ਜੀ ਨੇ ਕਾਕਾ ਮਹਿਲ ਸਿੰਘ (ਸੰਤ ਤਾਰਾ ਸਿੰਘ ਦਾ ਗੋਦ ਲਿਆ ਕਰਤਾਰ ਸਿੰਘ ਪਉੜੀ ਦਾ ਪੋਤਰ) ਨੂੰ ਵੀ ਬਲਜੀਤ ਸਿੰਘ ਦਾ ਸ਼ਾਗਿਰਦ ਬੈਠਾਇਆ। ਉਹ ਦਿਲਰੁਬਾ ਸਿਖੇਗਾ। ਇਸ ਉਸਤਾਦੀ ਸ਼ਾਗਿਰਦੀ ਲਈ ਵੀ ਦੋ ਕਿੱਲੋ ਪਤਾਸੇ ਅਤੇ 101/- ਨੂੰ ਗੁਰੂ ਕੇ ਖਜ਼ਾਨਿਓਂ ਮਹਿਲ ਸਿੰਘ ਤੋਂ ਭੇਟਾ ਕਰਵਾਈ ਗਈ।

ਏਥੇ ਹੀ ਮਹਾਰਾਜ ਬੀਰ ਸਿੰਘ ਜੀ ਨੇ ਮ੍ਰਿਦੰਗ ਮੰਗਵਾ ਲਿਆ। ਸਾਰੇ ਸਤਨਾਂ ਲਈ ਹੀ ਮਹਾਰਾਜ ਦਾ ਮ੍ਰਿਦੰਗ ਵਜਾਉਣਾ ਆਸਚਰਜ ਜਨਕ ਸੀ ਕਿਉਂਕਿ ਬਿਨਾਂ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਕਿਸੇ ਨੂੰ ਵੀ ਪਤਾ ਨਹੀ ਸੀ ਕਿ ਮਹਾਰਾਜ ਜੀ ਨੇ ਮ੍ਰਿਦੰਗ ਵਜਾਣਾ ਬਾਕਾਇਦਾ ਸਿਖਿਆ ਹੋਇਆ ਹੈ। ਮੇਰੇ ਪੁੱਛਣ ਤੇ ਦੱਸਿਆ ਗਿਆ ਕਿ ਸੰਨ 1936 ਵਿਚ ਪ੍ਰੋ: ਗਿਰਜਾ ਸ਼ੰਕਰ ਲਖਨਊ ਵਾਲਿਆਂ ਦੀ ਵਿਧਿਵਤ ਸ਼ਾਗਿਰਦੀ ਕੀਤੀ ਗਈ ਸੀ। ਸ੍ਰੀ ਸਤਿਗੁਰੂ ਜੀ ਨੇ ਪਹਿਲਾਂ ਆਪ ਹਾਰਮੋਨੀਅਮ ਤੇ ਇਕ ਨਗਮਾ ਛੇੜਿਆ। ਫਿਰ ਬਲਜੀਤ ਸਿੰਘ ਨੇ ਨਗਮਾ ਵਜਾਇਆ ਅਤੇ ਮਹਾਰਾਜ ਜੀ ਨੇ ਮ੍ਰਿਦੰਗ ਨੂੰ ਧਵਾ ਲਗਾਇਆ।

ਪਰ ਇਸ ਤੋਂ ਪਹਿਲੋਂ ਸਤਿਗੁਰੂ ਜੀ ਨੇ ਪ੍ਰੋ: ਨਰੂਲਾ ਨੂੰ ਲੁਤਫ ਲਈ ਬੱਚੇ ਸੁਰਿੰਦਰ ਸਿੰਘ (12) ਦਾ ਸੰਗੀਤ ਗਿਆਨ ਦਰਸਾਣ ਲਈ ਉਸ ਤੋਂ ਇਕ ਚੀਜ਼ ਅਹੀਰ ਭੈਰਉ ਦੀ ਸੁਣੀ। ਲਾਲਨ ਮੇਰੇ ਘਰ ਆਏ। ਬੱਚੇ ਨੇ ਤਾਨਾਂ ਸਰਗਮਾਂ ਨਾਲ ਅਤੇ ਗਲੇ ਦੀ ਖ਼ੂਬਸੂਰਤੀ ਨਾਲ ਗਾਇਆ। ਪ੍ਰੋ: ਨਰਿੰਦਰ ਕੁਮਾਰ ਨਰੂਲਾ ਬੋਲੇ : ਇਸਦੇ ਅੰਦਰ ਤਾਂ ਸਤਿਗੁਰੋ ਸਭ ਕੁਝ ਹੈ। ਹੁਣ ਤਾਂ ਉਹ ਸਭੋ ਕੁਝ ਸਿਤਾਰ ਦੁਆਰਾ ਪਰਗਟ ਹੀ ਕਰਨਾ ਹੈ। ਸੁਰਿੰਦਰ ਸਿੰਘ ਦੇ ਗਾਉਣ ਸਮੇ ਪ੍ਰੋ: ਨਰੂਲਾ ਨੇ ਮਹਾਰਾਜ ਜੀ ਤੋਂ ਸੰਗਤ ਕਰਵਾਈ।



Sri Satguru Jagjit Singh Ji Elibrary NamdhariElibrary@gmail.com

**ਬੱਚਿਆਂ ਨਾਲ ਪਿਆਰ**

ਏਥੇ ਬੈਠਿਆਂ ਹੀ ਸ. ਹਰਵਿੰਦਰ ਸਿੰਘ ਹੇਮਪਾਲ ਦੇ ਛੋਟੇ ਲੜਕੇ ਸ੍ਰੀ ਬਾਬੀ ਨੇ ਆਕੇ ਜਦੋਂ ਸ੍ਰੀ ਚਰਨਾਂ ਤੇ ਨਮਸਕਾਰ ਕੀਤੀ ਤਾਂ ਸਤਿਗੁਰੂ ਜੀ ਨੇ ਬੱਚੇ ਨੂੰ ਪਿਆਰ ਕੀਤਾ ਅਤੇ ਪੁਛਿਆ: ਕੀ ਉਹ ਅਜੇ ਵੀ ਸੋਧੀ ਹੈ? ਉਸ ਦੱਸਿਆ ਕਿ ਉਸ ਨੇ ਸੋਧ ਛੱਡ ਦਿਤੀ ਹੈ। ਸਤਿਗੁਰੂ ਜੀ ਨੇ ਪਿਆਰ ਨਾਲ ਸਮਝਾਇਆ ਕਿ ਸੋਧ ਛਡਣੀ ਨਹੀਂ; ਰਖਣੀ ਹੈ।

ਇਕ ਹੋਰ ਛੋਟੇ ਜਿਹੇ (8 ਸਾਲਾਂ ਦਾ) ਬੱਚੇ ਨੇ ਨਾਮਧਾਰੀ ਵੇਸ ਭੂਸ਼ਾ ਵਿਚ ਆਪ ਜੀ ਨੂੰ ਆਕੇ ਮੱਥਾ ਟੇਕਿਆ ਤਾਂ ਪਿਆਰ ਨਾਲ ਉਸ ਨੂੰ ਪਕੜ ਕੇ ਗੋਡੇ ਮੁਢ ਬੈਠਾ ਲਿਆ। ਅਤੇ ਜਿਵੇਂ ਅੱਜ ਬਚਿਆਂ ਦਾ ਹੀ ਦਿਨ ਹੋਵੇ। ਸਤਿਗੁਰੂ ਜੀ ਨੇ ਮੈਨੂੰ ਦੱਸਿਆ: ਇਹ ਮੁੰਡਾ ਰਤਨ ਸਿੰਘ ਗਵਾਲੀਅਰ ਦਾ ਪੋਤਰਾ ਹੈ ਤੇ ਮੋਹਣ ਸਿੰਘ ਦਾ ਪੁਤਰ ਹੈ। ਇਸਤਰਾਂ ਪਿਆਰ ਦੇ ਬੀਜ ਸੱਚੇ ਪਾਤਸ਼ਾਹ ਪਹਿਲਾਂ ਹੀ ਮਲਕੜੇ ਜਿਹੇ ਬੱਚੇ ਅੰਦਰ ਧਰ ਦਿੰਦੇ ਹਨ ਜੋ ਸਮਾਂ ਆਉਣ ਤੇ ਫੁਲਦੇ ਫਲਦੇ ਹਨ।

**ਸੰਗਤ ਨੇ ਇਕ ਬਲਾਕ ਬਣਾਇਆ**

ਏਸੇ ਅੰਦਰ 15 ਕੁ ਸਰੀਰ ਇਕੱਤਰ ਹੋ ਗਏ। ਜਿਸ ਸੁਰਿੰਦਰ ਸਿੰਘ ਨੇ ਅੱਜ ਸਿਤਾਰ ਦੀ ਸ਼ਾਗਿਰਦੀ ਕੀਤੀ ਸੀ, ਇਸਦੀ ਮਾਤਾ ਅਮਰਜੀਤ ਵੀ ਇਕ ਦੀਵਾਰ ਨਾਲ ਲਗੀ ਬੈਠੀ ਸੀ। ਮੈਂ ਵੇਖਿਆ ਇਸ ਦੇ ਪਾਸ ਸੰਗਿ ਮਰਮਰ ਦੀ ਇਕ ਸਲੇਟ ਪਈ ਹੋਈ ਹੈ।

ਇਹ ਉਸ ਬਲਾਕ ਬਾਰੇ ਹੈ ਜਿਹੜਾ ਨਾਮਧਾਰੀ ਸੰਗਤ ਨੇ ਪੱਤਲ ਦੇ ਖੇਡ ਮੈਦਾਨ ਵਿਚ ਉਸਾਰਿਆ ਹੈ। ਬਾਜੀ ਜਦੋਂ ਮੈਂਗੀ ਤੇ ਜੰਮੂ ਦੀ ਖੇਡ ਵੇਖਣ ਗਿਆ, ਮੈਂ ਵੀ ਇਸ ਬਲਾਕ ਦਾ ਅਵਲੋਕਨ ਕੀਤਾ। ਕੋਲ ਸਰਕਾਰੀ ਤੌਰ ਤੇ ਬਣਾਇਆ ਗਿਆ ਬਲਾਕ ਅਧੂਰਾ ਪਿਆ ਹੈ, ਪਰ ਸੰਗਤ ਦੇ ਬਣਾਏ ਬਲਾਕ ਤੇ ਮੋਟੇ ਅਖਰਾਂ ਨਾਲ ਹਿੰਦੀ ਵਿਚ ਲਿਖਿਆ ਹੈ। ਨਾਮਧਾਰੀ ਬਲਾਕ।

10.30 ਦਾ ਸਮਾਂ ਹੋਇਆ ਤਾਂ ਅਚਾਨਕ ਸੰਤ ਤਰਸੇਮ ਸਿੰਘ ਪਰਗਟ ਹੋ ਗਏ : ਚਲੋ, ਸੱਚੇ ਪਾਤਸ਼ਾਹ ਜੀ, ਹੁਣ ਪ੍ਰਸ਼ਾਦ ਛਕਣ ਦਾ ਸਮਾਂ ਹੋ ਗਿਆ ਹੈ। ਚੱਲੀਏ ! ਸਤਿਗੁਰੂ ਜੀ ਨੇ ਟਟੋਥ ਲਾਈ: ਜੇ ਵਾਲੀਬਾਲ ਖੇਡਣਾ ਹੋਵੇ ਫਿਰ ਤਾਂ ਪ੍ਰਸ਼ਾਦੇ ਦਾ ਚੇਤਾ ਭੁੱਲਿਆ ਰਵ੍ਹੇ ! ਅਤੇ ਏਨੀ ਗੱਲ ਕਹਿਕੇ ਆਪ ਜੀ ਉਠਕੇ ਤੁਰ ਪਏ।

**ਲੰਗਰ ਦਾ ਖਰਚਾ**

ਮੈਂ ਲੰਗਰ ਵਿਚ ਗਿਆ ਤਾਂ ਲੰਗਰ ਪ੍ਰਬੰਧਕਾਂ ਵਿਚੋ ਹਜ਼ੂਰ ਸਿੰਘ ਨੇ ਮੈਨੂੰ ਦੱਸਿਆ ਕਿ ਅੱਜ ਦਾ ਲੰਗਰ ਸਮੁਚੀ ਸੰਗਤ ਸਮੇਤ, ਮੋਗੀ ਦੀ ਸੰਗਤ ਦੇ, ਸੰਤ ਪਰਮਜੀਤ ਸਿੰਘ ਜੇਰ ਰੋਥ ਅਤੇ ਸੰਤ ਗੁਰਦੀਪ ਸਿੰਘ ਵਲੋਂ ਹੈ।

ਅਜ 2 ਵਜੇ ਤੋਂ ਵਿਦਿਆਰਥ ਸੰਮੇਲਨ ਦੀਆਂ ਮੁਕਾਬਲਾ ਤਕਰੀਰਾਂ ਦਾ ਵਿਸ਼ਾ 'ਧਰਮ ਅਤੇ ਆਧੁਨਿਕਤਾ ਦੀ ਪ੍ਰਤੀਕ ਜਾਂ' ਹੈ। ਇਸ ਸੰਬੰਧ ਵਿਚ ਤਕਰੀਰਾਂ ਕਰਨ ਵਾਲਿਆਂ ਚੋ ਮੋਹਣ ਸਿੰਘ ਨਾਮਧਾਰੀ ਏਜੰਸੀਜ਼ ਦਿੱਲੀ ਹੀ ਚੰਗਾ ਦਰਸ਼ਤਾ ਲਗਾ। ਅੱਜ ਦੇ ਸਮਾਗਮ



Sri Satguru Jagjit Singh Ji Elibrary NamdhariElibrary@gmail.com

ਦਾ ਮੈਚ ਸਕਤਰ ਸ. ਹਰਭਜਨ ਸਿੰਘ ਉਂਦੇ ਨਿਟ ਵੀਅਰ ਲੁਧਿਆਣਾ ਹੈ।

### ਸ਼ਾਮ ਦਾ ਦੀਵਾਨ

3.30 ਵਜੇ ਸਮੂਹਿਕ ਨਾਮ ਸਿਮਰਨ ਦੀ ਅਰਦਾਸ ਹੋ ਗਈ। ਹੌਲੀ ਹੌਲੀ ਹਾਲ ਭਰਪੂਰ ਹੋ ਗਿਆ। ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਲਾਈਨਾਂ ਲਗ ਗਈਆਂ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬੋਲ ਰੌਣੀ ਪੈਣ ਲਗੇ। 4.30 ਵਜੇ ਸਮਾਪਤੀ ਦੀ ਅਰਦਾਸ ਉਪ੍ਰੰਤ ਰਾਗੀਆਂ ਦਾ ਦੀਵਾਨ ਲਗਾ।

ਰਾਗੀਆਂ ਵਲ ਸੰਤ ਹਰਭਜਨ ਸਿੰਘ ਸਿਤਾਰ ਤੇ ਬਲਜੀਤ ਸਿੰਘ ਤਾਰ ਸ਼ਹਿਨਾਈ ਆ ਬੈਠੇ ਅਤੇ ਸਤਿਗੁਰੂ ਜੀ ਨੇ ਨਾਇਕੀ ਬਾਜਤੇ ਦਾ ਰਾਗੀਆਂ ਨੂੰ ਇਸ਼ਾਰਾ ਕਰਕੇ ਆਪ ਵੀ ਦਿਲਰੁਬਾ ਫੜ ਲਿਆ। ਮਹਾਰਾਜ ਜੀ ਸੇਵਾ ਵਿਚ ਮ੍ਰਿਦੰਗ ਲੈ ਕੇ ਬੈਠ ਗਏ। ਖਿੜੀ ਨਾਲ ਦਾਦੀ ਦਿੰਦਿਆਂ ਮਹਾਰਾਜ ਜੀ ਨੇ ਸੋਹਣਾ ਮ੍ਰਿਦੰਗ ਵਜਾਇਆ। ਸ਼ਬਦ ਗਾਇਆ ਗਿਆ: ਛਤ੍ਰਧਾਰੀ ਛਤ੍ਰੀ ਪਤਿ। ~

### ਪੱਤਲ ਦੇ ਮੈਦਾਨ ਵਿਚ ਹਾਕੀ

ਦੀਵਾਨ ਦੀ ਸਮਾਪਤੀ ਤੇ ਸ. ਸੁਰਿੰਦਰ ਸਿੰਘ ਸਕੱਤਰ ਮੰਡੀ ਜਥਾ ਨੇ ਐਲਾਨ ਕੀਤਾ ਕਿ ਹੁਣ ਬਾਹਰੋਂ ਆਏ ਸੱਜਣ ਪ੍ਰਸਾਦ ਛਕਣ ਅਤੇ ਵਿਦਿਅਕ ਜਥੇ ਵਾਲੇ ਪੱਤਲ ਦੇ ਖੇਡ ਮੈਦਾਨ ਵਿਚ ਜਾਕੇ ਜੰਮੂ ਅਤੇ ਮੰਡੀ ਦੇ ਜਥਿਆਂ ਦਾ ਹਾਕੀ ਮੈਚ ਵੇਖਣ।

ਸ. ਸੁਦਰਸ਼ਨ ਸਿੰਘ ਦੇ ਸਕੂਟਰ ਤੇ ਬੈਠ ਮੈਂ ਵੀ ਪੱਤਲ ਮੈਦਾਨ ਵਿਚ ਪਹੁੰਚ ਗਿਆ। ਮੰਡੀ ਵਾਲੇ ਤਾਂ ਸਮੇਤ ਪਜਾਮਿਆਂ ਖੇਡਣ ਲਗੇ ਜਦੋਂ ਕਿ ਜੰਮੂ ਵਾਲਿਆਂ ਦੇ ਹਲਕ ਪੀਲੀਆਂ ਸ਼ਰਟਾਂ ਨਾਲ ਕਛਹਿਰੇ ਸਜਾਏ ਹੋਏ ਸਨ। 6 ਵਜੇ ਸ਼ਾਮੀ ਖੇਡ ਸ਼ੁਰੂ ਹੋਈ। ਮੰਡੀ ਵਾਲਿਆਂ ਤਾਂ ਪਹਿਲੇ ਪੰਜਾਂ ਮਿੰਟਾਂ ਵਿਚ ਹੀ ਗੋਲ ਕਰ ਦਿਤਾ। ਅਜੇ ਇਕ ਮਿੰਟ ਹੀ ਹੋਰ ਹੋਇਆ ਸੀ ਕਿ ਜੰਮੂ ਵਾਲਿਆਂ ਸਿਰ ਦੋ ਗੋਲ ਹੋ ਗਏ। ਖੇਡ ਸਮਾਪਤੀ ਤਕ ਜੰਮੂ ਵਾਲਿਆਂ ਸਿਰ ਮੰਡੀ ਨੇ 6 ਗੋਲ ਕਰ ਦਿਤੇ। ਸਬੱਬ ਨਾਲ ਦਰਸ਼ਕ ਥੋੜੇ ਸਨ, ਪਰ ਜੋ ਸਨ ਉਹਨਾਂ ਵਿਚ ਇਸਤਰੀਆਂ ਵੀ ਸਨ। ਖੇਡ ਦੇ ਮੈਦਾਨ ਵਿਚ ਭੈਣੀ ਸਾਹਿਬ ਤੋਂ ਆਇਆ ਹੋਇਆ ਇਕ ਐਥਲੀਟ ਖਿਡਾਰੀਆਂ ਨੂੰ ਕੁਝ ਹਦਾਇਤਾਂ ਦੇ ਰਿਹਾ ਸੀ। ਉਹ ਲੰਮੇ ਕੱਦ ਦਾ, ਸਾਂਵਲਾ, ਦਾੜ੍ਹੀ ਕਟਾ, ਨੀਲੀ ਖੇਡ ਪੋਸ਼ਾਕਧਾਰੀ ਸੀ। ਪੁੱਛਣ ਤੇ ਪਤਾ ਲਗਾ ਕਿ ਉਸਦਾ ਨਾਂ ਸ. ਅਜੀਤ ਸਿੰਘ ਸੇਖਾ ਹੈ, ਜੋ ਕਿ ਸੇਖੇ ਜਿ. ਜਲੰਧਰ ਦਾ ਵਸਨੀਕ ਹੈ। ਸਤਿਗੁਰੂ ਜੀ ਦੀ ਸੇਵਾ ਵਿਚ ਆਇਆਂ ਉਸਨੂੰ 1½ ਮਹੀਨਾ ਹੋ ਗਿਆ ਹੈ। ਉਸਨੇ ਖੱਡਿਆਂ ਨੂੰ ਮੈਦਾਨ ਵਿਚ ਦੁੜਕੀ ਪਾ ਦਿਤਾ। ਦਰਸ਼ਕ ਤੇ ਵੱਧ ਖੌਰੇ, ਪਹਿਲਾਂ ਵੱਡੇ, ਪਿਛੋਂ ਛੋਟੇ ਲੰਮੀਆਂ ਲੰਮੀਆਂ ਛਿੰਘਾਂ ਨਾਲ ਮੈਦਾਨ ਦੌੜਨ ਲਗ ਪਏ।

### ਵਿਦਿਅਕ ਸਮੇਲਨ ਵਿਚ

7 ਤੋਂ 9 ਤਕ ਵਾਦ ਵਿਵਾਦ ਸਮੇਂ ਵੀ ਸਤਿਗੁਰੂ ਜੀ ਨੇ ਦਰਸ਼ਨ ਦਿਤੇ। ਅਨੇਕ ਤਰਾਂ ਦੇ ਸਵਾਲ ਜਵਾਬ ਸਨ। ਗੱਲਬਾਤ ਦਿਲਚਸਪ ਅਤੇ ਆਪੇ ਵਿਚੋਂ ਹੀ ਸੁਖਣ ਵਾਲੀ ਸੀ। ਮਹਾਰਾਜ ਜੀ ਵੀ ਸਰੋਤਿਆਂ ਵਿਚ ਤੇ ਠਾਕੁਰ ਜੀ ਵੀ ਯੋਗਦਾਨ ਪਾ ਰਹੇ ਸਨ। ਸ੍ਰੀ ਸਤਿਗੁਰੂ



Sri Satguru Jagjit Singh Ji Elibrary NamdhariElibrary@gmail.com

ਜੀ ਨੇ ਕੁਝ ਗੱਲਾਂ ਦੇ ਨਿਰਨੇ ਦਿਤੇ। ਜਿਵੇਂ ਮੰਡੀ ਦੀ ਨਾਮਧਾਰੀ ਧਰਮਸਾਲਾ ਵਿਚ ਵੀ ਗ੍ਰੰਥ ਸਾਹਿਬ ਦੇ ਪ੍ਰਕਾਸ਼ਣ ਦਾ ਸਵਾਲ। ਸ੍ਰੀ ਸਤਿਗੁਰੂ ਜੀ ਨੇ ਦੱਸਿਆ ਕਿ ਇਹ ਸਵਾਲ ਬਾਬੂ ਬੂਟਾ ਸਿੰਘ ਦੇ ਸਮੇ ਤੋਂ ਬਾਰ ਬਾਰ ਉਠਾਇਆ ਜਾਂਦਾ ਰਿਹਾ ਹੈ। ਇਸ ਨੂੰ ਹੁਣ ਠੱਪ ਦਿਤਾ ਜਾਏ। ਦਰਬਾਰ ਸਾਹਿਬ ਓਦੋਂ ਹੀ ਪਰਕਾਸ਼ ਹੋਵੇ ਜਦੋਂ ਉਸਦਾ ਪਾਠ ਕਰਨਾ ਹੋਵੇ। ਸਤਿਗੁਰੂ ਰਾਮ ਸਿੰਘ ਜੀ ਨੇ ਹੀ ਲਿਖ ਦਿਤਾ ਸੀ ਕਿ ਸਿਖ ਰਾਜ ਦੇ ਪਿਛੋਂ ਗ੍ਰੰਥ ਸਾਹਿਬ ਜੀ ਦਾ ਅਦਬ ਕਰਨਾ ਉਨ੍ਹਾ ਹੀ ਸਿਖਾਇਆ। ਇਹ ਮਰਿਆਦਾ ਉਨ੍ਹਾ ਦੀ ਹੀ ਹੈ ਕਿ ਜਿਨਾਂ ਚਿਰ ਪਾਠ ਕਰਨਾ ਹੋਵੇ ਉਨਾਂ ਚਿਰ ਹੀ ਗ੍ਰੰਥ ਸਾਹਿਬ ਪਰਕਾਸ਼ਤ ਰਹਿਣਾ ਚਾਹੀਦਾ ਹੈ। ਸਾਡੇ ਦੀਵਾਨਾਂ ਵਿਚ ਗ੍ਰੰਥ ਸਾਹਿਬ ਜੀ ਦਾ ਬਿਨਾਂ ਪਾਠ ਤੋ ਵਿਧਾਨ ਨਹੀ।

ਅਤੇ 9 ਵਜੇ ਰਾਤੀਂ ਦੀਵਾਨ ਸਮਾਪਤ ਹੋਗਿਆ।

## 30 ਜੂਨ 1983, ਵੀਰਵਾਰ
## ਮੰਡੀ, ਵਿਦਿਅਕ ਸਮੇਲਨ

ਸਵੇਰੇ 3.30 ਤੋਂ ਆਸਾ ਦੀ ਵਾਰ ਦਾ ਕੀਰਤਨ ਵਾਰਾ ਢੰਗ ਅਨੁਸਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਦੁਆਬੇ ਦੇ ਵਿਦਿਅਕ ਜਥੇ ਨੇ ਕੀਤਾ। ਇਹ 12 ਸਰੀਰ ਸਨ। ਮੁਖੀ ਸੀ ਸੰਤ ਅਮਰੀਕ ਸਿੰਘ ਸਪੁਤਰ ਸੰਤ ਭਗਵਾਨ ਸਿੰਘ ਲੁਹਾਰਾਂ, ਦਿਲਬਾਗ ਦਲੀਤਰੀ ਸ. ਗੁਰਮੁਖ ਸਿੰਘ ਸਪੁਤਰ ਸੰਤ ਕੁਲਵੰਤ ਸਿੰਘ ਅਤੇ ਸੰਤ ਜਗਦੀਸ਼ ਸਿੰਘ 'ਵਰਿਆਮ' ਸਨ। ਆਵਾਜ਼ ਤਾਂ ਭਾਰੀ ਰਹੀ ਪਰ ਸੁਆਦ ਨਦਾਰਦ। ਸਰੋਤਿਆਂ ਨਾਲ ਹਾਲ ਗਹਿਗਰ ਸੀ।

### ਪ੍ਰਥਮ ਦਸਤਾਰਬੰਦੀ

ਅਖ਼ਰੀ 10ਮਿੰਟਾਂ ਵਿਚ ਹੇਠ ਲਿਖੇ ਬੱਚਿਆਂ ਨੂੰ ਦਸਤਾਰਾਂ ਸਜਾਣ ਲਈ ਉਨ੍ਹਾਂ ਦੇ ਮਾਪੇ ਸ੍ਰੀ ਚਰਨਾਂ ਵਿਚ ਹਾਜ਼ਰ ਹੋਏ। ਬਾਦਾਮ, ਮਿਸਰੀ ਅਤੇ ਯਥਾ ਸ਼ਕਤੀ ਭੇਟਾ ਧਰਕੇ ਉਨ੍ਹਾਂ ਆਪਣੇ ਬੱਚਿਆਂ ਨੂੰ ਪ੍ਰਥਮ ਦਸਤਾਰ ਸਜਾਣ ਦੀ ਬੇਨਤੀ ਕੀਤੀ। ਹੇਠ ਲਿਖੇ ਮਾਤਾ ਪਿਤਾ ਅਤੇ ਦਾਦੇ ਦਾਦੀਆਂ ਬੱਚੇ ਲੈਕੇ ਆਏ।

1. ਸ੍ਰੀ ਸਤਪਾਲ ਸਿੰਘ ਸਨੇਹੀ ਦਾ ਬੱਚਾ ਦੀਪਪਾਲ ਸਿੰਘ। ਕਾਕੇ ਨੂੰ ਇਹਦਾ ਦਾਦਾ ਸ. ਗੁਰਬਚਨ ਸਿੰਘ ਲੈਕੇ ਹਾਜ਼ਰ ਹੋਇਆ।
2 ਬੀਬੀ ਹਰਬੰਸ ਕੌਰ ਜਥੇਦਾਰਨੀ ਸੁਪਤਨੀ ਸੰਤ ਪ੍ਰੀਤਮ ਸਿੰਘ ਆਪਣੇ ਪੋਤਰੇ ਨੂੰ ਦਸਤਾਰ ਸਜਾਣ ਹਿਤ ਲਿਆਈ।
3. ਬੀਬੀ ਗੁਰਮੀਤ ਕੌਰ ਸੁਪਤਨੀ ਸੰਤ ਅਮਰ ਸਿੰਘ ਵੀ ਆਪਣਾ ਪੋਤਰਾ ਲੈ ਕੇ ਆਈ।
4. ਸ. ਰਣਜੀਤ ਸਿੰਘ ਚੰਡੀਗੜ੍ਹ ਵੀ ਲੜਕੇ ਨੂੰ ਦਸਤਾਰ ਸਜਾਣ ਹਿਤ ਲਿਆਏ।

ਆਸਾ ਦੀ ਵਾਰ ਦਾ ਕੀਰਤਨ 5.30 ਵਜੇ ਸਮਾਪਤ ਹੋ ਗਿਆ। ਇਸਦੀ ਅਰਦਾਸ ਵਿਦਿਅਕ ਜਥੇ ਦੇ ਮੈਂਬਰ ਸੰਤ ਗੁਰਮੇਲ ਸਿੰਘ ਪੰਡੀ ਖਾਲਸਾ (ਜਲੰਧਰ) ਨੇ ਕੀਤੀ।

ਇਸ ਤੋਂ ਪਿਛੋਂ ਵਿਦਿਅਕ ਜਥੇ ਦੇ ਮੁਖੀਆ ਦੀ ਬੇਨਤੀ ਉਤੇ 67 ਮੈਂਬਰਾਂ ਦੇ



Sri Satguru Jagjit Singh Ji Elibrary NamdhariElibrary@gmail.com

ਲਿਖਤੀ ਮੁਕਾਬਲੇ ਵਿਚੋਂ ਹੇਠ ਲਿਖੇ ਅਨੁਸਾਰ ਨੰਬਰ ਮਿਲੇ।

1. ਸ. ਸੁਰਿੰਦਰ ਸਿੰਘ ਜਮੁਨਾ ਨਗਰ, ਪਹਿਲਾ
2. ਸ੍ਰੀ ਗੁਰਦੀਪ ਸਿੰਘ ਸ੍ਰੀ ਭੈਣੀ ਸਾਹਿਬ, ਦੂਜਾ
3. ਸ੍ਰੀ ਗੁਰਬਖਸ਼ ਸਿੰਘ ਸ੍ਰੀ ਭੈਣੀ ਸਾਹਿਬ, ਤੀਜਾ
4. ਸ. ਪ੍ਰਗਟ ਸਿੰਘ ਮੋਹਾਲੀ, ਸਪੈਸ਼ਲ

ਪੰਦਰਾਂ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਪਤਾ ਨਹੀਂ ਲਗਾ।

ਬੱਚਿਆਂ ਦੀ ਭਾਸ਼ਣ ਪ੍ਰਤਿਯੋਗਤਾ 'ਧਰਮ ਅਤੇ ਆਰਥਿਕਤਾ ਦੀ ਪ੍ਰਤੀਕ ਗਊ' ਵਿਚ ਜੇਤੂ:

1. ਸ੍ਰੀ ਅਵਨਿੰਦਰ ਸਿੰਘ ਮੰਡੀ, ਪਹਿਲਾ
2. ਸ੍ਰੀ ਗੁਰਦੀਪ ਸਿੰਘ ਸ੍ਰੀ ਭੈਣੀ ਸਾਹਿਬ, ਦੂਜਾ
3. ਸ੍ਰੀ ਮੋਹਣ ਸਿੰਘ ਦਿੱਲੀ, ਤੀਜਾ

ਇਨਾਮ ਵੰਡ ਵਿਚ ਹੀ 5.50 ਹੋ ਗਏ ਤਾਂ ਵੀ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਸੂਬਾ ਸੇਠ ਜੋਮਲ ਸਿੰਘ ਜੀ ਦੀ ਅਗਵਾਈ ਵਿਚ ਹੇਠ ਲਿਖੇ ਮੰਡੀ ਦੇ ਸੱਜਣ ਹਾਜ਼ਰ ਹੋਏ।

1. ਸੰਤ ਨਿਰੰਜਨ ਸਿੰਘ
2. ਸੰਤ ਗੁਰਚਰਨ ਸਿੰਘ
3. ਸੰਤ ਕਰਮ ਸਿੰਘ
4. ਸੰਤ ਸੰਤੋਖ ਸਿੰਘ
5. ਸੰਤ ਪਰਮਜੀਤ ਸਿੰਘ
6. ਸੰਤ ਅਤਰ ਸਿੰਘ
7. ਸੰਤ ਮੋਹਣ ਸਿੰਘ
8. ਸੰਤ ਸਾਧਾ ਸਿੰਘ

ਇਹਨਾਂ ਸੱਜਣਾਂ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸ੍ਰੀ ਚਰਨਾਂ ਵਿਚ ਖਲੋ ਕੇ, ਹੱਥ ਜੋੜ ਅਰਜ਼ ਕੀਤੀ ਕਿ ਦੀਨ ਦਿਆਲ ਜੀ ਅਗਲੇ ਸਾਲ ਦਾ ਸਰਬ ਹਿੰਦ ਵਿਦਿਅਕ ਸਮੇਲਨ ਵੀ ਮੰਡੀ ਵਿਖੇ ਹੀ ਕਰਨ ਦੀ ਪਰਵਾਨਗੀ ਬਖਸ਼ਣਾ। ਖਰਚ ਇਹ ਕਰਨਗੇ। ਸਾਰੀ ਸੰਗਤ ਮੰਡੀ ਦੀ ਸਹਿਯੋਗ ਦੇਵੇਗੀ।।

ਸ੍ਰੀ ਸਤਿਗੁਰੂ ਨੇ ਪਰਵਾਨਗੀ ਬਖਸ਼ੀ ਤੇ ਜੈਕਾਰੇ ਬੋਲ ਗਏ। ਸਾਰੀ ਸੰਗਤ ਵਿਚ ਪ੍ਰਸੰਨਤਾ ਦੀ ਲਹਿਰ ਦੌੜ ਗਈ। ਬਾਹਰੋਂ ਆਏ ਸੱਜਣਾਂ ਨੂੰ ਵੀ ਖੁਸ਼ੀ ਸੀ ਕਿ ਪ੍ਰਭਾਵੇ ਗਰਮੀਆਂ ਵਿਚ ਪਹਾੜਾਂ ਵਿਚ ਆਇਆ ਜਾਏਗਾ।

ਏਨੇ ਨੂੰ ਕੇਂਦਰੀ ਵਿਦਿਅਕ ਜਥੇ ਦੇ ਆਗੂ ਹੱਥ ਜੋੜ ਕੇ ਸਤਿਗੁਰੂ ਜੀ ਦੇ ਸਨਮੁਖ ਆ ਖਲੋਤੇ :

ਪ੍ਰਧਾਨ : ਸੰਤ ਦਲੀਪ ਸਿੰਘ, ਲੁਧਿਆਣਾ

ਸਕੱਤਰ : ਸੰਤ ਅਜੀਤ ਸਿੰਘ, ਲੁਧਿਆਣਾ

ਖਜ਼ਾਨਚੀ : ਸੰਤ ਸੁਖਵਿੰਦਰ ਸਿੰਘ, ਲੁਧਿਆਣਾ

ਇਹਨਾਂ ਨੇ ਸਨਿਮਰ ਅਰਜ਼ ਕੀਤੀ : ਗਰੀਬ ਨਿਵਾਜ਼, ਪਿਛਲਾ ਸਾਲ ਆਪ ਜੀ ਦੀ



Sri Satguru Jagjit Singh Ji Elibrary NamdhariElibrary@gmail.com

ਕਿਰਪਾ ਨਾਲ ਅਸਾਂ ਵਿਦਿਅਕ ਜਥਿਆਂ ਨੂੰ ਕੇਂਦਰ ਵਲੋਂ ਅਗਵਾਈ ਦੇਕੇ ਸੇਵਾ ਕੀਤੀ ਹੈ। ਇਸ ਵਿਚ ਬਹੁਤ ਸਾਰੀਆਂ ਗਲਤੀਆਂ ਰਹਿ ਗਈਆ ਹੋਣਗੀਆਂ, ਉਨ੍ਹਾਂ ਲਈ ਖਿਮਾ ਮੰਗਦੇ ਹਾਂ। ਅੱਗੇ ਜਿਵੇਂ ਆਪ ਦੀ ਰਜ਼ਾ। ਸ੍ਰੀ ਸਤਿਗੁਰੂ ਜੀ ਨੇ ਉਨ੍ਹਾਂ ਤੇ ਖੁਸ਼ੀਆਂ ਦੀ ਬਖਸ਼ਿਸ਼ ਕੀਤੀ ਅਤੇ ਨਾਲ ਹੀ ਆਦੇਸ਼ ਦਿਤਾ ਕਿ ਇਹੋ ਤ੍ਰਿਮੂਰਤੀ ਅਗੋਂ ਲਈ ਵੀ ਇਹੋ ਸੇਵਾ ਕਰੇ। ਕਿਉਂਕਿ ਇਸ ਵਾਰ ਸੰਮੇਲਨ ਹਾਜ਼ਰੀ, ਕੁਆਲਿਟੀ ਤੇ ਪ੍ਰੋਗਰਾਮਾਂ ਦੇ ਪੱਖੋਂ ਚੰਗਾ ਸਫਲ ਰਿਹਾ ਹੈ। ਇਸ ਗੱਲ ਤੇ ਵੀ ਸ੍ਰੀ ਸਤਿਗੁਰੂ ਜੀ ਨੌਜਵਾਨਾਂ ਅਤੇ ਵਿਦਿਅਕ ਜਥਿਆਂ ਨਾਲ ਏਕਤਾ ਬਾਰੇ ਬੜੀ ਤਸੱਲੀ ਵਿਚ ਸਨ। ਲੁਧਿਆਣੇ ਦੇ ਜਵਾਨਾਂ ਨੂੰ ਦੋਬਾਰਾ ਅਗਵਾਈ ਮਿਲਣ ਤੇ ਇਹਨਾਂ ਦਾ ਜਥਾ ਵੀ ਮਾਣ ਮਾਣ ਮਹਿਸੂਸ ਕਰ ਰਿਹਾ ਸੀ।

6 ਵਜੇ ਤਾਂ ਇਕ ਸਿੱਖ ਨੇ ਜਿਸਦੀ ਲੰਮੀ ਪਤਲੀ ਦਾੜ੍ਹੀ ਅਤੇ ਭਰਵਾਂ ਸੁੰਦਰ ਸਰੀਰ ਸੀ, ਇਕ ਥਰਮਾ ਲਿਆਕੇ ਸ੍ਰੀ ਸਤਿਗੁਰੂ ਜੀ ਦੇ ਸੰਹੇ ਹੀ ਖੋਲ੍ਹ ਦਿਤਾ। ਵਿਚੋਂ ਚੀਜ਼ਾਂ ਕਢਕੇ ਆਸਣ ਤੇ ਹੀ ਧਰੀ ਜਾਵੇ ਅਤੇ ਇਨ੍ਹਾਂ ਉੱਤੇ ਭੇਟਾ ਨਕਦ (ਇਕ ਸਾਲ ਦਾ ਦਸਵੰਧ) ਧਰਕੇ ਮਸਤਕ ਲਿਵਾਇਆ। ਮੈਨੂੰ ਥਰਮੇ ਚੋਂ ਕਢੀਆਂ ਚੀਜ਼ਾਂ ਵਿਚ ਦਿਲਚਸਪੀ ਸੀ। ਇਹ ਸਨ .

1. ਜ਼ੈਤੂਨ ਦੇ ਤੇਲ ਦੀ ਸ਼ੀਸ਼ੀ
2. ਇਕ ਲਿਫ਼ਾਫ਼ਾ ਬਦਾਮਾਂ ਦੀ ਮੋਟੀ ਗਿਰੀ ਦਾ
3. ਸਾਬਤ ਬਦਾਮਾਂ ਦਾ ਇਕ ਲਿਫ਼ਾਫ਼ਾ
4. ਇਕ ਪੈਕਟ ਔਰਗਿਟਕ ਖਜੂਰਾਂ ਦਾ
5. ਇਕ ਲਿਫ਼ਾਫ਼ਾ ਸ-ਰਿਟਕ ਖਜੂਰਾਂ ਦਾ
6. ਇਕ ਜੋੜਾ ਚਰਨਾਂ ਲਈ ਕਿਨਾ ਚਮੜੇ ਤੋਂ, ਸਪੰਜ ਦਾ ਬਣਿਆ।

ਇਹ ਸੱਜਣ ਸਰਕਾਰੀ ਤੌਰ ਤੇ ਉਸਾਰੀ ਇੰਜਨੀਅਰ ਬਣਕੇ ਸਾਊਦੀ ਅਰਬ ਵਿਚ ਗਿਆ ਸੀ। ਸਾਰੀ ਭੇਟਾ ਰਖਕੇ ਸ. ਸੁਜਾਨ ਸਿੰਘ ਸਲੂਜਾ ਸਪੁਤਰ ਸੰਤ ਸੁੰਦਰ ਸਿੰਘ ਡਾਲਟਨ ਰੋਡ, ਹੁਣ ਅਰਜ਼ ਕਰ ਰਿਹਾ ਸੀ : ਮੇਰੀ ਨਵੀਂ ਪੋਸਟਿੰਗ ਹੁਣ ਕੈਨੇਡਾ ਵਿਚ ਹੋਈ ਹੈ ਜੀ ਟੋਰਾਂਟੋ ਤੋਂ ਅੱਗੇ ਕਿਤੇ। ਕਿਰਪਾ ਕਰਕੇ ਆਪ ਜੀ ਖੁਸ਼ੀਆਂ ਬਖਸ਼ੋ। ਅਤੇ ਅੰਗ ਸੰਗ ਸਹਾਈ ਹੋਵੋ। (ਮੈਂ ਇਸਦੇ ਨਾਂ ਦੀ ਜਾਣਕਾਰੀ ਸਤਿਗੁਰੂ ਜੀ ਤੋਂ ਹੀ ਹਾਸਲ ਕੀਤੀ- ਲੇਖਕ)।

ਏਥੇ ਬੈਠਿਆਂ ਹੀ ਦਿਲੀ ਦੇ ਇਕ ਨਾਮਧਾਰੀ ਸ. ਕੁਲਜੀਤ ਸਿੰਘ ਨੇ ਆਕੇ ਸਤਿਗੁਰੂ ਜੀ ਨੂੰ ਕੁਝ ਬੇਨਤੀ ਕੀਤੀ, ਪਤਾ ਨਹੀ ਉਹ ਕੀ ਸੀ, ਪਰ ਸਤਿਗੁਰੂ ਜੀ ਨੇ ਪਿਛਾਂਹ ਨੂੰ ਮੂੰਹ ਕਰ ਸ੍ਰੀ ਹਰਭਜਨ ਸਿੰਘ ਸਿਤਾਰ ਨੂੰ ਆਦੇਸ਼ ਦਿਤਾ : ਹਰਭਜਨ ! ਏ ਦਿਲ ਜੁਆ ਤਿਆਰ ਕਰਵਾਈਓ।

7.00 ਵਜੇ ਦੀਵਾਨ ਅਗਲੇ ਪ੍ਰੋਗਰਾਮ ਲਈ ਸਮਾਪਤ ਹੋ ਗਿਆ। ਜਲਪਾਨ ਦਾ ਸਟੇਜ ਉੱਤੇ ਪ੍ਰਬੰਧ ਸੀ। ਜਦੋਂ ਆਪਣੇ ਡੇਰੇ ਗਿਆ ਮੇਰੀ ਪੁੱਤਰੀ ਕੁੱਕੂ-ਕੁਲਵੰਤ ਪਕੌੜਿਆਂ ਆਦਿ ਦੇ ਡੱਬੇ ਚੁਕੀ ਲਿਆਈ ਤਾਂ ਮੈਨੂੰ ਮਾਲੂਮ ਹੋਇਆ ਕਿ ਪਿਛਲੇ ਦਿਨਾਂ ਵਿਚ ਵੀ ਕੁਝ ਇੰਜ ਦਾ ਹੀ ਹੋਇਆ ਹੋਵੇਗਾ।



Sri Satguru Jagjit Singh Ji Elibrary NamdhariElibrary@gmail.com

### ਵਿਦਿਅਕ ਸੰਮੇਲਨ ਦੇ ਮੁਤ ਹਾਲ ਵਿਚ

8 ਵਜੇ ਤਾਂ ਧਰਮਸਾਲਾ ਹਾਲ ਵਿਚ ਵਿਦਿਅਕ ਜਥਿਆਂ ਦੇ ਪਿਛਲੇ ਕੀਤੇ ਕੰਮਾਂ ਦੀਆਂ ਰੀਪੋਰਟਾ ਸੁਣੀਆਂ ਜਾਣ ਲਗੀਆਂ। ਇਸ ਦੇ ਨਾਲ ਦੇ ਹਾਲ ਵਿਚ ਸੰਗੀਤ-ਮੁਕਾਬਲਾ ਸ਼ੁਰੂ ਹੋ ਗਿਆ। ਮੌਸਮ ਅੱਜ ਵੀ ਬਦਲਵਾਈ ਵਾਲਾ ਹੈ।

ਦੋ ਵੱਖ ਵੱਖ ਥਿਲ ਮੁਕਾਬਲ ਵਿਛੇ ਕੈਰਾਂ ਉਤੇ ਕਲਾਕਾਰ ਤੇ ਮਹਾਰਾਜ ਬੀਰ ਸਿੰਘ ਅਤੇ ਪ੍ਰਬੰਧਕ ਬੈਠੇ ਹੋਏ ਸਨ। ਤਬਲਾ ਵਾਦਨ ਮੁਕਾਬਲਾ ਦੋ ਗਰੁਪਾਂ ਰਾਹੀਂ ਕੀਤਾ ਗਿਆ। ਇਕ 18 ਸਾਲ ਤੋ ਛੋਟੇ ਦੂਜਾ ਵਡਿਆਂ ਦਾ। ਦੋਹਾਂ ਗਰੁਪਾਂ ਦੇ ਜੱਜ ਸਨ :

ਵਡਿਆਂ ਲਈ ਜੱਜ . ਸ੍ਰੀ ਮਹਾਰਾਜ ਬੀਰ ਸਿੰਘ ਜੀ

ਛੋਟਿਆਂ ਲਈ ਜੱਜ : ਸ੍ਰੀ ਸੁਖਵਿੰਦਰ ਸਿੰਘ ਪਿੰਕੀ

9-15 ਹੋਏ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗੀਤ ਸਭਾ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਅੱਜ ਦਾ ਦਿਨ ਸੰਗੀਤ ਨੂੰ ਸਮਰਪਿਤ ਹੈ। ਅਤੇ ਇਹ ਸਤਿਗੁਰਾਂ ਦੇ ਰੂਹ ਦੀ ਖੁਰਾਕ ਵੀ ਹੈ। 150-200 ਸਰੋਤਾ ਇਸ ਹਾਲ ਵਿਚ ਹੋਰ ਵੀ ਹੈ। ਤਬਲਾ ਵਾਦਨ ਦੇ ਹੇਠ ਲਿਖੇ ਅਨੁਸਾਰ ਜੇਤੂ ਰਹੇ :

*8 ਤੋਂ 11 ਸਾਲ ਦੀ ਆਯੂ ਵਿਚੋ :*

ਹਰਪ੍ਰੀਤ ਸਿੰਘ ਸਪੁਤਰ ਮਨਮੋਹਣ ਸਿੰਘ, ਗਵਾਲੀਅਰ - ਪਹਿਲਾ,

ਗੁਰਦੇਵ ਸਿੰਘ, ਹਿਸਾਰ - ਦੂਜਾ

*11 ਤੋਂ 15 ਸਾਲ ਤਕ :*

ਸ੍ਰੀ ਸੁਰਿੰਦਰ ਸਿੰਘ ਸਪੁਤਰ ਸੰਤ ਦਰਸ਼ਨ ਸਿੰਘ ਮੋਤੀ, ਪਹਿਲਾ,

ਸ੍ਰੀ ਸੁਰਿੰਦਰ ਸਿੰਘ ਸਪੁਤਰ ਮਹੰਤ ਬੀਰ ਸਿੰਘ ਭੈਣੀ ਸਾਹਿਬ, ਦੂਜਾ,

*15 ਤੋਂ 25 ਸਾਲ ਤਕ :*

ਸ੍ਰੀ ਕੁਲਦੀਪ ਸਿੰਘ ਜਲੰਧਰ, ਪਹਿਲਾ,

ਸ੍ਰੀ ਬਲਬੀਰ ਸਿੰਘ ਬਿੱਟੂ ਸਪੁਤਰ ਸੰਤ ਪਿਆਰਾ ਸਿੰਘ ਦਿੱਲੀ, ਦੂਜਾ,

ਸ੍ਰੀ ਸੁਖਵਿੰਦਰ ਸਿੰਘ ਸਪੁਤਰ ਸੰਤ ਤਾਰਾ ਸਿੰਘ ਜਲੰਧਰ, ਤੀਜਾ

ਸ੍ਰੀ ਸੁਖਦੇਵ ਸਿੰਘ ਸੁਪੁਤਰ ਸੰਤ ਤੇਜਾ ਸਿੰਘ ਜਲੰਧਰ - ਤੀਜਾ

### ਇਕ ਘਟਨਾ ਕਲ੍ਹ ਦੀ

ਕੱਲ ਸ਼ਾਮੀ 7.30 ਵਜੇ ਅਸੀਂ - ਸ. ਸਾਧੂ ਸਿੰਘ ਕਿਸਾਨ, ਕੇਹਰ ਸਿੰਘ ਹਮਰਾਹੀ ਤੇ ਇਹ ਲੇਖਕ ਧਰਮਸਾਲਾ ਉਤੇ ਸਲੈਬ ਤੇ ਲਗੀਆਂ ਪੌੜੀਆਂ ਵਿਚ ਬੈਠੇ ਧੁੱਪ ਖਾ ਰਹੇ ਸਾਂ ਕਿ ਮੈਂ ਆਪਣੇ ਸੱਜੇ ਹੱਥ ਬੈਠੇ ਜੁਆਨ ਨੂੰ [illegible] ਬੈਠਾ : ਕੀ ਨਾਮ ਹੈ ਜੀ ਆਪ ਦਾ? "ਸਵਰਨ ਪਾਲ ਸਿੰਘ", ਕਿਥੇ ? "ਧੂਰੀ ਤੋਂ" ਅੱਛਾ ਮਿੰਨੂ ਮਾਫ ਕਰਨਾ, ਪਹਿਲੇ ਤੁਹਾਨੂੰ ਮਿਲਿਆ ਹੀ ਹੋਵਾਂ, ਹੁਣ ਚੇਤਾ ਨਹੀਂ।

"ਹਾਂ ਜੀ, ਮੈ ਤਾਂ ਤੁਹਾਨੂੰ ਜਾਣਦਾ ਹਾਂ।" ਅਤੇ ਉਸ ਕਿਸੇ ਪੀੜ ਦਾ ਜ਼ਿਕਰ ਕੀਤਾ ਅਤੇ ਦੱਸਿਆ ਕਿ ਇਸਦੀ ਦਵਾਈ ਸੰਗੋਇ ਬੜੀ ਕਾਰਗਰ ਮਿਲਦੀ ਹੈ।



Sri Satguru Jagjit Singh Ji Elibrary NamdhariElibrary@gmail.com

"ਤਾਂ ਕਿਸੇ ਨੂੰ ਵਿਖਾਇਆ ਵੀ ਹੈ ਮੰਤੀ ਕਿ ਨਹੀਂ।"

"ਹਾਂ ਜੀ, ਮੇਰੇ ਸਹੁਰੇ ਏਥੇ ਹੀ ਹਨ।

"ਤਾਂ ਹੀ, ਦਵਾਈ ਕੋਈ ਰਾਸ ਨਹੀਂ ਬੈਠੀ ਬੋਲੀਓ ਤੁਰਕੇ।

ਤਦੇ ਖਬਰ ਚੁਤਰਫ਼ੀ ਵਿਚ ਉਤਸਾਹ ਦੀ ਲਹਿਰ ਦੌੜ ਗਈ। ਪਉੜੀਆਂ ਚੜ੍ਹਕੇ ਸ੍ਰੀ ਸਤਿਗੁਰੂ ਜੀ, ਸੰਤ ਤਰਸੇਮ ਸਿੰਘ ਨਿਜੀ ਸਕੱਤਰ, ਬਲਦੇਵ ਸਿੰਘ ਸੇਵਕ, ਮਹਿੰਦਰ ਸਿੰਘ ਪੂਰਬਾ, ਕਰਨੈਲ ਸਿੰਘ ਅੰਗ ਰਖਿਅਕ ਅਤੇ ਅਨੇਕਾ ਹੋਰ ਸੱਜਣ ਹੁਮਕ-ਹੁਮਕ ਸਾਡੇ ਵਲ ਵਧ ਰਹੇ ਸਨ। ਮੈਂ ਇਸ ਘੜੀ ਨੂੰ ਬੜੀ ਸੁਲਖਣੀ ਜਾਤਾ ਕਿ ਦੀਨ ਦਿਆਲ ਸਾਨੂੰ ਨਿਵਾਜਣ ਤੇ ਪਿਆਰ ਕਰਨ ਆ ਰਹੇ ਹਨ। ਮੇਰੇ ਮੂੰਹੋਂ ਪਿਆਰ ਪ੍ਰਗਟਾਵੇ ਦੇ ਸ਼ਬਦ ਆਪ ਮੁਹਾਰੇ ਨਿਕਲ ਰਹੇ ਸਨ : ਵਾਹ ਸਾਨੂੰ ਪਿਆਰਨ ਲਈ ਆ ਰਹੇ ਹੋ ?

ਕੀ ਮੁੱਲ ਹੈ ਇਹਨਾਂ ਪਲਾਂ ਦਾ।

ਸਾਡਾ ਖਾਣਾ ਪੀਣਾ ਪਰਮ ਪਵਿੱਤਰ ਹੋ ਗਿਆ।

ਤੇ ਜਾਂ ਕੋਲ ਆਏ ਤਾਂ ਮੇਰੇ ਮੂੰਹੋਂ ਅਨੰਦ ਦਾ ਨਾਮ ਨਿਕਲ ਗਿਆ ਜਗਜੀਤ ਸਿੰਘ ਆ ਗਿਆ ਹੈ। ਇਹ ਸਤਿਗੁਰੂ ਜੀ ਦਾ ਨਾਂ ਨਹੀਂ ਕਾਮਰੇਡ ਅਨੰਦ ਦਾ ਨਾਮ ਸੀ।

ਸੱਚੇ ਪਾਤਸ਼ਾਹ ਬੜੀ ਪ੍ਰਸੰਨ ਮੁੱਦਰਾ ਵਿਚ ਸਨ। ਖਵਨੀ ਸਾਨੂੰ ਤਿੰਨਾਂ ਨੂੰ ਇਕੱਠੇ ਬੈਠੇ ਦੇਖਕੇ, ਜਾਂ ਪ੍ਰਸ਼ਾਦ ਛਕਣ ਦੀ ਸਥਿਤੀ ਕਰਕੇ। ਫੇਰ ਮੈਨੂੰ ਸੰਬੋਧਿਤ ਹੋਏ : ਜਾਣਦੇ ਹੋ, ਜੋ ਲੜਕਾ ਤੁਹਾਡੇ ਪਾਸ ਬੈਠਾ ਹੈ, ਇਹ ਸੁਰਿੰਦਰ ਸਿੰਘ ਬੋਲੀ ਦਾ ਲੜਕਾ ਹੈ। ਅਤੇ ਸੇਵਾ ਸਿੰਘ ਬੈਂਕ ਮੈਨੇਜਰ ਦਾ ਜੁਆਈ ਹੈ। ਸੁਰਿੰਦਰ ਪਾਲ ਸਿੰਘ ਦਾ ਤਣਦਈਆਂ ਹੈ ਦੂਹਾਂ ਮਾਸੀਆਂ ਦੇ ਪੌਰਿਆਂ ਵਿਆਹ ਕੀਤਾ ਹੋਇਆ ਹੈ।

ਅਤੇ ਸਤਿਗੁਰੂ ਜੀ ਨੇ ਖੜੇ ਖਲੋਤਿਆਂ ਉਹਨਾਂ ਦੇ ਵਿਆਹ ਦੀ ਕਥਾ ਵੀ ਸੁਣਾ ਦਿੱਤੀ। ਸਾਧੂ ਸਿੰਘ ਕਿਸਾਨ ਨੇ ਅੰਦਾਜ਼ਾ ਲਾਇਆ , ਅੱਜ ਇੰਦਰ ਸਿੰਘ (ਕਵੀ ਜੀ) ਤੁਹਾਡੇ ਕਰਕੇ ਬਚ ਗਿਆ ਹੈ, ਨਹੀਂ ਤਾਂ ਉਠਾਲਿਆ ਜਾਂਦਾ। ਸਵਰਨ ਪਾਲ ਸਿੰਘ ਨੇ ਸਪਸ਼ਟ ਹੀ ਕਹਿ ਦਿੱਤਾ : ਕਵੀ ਜੀ, ਸੌਰ ਹੀ ਅੱਜ ਤੁਹਾਡੇ ਕਾਰਨ ਬਚਾ ਹੋ ਗਿਆ। ਨਹੀਂ ਤਾਂ ਪਤਾ ਨਹੀਂ ਕਿੰਨਾਂ ਕੁ ਨਾਰਾਜ਼ ਹੁੰਦੇ। ਇਸ ਵਿਚ ਮੇਰੀ ਵਡਿਆਈ ਕੋਈ ਨਹੀਂ ਸੀ। ਸਤਿਗੁਰੂ ਜੀ ਨੇ ਜਿੰਨਾ ਕੁ ਉਸਨੂੰ ਤਾੜਨਾ, ਰੌਸੇ ਹੋਣਾ ਸੀ, ਓਨਾਂ ਕੁ ਕਰ ਹੀ ਲਿਆ। ਇਹ ਵੀ ਕਿਰਪਾ ਹੀ ਸੀ।

ਪਰ ਸਵਰਨ ਸਿੰਘ ਦਿਲ ਵਿਚ ਸਤਿਗੁਰੂ ਨੂੰ ਵਸਾਈ ਬੈਠਾ ਸੀ। ਕਹਿਣ ਲਗਾ : ਕਿਵੇਂ ਕਹਾਂ ਕਵੀ ਜੀ, ਜਦੋਂ ਸੱਚੇ ਪਾਤਸ਼ਾਹ ਦੇ ਦਰਸ਼ਨ ਕੀਤਿਆਂ ਦੇਰ ਹੋ ਜਾਂਦੀ ਹੈ ਤਾਂ ਜਿੰਦ ਅੰਦਰੋਂ ਉਲੰਘੇ ਉਠਦੇ ਹਨ। ਇਹਨਾਂ ਨੂੰ ਕੱਢ ਕੇ ਜਾਈਏ ਕਿਧਰ ਨੂੰ। ਹੋਰ ਕੋਈ ਏਨਾ ਪਿਆਰ ਵੀ ਤਾਂ ਨਹੀਂ ਕਰਦਾ।

## ਸੰਗੀਤ ਸਭਾ ਸਵੇਰ ਦੀ

ਮੈਂ ਉਸ ਹਾਲ ਵਿਚ ਬੈਠਾ ਜਾਂ ਜਿਸ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਕਲਾਕਾਰ ਬੈਠੇ ਆਪਣੇ ਹੁਨਰ ਨੂੰ ਪੇਸ਼ ਕਰ ਰਹੇ ਸਨ। 10 ਵਜੇ ਤੋਂ ਗਾਉਣਾ ਸ਼ੁਰੂ ਹੋ ਗਿਆ। ਇਹਦੇ ਜੌਜ ਸਨ : ਪ੍ਰੋਫੈਸਰ ਨਰਿੰਦਰ ਕੁਮਾਰ ਨਰੂਲਾ, ਸੰਤ ਹਰਭਜਨ ਸਿੰਘ



Sri Satguru Jagjit Singh Ji Elibrary NamdhariElibrary@gmail.com

ਸਿਤਾਰ, ਸ੍ਰੀ ਬਲਜੀਤ ਸਿੰਘ ਤਾਰ ਸ਼ਹਿਨਾਈ।

ਇਸ ਵਿਚ ਹੇਠ ਲਿਖੇ ਬੱਚੇ ਭਾਗ ਲੈ ਰਹੇ ਸਨ :

*11 ਤੋਂ 15 ਸਾਲ, ਟਾਈਮ 15 ਮਿੰਟ*

1. ਸੰਤੋਖ ਸਿੰਘ (ਤੋਤੂ) ਸਪੁੱਤਰ ਸੰਤ ਅਜੀਤ ਸਿੰਘ ਲਾਇਲ
2. ਸੁਰਿੰਦਰ ਸਿੰਘ (ਮਿੰਦਰੀ) ਸਪੁੱਤਰ ਸ੍ਰੀ ਸੰਤੋਖ ਸਿੰਘ ਭੈ. ਸਾ. ਗਾਇਨ

*15 ਤੋਂ 25 ਸਾਲ*

1. ਅਰਵਿੰਦਰ ਸਿੰਘ ਸਪੁੱਤਰ ਸੰਤ ਦਰਸ਼ਨ ਸਿੰਘ ਮੰਡੀ, ਗਾਇਨ
2. ਕੁਲਵੰਤ ਸਿੰਘ ਲੁਧਿਆਣਾ
3. ਮੋਹਣ ਸਿੰਘ - ਸੁਖਦੇਵ ਸਿੰਘ ਭੈਣੀ ਸਾਹਿਬ

*ਸ਼ਾਮ ਦੇ ਪ੍ਰੋਗਰਾਮ ਵਿਚ*

1. ਇਕਬਾਲ ਸਿੰਘ ਮੰਡੀ ਸਿਤਾਰ
2. ਸੁਰਜੀਤ ਸਿੰਘ ਦਿੱਲੀ ਸਾਰੰਗੀ
3. ਬਲਜੀਤ ਸਿੰਘ ਭੈ. ਸਾ. ਤਾਰ ਸ਼ਹਿਨਾਈ
4. ਅਮਰ ਸਿੰਘ ਐਬਾ ਜਿਵਤਕਾਰੀ

10.30 ਹੋਏ ਤਾਂ ਸਤਿਗੁਰੂ ਜੀ ਸਭਾ ਤੋਂ ਅਡੋਲੇ ਜਿਹੇ ਉਠਕੇ ਡੇਰੇ ਚਲੇ ਗਏ। ਇਸ ਸਮੇ ਅਰਵਿੰਦਰ ਸਿੰਘ ਗਾ ਰਿਹਾ ਸੀ।

ਉਨਕੇ ਦਰਸ ਬਿਨ ਭਈ ਮੈਂ ਬਾਵਰੀ<br>
ਨੈਨ ਰਹੇ ਘਨ ਬੀਜੁਰੀਆਂ<br>
ਕਾਹੇ ਭੇਜਤ ਕੋਇਲੀਆ<br>
ਮੁਝ ਬਿਰਹਨ ਕੇ ਪ੍ਰੀਤਮ ਨਹੀ ਆਏ।

ਸੁਰੀਲਾ ਅਤੇ ਲੈਅ ਬੱਧ। ਤਾਨਾਂ ਸਰਗਮਾਂ ਸਮੇਤ।

ਜਦੋਂ 10 ਕੁ ਮਿੰਟ ਬਾਅਦ ਮੈ ਹਾਲ ਵਿਚ ਗਿਆ ਤਾਂ ਇਕ ਜੌਂਕ ਮਹਾਰਾਜ ਵੀ ਜਾ ਚੁਕੇ ਸਨ ਪ੍ਰਸ਼ਾਦ ਛਕਣ। ਮੋਹਣ-ਸੁਖਦੇਵ ਦੀ ਜੋੜੀ ਜੌਨ ਪੁਰੀ ਗਾ ਰਹੀ ਸੀ। ਬੜਾ ਸੰਯਤ ਅਤੇ ਸੁਰੀਲਾ। ਤਾਨਾਂ ਸਰਗਮਾਂ ਦੀ ਭੁਹਾਰ, ਵਾਰੋਵਾਰ।

11.15 ਵਜੇ ਸਮਾਪਤੀ ਹੋਈ ਤਾਂ ਠਾਕੁਰ ਦਲੀਪ ਸਿੰਘ ਜੀ ਮੰਚ ਸਕੱਤਰੀ ਕਰਦੇ ਗਾਇਕਾਂ ਦੀ ਅਦਾਇਗੀ ਤੇ ਬੜੇ ਸੰਤੁਸ਼ਟ ਹੋਏ ਕਿਉਂਕਿ ਉਨ੍ਹਾਂ ਦੇ ਨਿਸ਼ਚਿਤ ਸਮੇ ਤੋਂ 10 ਮਿੰਟ ਪਹਿਲਾਂ ਹੀ ਸਮਾਪਤੀ ਹੋ ਚੁਕੀ ਸੀ।

ਸਭਾ ਸ਼ਾਮ ਦੇ ਸਮਾਗਮ ਲਈ ਉਠ ਗਈ।

ਅੱਜ 2 ਵਜੇ ਤੋਂ ਹੀ ਸਮੂਹਕ ਨਾਮ ਸਿਮਰਨ ਜਾਰੀ ਹੋ ਗਿਆ। ਸਤਿਗੁਰੂ ਜੀ ਨੇ ਹਾਲ ਭਰਪੂਰ ਸੰਗਤ ਨੂੰ ਦਰਸ਼ਨ ਦਿਤੇ। ਅੱਜ ਆਪ ਜੀ ਨਾਲ ਸਕੱਤਰ ਤਰਸੇਮ ਸਿੰਘ, ਪੁਰਬਾ ਮਹਿੰਦਰ ਸਿੰਘ ਅਤੇ ਸੇਵਕ ਬਲਦੇਵ ਸਿੰਘ ਤੋਂ ਇਲਾਵਾ ਸ. ਹਰਵਿੰਦਰ ਸਿੰਘ ਹੰਸਪਾਲ ਵੀ ਸਨ।

ਨਾਮ ਸਿਮਰਨ ਤੋਂ ਉਪਰੰਤ ਇਕ ਸ਼ਬਦ ਸੰਤ ਹਰਭਜਨ ਸਿੰਘ ਦੇ ਸਿਤਾਰ ਗਰੁਪ ਤੋਂ ਸੁਣਕੇ, ਦੂਜਾ ਪਿੰਕੀ ਦੇ ਛੋਟੇ ਭਾਈ ਸੁਰਿੰਦਰ ਸਿੰਘ ਮਿੰਦਰੀ ਤੋਂ ਸੁਣਿਆ। ਤੀਜਾ ਸ਼ਬਦ



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਨੇ ਆਪ ਸ਼ੁਰੂ ਕੀਤਾ : ਘਰਿ ਨਹੀ ਆਵੈ, ਮਰੀਐ ਹਾਵੈ ਦਾਮਨਿ ਚਮਕ ਡਰਾਇਓ। ਅੱਜ ਆਪ ਜੀ ਦੇ ਸੱਜੇ ਮੋਢੇ ਵਲ ਪ੍ਰੋ. ਨਰੂਲਾ ਬੈਠੇ ਸਨ।

ਅੱਜ ਦਾ ਲੰਗਰ ਵਿਦਿਅਕ ਸਮੇਲਨ ਅਤੇ ਸਮੂਹੀ ਮੰਡੀ ਦੀ ਸੰਗਤ ਦਾ ਸੰਤ ਤਰਲੋਕ ਸਿੰਘ-ਸੰਤ ਮਹਿੰਦਰ ਸਿੰਘ ਵਲੋਂ ਸੀ।

ਕੱਲ ਸਤਿਗੁਰੂ ਜੀ ਸ਼ਾਮੀ ਦੀਵਾਨ ਉਪਰੰਤ ਸੁੰਦਰ ਨਗਰ ਦੀ ਸੰਗਤ ਨੂੰ ਨਿਹਾਲ ਕਰਕੇ ਆਏ। ਸੁੰਦਰ ਨਗਰ ਦੀਆਂ ਬੀਬੀਆਂ ਦੀ ਮੁਖੀ ਬੀਬੀ ਭੁਪਿੰਦਰ ਕੌਰ ਨੇ ਦੱਸਿਆ : ਏਥੇ ਦੋ ਘੰਟੇ ਦਰਸ਼ਨ ਦੇਣ ਦੀ ਕਿਰਪਾ ਤੇ ਕਿਨਾਂ ਔਖਾ ਘੰਟਾ ਦੀਵਾਨ ਵਿਚ ਵੀ ਬੈਠੇ।

ਅੱਜ ਦੇ ਇਕ ਮੇਲ ਸਕੱਤਰ ਸ੍ਰੀ ਮੋਹਣ ਸਿੰਘ ਨੇ ਦੱਸਿਆ ਕਿ ਅੱਜ ਪੱਡਲ ਦੇ ਮੈਦਾਨ ਵਿਚ ਭੈਣੀ ਸਾਹਿਬ ਦੀ ਹਾਕੀ ਟੀਮ ਦਾ ਮੁਕਾਬਲਾ ਮੰਡੀ ਦੇ ਬਿਜਲੀ ਬੋਰਡ ਦੀ ਟੀਮ ਨਾਲ ਹੋਵੇਗਾ।

ਜਦੋਂ ਮੇਲ ਸਕੱਤਰੀ ਸ੍ਰੀ ਬਲਜੀਤ ਸਿੰਘ, ਸ੍ਰੀ ਸੁਖਵਿੰਦਰ ਸਿੰਘ ਪਿੰਕੀ ਅਤੇ ਸ੍ਰੀ ਮੋਹਣ ਸਿੰਘ ਪਾਸ ਆਈ। ਇਹਨਾਂ ਹੇਠ ਲਿਖੇ ਅਨੁਸਾਰ ਟਾਈਮ ਵੰਡ ਕੀਤੀ ਅਤੇ ਸੁਣਿਆ :

1. ਸ੍ਰੀ ਸੁਰਿੰਦਰ ਸਿੰਘ ਸਿੰਦਰੀ ਤੇ. ਸਾ. ਦਿਲਰੁਬਾ ਯਮਨ 4.05 ਸ਼ਾਮ
2. ਸ੍ਰੀ ਇਕਬਾਲ ਸਿੰਘ ਮੰਡੀ ਸਿਤਾਰ ਤੇ ਰਾਗ ਗਉੜੀ 4.15 ਤੋਂ
3. ਸ੍ਰੀ ਸੁਰਜੀਤ ਸਿੰਘ ਦਿੱਲੀ ਸਾਰੰਗੀ ਤੇ ਪਟਦੀਪਕੀ 4.30 ਤੋਂ
4. ਸ੍ਰੀ ਬਲਜੀਤ ਸਿੰਘ ਤੇ. ਸਾ. ਤਾਰ ਸ਼ਹਿਨਾਈ ਮਿਸਰਤ ਪੀਲੂ 5.00 ਤੋਂ

ਬਲਜੀਤ ਸਿੰਘ ਵਿਦਪ ਰਾਗਾਂ ਨੂੰ ਛੂਹੰਦਿਆਂ ਪਿੰਕੀ ਦੀ ਸੰਗਤ ਵਿਚ ਵਡਾ ਆਨੰਦਿਤ ਕੀਤਾ। ਇਕ ਸੱਜਣ ਸ੍ਰੀ ਮਨੋਹਰ ਸਿੰਘ ਦਰਸ਼ੀ ਜੋ ਕਿ ਇੰਨਚਾਰਜ ਹਨ ਗੁਰੂ ਨਾਨਕ ਕੀਰਤਨ ਮਿਸ਼ਨ ਤਰਨ ਤਾਰਨ ਦੇ, ਉਹ ਅੱਜ ਹੀ ਪੰਜਾਬ ਤੋਂ ਮੰਡੀ ਪਹੁੰਚੇ। ਇਹ ਸੱਜਣ ਸਾਰਾ ਅੱਜ ਦਾ ਸੰਗੀਤ ਪ੍ਰੋਗਰਾਮ ਸੁਣ ਕੇ ਬੋਲੇ :

ਅੱਜ ਦਾ ਇਹ ਪ੍ਰੋਗਰਾਮ ਅਨੂਠਾ ਹੈ। ਕਹਿਣੇ ਕੋ ਸੋਭਾ ਨਹੀ ਦੇਖਾ ਹੀ ਪਰਵਾਨੁ। ਅੱਜ ਪੰਜਾਬ ਦਿਖੇ ਪਹਿਲੀ ਵਾਰ ਦਾਸ ਇਸ ਦਰਬਾਰ ਵਿਚ ਹਾਜ਼ਰ ਹੋਇਆ ਹੈ। ਤੁਸੀਂ ਸਭ ਲੋਕ ਧੰਨ ਹੋ। ਮੈਂ ਬੜੀ ਦੁਨੀਆਂ ਦੇਖੀ ਹੈ, ਪਰ ਏਥੇ ਆਕੇ ਮੇਰੀ ਆਤਮਾ ਭਰਪੂਰ ਹੋਈ ਹੈ। ਮੈਂ ਸਮਝਦਾ ਹਾਂ ਮਨੁਖ ਦੇ ਉਤਮ ਭਾਗ ਹੋਣ ਤਾਂ ਹੀ ਸੰਗੀਤ ਵਿਦਿਆ ਪ੍ਰਾਪਤ ਹੁੰਦੀ ਹੈ। ਸਤਿਗੁਰਾਂ ਦੀ ਬਖਸ਼ਸ਼ ਕਰਕੇ ਮੈਂ ਹੋਣਹਾਰ ਨੌਜਵਾਨਾਂ ਨੂੰ ਸੁਣਿਆ ਹੈ, ਇਹਨਾਂ ਦਾ ਕੰਮ ਦੇਖ ਕੇ ਮੇਰੀ ਰੂਹ ਬੜੀ ਪ੍ਰਸੰਨ ਹੋਈ ਹੈ। ਇਕ ਨਿਕਾ ਜਿਹਾ ਬੱਚਾ (6-7 ਸਾਲ ਦਾ) ਮੈਂ ਟੈਮ ਕੱਢ ਉਗਾਲਾ ਪਟਕਾਂਦਾ ਵੇਖਿਆ। ਇਹ ਸਤਿਗੁਰਾਂ ਦੀ ਹੀ ਬਖਸ਼ਸ਼ ਹੈ। ਮੈਂ ਆਪਣੇ ਗੁਰੂ ਨਾਨਕ ਕੀਰਤਨ ਮਿਸ਼ਨ ਵਾਲੇ ਸਾਥੀਆਂ ਨੂੰ ਭੈਣੀ ਸਾਹਿਬ ਦੇ ਦਰਸ਼ਨ ਕਰਵਾਣਾ ਚਾਹੁੰਦਾ ਹਾਂ। ਜਿਸ ਤਰਾਂ ਮੇਰੀ ਆਤਮਾ ਏਥੇ ਆਕੇ ਪ੍ਰਸੰਨ ਹੋਈ ਹੈ। ਮੈਨੂੰ ਆਸ ਹੈ ਕਿ ਉਹ ਵੀ ਦਰਸ਼ਨ ਕਰਕੇ ਨਿਹਾਲ ਹੋਣਗੇ। ਸਤਿਗੁਰੂ ਜੀ ਅਤੇ ਸੰਗਤ ਦਾ ਮੈਂ ਬਹੁਤ ਹੀ ਧਨਵਾਦੀ ਹਾਂ, ਜਿਨ੍ਹਾਂ ਇਹ ਸਮਾ ਦੇ ਕੇ ਮੈਨੂੰ ਨਿਵਾਜਿਆ ਹੈ।

ਜਨਾਬ ਮਨੋਹਰ ਸਿੰਘ ਜਿਨਦੇ ਹਲਕੇ ਫੁਲਕੇ ਕਪੜੇ ਤੇ ਪੀਲੀ ਫਿਫਟੀ ਨਾਲ



Sri Satguru Jagjit Singh Ji Elibrary NamdhariElibrary@gmail.com

ਲਾਲਸਾ ਦੀ ਤਾਹ ਮਾਰਦੀ ਪਗੜੀ ਸੀ, ਮੁਰਾਦ ਹੋਇਆ ਖੜਾ ਸੀ। ਸਤਿਗੁਰੂ ਜੀ ਸਭਾ ਚੋਂ ਉਠ ਤੁਰਨ ਲਗੇ ਤਾਂ ਉਹ ਹੱਥ ਜੋੜ ਕੇ ਹਾਜ਼ਰ ਹੋਇਆ। ਸਤਿਗੁਰੂ ਜੀ ਨੇ ਸਿਖ ਨਾਲ 5-4 ਮਿੰਟ ਗੱਲ ਬਾਤ ਕੀਤੀ। ਉਸਨੂੰ ਗੁਰੂ ਅਤੇ ਸਿਖਾਂ ਦੇ ਦਰਸ਼ਨ ਤੇ ਸੁਸਿਖਿਅਤ ਬਚਿਆਂ ਦਾ ਪ੍ਰਭਾਵ, ਦੂਰ ਸਾਡੇ ਪਿਛਲੇ ਇਤਿਹਾਸ ਵਲ ਲੈ ਗਿਆ।

ਠਾਕੁਰ ਜੀ ਨੇ ਐਲਾਨ ਕੀਤਾ ਕਿ ਹੁਣ ਜੇਤੂ ਬਚਿਆਂ ਨੂੰ ਇਨਾਮ ਮਿਲਣਗੇ। ਅਤੇ ਇਹ ਇਨਾਮ ਵੀ ਸ੍ਰੀ ਸਤਿਗੁਰੂ ਜੀ ਬਖਸ਼ਸ਼ ਕਰਨਗੇ। ਹੇਠ ਲਿਖੇ ਅਨੁਸਾਰ ਇਨਾਮ ਵੰਡ ਹੋਈ।

| | | |
|---|---|---|
| 1 | ਸ੍ਰੀ ਅਮਰ ਸਿੰਘ ਮੋਗਾ ਤੇ: ਸਾ: ਨਿਰਤ ਵਿਚੋਂ | ਪਹਿਲਾ ਇਨਾਮ |
| 2. | ਸ੍ਰੀ ਸੁਰਿੰਦਰ ਸਿੰਘ ਸਿਰਸੀ ਤੇ ਸਾ: ਦਿਲਰੁਬਾ ਵਿਚੋਂ | ਪਹਿਲਾ ਇਨਾਮ |
| 3 | ਸ੍ਰੀ ਇਕਬਾਲ ਸਿੰਘ ਬੀਦੇ ਮੰਡੀ ਸਿਤਾਰ ਵਿਚੋਂ | ਦੂਜਾ ਇਨਾਮ |
| 4. | ਸ੍ਰੀ ਸੁਰਜੀਤ ਸਿੰਘ ਦਿੱਲੀ ਜਾਰੰਗੀ ਵਿਚੋਂ | ਪਹਿਲਾ ਇਨਾਮ |
| 5. | ਸ੍ਰੀ ਸੁਖਦੇਵ ਸਿੰਘ ਜਲੰਧਰ ਤਬਲੇ ਵਿਚੋਂ | ਪਹਿਲਾ ਇਨਾਮ |
| 6. | ਸ੍ਰੀ ਕੁਲਵੰਤ ਸਿੰਘ ਜਲੰਧਰ ਤਬਲੇ ਵਿਚੋਂ | ਦੂਜਾ ਇਨਾਮ |
| 7. | ਸ੍ਰੀ ਸੁਰਿੰਦਰ ਸਿੰਘ ਮੰਡੀ ਤਬਲੇ ਵਿਚੋਂ | ਤੀਜਾ ਇਨਾਮ |
| 8. | ਸ੍ਰੀ ਹਰਪ੍ਰੀਤ ਸਿੰਘ ਗਵਾਲੀਅਰ ਤਬਲੇ ਵਿਚੋਂ (ਛੋਟਾ) | ਪਹਿਲਾ ਇਨਾਮ |
| | ***11 ਤੋਂ 15 ਸਾਲ ਉਮਰ ਦੇ :*** | |
| 9. | ਸ੍ਰੀ ਸੁਰਿੰਦਰ ਸਿੰਘ ਸਿਰਸੀ ਭੈਣੀ ਸਾਹਿਬ ਗਾਇਨ | ਪਹਿਲਾ ਇਨਾਮ |
| 10. | ਸ੍ਰੀ ਸੰਤੋਖ ਸਿੰਘ ਜਲੰਧਰ ਗਾਇਨ | ਦੂਜਾ ਇਨਾਮ |
| | ***15 ਸਾਲ ਤੋਂ ਉਪਰ ਦੇ :*** | |
| 11. | ਸ੍ਰੀ ਮੋਹਣ ਸਿੰਘ-ਸੁਖਦੇਵ ਸਿੰਘ ਗਾਇਨ | ਪਹਿਲਾ ਇਨਾਮ |
| 12. | ਸ੍ਰੀ ਅਰਵਿੰਦਰ ਸਿੰਘ ਮੰਡੀ | ਦੂਜਾ ਇਨਾਮ |
| | ***ਪੋਇਟਿਕ ਮੁਕਾਬਲਾ*** | |
| 1 | ਸ੍ਰੀ ਗੁਰਸੇਵਕ ਸਿੰਘ ਮੰਡੀ ਸਪੁਤਰ ਸੰਤ ਗੁਰਚਰਨ ਸਿੰਘ | ਪਹਿਲਾ ਇਨਾਮ |
| 2. | ਸ੍ਰੀ ਗੋਪਾਲ ਸਿੰਘ ਰੰਗੀਗੜ੍ਹ | ਦੂਜਾ ਇਨਾਮ |

**ਪੋਲੋ ਦੇ ਮੈਦਾਨ ਵਿਚ ਹਾਕੀ ਮੈਚ**

ਅਤੇ ਇਸਤੋ ਪਿਛੋਂ ਸੰਗਤਾਂ ਪੋਲੋ ਮੈਦਾਨ ਵਲ ਹੋ ਪਈਆਂ। ਅੱਜ ਮੰਡੀ ਦੇ ਨਾਮਧਾਰੀ ਪਰਵਾਰ ਤਾਂ ਸਾਰੇ ਹੀ ਖੇਡ ਦੇ ਮੈਦਾਨ ਵਿਚ ਸਨ ਕਿਉਂਕਿ ਅਜੀ 8 ਵਜੇ ਮੰਡੀ ਬਿਜਲੀ ਬੋਰਡ ਅਤੇ ਭੈਣੀ ਸਾਹਿਬ ਦੀ ਹਾਕੀ ਟੀਮ ਦਾ ਮੁਕਾਬਲਾ ਸੀ। ਸਿਖ ਚਿੱਟੇ ਦਸਤਾਰੇ, ਚੁਨਿਟਾਂ ਦੇ ਕਛਹਿਰਿਆਂ ਨਾਲ ਖੇਡੇ ਦੂਜੇ ਆਮ ਕਪੜੇ ਪਹਿਨ ਸੌਂਕ ਹੀ ਸਨ। 3-1 ਦੇ ਫਰਕ ਨਾਲ ਭੈਣੀ ਸਾਹਿਬ ਦੀ ਟੀਮ ਜੇਤੂ ਰਹੀ। ਸ੍ਰੀ ਸਤਿਗੁਰੂ ਜੀ ਨੇ ਦੋਹਾਂ ਟੀਮਾਂ ਦੀ ਖੇਡ ਨੂੰ ਸਹਿਜ ਭਾ ਹੀ ਨਿਹਾਰਿਆ।

ਮੈਚ ਦੇ ਅੰਤ ਉਤੇ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀਆਂ ਅਤੇ ਅ-ਨਾਮਧਾਰੀਆਂ ਦੇ ਦਰਮਿਆਨ ਪੋਲੋ ਸਟੇਡੀਅਮ ਦੇ ਨਾਮਧਾਰੀ ਕਲਬ ਦਾ ਵਿਧੀਵਤ ਉਦਘਾਟਨ ਕੀਤਾ।



Sri Satguru Jagjit Singh Ji Elibrary NamdhariElibrary@gmail.com

ਸੂਬਾ ਜੈਮਲ ਸਿੰਘ ਜੀ, ਸਕੱਤਰ ਤਰਸੇਮ ਸਿੰਘ, ਸੰਤ ਮਹਿੰਦਰ ਸਿੰਘ, ਪੂਰਬਾ ਤੇ ਸ ਹਰਵਿੰਦਰ ਸਿੰਘ ਹੰਸਪਾਲ ਨਾਲ ਸਨ।

## 1 ਜੁਲਾਈ 1983, ਸ਼ੁਕਰਵਾਰ
## ਮੰਡੀ, ਵਿਦਿਅਕ ਸੰਮੇਲਨ ਸਮਾਪਤੀ

**ਮੇਲਾ ਚਲੋ ਚਲੀ ਦਾ**

5 ਵਜੇ ਸਵੇਰੇ ਮੈਂ ਨਾਮਧਾਰੀ ਧਰਮਸਾਲਾ ਵਿਖੇ ਪੁੱਜਾ। ਕਾਰਾਂ ਦਾ ਇਕ ਕਾਫਲਾ ਦੁਆਰ ਉੱਤੇ ਹਾਜ਼ਰ ਸੀ। ਸੇਵਕ ਗੱਡੀਆਂ ਵਿਚ ਸਾਮਾਨ ਰਖੀ ਵਾਰ ਦੇ ਭੋਗ ਦੀ ਇੰਤਜ਼ਾਰ ਕਰ ਰਹੇ ਸਨ। ਫਿਰ ਤੁਰਤ ਕੂਚ ਦਾ ਨਗਾਰਾ ਵੱਜਣਾ ਸੀ। ਧਰਮਸਾਲਾ ਦਾ ਅੰਦਰ ਬਾਹਰ, ਸਟੇ ਰਾਮ ਵਿਰਾਗੀ ਦਰਸਕਾਂ ਅਤੇ ਸਰੋਤਿਆਂ ਨਾਲ ਭਰਪੂਰ ਸੀ। ਸਿਹਨ ਵਿਚ ਦੋ ਅਨੰਦ ਕਾਰਜਾਂ ਹਿਤ ਅੰਮ੍ਰਿਤ ਤਿਆਰ ਤੇ ਹਵਨ ਹੋ ਚੁਕਾ ਸੀ। ਅੰਦਰ ਜਾਕੇ ਦੀਨ ਦਿਆਲ ਜੀ ਨੂੰ ਮੱਥਾ ਟੇਕਿਆ ਤਾਂ ਕੀਰਤਨਕਾਰ ਸੰਤ ਹਰਭਜਨ ਸਿੰਘ ਸਿਤਾਰ, ਹਰਬੰਸ ਸਿੰਘ ਘੁਲਾ, ਸੰਤ ਧਜਾਨ ਸਿੰਘ ਅਤੇ ਪਿੰਕੀ ਸੁਖਵਿੰਦਰ ਹੁਰੀਂ ਵਾਰ ਗਾਉਂ ਰਹੇ ਸਨ। 5.15 ਤੇ ਵਾਰ ਸਮਾਪਤ ਹੋ ਗਈ।

ਠਾਕੁਰ ਦਲੀਪ ਸਿੰਘ ਹੋਰਾਂ ਮਾਈਕ ਫੜ ਕੇ ਕੇਂਦਰੀ ਵਿਦਿਅਕ ਜਥੇ ਦਾ ਕੰਮ ਸਹਿਜ ਕਰ ਦਿਤਾ। ਸਤਿਗੁਰੂ ਜੀ ਪਾਸੋਂ ਆਗਿਆ ਲੈ, ਪਿਛਲੇ ਦਿਨਾਂ ਦੇ ਇਨਾਮ ਜੇਤੂਆਂ ਨੂੰ ਆਪ ਜੀ ਵਲੋਂ ਵਧਾਈ ਅਤੇ ਹੋਰ ਇਨਾਮੀ ਸਮਗਰੀ ਦਿਵਾਣ ਲਗੇ। ਠਾਕੁਰ ਜੀ ਨੇ ਫੇਰ ਮੇਰੀ ਕੂਹਣੀ ਨੂੰ ਆ ਟੋਹਿਆ : ਮੇਰੇ ਪਿਛੇ ਪਿਛੇ ਤੁਰੇ ਆਓ। ਤੁਹਾਨੂੰ ਸੁਖਬੀਰ ਦੇ ਕੈਮਰੇ ਵਾਸਤੇ ਪੈਸੇ ਦਿਆਂ। ਓਲੰਪਸ ਹੀ ਲਈਓ। ਸਾਮਾਨ ਵਰਤਣ ਦੀ ਇਕ ਦੂਜੇ ਨੂੰ ਸਹੂਲਤ ਹੋ ਜਾਵੇਗੀ। ਪਰ ਜਿਸ ਗੱਡੀ ਵਿਚ ਪੈਸੇ ਪਏ ਸਨ ਉਹ ਕਿਤੇ ਦੀ ਕਿਤੇ ਜਾ ਚੁਕੀ ਸੀ।

ਸਤਿਗੁਰੂ ਜੀ ਦੀ ਉਡੀਕ ਅਜੇ ਸੰਤ ਤਰਲੋਕ ਸਿੰਘ-ਮਹਿੰਦਰ ਕੌਰ ਕਰ ਰਹੇ ਸਨ। ਸਪੀਕਰ ਦੀ ਧੁਨੀ ਤੋਂ ਜਾਪਿਆ, ਸਤਿਗੁਰੂ ਜੀ ਕੁਛ ਬਚਨ ਕਰਨ ਲਗੇ ਹਨ। ਮੈਂ ਛੇਤੀ ਦੇ ਦੀਵਾਨ ਵਿਚ ਪਹੁੰਚਾ। ਆਪ ਜੀ ਫ਼ਰਮਾ ਰਹੇ ਸਨ :

ਜੋ ਸਾਡੇ ਜ਼ਿੰਮੇ ਗੱਲਾਂ ਲਗਦੀਆਂ ਹਨ, ਉਹ ਬਾਪੂ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਐਸੇ ਤਰ੍ਹਾਂ ਕੀਤਾ ਕਰਦੇ ਸਨ। ਜਿਨ੍ਹਾਂ ਨੇ ਜਿਵੇਂ ਕੰਮ ਸੰਭਾਲਿਆ ਅਤੇ ਜਿਵੇਂ ਹਾਕੀ ਵਾਲਿਆਂ ਕੰਮ ਕੀਤਾ, ਮੇਰਾ ਜੀ ਕਰਦਾ ਹੈ, ਵਿਦਿਅਕ ਜਥਿਆਂ ਦੇ ਛੋਟੇ ਵੱਡੇ ਵੀ ਤਿਵੇਂ ਹੀ ਕਰਨ। ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਕੰਮ ਨੂੰ ਜਿਵੇਂ ਤਰਾਸ ਲਿਆ ਕਰਦੇ ਸਨ।

- 6 ਸਾਲ ਜਾਂ ਇਸਤੋਂ ਵੀ ਛੋਟੇ ਵੱਡੇ ਵਧੇਰੇ ਗ੍ਰਹਿਣ ਕਰਦੇ ਹਨ।
- ਸਿਪਾਹੀ ਤੋਂ ਭਰਤੀ ਹੋਏ ਜੋ ਤਰੱਕੀ ਕਰਦੇ ਐਸ.ਪੀ. ਜਾਂ ਡੀ.ਆਈ.ਜੀ. ਬਣਦੇ ਹਨ, ਉਨ੍ਹਾਂ ਨੂੰ ਕੋਈ ਦਾਅ ਨਹੀਂ ਲਾ ਸਕਦਾ।
- ਬੇਮੁਖੀ ਦੇ ਅਸਰ ਤੋਂ ਬਚਣ ਲਈ ਇਕ ਮਾਈ ਨੇ ਬੂਹੇ ਬੰਦ ਕਰ ਲਏ, ਸਾਨੂੰ ਵੀ ਬੇਮੁਖੀ ਤੋਂ ਬਚਣਾ ਚਾਹੀਦਾ ਹੈ। ਸਤਿਗੁਰੂ ਜੀ ਨੇ ਭਾਈ ਤਿਲੱਕੇ ਦੀ ਸਾਖੀ ਸੁਣਾਈ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜਗ

- ਦੋ ਬੱਚਿਆਂ ਦੇ ਚੰਗੇ ਗੁਣਾਂ ਦਾ ਪ੍ਰਗਟਾਵਾ ਕੀਤਾ।

- ਸੁੰਦਰ ਨਗਰ ਦੇ ਕੁਝ ਸਿੱਖ ਸਵੇਰੇ ਹੀ ਜੋੜੇ ਨਾਲ ਲੈ ਕੇ ਆਏ। ਮੁੰਡਾ ਹਵੇਲਾ ਸਿੰਘ ਨਾਲ ਸਨ। ਵਿਆਹੁਤ ਦੀਆਂ ਮੁੰਡਾਂ ਕੱਟੀਆਂ ਹੋਈਆਂ ਸਨ, ਫਿਰ ਖਾਂਦਾ ਪੀਂਦਾ ਵੀ ਸੀ। ਲੜਕੀ ਵਾਲੇ ਹਰਬੰਸ ਸਿੰਘ ਹੁਰਾਂ ਫੋਨ ਤੇ ਜਵਾਬ ਦੇ ਦਿੱਤਾ।

- ਤੁਸੀਂ ਸਾਰੇ ਹੀ ਰਲਕੇ ਕਿੰਨੀਆਂ ਹੀ ਗਲਤੀਆਂ ਕਰਦੇ ਹੋ, ਮੇਰੇ ਵਿਚ ਉਂਞ ਪੱਖਤੇ ਵੱਧ ਹਨ।

- ਪਰ ਸਾਧ ਸੰਗਤ ਵਾਲਾ ਪਾਸਾ ਸਭ ਤੋ ਸ੍ਰੇਸ਼ਟ ਤੇ ਸਭ ਤੋ ਉੱਤਮ ਤੇ ਸੌਖਾ ਹੈ।

- ਦੁਆਬੇ ਵਿਚ ਇਕ ਦਾਜ ਲੋਭੀ ਦਾ ਹਾਲ। ਮੁੰਡਾ ਸਹੁਰੇ ਘਰ ਹੀ ਜਾ ਕੰਮ ਕਰਨ ਲਗਾ। ਜਿਉਂ ਆਇਆ ਜਾਵੇ ਹੀ ਨਾ, ਆਖੇ ਜਦੋਂ 30,000/- ਦਾ ਕੰਮ ਹੋਵੇਗਾ ਤਾਂ ਹੀ ਜਾਵਾਂਗਾ।

-ਸਰਵਣ ਨੇ ਮਾਤਾ ਪਿਤਾ ਦੀ ਸੇਵਾ ਕੀਤੀ। ਪ੍ਰਹਿਲਾਦ ਨੇ ਮੁਖਾਲਫ਼ਤ ਕੀਤੀ, ਇਹਨਾਂ ਦੋਹਾਂ ਦੀ ਸਦਗਤੀ ਹੋਈ।

- ਮੈਤ੍ਰੀ ਦੀ ਸੰਗਤ ਦਾ ਬਹੁਤ ਉੱਚਾ ਅਤੇ, ਵਧੀਆ ਥਾਂ ਹੈ, ਇਹਨੂੰ ਬਣਾਈ ਰਖੋ।

- ਪੈਸਾ ਮੌਤ ਤੁਆ ਦਿੰਦਾ ਹੈ, ਅਜਿਹਾ ਪੈਸਾ ਨ ਆਵੇ, ਸਤਿਗੁਰੂ ਕਿਰਪਾ ਕਰਨ।

- ਇਕ ਇਕ ਘੰਟਾ ਰੋਜ਼ਾਨਾ ਨਾਮ ਸਿਮਰਨ ਕਰੋ। ਘਰ ਘਰ ਮਹੀਨੇ ਵਿਚ ਪਾਠ ਕਰੋ।

- ਹਰਿ ਹਰਿ ਨਾਮੁ ਜਪੰਦਿਆ ਕਿਛੁ ਨ ਕਹੈ ਜਮਕਾਲ।
ਨਾਨਕ ਮਨਿ ਤਨੁ ਸੁਖੀ ਹੋਇ ਅੰਤਹਿ ਵਸਹਿ ਗੋਪਾਲ।

ਸਤਿਗੁਰੂ ਜੀ ਡੇਰੇ ਵਲ ਜਾਣ ਲੱਗੇ ਸੰਗਤ ਵਿਚ ਘਿਰੇ ਹੋਏ ਸਨ। ਮੇਰੇ ਵੱਲ ਤਕ ਕੇ ਬਚਨ ਕੀਤਾ : ਸੁਣਿਆ ਸਾਈ, ਜੋ ਕੁਝ ਮੈ ਆਖਿਆ ਸੀ। ਮੈ ਉੱਤਰ ਦਿਤਾ : ਨਾ ਸਿਰਫ਼ ਸੁਣਿਆ ਹੀ ਏ, ਮੈ ਲਿਖ ਵੀ ਲਿਆ ਏ।

## ਸੁਖਬੀਰ ਲਈ ਕੈਮਰਾ

ਠਾਕੁਰ ਜੀ ਦੀ ਉਹ ਗੱਡੀ ਆ ਚੁਕੀ ਸੀ ਜਿਸ ਵਿਚ ਮੇਰੇ ਛੋਟੇ ਬੇਟੇ ਸੁਖਬੀਰ ਸਿੰਘ ਲਈ ਕੈਮਰੇ ਦੇ ਪੈਸੇ ਸਨ। ਇਕ ਗਠੜੀ ਉਹਨਾਂ ਮੇਰੇ ਹਵਾਲੇ ਕੀਤੀ। ਇਹ ਇਕ ਇਕ, ਦੋ ਦੋ ਅਤੇ 5-5 ਦੀ ਥਹੀਆਂ ਵਿਚ ਬਿਰਾਜਤ ਸਨ, ਅਰਥਾਤ ਸਤਿਗੁਰੂ ਜੀ ਨੂੰ ਮਥਾ ਟਿਕੇ ਭੇਟ ਸਰੂਪ ਸਨ। ਸ. ਗੁਰਦੇਵ ਸਿੰਘ ਮਦਾਰ ਦੇ ਪਾਸ ਹੁੰਦੇ ਥਹੀਆਂ ਗਿਣੀਆਂ। ਇਹ ਰਕਮ 2500/- ਉਲੰਪਸ ਕੈਮਰੇ ਵਾਸਤੇ, ਅਤੇ 250/- ਕੈਮਰੇ ਦੀਆਂ ਫ਼ਿਲਮਾਂ ਲਈ।

## ਅਹੁ ਗਏ ! ਅਹੁ ਗਏ !

ਦੂਰ ਅਤੇ ਬਸਾਂ ਤੇ ਸਫ਼ਰ ਕਰਨ ਵਾਲੇ ਸਿੰਘ ਤਾਂ ਸਵੇਰੇ ਸਵੇਰੇ ਸੈਦਪਾਂ ਨੂੰ ਚਲਦੀਆਂ ਬੱਸਾਂ ਤੇ ਸਵਾਰ ਹੋ ਕੇ ਜਾਣ ਲਗੇ। ਮੈ ਬਿਆਸ ਕੰਢੇ ਵਾਲੀ ਕੋਠੀ ਗਿਆ। ਹੰਸਪਾਲ ਜੀ ਮਿਲੇ। ਕਹਿਣ ਲਗੇ ਸਾਡੀ ਬੈਂਕੋਕ ਵਾਲੀ ਕਾਨਫ਼ਰੰਸ ਵਾਸਤੇ ਸੋਵੀਨਰ ਲਈ ਸਤਿਗੁਰੂ ਜੀ ਦੇ ਆਸ਼ੀਰਵਾਦ ਸ਼ਬਦ ਕੌਣ ਲਿਖੇ। ਮੈ ਸੁਝਾਉ ਦਿਤਾ : ਸ੍ਰੀ ਮਹਾਰਾਜ ਤੋਂ



Sri Satguru Jagjit Singh Ji Elibrary NamdhariElibrary@gmail.com

ਬਿਨਾ ਵਧੀਆਂ ਕਿਸੇ ਦੀ ਲਿਖਣਾ ਹੋਇਆ।

"ਤਾਂ ਫਿਰ ਤੁਸੀ ਲਿਖਵਾ ਦਿਓ।"

"ਨਾ। ਇਹ ਕੰਮ ਤੁਸੀ ਹੀ ਕਰੋ। ਮਹਾਰਾਜ ਜੀ ਮੇਰੇ ਕਹਿਆਂ ਨਹੀ ਲਿਖਣ ਲੱਗੇ।"

ਸਤਿਗੁਰੂ ਜੀ 8 ਵਜੇ ਕਰੀਬ ਭੁੰਤਰ ਵਲ ਚਲਣਗੇ। ਇਥੋਂ ਹਵਾਈ ਸਫ਼ਰ ਕਰਕੇ ਆਪ ਜੀ ਨੇ ਚੰਡੀਗੜ੍ਹ ਪਹੁੰਚਣਾ ਹੈ। ਜਿਹੜੀ ਬਸ ਮੈਂ ਫੜੀ, ਇਹ ਲੁਧਿਆਣੇ ਜਾਣ ਵਾਲੀ ਸੀ। ਇਹਦੇ ਤੇ ਭੈਣੀ ਸਾਹਿਬ ਤੇ ਸਰਸੇ ਜਾਣ ਵਾਲੀਆਂ 40 ਸਵਾਰੀਆਂ ਸਨ। ਮੈਂ ਰੋਪੜ ਏਸ ਕੋਲੋਂ ਲਹਿ ਗਿਆ, ਰਾਤ ਚੰਡੀਗੜ੍ਹ ਆ ਕਟੀ। ਸਵੇਰੇ ਦਿੱਲੀ ਨੂੰ ਚਲਾਂਗੇ।

❑ ❑ ❑



Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com



ਮੇਰੀ ਕਿਰਤ ਇਹ ਦਾਅਵਾ ਨਹੀ ਕਰ ਸਕਦੀ ਕਿ ਮੈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਜੀਵਨੀ ਦੇ ਸਾਰੇ ਪੱਖ ਸੰਜੋਅ ਰਖੇ ਹਨ। ਸਗੋਂ, ਹਕੀਕਤ ਇਹ ਹੈ ਕਿ ਜਦ ਕਦੇ ਸ੍ਰੀ ਸਤਿਗੁਰੂ ਜੀ ਦੀ ਨਿਕਟਤਾ ਨਸੀਬ ਹੋਈ ਹੈ, ਉਸ ਵੇਲੇ ਦੇ, ਮੇਰੇ ਸਨਮੁਖ ਬੀਤੇ ਪਲਾਂ ਨੂੰ ਸੰਭਾਲਣ ਦਾ ਹੀ ਯਤਨ ਹੈ ਮੇਰੀ ਇਹ ਲਿਖਤ।

ਸਤਿਗੁਰੂ ਜੀ ਦੀਆਂ ਵਿਸ਼ਾਲ ਸਰਗਰਮੀਆਂ, ਉਨ੍ਹਾਂ ਦਾ ਅਧਿਆਤਮ ਖੇਤਰ ਮੇਰਾ ਵਿਸ਼ਾ ਨਹੀ ਰਿਹਾ - ਮੈ ਤਾਂ ਉਨ੍ਹਾਂ ਦੀ ਸੰਸਾਰਿਕਤਾ ਹੀ ਸਵੀਕਾਰੀ ਹੈ।

ਥੋੜ੍ਹੇ ਪਲਾਂ ਦੀ ਨਿਕਟਤਾ ਹੀ ਉਨ੍ਹਾਂ ਦੇ ਚਰਿੱਤਰ ਦੇ ਅਨੇਕਾਂ ਪੱਖ ਉਜਾਗਰ ਕਰਦੀ ਹੈ ਤੇ ਇਕ ਇਤਿਹਾਸਿਕਤਾ ਸਿਰਜੀ ਜਾਂਦੀ ਹੈ। ਮੇਰੇ ਕਰਮ ਦਾ ਕੇਂਦਰੀ ਬਿੰਦੂ ਸਤਿਗੁਰੂ ਜੀ ਹਨ, ਫੇਰ ਸਮਾਜ ਅਤੇ ਫਿਰ ਦੀਨ ਦੁਨੀਆਂ। ਮੇਰੀ ਹੋਂਦ ਤਾਂ ਨਾਲ'ਨਾਲ ਬਣੀ ਹੀ ਰਹਿੰਦੀ ਹੈ।

-ਪ੍ਰੀਤਮ ਸਿੰਘ ਕਵੀ

Sri Satguru Jagjit Singh Ji Elibrary NamdhariElibrary@gmail.com